# ਕਟਹਿਰੇ 'ਚ ਰਾਜਨੀਤੀ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਕਟਹਿਰੇ 'ਚ ਰਾਜਨੀਤੀ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

**ਡਿਪਟੀ ਮੈਡੀਕਲ ਕਮਿਸ਼ਨਰ**

ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :**

***ਤਰਕਭਾਰਤੀ ਪ੍ਰਕਾਸ਼ਨ,***

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   - ਭਾਗ-1
   - ਭਾਗ-2
   - ਭਾਗ-3
   - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਕਟਹਿਰੇ 'ਚ ਰਾਜਨੀਤੀ
15. ਪੂੰਜੀਵਾਦ ਦਾ ਵਿਨਾਸ਼ ਜਰੂਰੀ

# ਤਤਕਰਾ


| | | |
|---|---|---|
| 1. | ਰੂਸ 'ਚ ਸਟਾਲਿਨ ਦੀ ਵਾਪਸੀ ਕਿਵੇਂ? | 5 |
| 2. | ਕੀ ਹੈ ਪੁਰਸਕਾਰਾਂ ਦਾ ਪਾਖੰਡ? | 8 |
| 3. | ਨਿਆਂ ਸਬੰਧੀ ਨਾਪਤੋਲ ਕੀ ਹੋਵੇ? | 12 |
| 4. | ਕੀ ਨੇਪਾਲ ਭਾਰਤੀ ਸ਼ਿਕੰਜੇ ਤੋਂ ਕਦੇ ਬਾਹਰ ਆਊ? | 14 |
| 5. | ਖੇਤੀ 'ਤੇ ਬਸਤੀਵਾਦੀ ਖਤਰਾ ਕਿਵੇਂ? | 17 |
| 6. | ਮੁਸਲਿਮ ਸਮਾਜ ਕਦੋਂ ਤਕ ਪੀੜਤ ਹੋਣ ਦੀ ਭਾਵਨਾ ਰੱਖਦਾ ਰਹੇਗਾ | 19 |
| 7. | ਨੇਪਾਲ 'ਚ ਫਿਰ ਭਾਰਤੀ ਪੁਜਾਰੀਆਂ ਦੀ ਨਿਯੁਕਤੀ ਕਿਉਂ? | 20 |
| 8. | ਕੀ ਕੇਰਲਾ ਨੇ ਸ਼ਰਾਬਨੋਸ਼ੀ ਦੇ ਤੋੜੇ ਸਾਰੇ ਰਿਕਾਰਡ? | 22 |
| 9. | ਕੀ ਠੱਗੀ ਦੇ ਮਾਹਰ ਹਨ ਨਾਈਜੀਰੀਆਈ? | 26 |
| 10. | ਹਿੰਦੂ ਫਿਰਕਾਪ੍ਰਸਤ ਫਾਸ਼ੀਵਾਦ ਦਾ ਹਮਲਾ | 29 |
| 11. | ਭਾਰਤੀ ਸਿਆਸਤ ਦੀਆਂ ਦੋ ਧਾਰਾਵਾਂ | 35 |
| 12. | ਕਿਵੇਂ ਲਾਸ਼ਾਂ 'ਤੇ ਹੁੰਦੀ ਹੈ ਸਿਆਸਤ ਪੱਛਮੀ ਬੰਗਾਲ 'ਚ? | 41 |
| 13. | ਰਾਜਨੀਤੀ ਝੂਠੇ ਪੁਲਸ ਮੁਕਾਬਲਿਆਂ ਦੀ | 44 |
| 14. | ਮਣੀਪੁਰ 'ਚ ਜਾਰੀ ਰਾਜਕੀ ਦਹਿਸ਼ਤਗਰਦੀ ਦਾ ਵਿਰੋਧ | 48 |
| 15. | ਕਾਮਨ ਵੈਲਥ ਖੇਡਾਂ ਬਨਾਮ ਭਾਰਤੀ ਗਰੀਬ | 50 |
| 16. | ਸੀ. ਬੀ. ਆਈ. ਦੀ ਘਟਦੀ ਸ਼ਾਖ | 53 |
| 17. | ਅਰਥਚਾਰਾ ਅਰਾਜਕਤਾ ਦੇ ਭੰਵਰ ਜਾਲ 'ਚ ਕਿਵੇਂ? | 58 |
| 18. | ਪਾਕਿਸਤਾਨ ਦੀ ਮੌਜੂਦਾ ਰਾਜਸੀ ਹਾਲਤ | 63 |
| 19. | ਭਾਰਤੀ ਹਾਕਮ ਜਮਾਤ, ਰਾਜ ਸਭਾ ਬਨਾਮ ਸੰਘ ਪਰਿਵਾਰ | 67 |
| 20. | ਨਵਾਂ ਅੱਤਵਾਦ-ਵਿਰੋਧੀ ਕਾਨੂੰਨ ਦਾ ਅਸਲ ਨਿਸ਼ਾਨਾ ਕੌਣ? | 72 |
| 21. | ਭਾਜਪਾ ਦਾ ਅੰਦਰੂਨੀ ਕਲੇਸ਼ ਬਨਾਮ ਆਰ. ਐਸ. ਐਸ | 75 |
| 22. | ਚੀਨ 'ਚ ਕੌਮੀ ਅੰਦੋਲਨ ਦੀ ਅੱਗ ਫਿਰ ਕਿਉਂ ਭੜਕੀ? | 80 |
| 23. | ਅਬੂ ਗਰੇਬ ਜੇਲ 'ਚ ਤਸ਼ੱਦਦ ਕਿੰਨਾ ਕੁ ਜਾਇਜ਼? | 82 |
| 24. | ਇਰਾਕ ਯੁੱਧ ਤੇ ਜਲਵਾਯੂ ਪ੍ਰੀਵਰਤਨ | 85 |
| 25. | ਵਾਤਾਵਰਣ ਬਚਾਉਣ ਲਈ ਪੂੰਜੀਵਾਦ ਦਾ ਵਿਨਾਸ਼ ਜ਼ਰੂਰੀ | 87 |
| 26. | ਧਰਤੀ ਦਾ ਵਧਦਾ ਪਾਰਾ ਵਾਤਾਵਰਣ ਨੂੰ ਖ਼ਤਰਾ ਕਿਵੇਂ? | 90 |
| 27. | ਕਿਉਂ ਪਿਘਲ ਰਹੇ ਹਨ ਗਲੇਸ਼ੀਅਰ? | 94 |
| ✵8. | ਵਿਸ਼ਵੀ ਵਿਆਪੀ ਡੂੰਘਾ ਹੁੰਦਾ ਆਰਥਕ ਸੰਕਟ | 97 |
| 29. | ਵਿਸ਼ਵੀ ਮੰਦੀ ਤੇ ਤਬਾਹ ਹੁੰਦਾ ਮੇਹਨਤਕਸ਼ | 100 |
| 30. | ਭਾਰਤੀ ਸੰਵਿਧਾਨ ਤੇ ਸਮਾਜਵਾਦ | 103 |
| 31. | ਜੀ-20 ਦੀ ਬੈਠਕ ਪੈਂਬੰਦਸਾਜੀ ਦੀ ਕੋਸ਼ਿਸ਼ | 108 |
| 32. | ਕੀ ਹੈ ਪਾਕਿਸਤਾਨ 'ਚ ਕਾਲਾ ਪਾਣੀ? | 113 |
| 33. | ਕਿਉਂ ਤਸਲੀਮ ਨਹੀਂ ਤਸਲੀਮਾ ਨਸਰੀਨ? | 116 |
| 34. | ਸਵਾਈਨ ਫਲੂ ਦਾ ਖਤਰਾ ਕਿੰਨਾ ਕੁ? | 118 |
| 35. | ਕੀ ਮੁਸ਼ਰਫ ਦੇ ਸਿਤਾਰੇ ਗਰਦਿਸ਼ ਵਿਚ ਹਨ ਅਜਕਲ੍ਹ? | 122 |
| 36. | ਦੇਸ਼ ਦੀਆਂ 196 ਭਾਸ਼ਾਵਾਂ ਦੀ ਦਸ਼ਾ ਤੇ ਦਿਸ਼ਾ | 124 |
| 37. | ਕੀ ਪਾਕਿਸਤਾਨੀ ਹਾਕਮ ਅਮਰੀਕੀ ਦੀ ਕਠਪੁਤਲੀ ਬਣੇ? | 129 |
| 38. | ਕੀ ਅਮਰੀਕਾ ਇਰਾਨ 'ਚ ਦਖ਼ਲ ਅੰਦਾਜ਼ੀ ਲਈ ਬੇਚੈਨ ਹੈ? | 131 |
| 39. | ਅਮਰੀਕੀ ਸਾਮਰਾਜੀਆਂ ਦੀ ਦਰਿਆਦਿਲੀ? | 133 |
| 40. | ਇਜ਼ਰਾਇਲੀ ਹਾਕਮਾਂ ਦੀ ਪੋਲ ਖੁੱਲ੍ਹੀ ਕਿਵੇਂ? | 135 |
| 41. | ਸੰਸਾਰ ਅਰਥਚਾਰਾ ਕੋਈ ਰਾਹ ਨਹੀਂ ਸੁਝਦਾ | 137 |
| 42. | ਓਸਾਮਾ ਬਿਨ ਲਾਦੇਨ-ਸਿਰਫ ਇਕ ਮੋਹਰਾ? | 138 |
| 43. | ਕੀ ਹੈ ਜਪਾਨ ਦਾ ਆਰਥਕ ਰਾਜਸੀ ਸੰਕਟ? | 141 |
| 44. | ਸਿੱਖਿਆ ਦਾ ਅਧਿਕਾਰ ਬਨਾਮ ਅਸਲੀ ਸਿੱਖਿਆ | 143 |
| 45. | ਜਾਲ ਵੀ ਆਪਣਾ, ਕੈਦ ਵੀ ਆਪਣੀ | 146 |
| 46. | ਕੀ ਹੈ ਪਾਕਿਸਤਾਨ 'ਚ ਉੱਠਦਾ ਵੱਖਵਾਦੀ ਤੂਫਾਨ? | 149 |
| 47. | ਕੀ ਉਚ ਸਿੱਖਿਆ ਯੋਗਤਾ ਰੁਜ਼ਗਾਰ ਦੀ ਗਰੰਟੀ ਹੈ? | 156 |
| 48. | ਅਮਰੀਕਾ ਪ੍ਰਸਤੀ ਜਾਂ ਦੋਸਤੀ? | 159 |
| 49. | ਨੌਜਵਾਨ ਵੋਟਰ ਜਾਗਰੂਕਤਾ ਬਨਾਮ ਫਿਰਕਾਪ੍ਰਸਤੀ ਮੁਹਿੰਮ | 162 |
| 50. | ਕੀ ਹੈ ਅੰਕੜਿਆਂ ਤੋਂ ਉਭਰਦੀ ਸ਼ਹਿਰੀ ਖੇਤਰ ਦੀ ਤਸਵੀਰ? | 164 |
| 51. | ਸੁਆਮੀ ਸੰਤੋਸ਼ ਮਾਧਵਨ ਬਨਾਮ ਠੱਗੀ ਤੇ ਬਲਾਤਕਾਰ | 166 |
| 52. | ਕਿਰਾਨਾ ਘਰਾਣੇ ਦੀ ਅਸਲੀ ਵਾਰਿਸ-ਗੰਗੂਬਾਈ ਹੰਗਲ | 169 |
| 53. | ਕੀ ਪਰਿਵਾਰਵਾਦ ਹਾਵੀ ਹੋ ਰਿਹਾ ਹੈ? | 173 |

# ਰੂਸ 'ਚ ਸਟਾਲਿਨ ਦੀ ਵਾਪਸੀ ਕਿਵੇਂ?

ਰੂਸ ਅੰਦਰ 'ਰਾਸ਼ਟਰਵਾਦ' ਦੇ ਨਾਂ ਹੇਠ ਸਟਾਲਿਨ ਦੀ ਵਾਪਸੀ ਰੂਸੀ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਰੂਸ 'ਚ ਦੂਜੀ ਸੰਸਾਰ 'ਚ ਫਾਸਿਸਟ ਤਾਕਤਾਂ ਨੂੰ ਹਰਾਉਣ ਅਤੇ ਹਿਲਟਰ ਨੂੰ ਮਾਤ ਦੇਣ 'ਚ ਕਾਂਗਰਸ ਲੀਡਰਸ਼ਿਪ ਦੇਣ ਲਈ ਸਟਾਲਿਨ ਨੂੰ ਯਾਦ ਕਰਨ ਦੇ ਬਹਾਨੇ ਰੂਸੀ ਉਚਤਾ ਨੂੰ ਸਥਾਪਤ ਕਰਨ ਲਈ ਜਦ ਇਤਿਹਾਸ 'ਚ ਝਾਕਦੇ ਹਾਂ ਤਾਂ ਉਹਨਾਂ ਦੀਆਂ ਨਿਗਾਹਾਂ ਬਰਬਸ ਸਟਾਲਿਨ ਤੇ ਕੇਂਦ੍ਰਿਤ ਹੋ ਜਾਂਦੀਆਂ ਹਨ। ਸਟਾਲਿਨ ਦੀ ਭੂਮਿਕਾ ਨਾਲ ਉਹ ਅੱਜ ਏਨੇ ਪ੍ਰਭਾਵਿਤ ਹਨ ਕਿ ਉਹਨਾਂ ਨੇ ਸਟਾਲਿਨ ਨੂੰ ਮੁੜ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ ਹੈ। ਰੂਸ ਦੇ ਅੱਜ ਦੇ ਹਾਕਮ ਸਟਾਲਿਨ ਨੂੰ ਕਿਵੇਂ ਸਥਾਪਤ ਕਰਨਾ ਚਾਹੁੰਦੇ ਹਨ ਇਹ ਇਕ ਮਹੱਤਵਪੂਰਨ ਸੁਆਲ ਹੈ। ਉਹ ਸਟਾਲਿਨ ਨੂੰ ਅਜਿਹੇ ਹਾਕਮ ਵਜੋਂ ਸਥਾਪਤ ਕਰਨਾ ਚਾਹੁੰਦੇ ਹਨ ਜਿਸ ਨੇ ਦੂਜੀ ਸੰਸਾਰ ਜੰਗ ਵਿੱਚ ਰੂਸ ਨੂੰ ਜਿੱਤ ਦਵਾਈ ਅਤੇ ਇਸ ਤਰ੍ਹਾਂ ਰੂਸ ਦੀ ਮਹਾਨ ਸੇਵਾ ਕੀਤੀ। ਸਟਾਲਿਨ ਦੀ ਅਗਵਾਈ 'ਚ ਸੋਵੀਅਤ ਸੰਘ ਦਾ ਗਠਨ ਤੇ ਵਿਸਥਾਰ ਹੋਇਆ ਇਸ ਨੂੰ ਉਹ ਰੂਸ ਦੀਆਂ ਹੱਦਾਂ ਦੇ ਵਿਸਥਾਰ ਵਜੋਂ ਵੇਖਦੇ ਹਨ। ਰੂਸ ਸਟਾਲਿਨ ਦੀ ਅਗਵਾਈ 'ਚ ਯੂਰਪ 'ਚ ਇਕ ਵਿਸ਼ਾਲ ਪ੍ਰਭਾਵ ਖੇਤਰ ਕਾਇਆ ਕਰ ਸਕਿਆ ਇਸ ਨੂੰ ਉਹ ਆਦਰਸ਼ ਵਜੋਂ ਵੇਖਦੇ ਹਨ। ਉਹ ਸਟਾਲਿਨ ਨੂੰ ਅਜਿਹੇ ਹਾਕਮ ਵਜੋਂ ਵੇਖਦੇ ਹਨ ਜੋ ਅਮਰੀਕਾ ਤੇ ਬ੍ਰਿਟੇਨ ਦੇ ਉਸ ਵੇਲੇ ਦੇ ਹਾਕਮ ਰੂਜਵੇਲਟ ਤੇ ਚਰਚਿਲ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਗੱਲਾਂ ਕਰਕੇ ਉਹਨਾਂ ਨੂੰ ਬੌਣਾ ਸਾਬਤ ਕਰ ਦਿੰਦੇ ਸਨ। ਜਦੋਂ ਤੋਂ ਸੋਵੀਅਤ ਸੰਘ ਦਾ ਪਤਨ ਹੋਇਆ ਹੈ ਉਦੋਂ ਤੋਂ ਰੂਸ ਦੇ ਹਾਕਮਾਂ ਦੀ ਸਥਿਤੀ ਦੁਨੀਆ 'ਚ ਦੋਮ ਦਰਜੇ ਦੀ ਹੋ ਗਈ ਹੈ। ਪੁਤੀਨ ਦੀ ਅਗਵਾਈ 'ਚ ਰੂਸ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਆਪਣੀ ਖੁਸ਼ੀ ਹੋਈ ਸਥਿਤੀ ਨੂੰ ਛੇਤੀ-ਛੇਤੀ ਫਿਰ ਤੋਂ ਹਾਸਲ ਕਰ ਲਵੇ। ਇਸ ਖੋਈ ਹੋਈ ਸਥਿਤੀ ਨੂੰ ਫਿਰ ਤੋਂ ਹਾਸਲ ਕਰਨ ਲਈ ਉਹ ਰੂਸ ਦੀ ਜਨਤਾ 'ਚ ਸਟਾਲਿਨ ਦੀ ਪ੍ਰਤਿਸ਼ਤਾ ਦਾ ਵੀ ਲਾਭ ਉਠਾਉਣਾ ਚਾਹੁੰਦੇ ਹਨ। ਅਸਲ 'ਚ ਰੂਸ ਦੀ ਜਨਤਾ ਦੇ ਇਕ ਵਿਆਪਕ ਹਿੱਸੇ 'ਚ ਸਟਾਲਿਨ ਦੀ ਪ੍ਰਤਿਸ਼ਠਾ ਹਮੇਸ਼ਾ ਤੋਂ ਬਣੀ ਰਹੀ ਹੈ। ਮਜ਼ਦੂਰਾਂ ਤੇ ਹੋਰ ਮੇਹਨਤਕਸ਼ ਸਟਾਲਿਨ ਨੂੰ ਹਮੇਸ਼ਾ ਹੀ ਪਿਆਰ ਕਰਦੇ ਰਹੇ ਹਨ। ਆਪਣੇ ਇਸ ਪਿਆਰੇ ਨੇਤਾ ਦੀ ਤਸਵੀਰ ਲੈ ਕੇ ਉਹ ਸੜਕਾਂ 'ਤੇ ਰੂਸ ਦੇ ਹਾਕਮਾਂ ਖਿਲਾਫ ਮੁਜਾਹਰੇ ਕਰਦੇ ਰਹੇ ਹਨ। ਉਹ ਜਾਣਦੇ ਹਨ ਕਿ ਸਟਾਲਿਨ ਉਹਨਾਂ ਦੇ ਅਜਿਹੇ ਨੇਤਾ ਸਨ। ਜਿਹਨਾਂ ਤੋਂ ਹਾਕਮ ਜਮਾਤ ਖੌਫ ਖਾਂਦੀ ਸੀ ਅਤੇ ਜਦ ਹਾਕਮ ਸਟਾਲਿਨ ਦੀ ਨਿੰਦਾ ਕਰਦੇ ਸੌ ਬਹਾਨੇ ਲੱਭਦੇ ਰਹੇ ਹਨ ਤਦ ਮਜ਼ਦੂਰ ਮੇਹਨਤਕਸ਼ ਸਟਾਲਿਨ (ਸਮਾਜਵਾਦ) ਦੇ ਦਿਨਾਂ ਨੂੰ ਯਾਦ ਕਰਦੇ ਰਹੇ ਹਨ। ਇਤਿਹਾਸ ਸਾਬਤ ਕਰ ਰਿਹਾ ਹੈ ਕਿ ਸਮਾਜਵਾਦ ਪੂੰਜੀਵਾਦ ਤੋਂ ਹਰ ਪੱਖੋਂ ਉੱਤਮ ਹੈ। ਜਨਤਾ ਵਿਚ ਕਾਰ ਸਟਾਲਿਨ ਦੀ ਇਸ ਪ੍ਰਤਿਸ਼ਠਾ ਤੇ ਉਸ ਪ੍ਰਤੀ ਜਨਤਾ ਦੇ ਸਨੇਹ ਨੂੰ ਵਰਤਣ ਲਈ ਰੂਸ ਦੇ ਅੱਜ ਦੇ ਹਾਕਮ ਸਟਾਲਿਨ ਦੀ ਦਿੱਖ ਦੀ ਵਰਤੋਂ ਆਪਣੇ ਘ੍ਰਿਣਤ ਹਿੱਤਾਂ ਲਈ ਕਰ ਰਹੇ ਹਨ। ਉਹ ਸਟਾਲਿਨ ਨੂੰ ਰੂਸੀ ਸਮਾਜ 'ਚ ਪੁਨਰ ਸਥਾਪਤ ਕਰਕੇ ਆਪਣੀਆਂ ਨੀਤੀਆਂ ਤੇ ਹਕੂਮਤ ਨੂੰ ਵਾਜਬੀਅਤ ਦਿਵਾਉਣੇ

ਚਾਹੁੰਦੇ ਹਨ। ਉਹ ਸਟਾਲਿਨ ਵਲੋਂ ਹਿਟਲਰ ਖਿਲਾਫ ਛੇੜੇ ਗਏ 'ਮਹਾਨ ਦੇਸ਼ ਭਗਤੀਪੂਰਣ ਯੁੱਧ' ਦੀਆਂ ਸਾਮਰਾਜੀ ਨੀਤੀਆਂ ਲਈ ਲੋਕ ਹਮਾਇਤ ਇਕੱਠੀ ਕਰਨਾ ਚਾਹੁੰਦੇ ਹਨ। ਉਹ ਸਟਾਲਿਨ ਦੀ ਦਿੱਖ ਹਾਸਲ ਕਰਨਾ ਚਾਹੁੰਦੇ ਹਨ। ਉਹ ਜਨਤਾ 'ਚ ਆਪਣੇ ਆਪ ਨੂੰ ਸਟਾਲਿਨ ਵਜੋਂ ਸਥਾਪਤ ਵੀ ਕਰਨਾ ਚਾਹੁੰਦੇ ਹਨ। ਪਰ ਪੁਤੀਨ ਤੇ ਸਟਾਲਿਨ 'ਚ ਜਮੀਨ ਅਸਮਾਨ ਦਾ ਫਰਕ ਹੈ। ਸਟਾਲਿਨ ਮਜ਼ਦੂਰਾਂ ਦੇ ਨੇਤਾ ਹਨ। ਪੁਤੀਨ ਪਤਿਤ ਰੂਸੀ ਪੂੰਜੀਵਾਦੀ ਸਾਮਰਾਜੀ ਹਾਕਮਾਂ ਦੇ ਨੇਤਾ ਸਟਾਲਿਨ ਦਾ ਪੂਰਾ ਜੀਵਨ ਸੋਵੀਅਤ ਸੰਘ ਤੇ ਦੁਨੀਆਂ ਦੇ ਮਜ਼ਦੂਰਾਂ ਮੇਹਨਤਕਸ਼ਾਂ ਦੀ ਸੇਵਾ ਕਰਨ 'ਚ ਬੀਤਿਆ। ਪੁਤੀਨ ਰੂਸੀ ਮਜ਼ਦੂਰਾਂ-ਮੇਹਨਤਕਸ਼ਾਂ ਦੇ ਹਿੱਤਾਂ ਦੇ ਖਿਲਾਫ ਰੂਸ ਦੇ ਪਿਛਾਂਖਿੱਚੂ ਹਾਕਮਾਂ ਦੀ ਸੇਵਾ 'ਚ ਲੱਗ ਰਿਹਾ ਹੈ। ਸਟਾਲਿਨ ਨੇ ਰੂਸ ਦੀ ਅੰਨ੍ਹੀ ਕੌਮਪ੍ਰਸਤੀ ਖਿਲਾਫ ਸੋਵੀਅਤ ਸੰਘ 'ਚ ਸ਼ਾਮਲ ਕੌਮੀਅਤਾਂ ਦੇ ਹਿੱਤਾਂ ਦੀ ਰਾਖੀ ਲਈ ਸੰਘਰਸ਼ ਕੀਤਾ। ਪੁਤੀਨ ਸਾਬਕਾ ਸੋਵੀਅਤ ਸੰਘ ਦੇ ਦੇਸ਼ਾਂ 'ਤੇ ਰੂਸੀ ਸਾਮਰਾਜਵਾਦ ਦੇ ਪ੍ਰਭੂਤਵ ਦੀ ਗ੍ਰਿਫ਼ਤ ਨੂੰ ਮਜ਼ਬੂਤ ਕਰ 'ਚ ਲੱਗੇ ਹੋਏ ਹਨ। ਸਟਾਲਿਨ ਨੇ ਸੋਵੀਅਤ ਸੰਘ ਸ਼ਾਮਲ ਕੌਮੀਅਤਾਂ ਦੇ ਹਿੱਤਾਂ ਦੀ ਰਾਖੀ ਲਈ ਸੰਘਰਸ਼ ਕੀਤਾ ਅਤੇ ਉਹਨਾਂ ਦੇ ਆਤਮ ਨਿਰਣੇ ਦੇ ਅਧਿਕਾਰ (ਜਿਸ 'ਚ ਸੋਵੀਅਤ ਸੰਘ ਤੋਂ ਵੱਖ ਹੋ ਜਾਣ ਦਾ ਅਧਿਕਾਰ ਵੀ ਸ਼ਾਮਲ ਸੀ, ਜਿਸ ਦੀ ਵਰਤੋਂ ਸੋਵੀਅਤ ਸੰਘ ਦੇ ਟੁੱਟਣ ਸਮੇਂ ਇਹਨਾਂ ਕੌਮੀਅਤਾਂ ਵੱਲੋਂ ਕੀਤੀ ਗਈ) ਦੇ ਘੋਰ ਹਮਾਇਤੀ ਸਨ। ਜਦ ਕਿ ਪੁਤੀਨ ਇਹਨਾਂ ਕੌਮੀਅਤਾਂ ਨੂੰ ਧੱਕੇ ਨਾਲ ਰੂਸ 'ਚ ਬਣਾਈ ਰੱਖਣ ਚਾਹੁੰਦੇ ਸਨ ਅਤੇ ਚੇਚਨਿਆ ਜਾਰਜਿਆ ਆਦਿ ਮੁਲਕਾਂ 'ਤੇ ਰੂਸ ਦਾ ਦਾਬਾ ਬਣਾਈ ਰੱਖਣ ਲਈ ਸਾਰੀ ਵਿਉਂਤ ਲਾ ਰਹੇ ਹਨ।

ਕੁਲ ਮਿਲਾ ਕੇ ਪੁਤੀਨ ਐਂਡ ਕੰਪਨੀ ਸਟਾਲਿਨ ਨੂੰ ਉਹਨਾਂ ਦੇ ਪ੍ਰੋਲੇਤਾਰੀ ਦੇ ਹਿੱਤਾਂ ਦੀ ਸੇਵਾ ਕਰਨ ਵਾਲੇ ਵਿਚਾਰਾਂ ਉਹਨਾਂ ਦੇ ਮਜ਼ਦੂਰ ਵਰਗ ਦੇ ਨੇਤਾ ਦੀ ਛਵੀ ਦੀ ਹੱਤਿਆ ਕਰਕੇ ਉਹਨਾਂ ਨੂੰ ਇਕ ਦਹਿਸ਼ਤ ਪੰਸ ਕੌਮਵਾਦੀ ਛਵੀ ਮੁਹੱਈਆ ਕਰਕੇ ਆਪਣੇ ਘ੍ਰਿਣਤ ਹਿੱਤਾਂ ਲਈ ਵਰਤ ਰਹੀ ਹੈ ਹੈ। ਸਟਾਲਿਨ ਨਾ ਸਿਰਫ ਰੂਸ ਦੀ ਮੇਹਨਤਕਸ਼ਾਂ ਦੇ ਹਰਮਨ ਪਿਆਰੇ ਨੇਤਾ ਸਨ। ਉਹਨਾਂ ਨੇ ਪੂਰੀ ਦੁਨੀਆਂ ਦੇ ਮਜ਼ਦੂਰ ਤੇ ਮੇਹਨਤਕਸ਼ਾਂ ਦੇ ਹਰਮਨ ਪਿਆਰੇ ਨੇਤਾ ਸਨ। ਉਹਨਾਂ ਪੂਰੀ ਦੁਨੀਆਂ 'ਚ ਸਾਮਰਾਜ ਤੇ ਜਾਗੀਰਦਾਰੀ ਖਿਲਾਫ ਸੰਘਰਸ਼ ਕਰ ਰਹੀ ਜਨਤਾ ਨੂੰ ਪ੍ਰੇਰਣਾ ਦਿੱਤੀ ਕੌਮੀ ਮੁਕਤੀ ਸੰਘਰਸ਼ਾਂ 'ਚ ਹਰ ਤਰ੍ਹਾਂ ਦੀ ਮਦਦ ਕੀਤੀ। ਸਟਾਲਿਨ ਦੀ ਮੌਜੂਦਗੀ ਪੂਰੀ ਦੁਨੀਆ ਦੇ ਮੇਹਨਤਕਸ਼ਾਂ ਦੇ ਦਿਲਾਂ 'ਚ ਹਮੇਸ਼ਾ ਤੋਂ ਰਹਿ ਰਹੀ ਹੈ। ਉਹ ਮੌਜੂਦ ਵਿਸ਼ਵਵਿਆਪੀ ਸੰਕਟ ਜੋ ਕਿ ਪੂੰਜੀਵਾਦੀ ਸਾਮਰਾਜੀ ਪ੍ਰਬੰਧ ਦੀ ਦੇਣ ਹੈ ਨੇ ਫਿਰ ਸਮਾਜਵਾਦ ਦੀ ਲੋੜ ਨੂੰ ਦੁਨੀਆਂ 'ਚ ਸਥਾਪਿਤ ਕੀਤਾ ਹੈ। ਇਸ ਰੂਪ 'ਚ ਪੂਰੀ ਦੁਨੀਆਂ 'ਚ ਮਾਰਕਸ-ਏਂਗਲਜ-ਲੈਨਿਨ-ਸਟਾਲਿਨ ਵਰਗੇ ਮਜ਼ਦੂਰ ਨੇਤਾ ਫਿਰ ਪੂਰੀ ਦੁਨੀਆਂ ਦੇ ਮਜ਼ਦੂਰ-ਮੇਹਨਤਕਸ਼ਾਂ ਦਾ ਖਿਆਲ ਆਪਣੇ ਵੱਲ ਖਿੱਚ ਆਪਣੇ ਵੱਲ ਖਿੱਚ ਰਹੇ ਹਨ। ਉਹਨਾਂ ਦੇ ਵਿਚਾਰ ਉਹਨਾਂ ਦਾ ਸੰਘਰਸ਼ ਉਹਨਾਂ ਦਾ ਜੀਵਨ ਪੂਰੀ ਦੁਨੀਆਂ ਦੇ ਮੇਹਨਤਕਸ਼ਾਂ ਨੂੰ ਊਰਜਾ ਤੇ ਪ੍ਰੇਰਨਾ ਦਾ ਜੀਵਨ ਪੂਰੀ ਦੁਨੀਆਂ ਦੇ ਮੇਹਨਤਕਸ਼ਾਂ ਨੂੰ ਊਰਜਾ ਤੇ ਪ੍ਰੇਰਨਾ ਦੇ ਰਿਹਾ ਹੈ। ਸਟਾਲਿਨ ਦੀ ਵਾਪਸੀ ਪੁਤੀਨ ਐਂਡ ਕੰਪਨੀ ਜਿਸ ਰੂਪ 'ਚ ਵੀ ਕਰਨ ਇਹ ਸਾਬਤ ਕਰਨ ਨੂੰ ਕਾਫੀ ਹੈ ਕਿ ਰੂਸੀ ਹਾਕਮਾਂ

ਨੂੰ ਆਪਣੇ ਇਤਿਹਾਸ 'ਚ ਐਸਾ ਕੋਈ ਵਿਅਕਤੀ ਨਹੀਂ ਦਿਸਦਾ ਜਿਸ ਨੂੰ ਆਪਣਾ ਨਾਇਕ ਐਲਾਨ ਸਕਣ। ਖ਼ੁਰਸਚੇਵ, ਬ੍ਰੇਜਨੇਵ, ਗੋਰਵਾਚੋਵ ਏਲਸਤਾਨ ਵਰਗਿਆਂ ਦੀ ਗੱਲ ਹੀ ਕੀ ਉਸ ਤੋਂ ਪਹਿਲਾਂ ਦੇ ਸਭ ਪੂੰਜੀਵਾਦੀ ਨੇਤਾ ਉਨ੍ਹੇ ਬੌਣੇ ਤੇ ਤੁਛ ਹਨ ਕਿ ਪੁਤੀਨ ਚਾਹੁੰਦੇ ਹੋਇਆ ਵੀ ਉਹਨਾਂ ਨੂੰ ਸਥਾਪਤ ਨਹੀਂ ਕਰ ਸਕਦਾ। ਲੋਕਾਂ ਨੂੰ ਛਲਨਾ ਤਾਂ ਦੂਰ ਦੀ ਗੱਲ ਰਹੀ ਪੁਤੀਨ ਐਂਡ ਕੰਪਨੀ ਸਟਾਲਿਨ ਨੂੰ ਕੁਝ ਵੈਸੇ ਹੀ ਸਵੀਕਾਰ ਤੇ ਅੰਗੀਕਾਰ ਕਰ ਰਹੀ ਹੈ ਜਿਸ ਨੂੰ ਅਤੀਤ 'ਚ ਪ੍ਰੋਲੇਤਾਰੀ, ਮੇਹਨਤਕਸ਼ਾਂ, ਗ਼ਰੀਬਾਂ ਦੇ ਨੇਤਾ ਤੇ ਨਾਇਕਾ ਨੂੰ ਹਾਕਮਾਂ ਵੱਲੋਂ ਸਵੀਕਾਰ ਕੀਤਾ। ਈਸਾ ਮਸੀਹ ਟੋਟੇ ਸ਼ੁਰੂ ਹੋਣ ਵਾਲੀ ਇਸ ਸੂਚੀ ਵਿੱਚ ਸਟਾਲਿਨ ਰੂਸ 'ਚ ਇਕ ਨਾਂ ਬਣ ਜਾਂਦੇ ਹਨ ਤਾਂ ਭਾਰਤ 'ਚ ਅਸੀਂ ਲੋਕ ਜਾਣਦੇ ਹਾਂ ਕਿ ਸ਼ਹੀਦ ਭਗਤ ਸਿੰਘ ਨੂੰ ਭਾਰਤ ਦੇ ਹਾਕਮਾ ਨੇ ਉਹਨਾਂ ਦੇ ਵਿਚਾਰਾਂ ਦੀ ਹੱਤਿਆ ਕਰਕੇ ਚੁੱਪ-ਚਾਪ ਇਕ ਹਾਨੀ ਰਹਿਤ ਦੇਵ ਮੂਰਤੀ 'ਚ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੁਤੀਨ ਵੀ ਸਟਾਲਿਨ ਨੂੰ ਇਕ ਹਾਨੀ ਰਹਿਤ ਦੇਵ ਪ੍ਰਤਿਮਾ 'ਚ ਤਬਦੀਲ ਕਰਕੇ ਉਹਨਾਂ ਦੀ ਰੂਸੀ ਸਮਾਜ ਨੂੰ ਇਕ ਹਾਨੀ ਰਹਿਤ ਦੇਵ ਪ੍ਰਤਿਮਾ ਰਾਹੀਂ ਫਿਰ ਉਹ ਆਪਣੇ ਘ੍ਰਿਣਤ ਅੰਨ੍ਹੇ ਕੌਮਵਾਦੀ ਸਾਮਰਾਜੀ ਮਨਸੂਬਿਆਂ ਦੀ ਸਾਧਨਾ ਚਾਹੁੰਦੇ ਹਨ।

# ਕੀ ਹੈ ਪੁਰਸਕਾਰਾਂ ਦਾ ਪਾਖੰਡ?

ਕਿਸੇ ਵੀ ਲੇਖਕ ਜਾਂ ਕਲਾਕਾਰ ਦਾ ਅਸਲੀ ਪੁਰਸਕਾਰ ਕੀ ਹੋ ਸਕਦਾ ਹੈ? ਉਸ ਦਾ ਅਸਲੀ ਮਾਨ-ਸਨਮਾਨ ਕੌਣ ਕਰ ਸਕਦਾ ਹੈ ਅਤੇ ਕਿਵੇਂ? ਕੀ ਕੋਈ ਰਾਸ਼ੀ ਜਾਂ ਕੋਈ ਪ੍ਰਸ਼ੰਸ਼ਪਤ ਜਾਂ ਅਲੰਕਰਣ ਉਸ ਦਾ ਅਸਲੀ ਪੁਰਸਕਾਰ ਹੈ ਜਾਂ ਹੋ ਸਕਦਾ ਹੈ? ਆਪਣੇ ਇਰਦ ਗਿਰਦ ਨਜ਼ਰ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਤਰ੍ਹਾਂ-ਤਰ੍ਹਾਂ ਦੇ ਪੁਰਸਕਾਰਾਂ ਤੇ ਸਨਮਾਨਾਂ ਦੀ ਭਰਮਾਰ ਹੈ। ਪਰ ਇਸ ਅਨੁਪਾਤ ਵਿਚ ਕਲਾਕਾਰਾਂ ਦਾ ਦਰਜਾ ਘਟਦਾ ਚਲਿਆ ਗਿਆ ਹੈ। ਖਾਸ ਤੌਰ ’ਤੇ ਜਿਥੋਂ ਤਕ ਸਾਹਿਤ ਤੇ ਉਸ ’ਚ ਵੀ ਹਿੰਦੀ ਸਾਹਿਤ ਦਾ ਸੁਆਲ ਹੈ। ਚਿਤਰਕਲਾ ਤੇ ਸੰਗੀਤ ਨੂੰ ਛੱਡ ਦੇਈਏ ਜਿਥੇ ਪੈਸਾ ਵੀ ਜ਼ਿਆਦਾ ਹੈ ਅਤੇ ਰਤਬਾ ਵੀ ਤਾਂ ਹਾਲਤ ਬਹੁਤ ਖਰਾਬ ਹੀ ਜਾਪਦੀ ਹੈ। ਕੀ ਕੋਈ ਦਿੱਗਜ ਤੋਂ ਦਿਗੜ ਸਾਹਿਤਕਾਰ ਆਪਣੀ ਲੇਖਣੀ ਦੇ ਜ਼ੋਰ ’ਤੇ ਰੋਟੀ ਰੋਜੀ ਕਮਾਉਣ ਦੀ ਗੱਲ ਸੁਪਨੇ ’ਚ ਵੀ ਸੋਚ ਸਕਦਾ ਹੈ? ਰਿਹਾ ਸੁਆਲ ਪ੍ਰਤਿਸ਼ਠਾ ਦਾ ਤਾਂ ਲੇਖਕ ਆਪਣੀ ਖੁਸ਼ ਫਹਿਮੀ ਦੇ ਮੀਨਾਰ ’ਚ ਬੈਠ ਕੇ ਜੋ ਚਾਹੇ ਸੋਚੈ, ਅੱਜ ਇਕ ਵੀ ਲੇਖਕ ਦੀ ਜਿਸ ਨੂੰ ਹਿੰਦੀ ਦੇ ਜਾਨੇ-ਮਾਨੇ ਵੱਡੇ ਪੁਰਸਕਾਰ ਮਿਲੇ ਹਨ ਨਾ ਉਹੋ ਜਿਹੀ ਹੈਸੀਅਤ ਹੈ ਜਿਹੋ ਜਿਹੀ ਕਿਸੇ ਮਾਮੂਲੀ ਵਿਧਾਇਕ ਜਾਂ ਸੰਸਦ ਜਾਂ ਸਨਅਤਕਾਰ ਦੀ ਹੁੰਦੀ ਹੈ, ਨਾ ਕੋਈ ਪ੍ਰਤਿਸ਼ਠਾ, ਜੈਸੀ ਪ੍ਰੇਮਚੰਦ ਨੂੰ ਮਿਲੀ ਜਿਹਨਾਂ ਨੇ ਆਪਣੇ ਜ਼ਮਾਨੇ ’ਚ ਮੰਗਲਾ ਪ੍ਰਸਾਦ ਪਾਰਿ ਤੋਸ਼ਿਕ ਤੋਂ ਵੱਡਾ ਪੁਰਸਕਾਰ ਨਹੀਂ ਮਿਲਿਆ ਸੀ। ਸੱਚ ਤਾਂ ਇਹ ਹੈ ਕਿ ਨਾ ਤਾਂ ਉਸ ਸਮੇਂ ਦੇ ਲੋਕਾਂ ਨੂੰ ਇਸ ਦੀ ਇੱਛਾ ਸੀ, ਨਾ ਜ਼ਰੂਰਤ। ਉਹਨਾਂ ਦੀ ਮੰਜਿਲ ਕੁਝ ਹੋਰ ਸੀ। ਅਰਸਾ ਪਹਿਲਾਂ ਪ੍ਰੇਮਚੰਦ ਨੇ ਲਿਖਿਆ ਸੀ ‘ਜਿਹਨਾਂ ਨੂੰ ਧਨ ਪਿਆਰਾ ਹੈ, ਸਾਹਿਤ ਦੇ ਮੰਦਰ ’ਚ ਉਹਨਾਂ ਲਈ ਥਾਂ ਨਹੀਂ ਹੈ। ਇਹ ਤਾਂ ਉਹਨਾਂ ਉਪਾਸ਼ਕਾਂ ਦੀ ਜ਼ਰੂਰਤ ਹੈ। ਜਿਹਨਾਂ ਨੇ ਸੇਵਾ ਨੂੰ ਹੀ ਆਪਣੇ ਜੀਵਨ ਦੀ ਸਾਰਥਕਤਾ ਮੰਨ ਲਿਆ ਹੈ। ਜਿਹਨਾਂ ਦੇ ਦਿਲ ’ਚ ਦਰਦ ਦੀ ਤੜਪ ਹੋਵੇ ਅਤੇ ਮੁਹੱਬਤ ਦਾ ਜੋਸ਼ ਹੋਵੇ ਆਪਣੀ ਇੱਜ਼ਤ ਤਾਂ ਆਪਣੇ ਜੀਵਨ ਦੀ ਸਾਰਥਕਤਾ ਮੰਨ ਲਿਆ ਹੈ। ਜਿਹਨਾਂ ਦੇ ਦਿਲ ’ਚ ਦਰਦ ਦੀ ਤੜਪ ਹੋਵੇ ਅਤੇ ਮੁਹੱਬਤ ਦਾ ਜੋਸ਼ ਹੋਵੇ ਆਪਣੀ ਇੱਜ਼ਤ ਤਾਂ ਆਪਣੇ ਹੱਥ ਹੈ। ਅਗਰ ਅਸੀਂ ਸੱਚੇ ਦਿਲ ਨਾਲ ਸਮਾਜ ਦੀ ਸੇਵਾ ਕਰਾਂਗੇ ਤਾਂ ਮਾਨ, ਸਨਮਾਨ ਤੇ ਪ੍ਰਸਿੱਧੀ ਸਭ ਸਾਡੇ ਪੈਰ ਚੁੰਮਣਗੀਆਂ ਫਿਰ ਮਾਨ-ਮਰਿਯਾਦਾ ਦੀ ਚਿੰਤਾ ਸਾਨੂੰ ਕਿਉਂ ਸਤਾਵੇ? ਅਤੇ ਉਹਨਾਂ ਦੇ ਨਾ ਮਿਲਣ ਨਾਲ ਅਸੀਂ ਨਿਰਾਸ਼ ਕਿਉਂ ਹੋਈਏ। ਸੇਵਾ ’ਚ ਜੋ ਅਧਿਆਤਮਕ ਆਨੰਦ ਹੈ। ਉਹ ਸਾਡਾ ਪੁਰਸਕਾਰ ਹੈ। ਉਹ ਸਾਡਾ ਪੁਰਸਕਾਰ ਹੈ ਸਾਨੂੰ ਸਮਾਜ ’ਤੇ ਆਪਣਾ ਵੱਡਾਪਣ ਜਿਤਾਉਣ, ਉਸ ’ਤੇ ਰੋਹਬ ਜਮਾਉਣ ਦੀ ਹਵਸ ਕਿਉਂ ਹੋਵੇ? ਦੂਜਿਆਂ ਤੋਂ ਵੱਧ ਆਰਾਮ ਨਾਲ ਰਹਿਣ ਦੀ ਇੱਛਾ ਵੀ ਕਿਉਂ ਸਤਾਏ? ਅਸੀਂ ਅਮੀਰਾਂ ਦੀ ਸ਼੍ਰੇਣੀ ਵਿੱਚ ਆਪਣੀ ਗਿਣਤੀ ਕਿਉਂ ਕਰਵਾਈਏ। ਅਸੀਂ ਤਾਂ ਸਮਾਜ ਦਾ ਝੰਡਾ ਲੈ ਕੇ ਚੱਲਣ ਵਾਲੇ ਸਿਪਾਹੀ ਹਾਂ ਅਤੇ ਸਾਦੀ ਜਿੰਦਗੀ ਨਾਲ ਉਹ ਨਿਗਾਹ ਸਾਡੇ ਜੀਵਨ ਦਾ ਉਦੇਸ਼ ਹੈ’ ਪ੍ਰੇਮਚੰਦ ਨੇ ਇਹ ਗੱਲਾਂ 1936 ’ਚ ਕਹੀਆਂ ਸਨ। ਤਦ ਸ਼ਾਇਦ ਹਿੰਦੀ ਵਿੱਚ ਸਭ ਤੋਂ ਵੱਡਾ ਪੁਰਸਕਾਰ ਮੰਗਲਾ ਪ੍ਰਸਾਦ ਪਾਰਿਭੋਸ਼ਿਕ ਹੁੰਦਾ ਸੀ। ਉਹ ਤੋਂ 1947 ਤੋਂ ਬਾਅਦ ਹੋਇਆ ਕਿ ਸਾਹਿਤ ਅਕਾਦਮੀ ਦੇ ਨਾਲ ਨਾਲ ਸੰਗੀਤ ਨਾਟਕ ਅਤੇ ਲਲਿਤਕਲਾ ਅਕਾਦਮੀਆਂ ਗਠਿਤ ਹੋਈਆਂ ਅਤੇ ਉਹਨਾਂ ਨੇ

ਪੁਰਸਕਾਰ ਦੇਣੇ ਸ਼ੁਰੂ ਕੀਤੇ, ਫਿਰ ਸੂਬਾਈ ਸਰਕਾਰਾਂ ਨੇ ਵੀ ਪੁਰਸਕਾਰਾਂ ਦੀ ਝੜੀ ਲਾ ਦਿੱਤੀ। ਵਪਾਰਕ ਘਰਾਣੇ ਕਿਉਂ ਪਿੱਛੇ ਰਹਿੰਦੇ। ਉਹਨਾਂ ਨੇ ਹੋਰ ਵੀ ਵੱਡੀਆਂ ਰਾਸ਼ੀਆਂ ਦੇ ਪੁਰਸਕਾਰਾਂ ਦੀ ਸਥਾਪਨਾ ਕੀਤੀ। ਏਨੇ ਪੁਰਸਕਾਰਾਂ ਦੇ ਹੁੰਦੇ ਹੋਇਆਂ ਵੀ ਬਹੁਤ ਸਾਰੇ ਲੇਖਕਾਂ ਦੀ ਪਹੁੰਚ ਇਹਨਾਂ ਤਕ ਨਹੀਂ ਸੀ ਤਾਂ ਫਿਰ ਛੋਟੇ ਛੋਟੇ ਪੁਰਸਕਾਰ ਐਲਾਨ ਜਾਣ ਲੱਗੇ। ਓਮ ਪ੍ਰਕਾਸ਼ ਸਨਮਾਨ ਪਹਿਲ ਸਨਮਾਨ ਸਮਸ਼ੇਰ ਸਨਮਾਨ ਸ੍ਰੀਕਾਂਤ ਵਰਮਾ ਸਨਮਾਨ ਰਘੁਵੀਰ ਸਹਾਏ ਸਨਮਾਨ ਬਗਨਰਸੀ ਪ੍ਰਸਾਨ ਭੋਜਪੁਰੀ ਸਨਮਾਨ ਆਦਿ ਅਤੇ ਇਸ ਦੌਰਾਨ ਇਹ ਹਾਲਤ ਵੀ ਵੇਖਣ 'ਚ ਆਈ ਕਿ ਪਹਿਲਾਂ ਤਾਂ ਲੇਖਕਾਂ ਦੀ ਕੋਸ਼ਿਸ਼ ਇਹ ਹੁੰਦੀ ਸੀ ਕਿ ਉਹ ਨੌਕਰੀਆਂ ਛੱਡ ਕੇ ਅਜ਼ਾਦ ਲੇਖਣੀ ਨਾਲ ਰੋਟੀ ਰੋਜ਼ੀ ਕਮਾਉਣਾ ਹੁਣ ਸਥਿਤੀ ਪਲਟ ਗਈ। ਬਹੁਤ ਘੱਟ ਲੇਖਕ ਅਜਿਹੇ ਮਿਲਣਗੇ ਜਿਹਨਾਂ ਨੇ ਨੌਕਰੀ ਛੱਡ ਕੇ ਲੇਖਣੀ ਤੇ ਨਿਰਭਰ ਰਹਿਣ ਦਾ ਫੈਸਲਾ ਲਿਆ ਹੋਵੇ। ਇਸ ਲਈ ਮੇਹਨਤ ਦੀ ਥਾਂ ਹੁਣ ਪੁਰਸਕਾਰਾਂ ਤੇ ਸਨਮਾਨਾ ਦਾ ਮਹੱਤਵ ਵਧ ਗਿਆ ਹੈ। ਜਿੰਨੀ ਵੱਡੀ ਰਾਸੀ ਉਨ੍ਹਾਂ ਵੱਡਾ ਸਨਮਾਨ ਤੇ ਉਨ੍ਹੀਂ ਹੀ ਵੱਧ ਪੁਰਸਕ੍ਰਿਤ ਲੇਖ ਦੀ ਪ੍ਰਤਿਸ਼ਠਾ। ਲੇਖਕਾਂ ਦਾ ਸਰੋਕਾਰ ਆਪਣੀ ਮੇਹਨਤ ਨਾਲ ਕਮਾਏ ਪੈਸੇ 'ਚ ਨਾ ਹੋ ਕੇ ਵਜੀਫੇ ਅਤੇ ਇਨਾਮਾ ਨਾਲ ਹੋ ਗਿਆ ਹੈ। ਕਹਿਣਾ ਨਾ ਹੋਵੇਗਾ ਕਿ ਪੁਰਸਕਾਰ ਸੱਤਾ ਤੇ ਹਾਕਮ ਜਮਾਤ ਦਾ ਮਾਮਲਾ ਹੈ। ਕੋਈ ਇਸ 'ਤੇ ਵਿਚਾਰ ਨਹੀਂ ਕਰਦਾ ਕਿ ਜੋ ਸਰਕਾਰ ਏਨੇ ਸਾਰੇ ਪੁਰਸਕਾਰ ਵੰਡ ਰਹੀ ਹੈ, ਉਹ ਲੇਖਕਾਂ ਦੀ ਰਾਇਲਟੀ ਜਾਂ ਉਹਨਾਂ ਦੇ ਮੇਹਨਤਾ ਨੂੰ ਯਕੀਨੀ ਕਿਉਂ ਨਹੀਂ ਬਣਾਉਂਦੀ। ਲਗਭਗ ਸਭ ਹਿੰਦੀ ਭਾਸ਼ੀ ਪ੍ਰਾਂਤਾਂ 'ਚ ਸਰਕਾਰ ਪਾਠ ਪੁਸਤਕਾਂ ਦਾ ਕੇਂਦਰੀਕਰਨ ਕਰ ਚੁੱਕੀ ਹੈ। ਕਿਤੇ-ਕਿਤੇ ਸਰਕਾਰ ਪੁਸਤਕਾਂ ਖੁਦ ਛਾਪਦੀ ਹੈ ਅਤੇ ਕਿਤੇ ਉਹ ਉਹਨਾਂ ਨੂੰ ਠੇਕੇ 'ਤੇ ਨਿੱਜੀ ਖੇਤਰ ਦੇ ਪ੍ਰਕਾਸ਼ਕਾਂ ਨੂੰ ਦਿੰਦੀ ਹੈ। ਗਦ, ਪਦ ਤੇ ਇਕਾਂਗੀ ਤਿੰਨ ਐਸੀਆਂ ਪਾਠ ਪੁਸਤਕਾਂ ਹਨ ਜਿਹਨਾਂ 'ਚ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਸੰਕਲਿਤ ਹੁੰਦੀਆਂ ਹਨ। ਇਹ ਸੰਕਲਨ ਯੂਨੀਵਰਸਿਟੀਆਂ ਵਿਚ ਵੀ ਸਿਲੇਬਸ ਦਾ ਅੰਗ ਬਣਦੇ ਹਨ। ਜੇ ਸਰਕਾਰ ਸੱਚਮੁੱਚ ਲੇਖਕਾਂ ਦਾ ਹਿੱਤ ਚਾਹੁੰਦੀ ਹੈ ਤਾਂ ਉਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੇਖਕਾਂ ਨੂੰ ਪ੍ਰੋ-ਰਾਟਾ ਰਾਇਲਟੀ ਮਿਲੀ। ਬਜਾਏ ਇਸ ਦੇ ਕਿ ਪ੍ਰਕਾਸ਼ਕ (ਜਾਂ ਅਗਰ ਸਰਕਾਰ ਖੁਦ ਪ੍ਰਕਾਸ਼ਕ ਹੈ) ਉਹਨਾਂ ਨੂੰ 150-200-250-500 ਦਾ ਮਾਨ ਦੇ ਕੇ ਟਕਰਾ ਦੇਵੇ। ਉਹਨਾਂ ਨੂੰ ਆਪਣੀ ਮੇਹਨਤ ਦਾ ਪੂਰਾ ਮੁੱਲ ਮਿਲੇ। ਸਰਕਾਰਾਂ ਨੇ ਤਾਂ ਐਸਾ ਕੀਤਾ ਨਹੀਂ। ਹਾਂ, ਪੁਰਸਕਾਰ ਤਾਂ ਜਰੂਰ ਸਥਾਪਿਤ ਕਰ ਦਿੱਤੇ ਹਨ। ਲੇਖਕਾਂ ਦੀਆਂ ਅੱਖਾਂ ਪੂੰਝਣ ਲਈ। ਕਿਸੇ ਟਾਟਾ, ਬਿਡਲਾ, ਅੰਬਾਨੀ ਡਾਲਮੀਆ ਦੀਆਂ ਦਿਕੱਤਾਂ ਦੂਰ ਕਰਨ ਲਈ ਸਭ ਯਤਨ ਹੋਣਗੇ, ਸਾਰੀ ਨੌਕਰਸ਼ਾਹੀ ਜੁਟ ਜਾਵੇਗੀ ਪਰ ਲੇਖਕਾਂ ਦੀ ਸਥਿਤੀ ਤੇ ਸਹੀ ਢੰਗ ਨਾਲ ਵਿਚਾਰ ਕਰਨ ਦੀ ਬਜਾਏ ਆਸਾਨ ਰਸਤਾ ਅਪਣਾਇਆ ਜਾਵੇਗਾ। ਪੁਰਸਕਾਰ ਦੇ ਕੇ ਮੂੰਹ ਬੰਦ ਕਰ ਦਿਉ ਅਤੇ ਹੁਣ ਸਮੁੱਚੇ ਹਿੰਦੀ ਪ੍ਰਕਾਸ਼ਨ ਜਗਤ ਦੀ ਹਾਲਤ ਦਾ ਜ਼ਾਇਜਾ ਲੈਣਾ ਤਾਂ ਬਾਕੀ ਹੀ ਹੈ ਜਿਸ ਲਈ ਛੋਟੇ ਲੇਖ 'ਚ ਥਾਂ ਨਹੀਂ। ਤਾਂ ਵੀ ਜੇ ਇਸ ਬਿੰਦੂ ਤੇ ਕੇਂਦਰਿਤ ਕੀਤਾ ਜਾਵੇ ਕਿ ਪੁਸਤਕਾਂ ਸੱਚਮੁੱਚ ਕਿੱਥੇ ਵਿਕਦੀਆਂ ਹਨ ਅਤੇ ਕਿਵੇਂ ਘਰ ਕਿਸ ਦੇ ਭਰਦੇ ਹਨ। ਲੇਖਕਾਂ ਦੇ ਜਾਂ ਪ੍ਰਕਾਸ਼ਕਾਂ ਦੇ ਜਾਂ ਖਰੀਦ ਕਰਨ ਵਾਲੇ ਅਧਿਕਾਰੀਆਂ ਦੇ ਤਾਂ ਕੁਝ ਹੈਰਾਨਕੁੰਨ ਤੱਥ ਸਾਹਮਣੇ ਆਉਣਗੇ। ਜੇ ਇਸ 'ਚ ਕਿਸੇ ਦੀ ਰੁਚੀ ਨਹੀਂ, ਲੇਖਕਾਂ ਤੇ ਉਨ੍ਹਾਂ ਦੇ ਸਵਨਾਮਧੰਨ ਸੰਗਠਨਾਂ ਕੀਤਾ ਸਭ ਤੋਂ ਘੱਟ। ਉਂਜ ਤਾਂ ਪੁਰਸ਼ਕਾਰਾਂ

ਦਾ ਰਿਵਾਜ ਪੁਰਾਣੀ ਮਧਕਾਲੀਨ ਪ੍ਰੰਪਰਾ ਦਾ ਛੋਤਕ ਹੈ। ਰਾਜਾਂ-ਮਹਾਰਾਜਾ ਇਨਾਮ ਅਕਰਾਮ ਦਿੰਦੇ ਹੁੰਦੇ ਸਨ ਜਾਂ ਤਾਂ ਲੇਖਕਾਂ ਨੂੰ ਖਰੀਦਣ ਲਈ ਜਾਂ ਉਨ੍ਹਾਂ ਦੇ ਮੂੰਹ ਬੰਦ ਕਰਨ ਲਈ। ਇਸ ਲਈ ਵਾਮਿਕ ਜੌਨਪੁਰੀ ਨੇ ਲਿਖਿਆ ਸੀ

'ਵੋ ਮੋਤੀਓ ਸੇ ਕਰਦੇ ਹੈ ਮੂੰਹ ਸ਼ਾਇਰੋ ਕਾ ਬੰਦ
ਏਸੇ ਮੇਂ ਹਮ ਕਿਆ ਅਪਨੇ ਕੋਂ ਬੇਆਬਰੂ ਕਰੇਂ।'

ਨਿੱਜੀ ਪੁਰਸਕਾਰ ਵੀ ਪੁਰਸਕਾਰ ਦੇਣ ਵਾਲਿਆਂ ਦੇ ਕਿਸੇ ਸੁਆਰਥ ਦੀ ਹੀ ਪੂਰਤੀ ਕਰਦੇ ਹਨ। ਉਨ੍ਹਾਂ ਨੂੰ ਚਲਾਉਣ ਵਾਲੇ ਵੱਡੇ ਘਰਾਣਿਆਂ ਨੂੰ ਇਨਕਮ ਟੈਕਸ ਬਚਾਉਣ ਵਾਸਤੇ ਇਹ ਪੁਰਸਕਾਰ ਦਿੰਦੇ ਹਨ। ਕਹਿਣ ਨੂੰ ਸਾਹਿਤ ਅਕਾਦਮੀ ਇਕ ਖੁਦਮੁਖਤਿਆਰ ਸੰਸਥਾ ਹੈ, ਪਰ ਅਸੀਂ ਸਭ ਜਾਣਦੇ ਹਾਂ ਕਿ ਉਸ ਦਾ ਗਠਨ ਸਰਕਾਰ ਨੇ ਕੀਤਾ ਹੈ। ਅਤੇ ਉਹ ਸਰਕਾਰੀ ਤੰਤਰ ਅਧੀਨ ਹੀ ਕੰਮ ਕਰ ਰਹੀ ਹੈ। ਸੁਬਾਈ ਸਰਕਾਰ ਵੀ ਅਮੂਮਨ ਸਮੰਤੀਆਂ ਬਣਾ ਕੇ ਪੁਰਸਕਾਰਾਂ ਦੀ ਵਿਵਸਥਾ ਕਰਦੀਆਂ ਰਹਿੰਦੀਆਂ ਹਨ। ਅਜਿਹੇ 'ਚ ਜੋੜ ਤੋੜ, ਜੁਗਾੜ ਤੇ ਪ੍ਰਸਪਰ ਆਦਾਨ ਪ੍ਰਦਾਨ, ਪਸੰਦ-ਨਾਪਸੰਦ, ਆਪਣੀ-ਆਪਣੀ ਭੂਮਿਕਾ ਅਦਾ ਕਰਦੇ ਹਨ। ਜ਼ਾਹਿਰ ਹੈ ਕਿ ਜੋ ਲੇਖਕ ਸਰਕਾਰ ਪੱਖੀ ਨਹੀਂ ਹਨ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਸੂਚੀ 'ਚੋਂ ਕੱਟ ਦਿੱਤਾ ਜਾਂਦਾ ਹੈ। 1962 'ਚ ਸਹਿਤ ਅਕਾਦਮੀ ਨੇ ਯਸ਼ਪਾਲ ਦੀ ਪੁਸਤਕ 'ਝੂਠਾ ਸੱਚ' ਨੂੰ ਪੁਰਸਕਾਰ ਲਈ ਚੁਨਣ ਪਿੱਛੋਂ ਜਿਸ ਤਰ੍ਹਾਂ ਰਾਜਸੀ ਕਾਰਨਾਂ ਕਰਕੇ ਆਪਣਾ ਫੈਸਲਾ ਬਦਲਿਆ ਅਤੇ ਉਸ ਸਾਲ ਕਿਸੇ ਲੇਖਕ ਨੂੰ ਪੁਰਸਕਾਰ ਨਹੀਂ ਦਿੱਤਾ। ਇਹ ਇਕ ਕਲੰਕ ਹੈ ਜਿਸ ਨੂੰ ਸਾਹਿਤ ਅਕਾਦਮੀ ਏਨੇ ਨਾਲ ਹੀ ਧੋ ਸਕਦੀ ਸੀ ਕਿ ਉਸ ਨੇ ਯਸ਼ਪਾਲ ਨੂੰ 1976 'ਚ ਜਦ ਉਹ ਮੌਤ ਨੇੜੇ ਸਨ "ਤੇਰੀ ਮੇਰੀ ਉਸਕੀ ਬਾਤ" ਤੇ ਪੁਰਸਕਾਰ ਦੇ ਕੇ ਪਾਪ ਧੋਣ ਦੀ ਕੋਸ਼ਿਸ਼ ਕੀਤੀ ਸੀ। ਇਸ ਮਾਮਲੇ 'ਚ ਸਾਹਿਤ ਅਕਾਦਮੀ ਇਕੱਲੀ ਸੰਸਥਾ ਨਹੀਂ ਹੈ। ਅਜੇ ਕੁਝ ਸਾਲ ਪਹਿਲਾਂ ਦੀ ਗੱਲ ਹੈ, ਦਾਦਾ ਸਾਹਿਬ ਫਾਲਕੇ ਪੁਰਸਕਾਰ ਪ੍ਰਸਿੱਧ ਹੀਰੋਇਨ ਸੁਚਿਤਾ ਸੇਨ ਨੂੰ ਦੇਣ ਦਾ ਫੈਸਲਾ ਕੀਤਾ ਸੀ। ਉਹ ਆਪਣੇ ਸਿਹਤ ਦੇ ਕਾਰਨਾਂ ਕਰਕੇ ਪੁਰਸਕਾਰ ਲੈਣ ਆਉਣ 'ਚ ਅਸਮਰੱਥ ਸੀ। ਅਨੇਕਾਂ ਪ੍ਰਸਤਾਵ ਇਸ ਗੱਲ ਦੇ ਆਏ ਕਿ ਪੁਰਸਕਾਰ ਸੰਮਤੀ ਉਨ੍ਹਾਂ ਨੂੰ ਕੋਲਕਾਤਾ 'ਚ ਉਨ੍ਹਾਂ ਦੀ ਰਿਹਾਇਸ਼ 'ਤੇ ਹੀ ਪੁਰਸਕਾਰ ਦੇਵੇ ਪਰ ਪੁਰਸਕਾਰ ਸੰਮਤੀ ਜਿਉਂ ਹੋਈ ਰਾਜ-ਰਜੇਸ਼ਵਰਾਂ ਦੀਆਂ ਰਵਾਇਤਾਂ ਦੀ ਪੱਖੀ। ਉਨ੍ਹਾਂ ਨੇ ਫੈਸਲਾ ਕੀਤਾ ਕਿ ਜੇ ਸੁਚਿਤਰਾ ਸੈਨ ਨੂੰ ਪੁਰਸਕਾਰ ਚਾਹੀਦਾ ਹੈ ਤਾਂ ਉਨ੍ਹਾਂ ਨੂੰ ਮੁੰਬਈ ਆਉਣਾ ਹੀ ਪੈਣਾ ਹੈ ਅਤੇ ਜਦ ਉਹ ਇਸ ਲਈ ਤਿਆਰ ਨਹੀਂ ਹੋਈ ਤਾਂ ਪੁਰਸਕਾਰ ਕਿਸੇ ਹੋਰ ਨੂੰ ਦੇ ਦਿੱਤਾ ਗਿਆ। ਇਸ ਪ੍ਰਸੰਗ ਨੇ ਦਾਦਾ ਸਾਹਿਬ ਫੱਲਕੇ ਪੁਰਸਕਾਰ ਦੀ ਸਾਰੀ ਮਹਾਨਤਾ ਨੂੰ ਮਿੱਟੀ 'ਚ ਮਿਲਾ ਦਿੱਤਾ ਹੈ। ਹੁਣ ਦੂਜੇ ਪੱਖ ਤੋਂ ਵੇਖੋ ਤਾਂ ਪੁਰਸਕਾਰਾਂ ਦਾ ਮਹੱਤਵ ਵੱਧਣ ਨਾਲ ਸਾਹਿਤ ਤੇ ਸਭਿਆਚਾਰ 'ਤੇ ਮਾੜਾ ਅਸਰ ਪਿਆ ਹੈ, ਉਹ ਇਹਨਾਂ ਪੁਰਸਕਾਰਾਂ ਨੂੰ ਲੈ ਕੇ ਲੇਖਕਾਂ ਦਰਮਿਆਨ ਵੈਰ ਭਾਵ-ਈਰਖਾ ਤੇ ਝਗੜਿਆਂ ਵਜੋਂ ਸਾਹਮਣੇ ਆਇਆ ਹੈ। ਕੁਝ ਸਾਲ ਪਹਿਲਾਂ ਰਵੀ ਸ਼ੰਕਰ ਨੂੰ ਭਾਰਤ-ਰਤਨ ਦੇਣ ਦਾ ਐਲਾਨ ਹੋਇਆ ਸੀ ਤਾਂ ਪੰਡਿਤ ਜਸਰਾਜ ਨੇ ਕਾਫੀ ਹਾਏ ਤੋਬਾ ਮਚਾਈ ਸੀ। ਦਰਅਸਲ ਪੁਰਸਕਾਰਾਂ ਨੇ ਸਾਹਿਤਕਾਰਾਂ ਦੇ ਸਾਰੇ ਮਾਪਦੰਡਾਂ ਤੇ ਮੁੱਲਾਂ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਪੁਰਸਕਾਰਾਂ ਲਈ ਲੇਖਕ ਆਪਣੀਆਂ ਸਾਰੀਆਂ ਭਾਵਨਾਵਾਂ, ਮਾਨਤਾਵਾਂ ਨੂੰ ਤਾਕ ਤੇ ਰੱਖਣ ਲਈ ਤਿਆਰ ਹੋ ਜਾਂਦੇ ਹਨ। ਜੀਵਨ

ਭਰ ਜਿੰਨਾਂ ਸਾਹਿਤਕਾਰਾਂ ਦਾ ਵਿਰੋਧ ਕਰਦੇ ਆਏ ਹੁੰਦੇ ਹਨ, ਜਿਨ੍ਹਾਂ ਸਰਕਾਰਾਂ ਤੇ ਰਾਜਸੀ ਪਾਰਟੀਆਂ ਨੂੰ ਲੋਕ ਵਿਰੋਧੀ ਐਲਾਨ ਚੁੱਕੇ ਹੁੰਦੇ ਹਨ। ਉਨ੍ਹਾਂ ਸਾਹਿਤਕਾਰਾਂ ਦੇ ਨਾਂ ’ਤੇ ਜਾਂ ਉਨ੍ਹਾਂ ਸਰਕਾਰਾਂ ਜਾਂ ਪਾਰਟੀਆਂ ਤੋਂ ਪੁਰਸਕਾਰ ਲੈਣ ’ਚ ਕੋਈ ਹਿਚਕ ਮਹਿਸੂਸ ਨਹੀਂ ਕਰਦੇ। ਸਾਹਿਤ ਅਕਾਦਮੀ ਜਾਂ ਹੋਰ ਪੁਰਸਕਾਰ ਸੰਮਤੀਆਂ ਜਿਸ ਪ੍ਰਕਾਰ ਕੰਮ ਕਰਦੀਆਂ ਹਨ, ਉਨ੍ਹਾਂ ਸਬੰਧੀ ਅਕਸਰ ਝਮੇਲੇ ਉੱਠਦੇ ਰਹਿੰਦੇ ਹਨ। ਜ਼ਾਹਿਰ ਹੈ ਕਿ ਜਦ ਕੋਈ ਕਲਾਕਾਰ ਕਿਸੇ ਸੰਸਥਾ ਦਾ ਪੁਰਸਕਾਰ ਲੈਂਦਾ ਹੈ ਤਾਂ ਉਹ ਉਸੇ ਸੰਸਥਾ ਨੂੰ ਜ਼ੁਬਾਨੀ ਆਪਣਾ ਸ਼ੁਕਰੀਆ ਅਦਾ ਕਰਦਾ ਹੈ, ਪਹਿਲਾਂ ਅਰਜੀਵੀ ਦਿੰਦਾ ਹੈ। ਜੇ ਉਹ ਸੰਸਥਾ ਕਲੰਕਿਤ ਹੈ ਤਾਂ ਉਹ ਉਸ ਕਲੰਕ ਦਾ ਭਾਗੀ ਵੀ ਬਣਦਾ ਹੈ। ਇਸ ਲਈ ਪੁਰਸਕਾਰਾਂ ਦੀ ਮੌਜੂਦਾ ਬਾਂਦਰਵੰਡ ’ਚ ਸਭ ਤੋਂ ਬੁਰਾ ਹਾਲ ਲੇਖਕਾਂ-ਕਲਾਕਾਰਾਂ ਦਾ ਹੈ ਅਤੇ ਉਹ ਕਦਰਾਂ-ਕੀਮਤਾਂ ਦੇ ਉਦੇਸ਼ ਨੂੰ ਭੁੱਲਕੇ ਤਮਾਮ ਪਾਪੜ ਵੇਲਦੇ ਹਨ। ਇਕ ਕਵੀ ਦੀ ਕਵਿਤਾ ਸਾਹਿਤ ਅਕਾਦਮੀ ਪੁਰਸਕਾਰ ਨੂੰ ਇਕ ਹੱਡੀ ਮੰਨਦੀ ਹੈ ਅਤੇ ਉਸ ਦੇ ਲਾਲਸਾ ਵਾਲੇ ਕਈ ਜਬਾੜਿਆ ਦਾ ਜ਼ਿਕਰ ਹੈ। ਇਹ ਕਵਿਤਾ ਜਿਸ ਵਿਅਕਤੀ ਨੂੰ ਸੰਬੋਧਿਤ ਹੈ ਉਹ ਖ਼ੁਦ ਪੁਰਸਕਾਰਾਂ ਨਾਲ ਜੁੜੇ ਰਹੇ ਹਨ ਤੇ ਇਹ ਸਾਰਾ ਰੁਦਨ ਰੂਪੀ ਨਿਵੇਦਨ ਉਨ੍ਹਾਂ ਨੂੰ ਹੀ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਵਿਰੋਧ ਅਤੇ ਹੋਰ ਨਾਮੰਜ਼ੂਰ ਲੋਕਾਂ ਨੇ ਵੀ ਕੀਤੇ ਹਨ ਅਤੇ ਫਿਰ ਕਦੀ ਘਰ ਖਰੀਦਣ ਦੇ ਕਰਜ਼ੇ ਨੂੰ ਮੋੜਨ ਖਾਤਰ ਜਾਂ ਪਤ੍ਰਿਕਾ ਨੂੰ ਜੀਵਤ ਰੱਖਣ ਲਈ ਅਤੇ ਕਿਸੇ ਲੱਚਰ ਤਰਕ ਨਾਲ ਉਹ ‘ਵੱਡੇ ਪੈਮਾਨੇ ’ਤੇ’ ਪੁਰਸਕਾਰ ਲੈ ਲੈਂਦੇ ਰਹੇ ਹਨ। ਉਹ ਇਨ੍ਹਾਂ ਤਾਂ ਜ਼ਰੂਰ ਮੰਨਦੇ ਹੋਣਗੇ ਕਿ ਲੇਖਕ ਦਾ ਅਸਲੀ ਪੁਰਸਕਾਰ ਉਸ ਦੇ ਪਾਠਕਾਂ ਦੀ ਪ੍ਰਸ਼ੰਸਾ ਅਤੇ ਆਪਣੇ ਪਾਠਕ ਨੂੰ ਸੰਤੁਸ਼ਟ ਕਰਨ ’ਚ ਉਨ੍ਹਾਂ ਦੀ ਸਫਲਤਾ ਅਤੇ ਰਚਨਾਕਾਰ ਦੇ ਨਾਤੇ ਆਪਣੇ ਸਮਾਜਿਕ ਫ਼ਰਜ਼ ਨੂੰ ਪੂਰਾ ਕਰਨ ’ਚ ਉਸਦੀ ਵਚਨਬੱਧਤਾ ਹੈ ਪਰ ਇਸ ਤਰ੍ਹਾਂ ਦਾ ਪਾਖੰਡ ਲੇਖਕ ਜਗਤ ’ਚ ਵਾਧੂ ਹੈ ਉਸ ਦਾ ਨਤੀਜਾ ਹੈ ਕਿ ਗੈਰ ਲੋਕਰਾਜੀ ਸਰਕਾਰਾਂ, ਇਨਕਲਾਬੀ ਸਾਹਿਤਕਾਰਾਂ ਨੂੰ ਪੁਰਸਕਾਰ ਦਿੰਦੀਆਂ ਹਨ ਅਤੇ ਉਹ ਬੜੇ ਅਰਾਮ ਨਾਲ ਮੰਜੂਰ ਕਰੀ ਜਾਂਦੇ ਹਨ। ਅਖਬਾਰਾਂ, ਰਸਾਲੇ ਲੇਖਕਾਂ ਨੂੰ ਮਿਹਨਤਾਨਾ ਨਹੀਂ ਦਿੰਦੇ ਪਰ ਆਪਣੀ ਦੁਕਾਨ, ਆਪਣਾ ਸੱਤਾ-ਤੰਤਰ ਕਾਇਮ ਰਹੇ, ਇਸ ਲਈ ਸਨਮਾਨ ਦਿੰਦੀਆਂ ਰਹਿੰਦੀਆਂ ਹਨ। ਜਦਕਿ ਦੌਰ ਐਸਾ ਹੈ ਕਿ ਕੁਝ ਸਾਹਿਤਕਾਰ ਆਪਣੇ ਵਿਚਾਰਾਂ ਕਾਰਨ ਅਕਸਰ ਜੇਲ੍ਹ ਗਏ ਹਨ ਤੇ ਉਸ ਨੂੰ ਹੀ ਅਕਸਰ ਆਪਣਾ ਪੁਰਸਕਾਰ ਮੰਨਦੇ ਰਹੇ ਹਨ। ਤੇਲਗੂ ਦੇ ਪ੍ਰਸਿੱਧ ਇਨਕਲਾਬੀ ਕਵੀ ਸ੍ਰੀ ਵਰਵਰਾ ਰਾਓ ਸਾਡੇ ਸਮਿਆਂ ਦੀ ਜਿਉਂਦੀ-ਜਾਗਦੀ ਉਦਾਹਰਣ ਹੈ। ਜੇਕਰ ਕੋਈ ਲੇਖਕ ਪੁਰਸਕਾਰ ਲੈਣਾ ਠੀਕ ਸਮਝਦਾ ਹੈ ਤਾਂ ਉਸ ਨੂੰ ਫਜ਼ੂਲ ਦੇ ਇਨਕਾਲਾਬੀ ਪੁਣੇ ਤੋਂ ਬਚਣਾ ਚਾਹੀਦਾ ਹੈ। ਜਿਹੋ ਜਿਹਾ ਸਮਾਜ ਹੈ ਉਹੋ ਜਿਹਾ ਹੀ ਮੰਨ ਕੇ ਆਪਣੇ ਨਜ਼ਰੀਏ ਨਾਲ ਜਿਸ ਨੂੰ ਉਹ ਸਨਮਾਨ ਸਮਝਦਾ ਹੈ, ਉਸ ਨੂੰ ਲੈ ਲੈਣਾ ਚਾਹੀਦਾ ਹੈ ਪਰ ਜੇ ਉਹ ਸਮਝਦਾ ਹੈ ਕਿ ਉਸ ਦੀ ਜਗ੍ਹਾ ਲੋਕਾਂ ਵਿਚਕਾਰ ਹੈ ਤਾਂ ਫਿਰ ਉਸ ਨੂੰ ਆਪਣੇ ਕਰਮ-ਧਰਮ ਅਨੁਸਾਰ ਉਹ ਦੂਜਾ ਰਾਹ ਅਪਾਉਣਾ ਚਾਹੀਦਾ ਹੈ ਜਿਸ ਦੀ ਵਕਾਲਤ ਸਾਡੇ ਸਭ ਤੋਂ ਵੱਡੇ ਗੱਦਕਾਰ ਨੇ ਵੀ ਕੀਤੀ ਸੀ ਅਤੇ ਸਭ ਤੋਂ ਵੱਡੇ ਕਵੀਨੇ ਵੀ। ਕੀ ਅਸੀਂ ਪ੍ਰੇਮਚੰਦ ਤੇ ਨਿਮਲਾ ਜੀ ਦੇ ਦਿਖਾਏ ਰਾਹ ’ਤੇ ਚੱਲਣਾ ਪਸੰਦ ਕਰਾਂਗੇ?

# ਨਿਆਂ ਸਬੰਧੀ ਨਾਪਤੋਲ ਕੀ ਹੋਵੇ?

ਪੰਜਾਬ-ਹਰਿਆਣਾ ਹਾਈਕੋਰਟ ਦੀਆਂ ਦੋ ਔਰਤ ਜੱਜ ਜਿਹਨਾਂ ਦੇ ਨਾਂ ਮਿਲਦੇ ਜੁਲਦੇ ਹਨ, ਕਟਿਹਰੇ 'ਚ ਸਨ। ਨਿਰਮਲਜੀਤ ਕੌਰ ਤੇ ਨਿਰਮਲ ਯਾਦਵ 15 ਲੱਖ ਰੁਪਏ ਦੀ ਰਿਸ਼ਵਤ ਦਾ ਮਾਮਲਾ 14 ਅਗਸਤ 2008 ਨੂੰ ਪੰਜਾਬ ਹਰਿਆਣਾ ਹਾਈਕੋਰਟ ਦੇ ਵਧੀਕ ਸੋਲੀਸਿਟਰ ਜਨਰਲ ਸੰਜੀਵ ਬਾਂਸਲ ਦੇ ਕਲਰਕ ਵੱਲੋਂ 15 ਲੱਖ ਦਾ ਪੈਕਟ ਜੱਜ ਨਿਰਮਲਜੀਤ ਕੌਰ ਦੇ ਸੈਕਟਰ 11 ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ 'ਤੇ ਦੇਸ਼ ਸੁਰੱਖਿਆ ਕਰਮੀਆਂ ਵਲੋਂ ਖੋਹਲ ਲੈਣਾ ਦੋਸ਼ੀਆਂ ਦਾ ਗ੍ਰਿਫ਼ਤਾਰ ਹੋਣਾ। ਦੋਨੋਂ ਔਰਤ ਜੱਜ ਕਟਹਿਰੇ 'ਚ ਹੋਣ ਦੇ ਬਾਵਜੂਦ ਆਪਣੇ ਆਪਣੇ ਪੱਖ 'ਚ ਦਲੀਲ ਦੇਣ ਤੋਂ ਪਿੱਛੇ ਨਹੀਂ ਰਹੀਆਂ। ਜਾਂਚ ਹਰ ਦ੍ਰਿਸ਼ਟੀ ਕੋਣ ਤੋਂ ਕਰਵਾਈ ਗਈ। ਪੰਜਾਬ ਇਟੈਲੀਜੈਂਸ ਬਿਓਰੋ ਤੇ ਸੀ. ਬੀ. ਆਈ. ਨੇ ਆਪਣੀ ਰਿਪੋਰਟ ਭਾਰਤ ਦੇ ਮੁੱਖ ਜਸਟਿਸ ਕੇ. ਜੀ. ਬਾਲਾਕ੍ਰਿਸ਼ਨਨ ਨੂੰ ਦੇ ਦਿੱਤੀ ਤਿੰਨ ਜੱਜਾਂ ਦੀ ਉਚ ਪੱਧਰੀ ਜਾਂਚ ਕਮੇਟੀ ਨੇ ਵੀ ਆਪਣੀ ਰਿਪੋਰਟ ਉਹਨਾਂ ਨੂੰ ਦੇ ਦਿੱਤੀ। ਬਾਲਾਕ੍ਰਿਸ਼ਨਨ ਰਿਪੋਰਟਾਂ ਤੋਂ ਸੰਤੁਸ਼ਟ ਹਨ ਕਿ 15 ਲੱਖ ਰੁਪਏ ਦਾ ਪੈਕਟ ਜਿਸ ਨੂੰ ਦਿੱਤਾ ਗਿਆ ਸੀ ਉਹ ਦੋਸ਼ੀ ਨਹੀਂ ਪਾਈ ਜਾ ਰਹੀ ਹੈ। ਜਾਂਚ ਕਰਤਾ ਦੇ ਸ਼ੱਕ ਦੀ ਸੂਈ ਘੁੰਮ ਗਈ ਨਿਰਮਲ ਯਾਦਵ ਵੱਲ। ਬਾਲਾਕ੍ਰਿਸ਼ਨਨ ਨੇ ਜੱਜ ਨਿਰਮਲ ਯਾਦਵ 'ਤੇ ਮੁਕੱਦਮਾ ਚਲਾਉਣ ਲਈ ਵੀ ਕਹਿ ਦਿੱਤਾ। ਪਰ ਮੁਕੱਦਮੇ ਲਈ ਉਸ ਨੂੰ ਜੱਜ ਦੀ ਕੁਰਸੀ ਤੋਂ ਹਟਾਉਣਾ ਜ਼ਰੂਰੀ ਹੈ। ਹਟਾਉਣ ਲਈ ਇਕ ਕਾਨੂੰਨ 'ਚ ਪ੍ਰੋਜਿਸਰ ਜਿਸ 'ਤੇ ਅਮਲ ਕੀਤੇ ਬਿਨਾਂ ਹਟਾਇਆ ਕਿਵੇਂ ਜਾਵੇ? ਕਿਸੇ ਵੀ ਜੱਜ ਨੂੰ ਹਟਾਉਣ ਲਈ ਸੰਸਦ ਤੇ ਰਾਸ਼ਟਰਪਤੀ ਤਕ ਦੀ ਆਗਿਆ ਲੈਣੀ ਚਾਹੀਦੀ ਹੈ। ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਵੀ ਸੰਕੇਤ ਦਿੱਤੇ ਹਨ ਕਿ ਜੱਜ ਨੂੰ ਹਟਾਉਣ ਦਾ ਕੇਸ ਪ੍ਰਧਾਨ ਮੰਤਰੀ ਤਕ ਜਾ ਸਕਦਾ ਹੈ। ਹੁਣ ਮਾਮਲਾ ਅਟਕ ਗਿਆ ਹੈ। ਸਰਕਾਰ ਤੇ ਨਿਆਂਪਾਲਿਕਾ ਵਿਚਕਾਰੀ ਸਰਕਾਰ ਭ੍ਰਿਸ਼ਟ ਔਰਤ ਜੱਜ ਨੂੰ ਹਟਾਉਣਾ ਨਹੀਂ ਚਾਹੁੰਦੀ ਅਤੇ ਸਬੂਤਾਂ ਦੀ ਘਾਟ ਦਾ ਬਹਾਨਾ ਲੈ ਕੇ ਮਾਮਲੇ ਨੂੰ ਬੰਦ ਕਰ ਦੇਣਾ ਚਾਹੁੰਦੀ ਹੈ। ਪਰ ਚੀਫ ਜਸਟਿਸ ਸਮੇਤ ਜਾਂਚ ਕਮੇਟੀ ਦੇ ਸਾਰੇ ਜੱਜ ਇਸ ਔਰਤ ਜੱਜ ਨੂੰ ਹਟਾਉਣਾ ਚਾਹੁੰਦੇ ਹਨ। ਇਕ ਪਾਸੇ ਸਰਕਾਰ ਹੈ ਦੂਜੇ ਪਾਸੇ ਬਾਲਾਕ੍ਰਿਸ਼ਨਨ ਤੇ ਸਮੁੱਚੀ ਨਿਆਂਪਾਲਿਕਾ ਨਿਰਮਲ ਯਾਦਵ ਦੋਸ਼ੀ ਕਿਵੇਂ ਪਾਈ ਗਈ? ਉਹਨਾਂ ਦਾ ਆਪਣੀ ਸਫਾਈ 'ਚ ਕੀ ਕਹਿਣਾ ਹੈ? ਪੂਰੇ ਮਾਮਲੇ ਨੂੰ ਦੇਖਣ ਤੋਂ ਪਤਾ ਲੱਗਿਆ ਕਿ 14 ਅਗਸਤ ਦੀ ਸ਼ਾਮ ਨੂੰ ਜਦ 15 ਲੱਖ ਰੁਪਏ ਨਿਰਮਲਜੀਤ ਕੌਰ ਦੇ ਘਰ ਦਿੱਤੇ ਗਏ ਸਨ ਤਾਂ ਦੇਣ ਵਾਲੇ ਸੰਜੀਵ ਬਾਂਸਲ ਦੇ ਕਲਰਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸੰਜੀਵ ਬਾਂਸਲ ਵੀ ਗ੍ਰਿਫ਼ਤਾਰ ਹੋਏ। ਤਦ ਇਕ ਹੋਰ ਵਿਅਕਤੀ ਰਵਿੰਦਰ ਕੁਮਾਰ ਦਾ ਨਾਂ ਵੀ ਆਇਆ ਅਤੇ ਉਹ ਵੀ ਗ੍ਰਿਫ਼ਤਾਰ ਹੋਇਆ। ਤਿੰਨਾਂ ਦੀਆ ਜਮਾਨਤਾਂ ਹੋਈਆਂ। ਸੰਜੀਵ ਬਾਂਸਲ ਨੇ ਦੱਸਿਆ ਸੀ ਕਿ 15 ਲੱਖ ਰੁਪਏ ਜੋ ਦਿੱਤਾ ਗਿਆ ਸੀ। ਉਹ ਦਿੱਲੀ ਦੇ ਹੋਟਲ ਮਾਲਿਕ ਰਵਿੰਦਰ ਕੁਮਾਰ ਦਾ ਹੈ ਅਤੇ ਰਵਿੰਦਰ ਦੇ ਸਬੰਧ ਨਿਕਲੇ ਨਿਰਮਲ ਯਾਦਵ ਨਾਲ ਨਾ ਕਿ ਨਿਰਮਲਜੀਤ ਕੌਰ ਨਾਲ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਇਆਂ ਭਾਰਤ ਦੇ ਚੀਫ ਜਸਟਿਸ ਕੇ. ਜੀ.

ਬਾਲਾਕ੍ਰਿਸ਼ਨਨ ਨੇ ਸੀ. ਬੀ. ਆਈ. ਅਤੇ ਵਿਜੀਲੈਂਸ ਤੋਂ ਇਲਾਵਾ ਤਿੰਨ ਜੱਜਾਂ ਦੀ ਇਕ ਜਾਂਚ ਕਮੇਟੀ ਹੋਰ ਬਣਾ ਦਿੱਤੀ ਅਤੇ ਜਾਂਚ ਕਮੇਟੀ ਨੂੰ ਨਿਰਪੱਖ ਜਾਂਚ ਦੇ ਆਦੇਸ਼ ਦਿੱਤੇ। ਜਾਂਚ ਕਮੇਟੀ 'ਚ ਬੈਠੇ ਇਲਾਹਾਬਾਦ ਹਾਈਕੋਰਟ ਦੇ ਚੀਫ ਜਸਟਿਸ ਐਚ. ਐਲ. ਗੋਖਲੇ ਗੁਜਰਾਤ ਦੇ ਚੀਫ ਜਸਟਿਸ ਕੇ. ਐਸ. ਰਾਧਾਕ੍ਰਿਸ਼ਨਨ ਅਤੇ ਦਿੱਲੀ ਹਾਈਕੋਰਟ ਦੇ ਜੱਜ ਮਦਨ ਬੀ ਲੋਕੁਰ। ਤਿੰਨੇ ਜੱਜਾਂ ਨੂੰ ਜਾਂਚ ਕੀਤੀ। ਦੋਨੋਂ ਔਰਤ ਜੱਜਾਂ ਤੋਂ ਪੁੱਛਗਿੱਛ ਕੀਤੀ ਗਈ। ਦਿੱਲੀ ਦੇ ਹੋਟਲ ਮਾਲਿਕ ਰਵਿੰਦਰ ਕੁਮਾਰ ਦੇ ਸਬੰਧ ਨਿਰਮਲ ਯਾਦਵ ਨਾ ਮਿਲੇ ਨਾ ਕਿ ਨਿਰਮਲਜੀਤ ਕੌਰ ਨਾਲ ਜਾਂਚ ਕਮੇਟੀ ਨੇ ਰਿਪੋਰਟ 'ਚ ਕਿਹਾ ਹੈ ਕਿ ਨਿਰਮਲ ਯਾਦਵ ਨੇ ਹਿਮਾਚਲ ਪ੍ਰਦੇਸ਼ 'ਚ ਰਵਿੰਦਰ ਕੁਮਾਰ ਦੇ ਨਾਲ ਮਿਲ ਕੇ ਜ਼ਮੀਨ ਖਰੀਦੀ ਹੈ। ਉਸ ਵਿੱਚ ਨਿਰਮਲ ਯਾਦਵ ਨੇ ਆਪਣੀ ਜੱਜ ਹੋਣ ਦੀ ਪੁਜ਼ੀਸਨ ਦਾ ਲਾਭ ਵੀ ਉਠਾਇਆ। ਹਿਮਾਲਚ ਪ੍ਰਦੇਸ਼ 'ਚ ਬਾਹਰੀ ਵਿਅਕਤੀ ਨੂੰ ਜਾਂ ਗੈਰ ਕਿਸਾਨ ਨੂੰ ਖੇਤੀ ਯੋਗ ਜਮੀਨ ਖਰੀਦਣ ਦਾ ਅਧਿਕਾਰ ਨਹੀਂ ਹੈ। ਇਥੇ ਜੱਜ ਨਿਰਮਲ ਯਾਦਵ ਨੇ ਆਪਣਾ ਅਸਰ ਵਿਖਾ ਕੇ ਆਪਣੇ ਪਰਿਵਾਰ ਦੇ ਅਤੇ ਦਿੱਲੀ ਦੇ ਹੋਟਲ ਮਾਲਿਕ ਰਵਿੰਦਰ ਕੁਮਾਰ ਦੇ ਫਰਜੀ ਪਤਿਆਂ ਨੂੰ ਵਿਖਾਇਆ ਹੈ ਤੇ ਉਹਨਾਂ ਪਤਿਆਂ ਦੀ ਪੁਸ਼ਟੀ ਵੀ ਨਹੀਂ ਕਰਵਾਈ ਗਈ। ਨਿਰਮਲ ਯਾਦਵ ਅਤੇ ਉਸ ਦੇ ਪਤੀ ਦੇ ਨਾਲ ਰਵਿੰਦਰ ਦੇ ਗਹਿਰੇ ਸਬੰਧ ਦੱਸੇ ਗਏ ਹਨ। ਦੋਨਾਂ ਵਿਚਕਾਰ ਦੋ ਇੰਟਰੀਆਂ ਵੀ ਮਿਲੀਆਂ ਹਨ। ਇਕ 5-12 ਲੱਖ ਅਤੇ ਦੂਜੀ 40 ਹਜ਼ਾਰ ਦੀ ਹੈ। ਦੋਹਾਂ ਨੇ ਮੰਨਿਆ ਹੈ ਕਿ ਜਾਂਚ ਕਮੇਟੀ ਨੇ ਆਪਣੀ ਰਿਪੋਰਟ 5 ਦਸੰਬਰ 2008 ਨੂੰ ਹੀ ਦੇ ਦਿੱਤੀ ਸੀ ਅਤੇ 25 ਦਸੰਬਰ 2008 ਨੂੰ ਭਾਰਤ ਦੇ ਚੀਫ ਜਸਟਿਸ ਨੇ ਨਿਰਮਲ ਯਾਦਵ ਤੇ ਮੁੱਕਦਮਾ ਚਲਾਉਣ ਦੀ ਮਨਜੂਰੀ ਵੀ ਦੇ ਦਿੱਤੀ ਪਰ ਉਹ ਜੱਜ ਅਜੇ ਤਕ ਹਟਾਈ ਨਹੀਂ ਗਈ ਕਿਉਂਕਿ ਸਰਕਾਰ ਉਸ ਨੂੰ ਹਟਾਉਣਾ ਨਹੀਂ ਚਾਹੁੰਦੀ। ਜਾਂਚ ਏਜੰਸੀਆਂ ਨੇ ਪੰਜਾਬ ਸਰਕਾਰ ਤੋਂ ਉਹਨਾਂ 'ਤੇ ਮੁਕੱਦਮਾ ਚਲਾਉਣ ਦੀ ਆਗਿਆ ਮੰਗੀ ਤਾਂ 22 ਮਾਰਚ 2009 ਨੂੰ ਪੰਜਾਬ ਸਰਕਾਰ ਨੇ ਇਹ ਕਹਿ ਕੇ ਫਾਇਲ ਬੰਦ ਕਰ ਦਿੱਤੀ ਕਿ ਜੋ ਸਬੂਤ ਜਾਂਚ ਏਜੰਸੀਆਂ ਨੇ ਇਕੱਠੇ ਕੀਤੇ ਹਨ, ਉਹ ਨਾਕਾਫੀ ਹਨ। ਇਹ ਟਿੱਪਣੀ ਚੀਫ ਜਸਟਿਸ ਕੇ. ਜੀ. ਬਾਲਾਕ੍ਰਿਸ਼ਨਨ ਦੀ ਉਸ ਟਿੱਪਣੀ ਵਿਰੁੱਧ ਹੈ ਜੋ ਉਹਨਾਂ ਨੇ 25 ਦਸੰਬਰ 2008 ਨੂੰ ਨਿਰਮਲ ਯਾਦਵ ਬਾਰੇ ਸੀ ਕਿ ਜੱਜ ਨਿਰਮਲ ਯਾਦਵ ਨੂੰ ਹਟਾਉਣ ਦੀ ਕਾਰਵਾਈ ਹੋਣੀ ਚਾਹੀਦੀ ਹੈ। ਕਿਉਂਕਿ ਉਹਨਾਂ ਖਿਲਾਫ ਲੋੜੀਂਦੇ ਸਬੂਤ ਹਨ। ਜੱਜ 'ਤੇ ਮੁਕੱਦਮਾ ਚਲਾਉਣ ਲਈ ਉਸ ਨੂੰ ਕੁਰਸੀ ਤੋਂ ਲਾਹੁਣਾ ਜ਼ਰੂਰੀ ਹੈ। ਦਿੱਲੀ ਹਾਈਕੋਰਟ ਦੇ ਜੱਜ ਨੂੰ ਭ੍ਰਿਸ਼ਟਾਚਾਰ ਨੂੰ ਡੁੱਬਿਆ ਪਾਏ ਜਾਣ ਪਿੱਛੋਂ ਜੇਲ੍ਹ ਭੇਜਿਆ ਗਿਆ। ਉਹਨਾਂ ਨੂੰ ਜਮਾਨਤ ਕਰਵਾਉਣੀ ਪਈ। ਪਰ ਸਰਕਾਰ ਨੂੰ ਉਹਨਾਂ ਨੂੰ ਪਹਿਲਾਂ ਹਟਾਉਣਾ ਪਿਆ। ਉਹਨਾਂ ਦਾ ਕਸੂਰ ਏਨਾ ਸੀ ਕਿ ਉਹਨਾਂ ਨੇ ਆਪਣਾ ਫੈਸਲੇ ਬਾਹਰ ਟਾਈਪ ਕਰਾਉਣ ਲਈ ਇਕ ਧਿਰ ਨੂੰ ਹੀ ਦੇ ਦਿੱਤਾ ਸੀ। ਹੁਣ ਇਹ ਦੇਖਣਾ ਹੈ ਕਿ ਕੀ ਸਰਕਾਰ ਨਿਰਮਲ ਯਾਦਵ ਨੂੰ ਜੱਜਾਂ ਦੀ ਮਰਜ਼ੀ ਦੇ ਅਨੁਸਾਰ ਹਟਾ ਸਕੇਗੀ ਜਾਂ ਨਹੀਂ।

# ਕੀ ਨੇਪਾਲ ਭਾਰਤੀ ਸ਼ਿਕੰਜੇ ਤੋਂ ਕਦੇ ਬਾਹਰ ਆਊ?

ਭਾਰਤੀ ਹਾਕਮ ਜਮਾਤ ਦਾ ਅਪਾਣੇ ਗੁਆਂਢੀ ਦੇਸ਼ ਨੇਪਾਲ 'ਚ ਸੁਆਰਥ ਸਪੱਸ਼ਟ ਹੈ। ਇਹ ਇਕ ਵਾਰੀ ਫਿਰ ਤੋਂ ਨੇਪਾਲ ਦੇ ਪ੍ਰਧਾਨ ਮੰਤਰੀ ਮਾਧਵ ਕੁਮਾਰ ਦੀ ਭਾਰਤ ਯਾਤਰਾ ਤੋਂ ਜਾਹਰ ਹੋ ਗਿਆ ਹੈ। ਹਾਲਾਂਕਿ ਭਾਰਤ ਸਰਕਾਰ ਇਸ ਗੱਲ 'ਤੇ ਸਹਿਮਤ ਹੋ ਗਈ ਹੈ ਕਿ ਭਾਰਤ ਨੇਪਾਲ ਦੀ ਸ਼ਾਂਤੀ ਤੇ ਦੋਸਤੀ ਸੰਧੀ ਦਾ ਪੁਨਰ ਨਿਰੀਖਣ ਕੀਤਾ ਜਾਵੇਗਾ। ਇਹ ਸੰਧੀ 1950 'ਚ ਹੋਈ ਸੀ ਤੇ ਇਸ ਸੰਧੀ ਨੂੰ ਰੱਦ ਕਰਨ ਦੀ ਮੰਗ ਨੇਪਾਲ ਦੇ ਰਾਜਸੀ ਹਲਕਿਆਂ 'ਚ ਸਮੇਂ-ਸਮੇਂ 'ਤੇ ਹੁੰਦੀ ਰਹੀ ਹੈ। ਇਸ ਸੰਧੀ ਦੇ ਤਹਿਤ ਭਾਰਤ ਸਰਕਾਰ ਦਾ ਨੇਪਾਲ ਦੇ ਅੰਦਰੂਨੀ ਮਾਮਲਿਆਂ 'ਚ ਵਿਆਪਕ ਪ੍ਰਭਾਵ ਰਿਹਾ ਹੈ। ਨੇਪਾਲ ਅੰਦਰ ਇਸ ਸੰਧੀ ਨੂੰ ਨੇਪਾਲ ਦੀ ਪ੍ਰਭੂਸੱਤਾ 'ਚ ਦਾਖਲ ਮੰਨਿਆ ਜਾਂਦਾ ਹੈ। ਅਤੇ ਮੰਨਿਆ ਵੀ ਕਿਉਂ ਨਾ ਜਾਏ? 1950 'ਚ ਹੀ ਜਵਾਹਰ ਲਾਲ ਨਹਿਰੂ ਨੇ ਭਾਰਤੀ ਸੰਸਦ 'ਚ ਕਿਹਾ ਸੀ ਕਿ "ਪ੍ਰਚੀਨ ਸਮੇਂ ਤੋਂ ਹੀ ਭਾਰਤ ਕੋਲ ਸ਼ਾਨਦਾਰ ਸੀਮਾ ਹਿਮਾਲਿਆ ਦੀ ਰਹੀ ਹੈ। ਭਾਰਤ ਲਈ ਮੁੱਖ ਅੜਿੱਕਾ ਨੇਪਾਲ ਦੇ ਦੂਜੇ ਪਾਸੇ ਤੋਂ ਹੈ ਅਤੇ ਅਸੀਂ ਉਸ ਅੜਿੱਕੇ ਨੂੰ ਪਾਰ ਕਰਕੇ ਜਾਣ ਵਾਲੇ ਕਿਸੇ ਸਖਸ਼ ਨੂੰ ਬਰਦਾਸ਼ਿਤ ਨਹੀਂ ਕਰ ਸਕਦੇ।" ਉਹਨਾਂ ਨੇ 1954 'ਚ ਇਸ ਗੱਲ ਨੂੰ ਫਿਰ ਦੁਹਰਾਇਆ ਕਿ "ਨੇਪਾਲੀ ਸਰਕਾਰ ਦੀ ਵਿਦੇਸ਼ ਨੀਤੀ ਦਾ ਭਾਰਤ ਦੀ ਵਿਦੇਸ਼ਾਂ ਨੀਤੀ ਨਾਲ ਤਾਲਮੇਲ ਹੋਣਾ ਚਾਹੀਦਾ ਹੈ।" ਤਦ ਤੋਂ ਲੈ ਕੇ ਅਜ ਤਕ ਭਾਰਤ ਸਰਕਾਰ ਇਸੇ ਤਾਲਮੇਲ ਨੂੰ ਕਾਇਮ ਕਰਨ ਲਈ ਦਬਾਅ ਬਣਾਉਂਦੀ ਰਹੀ ਹੈ। 1972 'ਚ ਨੇਪਾਲ ਦੀ ਉਸ ਸਮੇਂ ਦੀ ਸ਼ਾਹੀ ਸੱਤਾ ਨੇ ਉਸ ਨੂੰ 'ਸ਼ਾਂਤੀ ਖੇਤਰ' ਐਲਾਨਣ ਲਈ ਕੌਮਾਂਤਰੀ ਮਦਦ ਜਟਾਉਣ ਦੀ ਕੋਸ਼ਿਸ਼ ਕੀਤੀ ਸੀ। ਦੁਨੀਆਂ ਦੇ 100 ਤੋਂ ਵੱਧ ਲੋਕਾਂ ਨੇ ਦੇਸ਼ਾਂ ਨੂੰ ਉਸ ਦੀ ਹਮਾਇਤ ਕੀਤੀ ਸੀ। ਪਰ ਭਾਰਤ ਨੇ ਨਹੀਂ ਕੀਤੀ ਸੀ। ਨੇਪਾਲ 'ਚ ਭਾਰਤ ਦੇ ਸਾਬਕਾ ਰਾਜਦੂਤ ਕੇ. ਵੀ. ਰਾਜਨ ਨੇ 'ਸ਼ਾਂਤੀ ਖੇਤਰ' ਐਲਾਨ ਕਰਨ ਦੇ ਪ੍ਰਸਤਾਵ ਨੂੰ "1950 ਦੀ ਸੰਧੀ ਦੇ ਤਹਿਤ ਆਉਣ ਵਾਲੇ ਭਾਰਤ ਪ੍ਰਤੀ ਨੇਪਾਲ ਦੇ ਸੁਰੱਖਿਆ ਫਰਜ਼ਾਂ ਨੂੰ ਦਫਨਾਉਣ ਦੀ ਛੁਪੀ ਕੋਸ਼ਿਸ਼ ਕਿਹਾ ਸੀ। 1988 'ਚ ਜਦ ਨੇਪਾਲ ਨੇ ਚੀਨ ਤੋਂ ਕੁਝ ਹਥਿਆਰ ਖਰੀਦੇ ਤਾਂ ਭਾਰਤ ਸਰਕਾਰ ਨੇ ਉਸਨੂੰ 'ਉਕਸਾਵੇ ਭਰੀ ਕਾਰਵਾਈ' ਕਿਹਾ ਅਤੇ 1950 ਦੀ ਸੰਧੀ ਦਾ ਉਲੰਘਣ ਕਰਾਰ ਦਿੱਤਾ। ਦੋ ਦੇਸ਼ਾਂ ਵਿਚਕਾਰ ਵਪਾਰ ਅਤੇ ਨਿਕਾਸੀ ਸੰਧੀ 'ਚ ਦੇਰੀ ਕਰਨ ਦੇ ਨਾਲ ਨਾਲ ਬਦਲੇ ਦੀ ਕਾਰਵਾਈ ਵਜੋਂ ਨੇਪਾਲ ਨੂੰ ਜਾਣ ਵਾਲੀਆਂ ਵਸਤਾਂ 'ਤੇ ਭਾਰਤ ਨੇ ਪਾਬੰਦੀ ਲਾ ਦਿੱਤੀ। ਇਸ ਤਰ੍ਹਾਂ ਅਸੀਂ ਵੇਖ ਸਕਦੇ ਹਾਂ ਕਿ ਮਾਓਵਾਦੀ ਪਾਰਟੀ ਦੇ ਆਉਣ ਤੋਂ ਪਹਿਲਾਂ ਨੇਪਾਲ ਸਰਕਾਰ ਤੇ ਭਾਰਤ ਸਰਕਾਰ ਲਗਾਤਾਰ ਦਬਾਅ ਬਣਾਈ ਰੱਖਦੀ ਰਹੀ ਹੈ। ਨਾ ਸਿਰਫ ਨੇਪਾਲ ਬਲਕਿ ਦੱਖਣ ਏਸ਼ੀਆ ਦੇ ਹੋਰ ਛੋਟੇ ਗੁਆਂਢੀ ਦੇਸ਼ਾਂ ਪ੍ਰਤੀ ਭਾਰਤੀ ਹਾਕਮ ਜਮਾਤ ਦਾ ਰਵੱਈਆ ਹਾਕਮਾ ਵਾਲਾ ਰਿਹਾ ਹੈ। ਅਜੇ ਪਿੱਛੇ ਜਿਹੇ ਹੀ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਵੱਲੋਂ ਸੰਵਿਧਾਨ ਸਭਾ 'ਚ ਸਭ ਤੋਂ ਵੱਡੀ ਪਾਰਟੀ ਉਭਰਨ ਪਿੱਛੋਂ ਭਾਰਤ ਸਰਕਾਰ ਦੀ ਨੇਪਾਲ 'ਚ ਦਖ਼ਲਅੰਦਾਜ਼ੀ ਹੋਰ ਜ਼ਿਆਦਾ ਵਧ ਰਹੀ ਹੈ ਨੇਪਾਲ ਦੇ ਫੌਜੀ ਮੁਖੀ ਨੂੰ ਉਕਸਾਉਣ

ਭਾਰਤ ਸਰਕਾਰ ਦੀ ਭੂਮਿਕਾ ਦੱਸੀ ਜਾਂਦੀ ਹੈ। ਪ੍ਰਧਾਨ ਮੰਤਰੀ ਦੇ ਹੁਕਮ ਦੀ ਉਲੰਘਣਾ ਕਰਕੇ ਨੇਪਾਲ ਫੌਜ ਮੁਖੀ ਨੇ ਜੋ ਭੂਮਿਕਾ ਨਿਭਾਈ। ਉਹ ਕਿਸੇ ਹੋਰ ਦੇਸ਼ ਜਾਂ ਭਾਰਤ 'ਚ ਕੋਈ ਫੌਜ ਮੁੱਖੀ ਅਜਿਹਾ ਕਰਦਾ ਤਾਂ ਭਾਰਤੀ ਹਾਕਮ ਜਮਾਤ ਉਸ ਨੂੰ ਹਾਕਮ ਜਮਾਤ ਕਦੇ ਬਰਦਾਸ਼ਿਤ ਨਾ ਕਰਦੀ ਅਤੇ ਇਸ ਨੂੰ ਲੋਕਤੰਤਰ ਦੀ ਹੱਤਿਆ ਐਲਾਨਿਆ ਜਾਂਦਾ। ਪਰ ਨੇਪਾਲ ਵਿਚ ਇਸ ਨੇ ਇਸ ਨੂੰ ਅੰਜਾਮ ਦੇਣ 'ਚ ਭੂਮਿਕਾ ਨਿਭਾਈ। ਹੁਣ ਭਾਰਤੀ ਹਾਕਮ ਜਮਾਤ ਦੇ ਬੁੱਧੀਜੀਵੀ ਪੱਤਰਕਾਰ ਤੇ ਮਾਹਰ ਇਹ ਕਹਿ ਰਹੇ ਹਨ ਕਿ ਭਾਰਤ ਸਰਕਾਰ ਨੂੰ ਨੇਪਾਲ 'ਚ ਕਿਸੇ ਤਰ੍ਹਾਂ ਮਾਓਵਾਦੀਆਂ ਨੂੰ ਸੱਤਾ ਤੋਂ ਬਾਹਰ ਰੱਖਣ ਵਿਚ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਦੂਸਰੇ ਉਹ ਇਹ ਵੀ ਕਹਿ ਰਹੇ ਹਨ ਕਿ ਭਾਰਤ ਸਰਕਾਰ ਨੂੰ ਨੇਪਾਲ 'ਚ ਕਿਸੇ ਤਰ੍ਹਾਂ ਮਾਓਵਾਦੀਆਂ ਨੂੰ ਸੱਤਾ ਤੋਂ ਬਾਹਰ ਰੱਖਣ ਵਿੱਚ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਦੂਸਰੇ ਉਹ ਇਹ ਵੀ ਕਹਿ ਰਹੇ ਹਨ ਕਿ ਨੇਪਾਲੀ ਸੈਨਾ ਦੀ "ਪੇਸ਼ੇਵਰ ਕਿਰਦਾਰ" ਬਣਾਈ ਰੱਖਣ ਲਈ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੀ ਲੋਕ ਫੌਜ ਨੂੰ ਨੇਪਾਲੀ ਫੌਜ 'ਚ ਕਿਸੇ ਵੀ ਕੀਮਤ 'ਤੇ ਸ਼ਾਮਲ ਨਹੀਂ ਕਰਨਾ ਚਾਹੀਦਾ।

ਇਸ ਲੋਕ ਸੰਘਰਸ਼ ਦੌਰਾਨ ਸ਼ਾਮਲ ਪਾਰਟੀਆਂ ਵਿਚ ਹੋਇਆ ਸਮਝੌਤਾ ਸੀ। ਭਾਰਤ ਹਾਕਮ ਜਮਾਤ ਨੇਪਾਲ ਦੀਆਂ ਹੋਰ ਪੂੰਜੀਵਾਦੀਆਂ ਪਾਰਟੀਆਂ ਨੂੰ ਸ਼ਹਿ ਤੇ ਮਦਦ ਦੇ ਕੇ ਇਸ ਅਮਲ ਨੂੰ ਪੂਰਾ ਕਰਨ ਵਿੱਚ ਅੜਿੱਕਾ ਪਹੁੰਚਾ ਰਿਹਾ ਹੈ। ਇਸ ਦੇ ਬੁੱਧੀ ਜੀਵੀ। ਪੱਤਰਕਾਰ ਲੇਖਕ ਮਾਹਰ ਆਦਿ ਲਗਾਤਾਰ ਸੈਨਾ ਦੇ "ਪੇਸ਼ਾਵਰ ਕਿਰਦਾਰ" ਦੇ ਨਾਂ 'ਤੇ ਹੋਰ ਪਾਰਟੀਆਂ ਨੂੰ ਸਮਝੌਤਾ ਤੋੜਨ ਲਈ ਪ੍ਰੇਰਿਤ ਕਰ ਰਹੇ ਹਨ। ਆਪਣੀ ਪੰਜ ਦਿਨਾ ਸਰਕਾਰੀ ਫੇਰੀ ਦੌਰਾਨ ਨੇਪਾਲੀ ਪ੍ਰਧਾਨ ਮੰਤਰੀ ਨੇ ਭਾਰਤ ਸਰਕਾਰ ਨੂੰ ਇਹ ਵਿਸਵਾਸ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਨੇਪਾਲ ਦੀ ਫੌਜ ਦਾ ਪੇਸ਼ਾਵਾਰਾਨਾ ਕਿਰਦਾਰ ਬਰਦਰਾਰ ਰੱਖੇ ਸੀ। ਨੇਪਾਲ ਦੇ ਪ੍ਰਧਾਨ ਮੰਤਰੀ ਨੇ ਭਾਰਤ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਕਿ ਉਹਨਾਂ ਦੀ ਸਰਕਾਰ ਦੀ ਮਾਨਤਾ 'ਚ ਭਾਰਤ ਸਰਕਾਰ ਕਿਸੇ ਤਰ੍ਹਾਂ ਕੋਈ ਮਦਦ ਨਾ ਕਰੇ॥ ਇਹ ਜਾਣੀ ਹੋਈ ਗੱਲ ਹੈ ਕਿ ਨੇਪਾਲ 'ਚ ਭਾਰਤੀ ਹਾਕਮਾਂ ਦੇ ਹਿੱਤਾਂ ਦੇ ਨਾਲ ਅਪਣਾ ਜਾਂ ਨੇਪਾਲ ਦਾ ਹਿੱਤ ਨੱਥੀ ਕਰਨ ਵਾਲੀ ਪਾਰਟੀ ਨੇਪਾਲੀ ਕਾਂਗਰਸ ਹੈ। ਨੇਪਾਲੀ ਕਾਂਗਰਸ ਅਤੇ ਮਾਧਵ ਕੁਮਾਰ ਨੇਪਾਲ ਦੀ ਪਾਰਟੀ ਸੀ. ਪੀ. ਐਨ (ਯੂ. ਐਮ. ਐਲ) 'ਚ ਮਤਭੇਦ ਹਨ ਖੁਦ ਮਾਧਵ ਕੁਮਾਰ ਨੇਪਾਲ ਦੀ ਪਾਰਟੀ ਵੰਡੀ ਹੋਈ ਹੈ। ਅਜਿਹੇ 'ਚ ਨੇਪਾਲੀ ਕਮਿਊਨਿਸਟ ਪਾਰਟੀ (ਏਕੀਕ੍ਰਿਤ ਮਾਓਵਾਦੀ) ਨੂੰ ਕਿਨਾਰੇ ਲਾਉਣ ਦੀ ਕੋਸ਼ਿਸ਼ਾਂ ਅਜੇ ਕੰਮ ਨਹੀਂ ਕਰ ਰਹੀਆਂ ਹਨ। ਭਾਰਤੀ ਹਾਕਮ ਜਮਾਤ ਨੇਪਾਲ ਅੰਦਰ ਆਪਣਾ ਦਾਖਲ ਜਾਰੀ ਰੱਖ ਰਹੀ ਹੈ। ਇਕ ਪਾਸੇ ਤਾਂ ਭਾਰਤੀ ਹਾਕਮ ਜਮਾਤ ਨੂੰ ਚੀਨ ਦੇ ਵਧਦੇ ਪ੍ਰਭਾਵ ਤੋਂ ਚਿੰਤਾ ਹੋ ਰਹੀ ਹੈ। ਦੂਜੇ ਪਾਸੇ ਭਾਰਤੀ ਪੂੰਜੀਪਤੀਆਂ ਦਾ ਨੇਪਾਲ ਅੰਦਰ ਨਿਵੇਸ਼ ਕਿਸੇ ਵੀ ਦੇਸ਼ ਦੀ ਤੁਲਨਾ 'ਚ ਬਹੁਤ ਜ਼ਿਆਦਾ ਹੈ। ਅਜਿਹੀ ਸਥਿਤੀ ਵਿੱਚ ਭਾਰਤੀ ਹਾਕਮ ਜਮਾਤ ਕਿਸੇ ਵੀ ਹਾਲਤ 'ਚ ਨੇਪਾਲ 'ਤੇ ਆਪਣੇ ਸ਼ਿਕੰਜੇ ਨੂੰ ਢਿੱਲਾ ਕਰਨਾ ਨਹੀਂ ਚਾਹੇਗੀ। ਅੱਜ ਜੇ 1950 ਦੀ ਸੰਧੀ ਤੇ ਹੋਰ ਸੰਧੀਆਂ ਲਈ ਭਾਰਤੀ ਹਾਕਮ ਜਮਾਤ ਰਾਜੀ ਹੋ ਰਿਹਾ ਹੈ ਤਾਂ ਇਹ ਉਸ ਦੀ ਇੱਛਾ ਦੀ ਗੱਲ ਨਹੀਂ ਹੈ ਇਹ ਉਸ ਦੀ ਮਜ਼ਬੂਰੀ ਹੈ। ਨੇਪਾਲ ਅੰਦਰ ਨਵੀਆਂ ਤਾਕਤਾਂ ਪੈਦਾ ਹੋ ਰਹੀਆਂ ਹਨ ਅਤੇ ਉਹ ਤਾਕਤਵਾਰ

ਹੋ ਕੇ ਉਭਰ ਰਹੀਆਂ ਹਨ। ਇਹਨਾਂ ਨਵੀਆਂ ਤਾਕਤਾਂ ਦੀ ਨੁਮਾਇੰਦਗੀ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਕਰ ਰਹੀ ਹੈ। ਇਸ ਤਾਕਤ ਨੂੰ ਨਜ਼ਰਅੰਦਾਜ਼ ਕਰਨਾ ਭਾਰਤੀ ਹਾਕਮ ਜਮਾਤ ਲਈ ਸੰਭਵ ਨਹੀਂ ਰਹਿ ਗਿਆ ਹੈ। ਇਸ ਲਈ ਇਹ ਪੈਂਤਰਾ ਬਦਲ ਰਿਹਾ ਹੈ। ਇਕ ਪਾਸੇ ਉਹ ਮਾਓਵਾਦੀਆਂ ਨੂੰ ਸੱਤਾ ਤੋਂ ਬਾਹਰ ਰੱਖਣ 'ਚ ਪੂਰੀ ਮਦਦ ਕਰ ਰਿਹਾ ਹੈ ਅਤੇ ਦੂਜੇ ਪਾਸੇ ਵਪਾਰ ਵਧਾਉਣ ਅਤੇ ਨੇਪਾਲੀ ਹਾਕਮ ਜਮਾਤ ਨੂੰ ਹੋਰ ਸਹੂਲਤਾਂ ਮੁਹੱਈਆ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਕੀ ਇਹ ਇਸ 'ਚ ਸਫਲ ਹੋ ਸਕੇਗਾ? ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਇਸ ਵਿਰੁੱਧ ਵਿਆਪਕ ਮੇਹਨਤਕਸ਼ ਜਨਤਾ ਨੂੰ ਕਿਸ ਹੱਦ ਤਕ ਸੁਚੇਤ ਜਥੇਬੰਦ ਅਤੇ ਸੰਘਰਸ਼ ਲਈ ਉਤਰ ਸਕੇਗੀ

# ਖੇਤੀ 'ਤੇ ਬਸਤੀਵਾਦੀ ਖਤਰਾ ਕਿਵੇਂ?

ਮੌਜੂਦਾ ਵਿਸ਼ਵੀ ਖਾਦ ਸੰਕਟ ਦੇ ਦੌਰ ਵਿੱਚ ਜਦ ਖਾਦ ਪਦਾਰਥਾਂ ਦੀ ਕੀਮਤਾਂ 'ਚ ਤੇਜ਼ ਉਛਾਲ ਆਇਆ ਹੋਇਆ ਹੈ ਤਾਂ ਬਹੁਤ ਹੀ ਬਹੁਕੌਮੀ ਕੰਪਨੀਆਂ ਅਤੇ ਦੇਸ਼ਾਂ ਨੇ ਗਰੀਬ ਦੇਸ਼ਾਂ ਖਾਸ ਕਰਕੇ ਏਸ਼ੀਆ ਅਫਰੀਕਾ ਤੇ ਲਤੀਨੀ ਅਮਰੀਕੀ ਮੁਲਕਾਂ 'ਚ ਵੱਡੇ ਵੱਡੇ ਖੇਤੀ ਫਾਰਮ ਜਾਂ ਵੱਡੇ ਪੈਮਾਨੇ 'ਤੇ ਖੇਤੀ ਭੋਇੰ ਖਰੀਦਣੀ ਜਾਂ ਲੀਜ਼ 'ਤੇ ਲੈਣੀ ਸ਼ੁਰੂ ਕਰ ਦਿੱਤੀ ਹੈ। ਇਹ ਬਹੁਕੌਮੀ ਕੰਪਨੀਆਂ ਤੇ ਦੇਸ਼ ਖੇਤੀ 'ਚ ਨਿਵੇਸ਼ 'ਤੇ ਮੁਨਾਫੇ ਨਿਸ਼ਚਤ ਤੇ ਉੱਚੇ ਰਹਿਣ ਦੀ ਸੰਭਾਵਨਾ ਨੂੰ ਵੇਖ ਰਹੇ ਹਨ। ਇਸ ਲਈ ਵੱਡੇ ਪੈਮਾਨੇ 'ਤੇ ਤੀਜੀ ਦੁਨੀਆਂ ਦੇ ਦੇਸ਼ਾਂ 'ਚ ਲੰਬੇ ਅਰਸੇ ਲਈ ਜ਼ਮੀਨਾ ਲੀਜ਼ਾ 'ਤੇ ਲੈਣ ਦਾ ਰਿਵਾਜ ਜੋਰ ਫੜਦਾ ਜਾ ਰਿਹਾ ਹੈ। ਕੌਮਾਂਤਰੀ ਖਾਦ ਨੀਤੀ ਸਰਵੇਖਣ ਸੰਸਥਾ ਅਨੁਸਾਰ 2006 ਦੇ ਬਾਅਦ ਤੋਂ ਗਰੀਬ ਦੇਸ਼ਾਂ 'ਚ 3 ਕਰੋੜ 70 ਲੱਖ ਹੇਕਟੇਅਰ ਤੋਂ ਲੈ ਕੇ 4 ਕਰੋੜ 90 ਲੱਖ ਹੇਕਟੇਅਰ ਭੂਮੀ ਬਹੁਕੌਮੀ ਨਿਗਮਾ ਜਾਂ ਵਿਦੇਸ਼ੀ ਮੁਲਕਾਂ ਨੂੰ ਵੇਚੀ ਜਾ ਚੁੱਕੀ ਹੈ ਜਾਂ ਵੇਚੇ ਜਾਣ ਦੇ ਅਮਲ ਵਿਚ ਹੈ। ਕਿਤੇ ਕਿਤੇ ਤਾਂ ਸਥਿਤੀ ਇਹ ਹੈ ਕਿ ਦੇਸ਼ ਦੇ ਮੁਖੀਆਂ (ਵੇਚਣ ਵਾਲੇ ਮੁਲਕਾਂ ਦੇ) ਨੂੰ ਹੀ ਅਸਲੀਅਤ ਦਾ ਪਤਾ ਹੈ। ਅਰਥਾਤ ਜਮੀਨ ਜਿਹਨਾਂ ਮੁਲਕਾਂ 'ਚ ਵੇਚੀ ਗਈ ਹੈ ਜਾਂ ਵੇਚੀ ਜਾ ਰਹੀ ਹੈ। ਉਥੇ ਵੀ ਬਹੁਗਿਣਤੀ ਲੋਕ ਇਸ ਤੱਥ ਤੋਂ ਨਾਵਾਕਿਫ ਹਨ। ਜੋ ਤੱਥ ਜਨਤਕ ਹੋਏ ਹਨ। ਓਹਨਾਂ ਅਨੁਸਾਰ ਸੁਡਾਨ ਨੇ ਆਪਣੀ 15 ਲੱਖ ਭੂਮੀ ਸਾਊਦੀ ਅਰਬ, ਮਿਸ਼ਰ ਤੇ ਦੱਖਣੀ ਕੋਰੀਆ ਨੂੰ 99 ਸਾਲ ਲੀਜ਼ 'ਤੇ ਦਿੱਤੀ ਹੈ। ਮਿਸ਼ਰ ਦੀ ਕਣਕ ਤੇ ਮੱਕੀ ਦੀ ਪੈਦਾਵਾਰ ਲਈ 84000 ਹੇਕਟੇਅਰਾ ਭੂਮੀ ਉਗਾਂਡਾ 'ਚ ਹਾਸਲ ਕਰਨ ਦੀ ਯੋਜਨਾ ਹੈ। ਜਮਹੂਰੀ ਗਣਤੰਤਰ ਕਾਂਗੋ ਨੇ ਦੱਖਣੀ ਅਮਰੀਕੀ ਕੰਪਨੀਆਂ ਨੂੰ ਇਕ ਕਰੋੜ ਹੇਕਟੇਅਰ ਭੂਮੀ ਲੀਜ 'ਤੇ ਦੇਣ ਦੀ ਗੱਲ ਕਹੀ ਹੈ। ਜਮੀਨ ਖਰੀਦਣ ਅਤੇ ਲੀਜ 'ਤੇ ਲੈਣ ਵਾਲੇ ਮੁਲਕ ਦਾਅਵਾ ਕਰਦੇ ਹਨ ਕਿ ਉਹ ਜਮੀਨ ਦੀ ਪੈਦਾਵਾਰ ਸ਼ਕਤੀ ਵਧਾ ਕੇ ਉਹਨਾਂ ਮੁਲਕਾਂ ਦੀ ਭੁੱਖਮਰੀ ਦੀ ਸਮੱਸਿਆ ਹੱਲ ਕਰ ਦੇਣਗੇ। ਪਰ ਇਹ ਤਾਂ ਸਿਰਫ ਕਹਿਣ ਦੀ ਗੱਲ ਹੈ। ਬਹੁਕੌਮੀ ਨਿਗਮ ਗਰੀਬ ਦੇਸ਼ 'ਚ ਖੈਰਾਤ ਵੰਡਣ ਲਈ ਤਾਂ ਜ਼ਮੀਨ ਲੈ ਨਹੀਂ ਰਹੇ ਹਨ। ਉਹਨਾਂ ਦਾ ਮਕਸਦ ਸਾਫ ਹੈ ਕਿ ਵੱਧ ਤੋਂ ਵੱਧ ਮੁਨਾਫਾ। ਇਹ ਖਰੀਦੀ ਗਈ ਜਾਂ ਲੀਜ਼ 'ਤੇ ਹਾਸਿਲ ਜਮੀਨ 'ਤੇ ਜੈਵਿਕ ਡੀਜ਼ਲ (ਏਥਨਾਲ) ਪੈਦਾ ਕਰਨ ਹਿੱਤ ਜਰੂਰੀ ਫਸਲਾਂ ਦੀ ਪੈਦਾਵਾਰ ਕਰ ਰਹੇ ਹਨ ਜਿਹਨਾਂ ਨੂੰ ਉਹ ਆਪਣੇ ਦੇਸ਼ (ਲੀਜ 'ਚ ਲੈਣ ਵਾਲੇ) 'ਚ ਬਰਾਮਦ ਕੀਤਾ ਜਾ ਸਕੇ। ਵੱਡੇ ਪੈਮਾਨੇ 'ਤੇ ਭੂਮੀ ਲੀਜ ਤੇ ਲੈਣ ਵਾਲੀਆਂ ਕੰਪਨੀਆਂ ਸਥਾਨਕ ਉਤਪਾਦਕ ਲਈ ਨਵੀਆਂ ਪ੍ਰੇਸ਼ਾਨੀਆਂ ਵੀ ਖੜੀਆਂ ਕਰ ਦਿੱਤੀਆਂ ਹਨ। ਕੇਨਆ ਦੇ ਆਲਾ ਨਦੀ ਦੇ ਕਿਨਾਰੇ ਖੇਤੀ ਕਰਨ ਵਾਲੇ ਸਫਲ ਕਿਸਾਨ ਆਪਣੀ ਜਮੀਨ ਤੋਂ ਹੱਥ ਧੋਣ ਕਿਨਾਰੇ ਹਨ ਕਿਉਂਕਿ ਅਮਰੀਕੀ ਨਿਗਮ ਡੋਮੀਨੀਅਨ ਫਾਰਮ ਨੇ ਨਦੀ 'ਤੇ ਇਕ ਬੰਨ ਬਣਾਇਆ ਹੈ ਜਿਸ ਨਾਲ ਸੈਂਕੜੇ ਕਿਸਾਨਾਂ ਦੀ ਜਮੀਨ ਪਾਣੀ 'ਚ ਡੁੱਬ ਗਈ ਹੈ ਪਰ ਡੋਮੀਨੀਅਮ ਫਾਰਮ ਨੇ ਇਹਨਾਂ ਦੋਸ਼ਾਂ ਨੂੰ ਨਕਾਰਿਆ ਹੈ। ਉਹ ਪ੍ਰਭਾਵਿਤ ਕਿਸਾਨਾ ਨੂੰ ਕੋਈ ਮੁਆਵਜਾ ਦੇਣ ਲਈ ਤਿਆਰ ਵੀ ਨਹੀਂ ਹਨ। ਖੇਤੀ ਉਪ ਨਿਵੇਸ਼ ਦੀ

ਇਸ ਮੁਹਿੰਮ ਖਿਲਾਫ ਉਹਨਾਂ ਦੇਸ਼ਾਂ 'ਚ ਵੱਧ ਹੋ ਰਿਹਾ ਹੈ ਜਿਥੇ ਸਰਕਾਰਾਂ ਜਾਂ ਬੇਹੱਦ ਕਮਜ਼ੋਰ ਹਨ ਜਾਂ ਜਿਥੇ ਭੂਮੀ ਸੁਧਾਰ ਨਹੀਂ ਹੋਏ ਹਨ ਖੇਤੀ ਦੀ ਹਾਲਤ ਬੇਹੱਦ ਕਮਜ਼ੋਰ ਹੈ। ਖੇਤੀ ਉਪਨਿਵੇਸ਼ਨ ਦੀ ਇਸ ਮੁਹਿੰਮ ਦੇ ਖੇਤੀ ਦੀ ਹਾਲਤ ਬੇਹੱਦ ਕਮਜ਼ੋਰ ਹੈ। ਖੇਤੀ ਉਪਨਿਵੇਸ਼ਨ ਦੀ ਇਸ ਮੁਹਿੰਮ ਦੇ ਖਿਲਾਫ ਰੋਸ ਵੀ ਜਨਮ ਲੈਣ ਲੱਗਿਆ ਹੈ। ਖਾਸ ਕਰਕੇ ਏਸ਼ੀਆ ਵਿਚ ਕਿਸਾਨਾਂ ਦੇ ਜਬਰਦਸਤ ਵਿਰੋਧ ਦੇ ਕਾਰਨ ਚੀਨ ਵੱਲੋਂ ਫਿਲੀਪੀਂਸ 'ਚ 30 ਲੱਖ ਏਕੜ ਜਮੀਨ ਹਾਸਲ ਕਰਨ ਦੀ ਕੋਸ਼ਿਸ਼ ਫਿਲਹਾਲ ਮੁਲਤਵੀ ਹੋ ਗਈ ਹੈ। ਮੈਡਵਾਸਕਰ 'ਚ ਜ਼ਮੀਨਾ 99 ਸਾਲਾਂ ਦੀ ਲੀਜ਼ 'ਤੇ ਦੱਖਣੀ ਕੋਰੀਆ ਨੂੰ ਦੇਣ ਕਾਰਨ ਰਾਸ਼ਟਰਪਤੀ ਮਾਰਕ ਰਾਵਾਲੋਮਾਨਾਨਾ ਨੂੰ ਆਪਣੀ ਗੱਦੀ ਗਵਾਉਣੀ ਪਈ। ਕਿਸਾਨਾ 'ਚ ਸਰਕਾਰਾਂ ਵੱਲੋਂ ਭੂਮੀ ਲੀਜ਼ 'ਤੇ ਦਿੱਤੇ ਜਾਣ ਦੀ ਨੀਤੀ ਖਿਲਾਫ ਵਿਆਪਕ ਗੁੱਸਾ ਵੇਖਦਿਆਂ ਹੋਇਆ ਪਾਕਿਸਤਾਨ ਸਰਕਾਰ ਨੇ ਵਿਦੇਸ਼ੀਆਂ ਦੀ ਮਾਲਕੀ ਵਾਲੀਆਂ ਜਮੀਨਾਂ ਦੀ ਹਿਫਾਜ਼ਤ ਲਈ ਇਕ ਲੱਖ ਫੌਜੀ ਤੈਨਾਤ ਕਰ ਦਿੱਤੇ ਗਏ ਹਨ।

ਹਾਲਾਂਕਿ ਖੇਤੀ ਉਪਨਿਵੇਸ਼ ਦੀ ਨੀਤੀ ਦਾ ਨਿਯਮਨ ਕਰਕੇ ਜਾਂ ਉਸ ਦੀ ਕੋਡ ਆਫ ਕੰਡਕਟ ਤਿਆਰ ਕਰਨ 'ਚ ਜੀ-8 ਸਫਲ ਨਹੀਂ ਹੋਇਆ ਹੈ ਪਰ ਫਿਰ ਵੀ ਕੁਝ ਸਮੇਂ 'ਚ ਦੁਨੀਆਂ 'ਚ ਖੇਤੀ ਉਪ ਨਿਵੇਸ਼ਾਂ ਦੀ ਇਕ ਨਵੀਂ ਤਸਵੀਰ ਦਿਖਾਈ ਦੇਵੇਗੀ। ਜੋ ਈਸਟ ਇੰਡੀਆ ਕੰਪਨੀ ਦਾ ਨਵਾਂ ਰੂਪ ਹੋਵੇਗਾ। ਨਾਲ ਹੀ ਦੁਨੀਆ ਦੇ ਪੱਧਰ 'ਤੇ ਇਸ ਖਿਲਾਫ ਨਵੇਂ ਵਿਰੋਧੀ ਸੰਘਰਸ਼ ਵੀ ਸਾਹਮਣੇ ਆਉਣਗੇ।

*(ਤੱਥ ਦਿ ਹਿੰਦੂ ਅਗਸਤ-27)*

# ਮੁਸਲਿਮ ਸਮਾਜ ਕਦੋਂ ਤਕ ਪੀੜਤ ਹੋਣ ਦੀ ਭਾਵਨਾ ਰੱਖਦਾ ਰਹੇਗਾ ਤੇ ਜੇਹਾਦੀਆਂ ਨੂੰ ਤਾਕਤ ਮਿਲਦੀ ਰਹੇਗੀ?

ਇਸਲਾਮ ਦੀ ਜੇਹਾਦੀ ਕਿਸਮ ਦੀ ਕੱਟੜ ਵਿਰੋਧੀ ਹੁੰਦੇ ਹੋਇਆ ਵੀ ਇਹ ਲੱਗਦਾ ਹੈ ਕਿ ਮੁਸਲਿਮ ਸਮੂਹ ਦੇ ਲੋਕ ਅਤੇ ਇਸਲਾਮੀ ਦੇਸ਼ ਆਪਣੇ ਆਪ ਨੂੰ ਪੀੜਤ ਸਾਬਤ ਕਰਨ 'ਚ। ਸਫਲ ਰਹੇ ਹਨ। ਤਰੀਕਾ ਉਹਨਾਂ ਨੂੰ ਅਪਣਾਇਆ ਹੈ ਜੋ ਕੋਈ ਗਲਤੀ ਹੋ ਜਾਣ ਤੇ ਅਕਸਰ ਬੱਚੇ ਅਪਣਾਇਆ ਕਰਦੇ ਹਨ। ਦੁਹਾਈ ਮਚਾਉਣਾ ਸ਼ੁਰੂ ਕਰ ਦਿੰਦੇ ਹਨ...ਸੱਟ ਲੱਗ ਗਈ। ਮੈਨੂੰ ਉਸ ਨੇ ਮਾਰਿਆ, ਬਚਾਓ ਬਚਾਓ, ਅਜਿਹਾ ਕਰਨਾ ਬੱਚਿਆਂ 'ਚ ਬੁਰਾ ਲੱਗਦਾ ਹੈ ਪਰ ਜਦ ਸਮਝਦਾਰ ਲੋਕ ਅਜਿਹਾ ਕਰਦੇ ਹਨ, ਉਹ ਵੀ ਅਜਿਹੇ ਲੋਕ ਜਿਹਨਾਂ ਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੀ ਨਹੀਂ ਹੈ। ਜਿਹਨਾਂ ਨੇ ਕਿਸੇ ਹੋਰ ਦੇ ਦੇਸ਼ 'ਚ ਆਪਣਾ ਜੀਵਨ ਬਣਾਇਆ ਹੋਵੇ ਜਾਂ ਜਿਹਨਾਂ ਦੇ ਦੇਸ਼ ਵਾਸੀਆਂ ਨੇ ਕਿਸੇ ਦੂਜੇ ਦੇਸ਼ 'ਚ ਜਾ ਕੇ ਜਿਹਾਦੀ ਅੱਤਵਾਦ ਫੈਲਾਇਆ ਹੋਵੇ ਤਾਂ ਬਰਦਾਸ਼ਿਤ ਕਰਨਾ ਮੁਸ਼ਕਲ ਹੋ ਜਾਂਦਾ ਹੈ। ਪਾਕਿਸਤਾਨ 'ਚ ਪੀੜਤ ਭਾਰਤੀ ਹਨ ਪਰ ਪਾਕਿਸਤਾਨ ਦੇ ਮੰਤਰੀ ਹਮੇਸ਼ਾ ਅਜਿਹੀ ਗੱਲ ਕਰਦੇ ਹਨ ਜਿਸਦਾ ਹਿਸਾਬ ਉਲਟਾ ਹੈ ਜਿਵੇਂ ਭਾਰਤ ਤੋਂ ਪੀੜਤ ਉਹ ਹਨ। ਪਿਛਲੇ ਹਫ਼ਤੇ ਪਾਕਿਸਤਾਨ ਵਿਦੇਸ਼ ਮੰਤਰੀ ਦਾ ਇਹ ਬਿਆਨ ਆਇਆ, "ਅਸੀਂ ਪਾਕਿਸਤਾਨ ਦਾ ਨਜ਼ਰੀਆ ਸਾਫ਼ ਸ਼ਬਦਾਂ 'ਚ ਭਾਰਤ ਦੇ ਵਿਦੇਸ਼ ਮੰਤਰੀ ਸਾਹਮਣੇ ਰੱਖਾਂਗੇ ਚਾਹੇ ਉਹਨਾਂ ਨੂੰ ਸਾਡੀ ਗੱਲ ਪਸੰਦ ਆਵੇ ਜਾਂ ਨਾ" ਮੰਤਰੀ ਜੀ ਗੱਲ ਕਰ ਰਹੇ ਸਨ ਨਿਊਯਾਰਕ 'ਚ ਭਾਰਤੀ ਵਿਦੇਸ਼ ਮੰਤਰੀ ਨਾਲ ਹੋਣ ਵਾਲੀ ਆਪਣੀ ਭੇਦ ਦੀ ਪਰ ਅਜਿਹੀ ਆਕੜ ਨਾਲ ਜਿਵੇਂ ਮੁੰਬਈ 'ਤੇ ਹਮਲਾ ਕਦੀ ਹੋਇਆ ਹੀ ਨਹੀਂ, ਹਮਲਾ ਸਾਡੇ ਸਭ ਤੋਂ ਵੱਡੇ ਮਹਾਂਨਗਰ 'ਤੇ ਹੋਇਆ। ਕਿਸੇ ਪਾਕਿਸਤਾਨੀ ਸ਼ਹਿਰ 'ਤੇ ਨਹੀਂ ਤਾਂ ਐਨੀ ਆਕੜ ਦਿਖਾਉਣ ਦੀ ਹਿੰਮਤ ਕਿਵੇਂ ਰੱਖਦੇ ਹਨ ਸ਼ਾਹ ਮੁਹੰਮਦ ਕੁਰੈਸ਼ੀ? ਇਥੇ ਇਹ ਕਹਿਣਾ ਜ਼ਰੂਰੀ ਹੈ ਕਿ ਕੁਝ ਇਸ ਲਈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸੁਭਾਅ ਦਾ ਪੋਲੇ ਹਨ, ਖੁਦ ਨਹੀਂ ਆਕੜਦੇ ਪਰ ਕੁਝ ਇਸ ਲਈ ਵੀ ਕਿ ਮੁਸਲਿਮ ਸਮੂਹ ਦੇ ਲੋਕ ਆਪਣੇ ਆਪ ਨੂੰ ਅਸਲ 'ਚ ਪੀੜਤ ਸਮਝਦੇ ਹਨ। ਜਦ 32 ਮੁਸਲਿਮ ਭਾਈਚਾਰੇ 'ਚ ਸਦਾ ਪੀੜਤ ਹੋਣ ਦੀ ਇਹ ਭਾਵਨਾ ਰਹੇਗੀ ਤਦ ਤਕ ਜੇਹਾਦੀਆਂ ਨੂੰ ਸਾਡੇ ਦੇਸ਼ਾਂ ਦੀਆਂ ਮਸਜਿਦਾਂ 'ਚ ਮੁਸਲਿਮ ਬਸਤੀਆਂ 'ਚ ਸ਼ਰਨ ਮਿਲਦੀ ਰਹੇਗੀ, ਪਰ ਜੇਹਾਦੀ ਅੱਤਵਾਦ ਨੂੰ ਜੇ ਖਤਮ ਕਰਨਾ ਹੈ ਤਾਂ ਪਹਿਲਾਂ ਉਸ ਝੂਠੇ ਪ੍ਰਚਾਰ ਨੂੰ ਖਤਮ ਕਰਨਾ ਹੋਵੇਗਾ। ਖਤਮ ਕਰਨ ਦਾ ਤਰੀਕਾ ਇਕ ਹੀ ਹੈ। ਸ਼ੁਰੂਆਤ ਕਰਨੀ ਪੈਣੀ ਹੈ ਮਸਜਿਦਾਂ ਤੋਂ ਮੌਲਵੀਆਂ ਦੇ ਖਤਬਿਆਂ ਤੋਂ ਚਾਹੇ ਨਿਊਯਾਰਕ ਹੋਵੇ, ਚਾਹੇ ਮੁੰਬਈ ਜੇਹਾਦੀ ਵਿਚਾਰਧਾਰਾਂ ਦੀ ਜੜ੍ਹਾਂ ਖੋਜਣੀਆਂ ਹੋਣ ਤਾਂ ਤਾਰਾਂ ਪਹੁੰਚਦੀਆਂ ਹਨ ਮਸਜਿਦਾਂ ਤਕ ਉਥੋਂ ਆਉਂਦਾ ਹੈ "ਇਸਲਾਮ ਖਤਰੇ ਵਿੱਚ ਹੈ" ਦਾ ਨਾਹਰਾ ਇਥੋਂ ਹੀ ਸ਼ੁਰੂ ਹੁੰਦੀ ਹੈ ਇਸਲਾਮ ਦੇ ਖਿਲਾਫ ਸਾਜਿਸ਼ਾਂ ਦੀਆਂ ਕਹਾਣੀਆਂ ਨਾ ਸਮਝ ਅਣਪੜ੍ਹ ਲੋਕ ਸੁਣਦੇ ਹਨ ਇਹ ਖੁਤਬੇ ਅਤੇ ਫੈਸਲਾ ਕਰ ਲੈਂਦੇ ਹਨ ਕਿ ਇਸਲਾਮ ਨੂੰ ਬਚਾਉਣ ਲਈ ਉਹਨਾਂ ਨੇ ਕੰਮ ਕਰਨਾ ਹੈ, ਬਣ ਜਾਂਦੇ ਹਨ ਨਵੇਂ ਸਿਪਾਹੀ ਤੇ ਜੋ ਬਣ ਜਾਂਦਾ ਹੈ ਮਜ਼ਬੂਤ ਜਿਹਾਦ ਦਾ ਆਧਾਰ।

# ਨੇਪਾਲ 'ਚ ਫਿਰ ਭਾਰਤੀ ਪੁਜਾਰੀਆਂ ਦੀ ਨਿਯੁਕਤੀ ਕਿਉਂ?

ਨੇਪਾਲ ਦੇ ਪ੍ਰਧਾਨ ਮੰਤਰੀ ਮਾਧਵ ਕੁਮਾਰ ਨੇ ਨੇਪਾਲ ਦੇ ਪਸ਼ੂਪਤੀਨਾਥ ਮੰਦਰ 'ਚ ਰਵਾਇਤੀ ਤੌਰ 'ਤੇ ਪ੍ਰਚੱਲਿਤ ਭਾਰਤੀ ਪੁਜਾਰੀਆਂ ਦੀ ਨਿਯੁਕਤੀ ਕਰ ਦਿੱਤੀ ਹੈ। ਮਾਧਵ ਕੁਮਾਰ ਨੇਪਾਲ ਸਰਕਾਰ ਨੇ ਇਸ ਫੈਸਲੇ ਪਿੱਛੋਂ ਕਾਠਮੰਡੂ 'ਚ ਵੱਡੇ ਪੈਮਾਨੇ 'ਤੇ ਖਾੜਕੂ ਵਿਰੋਧ ਮੁਜਾਹਰਿਆਂ ਦਾ ਤਾਂਤਾ ਲੱਗ ਗਿਆ ਹੈ। ਇਸ ਤੋਂ ਪਹਿਲਾਂ ਮਾਓਵਾਦੀ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਲ 'ਪ੍ਰਚੰਡ' ਨੇ ਆਪਣੀ ਹਕੂਮਤ ਦੌਰਾਨ ਇਸ ਰਵਾਇਤ ਨੂੰ ਖਤਮ ਕਰਕੇ ਪਸ਼ੂਪਤੀਨਾਥ ਮੰਦਰ 'ਚ ਨੇਪਾਲੀ ਮੂਲ ਦੇ ਪੁਜਾਰੀਆਂ ਨੂੰ ਨਿਯੁਕਤ ਕਰ ਦਿੱਤਾ ਸੀ। ਵਿਰੋਧੀ ਦਲਾਂ ਭਾਰਤ ਦੇ ਹਾਕਮ ਜਮਾਤ ਦੇ ਹਲਕਿਆਂ ਤੇ ਧਾਰਮਿਕ ਰੂੜੀਵਾਦੀ ਤੱਤਾਂ ਵੱਲੋਂ ਇਸ ਦੀ ਤਿੱਖੀ ਅਲੋਚਨਾ ਕੀਤੀ ਗਈ ਸੀ। ਬਾਅਦ 'ਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਪ੍ਰਚੰਡ ਨੇ ਪਸ਼ੂਪਤੀਨਾਥ ਮੰਦਰ 'ਚ ਪੁਜਾਰੀਆਂ ਦੀ ਨਿਯੁਕਤੀ ਲਈ ਯੋਗਤਾ ਦਾ ਪੈਮਾਨਾ ਬਣਾ ਦਿੱਤਾ ਸੀ। ਜਿਸ ਅਨੁਸਾਰ ਤਹਿ ਮਾਪਦੰਡਾਂ ਦੇ ਅਧਾਰ 'ਤੇ ਕੋਈ ਵੀ ਨੇਪਾਲੀ ਜਾਂ ਭਾਰਤੀ ਪੁਜਾਰੀ ਨਿਯੁਕਤ ਹੋ ਸਕਦਾ ਸੀ ਪਰ ਇਹ ਸਥਿਤੀ ਨਾ ਤਾਂ ਭਾਰਤੀ ਹਾਕਮ ਜਮਾਤ ਨੂੰ ਮਨਜ਼ੂਰ ਸੀ ਨਾ ਹੀ ਕੱਟੜਪੰਥੀ ਧਾਰਮਿਕ ਸੰਗਠਨਾਂ ਨੂੰ ਅਤੇ ਨੇਪਾਲ 'ਚ ਰਾਜਸ਼ਾਹੀ ਸਮਰਥਕ ਜਾਂ ਰਵਾਇਤੀ ਤੱਤਾਂ ਨੂੰ ਨੇਪਾਲ ਦੀਆਂ ਹੋਰ ਰਾਜਸੀ ਪਾਰਟੀਆਂ ਨੂੰ ਵੀ ਇਹ ਸਥਿਤੀ ਮਨਜ਼ੂਰ ਨਹੀਂ ਸੀ। ਇਸ ਸਾਰੇ ਪਿੱਛੇ ਜੋ ਕਾਰਨ ਸਨ ਉਹਨਾਂ 'ਚ ਸਭ ਤੋਂ ਪਹਿਲਾਂ ਤਾਂ ਇਹ ਸੀ ਨੇਪਾਲ ਦੇ ਸਭ ਤੋਂ ਵੱਡੇ ਧਾਰਮਿਕ ਸਥਾਨ 'ਚ ਪੁਜਾਰੀ ਅਹੁਦਾ ਕੇਵਲ ਭਾਰਤੀ ਭੱਟ ਬ੍ਰਾਹਮਣਾ ਲਈ ਰਾਖਵਾਂ ਹੋਣਾ, ਸਭਿਆਚਾਰਕ ਤੌਰ 'ਤੇ ਨੇਪਾਲ 'ਤੇ ਭਾਰਤੀ ਦਾਬੇ ਦਾ ਪ੍ਰਤੀਕ ਸੀ। ਇਹ ਜਾਗੀਰੂ ਮਾਪਦੰਡਾਂ ਜਾਂ ਹਿੰਦੂ ਧਰਮ ਦੇ ਵਰਣਵਾਦੀ ਸੋਪਾਕ੍ਰਮ ਦੇ ਹਿਸਾਬ ਨਾਲ ਨੇਪਾਲੀ ਮੂਲ ਦੇ ਲੋਕਾਂ ਖਾਸ ਕਰਕੇ ਬ੍ਰਾਹਮਣਾ ਨੂੰ ਭਾਰਤੀਆਂ ਤੋਂ ਕਮਤਰ ਮੰਨਣ ਦੀ ਧਾਰਨਾ ਨਾਲ ਪ੍ਰਚਲਿਤ ਹੋ ਰਿਹਾ ਸੀ। ਇਸ ਤਰ੍ਹਾਂ ਪ੍ਰਚੰਡ ਸਰਕਾਰ ਦੇ ਫੈਸਲੇ ਨੂੰ ਭਾਰਤੀ ਹਾਕਮ ਜਮਾਤ ਤੇ ਮੀਡੀਆ ਅਤੇ ਧਾਰਮਿਕ ਨੇਤਾਵਾਂ ਨੇ ਭਾਰਤੀ ਸਭਿਆਚਾਰਕ ਦਾਬੇ ਖਿਲਾਫ ਬਗਾਵਤ ਮੰਨਿਆ। ਨੇਪਾਲ ਦੇ ਬਹੁਤੇ ਰਾਜਸੀ ਦਲ (ਮਾਓਵਾਦੀ ਪਾਰਟੀ ਨੂੰ ਛੱਡ ਕੇ) ਭਾਰਤੀ ਰਾਖਵੇਂਕਰਨ ਤੋਂ ਅਜ਼ਾਦ ਹੋਣ ਦੀ ਕਲਪਨਾ ਹੀ ਨਹੀਂ ਕਰਦੇ। ਆਪਣੇ ਭਾਰਤੀ ਪ੍ਰਭੂਆਂ ਦੀ ਨਾਰਾਜ਼ਗੀ ਕਾਰਨ ਉਹ ਪ੍ਰਚੰਡ ਸਰਕਾਰ ਦੇ ਫੈਸਲੇ ਖਿਲਾਫ ਖੜ੍ਹੇ ਹੋ ਗਏ। ਦੂਜੇ ਪਸ਼ੂਪਤੀਨਾਥ ਮੰਦਰ ਦਾ ਨੇਪਾਲ 'ਚ ਜਾਗੀਰੂ ਰਾਜਾਸ਼ਾਹੀ ਨਾਲ ਨੇੜਲਾ ਸਬੰਧ ਰਿਹਾ ਹੈ। ਜਾਗੀਰੂ ਰਵਾਇਤਾਂ ਦੇ ਰਾਖੇ ਵਜੋਂ ਪਸ਼ੂਪਤੀਨਾਥ ਮੰਦਰ ਦੀ ਮਾਨਤਾ ਰਹੀ ਹੈ। ਪਸ਼ੂਪਤੀਨਾਥ ਮੰਦਰ ਦੇ ਭਾਰਤੀ ਪੁਜਾਰੀ ਨੇਪਾਲ ਦੇ ਰਾਜਾ ਨੂੰ ਵਿਸ਼ਨੂ ਦੇ ਅਵਤਾਰ ਵਜੋਂ ਮਾਨਤਾ ਦਿੰਦੇ ਹਨ। ਤੇ ਇਸ ਬਦਲੇ ਭਾਰੀ ਚੜ੍ਹਾਵੇ ਦੀ ਰਕਮ 'ਤੇ ਹੱਥ ਸਾਫ ਕਰਦੇ ਹਨ। ਪ੍ਰਚੰਡ ਸਰਕਾਰ ਵੱਲੋਂ ਨੇਪਾਲੀ ਪੁਜਾਰੀਆਂ ਦੀ ਨਿਯੁਕਤੀ 'ਤੇ ਚੜ੍ਹਾਵੇ 'ਚ ਹਿੱਸਾ ਵੰਡਣ ਦੀ ਥਾਂ ਮਾਸਕ ਤਨਖਾਹ ਦੀ ਵਿਵਸਥਾ ਨਾਲ ਰਵਾਇਤੀ ਤੱਤਾਂ ਦਾ ਕੁਪਿਤ ਹੋਣਾ ਤਹਿ ਸੀ। ਇਹ ਇਕ ਤਰ੍ਹਾ ਨਾਲ ਰਾਜਾਸ਼ਾਹੀ ਦੇ ਧਾਰਮਿਕ

ਰਵਾਇਤੀ ਆਧਾਰਾਂ 'ਤੇ ਹਮਲਾ ਸੀ। ਜਿਸ ਨੂੰ ਰਾਜਸ਼ਾਹੀ ਸਮਰਥਕ ਤੱਤਾਂ ਨੂੰ ਬਹੁਤ ਚੋਟ ਪਹੁੰਚਣੀ ਲਾਜ਼ਮੀ ਸੀ। ਇਸ ਦੇ ਨਾਲ ਇਹ ਧਾਰਮਿਕ ਕੇਂਦਰਾਂ ਦੀ ਜਾਗੀਰੂ ਰਵਾਇਤੀ ਸੱਤਾ ਨੂੰ ਖਤਮ ਕਰਕੇ ਉਹਨਾਂ ਨੂੰ ਵੀ ਜਨਵਾਦ ਦੇ ਦਾਇਰੇ 'ਚ ਲਿਆਉਣ ਦੀ ਕੋਸ਼ਿਸ਼ ਸੀ। ਜਾਹਿਰ ਹੈ ਕਿ ਪ੍ਰਚੰਡ ਸਰਕਾਰ ਦੇ ਇਹਨਾਂ ਕਦਮਾਂ ਨਾਲ ਭਾਰਤੀ ਹਾਕਮ ਜਮਾਤ ਦੇ ਪਿਛਾਖੜੀ ਤੱਤਾਂ, ਧਾਰਮਿਕ ਕੱਟੜਪੰਥੀ ਸਮੂਹਾਂ ਭਾਰਤ 'ਤੇ ਆਸਰਿਤ ਨੇਪਾਲ ਦੀਆਂ ਪੂੰਜੀਵਾਦੀ ਪਾਰਟੀਆਂ ਤੇ ਰਾਜਾਸ਼ਾਹੀ ਸਮਰਥਕ ਰਵਾਇਤੀ ਤੱਤਾਂ ਨੂੰ ਸਪੱਸ਼ਟ ਹੋਣਾ ਲਾਜ਼ਮੀ ਸੀ। ਇਹ ਹਰ ਸੰਭਵ ਤਰੀਕੇ ਨਾਲ ਉਸ ਫੈਸਲੇ ਨੂੰ ਪਲਟਨ ਦਾ ਮੌਕਾ ਤਲਾਸ਼ਦੇ ਰਹੇ ਹਨ। ਪ੍ਰਚੰਟ ਦੀ ਸਰਕਾਰ ਡਿੱਗਣ ਪਿੱਛੋਂ ਮੌਕਾਪ੍ਰਸਤ ਮਾਧਵ ਕੁਮਾਰ ਨੇਪਾਲ ਦੇ ਪ੍ਰਧਾਨ ਮੰਤਰੀਤਵ ਵਾਲੀ ਸਰਕਾਰ ਨੇ ਪਹਿਲਾਂ ਮੌਕਾ ਮਿਲਦਿਆਂ ਹੀ ਰਵਾਇਤੀ ਪੁਰਾਣੀ ਸਥਿਤੀ ਬਦਲ ਦਿੱਤਾ। ਮਾਧਵ ਕੁਮਾਰ ਨੇਪਾਲ ਨੇ ਆਪਣੀ ਭਾਰਤ ਯਾਤਰਾ ਦੇ ਇਕ ਪੰਦਰਵਾੜੇ ਅੰਦਰ ਹੀ ਇਹ ਕਦਮ ਉਠਾ ਲਿਆ। ਖੈਰ ਨੇਪਾਲੀ ਲੋਕਾਂ ਦੀ ਜਮਹੂਰੀ ਚੇਤਨਾ ਮਾਧਵ ਕੁਮਾਰ ਨੇਪਾਲ ਦੀ ਸਰਕਾਰ ਦੇ ਇਸ ਫੈਸਲੇ ਨੂੰ ਮਨਜ਼ੂਰ ਨਹੀਂ ਕਰ ਰਹੀ ਹੈ। ਰਵਾਇਤਾਂ ਖਿਲਾਫ ਕ੍ਰਾਂਤੀ ਕਰਕੇ ਸਾਮੰਤਸ਼ਾਹੀ ਨੂੰ ਢਹਿ ਢੇਰੀ ਕਰਨ ਵਾਲੀਆਂ ਰਵਾਇਤਾਂ ਦੀ ਮੁੜ ਸਥਾਪਨਾ ਨੂੰ ਇਉਂ ਹੀ ਕਿਵੇਂ ਸਹਿਣ ਕਰ ਲੈਣਗੇ। ਇਸ ਲਈ ਕਾਠਮੰਡੂ ਦੀਆਂ ਸੜਕਾਂ 'ਤੇ ਘਸਮਾਨ ਹੈ।

# ਕੀ ਕੇਰਲਾ ਨੇ ਸ਼ਰਾਬਨੋਸ਼ੀ ਦੇ ਤੋੜੇ ਸਾਰੇ ਰਿਕਾਰਡ?

ਇਸ ਨੂੰ ਕਹਿੰਦੇ ਤਾਂ ਦੇਵ ਭੂਮੀ ਹਨ ਪਰ ਲੱਗਦਾ ਹੈ ਕਿ ਕੇਰਲ 'ਚ ਸ਼ਰਾਬ ਦੇ ਦੇਵਤਾ ਦਾ ਰਾਜ ਹੋ ਗਿਆ ਹੈ। ਮਨੁੱਖੀ ਵਿਕਾਸ ਦੇ ਮਾਮਲੇ 'ਚ ਆਪਣੇ ਪੁਰਾਣੇ ਰਿਕਾਰਡ ਦੀ ਵਜਾਹ ਕਰਕੇ ਆਦਰਸ਼ ਰਾਜ ਵਜੋਂ ਨਾਂ ਕਮਾਉਣ ਵਾਲੇ ਕੇਰਲ ਸ਼ਰਾਬ ਦੀ ਖਪਤ ਸਬੰਧੀ ਦੇਸ਼ 'ਚ ਸਭ ਤੋਂ ਮੋਹਰੀ ਹੈ। ਸੂਬੇ 'ਚ ਜਦ ਕੋਈ ਵੀ ਧਾਰਮਿਕ ਜਾਂ ਹੋਰ ਤਿਉਹਾਰ ਮਨਾਉਣ ਦੀ ਗੱਲ ਆਉਂਦੀ ਹੈ ਤਾਂ ਸ਼ਰਾਬਨੋਸ਼ੀ ਦੇ ਸਾਰੇ ਪਿਛਲੇ ਰਿਕਾਰਡ ਟੁੱਟ ਜਾਂਦੇ ਹਨ। ਪਿੱਛੇ ਜਿਹੀ ਹੀ 2 ਸਤੰਬਰ ਨੂੰ ਖਤਮ ਹੋਣ ਵਾਲਾ ਕੇਰਲਾ ਦਾ ਸਭ ਤੋਂ ਵੱਡੀ ਫਸਲੀ ਤਿਉਹਾਰ ਓਣਮ ਵੀ ਇਸ ਸਬੰਧੀ ਅਣਛੂਹਿਆ ਨਹੀਂ ਹੈ ਜਿਵੇਂ ਕਿ ਹਮੇਸ਼ਾ ਹੁੰਦਾ ਆਇਆ ਹੈ। ਇਸ 'ਚ ਵੀ ਸ਼ਰਾਬ ਦੀ ਖਪਤ ਦਾ ਨਵਾਂ ਰਿਕਾਰਡ ਬਣਿਆ, ਇਕ ਦਿਨ ਦੀ ਸ਼ਰਾਬਬੰਦੀ ਨੂੰ ਛੱਡ ਕੇ ਸੱਤ ਦਿਨਾ ਓਣਾਮ ਸਪਤਾਹ 'ਚ ਕੇਰਲਾ ਨੇ 154.44 ਕਰੋੜ ਰੁਪਏ ਦੀ ਭਾਰਤ ਦੀ ਬਣੀ ਵਿਦੇਸ਼ੀ ਸ਼ਰਾਬ (IMFL) ਡਕਾਰ ਲਈ। ਪਿਛਲੇ ਸਾਲ ਦਾ ਇਹ ਅੰਕੜਾ 126.0 ਕਰੋੜ ਰੁਪਏ ਸੀ ਯਾਨੀ ਕੁਲ ਮਿਲਾ ਕੇ ਇਸ ਵਿੱਚ 41.53 ਫੀਸਦੀ ਦਾ ਵਾਧਾ ਹੋਇਆ। ਜਲਵਾਯੂ ਸਬੰਧੀ ਤਿਰੂਵੇਨਮ ਦੇ ਆਖਰੀ ਦੋ ਦਿਨਾਂ 'ਚ ਵਿਕਰੀ ਸਿਖਰ 'ਤੇ ਪੁੱਜ ਗਈ ਜਦ ਮਲਿਆਲੀਆਂ ਨੇ 34 ਕਰੋੜ ਰੁਪਏ ਦੀ ਭਾਰਤ ਦੀ ਬਣੀ ਵਿਦੇਸ਼ੀ ਸ਼ਰਾਬ ਡਕਾਰ ਲਈ ਜਦਕਿ ਪਿਛਲੇ ਸਾਲ ਦਾ ਇਹ ਅੰਕੜਾ 23 ਕਰੋੜ ਰੁਪਏ ਸੀ। ਹੈਰਾਨਗੀ ਨਹੀਂ ਕਿ ਰਾਜ 'ਚ ਸਭ ਤੋਂ ਵੱਧ ਉਪਾਸਨਾ ਕਨੂਰ ਜਿਲੇ ਦੇ ਦੇਵਤਾ ਪਰਾਸਿਨੀਡਾਵੂ ਮ੍ਰਿਤਪਨ ਦੀ ਹੁੰਦੀ ਹੈ। ਜਿਨ੍ਹਾਂ ਦਾ ਮਨ ਪਸੰਦ ਚੜ੍ਹਾਵਾ ਸ਼ਰਾਬ ਹੈ। ਉਨ੍ਹਾਂ ਦੇ ਸ਼ਰਧਾਲੂਆਂ ਦੀ ਬਹੁਤ ਵੱਡੀ ਗਿਣਤੀ ਕਿਉਂਕਿ ਖਮੋੜੀ 'ਚ ਕੰਮ ਕਰਦੀ ਹੈ। ਇਸ ਲਈ ਇਹਨਾਂ ਦਿਨਾਂ ਦਾ ਮਨਪਸੰਦ ਚੜ੍ਹਾਵਾ (ਜਿਵੇਂ ਕਿ ਉਥੋਂ ਦੇ ਪੁਜਾਰੀ ਦੱਸਦੇ ਹਨ) ਰਵਾਇਤੀ ਅਰਕ ਜਾਂ ਟੋਡੀ ਨਹੀਂ ਬਲਕਿ ਸਕਾਚ ਵਿਸਕੀ ਹੈ।

ਤਿਉਹਾਰਾਂ ਦੌਰਾਨ ਕੇਰਲਾ 'ਚ ਸ਼ਰਾਬਨੋਸ਼ੀ 'ਚ ਵਾਧਾ ਤਾਂ ਸਿਰਫ ਸੋਨੇ 'ਤੇ ਸੁਹਾਗਾ ਹੈ। ਕਿਉਂਕਿ ਰਾਜ 'ਚ ਸ਼ਰਾਬ ਦੀ ਖਪਤ ਕਈ ਸਾਲਾਂ ਤੋਂ ਚਿੰਤਾਜਨਕ ਤਰੀਕੇ ਨਾਲ ਵਧਦੀ ਜਾ ਰਹੀ ਹੈ। ਪਿਛਲੇ ਦਹਾਕੇ 'ਚ ਭਾਰਤ ਦੀ ਬਣੀ ਵਿਦੇਸ਼ੀ ਸ਼ਰਾਬ ਦੀ ਸਲਾਨਾ ਵਿਕਰੀ 'ਚ ਕਰੀਬ 1000 ਕਰੋੜ ਰੁਪਏ ਤਕ ਦਾ ਵਾਧਾ ਹੋਇਆ ਹੈ। ਵਿਸ਼ਵ ਭਰ 'ਚ ਛਾਈ ਮੰਦੀ ਦੇ ਬਾਵਜੂਦ 2008-09 'ਚ ਇਸ ਦੀ ਵਿਕਰੀ ਪਿਛਲੇ ਸਾਲ ਦੀ 3670 ਕਰੋੜ ਰੁਪਏ ਤੋਂ ਵਧ ਕੇ 4600 ਕਰੋੜ ਰੁਪਏ ਦੇ ਸਿਖਰ 'ਤੇ ਪਹੁੰਚ ਗਈ। ਦਸ ਪਹਿਲਾਂ ਇਹ ਸਿਰਫ 1000 ਕਰੋੜ ਰੁਪਏ ਸੀ। ਬਾਜ਼ਾਰ 'ਚ ਭਾਰਤ ਦੀ ਬਣੀ ਵਿਦੇਸ਼ੀ ਸ਼ਰਾਬ ਦਾ ਇਕੋ ਇਕ ਵਿਕ੍ਰੇਤਾ ਸਰਕਾਰੀ ਮਲਕੀਅਤ ਵਾਲਾ ਕੇਰਲਾ ਸਟੇਟ ਬੀਵਰੇਜਜ਼ ਕਾਰਪੋਰੇਸ਼ਨ (KSBC) ਜਨਤਕ ਖੇਤਰ ਦਾ ਇਕੋ ਇਕ ਅਦਾਰਾ ਹੈ। ਜਿਸ ਨੇ ਲਗਾਤਾਰ ਲਾਭ ਕਮਾਇਆ ਹੈ। ਇਹ ਲਾਭ 1997-98 ਦੇ 17.52 ਕਰੋੜ ਤੋਂ ਵਧ ਕੇ 2008-09 'ਚ 100 ਕਰੋੜ ਰੁਪਏ ਤੋਂ ਉੱਪਰ ਜਾ ਪਹੁੰਚਿਆ ਹੈ। ਆਈ. ਆਈ. ਐਮ. ਕੋਝਿਕੋਡੇ ਵਲੋਂ ਕਰਵਾਏ ਇਕ ਅਧਿਐਨ ਅਨੁਸਾਰ ਇਹ ਅੰਕੜਾ KSBC ਦੀਆਂ ਆਪਣੀਆਂ ਉਮੀਦਾਂ ਤੋਂ ਵੀ ਅੱਗੇ ਪਹੁੰਚ ਗਿਆ ਹੈ। ਇਹ

ਸਿਰਫ ਮੁਦਰਾ ਸਫਿਤੀ ਦਾ ਵਾਧਾ ਹੀ ਨਹੀਂ ਹੈ। ਕਿਉਂਕਿ ਭਾਰਤ ਦੀ ਬਣੀ ਵਿਦੇਸ਼ੀ ਸ਼ਰਾਬ ਦੀ ਵਿਕਰੀ ਦਾ ਮਾਤਰਾ ਵੀ 10 ਸਾਲ ਪਹਿਲਾਂ ਦੀ ਕਰੀਬ 88 ਲੱਖ ਪੇਟੀ ਤੋਂ ਵਧ ਕੇ ਪਿਛਲੇ ਸਾਲ 175 ਲੱਖ ਪੇਟ ਛੂਹਣ ਲੱਗੀ। ਹੈਰਾਨ ਕਰਨ ਵਾਲੇ ਇਹ ਅੰਕੜੇ ਸਿਰਫ KSBC ਦੀ ਅਧਿਕਾਰਿਤ ਵਿਕਰੀ ਨਾਲ ਸਬੰਧਤ ਹਨ ਜੋ ਉਸ ਦੀਆਂ 330 ਦੁਕਾਨਾਂ ਤੋਂ ਹੁੰਦੀ ਹੈ। ਇਸ ਵਿਚ 50 ਬਾਰ ਅਤੇ ਕੰਜਿਊਮਰਫੈਡ ਦੀਆਂ ਸਹਿਕਾਰੀ ਦੁਕਾਨਾਂ ’ਤੇ ਵਿਕਣ ਵਾਲੀ ਸ਼ਰਾਬ ਨੂੰ ਜੋੜ ਲਈਏ ਤਾਂ ਇਕੱਲੇ ਔਣਮ ਸਪਤਾਹ ਦੌਰਾਨ ਰੋਜਾਨਾ ਵਿਕਰੀ 30 ਕਰੋੜ ਤੋਂ ਪਾਰ ਕਰ ਜਾਵੇਗੀ।

ਜਦ ਕਿ ਆਮਦਨਾਂ ’ਚ ਔਸਤ ਵਿਕਰੀ ਕਰੀਬ 10 ਕਰੋੜ ਰੁਪਏ ਦੀ ਹੁੰਦੀ ਹੈ ਪਰ ਇਸ ’ਚ ਕੋਈ 5000 ਰਜਿਸਟਰਡ ਦੁਕਾਨਾਂ ’ਤੇ ਵਿਕਣ ਵਾਲੀ ਲੋਕ ਪਸੰਦ ਟੋਡੀ ਦੀ ਮਾਤਰਾ ਨੂੰ ਵੀ ਜੋੜ ਲਿਆ ਜਾਵੇ ਤਾਂ ਕੁਝ ਖਪਤ ਹਿਲਾ ਦੇਣ ਵਾਲੀ ਹੋਵੇਗੀ। ਟੋਡੀ ਹੀ ਨਹੀਂ 1995 ਤੋਂ ਪਾਬੰਦੀਸ਼ੁਦਾ ਬੇਹੱਦ ਹਰਮਨ ਪਿਆਰੀ ਇੱਕ ਪਾਸੇ ਦੇਸੀ ਸ਼ਰਾਬ ਅਰਕ ਵੀ ਸੂਬੇ ’ਚ ਅਸਾਨੀ ਨਾਲ ਮੁਹੱਈਆ ਹੁੰਦੀ ਹੈ। ਦਰਅਸਲ ਰਾਜ ਪੁਲਸ ਦੇ ਮਹਾਂ ਨਿਰਦੇਸ਼ਕ ਜੈਕਬ ਪੁਨੰਯੂਸ ਨੇ ਸਾਲ ਭਰ ਪਹਿਲਾਂ ਇਸ ਦਾ ਮੁੱਲ ਕਰੀਬ 13000 ਕਰੋੜ ਰੁਪਏ ਮੰਗਿਆ ਸੀ। ਉਦਯੋਗ ਦੇ ਸੂਤਰਾਂ ਅਨੁਸਾਰ ਰਾਜ ’ਚ ਸ਼ਰਾਬ ਦੀ ਵਿਕਰੀ ਅਸਲ ’ਚ 20000 ਕਰੋੜ ਰੁਪਏ ਮੁੱਲ ਦੀ ਹੁੰਦੀ ਹੈ। ਸਭ ਤੋਂ ਵੱਧ ਰੰਮ ਵਿਕਦੀ ਹੈ ਅਤੇ ਉਸ ਪਿਛੋਂ ਬ੍ਰਾਂਡੀ ’ਤੇ ਵਿਸਕੀ ਦਾ ਥਾਂ ਹੈ। ਦਿਲਚਸਪ ਗੱਲ ਇਹ ਹੈ ਕਿ KSBC ਨੇ ਹੁਣ ਤ੍ਰਿਅਨੰਤਪੁਰਮ ’ਚ 100 ਕਰੋੜ ਰੁਪਏ ਦੀ ਲਾਗਤ ਨਾਲ ਇਕ ਆਧੁਨਿਕ ਬਹੁ ਵਿਸੇਸ਼ਤਾ ਵਾਲਾ ਸ਼ਰਾਬ ਨਿਰੋਧੀ ਕੇਂਦਰ ਅਤੇ ਹਸਪਤਾਲ ਖੋਹਲਣ ਦਾ ਫੈਸਲਾ ਲਿਆ ਹੈ। ਗੈਰ ਸਰਕਾਰੀ ਸੰਗਠਨ ਅਲਕੋਹਲ ਐਂਡ ਡਰੱਗ ਇੰਨਫਾਰਮੇਸ਼ਨ ਸੈਂਟਰ (AIDC) ਅਨੁਸਾਰ ਸ਼ਰਾਬ ਦੀ ਖਪਤ ਸਬੰਧੀ ਕੇਰਲਾ ਅੱਠ ਲਿਟਰ ਪ੍ਰਤੀ ਵਿਅਕਤੀ ਦੇ ਨਾਲ ਦੇਸ ’ਚ ਚੋਟੀ ਹੈ। ਉਸ ਪਿੱਛੋਂ 7.9 ਲਿਟਰ ਨਾਲ ਪੰਜਾਬ ਦੂਜੇ ਥਾਂ ’ਤੇ ਆਉਂਦਾ ਹੈ। ਇਹ ਮਾਤਰਾ ਕੌਮੀ ਔਸਤ ਦੇ ਮੁਕਾਬਲੇ ਕਿਤੇ ਵੱਧ ਹੈ। ਜੋ ਵਿਸ਼ਵ ਸਿਹਤ ਸੰਸਥਾ (WHO) ਦੇ ਇਕ ਅਧਿਐਨ ਅਨੁਸਾਰ ਦੋ ਲਿਟਰ ਤੋਂ ਘੱਟ ਹੈ।

ਇਸ ਦੇ ਚਲਦਿਆਂ ਸ਼ਰਾਬ ਦੀ ਖਪਤ ’ਚ ਭਾਰਤ ਦੁਨੀਆਂ ’ਚ 150ਵੇਂ ਸਥਾਨ ’ਤੇ ਆਉਂਦਾ ਹੈ। ਵੈਸੇ ਸੰਸਾਰ ਦੀ ਪ੍ਰਤੀ ਵਿਅਕਤੀ ਔਸਤ 5 ਲਿਟਰ ਹੈ। ਦੱਸਿਆ ਜਾਂਦਾ ਹੈ ਕਿ ਭਾਰਤ ਵਿਅਕਤੀ ਘੱਟ ਖਪਤ ਉਸ ਦੀ ਵਿਸ਼ਾਲ ਆਬਾਦੀ ਕਾਰਨ ਹੈ ਹਾਲਾਂਕਿ ਇਹ ਦੁਨੀਆਂ ਦੇ ਸਭ ਤੋਂ ਵੱਡੇ ਸ਼ਰਾਬ ਨਿਰਮਾਤਾਵਾਂ (ਸਾਲਾਨਾ 230 ਕਰੋੜ ਲਿਟਰ) ਵਿਚੋਂ ਇਕ ਹੈ ਅਤੇ ਅਲਕੋਹਲ ਐਟਲਸ ਆਫ ਇੰਡੀਆ ਅਨੁਸਾਰ ਦੱਖਣੀ ਏਸ਼ੀਆ ਵਿਚ ਖਪਤ ਸਬੰਧੀ ਮੋਹਰੀ ਹੈ। ਜਿਥੇ ਦੇਸ਼ ਦੀ 15-20 ਫੀਸਦੀ ਅਬਾਦੀ ਸ਼ਰਾਬ ਦੀ ਵਰਤੋਂ ਕਰਦੀ ਹੈ। ਉਥੇ ਰਾਜ ਵਿੱਚ ਸ਼ਰਾਬ ਦੀ ਖਪਤ ਦੇ ਰੁਝਾਣਾ ਦੀ ਜਾਂਚ ਕਰਨ ਵਾਲੇ ਯੂ. ਪੀ. ਉਦਯੋਗ ਅਨੁਸਾਰ ਕੇਰਲਾ ’ਚ ਇਹ ਅੰਕੜਾ 30 ਫੀਸਦੀ ਹੈ। (ADIC) ਦੇ ਮੁਤਾਬਕ 1986 ’ਚ ਸ਼ਰਾਬ ਦੀ ਖਪਤ ਸ਼ੁਰੂ ਕਰਨ ਦੀ ਔਸਤ ਉਮਰ 19 ਸਾਲ ਸੀ ਜੋ 2001 ’ਚ ਘਟ ਕੇ 13 ਸਾਲ ਤੋਂ ਵੀ ਘੱਟ ਰਹਿ ਗਈ, ਗੈਰ ਸਰਕਾਰੀ ਸੰਗਠਨ ਕੇਰਲਾ ਸ਼ਾਸਤਰ ਸਹਿਤ ਪਰੀਦਸ਼ ਦੇ ਇਕ ਤਾਜਾ ਅਧਿਐਨ ’ਚ ਕਿਹਾ ਗਿਆ ਹੈ ਕਿ ਕੇਰਲਾ ਦੇ ਲੋਕ ਕੁਲ ਮਿਲਾ ਕੇ ਸਭ

ਤੋਂ ਵੱਧ ਵਿਆਹਾਂ ਪਰ (ਸਲਾਨਾ 2800 ਕਰੋੜ ਰੁਪਏ) ਖਰਚ ਕਰਦੇ ਹਨ। ਜਾਹਿਰ ਹੈ ਕਿ ਸ਼ਰਾਬ ਤੇ ਅਧਿਕਾਰਿਤ ਤੌਰ 'ਤੇ ਇਕੱਲੇ ਭਾਰਤ ਨਿਰਮਤ ਵਿਦੇਸ਼ੀ ਸ਼ਰਾਬ ਤੇ ਖਰਚ ਨਿਸ਼ਚਤ ਤੌਰ 'ਤੇ ਸੂਚੀ 'ਚ ਤੀਜੇ ਕ੍ਰਮ 'ਤੇ ਹੋਵੇਗਾ। ਆਬਕਾਰੀ ਮੰਤਰੀ ਪੀ. ਕੇ. ਗੁਰੂਦਾਸਨ ਦਾ ਕਹਿਣਾ ਹੈ "ਇਹ ਹੈਰਾਨ ਕਰਨ ਵਾਲੀ ਗੱਲ ਹੈ, ਸ਼ਰਾਬ ਦੀ ਵਰਤੋਂ 'ਚ ਜਾਗਰੂਕਤਾ ਫੈਲਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਇਸ ਦੀ ਖਪਤ ਚਿੰਤਾਨਜਨਕ ਰੂਪ 'ਚ ਵਧੀ ਹੈ।" ਸ਼ਰਾਬ ਦੀ ਖਪਤ 'ਚ ਵਾਧਾ ਕਵਿਤ੍ਰੀ ਅਤੇ ਸ਼ਰਾਬ ਵਿਰੋਧੀ ਸਮਾਜਿਕ ਵਰਕਰ ਬੀ. ਯੁਗਤ ਕੁਆਰੀ ਦੇ ਲਈ ਵੀ ਚਿੰਤਾ ਦਾ ਵਿਸ਼ਾ ਹੈ। ਉਹਨਾਂ ਦਾ ਕਹਿਣਾ ਹੈ "ਸ਼ਰਾਬ ਪੀਣ ਵਾਲਿਆਂ ਲਈ ਕੇਰਲ ਭਾਵੇਂ ਹੀ ਸਵਰਗ ਹੋਵੇ ਪਰ ਉਹਨਾਂ ਦਾ ਸ਼ਿਕਾਰ ਹੋ ਰਹੇ ਲੋਕਾਂ ਲਈ ਇਹ ਨਰਕ ਬਣ ਗਿਆ ਹੈ।" ਕੇਰਲਾ 'ਚ ਵਧ ਰਹੀ ਸ਼ਰਾਬਖੋਰੀ ਲਈ ਉਹ ਸਰਕਾਰ ਤੇ ਰਾਜਸੀ ਪਾਰਟੀਆਂ ਦੀ ਜਿੰਮੇਦਾਰੀ ਮੰਨਦੀ ਹੈ। ਦਿਵਾਲੀਆ ਹੋ ਚੁੱਕੀ ਸਰਕਾਰ ਸਨਅਤ ਨੂੰ ਹੱਲਾਸ਼ੇਰੀ ਦਿੰਦੀ ਹੈ। ਦਰਅਸਲ ਇਹ ਵੀ ਉਸ ਦੀ ਦੁਧਾਰੂ ਗਾਂ ਹੈ।

ਭਾਰਤ ਨਿਰਮਿਤ ਵਿਦੇਸ਼ੀ ਸ਼ਰਾਬ ਦੀ ਵਿਕਰੀ ਨਾਲ ਸਰਕਾਰੀ ਖਜਾਨੇ ਨੂੰ ਖਾਸ ਫਾਇਦਾ ਹੁੰਦਾ ਹੈ। 2001-02 'ਚ ਇਸ ਦੀ ਵਜਾਹ ਕਰਕੇ ਉਸਨੂੰ 1312 ਕਰੋੜ ਦੀ ਆਮਦਨ ਹੋਈ ਸੀ। ਜੋ ਪਿਛਲੇ ਸਾਲ ਵਧ ਕੇ 3000 ਕਰੋੜ ਰੁਪਏ ਤੋਂ ਵੱਧ ਹੋ ਗਈ। ਇਹ ਰਾਜ ਦਾ ਕੁਲ ਮਾਲੀਏ ਦਾ 25 ਫੀਸਦੀ ਹੈ, ਇਸ ਤੋਂ ਇਲਾਵਾ ਉਸ ਨੂੰ ਟੋਡੀ ਦੀਆਂ ਲਗਭਗ 500 ਦੁਕਾਨਾਂ ਦੀ ਨਿਲਾਮੀ ਨਾਲ ਵੀ ਸਲਾਨਾ 150 ਕਰੋੜ ਦੀ ਆਮਦਨ ਹੁੰਦੀ ਹੈ। ਕੇਰਲ ਕੈਥਲਿਕ ਵਿਸ਼ਾਪ ਕਾਊਂਸਿਲ ਦੇ ਚੇਅਰਮੈਨ ਆਰਕਵਿਸ਼ਪ ਡੇਨੀਅਲ ਅਚਰੂਪਰਾਂਪਿਲ ਦਾ ਕਹਿਣਾ ਹੈ "ਰਾਜ ਸਰਕਾਰ ਇਸ ਸਮਾਜਕ ਅਮਲ ਰਾਹੀਂ ਵੱਧ ਤੋਂ ਵੱਧ ਕਮਾਈ ਕਰਨਾ ਚਾਹੁੰਦੀ ਹੈ।" ਬਹੁਤ ਸਾਰੇ ਮਾਹਿਰਾਂ ਦਾ ਮੰਨਣਾ ਹੈ ਕਿ ਰਾਜ 'ਚ ਲੋਕਾਂ ਨੂੰ ਲੱਗ ਚੁੱਕੀ ਬੋਤਲ ਦੀ ਲਤ ਨਾ ਸਿਰਫ ਵਧਦੀਆਂ ਜਾ ਰਹੀਆਂ ਸੜਕ ਦੁਰਘਟਨਾਵਾਂ ਦੀ ਮੂਲ ਵਜਾਹ ਹੈ ਬਲਕਿ ਇਸ ਕਾਰਨ ਆਤਮ ਹੱਤਿਆ ਤਲਾਕ ਅਤੇ ਪਰਿਵਾਰਿਕ ਹਿੰਸਾ ਵਰਗੀਆਂ ਹੋਰ ਸਮਾਜਿਕ ਸਮੱਸਿਆਵਾਂ ਵੀ ਬਹੁਤ ਵਧ-ਫੁਲ ਰਹੀਆਂ ਹਨ। ਕੇਰਲਾ 'ਚ ਹਰ ਸਾਲ 4000 ਤੋਂ ਵੱਧ ਲੋਕ ਸੜਕ ਦੁਰਘਟਨਾਵਾਂ 'ਚ ਮਰ ਜਾਂਦੇ ਹਨ। ਪ੍ਰਤੀ ਇਕ ਲੱਖ ਆਬਾਦੀ 'ਤੇ 28 ਦੇ ਨਾਲ ਰਾਜ ਵਿੱਚ ਆਤਮ ਹੱਤਿਆ ਦੀ ਦਰ ਦੇਸ਼ 'ਚ ਸਭ ਤੋਂ ਵੱਧ ਹੈ ਜਦਕਿ ਇਸ ਦੀ ਕੌਮੀ ਔਸਤ ਦਰ 11.2 ਹੈ। ਇਥੇ ਪ੍ਰਤੀ ਇਕ ਲੱਖ ਆਬਾਦੀ 'ਤੇ 272 ਦੇ ਨਾਲ ਮਾਨਸਿਕ ਬੀਮਾਰੀਆਂ ਦੇ ਵੀ ਸਭ ਤੋਂ ਵੱਧ ਕੇਸ ਹਨ। ਜਦਕਿ ਕੌਮੀ ਪੱਧਰ 'ਤੇ ਇਹਨਾਂ ਦੇ ਔਸਤ ਮਾਮਲੇ 105 ਹੁੰਦੇ ਹਨ। ਘਰੇਲੂ ਹਿੰਸਾ ਦੇ ਮਾਮਲੇ ਵੀ ਇਥੇ ਬਹੁਤ ਹਨ ਅਤੇ ਦੇਸ਼ ਵਿਚ ਤਲਾਕ ਦੀ ਸਭ ਤੋਂ ਉੱਚੀ ਦਰ ਵੀ ਇਥੇ ਹੀ ਹੈ। ਮਨੋਰੋਗ ਮਾਹਰ ਅਤੇ ਆਤਮ ਹੱਤਿਆ ਦੇ ਕੇਸਾਂ ਵਿੱਚ ਸਲਾਹਕਾਰ ਕੇਂਦਰੀ ਮੰਤਰੀ ਦੀ ਕੋਸ਼ਿਸ਼ ਦੇ ਲਗਭਗ 30 ਫੀਸਦੀ ਮਾਮਲੇ ਸ਼ਰਾਬਖੋਰੀ ਕਰਨ ਵਾਲੇ ਵਿਅਕਤੀਆਂ ਦੀਆਂ ਪਤਨੀਆਂ ਦੇ ਹਨ।

ਸ਼ਰਾਬ ਦੀ ਖਪਤ 'ਚ ਵਾਧੇ ਦਾ ਮੁੱਖ ਕਾਰਨ ਖਰਚ ਕਰਨਯੋਗ ਆਮਦਨ 'ਚ ਹੋਇਆ ਜਬਰਦਸਤ ਵਾਧਾ ਹੈ ਜੋ ਵਿਦੇਸ਼ ਤੋਂ ਆਉਣ ਵਾਲੇ ਪੈਸੇ 'ਚ ਹੋਏ ਵਾਧੇ ਕਾਰਨ ਹੋਇਆ ਹੈ। 20 ਲੱਖ ਤੋਂ ਵੱਧ ਕੇਰਲਾ ਵਾਸੀ। ਵਿਦੇਸ਼ 'ਚ ਵਸੇ ਹਨ। ਉਹਨਾਂ

'ਚੋਂ ਬਹੁਤ ਖਾੜੀ ਦੇਸ਼ਾਂ 'ਚ ਵਿਚ ਹਨ। ਉਹ ਹੁਣ ਕੁਲ ਮਿਲਾ ਕੇ ਸਾਲ ਭਰ ਵਿੱਚ ਲਗਭਗ 40000 ਕਰੋੜ ਰੁਪਏ ਦੀ ਆਮਦਨ ਦੇਸ਼ 'ਚ ਭੇਜਦੇ ਹਨ। ਇਹ ਰਾਸ਼ੀ ਰਾਜ ਦੇ ਕੁਲ ਮਿਲਾ ਕੇ ਟੈਕਸ ਮਾਲੀਏ ਦਾ ਤਿੰਨ ਗੁਣਾ ਹੈ। ਪੈਸੇ ਤੇ ਸ਼ਰਾਬ ਨੇ ਰਾਜ ਨੂੰ ਭਾਵੇਂ ਹੀ ਨਵੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਪਰ ਦੋਨੋਂ ਹੀ ਕੁਲ ਮਿਲਾ ਕੇ ਉਸ ਨੂੰ ਅਰਸ਼ ਤੋਂ ਫਰਸ਼ 'ਤੇ ਲਿਆ ਕੇ ਸੁੱਟਣ ਦੀ ਸਮਰੱਥਾ ਵੀ ਰੱਖਦੇ ਹਨ। ਇਸ ਲਈ ਇਹੀ ਵੇਲਾ ਸੰਭਲਣ ਦਾ ਹੈ।

# ਕੀ ਠੱਗੀ ਦੇ ਮਾਹਰ ਹਨ ਨਾਈਜੀਰੀਆਈ?

ਸਾਰੀ ਦੁਨੀਆਂ 'ਚ ਸੋਮਾਲੀਆ ਦੇ ਜਲ ਦਸਯੂ ਹੰਗਾਮਾ ਮਚਾ ਰਹੇ ਹਨ ਪਰ ਇਕ ਪਾਸੇ ਅਫਰੀਕੀ ਦੇਸ਼-ਨਾਈਜੀਰੀਆ ਇਕ ਤਰ੍ਹਾਂ ਦੀ ਵਿਸ਼ਵੀ ਅਪਰਾਧ ਦੀ ਲਹਿਰ 'ਚ ਮੂਲ ਹੈ, ਅਪਰਾਧੀ ਰੁਝਾਣ ਦੇ ਨਾਈਜੀਰੀਆਈ ਨਾਗਰਿਕਾਂ ਲਈ ਭਾਰਤ ਪਸੰਦੀ ਦਾ ਟੀਚਾ ਹੈ। ਕਤਰ 'ਚ ਕੰਮ ਕਰਨ ਵਾਲੇ ਕਨੂਰ ਦੇ ਅਪ੍ਰਵਾਸੀ ਭਾਰਤੀ (NRI) ਪੀ ਕੇ ਸ਼ਰੀਫ ਨੂੰ ਝਾਂਸਾ ਦੇ ਕੇ ਇਹ ਸਮਝਾ ਦਿੱਤਾ ਗਿਆ ਕਿ ਉਹਨਾਂ ਨੂੰ ਇਕ ਅਰਬਪਤੀ ਵਲੋਂ 1.5 ਕਰੋੜ ਡਾਲਰ ਵਿਰਾਸਤ 'ਚ ਮਿਲੇ ਹਨ। ਸ਼ਰੀਫ ਤੋਂ ਦਸਤਾਵੇਜ ਤਿਆਰ ਕਰਾਉਣ ਲਈ ਕਰੀਬ 40 ਲੱਖ ਰੁਪਏ ਬਟੋਰ ਲਏ ਗਏ। ਇਸ ਮਾਮਲੇ 'ਚ ਨਾਜੀਰੀਆਈ ਨਾਗਰਿਕ ਸਬਾ ਅਬਦੁਲ ਰਜਾਕ ਨੂੰ ਗ੍ਰਿਫ਼ਤਾਰ ਕੀਤਾ ਗਿਆ, ਭਾਰਤ 'ਚ ਪਹਿਲੀ ਵਾਰੀ ਸਾਹਮਣੇ ਆਏ ਇਸ ਮਾਮਲੇ ਨੂੰ "ਨਾਈਜੀਰੀਅਨ 419" ਈ-ਮੇਲ ਫ੍ਰਾਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰਜ਼ਾਕ ਨੂੰ ਹਾਲ ਹੀ ਵਿੱਚ ਬੰਗਲੌਰ ਵਿੱਚ ਉਸ ਵਕਤ ਗ੍ਰਿਫ਼ਤਾਰ ਕੀਤਾ ਗਿਆ ਜਦ ਉਹ "ਧੰਨ" ਦੇਣ ਜਾ ਰਿਹਾ ਸੀ। 'ਨਾਈਜੀਰੀਅਨ ਫ੍ਰਾਡ' ਦੀਆਂ ਜੜ੍ਹਾਂ ਪੱਛਮ ਵਿੱਚ ਹਨ ਅਤੇ ਹੁਣ ਉਹ ਪੂਰੀ ਦੁਨੀਆਂ 'ਚ ਛਾ ਗਿਆ ਹੈ ਅਤੇ ਉਸ ਦਾ ਨਿਸ਼ਾਨਾ ਭਾਰਤ ਹੈ। ਮਿਸਾਲ ਵਜੋਂ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਦੱਖਣੀ ਮੱਧ ਏਸੀਆ ਭਾਰਤ ਜਾਣ ਵਾਲੇ ਮੁਸਾਫਰਾਂ ਨੂੰ ਦਿੱਤੀ ਗਈ ਚੇਤਾਵਨੀ 'ਤੇ ਗੌਰ ਕਰੇ ਪੱਛਮੀ ਅਫਰੀਕੀ ਨਾਈਜੀਰੀਆਈ ਫ੍ਰਾਡ ਨੈੱਟਵਰਕ ਮੁੰਬਈ 'ਚ ਵੀ ਸਰਗਰਮ ਹੈ। ਇਹ ਠੱਗ ਆਪਣੇ ਸ਼ਿਕਾਰ ਦੀਆਂ ਲੋੜਾਂ ਜਾਂ ਝੱਟਪਟ ਪੈਸਾ ਬਣਾਉਣ ਦੇ ਲਾਲਚ ਜਾਂ ਫਿਰ ਸਹੀ ਕਾਰੋਬਾਰ ਦੇ ਤਰੀਕੇ ਦੀ ਅਗਿਆਨਤਾ ਨੂੰ ਨਿਸ਼ਾਨਾ ਬਣਾਉਂਦੇ ਹਨ...ਇਹਨਾਂ ਸਮੂਹਾਂ ਲਈ ਅਸਲੀ ਅਮਰੀਕੀ ਰਾਜ ਨਾਇਕਾਂ ਜਾਂ ਲਾਟਰੀ ਠੱਗ, ਜੋ ਆਪ ਦੇ ਇਨਬਾਕਸ 'ਚ ਕਾਰੋਬਾਰ ਦੇ ਸ਼ਾਨਦਾਰ ਮੌਕੇ ਜਾਂ ਇਕ ਸਖਸ਼ ਨੂੰ ਸ਼ਿਕਾਰ ਬਣਾ ਰਹੇ ਹਨ। ਇਸ ਤਰ੍ਹਾਂ ਬਲੈਕ ਡਾਲਰ ਫ੍ਰਾਡ ਦੇ ਨਾਮ ਨਾਲ ਜਾਣਿਆ ਜਾਣ ਵਾਲਾ ਗਿਰੋਹ ਵੀ ਲੋਕਾਂ ਨੂੰ ਸ਼ਿਕਾਰ ਬਣਾ ਰਿਹਾ ਹੈ। ਚੈਨੇ ਪੁਲਿਸ ਨੇ ਫਰਵਰੀ 'ਚ ਦਿੱਲੀ ਤੋਂ ਆਪਰੇਟ ਕਰਨ ਵਾਲੇ ਡੇਵਿਡਸਨ ਨਾਂ ਦੇ ਇਕ ਨਾਜੀਰੀਆਈ ਨੂੰ ਇਕ ਸਾਫਟਵੇਅਰ ਇੰਜਨੀਅਰ ਤੋਂ 3.5 ਲੱਖ ਰੁਪਏ ਠਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ, ਮਾਮਲੇ ਉੜੀਸਾ ਦੇ ਲਕਸ਼ਮੀ ਕਾਂਤ ਨਾਮਕ ਨੂੰ ਕਿਹਾ ਕਿ ਕਸਟਮ ਦੀ ਹੀਲ ਹੁਜਤ ਤੋਂ ਬਚਣ ਲਈ ਪੈਸੇ ਨੂੰ ਕਾਲੇ ਰੰਗ ਨਾਲ ਰੰਗ ਦਿੱਤਾ ਜਾਵੇਗਾ ਅਤੇ ਬਾਅਦ 'ਚ ਉਹ ਇਕ ਘੋਲ ਨਾਲ ਉਸ ਨੂੰ ਸਾਫ ਕਰ ਸਕਦਾ ਹੈ।" ਦੋਸ਼ੀ ਨੇ ਨਾਇਕ ਨੂੰ ਦੱਸਿਆ ਕਿ ਇਕ ਲਿਟਰ ਘੋਲ ਦੀ ਕੀਮਤ 1.6 ਲੱਖ ਰੁਪਏ ਹੈ ਅਤੇ ਉਸ ਨੇ ਪੈਸੇ ਨੂੰ ਸਾਫ ਕਰਨ ਦਾ ਅਮਲ ਵੀ ਵਿਖਾਇਆ। ਇਸ ਤਰ੍ਹਾਂ ਦੇ ਮਾਮਲੇ ਰਾਜਧਾਨੀ ਬਿਹਾਰ, ਉਤਰ ਪ੍ਰਦੇਸ਼ ਤੇ ਦੂਜੇ ਰਾਜਾਂ 'ਚ ਵੀ ਪੇਸ਼ ਆਏ ਹਨ। ਫਿਰ ਕ੍ਰੈਡਿਟ ਫਰਜ਼ੀ ਕ੍ਰੈਡਿਟ ਕਾਰਡ ਵਰਤਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਨੇ ਸੱਤ ਫਰਜ਼ੀ ਕਾਰਡ ਜਬਤ ਕੀਤੇ। ਤਿੰਨਾਂ ਲੋਕਾਂ ਨੇ 33.5 ਲੱਖ ਰੁਪਏ ਮੋੜਨ ਲਈ ਕਈ ਖਾਤਿਆਂ ਨੂੰ ਚੁਰਾਇਆ (ਹੈਕ ਕੀਤਾ) ਉਹਨਾਂ ਨੇ ਪਤਾ ਲਾਉਣ ਵਾਲਿਆਂ ਨੂੰ ਗੁੰਮਰਾਹ ਕਰਨ ਲਈ ਪੈਸੇ ਨੂੰ ਕਈ ਵਾਰੀ ਤਬਦੀਲ ਕੀਤਾ।

ਭਾਰਤ 'ਚ ਨਾਈਜੀਰੀਆਈਆਂ ਦੀ ਸੂਚੀ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੀ ਕਾਫੀ ਹੈ। ਨਸ਼ੀਲੇ ਪਦਾਰਥਾਂ ਦਾ ਬੰਦਾ ਕਰਨ ਦੇ ਦੋਸ਼ 'ਚ ਫੜੇ ਸੈਂਕੜੇ ਵਿਦੇਸ਼ੀ ਲੋਕਾਂ 'ਚ 80 ਫੀਸਦੀ ਨਾਜੀਰੀਆਈ ਵਿਅਕਤੀ ਸਨ, ਦਿੱਲੀ ਦੀ ਤਿਹਾੜ ਜੇਲ 'ਚ ਕਰੀਬ 100 ਨਾਜੀਰੀਆਈ ਬੰਦ ਹਨ ਅਤੇ ਜੇਲ ਦੇ ਵਿਧੀ ਅਧਿਕਾਰੀ ਸ੍ਰੀ ਸੁਨੀਲ ਗੁਪਤਾ ਦਾ ਕਹਿਣਾ ਹੈ ਕਿ ਉਹਨਾਂ 'ਚੋਂ ਜ਼ਿਆਦਾਤਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਮਾਮਲਿਆਂ 'ਚ ਗ੍ਰਿਫ਼ਤਾਰ ਕੀਤੇ ਗਏ ਹਨ। ਗ੍ਰਿਫ਼ਤਾਰ ਨਾਈਜੀਰੀਆਂ ਦੀ ਉਮਰ ਔਸਤਨ 30 ਤੋਂ 45 ਸਾਲਾਂ ਵਿਚਕਾਰ ਹੈ, ਜ਼ਿਆਦਾਤਰ ਨਾਜੀਰੀਆਈ 'ਵਸਤਰ ਬਰਾਮਦ' ਦੇ ਬਿਜਨਸ ਵੀਸਾ 'ਤੇ ਆਉਂਦੇ ਹਨ। ਖੁਫੀਆ ਬਿਊਰੋ (ਆਈ. ਬੀ.) ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਅਫਗਾਨਿਸਤਾਨ-ਤਾਲਿਬਾਨ ਸਬੰਧ ਬਾਰੇ ਚਿੰਤਾ ਹੈ। ਦਿੱਲੀ ਪੁਲਸ ਨੇ ਨਾਜੀਰੀਆਈਆਂ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲਿਆਂ 'ਚ ਜੋ ਗ੍ਰਿਫ਼ਤਾਰੀਆਂ ਕੀਤੀਆਂ, ਉਸ 'ਚੋਂ ਅੱਧਿਆਂ 'ਚ ਅਫਗਾਨ ਸ਼ਾਮਲ ਸਨ। ਵਿੱਤ ਮੰਤਰਾਲੇ ਨੇ 2006 ਦੀ ਰਿਪੋਰਟ 'ਚ ਕਿਹਾ ਸੀ ਕਿ "ਦਿੱਲੀ ਅਤੇ ਮੁੰਬਈ 'ਚ ਸਥਿਤ ਨਾਜੀਰੀਆਈ ਅਪ੍ਰੇਟਰ ਭਾਰਤੀ ਵਾਹਕਾਂ ਲਈ ਰਾਹੀਂ ਭਾਰਤ-ਪਾਕਿਸਾਤਾਨ ਸੀਮਾ ਤੋਂ 10-20 ਕਿਲੋ ਦੀ ਮਾਤਰਾ 'ਚ ਹੈਰੋਇਨ ਦੀ ਤਸਕਰੀ ਕਰ ਰਹੇ ਹਨ।" ਨਾਜੀਰੀਆਈ ਆਵਰਜਨ ਤੇ ਨੌਕਰੀ ਦੇ ਘਪਲਿਆਂ 'ਚ ਵੀ ਸ਼ਾਮਲ ਹਨ। ਕਦੀ ਉਹ ਜੌਬ ਸਾਈਟਸ ਦੀ ਵਰਤੋਂ ਕਰਕੇ ਸੰਭਾਵਿਤ ਸ਼ਿਕਾਰਾਂ ਨੂੰ ਲੱਭਦੇ ਹਨ ਇਸ ਤਰ੍ਹਾਂ ਦੇ ਇਕ ਮਾਮਲੇ 'ਚ ਚਿਨੋ ਸੋ ਵੈਲੇਟਾਈਨ ਨੀਬੇ ਉਰਫ ਡਗਲਸ ਨੇ ਖੁਦ ਨੂੰ ਬ੍ਰਿਟਿਸ਼ ਉਚ ਕਮਿਸ਼ਨਰ ਦਾ ਅਧਿਕਾਰ ਦੱਸ ਕੇ ਲੋਕਾਂ ਨੂੰ ਬ੍ਰਿਟੇਨ 'ਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਠਗਦਾ ਰਿਹਾ। ਉਸ ਨੂੰ ਜਨਵਰੀ 'ਚ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਜਦ ਆਂਧਰਾ ਪ੍ਰਦੇਸ਼ ਦੇ ਪੰਜ ਅਤੇ ਨੇਪਾਲ ਦਾ ਇਕ ਨਾਗਰਿਕ ਫਰਜ਼ੀ ਵੀਜਾ ਦਸਤਾਵੇਜ਼ ਰਾਹੀਂ ਲੰਦਨ ਜਾਣ ਵਾਲੀ ਉਡਾਣ 'ਤੇ ਸਵਾਰ ਹੋਣ ਤੋਂ ਪਹਿਲਾਂ ਕਸਟਮ ਅਧਿਕਾਰੀਆਂ ਦੇ ਅੜਿੱਕੇ ਚੜ੍ਹ ਗਿਆ। ਡਗਲਸ ਅਤੇ ਉਸ ਦੇ ਹੈਦਰਾਬਾਦ ਸਥਿਤ ਸਹਿਯੋਗੀ ਸੁਸ਼ਾਂਤ ਨਾਇਕ ਨੇ ਹਰੇਕ ਬੰਦੇ ਤੋਂ 4-6 ਲੱਖ ਰੁਪਏ ਵਸੂਲੇ ਸਨ। ਨਾਈਜੀਰੀਆਈ ਠੱਗਾਂ ਨੇ ਦਿੱਲੀ ਪੁਲਸ ਅਤੇ ਸੀ. ਬੀ. ਆਈ. ਦੇ ਨੱਕ 'ਚ ਇਸ ਹੱਦ ਤਕ ਦਮ ਕਰ ਦਿੱਤਾ ਕਿ ਉਹਨਾਂ ਨੇ ਆਪਣੇ ਕਰਮਚਾਰੀਆਂ ਨੂੰ ਸਾਈਬਰ ਅਪਰਾਧ ਜਾਂਚ ਅਤੇ ਕਮਪਿਊਟਰ ਫਾਰੈਂਸਿਕ ਦੀ ਛੇ ਹਫਤਿਆਂ ਦੀ ਸਿਖਲਾਈ ਪ੍ਰੋਗਰਾਮ ਚਲਾਉਣਾ ਪਿਆ। ਉਸ 'ਚ ਨਾਈਜੀਰੀਆਈਆਂ ਦੀ ਠੱਗੀ ਦੇ ਤਰੀਕਿਆਂ ਨੂੰ ਉਜਾਗਰ ਕਰਨਾ ਮਹੱਤਵਪੂਰਨ ਹਿੱਸਾ ਸੀ। ਨਾਜੀਰੀਆਈ ਹਾਈ ਕਮਿਸ਼ਨ ਦਾ ਕਹਿਣਾ ਹੈ ਕਿ ਭਾਰਤ 'ਚ ਉਹਨਾਂ ਦੇ 3000 ਸ਼ਹਿਰੀ ਹਨ। ਕੋਈ ਵੀ ਅੰਦਾਜਾ ਲਾ ਸਕਦਾ ਹੈ ਕਿ ਉਹਨ੍ਹਾਂ ਵਿੱਚੋਂ ਕਿੰਨੇ ਲੋਕ ਅਪਰਾਧੀ ਹਨ। ਵੈਸੇ ਅਪਰਾਧ ਦੇ ਦੋਸ਼ 'ਚ ਜ਼ਿਆਦਾਤਰ ਗ੍ਰਿਫ਼ਤਾਰ ਨਾਈਜੀਰੀਆਈ ਪਾਸਪੋਰਟ ਖੋਹਣ ਜਾਂ ਵੀਜ਼ਾ ਦਾ ਕਾਰਜਕਾਲ ਖਤਮ ਕਰਨ ਦਾ ਬਹਾਨਾ ਬਣਾਉਂਦੇ ਹਨ। ਦਿੱਲੀ ਪੁਲਸ ਸਪੈਸ਼ਲ ਸੈਲ ਦੇ SPLN ਰਾਓ ਦਾ ਕਹਿਣਾ ਹੈ "ਇਕ ਵਿਅਕਤੀ ਨੂੰ ਫੜਨ ਲਈ ਘੱਟੋ ਘੱਟ ਪੰਜ ਵਿਅਕਤੀਆਂ ਦੀ ਲੋੜ ਹੈ ਤੇ ਉਹ ਕਤਈ ਸਹਿਯੋਗ ਨਹੀਂ ਕਰਦੇ।" ਨਾਰਕੋਟਿਕਸ ਕੰਟਰੋਲ ਬਿਊਰੋ ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ "ਕਦੀ-ਕਦੀ ਕਾਂਸਟੇਬਲ ਨਾਈਜੀਰੀਆਈਆਂ ਨਾਲ ਨਿਪਟਣ ਲਈ ਤੋਂ ਕਤਰਾਉਂਦੇ ਹਨ ਕਿਉਂਕਿ ਉਹਨਾਂ ਨੂੰ

ਲੱਗਦਾ ਹੈ ਕਿ ਉਹ ਏਡਜ਼ ਤੋਂ ਪੀੜਤ ਹੁੰਦੇ ਹਨ।” ਦੂਜੇ ਲੋਕਾਂ ਦਾ ਕਹਿਣਾ ਹੈ ਕਿ ਨਜ਼ਰੀਆਈ ਔਰਤਾਂ ਕੱਪੜੇ ਉਤਾਰ ਕੇ ਚੀਕਣਾ ਚਲਾਉਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਯੌਨ ਅਪਰਾਧ ਦਾ ਦੋਸ਼ ਮੜ੍ਹ ਦਿੰਦੀਆਂ ਹਨ। ਕਾਨੂੰਨ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਨਾਈਜ਼ੀਰੀਆਈ ਔਰਤਾਂ ਹਾਈਕਮਿਸ਼ਨ ’ਚ ਕਾਂਸੂਲਰ ਐਂਡ ਐਜੂਕੇਸ਼ਨ ਮੈਟਰਸ ਮਨਿਸਟਰ ਇਨੋਸੈਂਟ ਆਉਂਦੇ ਇਸ ਦੋਸ਼ ਨੂੰ ਖ਼ਾਰਿਜ ਕਰਦੇ ਹਨ। ਉਹ ਕਹਿੰਦੇ ਹਨ “ਕਦੀ ਕਦੀ ਭਾਰਤੀ ਸੁਰੱਖਿਆ ਏਜੰਸੀਆਂ ਐਸੀ ਜਾਣਕਾਰੀ ਮੰਗਦੀਆਂ ਹਨ ਕਿ ਜੋ ਸਾਡੇ ਪਾਸ ਨਹੀਂ ਹੁੰਦੀ। ਅਸੀਂ ਇਸ ਤਰ੍ਹਾਂ ਦੀ ਜਾਣਕਾਰੀ ਕਿਵੇਂ ਮੁਹੱਈਆ ਕਰਵਾ ਸਕਦੇ ਹਾਂ?” ਇਹ ਧਾਂਦਲੀ ਇਸ ਤੱਥ ਦੇ ਮੱਦੇਨਜ਼ਰ ਹੋਰ ਵਧ ਜਾਂਦੀ ਹੈ ਕਿ ਅਤੀਤ ’ਚ ਹਾਈਕਮਿਸ਼ਨ ਦੇ ਕਰਮਚਾਰੀਆਂ ਦੀਆਂ ਸ਼ੱਕੀ ਸਰਗਰਮੀਆਂ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਨਾਈਜੀਰੀਆਈ ਰਾਜਦੂਤ ਦੇ ਸੁਰੱਖਿਆ ਸਲਾਹਕਾਰ ਕੈਪਟਨ ਜੀ. ਏ. ਐਜੋਦੋਕੁਨ 2007 ’ਚ ਦੇਸ਼ ’ਚ ਕਿਸੇ ਅਪਰਾਧ ਲਈ ਦੰਡਿਤ ਹੋਣ ਵਾਲੇ ਪਹਿਲੀ ਰਾਜਨਾਇਕ ਬਣ ਗਏ। ਉਹ ਲਾਗੋਸਦੀ ਉਡਾਣ ਪਕੜਣ ਸਮੇਂ 10 ਕਰੋੜ ਰੁਪਏ ਨਾਲ ਫੜੇ ਗਏ, ਇਹ ਲਾਲਸਾ ਵਧਦੀ ਜਾ ਰਹੀ ਹੈ ਅਤੇ ਇਸ ਦਾ ਕੋਈ ਪੁਖਤਾ ਕਾਨੂੰਨੀ ਉਪਾਅ ਕੱਢਣਾ ਪੈਣਾ ਹੈ।

# ਹਿੰਦੂ ਫਿਰਕਾਪ੍ਰਸਤ ਫਾਸ਼ੀਵਾਦ ਦਾ ਹਮਲਾ

ਇਹਨੀਂ ਦਿਨੀਂ ਭਾਜਪਾ 'ਚ ਘਸਮਾਨ ਮੱਚਿਆ ਹੋਇਐ। ਭਾਜਪਾ ਦੀ ਮਾਂ ਜਥੇਬੰਦੀ 'ਆਰ. ਐਸ. ਐਸ.' ਇਸ ਘਮਸਾਨ ਲਈ ਸਾਹਮਣੇ ਆ ਚੁੱਕੀ ਹੈ। ਕੁਝ ਲੋਕਾਂ 'ਤੇ ਲਗਾਮ ਕਸੀ ਜਾ ਰਹੀ ਹੈ ਅਤੇ ਕੁਝ ਲੋਕਾਂ ਨੂੰ ਬਾਹਰ ਦਾ ਰਾਹ ਵਿਖਾਇਆ ਜਾ ਰਿਹਾ ਹੈ। ਕੁਲ ਮਿਲਾ ਕੇ ਭਾਜਪਾ ਦੇ ਇਸ ਗੰਭੀਰ ਸੰਕਟ ਤੋਂ ਉਭਰਨ ਲਈ ਵੱਡੇ ਪੈਮਾਨੇ ਦਾ ਪੁਨਰਗਠਨ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਭਾਜਪਾ ਦੇ ਇਸ ਸੰਕਟ ਦਾ ਅਰਥ ਕੀ ਹੈ? ਇਸ ਤੋਂ ਵੱਡੀ ਗੱਲ ਇਹ ਹੈ ਕਿ ਇਸ ਮੋੜ ਤੋਂ ਭਾਜਪਾ ਕਿਸ ਪਾਸੇ ਜਾਵੇਗੀ। ਇਸ ਦਾ ਭਵਿੱਖ ਕੀ ਹੈ। ਇਕ ਲੰਮੇ ਸਮੇਂ ਤੋਂ ਭਾਜਪਾ ਪਹਿਲਾ ਅਵਤਾਰ 'ਜਨ ਸੰਘ ਅਤੇ ਭਾਜਪਾ' ਭਾਰਤੀ ਰਾਜਨੀਤੀ 'ਚ ਮੁਕਾਬਲਤਨ ਛੋਟੀ ਤਾਕਤ ਵਜੋਂ ਮੌਜੂਦ ਸਨ। ਆਜ਼ਾਦੀ ਪਿਛੋਂ ਤੋਂ 1980 ਦੇ ਦਹਾਕੇ ਤਕ ਉਹਨਾਂ ਨੇ 6-7 ਫੀਸਦੀ ਵੋਟਾਂ ਮਿਲਦੀਆਂ ਸਨ ਅਤੇ ਵੱਖ-ਵੱਖ ਚੋਣਾਂ 'ਚ 10-20 ਸੀਟਾਂ ਹਾਸਲ ਕਰਨ 'ਚ ਕਾਮਯਾਬ ਹੋ ਜਾਂਦੀ ਸੀ। ਆਪਣੀ ਫਿਰਕਾਪ੍ਰਸਤ ਰਾਜਨੀਤੀ ਦੇ ਨਾਲ ਇਹ ਖਾਸ ਤਬਕੇ ਤਕ ਸੀਮਤ ਸੀ। ਛੋਟੇ ਦੁਕਾਨਦਾਰਾਂ-ਵਪਾਰੀਆਂ ਤੇ ਬਾਬੂਆਂ ਦੀ ਪਾਰਟੀ ਉਹ ਵੀ ਸਵਰਨ ਹਿੰਦੂ ਪਿਛੋਕੜ ਵਾਲੇ। ਪਰ 1970 ਦੇ ਦਹਾਕੇ ਅਤੇ ਖਾਸ ਕਰਕੇ 1980 ਦੇ ਦਹਾਕੇ 'ਚ ਇਸ ਵਿਚ ਤਬਦੀਲੀ ਹੋਣੀ ਸ਼ੁਰੂ ਹੋ ਗਈ। ਜਦ 1970 ਦੇ ਦਹਾਕੇ ਜਦ ਭਾਰਤੀ ਪੂੰਜੀਵਾਦ ਦਾ ਸੰਕਟ ਡੂੰਘਾ ਹੋਇਆ (ਜੋ ਐਮਰਜੈਂਸੀ ਤੱਕ ਗਿਆ) ਤਾਂ ਇਸ ਵਿਚ ਸੰਘ ਪਰਿਵਾਰ ਨੂੰ ਉਭਰਨ ਦਾ ਮੌਕਾ ਮਿਲ ਗਿਆ। ਪੂੰਜੀਵਾਦ ਦਾ ਸੰਕਟ ਹਮੇਸ਼ਾ ਹੀ ਸੱਜੇ ਤੇ ਖੱਬੇ ਰੁਝਾਨਾ ਦੋਹਾਂ ਨੂੰ ਅੱਗੇ ਵਧਣ ਦਾ ਮੌਕਾ ਦਿੰਦਾ ਹੈ। ਜੇ ਲੋਕਾਂ ਨੂੰ ਬਦਲ ਦੇਣ ਲਈ ਇਨਕਲਾਬੀ ਖੱਬੀਆਂ ਤਾਕਤਾਂ ਨਹੀਂ ਹਨ ਜਾਂ ਇਹ ਸਫਲ ਨਹੀਂ ਹੋ ਰਹੀਆਂ ਤਾਂ ਇਸ ਦਾ ਫਾਇਦਾ ਸੱਜੇ ਪਿਛਾਖੜੀ ਉਠਾਉਂਦੇ ਹਨ। ਨਸਲੀ ਫਿਰਕਾਪ੍ਰਸਤ ਜਾਂ ਹੋਰ ਫਾਸ਼ੀਵਾਦੀਆਂ ਦੇ ਉਭਰਨ ਲਈ ਮੌਕਾ ਮਿਲ ਜਾਂਦਾ ਹੈ। ਯੂਰਪ ਦੇ ਫਾਸੀਵਾਦ ਲਈ ਕਿਹਾ ਗਿਆ ਸੀ ਕਿ ਇਹ ਮਜ਼ਦੂਰਾਂ ਨੂੰ ਇਨਕਲਾਬ ਨਾ ਕਰਨ ਬਦਲੇ ਮਿਲਿਆ ਦੰਡ ਸੀ। 1970 ਦੇ ਦਹਾਕੇ 'ਚ ਐਮਰਜੈਂਸੀ ਲੱਗਣ ਤੋਂ ਪਹਿਲਾਂ ਜੋ ਸੰਕਟ ਪੈਦਾ ਹੋਇਆ ਸੀ ਉਸ ਨੂੰ ਇਨਕਲਾਬ ਵੱਲ ਲੈ ਜਾਣ ਲਈ ਇਨਕਲਾਬੀ ਤਾਕਤਾਂ ਮੌਜੂਦ ਨਹੀਂ ਸਨ ਜਾਂ ਮੁਕਾਬਲਤਣ ਬੇਹੱਦ ਕਮਜ਼ੋਰ ਸਨ। 1960 ਦੇ ਦਹਾਕੇ ਦੇ ਅੰਤ ਵਿੱਚ ਪੈਦਾ ਹੋਇਆ। ਇਨਕਲਾਬੀ ਉਭਾਰ ਖਿੰਡ ਚੁੱਕਿਆ ਸੀ। ਮਾਕਪਾ ਤੇ ਭਾਜਪਾ ਪਹਿਲਾਂ ਹੀ ਇਨਕਲਾਬ ਦਾ ਰਾਹ ਛੱਡ ਚੁੱਕੀਆਂ ਸਨ। ਇਹਨਾਂ ਦੇ ਤਾਂ ਪਤਨ ਦੀ ਇੰਤਹਾ ਸੀ ਕਿ ਸੱਜੇ ਪਿਛਾਕੜ ਦਾ ਵਿਰੋਧ ਕਰਨ ਦੇ ਨਾਂ ਹੇਠ ਇੰਦਰਾ ਗਾਂਧੀ ਵੱਲੋਂ ਲਈ ਐਮਰਜੈਂਸੀ ਦੀ ਹਮਾਇਤ ਕੀਤੀ ਤਾਂ ਮਾਕਪਾ ਨੇ ਕੁਲ ਮਿਲਾ ਕੇ ਅਜੀਬੋ ਗਰੀਬ ਰੁਖ ਅਪਣਾਇਆ ਪਰ ਐਮਰਜੈਂਸੀ ਦੌਰਾਨ ਲੋਕ ਰਾਜ ਦੇ ਖੋਰੇ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ 'ਚ ਭਾਰਤੀ ਜਨਸੰਘ ਵੀ ਸੀ। ਯਾਨੀ ਫਿਰਕਾਪ੍ਰਸਤ ਫਾਸ਼ੀਵਾਦੀ ਜਮਹੂਰੀਅਤ ਦੇ ਖੋਰੇ ਦਾ ਵਿਰੋਧ ਕਰ ਰਹੇ ਸਨ। ਜਦ ਕਿ ਸਰਕਾਰੀ ਕਮਿਊਨਿਸਟ ਇਸ ਦੀ ਹਮਾਇਤ ਕਰ ਰਹੇ ਸਨ ਜਾਂ ਚੁੱਪ ਸਨ। ਇਸ ਦੌਰ ਵਿਚ ਆਰ. ਐਸ. ਐਸ. ਦੀ ਸ਼ੱਕੀ ਭੂਮਿਕਾ ਦੇ ਬਾਵਜੂਦ ਜਦ 1977 'ਚ ਜਨਤਾ ਪਾਰਟੀ ਨਾਮਕ ਖਿਚੜੀ ਪਾਰਟੀ ਬਣੀ

ਅਤੇ ਜਦ ਇਸ ਨੇ ਇੰਦਰਾ ਗਾਂਧੀ ਨੂੰ ਹਰਾ ਕੇ ਆਪਣੀ ਸਰਕਾਰ ਬਣਾਈ ਅਤੇ ਇਸ ਪਾਰਟੀ ਤੇ ਸਰਕਾਰ ਦੋਹਾਂ 'ਚ ਜਨਸੰਘੀਆਂ ਦੀ ਮੁੱਖ ਭੂਮਿਕਾ ਸੀ। ਤਦ ਉਸ ਸਰਕਾਰ ਵਿੱਚ ਅਟਲ ਬਿਹਾਰੀ ਵਾਜਪਾਈ ਵਿਦੇਸ਼ ਮੰਤਰੀ ਅਤੇ ਲਾਲ ਕ੍ਰਿਸ਼ਨ ਅਡਵਾਨੀ ਸੂਚਨਾ ਤੇ ਪ੍ਰਸਾਰਣ ਮੰਤਰੀ ਬਣੇ ਸਨ। ਇਸ ਨੇ ਸੰਘ ਪਰਿਵਾਰ ਨੂੰ ਆਪਣੀ ਪਹੁੰਚ ਵਧਾਉਣ 'ਚ ਬਹੁਤ ਮਦਦ ਪਹੁੰਚਾਉਣ 'ਚ ਭੂਮਿਕਾ ਨਿਭਾਈ। ਪਰ ਸੰਘ ਪਰਿਵਾਰ ਦਾ ਅਸਲੀ ਉਭਾਰ 1980 ਦੇ ਦਹਾਕੇ 'ਚ ਸ਼ੁਰੂ ਹੋਇਆ 1980 ਦੇ ਦਹਾਕੇ ਨੇ ਭਾਰਤੀ ਰਾਜਨੀਤੀ ਅਤੇ ਸਮਾਜ ਨੂੰ ਬਦਲਣ ਲਈ ਇਹ ਅਮਲ ਸ਼ੁਰੂ ਕੀਤਾ ਜੋ 1990 ਦੇ ਦਹਾਕੇ ਦੇ ਸ਼ੁਰੂ 'ਚ ਚੋਟੀ 'ਤੇ ਜਾ ਪਹੁੰਚਿਆ। ਇਹ ਵਰਨਣਯੋਗ ਹੈ ਕਿ ਨਿੱਜੀਕਰਣ-ਉਦਾਰੀਕਰਣ-ਵਿਸ਼ਵੀਕਰਣ ਵੱਲ ਵਧਦੇ ਕਦਮ ਅਤੇ ਫਿਰਕਾਪ੍ਰਸਤ ਧਰੁਵੀਕਰਣ ਇਸ ਅਰਸੇ ਦੇ ਦੋ ਬਰਾਬਰ ਘਟਨਾਕਰਮ ਸਨ। 'ਗਰੀਬੀ ਹਟਾਓ' ਵਾਲੀ ਇੰਦਰਾ ਗਾਂਧੀ ਨੇ 1980 'ਚ ਦੁਬਾਰਾ ਸੱਤਾ ਹਾਸਲ ਕਰਨ ਪਿੱਛੋਂ ਆਪਣਾ ਇਹ ਚੋਲਾ ਤਿਆਗ ਦਿੱਤਾ। ਐਮਰਜੈਂਸੀ 'ਚ ਅਤਿਆਚਾਰ ਪਿੱਛੋਂ ਇਹ ਥੋੜਾ ਮੁਸ਼ਕਲ ਵੀ ਹੋ ਗਿਆ ਸੀ। ਆਪਣੇ ਨਵੇਂ ਅਵਤਾਰ 'ਚ ਇੰਦਰਾ ਗਾਂਧੀ ਨੇ ਅਧੁਨਿਕੀਕਰਣ ਦਾ ਨਾਹਰਾ ਬੁਲੰਦ ਕੀਤਾ ਅਤੇ ਨਾਲ ਹੀ ਹਿੰਦੂ ਫਿਰਕਾਪ੍ਰਸਤ ਮਾਨਸਿਕਤਾ ਨੂੰ ਹੱਲਾ ਸ਼ੇਰੀ ਵੀ। ਪਰ ਇਸੇ ਢੰਗ ਨੂੰ ਅੱਗੇ ਵਧਾਇਆ ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਵੀ। ਆਪਣੀ ਮਾਂ ਦੇ ਮਰਨ ਪਿਛੋਂ ਹਕੂਮਤ ਹਾਸਲ ਕਰਨ ਪਿਛੋਂ ਉਹਨਾਂ ਨੇ ਇਕੀਵੀਂ ਸਦੀ ਦਾ ਨਾਹਰਾ ਉਛਾਲਿਆ। ਇਸ ਦਾ ਅਸਲੀ ਮਤਲਬ ਸੀ ਪੱਛਮੀ ਖਪਤਕਾਰ ਵਸਤੂਆਂ ਤੇ ਜੀਵਣ ਸ਼ੈਲੀ ਲਈ ਭਾਰਤ ਦੇ ਦਰਵਾਜੇ ਖੋਹਲਣਾ। ਇਸ ਦੇ ਨਾਲ ਉਨ੍ਹਾਂ ਨੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਵੀ ਖੇਡਣਾ ਸ਼ੁਰੂ ਕਰ ਦਿੱਤਾ। ਸੰਘ ਪਰਿਵਾਰ (ਖਾਸ ਕਰਕੇ ਹਿੰਦੂ ਵਿਸ਼ਵ ਪ੍ਰੀਸ਼ਦ) ਨੇ ਪਹਿਲਾਂ ਹੀ ਅਯੋਧਿਆ 'ਚ ਬਾਬਰੀ ਮਸਜਿਦ ਥਾਂ 'ਤੇ ਰਾਮ ਮੰਦਰ ਦੀ ਉਸਾਰੀ ਦੀ ਮੰਗ ਨੂੰ ਉਛਾਲਣਾ ਸ਼ੁਰੂ ਕਰ ਦਿੱਤਾ ਸੀ। ਰਾਜੀਵ ਗਾਂਧੀ ਨੇ ਇਸ ਮਾਮਲੇ 'ਚ ਸੰਘ ਪਰਿਵਾਰ ਤੋਂ ਬਾਜੀ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਨੇ 1986 'ਚ ਬਾਬਰੀ ਮਸਜਿਦ ਦਾ ਤਾਲਾ ਖੁਲਵਾ ਕੇ ਉਥੇ ਹਿੰਦੂਆਂ ਨੂੰ ਪੂਜਾ ਕਰਨ ਦੀ ਇਜਾਜ਼ਤ ਦੇ ਦਿੱਤੀ। ਪਰ ਇਸ ਕਰਕੇ ਉਹ ਸੰਘ ਪਰਿਵਾਰ ਤੋਂ ਬਾਜੀ ਨਹੀਂ ਮਾਰ ਸਕੇ ਬਲਕਿ ਇਸ ਨਾਲ ਸੰਘ ਪਰਿਵਾਰ ਦੇ ਮੂੰਹ ਨੂੰ ਖੂਨ ਲੱਗ ਗਿਆ। ਉਸ ਨੇ ਇਸ ਨੂੰ ਆਪਣੀ ਜਿੱਤ ਵਜੋਂ ਵੇਖਿਆ। ਆਧੁਨਿਕੀਕਰਣ ਦਾ ਨਾਹਰਾ ਅਤੇ ਫਿਰਕੂ ਭਾਵਨਾਵਾਂ ਨੂੰ ਹੱਲਾਸ਼ੇਰੀ ਆਪਸ 'ਚ ਬੇਮੇਲ ਦਿਸਦੇ ਸਨ। ਪਰ ਦਲਾਲ ਨੌਕਰਸ਼ਾਹ ਸਰਮਾਏਦਾਰੀ ਜਮਾਤ ਅਤੇ ਭਾਰਤੀ ਪੂੰਜੀਵਾਦ ਅਜਿਹਾ ਹੀ ਸੀ। ਨਿੱਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਦੇ ਰਾਹ 'ਤੇ ਵਧਦੇ ਸਮੇਂ ਭਾਰਤੀ ਹਾਕਮਾਂ ਦੇ ਇਸ ਦੇ ਵਿਨਾਸਕਾਰੀ ਪ੍ਰਭਾਵਾਂ ਦਾ ਗਿਆਨ ਸੀ। ਉਹਨਾਂ ਨੂੰ ਇਸ ਗੱਲ ਦਾ ਵੀ ਗਿਆਨ ਸੀ ਕਿ ਇਹ ਵੱਡੇ ਪੈਮਾਨੇ 'ਤੇ ਪ੍ਰਤੀਕਰਮ ਨੂੰ ਜਨਮ ਦੇ ਸਕਦਾ ਹੈ। ਅਜਿਹੇ 'ਚ ਜੇ ਫਿਰਕਾਪ੍ਰਸਤ ਧਰੁਵੀਕਰਨ ਦੇ ਅਧਾਰ 'ਤੇ ਲੋਕਾਂ ਨੂੰ ਵੰਡਿਆ ਜਾ ਸਕੇ ਤਾਂ ਬੁਰਾ ਨਹੀਂ ਹੋਵੇਗਾ। ਦੂਜੇ ਪਾਸੇ ਸੰਘ ਸਮਾਜ ਦਾ ਯਥਾਰਥ ਇਸ ਧਰੁਵੀਕਰਨ ਦੇ ਲਈ ਅਧਾਰ ਮੁਹੱਈਆ ਕਰ ਰਿਹਾ ਸੀ। ਸਮਾਜ 'ਚ ਛੋਟੀ ਜਾਇਦਾਦ ਵਾਲਿਆਂ ਅਤੇ ਮੱਧ ਤੇ ਨਿਮਨ ਵਰਗ ਦਾ ਇਕ ਵੱਡਾ ਹਿੱਸਾ ਸੀ ਜੋ ਭਾਰਤ 'ਚ ਪੂੰਜੀਵਾਦ ਦਾ ਵਿਕਾਸ ਹੋਣ ਤੇ ਨਾ ਹੋਣ ਦੋਹਾਂ ਦੇ ਸੰਕਟ ਨਾਲ ਗ੍ਰਸਿਤ ਸੀ ਤਾਂ ਸਮਾਜਕ-ਸਭਿਆਚਾਰਕ ਤੌਰ 'ਤੇ ਦਿਸ਼ਾਹੀਣ। ਇਹ ਪੁਰਾਣੇ ਨੂੰ ਛੱਡ ਵੀ ਨਹੀਂ ਸਕਿਆ ਅਤੇ ਨਵੇਂ ਨੂੰ ਗ੍ਰਹਿਣ ਵੀ ਨਹੀਂ

ਕਰ ਰਿਹਾ ਸੀ। ਇਹ ਇਸ ਲਈ ਕਿ ਇਹ ਨਵਾਂ ਪੁਰਾਨਾ ਦੋਨੋਂ ਚਾਹੁੰਦਾ ਸੀ। ਉਹ ਸੂਟ ਦੇ ਹੇਠਾ ਜਨੇਊ ਪਹਿਨਦਾ ਸੀ ਅਤੇ ਵਿਗਿਆਨ ਪੜ੍ਹਨ ਤੋਂ ਪਹਿਲਾਂ ਪੂਜਾ ਕਰਦਾ ਸੀ। ਇਹ ਯੂਰਪ-ਅਮਰੀਕਾ ਦੀ ਅਧੁਨਿਕ ਦੁਨੀਆਂ 'ਚ ਹਿਜਰਤ ਕਰ ਜਾਣਾ ਚਾਹੁੰਦਾ ਸੀ। ਪਰ ਆਪਣੇ 'ਮਹਾਨ ਭਾਰਤੀ ਸਭਿਆਚਾਰ' (ਮੱਧਯੁੱਗੀ ਬ੍ਰਾਹਮਣੀ ਜਾਗੀਰੂ ਸਭਿਆਚਾਰ) ਨੂੰ ਛੱਡਣਾ ਵੀ ਨਹੀਂ ਚਾਹੁੰਦਾ ਸੀ। ਇਸ ਦੀ ਅਜੀਬ ਸ਼ਕਲ ਦੇਖਣ 'ਚ ਆਈ 'ਰਮਾਇਣ ਤੇ ਮਹਾਂਭਾਰਤ' ਸੀਰੀਅਲਾਂ ਦੀ ਬੇਹੱਦ ਹਰਮਨ ਪਿਆਰਤਾ 'ਚ ਇਥੇ ਆਧੁਨਿਕ ਖਪਤਕਾਰੀ ਵਸਤਾਂ ਦੀ ਇਸ਼ਤਿਹਾਰਬਾਜੀ ਤੇ ਪੁਰਾਤਨ ਭਾਰਤੀ ਸਭਿਆਚਾਰ ਦਾ ਦੇਸ਼ ਖਪਤਕਾਰੀ ਸੰਸਕਾਰ ਦੋਵੇਂ ਨਾਲੋਂ ਨਾਲ ਸਨ। ਇਹਨਾਂ ਸੀਰੀਅਲਾਂ ਨੂੰ ਵੇਖਣ ਵਾਲੇ ਕਰੋੜਾਂ ਮੱਧਵਰਗੀ ਲੋਕਾਂ ਵਿਚੋਂ ਇਕ ਦੇ ਵੀ ਦਿਮਾਗ 'ਚ ਇਹ ਸੁਆਲ ਨਹੀਂ ਉਠਿਆ ਕਿ ਇਸ ਅਰਸੇ 'ਚ ਉਹਨਾਂ ਦੀ ਵਿਆਪਕਤਾ ਸੰਭਵ ਨਹੀਂ ਸੀ। ਇਹ ਪੂੰਜੀਵਾਦ ਦੀ ਮਾਰ ਸਹਿੰਦੇ ਹੋਏ ਪਰ ਉਸਦੀ ਚਮਕ ਨਾਲ ਚੁੰਧਿਆਏ ਹੋਏ ਲੋਕਾਂ ਦਾ ਆਪਣੀ ਕਲਪਨਾ ਦਾ ਅਤੀਤ 'ਚ ਝਾਕਣਾ ਸੀ। ਇਹ ਹੈਰਾਨੀ ਨਹੀਂ ਸੀ ਕਿ ਦੋਨੋਂ ਸੀਰੀਅਲਾਂ ਦਾ ਨਿਰਮਾਣ ਬਾਲੀਵੁੱਡ ਦੀ ਸੁਪਨਮਈ ਦੁਨੀਆਂ ਨੂੰ ਸੁਪਨੇ ਵੇਚਣ (ਡ੍ਰੀਮ ਮਰਚੈਂਟ) ਵਾਲਿਆਂ ਨੇ ਕੀਤਾ ਸੀ। ਇਸ ਸੰਕਟ ਗ੍ਰਸਤ ਮੱਧ ਵਰਗ ਦੇ ਸੰਕਟ ਨੂੰ ਵਰਤਣ ਲਈ ਸੰਘ ਪਰਿਵਾਰ ਸਭ ਤੋਂ ਅਨੁਕੂਲ ਸੀ। ਇਸ ਦੇ ਜੋ ਹਿੱਸੇ ਸਵਰਨ ਮਾਨਸਿਕਤਾ ਨਾਲ ਗ੍ਰਸਿਤ ਸਨ ਉਹ ਤਾਂ ਸਿੱਧੇ ਹੀ ਪਰ ਨਵੇਂ ਉਭਰਦੇ ਗੈਰ ਸਵਰਣ ਹਿੱਸੇ ਵੀ ਇਸ ਦੀ ਜਦ 'ਚ ਆ ਜਾਂਦੇ ਸਨ। ਇਸ 'ਚ 1980 ਦੇ ਦਹਾਕੇ ਵਿਚ ਦਲਿਤ ਜਾਤੀਆਂ ਦੇ ਰਾਜਸੀ ਉਭਾਰ ਨੇ ਹੋਰ ਭੂਮਿਕਾ ਨਿਭਾਈ ਧਾਰਮਿਕ ਤੇ ਜਾਤੀਗਤ ਪੂਰਵ ਗ੍ਰਹਿ ਸੰਘ ਪਰਿਵਾਰ ਪਿੱਛੇ ਲਾਮਬੰਦੀ ਦਾ ਆਧਾਰ ਬਣ ਗਏ। ਸਵਰਨ ਮਾਨਸਿਕਤਾ ਨਾਲ ਗ੍ਰਸਿਤ ਮੱਧ-ਵਰਗੀ ਵਿਅਕਤੀ ਆਪਣੇ ਸੰਕਟ ਲਈ ਮੁਸਲਮਾਨਾਂ ਤੇ ਦਲਿਤ ਪਿਛੜੀਆਂ ਜਾਤੀਆਂ ਨੂੰ ਦੋਸ਼ੀ ਠਹਿਰਾਉਂਦਾ ਹੋਇਆ ਸੰਘ ਪਰਿਵਾਰ ਤੇ ਭਾਜਪਾ ਪਿੱਛੇ ਲਾਮਬੰਦ ਹੋਣ ਲੱਗਾ। ਸਮੇਂ ਦੇ ਨਾਲ ਇਹ ਸਾਰੇ ਅਮਲ ਅੱਗੇ ਵਧਦੇ ਰਹੇ ਅਤੇ ਇਕ ਦੂਜੇ ਨੂੰ ਮਦਦ ਪਹੁੰਚਾਉਂਦੇ ਰਹੇ। 1990-92 ਦਾ ਦੌਰ ਭਾਰਤ 'ਚ ਅਰਥਚਾਰੇ ਦੇ ਗੰਭੀਰ ਰੂਪ ਤੋਂ ਨਿਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਵੱਲ ਵਧਣ ਦਾ ਦੌਰ ਸੀ। (ਨਵੀਂ ਆਰਥਕ ਨੀਤੀ 1991 'ਚ ਲਾਗੂ ਕੀਤੀ ਗਈ) ਤਾਂ ਇਹੀ ਸੰਘ ਪਰਿਵਾਰ ਦੇ ਹਮਲਾਵਰ ਹੋਣ ਅਡਵਾਨੀ ਦੀ ਰਥ ਯਾਤਰਾ ਤੇ ਬਾਬਰੀ ਮਸਜਿਦ ਢਹਿ-ਢੇਰੀ ਕਰਨ ਦਾ ਵੀ ਦੌਰ ਸੀ। ਭਾਰਤੀ ਰਾਜਨੀਤੀ ਇਕ ਝਟਕੇ ਨਾਲ ਧੁਰ ਸੱਜੇ ਪੱਖੀ ਹੋ ਗਈ। 'ਗੁੱਟ ਨਿਰਲੇਪਤਾ' ਅਤੇ 'ਕਲਿਆਣਕਾਰੀ ਰਾਜ' ਨੂੰ ਤਿਆਗ ਦਿੱਤਾ ਗਿਆ। ਸੰਘ ਪਰਿਵਾਰ ਗਰਮ ਹਿੰਦੂਤਵ ਨੂੰ ਅੱਗੇ ਵਧਾਉਣ ਵਿੱਚ ਲੱਗਿਆ ਹੋਇਆ ਸੀ ਤਾਂ ਕਾਂਗਰਸ ਨੇ ਨਰਮ ਹਿੰਦੂਤਵ ਨੂੰ ਅਪਣਾ ਲਿਆ। ਵੈਸੇ ਕਾਂਗਰਸ ਵੀ ਹਿੰਦੂਤਵ ਤੋਂ ਕੋਈ ਸਪੱਸ਼ਟ ਦੂਰ ਨਹੀਂ ਸੀ ਰਹੀ। ਇਹ ਇਸ ਦੀ ਕਦੀ ਅਲੋਚਕ ਨਹੀਂ ਰਹੀ। ਆਪਣੇ ਲਈ ਇਸ ਸਭ ਤੋਂ ਅਨੁਕੂਲ ਮਾਹੌਲ 'ਚ ਸੰਘ ਪਰਿਵਾਰ ਤੇ ਭਾਜਪਾ ਤੇਜ਼ੀ ਨਾਲ ਅੱਗੇ ਵਧੀ। 1991 ਦੀਆਂ ਚੋਣਾਂ ਆਉਂਦੇ ਆਉਂਦੇ ਭਾਜਪਾ ਕਰੀਬ 20 ਫੀਸਦੀ ਵੋਟਾਂ ਨਾਲ 100 ਸੀਟਾਂ ਜਿੱਤ ਗਈ। ਭਾਰਤੀ ਰਾਜਨੀਤੀ ਵਿੱਚ ਫਿਰਕੂ ਫਾਸ਼ੀਵਾਦ ਦੇ ਹਾਵੀ ਹੋਣ ਦੀ ਸੰਭਾਵਨਾ ਪੈਦਾ ਹੋ ਗਈ। ਪਰ ਇਸ ਸਮੇਂ ਇਕ ਦੂਜੀ ਚੀਜ਼ ਵੀ ਹੋਈ। 1980 ਦੇ ਦਹਾਕੇ ਦੇ ਅੰਤ ਅਤੇ 1990 ਦੇ ਦਹਾਕੇ ਦੇ ਸ਼ੁਰੂ 'ਚ ਸੰਘ ਪਰਿਵਾਰ

ਤੇ ਭਾਜਪਾ ਦਾ ਜੋ ਤੇਜ਼ ਵਾਧਾ ਹੋਇਆ ਉਹ ਹੁਣ ਰੁਕਣ ਜਿਹਾ ਲੱਗਿਆ। 1990-1992 ਦਾ ਫਿਰਕੂ ਝੱਖੜ ਹੁਣ ਉਤਰਨ ਜਿਹਾ ਲੱਗਿਆ। ਫਿਰਕਾਪ੍ਰਸਤੀ ਦੇ ਗੜ ਉੱਤਰਪ੍ਰਦੇਸ਼ 'ਚ 1993 'ਚ ਸਪਾ ਬਸਪਾ ਗੱਠਜੋੜ ਹਕੂਮਤ 'ਚ ਆ ਗਿਆ। ਦੂਜੇ ਪਾਸੇ 1996 'ਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਪਿਛੋਂ ਵੀ ਭਾਜਪਾ ਕੇਂਦਰ 'ਚ ਸੱਤਾ 'ਚ ਟਿਕ ਨਹੀਂ ਸਕੀ। ਨਿੱਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਦੇ ਤਹਿਤ ਸਾਮਰਾਜੀ ਪੂੰਜੀਵਾਦ ਤਹਿਤ ਭਾਰਤ ਦੀ ਦਲਾਲ ਨੌਕਰਸ਼ਾਹੀ ਸ਼ਰਮਾਏਦਾਰੀ ਨੂੰ ਫਿਰਕੂ ਫਾਸ਼ੀਵਾਦੀ ਭਾਜਪਾ ਨੂੰ ਗਲੇ ਲਾਉਣ 'ਚ ਕੋਈ ਗੁਰੇਜ ਨਹੀਂ ਸੀ। ਉਹ ਇਹਨਾਂ ਨੀਤੀਆਂ ਦਾ ਸ਼ਿਕਾਰ ਹੋਣ ਵਾਲੀ ਜਨਤਾ ਦੇ ਵਿਰੋਧ ਨੂੰ ਕੁਚਲਣ ਲਈ ਵੀ ਵੱਧ ਕਾਰਗਰ ਸੀ। ਇਹ ਭਾਜਪਾ ਨੂੰ 1996 'ਚ ਕੇਂਦਰ 'ਚ ਸਰਕਾਰ ਬਣਾਉਣ 'ਚ ਕੋਈ ਪ੍ਰੇਸ਼ਾਨੀ ਨਹੀਂ ਆਈ। ਪ੍ਰੇਸ਼ਾਨੀ ਆਈ ਤਾਂ ਸਿਰਫ ਇਸ ਕਾਰਨ ਕਰਕੇ ਕਿ ਉਹ ਆਪਣੇ ਇਕੱਲੇ ਆਪਣੇ ਬਲਬੂਤੇ 'ਤੇ ਸੰਸਦ 'ਚ ਬਹੁਮਤ ਨਹੀਂ ਦੇ ਸਕੀ ਅਤੇ ਉਹ ਛੋਟੀਆਂ ਪਾਰਟੀਆਂ ਨਾਲ ਹੀ ਬਹੁਮਤ ਹਾਸਲ ਕਰ ਸਕੀ। ਇਹ ਅਖੌਤੀ ਧਰਮ ਨਿਰਪੱਖ ਛੋਟੀਆਂ ਪਾਰਟੀਆਂ (ਜੋ ਖੇਤਰੀ ਪਾਰਟੀਆਂ ਸਨ) ਫਿਰਕੂ ਭਾਜਪਾ ਦੇ ਖੁੱਲ੍ਹੇ ਫਿਰਕੂ ਏਜੰਡੇ 'ਤੇ ਉਸ ਦੇ ਨਾਲ ਆਉਣ ਨੂੰ ਤਿਆਰ ਨਹੀਂ ਸਨ। ਇਸ ਕਰਕੇ ਸੰਘ ਪਰਿਵਾਰ ਤੇ ਭਾਜਪਾ ਨੇ ਆਪਣੀ ਰਣਨੀਤੀ ਨੂੰ ਥੋੜ੍ਹਾ ਬਦਲਿਆ। ਇਹ ਵੇਖਦੇ ਹੋਇਆ ਕਿ ਫਿਰਕੂ ਧਰੁਵੀਕਰਨ ਹੁਣ ਹੋਰ ਅੱਗੇ ਨਹੀਂ ਵਧ ਰਿਹਾ ਸੀ, ਉਹਨਾਂ ਨੇ ਸੱਤਾ ਤਕ ਪਹੁੰਚਣ ਲਈ ਆਪਣੇ ਖੁੱਲ੍ਹੇ ਫਿਰਕੂ ਏਜੰਡੇ ਨੂੰ ਠੰਡੇ ਬਸਤੇ 'ਚ ਰੱਖਣਾ ਤਹਿ ਕੀਤਾ। ਨੀਤੀ ਇਹ ਸੀ ਕਿ ਇਸ ਆਧਾਰ 'ਤੇ ਛੋਟੀਆਂ ਪਾਰਟੀਆਂ ਨਾਲ ਗੱਠਜੋੜ ਕਰਕੇ ਸੱਤਾ ਹਾਸਲ ਕਰ ਲਈ ਜਾਵੇ ਤੇ ਫਿਰ ਉਸ ਰਾਹੀਂ ਆਪਣੇ ਅਧਾਰ ਦਾ ਵਿਸਥਾਰ ਕੀਤਾ ਜਾਵੇ। ਇਕ ਵਾਰੀ ਅਜਿਹਾ ਹੋ ਜਾਣ 'ਤੇ ਫਿਰ ਖੁੱਲ੍ਹੇ ਫਿਰਕੂ ਏਜੰਡੇ ਵੱਲ ਵਾਪਸ ਮੁੜਿਆ ਜਾ ਸਕਦਾ ਹੈ। ਇਹ ਫਿਰਕੂ ਫਾਸ਼ੀਵਾਦ ਤੱਕ ਘੁੰਮ ਕੇ ਪਹੁੰਚਣ ਦੀ ਰਣਨੀਤੀ ਸੀ। ਇਸ ਦੇ ਤਹਿਤ 1988 ਦੀਆਂ ਚੋਣਾਂ 'ਚ ਭਾਜਪਾ ਨੇ ਕੋਈ ਛੋਟੀਆਂ ਪਾਰਟੀਆਂ ਨਾਲ ਮਿਲ ਕੇ ਐਨ. ਡੀ. ਏ. (ਰਾਜਸ) ਬਣਾਇਆ ਜੋ ਉਸ ਸਾਲ ਕੇਂਦਰ 'ਚ ਹਕੂਮਤ ਤੇ ਆ ਬੈਠਿਆ। ਇਸ ਸਰਕਾਰ 1999 ਦੀਆਂ ਚੋਣਾਂ ਸਮੇਤ 2004 ਤਕ ਚੱਲੀ। ਪਰ ਸੰਘ ਪਰਿਵਾਰ ਦੀ ਇਹ ਰਣਨੀਤੀ ਭਾਜਪਾ ਨੂੰ ਸੱਤਾ 'ਚ ਪਹੁੰਚਾਉਣ ਦੇ ਬਾਵਜੂਦ ਇਸ ਮਾਮਲੇ 'ਚ ਬਹੁਤ ਸਫਲ ਨਹੀਂ ਰਹੀ ਕਿ ਉਸ ਨੇ ਸੰਘ ਪਰਿਵਾਰ ਦੇ ਪੱਖ 'ਚ ਲੋਕ ਅਧਾਰ ਦਾ ਵਿਸਥਾਰ ਨਹੀਂ ਰਹੀ ਕਿ ਉਸ ਨੇ ਸੰਘ ਪਰਿਵਾਰ ਦੇ ਪੱਖ 'ਚ ਲੋਕ ਅਧਾਰ ਦਾ ਵਿਸਥਾਰ ਨਹੀਂ ਕੀਤਾ। ਸੱਤਾ ਦੇ ਤੰਤਰ 'ਚ ਆਪਣੇ ਬਹੁਤ ਸਾਰੇ ਲੋਕਾਂ ਨੂੰ ਭਰ ਲਿਆ। ਪਰ ਧਾਰਾ 370 ਬਰਾਬਰ ਨਾਗਰਿਕ ਕੋਡ ਤੇ ਰਾਮ ਮੰਦਰ ਵਰਗੇ ਖੁੱਲ੍ਹੇ ਫਿਰਕੂ ਮੁੱਦਿਆਂ ਨੂੰ ਠੰਡੇ ਬਸਤੇ 'ਚ ਰੱਖਣ ਕਾਰਨ ਇਸਨੇ ਕਈ ਸੰਘ ਸਮਰਥਕਾਂ ਨੂੰ ਨਿਰਾਸ਼ ਵੀ ਕੀਤਾ। ਕੁਲ ਮਿਲਾ ਕੇ ਭਾਜਪਾ ਆਪਣੇ 20 ਫੀਸਦੀ ਵੋਟਾਂ ਤਕ ਸਿਮਟ ਗਈ। 2004 ਦੀਆਂ ਚੋਣਾਂ ਵਿਚ ਭਾਜਪਾ ਦੀ ਹਾਰ ਉਸ ਦੇ ਨੇਤਾਵਾਂ ਲਈ ਸਾਫ ਸੀ ਪਰ ਫਿਰ ਵੀ ਇਸ ਦਾ 'ਐਂਟੀ ਇਨਕਮਬੈਂਸੀ' ਦੇ ਤਹਿਤ ਸਪੱਸ਼ਟੀਕਰਨ ਦਿੱਤਾ ਜਾ ਸਕਦਾ ਸੀ ਪਰ ਜਦ ਪੰਜ ਸਾਲ ਬਾਅਦ 2009 'ਚ ਭਾਜਪਾ ਨੂੰ ਫਿਰ ਹਾਰ ਮਿਲੀ (ਕਾਂਗਰਸ ਸਰਕਾਰ ਦੇ ਘਟੀਆਪਣ ਦੇ ਬਾਵਜੂਦ) ਤਦ ਸੰਘ ਪਰਿਵਾਰ ਤੇ ਭਾਜਪਾ ਦੀ ਦਸ-ਬਾਰਾਂ ਸਾਲ ਪੁਰਾਣੀ ਨੀਤੀ ਦੀ ਸੀਮਾ ਸਪੱਸ਼ਟ ਹੋ ਗਈ। ਇਸ ਨੀਤੀ ਤਹਿਤ ਸੰਘ ਪਰਿਵਾਰ ਤੇ ਭਾਜਪਾ ਨੇ ਆਪਣੀ ਫਿਰਕੂ

ਫਾਸ਼ੀਵਾਦੀ ਵਿਚਾਰਧਾਰਾ ਨੂੰ ਥੋੜਾ ਕਿਨਾਰੇ ਇਸ ਲਈ ਰੱਖਿਆ ਸੀ ਕਿ ਪਹਿਲਾਂ ਹਕੂਮਤ 'ਚ ਆ ਜਾਈਏ ਅਤੇ ਫਿਰ ਆਪਣੇ ਰਾਹ ਅੱਗੇ ਵਧੀਏ। ਪਰ ਇਸ ਨੇ ਸਿਰਫ ਭਾਜਪਾ 'ਚ ਤਰ੍ਹਾਂ ਤਰ੍ਹਾਂ ਦੇ ਰੁਝਾਣਾਂ ਨੂੰ ਵੀ ਵਧਣ ਦਾ ਮੌਕਾ ਦਿੱਤਾ। ਉਸ ਦੇ ਅਧਾਰ 'ਚ ਵਿਸਥਾਰ ਨਹੀਂ ਹੋਇਆ। ਇਸ ਬਦਲੇ ਭਾਜਪਾ ਅੰਦਰੋਂ ਤੇ ਬਾਹਰੋਂ ਇਹ ਆਵਾਜ਼ਾਂ ਉਠਣੀਆਂ ਸ਼ੁਰੂ ਹੋਈਆਂ ਕਿ ਭਾਜਪਾ ਨੂੰ ਆਪਣੀ ਹਿੰਦੂਤਵ ਦੀ ਵਿਚਾਰਧਾਰਾ ਨੂੰ ਛੱਡ ਕੇ ਇਕ ਸੱਜੇ ਪੱਖੀ ਉਦਾਰਵਾਦੀ ਪਾਰਟੀ ਬਣਾ ਲੈਣੀ ਚਾਹੀਦੀ ਹੈ ਜਿਵੇਂ ਇੰਗਲੈਂਡ ਵਿਚ ਕੰਜਰਵੇਟਿਵ ਪਾਰਟੀ ਜਾਂ ਅਮਰੀਕਾ 'ਚ ਰੀਪਬਲੀਕਨ ਪਾਰਟੀ। ਯਾਨੀ ਭਾਜਪਾ ਨੂੰ ਸੰਘ ਪਰਿਵਾਰ ਦੇ ਫਿਰਕੂ ਫਾਸ਼ੀਵਾਦ ਤੋਂ ਨਾਤਾ ਤੋੜ ਲੈਣਾ ਚਾਹੀਦਾ ਹੈ। ਇਸ ਵਿਚਾਰਕ ਭਰਮ ਤੇ ਦਿਸ਼ਾਹੀਣਤਾ ਅਤੇ ਪਿਛਲੀਆਂ ਚੋਣਾਂ 'ਚ ਹਾਰ ਨੇ ਭਾਜਪਾ ਨੂੰ ਮੌਜੂਦਾ ਸੰਕਟ ਨੂੰ ਜਨਮ ਦਿੱਤਾ ਹੈ। ਇਸ ਸੰਕਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੁਰਾਣੀ ਰਣਨੀਤੀ ਹੁਣ ਨਹੀਂ ਚੱਲ ਸਕਦੀ। ਹੁਣ ਭਾਜਪਾ ਸਾਹਮਣੇ ਦੋ ਹੀ ਰਾਹ ਹਨ। ਇਹ ਜਾਂ ਤਾਂ ਸੰਘ ਪਰਿਵਾਰ ਤੋਂ ਨਾਤਾ ਤੋੜ ਕੇ ਇਕ ਸੱਜ ਪਿਛਾਖੜੀ ਉਦਾਰਵਾਦੀ ਪਾਰਟੀ ਬਣ ਜਾਵੇ ਜਾਂ ਫਿਰ ਇਹ ਸੰਘ ਪਰਿਵਾਰ ਦੇ ਖੁੱਲ੍ਹੇ ਫਿਰਕੂ ਏਜੰਡੇ 'ਤੇ ਵਾਪਸ ਆ ਜਾਵੇ। ਸੰਘ ਪਰਿਵਾਰ ਤੋਂ ਆਪਣੀ ਧੁੰਨੀ ਨਾਲ ਬੱਝੇ ਨਾੜੂਏ ਨੂੰ ਦੇਖਦੇ ਹੋਇਆ ਇਹ ਸੰਭਵ ਨਹੀਂ ਹੋਣਾ। ਇਸ ਨੂੰ ਵੇਖਦੇ ਹੋਇਆ ਇਕ ਹੀ ਰਾਹ ਬਚਦਾ ਹੈ। ਉਹ ਹੈ ਸੰਘ ਪਰਿਵਾਰ ਦੇ ਹਿੰਦੂ ਫਿਰਕੂ ਫਾਸ਼ੀਵਾਦੀ ਏਜੰਡੇ 'ਤੇ ਵਾਪਸ ਮੁੜ ਜਾਣਾ। ਆਰ. ਐਸ. ਐਸ. ਅੱਜ-ਕੱਲ੍ਹ ਇਹੀ ਕਰਨ 'ਚ ਲੱਗੀ ਹੋਈ ਹੈ। ਅੱਗੇ ਆਉਣ ਵਾਲੇ ਸਮੇਂ 'ਚ ਭਾਜਪਾ 'ਚ ਅਰੁਣ ਸ਼ੋਰੀ, ਅਰੁਣ ਜੇਤਲੀ ਤੇ ਨਰੇਂਦਰ ਮੋਦੀ ਦੀ ਬਾਹਰ ਹੋਵੇਗੀ ਤੇ ਸੰਘ ਦੇ ਕਈ ਨਵੇਂ ਚੇਹਰੇ ਭਾਜਪਾ ਦੇ ਅਹੁਦਿਆਂ 'ਤੇ ਦਿਸਣਗੇ। ਇਸ ਤਰ੍ਹਾਂ ਭਾਜਪਾ ਦੇ ਮੌਜੂਦਾ ਸੰਕਟ ਦਾ ਹੱਲ ਹਿੰਦੂ ਫਿਰਕੂ ਧਰੁਵੀਕਰਨ ਦੀ ਸੰਘ ਪਰਿਵਾਰ ਵੱਲੋਂ ਪੁਨਰਵਾਸੀ ਦੇ ਰੂਪ 'ਚ ਹੋਵੇਗਾ। ਅੱਗੇ ਆਉਣ ਵਾਲੇ ਸਮੇਂ 'ਚ 1986-92 ਵਾਂਗੂੰ ਕਈ ਸਰਗਰਮੀਆਂ ਵੇਖਣ ਨੂੰ ਮਿਲਣਗੀਆਂ। ਪਰ ਇਸ ਦੀ ਸਫਲਤਾ ਦੀ ਗੁੰਜਾਇਸ਼ ਕੀ ਹੈ? ਸੰਘ ਪਰਿਵਾਰ ਵੱਲੋਂ ਹਮਲਾਵਰ ਹਿੰਦੂ ਫਿਰਕਾਪ੍ਰਸਤੀ ਨੂੰ ਜੋਰਸ਼ੋਰ ਨਾਲ ਫੈਲਾਉਣ ਦੀ ਕੋਸ਼ਿਸ਼ ਦਾ ਨਵਾਂ ਸਿੱਟਾ ਨਿਕਲੇਗਾ? ਇਥੇ ਪਹਿਲੀ ਗੱਲ ਤਾਂ ਇਹ ਨਜਰੀਆ ਹੈ ਕਿ ਹਾਕਮ ਹੋਣ ਪਿੱਛੋਂ ਭਾਜਪਾ 'ਚ ਸਾਰੇ ਲੜਾਈ ਝਗੜੇ ਅਤੇ ਭਾਰੀ ਮਾਤਰਾ 'ਚ ਭ੍ਰਿਸ਼ਟਾਚਾਰ ਦੇ ਬਾਵਜੂਦ ਸੰਘ ਪਰਿਵਾਰ ਦਾ ਆਧਾਰ ਬਣਿਆ ਹੋਇਆ ਹੈ। ਇਹੀ ਨਹੀਂ ਆਰ. ਐਸ. ਐਸ. ਨੇ ਤਾਂ ਆਪਣਾ ਵਿਸਥਾਰ ਵੀ ਕੀਤਾ ਹੈ। ਯਾਨੀ 2004 ਤੇ 2009 ਦੀਆਂ ਲੋਕ ਸਭਾ ਚੋਣਾਂ 'ਚ ਹਾਰ ਦੇ ਬਾਵਜੂਦ ਸੰਘ ਪਰਿਵਾਰ ਦਾ ਅਧਾਰ ਖਿਸਕਿਆ ਨਹੀਂ ਹੈ। ਅੱਜ ਵੀ ਕਈ ਸੂਬਿਆਂ 'ਚ ਭਾਜਪਾ ਸੱਤਾ ਵਿੱਚ ਹੈ। ਦੂਜਾ ਇਹ ਕਿ ਸਮਾਜਕ ਤੌਰ 'ਤੇ ਇਕ ਮਾਅਨੇ 'ਚ ਸਥਿਤੀਆਂ ਸੰਘ ਪਰਿਵਾਰ ਲਈ 1980 ਜਾਂ 1990 ਦੇ ਮੁਕਾਬਲੇ ਅਨੁਕੂਲ ਹੋਈਆਂ ਹਨ। ਇਹ ਹੈ ਜਾਤੀਗਤ ਧਰੁਵੀਕਰਨ 'ਚ ਤਬਦੀਲੀ। 1990 ਦੇ ਦਹਾਕੇ 'ਚ ਕਈ ਲੋਕਾਂ ਨੇ ਇਸਦੀ ਨਿਸ਼ਾਨਦੇਹੀ ਕੀਤੀ ਸੀ ਕਿ ਕਮੰਡਲ ਨੂੰ ਚੁਣੌਤੀ ਮੰਡਲ 'ਚ ਮਿਲੀ ਸੀ। ਯਾਨੀ ਮੁਸਲਮਾਨ ਖਿਲਾਫ਼ ਸਪੂਰਨ ਹਿੰਦੂ ਜਨਮਾਨਸ ਦੀ ਲਾਮਬੰਦੀ ਨੂੰ 1980 ਤੇ 1990 ਦੇ ਦਹਾਕੇ 'ਚ ਦਲਿਤਾਂ ਅਤੇ ਪਿਛੜਿਆਂ ਦੀਆਂ ਆਪਣੀਆਂ ਪਾਰਟੀਆਂ ਦੇ ਝੰਡੇ ਥੱਲੇ ਲਾਮਬੰਦੀ ਨੇ ਮਜ਼ਬੂਰ ਕਰ ਦਿੱਤਾ। ਭਾਜਪਾ ਸਿਰਫ ਸਵਰਨ ਤੇ ਕੁਝ ਉੱਪਰਲੀਆਂ ਪਿਛੜੀਆਂ ਜਾਤੀਆਂ ਦੇ ਲੋਕਾਂ ਨੂੰ ਸਮੇਟ ਸਕੀ। ਪਰ ਪਿਛਲੇ ਸਮੇਂ 'ਚ ਦਲਿਤਾਂ ਤੇ

ਪਿਛੜੀਆਂ ਦੀ ਲਾਮਬੰਦੀ 'ਚ ਤਬਦੀਲੀ ਹੋਈ ਹੈ। ਇਸ ਸਭ ਤੋਂ ਵੱਧ ਬਸਪਾ ਦੇ 'ਬਹੁਜਨ ਹਿੱਤ' ਤੋਂ 'ਸਰਵਜਨ ਹਿੱਤ' ਦੇ ਰੂਪ 'ਚ ਜਾਹਰ ਹੋਇਆ ਹੈ ਪਰ ਇਹੀ ਭਾਜਪਾ ਤੇ ਸੰਘ ਪਰਿਵਾਰ ਦੀ ਸਫਲਤਾ ਦਾ ਰਾਹ ਖੋਲ੍ਹ ਦਿੰਦਾ ਹੈ।

ਗੁਜਰਾਤ 'ਚ 2002 'ਚ ਮੁਸਲਮਾਨਾਂ ਖਿਲਾਫ ਕਤਲੇਆਮ 'ਚ ਇਹ ਗੱਲ ਦੇਖਣ 'ਚ ਆਈ ਕਿ ਇਸ 'ਚ ਕੁਝ ਦਲਿਤਾਂ ਨੇ ਵੀ ਹਿੱਸਾ ਲਿਆ ਸੀ। ਗੁਜਰਾਤ ਨੂੰ ਸੰਘ ਪਰਿਵਾਰ 'ਹਿੰਦੂ ਲਬਾਟਰੀ' 'ਚ ਤਬਦੀਲੀ ਕਰ ਸਕਿਆ ਤਾਂ ਇਸ ਲਈ ਵੀ ਕਿ ਇਹ ਉਥੇ ਜਾਤੀਗਤ ਧਰੁਵੀਕਰਨ ਨੂੰ ਰੋਕਣ 'ਚ ਇਕ ਹੱਦ ਤੱਕ ਕਾਮਯਾਬ ਹੋਇਆ ਸੀ। ਇਸ ਗੱਲ ਦੀ ਸੰਭਾਵਨਾ ਹੁਣ ਪੂਰੇ ਦੇਸ਼ ਦੇ ਪੈਮਾਨੇ 'ਤੇ ਜ਼ਿਆਦਾ ਵਧ ਗਈ ਹੈ। ਹੁਣ 'ਹਿੰਦੂ' ਦੇ ਨਾਂ 'ਤੇ ਗੈਰ ਸਵਰਨ ਜਾਤੀਆਂ ਦੇ ਲੋਕਾਂ ਦੀ ਲਾਮਬੰਦੀ ਦੀ ਸੰਭਵਾਨਾ ਪਹਿਲਾਂ ਤੋਂ ਵਧ ਗਈ ਹੈ। ਇਹ ਸੰਘ ਪਰਿਵਾਰ ਦੇ ਲਈ ਅਨਕੂਲ ਹੈ। ਇਸ ਦੇ ਨਾਲ ਤੀਜੀ ਗੱਲ ਇਹ ਹੈ ਕਿ ਪੂੰਜੀਵਾਦ ਵਲੋਂ ਛੋਟੀ ਸੰਪਤੀ ਅਤੇ ਮੱਧ ਵਰਗ ਦੇ ਹੇਠਲੇ ਹਿੱਸਿਆਂ ਦੀ ਤਬਾਹੀ ਦਾ ਅਮਲ ਬਹੁਤ ਵਧ ਗਿਆ ਹੈ। ਖਾਸ ਕਰਕੇ ਛੋਟੇ ਕਿਸਾਨ ਦਸਤਕਾਰ ਤੇ ਦੁਕਾਨਦਾਰ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਇਕ ਪਾਸੇ ਜੇ ਮੱਧ ਵਰਗ ਦਾ ਉੱਪਰੀ ਹਿੱਸਾ ਉਦਾਰੀਕ੍ਰਿਤ ਪੂੰਜੀਵਾਦ ਤੋਂ ਲਾਭ ਉਠਾਉਂਦਿਆਂ ਆਪਣੀ ਦੁਨੀਆਂ 'ਚ ਸਿਮਟਿਆ ਰਿਹਾ ਹੈ ਤਾਂ ਉਸ ਦਾ ਹੇਠਲਾ ਹਿੱਸਾ ਜੋ ਬਹੁਤਾ ਵੱਡਾ ਹੈ, ਲਗਾਤਾਰ ਸੰਕਟਾਂ ਦੀ ਘੁਮਣਘੇਰੀ 'ਚ ਫਸਦਾ ਜਾ ਰਿਹਾ ਹੈ ਅਤੇ ਇਹ ਯਾਦ ਰੱਖਣ ਦੀ ਗੱਲ ਹੈ ਕਿ ਫਾਸ਼ੀਵਾਦ ਲਈ ਇਹੀ ਵਰਗ ਸਭ ਤੋਂ ਵੱਧ ਗ੍ਰਾਹੀ ਹੁੰਦਾ ਹੈ। ਦੇਸ਼ 'ਚ ਅੱਤਵਾਦੀ ਵਾਰਦਾਤਾਂ ਸਮੇਂ ਇਸ ਵਰਗ ਦੀ ਜਨੂੰਨੀ ਪ੍ਰਤੀਕਿਰਿਆ ਸਿੱਧਾ ਫਾਸ਼ੀਵਾਦ ਰੁਝਾਣ ਦਰਸਾਉਂਦੀ ਹੈ। ਇਹ ਸਭ ਤੋਂ ਵੱਧ ਨਵੰਬਰ 2008 'ਚ ਮੁੰਬਈ ਘਟਨਾ ਸਮੇਂ ਦੇਖਣ 'ਚ ਆਇਆ। ਜੇ ਸੰਘ ਪਰਿਵਾਰ ਅਮਰੀਕੀ ਸਾਮਰਾਜ ਦੇ ਸੁਰ 'ਚ ਸੁਰ ਮਿਲਾਉਂਦੇ ਹੋਇਆ ਅੱਤਵਾਦ ਵਿਰੋਧ ਅਤੇ ਹਿੰਦੂ ਫਿਰਕਾਪ੍ਰਸਤੀ (ਇਹ ਦੋਨਾਂ ਦਾ ਇਕ ਹੀ ਮਤਲਬ ਹੋਵੇਗਾ ਮੁਸਲਮਾਨ ਵਿਰੋਧ) ਦੀ ਖਿਚੜੀ ਪੱਕਣ 'ਚ ਕਾਮਯਾਬ ਹੁੰਦਾ ਹੈ। ਤਾਂ ਇਹ ਬਹੁਤ ਘਾਤਕ ਸਾਬਤ ਹੋਵੇਗਾ। ਭਾਰਤੀ ਦਲਾਲ ਸਰਮਾਏਦਾਰੀ ਦੇ ਲਗਾਤਾਰ ਵਧਦੇ ਸੰਕਟ ਨੂੰ ਵੇਖਦੇ ਹੋਇਆ ਇਸ ਗੱਲ ਦੀ ਸੰਭਾਵਨਾ ਵੀ ਪੈਦਾ ਹੋ ਸਕਦੀ ਹੈ ਕਿ ਮਜ਼ਦੂਰ ਵਰਗ ਤੇ ਗਰੀਬਾਂ ਦਾ ਇਕ ਹਿੱਸਾ ਵੀ ਫਾਸ਼ੀਵਾਦ ਵੱਲ ਜਾਵੇ।

ਦੇਸ਼ ਦੀ ਮਜ਼ਦੂਰ ਮੇਹਨਤਕਸ਼ ਜਨਤਾ ਲਈ ਅਤੀ ਘਾਤਕ ਇਸ ਸੰਭਾਵਨਾ ਨੂੰ ਵੇਖਦੇ ਹੋਇਆ ਸੰਘ ਪਰਿਵਾਰ ਦੇ ਹਿੰਦੂ ਫਿਰਕੂ ਫਾਸ਼ੀਵਾਦ ਦੇ ਖਤਰੇ ਪ੍ਰਤੀ ਸੁਚੇਤ ਹੋਣਾ ਹੋਵੇਗਾ। ਮਜ਼ਦੂਰ ਮੇਹਨਤਕਸ਼ ਲੋਕਾਂ ਨੂੰ ਇਸ ਵਿਰੁੱਧ ਲਾਮਬੰਦ ਵੀ ਕਰਨਾ ਪੈਣਾ ਹੈ। ਇਥੇ ਇਹ ਦਰਜ ਕਰਨਾ ਹੋਵੇਗਾ ਕਿ ਇਸ ਫਿਰਕੂ ਫਾਸ਼ੀਵਾਦ ਦਾ ਮੁਕਾਬਲਾ ਸੰਕਟ ਗ੍ਰਸਿਤ ਪੂੰਜੀਵਾਦ ਪ੍ਰਬੰਧ ਦੇ ਖਾਤਮੇ ਦੀ ਲੜਾਈ ਦੇ ਜ਼ਰੀਏ ਹੀ ਕੀਤਾ ਜਾ ਸਕਦਾ ਹੈ।

# ਭਾਰਤੀ ਸਿਆਸਤ ਦੀਆਂ ਦੋ ਧਾਰਾਵਾਂ

ਭਾਰਤ 'ਚ ਅਨੇਕਾਂ ਕਿਸਮਾਂ ਦੇ ਗਾਂਧੀਵਾਦੀ ਮੌਜੂਦ ਹਨ। ਨਾਸਤਿਕ ਗਾਂਧੀਵਾਦੀ ਕਮਿਊਨਿਸਟ ਗਾਂਧੀਵਾਦੀ, 'ਗਾਂਧੀਵਾਦੀ ਸਮਾਜਵਾਦ ਨੂੰ ਧਾਰਮਿਕ ਸਮਾਜਵਾਦ' ਰੂਪ 'ਚ ਹਾਸਲ ਕਰਨ ਦੀ ਤਮੰਨਾ ਰੱਖਣ ਵਾਲੇ, ਸਰਵੋਦਈ ਜੋ ਗਾਂਧੀਵਾਦ ਨੂੰ ਸਰਬ ਰੋਗ-ਨਿਰੋਧਕ ਹੋਣ ਦਾ ਪ੍ਰਚਾਰ ਕਰਦੇ ਹਨ, ਕਾਂਗਰਸੀ ਜੋ ਗਾਂਧੀ ਨੂੰ ਉਨ੍ਹਾਂ ਉਚਾਈਆਂ 'ਤੇ ਬਿਠਾਉਂਦੇ ਹਨ ਜਿਵੇਂ ਉਹ ਗਾਂਧੀ ਨੂੰ ਰੱਬ ਵਾਂਗੂ ਮੰਨਦੇ ਹੋਣ। ਇਸ ਤਰ੍ਹਾਂ ਵੱਖ-ਵੱਖ ਕਿਸਮਾਂ ਦੇ ਗਾਂਧੀਵਾਦੀਆਂ ਦੀ ਮੌਜੂਦਗੀ ਵਾਲਾ ਦੇਸ਼ ਹੈ ਸਾਡਾ। ਆਪਣੇ ਦੇਸ਼ 'ਚ ਉਹ 'ਗਾਂਧੀਵਾਦ ਕਲਟ' ਵੀ ਬਰਕਰਾਰ ਹੈ, ਜਿੱਥੇ ਗਾਂਧੀ ਦੀ ਆਲੋਚਨਾ ਕਰਨਾ ਸਮੁੱਚੀ ਕੌਮ ਦੇ ਅਪਮਾਨ ਤੋਂ ਘੱਟ ਨਹੀਂ ਸਮਝਿਆ ਜਾਂਦਾ ਅਤੇ ਨਾਂਲ ਹੀ ਇਸ ਨੂੰ ਦੇਸ਼-ਧ੍ਰੋਹ ਤੋਂ ਵੀ ਵੱਧ ਨਹੀਂ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਉਕਤ ਵੱਖ-ਵੱਖ ਵਿਚਾਰਾਂ ਵਾਲੇ ਸਾਰੇ ਲੋਕ ਭਗਤ ਸਿੰਘ ਨੂੰ ਵੀ ਸਲਾਮ ਕਰਦੇ ਹਨ ਅਤੇ ਉਨ੍ਹਾਂ ਦੀ ਤਾਰੀਫ ਵੀ ਕਰਦੇ ਹਨ। ਲੋਕਾਂ 'ਚ ਇਹ ਕਹਾਵਤ ਵੱਡੇ ਪੈਮਾਨੇ 'ਤੇ ਫੈਲਾ ਦਿੱਤੀ ਗਈ ਹੈ ਕਿ ਭਾਵੇਂ ਗਾਂਧੀ ਤੇ ਭਗਤ ਸਿੰਘ ਦੋਹਾਂ ਦੇ ਆਪਣੇ-ਆਪਣੇ ਰਾਹ ਵੱਖ-ਵੱਖ ਕਿਉਂ ਨਾ ਹੋਣ ਪਰ ਦੋਹਾਂ ਨੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਅਣਥੱਕ ਕੋਸ਼ਿਸ਼ ਕੀਤੀ ਸੀ। ਇਸ ਦੌਰਾਨ ਭਗਤ ਸਿੰਘ ਨੇ ਆਪਣੇ ਜੀਵਨ ਦੀ ਬਲੀ ਦਿੱਤੀ ਤੇ ਗਾਂਧੀ ਆਪਣੇ ਉਦੇਸ਼ 'ਚ ਜੇਤੂ ਰਹੇ। ਇਹ ਮੰਨਣਾ ਕਿ ਗਾਂਧੀ ਤੇ ਭਗਤ ਸਿੰਘ ਦੋਹਾਂ ਦੇ ਮਕਸਦ ਇਕ ਹੀ ਸਨ। ਅਸਲ 'ਚ ਭਗਤ ਸਿੰਘ ਦਾ ਅਪਮਾਨ ਕਰਨਾ ਤੇ ਜੋ ਮਹਾਨ ਮਕਸਦ ਗਾਂਧੀ 'ਚ ਮੌਜੂਦ ਨਹੀਂ ਸਨ, ਉਨ੍ਹਾਂ ਨੂੰ ਗਾਂਧੀ ਦੇ ਆਦਰਸ਼ 'ਚ ਸ਼ਾਮਿਲ ਕਰਨ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਹੈ। ਦੋ ਟੂੱਕ ਸ਼ਬਦਾਂ 'ਚ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੋਹਾਂ ਦੇ ਵਿਚਾਰ ਆਪਸੀ ਜਮਾਤੀ ਦੁਸ਼ਮਣੀ ਵਾਲੇ ਇਕ ਦੂਜੇ ਦੇ ਵਿਰੋਧੀ ਸਨ। ਇਹੀ ਕਾਰਨ ਹੈ ਕਿ ਦਾਰਸ਼ਨਿਕ ਚਿੰਤਨ 'ਚ ਸਮਾਜਕ ਸਮਝ 'ਚ ਤੇ ਰਾਜਸੀ ਅਕੀਦਿਆਂ ਨੂੰ ਅਪਣਾਉਣ 'ਚ ਦੋਨੋਂ ਪੂਰੀ ਤਰ੍ਹਾਂ ਇਕ ਦੂਜੇ ਦੇ ਉਲਟ ਸੁਭਾਅ ਤੇ ਆਚਰਣ ਵਾਲੇ ਸਨ। ਇਸ ਸਬੰਧ 'ਚ ਦੇਸ਼ ਦੀ ਜਨਤਾ ਨੂੰ ਜੋ ਕੁਝ ਪਤਾ ਸੀ, ਉਸ ਤੋਂ ਕਿਤੇ ਵੱਧ ਗਹਿਰਾਈ ਨਾਲ ਇਹ ਸਪੱਸ਼ਟ ਰੂਪ 'ਚ ਖੁਦ ਗਾਂਧੀ ਨੂੰ ਪਤਾ ਸੀ। ਇਹੀ ਕਾਰਨ ਸੀ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਤੋਂ ਬਚਾਉਣ ਲਈ ਅੱਛਾ ਮੌਕਾ ਮਿਲਣ ਦੇ ਬਾਵਜੂਦ ਗਾਂਧੀ ਨੇ ਕੁਝ ਨਹੀਂ ਕੀਤਾ। ਇਸ ਘਟਨਾ ਦੇ 77 ਸਾਲ ਗੁਜ਼ਰ ਜਾਣ ਦੇ ਬਾਅਦ ਵੀ ਇਹ ਮੁੱਦਾ ਚਰਚਾ ਦੇ ਕੇਂਦਰ 'ਚ ਬਣਿਆ ਰਿਹਾ ਹੈ। ਆਜ਼ਾਦੀ ਸੰਗਰਾਮ ਨਾਲ ਜੁੜੇ ਰਾਜਸੀ ਨੇਤਾਵਾਂ ਦੀਆਂ ਡਾਇਰੀਆਂ, ਵਾਇਸਰਾਏ ਦੀ ਆਤਮਕਥਾ, ਗ੍ਰਹਿ ਮੰਤਰਾਲੇ ਦੀਆਂ ਫਾਈਲਾਂ, 'ਕਾਂਗਰਸ ਚਰਿੱਤਰ' (ਡਾ. ਪਟਾਮੀ ਸੀਤਾ ਰਮਈਆ ਦੀ ਲਿਖੀ ਤੇਲਗੂ ਪੁਸਤਕ ਜਿਸ ਨੂੰ ਹਿੰਦੀ 'ਕਾਂਗਰਸ ਇਤਿਹਾਸ' ਕਿਹਾ ਜਾਂਦਾ ਹੈ।) ਇਨ੍ਹਾਂ ਸਾਰਿਆਂ ਦਾ ਅਧਿਐਨ ਕਰਕੇ ਇਕੋ ਵੇਲੇ ਰੱਖ ਕੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਗੱਲ ਸਪੱਸ਼ਟ ਤੌਰ 'ਤੇ ਖੁੱਲ੍ਹ ਕੇ ਸਾਹਮਣੇ ਆ ਸਕਦੀ ਹੈ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਫਾਂਸੀ ਦੀ ਮੁਆਫੀ ਲਈ ਗਾਂਧੀ ਤੇ ਨਹਿਰੂ ਦੋਹਾਂ

ਦੇ ਯਤਨ ਨਾਮਾਤਰ ਵੀ ਨਹੀਂ ਸਨ। ਬ੍ਰਿਟਿਸ਼ ਸ਼ਾਸਕ ਦਿੱਲੀ ਦੀ ਸੰਸਦ ਵਿਚ ਜਨ ਸੁਰੱਖਿਆ ਬਿੱਲ (???) ਤੇ ਕਿਰਤ ਵਿਵਾਦ ਬਿੱਲ (???) ਨੂੰ ਪਾਸ ਕਰਾਉਣ ਲਈ ਵਚਨਬੱਧ ਸਨ। ਇਨ੍ਹਾਂ ਹਾਲਤਾਂ 'ਚ ਇਨ੍ਹਾਂ ਵਿਰੁੱਧ ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਦੇ ਫੈਸਲੇ ਅਨੁਸਾਰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਜਾਨ ਨੁਕਸਾਨ ਨਾ ਪਹੁੰਚਾਉਣ ਵਾਲੇ ਬੰਬ ਨੂੰ ਸੰਸਦ 'ਚ ਸੁੱਟ ਕੇ ਸਰਕਾਰ ਕੋਲੋਂ ਪਾਸ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਪ੍ਰਤੀ ਆਪਣਾ ਵਿਰੋਧ ਜ਼ਾਹਿਰ ਕੀਤਾ ਸੀ। ਆਪਣੇ ਵਿਰੋਧ ਦੇ ਕਾਰਨਾਂ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਪਰਚੇ ਸੁੱਟੇ ਸਨ ਅਤੇ ਨਾਹਰੇ ਲਾਉਂਦਿਆਂ ਗ੍ਰਿਫਤਾਰੀ ਦਿੱਤੀ ਸੀ। ਇਸ ਮੁਕੱਦਮੇ 'ਚ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੂੰ 10.7.1929 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

1928 ਦੇ ਅਕਤੂਬਰ 'ਚ ਜਦ ਸਾਈਮਨ ਕਮਿਸ਼ਨ ਲਾਹੌਰ ਦਾਖ਼ਲ ਹੋ ਰਿਹਾ ਸੀ ਤਾਂ 'ਸਾਈਮਨ ਵਾਪਸ ਜਾਓ' ਦੇ ਨਾਅਰੇ ਨਾਲ ਉਥੇ ਆਯੋਜਿਤ ਵਿਸ਼ਾਲ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਲਾਲਾ ਲਾਜਪਤ ਰਾਏ 'ਤੇ ਬ੍ਰਿਟਿਸ਼ ਪੁਲਸ ਅਫਸਰਾਂ ਨੇ ਸੇਧ-ਸੇਧ ਕੇ ਡਾਂਗਾਂ ਵਰ੍ਹਾਂਈਆਂ ਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਸਿੱਟੇ ਵਜੋਂ ਕੁਝ ਦਿਨਾਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਭਾਵੇਂ ਲਾਜਪਤ ਰਾਏ ਕਾਂਗਰਸ ਦੇ ਨਰਮ ਪੰਥੀ ਧੜੇ ਦੇ ਨੇਤਾ ਸਨ, ਫਿਰ ਵੀ ਉਨ੍ਹਾਂ ਦੀ ਮੌਤ 'ਤੇ ਨੌਜਵਾਨਾਂ ਖਾਸ ਕਰਕੇ ਪੰਜਾਬ ਦੇ ਨੌਜਵਾਨਾਂ 'ਚ ਉਸ ਵੇਲੇ ਦੀ ਸਰਕਾਰ ਪ੍ਰਤੀ ਘ੍ਰਿਣਾ ਜਾਗ ਉਠੀ ਸੀ। ਲਾਲਾ ਜੀ ਦੇ ਕਤਲ ਦੇ ਪ੍ਰਤੀਕਰਮ ਵਜੋਂ ਮਿਤੀ 12 ਦਸੰਬਰ 1928 ਨੂੰ ਦਿਨ-ਦਿਹਾੜੇ ਲਾਹੌਰ ਸ਼ਹਿਰ ਵਿਚ ਬ੍ਰਿਟਿਸ਼ ਪੁਲਸ ਅਫਸਰ ਸਾਂਡਰਸ ਨੂੰ ਰਾਜਗੁਰੂ, ਭਗਤ ਸਿੰਘ ਤੇ ਬਟੁਕੇਸ਼ਵਰ, ਆਜ਼ਾਦ ਆਦਿ ਨੌਜਵਾਨਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਤਦ ਤਕ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਕੇਂਦਰੀ ਪਾਰਲੀਮੈਂਟ 'ਚ ਬੰਬ ਸੁੱਟ ਕੇ ਗ੍ਰਿਫਤਾਰੀ ਨਹੀਂ ਦਿੱਤੀ ਸੀ। ਸਾਂਡਰਸ ਨੂੰ ਕਿਸ ਨੇ ਮਾਰਿਆ ਹੈ, ਇਸ ਦੇ ਬਾਰੇ ਦੁਨੀਆਂ ਨੂੰ ਕੁਝ ਵੀ ਪਤਾ ਨਹੀਂ ਸੀ। ਸਾਂਡਰਸ ਦੀ ਹੱਤਿਆ ਨੂੰ ਹੀ ਲਾਹੌਰ ਸਾਜ਼ਿਸ਼ ਕੇਸ 'ਚ ਬਦਲ ਕੇ ਬ੍ਰਿਟਿਸ਼ ਅਦਾਲਤ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 7 ਅਕਤੂਬਰ 1930 ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ 24 ਮਾਰਚ 1931 ਨੂੰ ਫਾਂਸੀ ਲਾਉਣ ਲਈ ਜੇਲ੍ਹ ਅਧਿਕਾਰੀਆਂ ਨੂੰ ਹੁਕਮ ਭੇਜ ਦਿੱਤਾ।

ਕੀ ਭਗਤ ਸਿੰਘ ਦੀ ਫਾਂਸੀ ਨੂੰ ਰੱਦ ਕਰਾਉਣ ਲਈ ਗਾਂਧੀ ਨੇ ਸੱਚਮੁੱਚ ਕੋਸ਼ਿਸ਼ ਕੀਤੀ? ਅਦਾਲਤ ਦੇ ਫੈਸਲੇ ਦੀ ਸੁਣਵਾਈ ਤੇ ਫਾਂਸੀ 'ਤੇ ਅਮਲ ਵਿਚਕਾਰ ਸਾਢੇ ਪੰਜ ਮਹੀਨੇ ਦਾ ਸਮਾਂ ਸੀ। ਅਦਾਲਤ ਦੀ ਸੁਣਵਾਈ 'ਤੇ ਦੇਸ਼ 'ਚ ਵੱਡੇ ਪੈਮਾਨੇ 'ਤੇ ਲੋਕ ਅੰਦੋਲਨ ਭੜਕ ਪਿਆ ਸੀ। ਵਿਦਿਆਰਥੀਆਂ ਨੇ ਹੜਤਾਲਾਂ ਕੀਤੀਆਂ। ਇਨ੍ਹਾਂ ਹੜਤਾਲਾਂ ਦਾ ਕੇਂਦਰ ਸਹਿਜ ਹੀ ਲਾਹੌਰ ਸ਼ਹਿਰ ਸੀ। ਅਜਿਹੇ ਇਕ ਮੁਜ਼ਾਹਰੇ ਦੌਰਾਨ 8 ਅਕਤੂਬਰ 1930 ਨੂੰ ਲਾਹੌਰ 'ਚ ਰਾਜਕੀ ਕਾਲਜ ਦੇ ਸਾਹਮਣੇ ਅੰਦੋਲਨਕਾਰੀਆਂ 'ਤੇ ਪੁਲਿਸ ਫੋਰਸ ਨੇ ਅੰਧਾਧੁੰਦ ਲਾਠੀਆਂ ਵਰ੍ਹਾਂਈਆਂ, ਜਿਸ 'ਚ ਡੀ. ਏ. ਵੀ. ਕਾਲਜ ਦੇ ਵਿਦਿਆਰਥੀ ਤੇ ਅਧਿਆਪਕ ਮੌਜੂਦ ਸਨ। ਕਾਂਗਰਸ ਪਾਰਟੀ ਦੇ ਆਮ ਸਾਧਾਰਨ ਮੈਂਬਰਾਂ ਤੋਂ ਲੈ ਕੇ ਕੁਝ ਰਾਜਸੀ ਨੇਤਾਵਾਂ ਤਕ ਨੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਫਾਂਸੀ ਮੁਆਫ ਕਰਾਉਣ ਦੇ ਵਾਸਤੇ ਬ੍ਰਿਟਿਸ਼ ਹਕੂਮਤ ਨਾਲ ਗੱਲਬਾਤ ਦੌਰਾਨ ਇਸ ਨੂੰ ਇਕ ਸ਼ਰਤ ਵਜੋਂ ਰੱਖੇ ਜਾਣ ਲਈ ਦਬਾਅ ਪਾਇਆ ਅਤੇ

ਸਭ ਨੇ ਇੱਛਾ ਜ਼ਾਹਰ ਕੀਤੀ ਸੀ ਕਿ ਗਾਂਧੀ-ਇਰਵਿਨ ਸਮਝੌਤੇ ਵਿਚ ਇਸ ਗੱਲ ਨੂੰ ਇਕ ਮੁੱਦੇ ਵਜੋਂ ਪੇਸ਼ ਕੀਤਾ ਜਾਵੇ। ਡਾ. ਪਟਾਭੀ ਸੀਤਾ ਰਮੱਈਆ ਵੱਲੋਂ ਲਿਖਤ 'ਕਾਂਗਰਸ ਚਰਿੱਤਰ' 'ਚ ਇਹ ਦਰਜ ਕਿ 'ਭਗਤ ਸਿੰਘ ਤੇ ਉਨ੍ਹਾਂ ਦੇ ਪੈਰੋਕਾਰ ਜਿਵੇਂ ਰਾਜਗੁਰੂ ਤੇ ਸੁਖਦੇਵ ਨੂੰ ਦਿੱਤੇ ਗਏ ਫਾਂਸੀ ਦੇ ਦੰਡ ਨੂੰ ਹਟਾ ਦੇਣ ਸੰਬੰਧੀ ਕਾਫੀ ਬਹਿਸ ਚਲਾਈ ਜਾਵੇਗੀ। ਕੁਝ ਹੀ ਦਿਨਾਂ 'ਚ ਇਨ੍ਹਾਂ ਤਿੰਨਾਂ (ਨੌਜਵਾਨਾਂ) ਨੂੰ ਫਾਂਸੀ ਦੇ ਤਖਤੇ 'ਤੇ ਲਟਕਾ ਦਿੱਤਾ ਜਾਵੇਗਾ। ਹੁਣ ਤੋਂ ਹੀ ਦੇਸ਼ ਭਰ 'ਚ ਬਹੁਤ ਸ਼ੋਰ-ਸ਼ਰਾਬਾ ਮਚਾ ਰਿਹਾ ਹੈ। ਸਭ ਦੇਸ਼ ਵਾਸੀਆਂ ਦੇ ਦਿਲਾਂ ਵਿਚ ਤਸੱਲੀ ਤੇ ਸ਼ਾਂਤੀ ਲਿਆਉਣ ਦੇ ਵਿਚਾਰ ਨਾਲ ਇਸ ਫਾਂਸੀ ਦੀ ਸਜ਼ਾ ਨੂੰ ਰੱਦ ਕਰਾਉਣ ਲਈ ਕਾਂਗਰਸ ਪਾਰਟੀ ਵਿਚ ਵੀ ਤਰਥੱਲੀ ਮਚੀ ਹੋਈ ਸੀ (ਕਾਂਗਰਸ ਚਰਿੱਤਰ ਪੰਨਾ 643)

ਗਾਂਧੀ-ਇਰਵਨ ਵਾਰਤਾ 17 ਫਰਵਰੀ 1931 ਤੋਂ 4 ਮਾਰਚ 1931 ਤੱਕ ਚੱਲੀ ਸੀ। ਇਸ ਬਾਤਚੀਤ 'ਚ ਕੁਝ ਸਮਾਂ ਛੱਡ ਕੇ ਲੰਮੀ ਚਰਚਾ ਹੋਈ ਸੀ ਅਤੇ ਦੋਹਾਂ ਵਿਚਕਾਰ 12 ਮੁੱਦਿਆਂ 'ਤੇ ਇਕਰਾਰ ਹੋਇਆ ਸੀ। ਦੇਸ਼ ਭਰ 'ਚ ਆਮ ਲੋਕਾਂ ਦੀ ਭਾਰੀ ਇੱਛਾ ਸੀ ਕਿ ਭਗਤ ਸਿੰਘ 'ਤੇ ਉਸ ਦੇ ਹੋਰ ਦੋ ਸਾਥੀਆਂ ਦੀ ਫਾਂਸੀ ਰੱਦ ਕਰਨ ਦੀ ਸ਼ਰਤ ਇਸ ਇਕਰਾਰਨਾਮੇ 'ਚ ਮੌਜੂਦ ਹੋਵੇ। ਪਰ ਉਨ੍ਹਾਂ ਸ਼ਰਤਾਂ 'ਚ ਇਹ ਸ਼ਰਤ ਸ਼ਾਮਿਲ ਨਹੀਂ ਸੀ ਅਤੇ ਗਾਂਧੀ-ਇਰਵਨ ਬਹਿਸਾਂ ਵਿਚ ਵੀ ਇਹ ਗੱਲ ਨਹੀਂ ਆਈ ਸੀ। ਜੇ ਆਈ ਵੀ ਹੁੰਦੀ ਤਾਂ ਅਸਲੀ ਗੱਲਾਂ ਕਿਥੇ ਸਨ। ਇਨ੍ਹਾਂ ਸਾਰਿਆਂ ਬਾਰੇ ਆਮ ਜਨਤਾ ਨੂੰ ਸ਼ਾਇਦ ਹੀ ਕੁਝ ਪਤਾ ਲੱਗਾ ਹੋਵੇ।

ਸਮਝੌਤੇ ਤੋਂ ਤੁਰੰਤ ਬਾਅਦ ਆਯੋਜਿਤ ਰਾਸ਼ਟਰੀ 'ਤੇ ਅੰਤਰਰਾਸ਼ਟਰੀ ਪੱਤਰਕਾਰ ਸੰਮੇਲਨ 'ਚ ਗਾਂਧੀ ਨੂੰ ਇਕ ਪੱਤਰਕਾਰ ਨੇ ਸੁਆਲ ਕੀਤਾ ਸੀ। ਕੀ ਭਗਤ ਸਿੰਘ ਆਦਿ ਲੋਕਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ 'ਚ ਤਬਦੀਲ ਕਰ ਦਿੱਤਾ ਹੈ?

ਗਾਂਧੀ ਦਾ ਜਵਾਬ ਸੀ ਕਿ ਜੇ ਇਹ ਸੁਆਲ ਮੈਨੂੰ ਨਾ ਪੁੱਛੋਂ ਤਾਂ ਹੀ ਅੱਛਾ ਹੈ। ਇਸ ਬਾਰੇ ਪੱਤਰ ਪੱਤਰਕਾਵਾਂ 'ਚ ਕਾਫੀ ਸਮੱਗਰੀ ਪ੍ਰਕਾਸ਼ਿਤ ਹੋ ਰਹੀ ਹੈ। ਪੱਤਰਕਾਵਾਂ ਦੇ ਪ੍ਰਤੀਨਿਧ ਇਸ ਦੇ ਆਧਾਰ 'ਤੇ ਸਾਰਾਂਸ਼ ਕੱਢ ਸਕਦੇ ਹਨ। ਇਸ ਤੋਂ ਵੱਧ ਬੋਲਣਾ ਮੈਨੂੰ ਉਕਾ ਹੀ ਪਸੰਦ ਨਹੀਂ ਹੈ। (ਕਾਂਗਰਸ ਚਰਿਤਰ ਪੰਨਾ 653-654)। ਉਨ੍ਹਾਂ ਦਿਨਾਂ ਦੀਆਂ ਪੱਤਰ ਪੱਤਰਕਾਵਾਂ ਤੋਂ ਜੋ ਵੀ ਪਤਾ ਲੱਗਿਆ ਉਹ ਬੱਸ ਉਨ੍ਹਾਂ ਹੀ ਸੀ ਪਰ ਡਾ : ਪਟਾਮੀ ਵੱਲੋਂ "ਕਾਂਗਰਸ ਚਰਿਤਰ" ਲਿਖ ਲੈਣ ਪਿੱਛੋਂ ਇਕ ਹੋਰ ਮੁੱਦਾ ਸਾਹਮਣੇ ਆਇਆ ਸੀ। ਉਹ ਇਹ ਕਿ ਅਸਲ ਵਿਚ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਦਿੱਤੀ ਗਈ ਸਜਾ-ਏ-ਮੌਤ ਨੂੰ 24 ਮਾਰਚ 1931 ਨੂੰ ਅਮਲ 'ਚ ਲਿਆਂਦਾ ਜਾਣਾ ਸੀ ਪਰ 25 ਮਾਰਚ ਨੂੰ ਮਾਰਚ ਨੂੰ ਕਰਾਚੀ ਵਿਚ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ 'ਚ ਕਾਂਗਰਸ ਦਾ ਸੈਸ਼ਨ ਆਰੰਭ ਹੋਣ ਜਾ ਰਿਹਾ ਸੀ ਇਸ ਨਾਲ ਇਕ ਦਿਨ ਪਹਿਲਾਂ (ਯਾਨੀ 24 ਮਾਰਚ ਨੂੰ) ਨਹਿਰੂ ਦੇ ਕਰਾਚੀ ਆਗਮਨ ਮੌਕੇ ਲੋਕਾਂ 'ਚ ਉਸ ਖਿਲਾਫ ਤੇਜ਼ ਅਸੰਤੋਸ਼ ਭਟਕ ਸਕਦਾ ਸੀ। ਇਸ ਲਈ ਗਾਂਧੀ ਨੇ ਇਰਵਨ ਨੂੰ ਸੁਝਾਅ ਦਿੱਤਾ ਕਿ ਇਕ ਦਿਨ ਪਹਿਲਾਂ ਹੀ (ਯਾਨੀ 23 ਮਾਰਚ ਨੂੰ) ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਜਾਵੇ। "ਕਾਂਗਰਸ ਚਰਿਤਰ" ਵਿਚ ਲਿਖਿਆ ਗਿਆ ਹੈ ਕਿ "ਇਰਵਨ ਨੇ ਵਿਸ਼ਵਾਸ ਦਿੱਤਾ ਸੀ ਕਿ ਕਾਂਗਰਸ ਦੇ ਕਰਾਚੀ ਸੈਸ਼ਨ ਦੀ ਸਮਾਪਤੀ

ਤੱਕ ਉਹ ਕਿਸੇ ਤਰ੍ਹਾਂ ਫਾਂਸੀ ਨੂੰ ਅਟਕਾ ਕੇ ਰੱਖ ਦੇਣਗੇ। ਇਹ ਸੈਸ਼ਨ ਮਾਰਚ ਮਹੀਨੇ ਦੇ ਆਖਰੀ ਹਫ਼ਤੇ ਤੱਕ ਸਪੰਨ ਹੋਣੀ ਸੀ। ਇਸ ਲਈ ਗਾਂਧੀ ਨੇ (ਇਰਵਨ ਨੂੰ) ਦੱਸਿਆ ਕਿ "ਜੇ ਇਨ੍ਹਾਂ ਲੜਕਿਆਂ ਨੂੰ ਫਾਂਸੀ ਦਿੱਤੀ ਜਾਣੀ ਹੈ ਤਾਂ ਕਾਂਗਰਸ ਸੈਸ਼ਨ ਦੇ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਹੀ ਉਸ 'ਤੇ ਅਮਲ ਕੀਤਾ ਜਾ ਸਕਦਾ ਹੈ।" (ਉਹੀ ਪੰਨਾ 643)

ਗਾਂਧੀ ਵੱਲੋਂ ਇਰਵਿਨ ਨੂੰ ਇਸ ਤਰ੍ਹਾਂ ਦਾ ਸੁਝਾਅ ਦੇਣ ਦਾ ਮਤਲਬ ਕੀ ਹੋ ਸਕਦਾ ਹੈ ? ਜੀਵ ਹਿੰਸਾ ਦੇ ਵਿਰੋਧੀ 'ਮਹਾਤਮਾ' ਫਾਂਸੀ ਦੀ ਸਜ਼ਾ ਨੂੰ ਰੱਦ ਕੀਤੇ ਜਾਣ ਤਕ ਵਰਤ ਰੱਖਣ ਦੀ ਧਮਕੀ ਦੇਕੇ ਕਿਸੇ ਵੀ ਸੂਰਤ 'ਚ ਉਨ੍ਹਾਂ ਦੀ ਫਾਂਸੀ ਨੂੰ ਰੱਦ ਕਰਾਉਣ ਦੀ ਬਜਾਏ ਉਸ 'ਤੇ ਅਮਲ ਕਰਾਉਣ ਲਈ ਨਿਯਤ ਦਿਨ ਤੋਂ ਇਕ ਦਿਨ ਪਹਿਲਾਂ ਹੀ ਉਸ ਨੂੰ ਲਾਗੂ ਕਰਾਉਣ ਦੀ ਬੇਨਤੀ ਕੀਤੇ ਜਾਣਾ ਕਿਸੇ ਨੂੰ ਵੀ ਹੈਰਾਨੀ (ਜਾਂ ਸ਼ੱਕ) 'ਚ ਪਾ ਸਕਦਾ ਹੈ। ਕਾਂਗਰਸ ਦੇ ਕਰਾਚੀ ਸੈਸ਼ਨ ਵੱਲੋਂ ਮਨਜ਼ੂਰ ਪ੍ਰਸਤਾਵ ਅਨੁਸਾਰ ਜਾਂ ਫਿਰ "ਕਾਂਗਰਸ ਚਰਿਤਰ" ਦੇ ਲੇਖਕ ਡਾ : ਪਟਾਮੀ ਦੇ ਲੇਖ 'ਚ ਇਹ ਦੱਸਿਆ ਗਿਆ ਸੀ ਕਿ ਫਾਂਸੀ ਦੀ ਸਜ਼ਾ ਨੂੰ ਰੱਦ ਕੀਤੇ ਜਾਣ ਦੇ ਪ੍ਰਸਤਾਵ ਦੇ ਬਾਵਜੂਦ ਕੋਈ ਫਾਇਦਾ ਨਹੀਂ ਹੋ ਸਕਿਆ। ਪਰ ਗਾਂਧੀ-ਇਰਵਿਨ ਸਮਝੌਤੇ ਦੋਰਾਨ ਹੋਈ ਅਣਅਧਿਕਾਰਿਤ ਗੱਲਬਾਤ ਬਾਰੇ ਗਾਂਧੀ ਇਰਵਿਨ ਸਮਝੌਤੇ ਦੌਰਾਨ ਹੋਈ ਅਣਅਧਿਕਾਰਿਤ ਗੱਲਬਾਤ ਬਾਰੇ ਗਾਂਧੀ ਦੇ ਲੇਖ, ਫਾਂਸੀ ਦੀ ਸਜ਼ਾ 'ਤੇ ਅਮਲ ਤੋਂ ਚਾਰ ਦਿਨ ਪਹਿਲਾਂ ਸਮਝੌਤੇ ਦੇ ਅਮਲ 'ਚ ਮੌਜੂਦ ਕੁਝ ਕੁ ਭੁਲਾਂ ਨੂੰ ਦਸਣ ਵਾਸਤੇ ਗਾਂਧੀ ਦੀ ਵਾਇਸਰਾਏ ਨਾਲ ਦੁਬਾਰਾ ਮੁਲਾਕਾਤ ਬਾਰੇ ਇਰਵਨ ਵੱਲੋਂ ਆਪਣੀ ਡਾਇਰੀ 'ਚ ਅੰਕਿਤ ਮੁੱਦਿਆਂ ਨੂੰ ਧਿਆਨ 'ਚ ਰੱਖ ਕੇ ਗੌਰ ਨਾਲ ਵੇਖਿਆ ਜਾਵੇ ਤਾਂ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਗਾਂਧੀ ਦੀਆਂ ਰਚਨਾਵਾਂ 'ਚ "ਵਾਇਸਰਾਏ ਨਾਲ ਰੂ-ਬ-ਰੂ" ਸਿਰਲੇਖ ਤਹਿਤ ਸਾਲ 18-02-1931 ਦੀ ਰਿਪੋਰਟ 'ਚ ਕੁਝ ਭਾਗ ਇਸ ਤਰ੍ਹਾਂ ਸੀ: "ਹੁਣ ਤੀਜੇ ਮੁੱਦੇ 'ਤੇ ਆਉਂਦਾ ਹੈ। ਮੈਂ ਭਗਤ ਸਿੰਘ ਬਾਰੇ ਗੱਲਬਾਤ ਕੀਤੀ ਸੀ। ਉਦੋਂ ਮੈਂ ਕਿਹਾ "ਇਹ ਗੱਲ ਸਾਡੀ ਬਹਿਸ ਦੇ ਤਹਿਤ ਨਹੀਂ ਆ ਸਕਦੀ। ਇਸਦੇ ਬਾਵਜੂਦ ਇਸ ਮੁੱਦੇ ਦਾ ਪ੍ਰਸਤਾਵ ਇਥੇ ਲਿਆਉਣਾ ਇਕ ਤਰ੍ਹਾਂ ਨਾਲ ਪ੍ਰਸੰਗ ਰਹਿਤ ਹੋ ਸਕਦਾ ਹੈ। ਪਰ ਫਿਰ ਵੀ ਮੇਰੇ ਵਿਚਾਰ ਵਿਚ ਜੇ ਅੱਜ ਦੇ ਵਾਤਾਵਰਣ ਨੂੰ ਆਪ ਹੋਰ ਵੱਧ ਅਨੁਕੂਲ ਬਣਾਉਣਾ ਚਾਹੁੰਦੇ ਹੋ ਤਾਂ ਆਪ ਜੀ ਨੂੰ ਚਾਹੀਦਾ ਹੈ ਕਿ ਭਗਤ ਸਿੰਘ ਦੀ ਫਾਂਸੀ ਨੂੰ ਫਿਲਹਾਲ ਮੁਲਤਵੀ ਕਰ ਦੇਵੋ।" ਇਨ੍ਹਾਂ ਗੱਲਾਂ ਨੂੰ ਸੁਣ ਕੇ ਵਾਇਸਰਾਇ ਬਹੁਤ ਖੁਸ਼ ਹੋਏ ਸਨ ਅਤੇ ਉਨ੍ਹਾਂ ਨੇ ਕਿਹਾ 'ਮਾਮਲੇ ਨੂੰ ਇਸ ਰੂਪ 'ਚ ਪ੍ਰਸਤਾਵਿਤ ਕਰਨ ਲਈ ਮੈਂ ਆਪ ਦਾ ਸ਼ੁਕਰ ਗੁਜ਼ਾਰ ਹਾਂ। ਫਾਂਸੀ ਦੀ ਸਜ਼ਾ ਨੂੰ ਰੱਦ ਕਰਨਾ ਮੁਸ਼ਕਲ ਕੰਮ ਹੈ ਪਰ ਉਸ ਨੂੰ ਹਾਲ ਦੀ ਘੜੀ ਮੁਲਤਵੀ ਕਰਨ ਦੀ ਗੱਲ 'ਤੇ ਕੁਝ ਸੋਚਿਆ ਜਾ ਸਕਦਾ ਹੈ।" ਮੈਂ ਭਗਤ ਸਿੰਘ ਬਾਰੇ ਆਪਣਾ ਵਿਚਾਰ ਦੱਸਿਆ ਸੀ "ਉਹ ਸੱਚਮੁੱਚ ਹੀ ਬਹੁਤ ਦਲੇਰ ਨੌਜਵਾਨ ਸੀ ਪਰ ਮੈਂ ਜਾਣਦਾ ਹਾਂ ਕਿ ਉਹ ਸਹੀ ਰਾਹ 'ਤੇ ਨਹੀਂ ਚੱਲ ਰਿਹਾ ਸੀ। ਫਿਰ ਵੀ ਉਸ ਨੂੰ ਦਿੱਤੀ ਗਈ ਸਜ਼ਾ ਬਹੁਤ ਸਖਤ ਸੀ ਆਦਮੀ ਨੂੰ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਵੀ ਇਹ ਸਜ਼ਾ ਨਹੀਂ ਦਿੰਦੀ। ਇਸ ਨੂੰ ਇਨਸਾਨੀਅਤ ਦੇ ਪ੍ਰਸ਼ਨ ਦੇ ਰੂਪ 'ਚ ਆਪੇ ਦੇ ਸਾਹਮਣੇ ਪੇਸ਼ ਕਰਦਾ ਹਾਂ। ਜੇ ਦੇਸ਼ 'ਚ ਬੇਲੋੜੀ ਹਲਚਲ ਜਾਂ ਸ਼ੋਰ ਸ਼ਰਾਬਾ

ਨਹੀਂ ਹੋਣ ਦੇਣਾ ਚਾਹੁੰਦੇ ਤਾਂ ਫਿਲਹਾਲ ਫਾਂਸੀ ਦੀ ਸਜ਼ਾ ਰੋਕ ਕੇ ਰੱਖਣ ਦੀ ਮੈਂ ਆਪ ਨੂੰ ਬੇਨਤੀ ਕਰਾਂਗਾ। ਜੇ ਆਪ ਦੀ ਥਾਂ ਮੈਂ ਹੁੰਦਾ ਤਾ ਉਸ (ਭਗਤ ਸਿੰਘ) ਨੂੰ ਕਦੀ ਰਿਹਾਅ ਨਹੀਂ ਕਰ ਸਕੂੰਗਾ। ਮੈਂ ਸੋਚਦਾ ਹਾਂ ਕਿ ਕੋਈ ਵੀ ਸਰਕਾਰ ਇਹ ਨਹੀਂ ਕਰ ਸਕਦੀ। ਇਸ ਮਾਮਲੇ 'ਚ ਜੇ ਆਪ ਕੋਈ ਜੁਆਬ ਵੀ ਨਹੀਂ ਦੇਵੋਗੇ ਤਾਂ ਵੀ ਮੈਂ ਬੁਰਾ ਨਹੀਂ ਮੰਨਾਂਗਾ?"

ਗਾਂਧੀ ਦੀਆਂ ਗੱਲਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਭਗਤ ਸਿੰਘ ਦੀ ਫਾਂਸੀ ਦੀ ਸਜ਼ਾ ਨੂੰ ਖਾਰਜ ਕਰਨ ਲਈ ਕੋਈ ਬੇਨਤੀ ਨਹੀਂ ਕੀਤੀ ਸੀ। ਇਸੇ ਕਾਰਨ ਇਰਵਿਨ ਵੀ ਬਹੁਤ ਖੁਸ਼ ਹੋਏ ਸਨ। 19 ਮਾਰਚ 1931 ਨੂੰ ਯਾਨੀ ਕਿ ਫਾਂਸੀ 'ਤੇ ਅਮਲ ਦੇ ਪੰਜ ਦਿਨ ਪਹਿਲਾਂ ਗਾਂਧੀ ਵੱਲੋਂ ਇਰਵਿਨ ਨੂੰ ਮਿਲਣ ਜਾਣਾ, ਕੁਝ ਸੁਆਲਾਂ 'ਤੇ ਚਰਚਾ ਕਰਨ ਵਾਸਤੇ ਸੀ। ਉਸ ਦਿਨ ਦੀਆਂ ਚਰਚਾਵਾਂ ਦਾ ਵਰਨਣ ਇਰਵਿਨ ਨੇ ਆਪਣੀ ਡਾਇਰੀ ਵਿਚ ਸਪੱਸ਼ਟ ਰੂਪ ਨਾਲ ਮਿਲਿਆ ਸੀ ਅਤੇ ਉਹ ਗਾਂਧੀ ਦੀਆਂ ਸੰਕਲਿਤ ਰਚਨਾਵਾਂ 'ਚ ਵੀ ਸ਼ਾਮਿਲ ਹੈ। ਇਸ ਵਿਚ ਪ੍ਰਕਾਸ਼ਿਤ ਭਗਤ ਸਿੰਘ ਨਾਲ ਸਬੰਧਿਤ ਅੰਸ਼ ਨੂੰ ਗੌਰ ਨਾਲ ਵੇਖੀਏ ਤਾਂ ਗਾਂਧੀ ਦਾ ਸੁਭਾਅ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। ਇਰਵਿਨ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ "ਉਸ (ਗਾਂਧੀ) ਨੇ ਜਾਣ ਤੋਂ ਪਹਿਲਾਂ ਭਗਤ ਸਿੰਘ ਦੀ ਫਾਂਸੀ ਦੀ ਸਜ਼ਾ ਜੋ 24 ਮਾਰਚ ਨੂੰ ਹੋਣ ਵਾਲੀ ਸੀ ਇਸ 'ਤੇ ਅਮਲ ਸਬੰਧੀ ਉਸ ਦਿਨ ਦੀਆਂ ਪੱਤਰ-ਪੱਤਰਕਾਵਾਂ ਨੂੰ ਮੈਨੂੰ ਪੜ੍ਹਨ ਦਾ ਸੁਝਾਅ ਦਿੱਤਾ ਸੀ।" ਇਸ ਦਿਨ ਕਾਂਗਰਸ ਪ੍ਰਧਾਨ ਕਰਾਚੀ ਪਹੁੰਚਣ ਵਾਲੇ ਸਨ। ਅਤੇ ਉਸ ਦਿਨ ਜਨ-ਅੰਦੋਲਨ ਜ਼ੋਰਾਂ 'ਤੇ ਹੋਣ ਵਾਲਾ ਹੈ। ਇਸ ਲਈ ਇਹ ਬਦਨਸੀਬ ਦਿਨ ਹੋਵੇਗਾ" ਉਨ੍ਹਾਂ ਕਿਹਾ ਸੀ। ਇਸ ਕੇਸ ਬਾਰੇ ਅਸੀਂ ਬੜੀ ਪਾਰਖੂ ਨਜ਼ਰ ਨਾਲ ਅਧਿਐਨ ਕੀਤਾ। ਪਰ ਫਾਂਸੀ ਦੀ ਸਜ਼ਾ ਰੱਦ ਕਰਨ ਲਈ ਸਾਡੀ ਅੰਤਰਆਤਮਾ ਨੂੰ ਸੰਤੁਸ਼ਟ ਕਰਨ ਵਾਲਾ ਕੋਈ ਆਧਾਰ ਨਹੀਂ ਮਿਲ ਸਕਿਆ। ਇਹ ਗੱਲ ਅਸੀਂ ਗਾਂਧੀ ਨੂੰ ਸਪੱਸ਼ਟ ਦੱਸ ਦਿੱਤੀ। ਅੱਜ ਤੱਕ ਵੀ ਮੈਂ ਕਾਂਗਰਸ ਸੈਸ਼ਨ ਦੀ ਸਮਾਪਤੀ ਦੇ ਬਾਅਦ ਤਕ (ਫਾਂਸੀ ਦੀ ਸਜ਼ਾ) ਨੂੰ ਮੁਲਤਵੀ ਕਰਨ ਦੀ ਲੋੜ ਬਾਰੇ ਸੋਚਦਾ ਰਿਹਾ ਸੀ ਪਰ ਹੋਰ ਕਾਰਨਾਂ ਕਰਕੇ ਇਸ ਤਜਵੀਜ਼ ਨੂੰ ਅਸੀਂ ਠੁਕਰਾ ਦਿੱਤਾ।

1. ਕਿਉਂਕਿ ਹੁਣ ਤੱਕ ਇਸ ਮਾਮਲੇ 'ਚ ਆਦੇਸ਼ ਦਿੱਤੇ ਜਾ ਚੁੱਕੇ ਸਨ। ਹੁਣ ਸਿਰਫ ਰਾਜਸੀ ਕਾਰਨਾਂ ਕਰਕੇ ਫਾਂਸੀ ਦੀ ਸਜ਼ਾ ਨੂੰ ਮੁਲਤਵੀ ਕਰਨਾ ਸਾਨੂੰ ਵਾਜਸ ਨਹੀਂ ਲੱਗਦਾ ਹੈ।

2. ਜੇ ਸਚਮੁੱਚ ਹੀ ਇਸ ਨੂੰ ਮੁਲਤਵੀ ਵੀ ਕਰ ਦਿੱਤਾ ਜਾਵੇ ਤਾਂ ਉਸ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਇਹ ਸੋਚਣ ਦੀ ਸੰਭਾਵਨਾ ਬਣੀ ਰਹੇਗੀ ਕਿ ਹੁਣ ਫਾਂਸੀ ਦੀ ਸਜ਼ਾ ਰੱਦ ਵੀ ਕੀਤੀ ਜਾ ਸਕਦੀ ਹੈ ਅਤੇ ਇਹ ਸਰਾਸਰ ਗੈਰ ਮਨੁੱਖੀ ਅਮਲ ਹੈ।

3. ਕਾਂਗਰਸ ਪਾਰਟੀ ਸਾਡੇ 'ਤੇ ਇਹ ਦੋਸ਼ ਲਾ ਸਕਦੀ ਹੈ ਕਿ ਉਹ ਹਕੂਮਤ ਦੁਆਰਾ ਧੋਖਾ ਖਾ ਗਏ।

"ਕਾਂਗਰਸ ਚਰਿਤਰ" ਗ੍ਰੰਥ ਜਾਂ ਗਾਂਧੀ-ਦਸਖਤ ਇਰਵਿਨ ਸਮਝੌਤੇ ਦੌਰਾਨ ਹੋਈ ਗੱਲਬਾਤ ਜਾਂ ਫਿਰ ਫਾਂਸੀ ਦੀ ਸਜ਼ਾ 'ਤੇ ਅਮਲ ਤੋਂ ਪਹਿਲਾਂ ਗਾਂਧੀ ਦੀ ਇਰਵਿਨ

ਨਾਲ ਮੁਲਾਕਾਤ ਦੇ ਪ੍ਰਸੰਗ 'ਚ ਹੋਈ ਘਟਨਾ ਇਸ ਗੱਲ ਨੂੰ ਹੋਰ ਵੀ ਸਪੱਸ਼ਟ ਕਰਦੀ ਹੈ ਕਿ ਗਾਂਧੀ ਵੱਲੋਂ ਇਹ ਬੇਨਤੀ ਨਹੀਂ ਕੀਤੀ ਗਈ ਕਿ ਇਰਵਿਨ ਭਗਤ ਸਿੰਘ ਦੀ ਫਾਂਸੀ ਦੀ ਸਜ਼ਾ ਨੂੰ ਰੱਦ ਕਰ ਦੇਵੇ। ਇਸ ਨੂੰ ਮੁਲਤਵੀ ਰੱਖਣ ਦੇ ਸੁਆਲ 'ਤੇ ਵੀ ਉਨ੍ਹਾਂ ਨੇ ਜ਼ਰੂਰੀ ਜ਼ੋਰ ਨਹੀਂ ਦਿੱਤਾ। ਉਪਰ ਤੋਂ ਫਾਂਸੀ ਦੀ ਸਜ਼ਾ ਜੋ 24 ਤਰੀਕ ਨੂੰ ਹੋਣ ਵਾਲੀ ਸੀ ਉਸ ਨੂੰ ਗਾਂਧੀ ਦੇ ਸੁਝਾਅ ਮੁਤਾਬਕ ਨਿਯਮ ਵਿਰੁੱਧ (ਯਾਨੀ ਕਿ ਫਾਂਸੀ ਦੇ ਵਕਤ ਫਾਂਸੀ ਦੇ ਦੇਣਾ) 23 ਤਰੀਕ ਦੀ ਸ਼ਾਮ 7 ਵੱਜ ਕੇ 15 ਮਿੰਟ 'ਤੇ ਫਾਂਸੀ ਦੇ ਦਿੱਤਾ ਗਿਆ।

ਆਮ ਗੱਲ ਤਾਂ ਇਹ ਸੀ ਕਿ ਮੌਤ ਦੇ ਮੂੰਹ 'ਚ ਜਾ ਰਹੇ ਆਦਮੀ ਨੂੰ ਵੀ ਚੰਦ ਮਿੰਟਾਂ ਲਈ ਬਚਾਈ ਰੱਖਣ ਦੀ ਸੂਰਤ 'ਚ ਕੋਈ ਵੀ ਇਸ ਮੌਕੇ ਨੂੰ ਹੱਥੋਂ ਜਾਣ ਨਹੀਂ ਦੇਵੇਗਾ। ਪ੍ਰਾਣ ਨਿਕਲ ਜਾਣ ਪਿਛੋਂ ਜਦ ਲਾਸ਼ (ਭਾਵੇਂ ਸ਼ਰੀਰ'ਚ ਜਾਨ ਨਾ ਵੀ ਹੋਵੇ) 'ਤੇ ਮੱਖੀਆਂ ਭਿਣਭਿਣਾਉਣ ਲੱਗੀਆਂ ਤਾਂ ਕੋਈ ਵੀ ਆਦਮੀ ਉਸ ਨੂੰ ਭਗਾਉਣ ਦੀ ਕੋਸ਼ਿਸ਼ ਕਰਦਾ ਹੈ ਨਾ ਕਿ ਚੁੱਪ ਰਹਿ ਜਾਂਦਾ ਹੈ? ਐਸੀਆਂ ਹਾਲਤਾਂ 'ਚ ਜੋ ਸਖਸ਼ ਅਹਿੰਸਾ ਦੇ ਪ੍ਰਤੀ ਉਲਟ ਮੰਨੇ ਜਾਣ ਵਾਲੇ ਸਨ ਉਨ੍ਹਾਂ ਨੇ ਫਾਂਸੀ ਦੀ ਸਜ਼ਾ ਨੂੰ ਰੱਦ ਕਰਨ ਦੀ ਸ਼ਰਤ ਨੂੰ ਸਮਝੌਤੇ 'ਚ ਨਹੀਂ ਰੱਖਿਆ ਇਹ ਵੱਖਰੀ ਗੱਲ ਸੀ। ਉਪਰੋਂ ਉਸ ਲਈ ਤਹਿ ਸਮੇਂ ਤੋਂ ਪਹਿਲਾਂ ਹੀ ਫਾਂਸੀ ਦੇ ਦੇਣ ਦੀ ਬੇਨਤੀ ਕਰਨਾ। ਇਸ ਤੋਂ ਤਾਂ ਇਹ ਪਤਾ ਲੱਗਦਾ ਹੈ ਕਿ ਉਹ ਇਨਕਲਾਬੀਆਂ ਨੂੰ ਵਿਸ਼ੇਸ਼ ਤੌਰ 'ਤੇ ਭਗਤ ਸਿੰਘ ਨੂੰ ਆਪਣੇ ਦੁਸ਼ਮਣ ਵਜੋਂ ਮੰਨ ਕੇ ਚਲ ਰਹੇ ਸਨ ਇਸ ਲਈ ਹੀ ਉਹ ਅਜਿਹਾ ਕਰ ਸਕੇ।

# ਕਿਵੇਂ ਲਾਸ਼ਾਂ ’ਤੇ ਹੁੰਦੀ ਹੈ ਸਿਆਸਤ ਪੱਛਮੀ ਬੰਗਾਲ ’ਚ?

ਪੱਛਮੀ ਬੰਗਾਲ ’ਚ ਚਾਰੇ ਪਾਸੇ ਰਾਜਸੀ ਸੰਘਰਸ਼ ਦਾ ਤਾਂਡਵ ਮਚਾਇਆ ਜਾ ਰਿਹਾ ਹੈ। ਜੋ ਲੋਕ ਕੁਝ ਕਰ ਸਕਦੇ ਉਹ ਚੁੱਪ ਬੈਠੇ ਹਨ। ਰਾਜ ਦੇ ਸੰਵਿਧਾਨਕ ਮੁਖੀ ਬਾਨੀ ਰਾਜਪਾਲ ਗੋਪਾਲ ਕ੍ਰਿਸ਼ਨ ਗਾਂਧੀ ਨੇ ਅਗਸਤ ਦੇ ਸ਼ੁਰੂ ’ਚ ਬੜੀ ਵੇਦਨਾ ਦੇ ਨਾਲ ਜਦ ਇਹ ਟਿੱਪਣੀ ਕੀਤੀ ਤਾਂ ਬੰਗਾਲ ’ਚ ਲਾਸ਼ਾਂ ’ਤੇ ਭਖਦੀ ਰਾਜਨੀਤੀ ਸਬੰਧੀ ਨਵੇਂ ਸਿਰੇ ਤੋਂ ਤਰਕਹੀਣਤਾ ਦਾ ਦੌਰ ਚੱਲ ਪਿਆ। ਰਾਜਸੀ ਦਲ ਪਾਰਟੀ ਲੀਹ ਦੇ ਹਿਸਾਬ ਨਾਲ ਚਲ ਰਹੇ ਸਨ ਪਰ ਹਰ ਇਕ ਦੀ ਕੋਸ਼ਿਸ਼ ਬਲਦੀ ’ਤੇ ਤੇਲ ਪਾਉਣ ਦੀ ਲੱਗ ਰਹੀ ਹੈ। ਪੱਛਮੀ ਬੰਗਾਲ ’ਚ ਰਾਜਸੀ ਪਕੜ ਮਜ਼ਬੂਤ ਕਰਨ ਦੀ ਹੋੜ ’ਚ ਨਿਰਦੇਸ਼ ਲੋਕਾਂ ਦੇ ਖੂਨ ਨਾਲ ਹੋਲੀ ਖੇਡਣ ਦੀ ਨੀਅਤ ਲੋਕ ਸਭਾ ਚੋਣਾਂ ਪਿੱਛੋਂ ਤੋਂ ਆਮ ਹੋ ਗਈ ਹੈ। 24 ਘੰਟੇ ’ਚ ਚਾਰਾਂ ਦੀ ਹੱਤਿਆ, ਫਲਾਂ ਪਾਰਟੀ ਦੀ ਰੈਲੀ ’ਚ ਹਿੱਸਾ ਲੈ ਕੇ ਮੁੜ ਰਹੇ ਕਿਸੇ ਦੀ ਹੱਤਿਆ ਕਿਸੇ ਨੇ ਆਪਣੀ ਪ੍ਰਤੀਬੱਧਤਾ ਬਦਲਣ ਤੋਂ ਇਨਕਾਰ ਕੀਤਾ ਤਾਂ ਉਸ ਦੇ ਸਾਥੀਆਂ ਸਮੇਤ ਉਸ ਨੂੰ ਮਾਰ ਦਿੱਤਾ ਗਿਆ। ਪੱਛਮੀ ਬੰਗਾਲ ਦੇ 19 ’ਚੋਂ 11 ਜਿਲਿਆਂ ’ਚ ਰਾਜਸੀ ਵਰਕਰਾਂ ਦੀ ਹੱਤਿਆ ਦੀਆਂ ਘਟਨਾਵਾਂ ਜ਼ੋਰਾਂ ’ਤੇ ਹਨ। ਪਿਛਲੇ ਦੋ ਮਹੀਨਿਆਂ ’ਚ 130 ਤੋਂ ਵੱਧ ਹੱਤਿਆਵਾਂ ਹੋਈਆਂ ਹਨ ਅਤੇ ਉਹਨਾਂ ਹੱਤਿਆਵਾਂ ਦੇ ਬਦਲੇ ਦੀ ਅੱਗ ’ਚ ਪਤਾ ਨਹੀਂ ਕਿੰਨੇ ਝੁਲਸੇ ਗਏ। ਤਿੰਨ ਹਫਤੇ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਜਦ ਬੰਗਾਲ ਦੇ ਕਈ ਜ਼ਿਲ੍ਹਿਆਂ ਨੂੰ ‘ਸਮਸ਼ਾਨ ਘਾਟ’ ਕਿਹਾ ਤ੍ਰਿਣਮੂਲ ਕਾਂਗਰਸ ਨੂੰ ਬੰਗਾਲ ’ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਆਪਣੀ ਪੁਰਾਣੀ ਮੰਗ ਕੇਂਦਰ ਸਾਹਮਣੇ ਰੱਖਣ ਦਾ ਅੱਛਾ ਮੌਕਾ ਸੀ। ਕਲਕੱਤਾ ’ਚ ਤ੍ਰਿਣਮੂਲ ਕਾਂਗਰਸ ਨੇ ਰਾਜਪਾਲ ਨੂੰ 66 ਲੋਕਾਂ ਦੀ ਸੂਚੀ ਫੜਾ ਦਿੱਤੀ ਜਿਸ ’ਚ ਦਾਅਵਾ ਕੀਤਾ ਗਿਆ ਕਿ ਉਹ ਸਭ ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਦੇ ਸਮਰਥਨ ਸਨ ਜਿਹਨਾਂ ਨੂੰ ਮਾਕਪਾ ਦੇ ਕੇਡਰ ਨੇ ਮਾਰ ਸੁੱਟਿਆ। ਜੁਆਬ ’ਚ ਖੱਬੇ ਮੋਰਚੇ ਨੇ ਵੀ ਆਪਣੇ 77 ਕੇਡਰਾਂ ਦੀ ਸੂਚੀ ਦਿੱਤੀ ਜਿਸ ਬਾਰੇ ਦਾਅਵਾ ਕੀਤਾ ਗਿਆ ਕਿ ਇਹਨਾਂ ਸਾਰਿਆਂ ਨੂੰ ਤ੍ਰਿਣਮੂਲ ਦੇ ਕੇਡਰ ਨੇ ਮਾਰ ਸੁੱਟਿਆ ਹੈ। ਕੇਂਦਰੀ ਮੰਤਰੀ ਮੰਡਲ ’ਚ ਸ਼ਾਮਲ ਮਮਤਾ ਬੈਨਰਜੀ ਨੇ ਆਪਣੀ ਪਾਰਟੀ ਦੇ ਮੰਗ ਪੱਤਰ ਦੀ ਕਾਪੀ ਕੇਂਦਰੀ ਗ੍ਰਹਿ ਮੰਤਰੀ ਨੂੰ ਦੇ ਕੇ ਰਾਜ ’ਚ ਰਾਸ਼ਟਰਪਤੀ ਰਾਜ ਦੀ ਮੰਗ ਦੁਹਰਾਈ ਪਰ ਹਮੇਸ਼ਾ ਦੀ ਤਰ੍ਹਾਂ ਕੇਂਦਰ ਨੇ ਇਸ ਤੋਂ ਮਨਾ ਕਰ ਦਿੱਤਾ ਹੈ। ਦਰਅਸਲ ਮਮਤਾ ਬੈਨਰਜੀ ਚਾਹੁੰਦੀ ਹੈ ਕਿ ਲੋਕ ਸਭਾ ਚੋਣਾਂ ’ਚ ਮਿਲੀ ਭਾਰੀ ਸਫਲਤਾ ਦੇ ਆਸਰੇ ਬੰਗਾਲ ’ਚ ਵਿਧਾਨ ਸਭਾ ਚੋਣਾਂ ਲੜੀਆਂ ਜਾਣ। ਇਸ ਲਈ ਰਾਜ ’ਚ ਵਿਧਾਨ ਸਭਾ ਚੋਣਾ ਸੰਨ 2011 ਤੋਂ ਖਿਸਕਾ ਕੇ ਅੱਗੇ ਲਿਆਉਣਾ ਚਾਹੁੰਦੀ ਹੈ। ਰਾਜਸੀ ਵਿਸਲੇਸ਼ਕਾਂ ਦਾ ਮੰਨਣਾ ਹੈ ਕਿ ਅਗਲੀ ਵਿਧਾਨ ਸਭਾ ਚੋਣ ’ਚ ਜੇ ਖੱਬੇ ਮੋਰਚੇ ਤੋਂ ਹਕੂਮਤ ਖੋਹ ਲਈ ਗਈ ਤਦ ਤਾਂ ਮਮਤਾ ਬੈਨਰਜੀ ਲਈ ਠੀਕ ਰਹੇਗਾ ਨਹੀਂ ਤਾਂ ਫਿਰ ਕਦੀ ਇਹ ਖੱਬੇ ਮੋਰਚੇ ਦੇ ਵਿਰੋਧ ’ਚ ਮਾਹੌਲ ਨਹੀਂ

ਬਣਾ ਸਕੇਗੀ। ਲੋਕ ਸਭਾ ਚੋਣ ਨਤੀਜਿਆਂ ਅਨੁਸਾਰ ਰਾਜ ਦੀਆਂ 294 ਵਿਧਾਨ ਸਭਾ ਸੀਟਾਂ 'ਚ ਸਿਰਫ 103 'ਤੇ ਹੀ ਖੱਬਾ ਮੋਰਚਾ ਨੂੰ ਵਾਧਾ ਮਿਲ ਸਕਿਆ ਸੀ। ਇਹ ਸਥਿਤੀ ਬਰਕਰਾਰ ਰੱਖਣ ਲਈ ਤ੍ਰਿਣਮੂਲ ਕਾਂਗਰਸ ਅਗਲੀਆਂ ਚੋਣਾ ਤਕ ਖੱਬੇ ਮੋਰਚੇ ਦੀ ਰਾਜਸੀ ਜਮੀਨ ਕਮਜ਼ੋਰ ਕਰਨ 'ਚ ਜੁਟੀ ਰਹੇਗੀ। ਵਾਰ ਪਲਟਵਾਰ ਦੀ ਖੇਤ 'ਚ ਹਤਿਆਵਾਂ ਦੀ ਰਾਜਨੀਤੀ ਤੇਜ ਹੋ ਸਕਦੀ ਹੈ। ਅਜੇ ਪਿੱਛੇ ਜਿਹੇ ਹੀ ਬਰਦਵਾਨ ਦੇ ਨੂਤਨਗ੍ਰਾਮ ਇਲਾਕੇ 'ਚ ਤ੍ਰਿਣਮੂਲ ਕਾਂਗਰਸ ਦੇ ਤਿੰਨ ਵਰਕਰਾਂ ਦੀ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਉਥੋਂ ਅਫਸੋਸ ਜ਼ਾਹਰ ਕਰਨ ਲਈ ਮਾਕਪਾ ਦੇ ਉੱਚ ਨੇਤਾਵਾਂ ਨੂੰ ਘਰ ਵਾਲਿਆਂ ਤੇ ਹੋਰਾਂ ਨੇ ਕੁੱਟ-ਕੁੱਟ ਕੇ ਭਜਾਇਆ। ਘਰਵਾਲਿਆਂ ਦਾ ਦੋਸ਼ ਸੀ ਕਿ ਜਦ ਤਿੰਨਾਂ ਨੂੰ ਕੁੱਟ ਕੁੱਟ ਕੇ ਮਾਰਿਆ ਜਾ ਰਿਹਾ ਸੀ ਤਾਂ ਮਦਦ ਲਈ ਨਾ ਤਾ ਮਾਕਪਾ ਦੇ ਸਥਾਨਕ ਵਰਕਰ ਆਏ ਅਤੇ ਨਾ ਹੀ ਪੁਲਸ। ਪਰ ਸੰਨ 2007 ਤੋਂ ਪਿੱਛੋਂ ਇਹ ਪਹਿਲੀ ਘਟਨਾ ਸੀ ਜਿਥੇ ਵਿਰੋਧੀ ਧਿਰ ਦੇ ਕਿਸੇ ਨੇਤਾ ਵਰਕਰ ਦੇ ਘਰ ਅਫਸੋਸ ਕਰਨ ਮਾਕਪਾ ਦੇ ਨੇਤਾ ਪਹੁੰਚੇ ਹੋਣ।

ਪੁਲਸ ਖੁਦ ਮੰਨਦੀ ਹੈ ਕਿ ਬਰਦਮਾਨ ਜ਼ਿਲ੍ਹੇ ਦੇ ਹੀ ਮੰਗਲਕੋਟ ਕਾਂਡ ਦੇ ਬਦਲੇ ਦੀ ਚੇਤਾਵਨੀ ਦੇਣ ਲਈ ਇਹ ਹੱਤਿਆਵਾਂ ਕੀਤੀਆਂ ਗਈਆਂ ਹਨ। ਜੁਲਾਈ ਦੇ ਅੱਧ 'ਚ ਮੰਗਲਕੋਟਂ 'ਚ ਮਾਕਪਾ ਦੇ ਜੋਨਲ ਸਕੱਤਰ ਫਾਲਗੁਨੀ ਮੁਕਰਜੀ ਦੀ ਹੱਤਿਆ ਪਿੱਛੋਂ ਉਥੋਂ ਦੇ ਘਾਨਰੁਖੀ ਪਿੰਡ ਤੋਂ ਲੋਕਾਂ ਨੂੰ ਖਦੇੜ ਦਿੱਤਾ ਗਿਆ ਹੈ। ਇਹਨਾਂ ਪਿੰਡ ਵਾਲਿਆਂ 'ਤੇ ਦੋਸ਼ ਸੀ ਕਿ ਇਹਨਾਂ ਸਾਰਿਆਂ ਨੇ ਪ੍ਰਮੁੱਖ ਦੋਸ਼ੀ ਤ੍ਰਿਣਮੂਲ ਕਾਂਗਰਸ ਦੇ ਇਕ ਸਥਾਨਕ ਨੇਤਾ ਨੂੰ ਹਫਤਾਭਰ ਪਨਾਹ ਦਿੱਤੀ। ਉਸੇ ਮੰਗਲਕੋਟ 'ਚ ਰਾਹਤ ਸਾਮਗਰੀ ਪਹੁੰਚਾਉਣ ਦੇ ਨਾਂ 'ਤੇ ਵਿਰੋਧੀ ਦਲ ਦੀ ਰਾਜਨੀਤੀ ਤੇਜ ਹੋਈ ਹੈ। ਨਾਲ ਹੀ ਕਾਂਗਰਸ ਤੇ ਤ੍ਰਿਣਮੂਲ ਕਾਂਗਰਸ ਵਿਚਕਾਰ ਹਮਦਰਦੀ ਵਿਖਾਉਣ ਦੀ ਦੌੜ ਵੀ। ਉਥੇ ਕੁਝ ਦਿਨ ਪਹਿਲਾਂ ਕਾਂਗਰਸ ਦੇ ਵਿਧਾਇਕ ਦਲ 'ਤੇ ਹਮਲੇ ਪਿੱਛੋਂ ਬੰਗਾਲ ਬੰਦ ਦਾ ਆਯੋਜਨ ਕੀਤਾ ਗਿਆ। ਜਿਸ ਸਬੰਧੀ ਮਮਤਾ ਬੈਨਰਜੀ ਨੇ ਆਪਣੇ ਸਹਿਯੋਗੀ 'ਤੇ ਤਿੱਖੀ ਨਾਰਾਜ਼ਗੀ ਜਾਹਰ ਕੀਤੀ ਸੀ। ਪਿੱਛੋਂ ਮੰਗਲਕੋਟ 'ਚ ਤ੍ਰਿਣਮੂਲ ਕਾਂਗਰਸ ਤੇ ਕਾਂਗਰਸ ਨੇ ਵੱਖ-ਵੱਖ ਰੈਲੀਆਂ ਕੀਤੀਆਂ ਸ਼ਕਤੀ ਪ੍ਰਦਰਸ਼ਨ ਅਤੇ ਰਾਜਸੀ ਖਿੱਚੋਤਾਣ ਦੀ ਇਹੀ ਦੌੜ ਭੱਜ ਮਿਦਨਾਪੁਰ ਹੁਗਲੀ, ਮੁਰਸ਼ਿਦਾਬਾਦ ਤੇ ਹੋਰ ਥਾਵਾਂ 'ਤੇ ਦਿਸ ਰਹੀ ਹੈ। ਦੱਖਣੀ 24 ਪਰਗਨਾ ਦੇ ਭਾਂਗੜ 'ਚ ਚੱਕਾ ਜਾਮ ਕਰ ਰਹੀ ਤ੍ਰਿਣਮੂਲ ਕਾਂਗਰਸ ਦੀ ਰੈਲੀ 'ਚ ਮਮਤਾ ਬੈਨਰਜੀ ਖੁਦ ਵੀ ਸ਼ਾਮਲ ਹੋਈ। ਉਥੋਂ ਉਹਨਾਂ ਦੇ ਮੁੜਨ ਪਿੱਛੋਂ ਭੀੜ ਨੇ ਹੰਗਾਮਾ ਕਰ ਦਿੱਤਾ। ਪੁਲਸ 'ਤੇ ਪਥਰਾਅ ਅਤੇ ਗੋਲੀਆਂ ਚਲੀਆਂ। ਜੁਆਬੀ ਕਾਰਵਾਈ 'ਚ ਤ੍ਰਿਣਮੂਲ ਦਾ ਇਕ ਵਰਕਰ ਮਾਰਿਆ ਗਿਆ। ਫਿਰ ਤਾਂ ਉਸ ਦੀ ਲਾਸ਼ ਦੇ ਨਾਲ ਤ੍ਰਿਣਮੂਲ ਕਾਂਗਰਸ ਦੇ ਲੋਕਾਂ ਨੇ ਦੋ ਦਿਨ ਤਕ ਰਾਹ ਜਾਮ ਕੀਤਾ ਅਤੇ ਫਿਰ ਮਾਕਪਾ ਦੇ ਤਿੰਨ ਕੇਡਰ ਮਾਰ ਸੁੱਟੇ। ਬੰਗਾਲ ਦੇ ਬਾਰਾਂ ਜ਼ਿਲਿਆਂ 'ਚ 130 ਤੋਂ ਵੱਧ ਹੱਤਿਆਵਾਂ ਹੋ ਚੁੱਕੀਆਂ ਹਨ। ਬੰਗਾਲ 'ਚ ਹਾਕਮ ਖੱਬਾ ਮੋਰਚਾ ਤੇ ਵਿਰੋਧੀ ਤ੍ਰਿਣਮੂਲ ਕਾਂਗਰਸ ਵੱਲੋਂ ਮਿਲੇ ਅੰਕੜਿਆਂ ਤੇ ਫਿਰ ਪ੍ਰਸਾਸ਼ਨ ਤੋਂ ਪੁਸ਼ਟੀ ਕਰਨ ਪਿੱਛੋਂ ਜਦ ਰਾਜਪਾਲ ਨੇ ਆਪਣੀ ਬੇਵਸੀ ਦਾ ਇਜਹਾਰ ਕੀਤਾ ਤਾਂ ਮੰਨੋ ਉਹਨਾਂ ਭਰਿੰਡਾਂ ਦੇ ਛੱਤੇ 'ਚ ਹੱਥ ਦੇ ਦਿੱਤਾ। ਖੱਬੇ ਮੋਰਚੇ ਵਲੋਂ ਉਹਨਾਂ ਨੂੰ ਨਿਰਪੱਖ ਰਹਿਣ ਦੀ ਸਲਾਹ ਦਿੱਤੀ ਗਈ ਤੇ ਦਾਅਵਾ ਕੀਤਾ ਕਿ ਖੱਬੇ ਮੋਰਚੇ ਦੇ ਕੇਡਰਾ ਨੂੰ

ਮਾਰਨ ਲਈ ਤ੍ਰਿਣਮੂਲ ਕਾਂਗਰਸ ਜਥੇਬੰਦ ਢੰਗ ਨਾਲ ਕੰਮ ਕਰ ਰਹੀ ਹੈ। ਮਈ ਪਿੱਛੋਂ ਹੁਣ ਤਕ 77 ਅਤੇ ਉਸ ਤੋਂ ਪਹਿਲਾਂ ਇਕ ਸਤੰਬਰ 2008 ਤੋਂ ਹੁਣ ਤਕ 103 ਕੇਡਰਾਂ ਦੇ ਮਾਰੇ ਜਾਣ ਦਾ ਦਾਅਵਾ ਖੱਬੇ ਮੋਰਚੇ ਨੇ ਕੀਤਾ ਹੈ। ਇਹ ਰਾਜਸੀ ਲਾਭ-ਹਾਨੀ ਦੀ ਹੀ ਖੇਡ ਹੈ ਕਿ ਨਕਸਲੀਆਂ ਖਿਲਾਫ ਬਹੁ-ਚਰਚਿਤ ਲਾਲਗੜ੍ਹ ਮੁਹਿੰਮ ਦਾ ਦੂਜਾ ਗੇੜ ਫੇਲ੍ਹ ਮੰਨ ਲਿਆ ਗਿਆ ਹੈ। ਨਕਸਲੀ ਅਜੇ ਵੀ ਸਰਗਰਮ ਹਨ ਤੇ ਪਿੰਡਾਂ ’ਚੋਂ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ। 70 ਦੇ ਦਹਾਕੇ ਤੋਂ 30 ਸਾਲ ਬਾਅਦ ਹਾਲਾਤ ਤਬਦੀਲੀ ਲਿਆਉਣ ਲਈ ਤ੍ਰਿਣਮੂਲ ਕਾਂਗਰਸ ਦੇ ਨਾਲ ਦੱਸੇ ਜਾ ਰਹੇ ਹਨ। ਪਰ ਡਰ ਦੇ ਪਰਛਾਵੇਂ ’ਚ ਜਿਉਂ ਰਹੇ ਆਮ ਆਦਮੀ ਲਈ ਕਿਹੜੀ ਉਮੀਦ ਹੈ ਜੋ ਉਸ ਨੂੰ ਭੈ-ਮੁਕਤ ਕਰ ਸਕਦੀ ਹੈ?

# ਰਾਜਨੀਤੀ ਝੂਠੇ ਪੁਲਸ ਮੁਕਾਬਲਿਆਂ ਦੀ

ਕੀ ਕੋਈ ਮੈਜਿਸਟ੍ਰੇਟ ਉਚ ਪੁਲਸ ਅਧਿਕਾਰੀਆਂ ਦੀ ਪੱਖ ਸੁਣੇ ਬਗੈਰ ਉਹਨਾਂ ਨੂੰ ਅਜਿਹੇ ਮਾਮਲੇ 'ਚ ਦੋਸ਼ੀ ਠਹਿਰਾ ਸਕਦਾ ਹੈ ਜੋ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਨਿਆਂਇਕ ਬਰਾਦਰੀ ਤੇ ਮਾਨਵ ਅਧਿਕਾਰ ਕਾਰਜ ਕਰਤਾ ਗੁਜਰਾਤ ਵਰਗੇ ਰਾਜਾਂ 'ਚ ਹੋਏ ਝੂਠੇ ਪੁਲਸ ਮੁਕਾਬਲਿਆਂ ਨੂੰ ਨਿਸ਼ਾਨਾ ਬਣਾਏ ਪਰ ਦੂਜੇ ਕਈ ਰਾਜਾਂ 'ਚ ਅਜਿਹੇ ਹੀ ਮੁਕਾਬਲਿਆਂ ਵੱਲ ਅੱਖਾਂ ਬੰਦ ਰੱਖਣ ਦੇ ਮਾਮਲੇ 'ਚ ਕਿਥੋਂ ਤੱਕ ਜਾ ਸਕਦੇ ਹਨ? ਅਤੇ ਕੀ ਨਿਆਂਇਕ ਬਰਾਦਰੀ ਨੂੰ ਅਜਿਹੇ ਮਾਮਲਿਆਂ 'ਚ ਕੌਮੀ ਸੁਰੱਖਿਆ ਦੇ ਗੰਭੀਰ ਪਹਿਲੂਆਂ ਨੂੰ ਧਿਆਨ 'ਚ ਨਹੀਂ ਰੱਖਣਾ ਚਾਹੀਦਾ? ਪਿਛਲੇ ਹਫ਼ਤੇ ਇਹ ਸੁਆਲ ਉਦੋਂ ਉਠੇ ਜਦ ਨਰੇਂਦਰ ਮੋਦੀ ਸਰਕਾਰ ਅਤੇ ਖੱਬੇ ਰੁਝਾਣ ਵਾਲੇ ਵਰਕਰਾਂ ਵਿਚਕਾਰ ਸੰਘਰਸ਼ ਹੋਰ ਵੀ ਪ੍ਰਚੰਡ ਹੋ ਗਿਆ ਅਤੇ ਇਸ ਦੀ ਵਜਾਹ ਬਣੀ ਅਹਿਮਦਾਬਾਦ ਦੇ ਬੇਹੱਦ ਸਰਗਰਮ ਨਿਆਂਇਕ ਮੈਜਿਸਟ੍ਰੇਟ ਐਸ. ਪੀ. ਤਮਾਂਗ ਦੀ ਰਿਪੋਰਟ ਜਿਸ 'ਚ ਕਿਹਾ ਗਿਆ ਕਿ ਗੁਜਰਾਤ ਪੁਲਸ ਨੇ 15 ਜੂਨ 2004 ਦੀ ਚਰਚਿਤ ਮੁਠ ਭੇੜ ਦੀ ਕਹਾਣੀ ਘੜੀ ਸੀ ਇਸ 'ਚ 19 ਸਾਲਾ ਲੜਕੀ ਇਸ਼ਰਤ ਜਹਾਂ ਅਤੇ ਲਸ਼ਕਰ-ਏ-ਤੋਇਬਾ ਦੇ ਦੋ ਪਾਕਿਸਤਾਨੀ ਬੰਦਿਆਂ ਸਮੇਤ ਤਿੰਨ ਦੂਸਰਿਆਂ ਨੂੰ ਮਾਰ ਡੇਗਿਆ ਸੀ। ਮੈਜਿਸਟ੍ਰੇਟ ਦਾ ਕਹਿਣਾ ਸੀ ਕਿ ਜਿਹਨਾਂ 21 ਅਧਿਕਾਰੀਆਂ ਨੇ ਇਸ ਨੂੰ ਅੰਜਾਮ ਦਿੱਤਾ, ਉਹਨਾਂ ਚਾਰਾਂ ਨੂੰ ਇਕ ਦਿਨ ਪਹਿਲਾਂ ਮਾਰਿਆ, ਫਿਰ ਉਸ ਨੂੰ ਪੁਲਸ ਮੁਕਾਬਲਾ ਬਣਾ ਦਿੱਤਾ। ਪਰ ਮੈਜਿਸਟ੍ਰੇਟ ਨੇ ਅਧਿਕਾਰੀਆਂ ਨੂੰ ਆਪਣਾ ਪੱਖ ਰੱਖਣ ਦਾ ਕੋਈ ਮੌਕਾ ਨਹੀਂ ਦਿੱਤਾ। ਹਾਲਾਂਕਿ ਤਮਾਂਗ ਦੇ ਇਹ ਰਿਪੋਰਟ ਦਿੱਤੇ ਜਾਣ ਪਿੱਛੋਂ ਦੋ ਦਿਨਾਂ ਅੰਦਰ ਹਾਈਕੋਰਟ ਨੇ ਰਾਜ ਸਰਕਾਰ ਦੀ ਅਪੀਲ ਦੇ ਅਧਾਰ 'ਤੇ ਨਾ ਸਿਰਫ ਰਿਪੋਰਟ 'ਤੇ ਰੋਕ ਲਾ ਦਿੱਤੀ। ਬਲਕਿ ਅਦਾਲਤ ਦੇ ਰਜਿਸਟਰਾਰ ਦੀ ਕਾਰਵਾਈ ਦੀ ਜਾਂਚ ਦੇ ਹੁਕਮ ਦੇ ਕੇ ਸਰਕਾਰ ਨੂੰ ਰਾਹਤ ਦੇ ਦਿੱਤੀ, ਇਸ ਦੌਰਾਨ ਦਿੱਲੀ 'ਚ ਇਸ ਮੁਕਾਬਲੇ ਨਾਲ ਸਬੰਧਤ ਹਾਈਕੋਰਟ 'ਚ ਚੱਲ ਰਹੇ ਮਾਮਲੇ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਦਾਖਲ ਕੀਤੇ ਹਲਫਨਾਮੇ, ਜਿਸ 'ਚ ਗੁਜਰਾਤ ਸਰਕਾਰ ਦੇ ਦਾਅਵੇ ਦੀ ਹਮਾਇਤ ਕੀਤੀ ਗਈ ਸੀ ਪਰ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਵਿੱਤੀ ਮੰਤਰਾਲੇ ਦੀ ਵੱਖ-ਵੱਖ ਰਾਇ ਸਾਹਮਣੇ ਆਈ। ਖਬਰ ਹੈ ਕਿ ਵਿੱਤ ਮੰਤਰਾਲੇ ਨੇ ਹਾਈਕੋਰਟ 'ਚ ਕੇਂਦਰ ਦੀ ਨੁਮਾਇੰਦਗੀ ਲਈ ਬਣੇ ਵਕੀਲਾਂ ਦੇ ਪੈਨਲ ਵਿੱਚੋਂ ਅਹਿਮਦਾਬਾਦ ਦੇ ਉਸ ਵਕੀਲ ਦਾ ਨਾਂ ਹਟਾ ਦਿੱਤਾ ਜੋ ਇਹ ਹਲਫਨਾਮਾ ਦਾਇਰ ਕਰਨ ਲਈ ਜ਼ਿੰਮੇਵਾਰ ਸੀ। ਪਰ ਸਥਾਨਕ ਗੁਜਰਾਤੀ, ਤਮਾਂਗ ਦੀ ਦੰਡ ਸਹਿਤਾ ਪ੍ਰਕਿਰਿਆ ਦੀ ਧਾਰਾ 176 ਦੇ ਤਹਿਤ ਜਾਰੀ ਰਿਪੋਰਟ ਨੇ ਪਹਿਲਾਂ ਹੀ ਸੋਹਰਾਬੂਦੀਨ ਫਰਜੀ ਮੁਠਭੇੜ ਕਾਂਡ 'ਚ ਉਲਝੀ ਰਾਜ ਸਰਕਾਰ ਨੂੰ ਥਰਥਰਾ ਦਿੱਤਾ ਹੈ। ਇਸ ਧਾਰਾ ਦੇ ਤਹਿਤ ਕੋਈ ਨਿਆਂਇਕ ਮੈਜਿਸਟ੍ਰੇਟ ਹਿਰਾਸਤ 'ਚ ਹੋਈ ਮੌਤ ਦੀ ਜਾਂਚ ਕਰ ਸਕਦਾ ਹੈ। ਤਮਾਂਗ ਦੀ ਰਿਪੋਰਟ ਇਸ ਤਰ੍ਹਾਂ ਤਿਆਰ ਕੀਤੀ ਗਈ ਅਤੇ ਜਾਰੀ ਕੀਤੀ ਗਈ। ਉਸ ਨਾਲ ਅਣਗਿਣਤ ਸੁਆਲ ਉਠੇ ਹਨ। ਪਹਿਲਾਂ ਤਾਂ ਇਹੀ ਕਿ ਪਿਛਲੇ ਮਹੀਨੇ ਸੁਣਵਾਈ ਦੌਰਾਨ ਮਾਮਲੇ ਦੀ ਜਾਂਚ ਲਈ ਹਾਈਕੋਰਟ ਨੇ ਆਈ. ਪੀ. ਐਸ. ਅਧਿਕਾਰੀਆਂ ਏ.

ਡੀ. ਜੀ. ਪੀ. ਪ੍ਰਮੋਦ ਕੁਮਾਰ, ਅਹਿਮਦਾਬਾਦ ਦੇ ਸੰਯੁਕਤ ਪੁਲਸ ਕਮਿਸ਼ਨਰ ਮੋਹਨਾ ਅਤੇ ਆਈ. ਜੀ. ਜੇ ਕੇ ਭੱਟ ਦਾ ਪੈਨਲ ਬਣਾਇਆ। ਉਸ ਦੇ ਬਾਵਜੂਦ ਇਹ ਰਿਪੋਰਟ ਆਈ, ਹਾਈਕੋਰਟ ਨੇ ਇਹ ਆਦੇਸ਼ ਇਸ਼ਰਤ ਦੀ ਮਾਂ ਸੁਮੀਮ ਕੌਸਰ ਤੇ ਮੁਕਾਬਲੇ ’ਚ ਮਾਰੇ ਗਏ ਇਸ਼ਰਤ ਦੇ ਸਾਥੀ ਜਾਵੇਦ ਸ਼ੇਖ ਉਰਫ ਪਜੇਸ਼ ਪਿੱਲੇ ਦੇ ਪਿਤਾ ਗੋਪੀਨਾਥ ਪਿੱਲੇ ਦੀ ਸੀ. ਬੀ. ਆਈ. ਜਾਂਚ ਦੀ ਮੰਗ ਵਾਲੀ ਪਟੀਸ਼ਨ ’ਤੇ ਦਿੱਤਾ। ਦੂਜੇ, ਤਮਾਂਗ ਨੇ ਸਿਰਫ਼ 25 ਦਿਨਾਂ ਵਿੱਚ ਹੀ ਆਪਣੀ ਜਾਂਚ ਪੂਰੀ ਕਰ ਲਈ ਜਦ ਕਿ ਹਾਈਕੋਰਟ ਨੇ ਪੁਲਸ ਅਫਸਰਾਂ ਦੇ ਤਿੰਨ ਸੰਸਦੀ ਪੈਨਲ ਨੂੰ ਆਪਣੀ ਰਿਪੋਰਟ ਜਮ੍ਹਾਂ ਕਰਵਾਉਣ ਲਈ 30 ਨਵੰਬਰ ਤੱਕ ਦਾ ਸਮਾਂ ਦਿੱਤਾ। 243 ਪੰਨਿਆਂ ਦੀ ਇਹ ਰਿਪੋਰਟ ਹੱਥ ਨਾਲ ਲਿਖੀ ਹੋਈ ਹੈ। ਇਸ ਨੂੰ ਟਾਈਪ ਨਹੀਂ ਕਰਵਾਇਆ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਤਮਾਂਗ ਨੇ ਰਿਪੋਰਟ ਪੂਰੀ ਕਰਨ ’ਚ ਆਮ ਨਾਲ ਵੱਧ ਜਲਦਬਾਜ਼ੀ ਵਿਖਾਈ ਤਾਂ ਕੀ ਤਮਾਂਗ ਦੀ ਰਿਪੋਰਟ ਦਾ ਮਕਸਦ ਹਾਈਕੋਰਟ ਦੀ ਜਾਂਚ ਨੂੰ ਪ੍ਰਭਾਵਿਤ ਕਰਨਾ ਜਾਂ ਰੋਕਣਾ ਸੀ ਜਦ ਕਿ ਰਾਜ ਦੀ ਮੈਜਿਸਟ੍ਰੀਅਲ ਸੇਵਾ ਹਾਈਕੋਰਟ ਦੇ ਤਹਿਤ ਆਉਂਦੀ ਹੈ। ਤੀਜਾ, ਮੈਜਿਸਟ੍ਰੇਟ ਨੇ ਇਸ ਮਾਮਲੇ ’ਚ ਦੋਸ਼ੀ ਠਹਿਰਾਏ ਪੁਲਸ ਅਧਿਕਾਰੀਆਂ ਜਿਹਨਾਂ ’ਚ ਰਾਜ ਪੁਲਸ ’ਚ ਹਮਾਇਤ ਤੇ ਨਿਸ਼ਠਾ ਲਈ ਮਸ਼ਹੂਰ ਅਹਿਮਦਾਬਾਦ ਦੇ ਮੌਕੇ ਦੇ ਪੁਲਸ ਕਮਿਸ਼ਨਰ ਕੇ. ਆਰ. ਕੌਸ਼ਿਕ ਵੀ ਹਨ। ਫਾਰੈਂਸਿਕ ਮਾਹਰਾਂ ਅਤੇ ਉਹਨਾਂ ਡਾਕਟਰਾਂ ਨਾਲ ਵੀ ਗੱਲ ਕਰਨੀ ਜ਼ਰੂਰੀ ਨਹੀਂ ਸਮਝੀ ਗਈ। ਜਿਹਨਾਂ ਨੇ ਮੁਕਾਬਲਿਆਂ ’ਚ ਮਾਰੇ ਗਏ ਚਾਰੇ ਲੋਕਾਂ ਦਾ ਪੋਸਟਮਾਰਟਮ ਕੀਤਾ ਸੀ। ਹਾਲਾਂਕਿ ਤਮਾਂਗ ਨੇ ਆਪਣੇ ਸਿੱਟੇ ਮੁੱਖ ਤੌਰ ’ਤੇ ਫਾਰੰਸਿਕ ਅਧਾਰ ’ਤੇ ਕੱਢੇ। ਚੌਥੀ ਗੱਲ ਇਹ ਕਿ ਰਿਪੋਰਟ ਕਹਿੰਦੀ ਹੈ ਕਿ ਮੁੱਠਭੇੜ ਮੋਦੀ ਨੂੰ ਖੁਸ਼ ਕਰਨ ਅਤੇ ਇਨਾਮ ਹਾਸਲ ਕਰਨ ਲਈ ਕੀਤੀ ਗਈ। ਪੁਲਸ ਨੇ ਮੁਕਾਬਲੇ ਪਿੱਛੋਂ 2004 ’ਚ ਦਾਅਵਾ ਕੀਤਾ ਸੀ ਕਿ ਇਹਨਾਂ ਚਾਰਾਂ ਦੀ ਯੋਜਨਾ ਮੋਦੀ ਦੀ ਹੱਤਿਆ ਕਰਨ ਅਤੇ ਦੂਸਰੀਆਂ ਦਹਿਸ਼ਤਵਾਦ ਸਰਗਰਮੀਆਂ ਨੂੰ ਅੰਜਾਮ ਦੇਣ ਦੀ ਸੀ। ਮਹੱਤਵਪੂਰਨ ਗੱਲ ਇਹ ਹੈ ਕਿ ਇਸ਼ਰਤ ਮੁਠਭੇੜ ਮਾਮਲੇ ’ਚ ਕਥਿਤ ਤੌਰ ’ਤੇ ਜ਼ਿੰਮੇਵਾਰ ਠਹਿਰਾਏ ਗਏ ਪੁਲਸ ਅਧਿਕਾਰੀਆਂ ਵਿਚੋਂ ਇਕ ਮੁਅੱਤਲ ਡੀ. ਆਈ. ਜੀ., ਡੀ. ਜੀ. ਵੰਜਾਰਾ ਵੀ ਹੈ, ਜੋ ਸੋਹਰਾਬੁਦੀਨ ਮੁਠਭੇੜ ਮਾਮਲੇ ’ਚ ਦੋ ਹੋਰ ਆਈ. ਪੀ. ਐਸ, ਐਸ. ਪਾਂਡਿਅਨ ਤੇ ਐਮ. ਐਨ ਦਿਨੇਸ਼ ਨਾਲ 2007 ਤੋਂ ਜੇਲ ਵਿੱਚ ਹਨ। ਰਾਜ ਸਰਕਾਰ ਦੇ ਬੁਲਾਰੇ ਅਤੇ ਮੰਤਰੀ ਜੈ ਨਾਰਾਇਣ ਵਿਆਸ ਕਹਿੰਦੇ ਹਨ, “ਤਮਾਂਗ ਦੀ ਰਿਪੋਰਟ ’ਤੇ ਰੋਕ ਲਾ ਕੇ ਲਗਾਤਾਰ ਹਾਈਕੋਰਟ ਨੇ ਨਿਆਂਇਕ ਮਰਿਆਦਾ ਬਣਾਈ ਰੱਖੀ ਨਹੀਂ ਤਾਂ ਜਿਸ ਤਰ੍ਹਾਂ ਇਸ ਨੂੰ ਪੇਸ਼ ਕੀਤਾ ਗਿਆ ਉਸ ਨਾਲ ਇਹ ਇਕ ਨਿਆਂਇਕ ਕਲੰਕ ਬਣ ਜਾਂਦੀ” ਪਰ ਤਮਾਂਗ ਦੀ ਰਿਪੋਰਟ ਨਾਲ ਸਭ ਤੋਂ ਵੱਧ ਚੌਂਕਾ ਦੇਣ ਵਾਲੀ ਗੱਲ ਇਹ ਹੈ ਕਿ ਇਹ ਰਿਪੋਰਟ ਪਿਛਲੇ ਮਹੀਨੇ ਗੁਜਰਾਤ ਹਾਈਕੋਰਟ ’ਚ ਦਾਇਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਉਸ ਹਲਫਨਾਮੇ ਦੇ ਖਿਲਾਫ ਜਾਂਦੀ ਹੈ ਜਿਸ ਵਿੱਚ ਮੰਤਰਾਲੇ ਨੇ ਰਾਜ ਪੁਲਸ ਦੇ ਦਾਅਵਿਆਂ ਦੀ ਹਮਾਇਤ ਕੀਤੀ ਹੈ। ਤਮਾਂਗ ਨੇ ਕਿਹਾ ਹੈ ਕਿ ਜਾਵੇਦ ਤੇ ਇਸ਼ਰਤ ਨਿਰਦੋਸ਼ ਲੱਗਦੇ ਹਨ ਜਦ ਕਿ ਮੁੱਠਭੇੜ ’ਚ ਮਾਰੇ ਗਏ ਦੋ ਹੋਰ ਅਮਜਦ ਅਲੀ ਉਰਫ ਰਾਜ ਕੁਮਾਰ ਅਕਬਰ ਅਲੀ ਰਾਣਾ ਅਤੇ ਜਿਸ਼ਾਨ ਜੌਹਰ ਭਾਰਤੀ ਸਨ। ਨਾ ਹੀ ਪਾਕਿਸਤਾਨੀ ਨਾਗਰਿਕ ਜਿਹਾ ਕਿ ਭਾਰਤ ਪੁਲਸ ਦਾ ਕਹਿਣਾ ਹੈ। ਕੇਂਦਰੀ

ਗ੍ਰਹਿ ਮੰਤਰਾਲੇ ਦਾ ਹਲਫਨਾਮਾ ਜਿਸ ’ਚ ਮਾਮਲੇ ਦੀ ਸੀ. ਬੀ. ਆਈ. ਜਾਂਚ ਦੀ ਮੰਗ ਨੂੰ ਠੁਕਰਾ ਦਿੱਤਾ ਗਿਆ ਹੈ, ਹੈਰਾਨ ਕਰਨ ਵਾਲਾ ਖੁਲਾਸਾ ਹੈ ਇਸ ’ਚ ਕਿਹਾ ਗਿਆ ਹੈ ਕਿ ਮਾਰੇ ਗਏ ਚਾਰੇ ਲੋਕ ਲਸ਼ਕਰ ਨਾਲ ਜੁੜੇ ਸਨ ਅਤੇ ਉਹਨਾਂ ਦੀ ਯੋਜਨਾ ਕੌਮੀ ਤੇ ਸੂਬਾਈ ਨੇਤਾਵਾਂ ਦੀ ਹੱਤਿਆ ਕਰਨ ਦੀ ਸੀ। ਇਸ ਵਿਚ ਕਿਹਾ ਗਿਆ ਹੈ ਕਿ ਸੀ. ਬੀ. ਆਈ. ਨੇ ਹੀ ਇਹਨਾਂ ਚਾਰਾਂ ਜਿਸ ’ਚ ਲਸ਼ਕਰ ਦੇ ਦੋ ਕਥਿਤ ਮੈਂਬਰ ਰਾਣਾ ਤੇ ਜੌਹਰ ਵੀ ਸਨ ਦੇ ਬਾਰੇ ਗੁਜਰਾਤ ਖੁਫੀਆ ਪੁਲਸ ਨੂੰ ਜਾਣਕਾਰੀ ਦਿੱਤੀ ਸੀ, ਰਾਣਾ ਨੂੰ ਗੁਜਰਾਤ ਤੇ ਮਹਾਂਰਾਸ਼ਟਰ ਵਿੱਚ ਆਤੰਕੀ ਜਾਲ ਫੈਲਾਉਣ ਦਾ ਕੰਮ ਸੌਂਪਿਆ ਗਿਆ ਸੀ ਅਤੇ ਉਹ ਕਸ਼ਮੀਰ ’ਚ 2004 ਦੀ ਸ਼ੁਰੂਆਤ ਵਿੱਚ ਸੁਰੱਖਿਆ ਬਲਾਂ ਨਾਲ ਹੋਈ ਮੁੱਠਭੇੜ ’ਚ ਜ਼ਖ਼ਮੀ ਵੀ ਹੋਇਆ ਸੀ ਅਤੇ ਉਸ ਨੇ ਦਿੱਲੀ ’ਚ ਇਲਾਜ ਵੀ ਕਰਵਾਇਆ ਸੀ। ਹਲਫਨਾਮੇ ’ਚ ਦੱਸਿਆ ਗਿਆ ਕਿ ਪਾਕਿਸਤਾਨ ’ਚ ਗੁਜਰਾਂਵਾਲਾ ਦਾ ਅਤੇ ਜੌਹਰ ਸਰਗੋਦਾ ਦਾ ਨਿਵਾਸੀ ਸੀ। ਦੋਨੋਂ ਕਸ਼ਮੀਰ ਸੀਮਾ ਤੋਂ ਭਾਰਤ ’ਚ ਘੁਸੇ।

ਇਸ ਵਿਚ ਕਿਹਾ ਗਿਆ ਕਿ ਜਾਵੇਦ ਗੁਜਰਾਤ ਵਿੱਚ ਅੱਤਵਾਦੀ ਸਰਗਰਮੀਆਂ ਨੂੰ ਅੰਜਾਮ ਦੇਣ ਲਈ ਲਸ਼ਕਰ ਦੇ ਖ਼ੂੰਖਾਰ ਗੁਰਗੇ ਮਜ਼ਮਿਲ ਦੇ ਲਗਾਤਾਰ ਸੰਪਰਕ ਵਿੱਚ ਸੀ ਪੁਲਸ ਦੇ ਸਾਹਮਣੇ ਇਸ ਗੱਲ ਦਾ ਖੁਲਾਸਾ ਰਾਣਾ ਅਤੇ ਜੌਹਰ ਦੇ ਅਹਿਮਦਾਬਾਦ ਮੁਕਾਬਲੇ ’ਚ ਮਾਰੇ ਜਾਣ ਦੇ ਕੁਝ ਹੀ ਦਿਨ ਬਾਅਦ ਜੰਮੂ-ਕਸ਼ਮੀਰ ਪੁਲਸ ਵੱਲੋਂ ਫੜੇ ਗਏ 18 ਦਹਿਸ਼ਤਗਰਦਾਂ ਦੇ ਇਕ ਸਮੂਹ ਨੇ ਕੀਤਾ। ਜੌਹਰ ਬਾਰੇ ਰਿਪੋਰਟ ’ਚ ਕਿਹਾ ਗਿਆ ਹੈ ਕਿ ਉਸ ਨੇ ਜੰਮੂ-ਕਸ਼ਮੀਰ ਦਾ ਇਕ ਫਰਜ਼ੀ ਪਹਿਚਾਣ ਪੱਤਰ ਵੀ ਹਾਸਲ ਕਰ ਲਿਆ ਸੀ ਜਿਸ ਨੂੰ ਉਦਮਪੁਰ ਜਿਲੇ ਦੇ ਤਹਿਸੀਲਦਾਰ ਨੇ ਜਾਰੀ ਕੀਤਾ ਦੱਸਿਆ ਗਿਆ ਸੀ, ਹਲਫਨਾਮੇ ’ਚ ਵਿਸਥਾਰ ’ਚ ਦੱਸਿਆ ਗਿਆ ਹੈ ਕਿ ਮੁੰਬਈ ’ਚ ਖਾਲਸਾ ਕਾਲਜ ਦੀ ਵਿਦਿਆਰਥਣ ਇਸ਼ਰਤ ਅਤੇ ਜਾਵੇਦ ਲਸ਼ਕਰ ਨਾਲ ਜੁੜੇ ਹੋਏ ਸਨ ਜਾਵੇਦਾ ਸਾਜਿਦਾ ਨਾਮੀ ਮੁਸਲਿਮ ਲੜਕੀ ਨਾਲ ਵਿਆਹ ਕਰਾਉਣ ਲਈ ਪਹਿਲਾਂ ਹੀ ਇਸਲਾਮ ਧਰਮ ਅਪਣਾ ਚੁੱਕਿਆ ਸੀ ਅਤੇ ਉਸ ਦੇ ਖਿਲਾਫ 1990 ਦੇ ਦਹਾਕੇ ਦੇ ਸ਼ੁਰੂ ’ਚ ਠਾਣੇ ’ਚ ਚਾਰ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਸਨ ਅਤੇ ਉਹਨਾਂ ਦੀ ਯੋਜਨਾ ਕੌਮੀ ਤੇ ਸੂਬਾਈ ਨੇਤਾਵਾਂ ਦੀ ਹੱਤਿਆ ਕਰਨ ਦੀ ਸੀ। ਇਸ ’ਚ ਕਿਹਾ ਗਿਆ ਹੈ ਕਿ ਸੀ. ਬੀ. ਆਈ. ਨੇ ਹੀ ਇਹਨਾਂ ਚਾਰਾਂ, ਜਿਸ ’ਚ ਲਸ਼ਕਰ ਦੇ ਦੋ ਕਥਿਤ ਮੈਂਬਰ ਰਾਣਾ ਤੇ ਜੌਹਰ ਵੀ ਸਨ। ਇਹ ਚਾਰੋਨੇਜਿਸ ਇੰਡੀਕਾ ਨੀਲੀ ਕਾਰ ਦੀ ਵਰਤੋਂ ਕੀਤੀ ਉਸ ਦੀ ਰਜਿਸਟਰੇਸ਼ਨ ਵੀ ਟੈਕਸੀ ਵਜੋਂ ਨਹੀਂ ਸੀ ਜਦ ਕਿ ਉਸ ਨੂੰ ਟੈਕਸੀ ਬਣਾਇਆ ਗਿਆ ਸੀ। ਹੁਣ ਸੂਬੇ ’ਚ ਇਸ ਗੱਲ ’ਤੇ ਬਹਿਸ ਚਲ ਰਹੀ ਹੈ ਕਿ ਆਖਰ ਇਕੱਲੇ ਗੁਜਰਾਤ ਦੀ ਪੁਲਸ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ ਗਿਆ ਹੈ। ਜਦ ਕਿ ਅਜਿਹੇ ਮੁਕਾਬਲੇ ਯੂ. ਪੀ. ਤੇ ਮਹਾਰਾਸ਼ਟਰ ਵਰਗੇ ਰਾਜਾਂ ’ਚ ਕਿਤੇ ਵੱਧ ਦਰਜ ਹੁੰਦੇ ਹਨ। ਮਸਲਨ ਮੁੰਬਈ ਦੇ ਮੌਜੂਦਾ ਪੁਲਸ ਕਮਿਸ਼ਨਰ ਸਨ ਤਦ ਅੰਡਰਵਰਲਡ ਦੇ 200 ਲੋਕਾਂ ਨੂੰ ਮਾਰ ਮੁਕਾਇਆ ਗਿਆ ਸੀ। ਪਰ ਅਜੇ ਮੁੰਬਈ ਮੁੱਖ ਮੁਖੀ ਹਨ। ਉਹਨਾਂ ਦਾ ਹਸ਼ਰ ‘ਵੰਜਾਰਾ’ ਵਰਗਾ ਨਹੀਂ ਹੋਇਆ। ਪ੍ਰਮੁੱਖ ਗੁਜਰਾਤੀ ਥੰਮ ਗੁਣਵੰਤ ਸ਼ਾਹ ਜੋ ਮੁਠਭੇੜਾਂ ’ਚ ਇਕੋ ਜਿਹੀ ਰਣਨੀਤੀ ਦੀ ਮੰਗ ਕਰਦੇ ਹਨ, ਦਾ ਕਹਿਣਾ ਹੈ ਕਿ “ਆਖਰ ਇਕੱਲੇ ਗੁਜਰਾਤ ਪੁਲਿਸ ਦੀ ਮੁੱਠ

ਭੇੜਾਂ ਦੀ ਹੀ ਜਾਂਚ ਕਿਉਂ? ਦੂਜੇ ਰਾਜਾਂ ਦੀ ਵੀ ਜਾਂਚ ਹੋਵੇ। ਗੁਜਰਾਤ 'ਚ 2000 ਤੋਂ ਹੁਣ ਤੱਕ ਹੋਈਆਂ ਸੱਤ ਮੁੱਖ ਮੁੱਠਭੇੜਾਂ 15 ਲੋਕ ਮਾਰੇ, ਜਦ ਕਿ ਹੋਰ ਰਾਜਾਂ 'ਚ ਇਸ ਤੋਂ ਵੱਧ ਲੋਕਾਂ ਨੂੰ ਮਾਰਿਆ ਗਿਆ ਇਸ 'ਚ ਕਈ ਸਾਜ਼ਿਸ਼ਾਂ ਦਿਸਦੀਆਂ ਹਨ।"

ਤਮਾਂਗ ਰਿਪੋਰਟ ਸਰਕਾਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਕਈ ਘੰਟੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੁੱਜ ਗਈ ਸੀ। ਪਹਿਲੇ ਪੁਲਸ ਕਮਿਸ਼ਨਰ ਦੇ ਆਰ ਕੌਸ਼ਿਕ ਅਤੇ ਫਰਜੀ ਮੁਕਾਬਲੇ ਕਰਨ ਵਾਲੇ ਹੋਰ ਪੁਲਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ 'ਤੇ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਗੁਜਰਾਤ ਪੁਲਸ ਦੇ ਮੁਕਾਬਲੇ ਮੋਦੀ ਸਰਕਾਰ ਲਈ ਸਿਰਦਰਦੀ ਬਣ ਗਏ ਹਨ। ਮਾਨਵ ਅਧਿਕਾਰ ਲਾਬੀ ਸਰਕਾਰ ਨੂੰ ਘੇਰਨ ਲਈ ਇਸ ਦੀ ਵਰਤੋਂ ਕਰ ਰਹੀ ਹੈ। ਸਰਕਾਰ ਸੋਹਰਾ ਬੁਦੀਨ ਮੁਠਭੇੜ ਲੜੀ ਜਿਸ ਦੀ ਸੁਪਰੀਮ ਕੋਰਟ ਦੀ ਨਿਗਰਾਨੀ 'ਚ ਜਾਂਚ ਚੱਲ ਰਹੀ ਹੈ, 'ਚੋਂ ਖੁਦ ਨੂੰ ਬਾਹਰ ਕੱਢਣ 'ਚ ਅਸਮਰਥ ਹੈ। ਭਾਵੇਂ ਹੀ ਸਰਕਾਰ ਤਮਾਂਗ ਦੀ ਰਿਪੋਰਟ 'ਤੇ ਅਮਲ ਮੁਲਤਵੀ ਕਰਾਉਣ 'ਚ ਕਾਮਯਾਬ ਹੋ ਗਈ ਹੈ ਪਰ ਮੁਠਭੇੜਾਂ ਦੀ ਰਾਜਨੀਤੀ ਨਾ ਹੋਵੇ, ਇਸ ਸਬੰਧੀ ਬੁਨਿਆਦੀ ਤਬਦੀਲੀ ਤੇ ਕੌਮੀ ਨੀਤੀ ਦੀ ਲੋੜ ਹੈ।

# ਮਣੀਪੁਰ 'ਚ ਜਾਰੀ ਰਾਜਕੀ ਦਹਿਸ਼ਤਗਰਦੀ ਦਾ ਵਿਰੋਧ

15 ਅਗਸਤ 2009 ਨੂੰ ਦਿੱਤੇ ਜਾਣ ਵਾਲੇ ਵੀਰਤਾ ਬਠਿੰਡਾ ਪੁਰਸਕਾਰਾਂ 'ਚ ਇਕੱਲੀ ਮਣੀਪੁਰ ਪੁਲਸ ਨੂੰ ਇਸ ਸਾਲ 72 ਪੁਰਸਕਾਰ ਦਿੱਤੇ ਗਏ। ਇਹ 2008 ਦੀ ਤੁਲਨਾ 'ਚ ਤਿੰਨ ਗੁਣਾ ਤੋਂ ਵੱਧ ਹਨ। ਇਹ ਪੁਰਸਕਾਰ 'ਸੱਕੀ ਬਾਗੀਆਂ' ਦੀਆਂ ਫਰਜੀ ਮੁਕਾਬਲਿਆਂ 'ਚ ਕੀਤੀਆਂ ਹੱਤਿਆਵਾਂ ਲਈ ਦਿੱਤੇ ਗਏ ਹਨ। ਜਨਵਰੀ 2007 ਤੋਂ ਹੁਣ ਤਕ ਖੁਦ ਮਣੀਪੁਰ ਪੁਲਸ ਵਲੋਂ ਮਾਰੇ ਗਏ 'ਬਾਗੀਆਂ' ਬਾਰੇ ਜਾਰੀ ਸਰਕਾਰੀ ਗਿਣਤੀ 751 ਹੈ। ਇਸ ਸੰਖਿਆ 'ਚ ਸਭ ਤੋਂ ਤਾਜਾ ਘਟਨਾ 23 ਜੁਲਾਈ ਦੀ ਹੈ। ਇਸ ਦਿਨ ਮਣੀਪੁਰ ਪੁਲਸ ਕਮਾਂਡੋ ਦੇ ਸਿਪਾਹੀਆਂ ਨੇ 23 ਸਾਲਾ ਚੋਗਖਮ ਸੰਜੀਤ ਨੂੰ ਇੰਫਾਲ ਸ਼ਹਿਰ ਦੇ ਐਨ ਵਿਚਕਾਰ ਦਿਨ ਦਿਹਾੜੇ ਮਾਰ ਦਿੱਤਾ। ਇਸ ਦੇ ਨਾਲ ਹੀ ਇਕ ਗਰਭਵਤੀ ਔਰਤ ਰਬੀਨਾ ਦੇਵੀ ਨੂੰ ਮਾਰ ਸੁੱਟਿਆ। ਮਣੀਪੁਰ ਪੁਲਸ ਕਮਾਂਡੋ ਦਾ ਕਹਿਣਾ ਹੈ ਕਿ ਉਹ ਗਸ਼ਤ 'ਤੇ ਸਨ ਕਿ ਖਾੜਕੂਆਂ ਨਾਲ ਮੁਠਭੇੜ ਹੋਈ, ਉਸ ਮੁਠਭੇੜ 'ਚ ਸੰਜੀਤ ਮਾਰਿਆ ਗਿਆ ਅਤੇ ਦੋਨੋਂ ਪਾਸਿਆਂ ਤੋਂ ਹੋ ਰਹੀ ਗੋਲਾਬਰੀ 'ਚ ਰਬੀਨਾ ਦੇਵੀ ਵੀ ਮਾਰੀ ਗਈ। ਕਿਹਾ ਤਾਂ ਇਥੋਂ ਤੱਕ ਜਾਂਦਾ ਹੈ ਕਿ ਕਿਸੇ ਫਰਜੀ ਪੁਲਸ ਮੁਕਾਬਲੇ ਨੂੰ ਅੰਜਾਮ ਦੇਣ ਵਾਲੇ ਪੁਲਿਸ ਕਰਮੀਆਂ ਲਈ ਮਨੀਪੁਰ ਦਾ ਮੰਤਰੀ ਮੰਡਲ ਪੁਰਸਕਾਰ ਦੇਣ ਦਾ ਐਲਾਨ ਕਰਕੇ ਵਿਚਾਰ ਕਰ ਰਿਹਾ ਸੀ ਕਿ ਉਦੋਂ ਇਕ ਮੰਤਰੀ ਨੇ ਇਸ ਮਾਮਲੇ 'ਤੇ ਸਾਵਧਾਨੀ ਵਰਤਣ ਦੀ ਸਲਾਹ ਦਿੰਦੇ ਹੋਇਆ ਕਿਹਾ ਕਿ ਉਸ ਨਾਲ ਇਸ ਮੁਕਾਬਲੇ ਬਾਰੇ ਕੁਝ ਫਰਜੀ ਹੋਣ ਦੀਆਂ ਗੱਲਾਂ ਸੁਣੀਆਂ ਹਨ, ਇਸ ਫਰਜੀ ਮੁਕਾਬਲੇ ਨੂੰ ਇਕ ਫੋਟੋਗ੍ਰਾਫਰ ਨੇ ਫੋਟੋ ਖਿੱਚ ਕੇ ਅਤੇ ਉਸ ਨੂੰ ਤਹਿਲਕਾ ਅਖਬਾਰ ਨੂੰ ਭੇਜ ਕੇ ਜੇ ਉਜਾਗਰ ਨਾ ਕੀਤਾ ਹੁੰਦਾ ਤਾਂ ਇਹ ਵੀ ਮਣੀਪੁਰ ਪੁਲਸ ਦਾ 'ਸ਼ਾਨਦਾਰ ਕਾਰਨਾਮਾ' ਬਣਾ ਦਿੱਤਾ ਜਾਣਾ ਸੀ। ਇਕ ਦਰਜਨ ਫੋਟੋ ਇਹ ਸਾਫ ਸਾਫ ਦੱਸਦੀ ਹੈ ਕਿ ਕਿਸ ਤਰ੍ਹਾਂ ਨਿਹੱਥੇ ਸੰਜੀਤ ਨੂੰ ਖਦੇੜ ਕੇ ਇਕ ਫਾਰਮੇਸੀ ਅੰਦਰ ਜਾਣ ਨੂੰ ਮਜ਼ਬੂਰ ਕੀਤਾ ਗਿਆ ਫਿਰ ਉਸ ਨੂੰ ਮਾਰ ਕੇ ਬਾਹਰ ਲਿਆਂਦਾ ਗਿਆ। ਇਹ ਸਾਰਾ ਕੁਕਰਮ ਦਿਨ-ਦਿਹਾੜੇ ਭੀੜ ਭਰੇ ਬਾਜ਼ਾਰ 'ਚ ਮਣੀਪੁਰ ਪੁਲਸ ਨੇ ਕੀਤਾ। ਤਹਿਲਕਾ ਪ੍ਰੱਤਿਕਾ ਦੇ ਖੁਲਾਸੇ ਨੇ ਇਕ ਵਾਰੀ ਫਿਰ ਤੋਂ ਹਥਿਆਰਬੰਦ ਦਸਤਿਆਂ ਨੂੰ ਵਿਸ਼ੇਸ਼ ਅਧਿਕਾਰ ਕਾਨੂੰਨ ਵਰਗੇ ਕਾਲੇ ਕਾਨੂੰਨ ਖ਼ਤਮ ਕਰਨ ਦੀ ਮੰਗ ਨੂੰ ਹੋਰ ਤੇਜ ਕਰ ਦਿੱਤਾ। ਇਸ ਕਾਲੇ ਕਾਨੂੰਨ ਤਹਿਤ ਸੁਰੱਖਿਆ ਬਲਾਂ ਨੂੰ ਸਜਾ ਤੋਂ ਛੋਟ ਮਿਲੀ ਹੋਈ ਹੈ। ਲੋਕਾਂ ਨੇ ਆਪਣੇ ਗੁੱਸੇ ਦਾ ਇਜ਼ਹਾਰ ਸੜਕਾਂ ਤੇ ਵੱਡੇ ਪੈਮਾਨੇ 'ਤੇ ਮੁਜ਼ਾਹਰਾ ਕਰਕੇ ਕੀਤਾ। ਔਰਤਾਂ, ਮਰਦ ਤੇ ਨੌਜਵਾਨ ਲੋਕ ਸੜਕਾਂ 'ਤੇ ਉਤਰ ਆਏ ਹਰ ਵਾਰੀ ਵਾਂਗੂੰ ਇਸ ਵਾਰੀ ਵੀ ਰਾਜ ਨੇ ਇੰਮਫਾਲ 'ਚ ਕਰਫਿਊ ਦਾ ਐਲਾਨ ਕਰ ਦਿੱਤਾ। ਪਰ ਇਸ ਵਾਰੀ ਵਿਰੋਧੀ ਮੁਜਾਹਰਾ ਸਿਰਫ਼ ਇੰਮਫਾਲ ਘਾਟੀ ਤੱਕ ਹੀ ਸੀਮਤ ਨਹੀਂ ਰਿਹਾ। ਯਾਂਗਕੁਲ ਨਾਗਾ ਲੋਕਾਂ ਨੇ ਵੀ ਪਹਾੜੀ ਖੇਤਰਾਂ 'ਚ ਇਹਨਾਂ ਹੱਤਿਆਵਾਂ ਦੇ ਵਿਰੋਧ 'ਚ ਬੰਦ ਅਤੇ ਵਿਰੋਧ ਦਾ ਹੋਰ ਰੂਪ ਲਾਗੂ ਕੀਤਾ। ਮਨੀਪੁਰ 'ਚ ਇਸ ਵਿਰੋਧੀ ਮੁਜਾਹਰੇ 'ਚ ਔਰਤਾਂ ਦੀ ਭੂਮਿਕਾ ਵਿਸ਼ੇਸ ਤੌਰ 'ਤੇ ਵਰਨਣਯੋਗ ਹੈ। ਇਹ ਭਾਰੀ ਸੰਖਿਆ 'ਚ ਸੜਕਾਂ 'ਤੇ ਉਤਰ ਆਈਆਂ। ਉਹਨਾਂ ਨੇ ਆਪਣੇ ਕੱਪੜੇ

ਲਾਹ ਦਿੱਤੇ। ਰਾਈਫਲਾਂ ਅਤੇ ਹੰਝੂ ਗੈਸ ਦੇ ਗੋਲਿਆਂ ਨਾਲ ਲੱਦੀ ਪੁਲਿਸ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਔਰਤਾਂ ਨੇ ਆਪਣੀ ਇਸ ਲੜਾਈ ਨੂੰ ਇਕ ਦੂਜੇ ਨੂਪਿਲਾ (ਔਰਤਾਂ ਦਾ ਯੁੱਧ) ਦਾ ਨਾਂ ਦਿੱਤਾ। ਅੰਗਰੇਜ਼ੀ ਰਾਜ ਸਮੇਂ ਔਰਤਾਂ ਨੇ ਸੰਘਰਸ਼ ਦੇ ਇਸ ਰੂਪ ਨੂੰ ਅਪਣਾਇਆ ਸੀ।

ਇਸ ਵਿਰੋਧ ਦੀ ਅਗਵਾਈ ਕਰਨ ਵਾਲੀ ਇਕ ਔਰਤ ਚਾਓਬਾ ਦੇਵੀ ਨੇ ਕਿਹਾ "ਅਸੀਂ ਔਰਤਾਂ ਹੁਣ ਇਸ ਨੂੰ ਹੋਰ ਬਰਦਾਸ਼ਿਤ ਨਹੀਂ ਕਰ ਸਕਦੀਆਂ ਕਿਉਂਕਿ ਇਹ ਹੁਣ ਸਹਿਣਯੋਗ ਹੱਦ ਤੋਂ ਪਾਰ ਕਰ ਗਿਆ ਹੈ। ਅਸੀਂ ਇਕਮੁੱਠ ਹੋ ਕੇ ਇੱਥੇ ਆਈਆਂ ਹਾਂ। ਪੁਲਸ ਜਾਂ ਤਾਂ ਸਾਨੂੰ ਮਾਰ ਦੇਵੇ ਜਾਂ ਗ੍ਰਿਫ਼ਤਾਰ ਕਰ ਲਵੇ।"

ਇਸ ਘਟਨਾ ਤੋਂ ਪਹਿਲਾਂ ਵੀ ਫਰਜ਼ੀ ਮੁਕਾਬਲਿਆਂ 'ਚ ਕਿੰਨੇ ਸਾਰੇ ਲੋਕਾਂ ਨੂੰ ਪੁਲਸ ਨੇ ਮਾਰ ਸੁੱਟਿਆ ਹੈ। ਇਸ ਸਾਲ ਮਈ ਮਹੀਨੇ 'ਚ ਕਮਾਊ ਯੂਨੀਵਰਸਿਟੀ ਤੋਂ ਐਮ. ਏ. ਕਰਕੇ ਆਏ ਇਕ ਵਿਦਿਆਰਥੀ ਲੇਥਿਆ ਆਂਗਬਮ ਸਤੀਸ਼ ਨੂੰ ਪੁਲਸ ਕਮਾਂਡੋ ਵੱਲੋਂ ਮਾਰ ਸੁੱਟਿਆ। ਇਹ ਜੇਲ੍ਹ 'ਚ ਬੰਦ ਆਪਣੇ ਭਾਈ ਨੂੰ ਮਿਲ ਕੇ ਆ ਰਿਹਾ ਸੀ। ਉਦੋਂ ਹੀ ਉਸ ਨੂੰ ਫੜ ਲਿਆ ਗਿਆ ਅਤੇ ਦੋ ਦਿਨ ਬਾਅਦ ਮੁੱਠਭੇੜ 'ਚ ਮਾਰ ਦਿਖਾਇਆ ਗਿਆ। ਇਸ 'ਤੇ ਪਾਬੰਦੀਸ਼ੁਦਾ ਸੰਗਠਨ ਜਨਮੁਕਤੀ ਸੈਨਾ ਦਾ ਮੈਂਬਰ ਹੋਣ ਦਾ ਦੋਸ਼ ਲਾਇਆ ਗਿਆ। ਇਸ ਤਰ੍ਹਾਂ ਮਾਰਚ ਮਹੀਨੇ 'ਚ 13 ਸਾਲਾ ਜਮਾਤ ਸੱਤਵੀਂ ਦੇ ਵਿਦਿਆਰਥੀ ਨੂੰ ਭਜਾ ਭਜਾ ਕੇ ਮਾਰ ਦਿੱਤਾ। ਉਸ 'ਤੇ ਇਕ ਦੂਜੇ ਗੁਪਤ ਸੰਗਠਨ 'ਲੋਕਾਂ ਦਾ ਸਾਂਝਾ ਮੁਕਤੀ ਮੋਰਚਾ' ਨਾਲ ਜੁੜੇ ਹੋਣ ਦਾ ਦੋਸ਼ ਲਾਇਆ ਗਿਆ। ਇਸ ਪ੍ਰਕਾਰ ਦੀਆਂ ਫਰਜ਼ੀ ਮੁਠਭੇੜਾਂ ਦੀਆਂ ਅਨੇਕਾਂ ਘਟਨਾਵਾਂ ਹਨ। ਮਣੀਪੁਰ ਦੇ ਮੁੱਖ ਮੰਤਰੀ ਹਬੋਬੀ ਸਿੰਘ ਬਗਾਵਤ ਨੂੰ ਕੁਚਲਣ ਦੇ ਨਾਂ 'ਤੇ ਇਸ ਤਰ੍ਹਾਂ ਲੋਕਾਂ ਤੋਂ ਜਿਉਣ ਦਾ ਅਧਿਕਾਰ ਖੋਹ ਰਹੇ ਹਨ ਜੋ ਆਪਣੀ ਨਿਆਂ ਸੰਗਤ ਮੰਗਾਂ ਲਈ ਸੰਘਰਸ਼ ਕਰ ਰਹੇ ਹਨ। ਜਨਤਾ ਦੇ ਜਮਹੂਰੀ ਹੱਕਾਂ ਦਾ ਮਣੀਪੁਰ 'ਚ ਕੋਈ ਅਰਥ ਨਹੀਂ ਹੈ। ਲੋਕਤੰਤਰ ਦੀਆਂ ਸਾਰੀਆਂ ਗੱਲਾਂ ਇਥੇ ਮਜ਼ਾਕ ਬਣ ਗਈਆਂ ਹਨ। ਜੇ ਆਬਾਦੀ ਦਾ ਕੋਈ ਹਿੱਸਾ ਅਧਿਕਾਰਾਂ ਲਈ ਲੜਦਾ ਹੈ ਤਾਂ ਉਹ ਹਥਿਆਰਬੰਦ ਦਸਤਿਆਂ ਦੇ ਹਮਲਿਆਂ ਦਾ ਸ਼ਿਕਾਰ ਬਣਦਾ ਹੈ। ਇਹੀ ਪੂੰਜੀਵਾਦੀ ਲੋਕਤੰਤਰ ਦਾ ਦਾਨਵੀ ਚੇਹਰਾ ਹੈ। ਇਹ ਆਪਣੇ ਹਥਿਆਰੇ ਚਿਹਰੇ 'ਤੇ ਲੋਕਤੰਤਰ ਦਾ ਮਖੌਟਾ ਪਾ ਕੇ ਰੱਖ ਰਿਹਾ ਹੈ। ਮਣੀਪੁਰ 'ਚ ਇਸ ਦੇ ਖੂੰਖਾਰ ਦਾਨਵੀ ਚਿਹਰੇ ਦਾ ਅਸਲੀ ਰੂਪ ਸਾਹਮਣੇ ਹੈ।

# ਕਾਮਨ ਵੈਲਥ ਖੇਡਾਂ ਬਨਾਮ ਭਾਰਤੀ ਗਰੀਬ

1982 'ਚ ਦਿੱਲੀ 'ਚ ਏਸ਼ੀਅਨ ਖੇਡਾਂ ਹੋਈਆਂ ਸਨ। ਜਦ 2010 'ਚ ਕਾਮਨ ਵੈਲਥ ਖੇਡਾਂ ਦੀ ਤਿਆਰੀ ਚੱਲ ਰਹੀ ਹੈ। ਇਹਨਾਂ 28 ਸਾਲਾਂ ਦਾ ਅਰਸਾ ਕਾਫੀ ਵੱਡਾ ਅਰਸਾ ਹੈ। ਦੇਸ਼ ਦੀ ਹਾਕਮ ਜਮਾਤ ਅਤੇ ਖਾਸ ਕਰਕੇ ਦਿੱਲੀ ਰਾਹੀਂ ਭਾਰਤ ਦੀ ਚਮਕਦੀ-ਦਮਕਦੀ ਤਸਵੀਰ ਪੇਸ਼ ਕਰਕੇ ਆਪਣੀ ਇੱਜ਼ਤ ਬਚਾਉਣਾ ਚਾਹੁੰਦੇ ਹਨ। ਉਹ ਇਹ ਪਖੰਡ ਕਰਨਾ ਚਾਹੁੰਦੇ ਹਨ ਕਿ ਇਕੀਵੀਂ ਸਦੀ ਦਾ ਭਾਰਤ ਇਕ ਵਿਕਾਸ ਕਰਦਾ ਚਮਕਦਾ-ਦਮਕਦਾ ਭਾਰਤ ਹੈ, ਗਰੀਬੀ ਤੇ ਬਦਹਾਲੀ ਤੋਂ ਮੁਕਤ ਹੁੰਦਾ ਭਾਰਤ ਹੈ। ਹੁਣ 2010 'ਚ ਕੁਝ ਹੀ ਮਹੀਨੇ ਬਚੇ ਹਨ। ਕਾਮਨ ਵੈਲਥ ਖੇਡਾਂ ਲਈ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਅਫਰਾ ਤਫਰੀ ਹੈ ਅਤੇ ਕਿਸੇ ਵੀ ਕੀਮਤ 'ਤੇ ਤਿਆਰੀਆਂ ਹੋ ਰਹੀਆਂ ਹਨ ਦਿੱਲੀ ਮੈਟਰੋ ਰੇਲ ਪ੍ਰੋਜੈਕਟ 'ਚ ਇਕ ਤੋਂ ਬਾਅਦ ਇਕ ਦੁਰਘਟਨਾਵਾਂ ਤੇ ਗੰਭੀਰ ਬੀਮਾਰੀਆਂ ਨਜ਼ਰ ਆਉਣ ਦੇ ਬਾਵਜੂਦ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਇਸ ਮੁੱਦੇ ਨੂੰ ਜਿਵੇਂ-ਤਿਵੇਂ ਦਬਾ ਦੇਣ ਲਈ ਉਤਾਰੂ ਹੈ। ਸ਼ਾਇਦ ਉਹਨਾਂ ਨੂੰ ਇਹ ਗੁਮਾਨ ਹੋ ਗਿਆ ਹੈ ਕਿ ਉਹਨਾਂ ਨੂੰ ਚੋਣਾਂ 'ਚ ਜਿਤਾ ਕੇ ਲੋਕਾਂ ਨੇ ਉਹਨਾਂ ਦੇ ਅੰਧਵਿਕਾਸ 'ਤੇ ਮੋਹਰ ਲਾ ਦਿੱਤੀ ਹੈ। ਅੱਖਾਂ ਮੀਚ ਕੇ ਸਾਰੇ ਜ਼ਿੰਮੇਵਾਰ ਅਧਿਕਾਰੀ ਸੰਮਤੀਆਂ, ਬੋਰਡ ਆਦਿ ਤਿਆਰ ਕੰਮ ਨੂੰ ਕਿਵੇਂ ਨਾ ਕਿਵੇਂ ਪੂਰਾ ਕਰਨ 'ਚ ਲੱਗੇ ਹੋਏ ਹਨ। ਸਾਰੇ ਤਰੀਕਿਆਂ ਦੇ ਮਾਪਦੰਡਾਂ ਵਿੱਚ ਉਲੰਘਣਾ ਅਜੇ ਮੁਆਫ਼ ਹੈ ਕਿਉਂਕਿ ਤਿਆਰੀ ਸਮੇਂ ਸਿਰ ਪੂਰੀ ਕਰਨੀ ਹੈ। ਮਾਪਦੰਡਾਂ ਦੀ ਪ੍ਰਵਾਹ ਕਰਨਾ ਤਿਆਰੀ 'ਚ ਅੜਿੱਕਾ ਡਾਹੁਣ ਦੇ ਬਰਾਬਰ ਹੈ। ਅਜਿਹੇ ਵਿੱਚ ਹੁਣ ਕੰਮ ਦੇ ਨਾਲ-ਨਾਲ ਪੁਰਸਕਾਰ ਹਾਸਲ ਕਰਨ ਦੇ ਰਸਤੇ ਵੀ ਬਿਲਡਰਾਂ, ਠੇਕੇਦਾਰਾਂ ਅਧਿਕਾਰੀਆਂ ਲਈ ਖੁੱਲ੍ਹ ਜਾਂਦੇ ਹਨ। ਅਜਿਹੀਆਂ ਯੋਜਨਾਵਾਂ ਬਣਾਓ ਕਿ ਕੰਮ ਜਲਦੀ ਹੋਵੇ। ਕੁਆਲਟੀ ਦੀ ਪ੍ਰਵਾਹ ਨਾ ਕਰੋ ਅਤੇ ਮਿਲਾਈ ਵੰਡ ਕੇ ਛਕ ਲਵੋ। ਇਹ ਪਰਦੇ ਪਿੱਛੇ ਖੇਡੀ ਜਾਣ ਵਾਲੀ ਦੂਜੀ ਖੇਡ ਹੈ। ਅਜਿਹੇ 'ਚ ਮਜ਼ਦੂਰਾਂ ਅਤੇ ਖਾਸ ਕਰਕੇ ਉਸਾਰੀ ਕੰਮਾਂ 'ਚ ਲੱਗੇ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਦਾ ਏਜੰਡਾ ਤਾਂ ਕਿਸੇ ਵੀ ਰੂਪ 'ਚ ਅੜਿੱਕੇ ਵਜੋਂ ਹੀ ਲਿਆ ਜਾਵੇਗਾ ਕਿਉਂਕਿ ਮਜ਼ਦੂਰ ਹਿੱਤਾਂ ਦੀ ਗੱਲ ਕਰਨਾ ਤਾਂ ਆਮ ਤੌਰ 'ਤੇ ਹੀ ਪੂੰਜੀਵਾਦੀ ਵਿਕਾਸ 'ਚ ਅੜਿੱਕੇ ਵਜੋਂ ਹੀ ਲਿਆ ਜਾਂਦਾ ਹੈ। ਦਿੱਲੀ ਮਾਨਵ ਵਿਕਾਸ ਰਿਪੋਰਟ 2006 ਅਨੁਸਾਰ ਦਿੱਲੀ 'ਚ ਸਿਰਫ 2 ਤੋਂ 3 ਲੱਖ ਉਸਾਰੀ ਮਜ਼ਦੂਰ ਸਨ। ਮੈਟ੍ਰੋਮਾਲ ਕਾਮਨ ਵੈਲਥ ਖੇਡਾਂ। ਇਹਨਾਂ ਸਾਰੀਆਂ ਮੌਜੂਦਾ ਹਾਲਤਾਂ 'ਚ ਇਹ ਅੰਦਾਜਾ ਘੱਟੋ-ਘੱਟ 10 ਲੱਖ ਮਜ਼ਦੂਰਾਂ ਦੇ ਹੋਣ ਦਾ ਹੈ। ਹਾਲਾਂਕਿ ਇਹਨਾਂ ਦੀ ਗਿਣਤੀ ਦੇ ਸੰਤੋਸ਼ਜਨਕ ਤਰੀਕੇ ਨਾਲ ਅਨੁਮਾਨ ਦੀ ਚਿੰਤਾ ਵੀ ਦਿੱਲੀ ਸਰਕਾਰ ਨੂੰ ਨਹੀਂ ਹੈ। ਇਹਨਾਂ ਦਸ ਲੱਖ ਉਸਾਰੀ ਮਜ਼ਦੂਰਾਂ ਦਾ ਜੀਵਨ ਕਿਹੋ ਜਿਹਾ ਹੈ ਅਤੇ ਦਿੱਲੀ ਸਰਕਾਰ ਅਤੇ ਉਸ ਦੇ ਅਧਿਕਾਰੀ ਇਹਨਾਂ ਲਈ ਕੀ ਕਰ ਰਹੇ ਹਨ? ਦਿੱਲੀ 'ਚ ਅੱਜਕਲ ਐਮ. ਐਮ. ਰੇਡਿਓ ਦੇ ਬਹੁਤ ਸਾਰੇ ਚੈਨਲ ਚਲ ਰਹੇ ਹਨ। ਇਹ ਲੋਕਾਂ ਦਾ ਮਨਭਾਉਂਦਾ ਚੈਨਲ ਵੀ ਹੈ। ਇਸ 'ਤੇ ਭੋਜਪੁਰੀ ਬੋਲੀ 'ਚ ਦੋ ਮਜ਼ਦੂਰਾਂ ਨੂੰ ਗੱਲ ਕਰਦਿਆਂ ਇਕ ਪ੍ਰਚਾਰ ਆਉਂਦਾ ਸੀ। ਇਹਦਾ ਵੱਡਾ ਚਹਿਕਦਾ ਦਹਿਕਦਾ ਸੰਦੇਸ਼

ਇਹ ਸੀ ਕਿ ਜੇ ਗੈਰ ਜਥੇਬੰਦ ਖੇਤਰ ਦੇ ਮਜ਼ਦੂਰ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ ਤਾਂ ਉਹਨਾਂ ਦੇ ਬੱਚਿਆਂ ਨੂੰ ਵਿਦਿਆਰਥੀ ਵਜੀਫਾ, ਗਰਭਵਤੀ ਔਰਤਾਂ ਨੂੰ ਉਨਤ ਪ੍ਰਸੂਤਾ ਸਹੂਲਤ, ਮੁਫਤ ਇਲਾਜ ਤੇ ਨਾ ਜਾਨੇ ਕੀ ਦਿੱਲੀ ਸਰਕਾਰ ਦੇਵੇਗੀ। ਪ੍ਰਚਾਰ 'ਚ ਸੰਗੀਤ ਤੇ ਅਭਿਨੈ ਦੇ ਉਚਕੋਟੀ ਮੇਲ ਨਾਲ ਜੋ ਸੰਦੇਸ਼ ਸਰੋਤਿਆਂ ਦੇ ਦਿਲਾਂ 'ਚ ਪਹੁੰਚਦਾ ਸੀ ਕਿ ਦਿੱਲੀ 'ਚ ਰਾਮਰਾਜ ਆ ਗਿਆ ਹੈ ਮਜ਼ਦੂਰਾਂ ਨੂੰ ਸਵਰਗ ਦੀਆਂ ਸਹੂਲਤਾਂ ਵਾਲਾ ਜੀਵਨ ਮਿਲੇਗਾ। ਦਿੱਲੀ 'ਚ ਸਮਾਜਵਾਦ ਹੀ ਆ ਗਿਆ ਹੈ। ਪਰ ਉਕਤ ਪ੍ਰਚਾਰ ਦੇ ਬਿਲਕੁਲ ਉਲਟ ਹਕੀਕਤ ਬੇਹੱਦ ਦੁੱਖਦਾਈ ਹੈ।

ਲੰਬੀ ਜਦੋਜਹਿਦ ਪਿੱਛੋਂ 1996 'ਚ ਉਸਾਰੀ ਖੇਤਰ ਦੇ ਮਜ਼ਦੂਰਾਂ ਲਈ ਭਾਰਤੀ ਸੰਸਦ ਨੇ ਦੋ ਕਾਨੂੰਨ ਪਾਸ ਕੀਤੇ ਸਨ। ਭਵਨ ਤੇ ਹੋਰ ਨਿਰਮਾਣ ਮਜ਼ਦੂਰ (ਰੁਜ਼ਗਾਰ ਤੇ ਕਾਰਜ ਪ੍ਰਸਥਿਤੀ ਨਿਯਮਨ) ਕਾਨੂੰਨ 1996 ਅਤੇ ਭਵਨ ਤੇ ਹੋਰ ਉਸਾਰੀ ਮਜ਼ਦੂਰ ਕਲਿਆਣ ਅਧਿਕਾਰ ਕਾਨੂੰਨ 1996 ਦਿੱਲੀ 'ਚ ਇਹ ਕਾਨੂੰਨ 6 ਸਾਲ ਬਾਅਦ ਸੰਨ 2002 'ਚ ਬਣਾਏ ਗਏ। ਇਸ ਦੇ ਸਿੱਟੇ ਵਜੋਂ ਸਤੰਬਰ 2002 'ਚ ਉਸਾਰੀ ਮਜ਼ਦੂਰਾਂ ਦੇ ਕਲਿਆਣ ਲਈ ਇਕ ਬੋਰਡ ਗਠਿਤ ਕੀਤਾ ਗਿਆ। ਜਿਸ ਦਾ ਕੰਮ ਇਹ ਯਕੀਨੀ ਬਣਾਉਣਾ ਸੀ ਕਿ ਸਾਰੇ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਹੋਵੇ, ਇਕੱਠੇ ਕੀਤੇ ਅਧਿਕਾਰ ਦੇ ਅਧਾਰ 'ਤੇ ਉਸਾਰੀ ਮਜ਼ਦੂਰਾਂ ਨੂੰ ਸਮਾਜਕ ਸੁਰੱਖਿਆ ਲਾਭ ਮੁਹੱਈਆ ਹੋਵੇ। ਸਭ ਕਾਨੂੰਨੀ ਵਿਵਸਥਾਵਾਂ ਨੂੰ ਲਾਗੂ ਕਰਵਾਉਣ ਦਾ ਜਿੰਮਾ ਬੋਰਡ 'ਤੇ ਸੀ ਪਰ ਨਾ ਤਾਂ ਬੋਰਡ ਦੀਆਂ ਲੋੜੀਂਦੀਆਂ ਮੀਟਿੰਗਾਂ ਹੀ ਹੋਈਆਂ ਤੇ ਨਾ ਹੀ ਉਸ ਕੋਲ ਲੋੜੀਂਦਾ ਸਟਾਫ ਹੈ। 'ਕਰੇਲਾ ਤੇ ਉਪਰੋਂ ਨਿੰਮ ਚੜ੍ਹਿਆ' ਵਾਲੀ ਕਹਾਵਤ ਵੈਸੇ ਹੀ ਚਰਚਿਤ ਹੁੰਦੀ ਹੈ ਕਿ ਇਹ ਬੋਰਡ ਦਿੱਲੀ ਕਿਰਤ ਕਮਿਸ਼ਨ ਦੇ ਮਤਾਹਿਤ ਹੈ। ਯਾਨੀ ਕਿਰਤ ਕਮਿਸ਼ਨ ਅਹੁਦੇ 'ਤੇ ਬਿਰਾਜਮਾਨ ਅਫਸਰਸ਼ਾਹ ਵਿਅਕਤੀ ਦੀ ਇੱਛਾ ਤੇ ਸਮਰਥਾ ਦੇ ਮਤਾਹਿਤ ਹੈ। ਕਾਨੂੰਨ ਕਹਿੰਦਾ ਹੈ ਕਿ ਹਰ ਕਾਰਜਸ਼ੀਲ ਥਾਂ 'ਤੇ ਜੋ ਅਮਲ ਲਾਗੂ ਹੋਣਾ ਚਾਹੀਦਾ ਹੈ ਉਸ 'ਚ ਸੁਰੱਖਿਆ ਸਾਧਨ ਲਾਜ਼ਮੀ ਸਿਖਲਾਈ ਨਿਰੀਖਣ ਤੇ ਜਾਂਚ ਸਭ ਸ਼ਾਮਲ ਹਨ। 500 ਤੋਂ ਵੱਧ ਮਜ਼ਦੂਰਾਂ ਵਾਲੇ ਕਿਸੇ ਵੀ ਅਦਾਰੇ 'ਚ ਸੁਰੱਖਿਆ ਸੰਮਤੀ ਬਣਾਏ ਜਾਣ ਦੀ ਵਿਵਸਥਾ ਹੈ। ਜਿਸ 'ਚ ਮਜ਼ਦੂਰਾਂ ਦੀ ਨੁਮਾਇੰਦਗੀ ਹੋਣੀ ਚਾਹੀਦੀ ਹੈ ਪਰ ਇਹਨਾਂ ਕਾਨੂੰਨੀ ਵਿਵਸਥਾਵਾਂ ਦਾ ਕਿਸੇ ਵੀ ਕਾਰਜ ਵਾਲੀ ਥਾਂ 'ਤੇ ਕਦੀ ਪਾਲਣ ਨਹੀਂ ਕੀਤਾ ਗਿਆ। ਨਾਲ ਹੀ ਬੁਨਿਆਦੀ ਸਹੂਲਤਾਂ ਪੀਣ ਵਾਲਾ ਪਾਣੀ, ਗੁਸਲਖਾਨੇ, ਸਿਸ਼ ਪਾਲਣਘਰ (ਕਰੈਚ) ਆਦਿ ਦੀਆਂ ਕਾਨੂੰਨੀ ਵਿਵਸਥਾਵਾਂ ਸਬੰਧੀ ਵੀ ਸਥਿਤੀ ਤਰਸਯੋਗ ਰਹੀ ਹੈ। ਜਿਥੋਂ ਤਕ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਦਾ ਸੁਆਲ ਹੈ ਤਾਂ ਇਸ ਦੀ ਸੁਸਤ, ਅੰਸ਼ਿਕ ਤੇ ਲੋੜੋਂ ਘੱਟ ਅਮਲ ਵੀ ਦਿਖਾਵੇ ਪਿੱਛੋਂ ਰੁਕ ਗਿਆ। ਲੋੜੀਂਦੇ ਮਜ਼ਦੂਰ ਰਜਿਸਟਰਡ ਨਹੀਂ ਹਨ। ਪਹਿਲਾਂ ਤੋਂ ਰਜਿਸਟਰਡ ਮਜ਼ਦੂਰਾਂ ਦੇ ਪੰਜੀਕਰਣ ਦਾ ਨਵੀਨੀਕਰਨ ਨਹੀਂ ਕੀਤਾ ਗਿਆ। ਮਜ਼ਦੂਰ ਰਜਿਸਟਰਡ ਬਣੇ ਰਹਿਣ ਲਈ ਹਰ ਮਹੀਨੇ ਪੈਸੇ ਜਮਾ ਕਰਾਉਣ ਲਈ ਮਜ਼ਬੂਰ ਕੀਤੇ ਜਾਂਦੇ ਹਨ। ਇਸ ਰਜਿਸਟਰੇਸ਼ਨ ਨਾਲ ਹੋਣ ਵਾਲੇ ਲਾਭ ਦਿਲੀ ਵਰਤੋਂ ਯੋਗ ਅਸਥਾਈ ਰਾਸ਼ਣ ਕਾਰਡ, ਪੈਨਸ਼ਨ ਤੇ ਸਮਾਜਕ ਸੁਰੱਖਿਆ, ਸਿਹਤ ਸਹੂਲਤਾਂ ਤੇ ਬੀਮਾ, ਬੱਚਿਆਂ ਨੂੰ ਵਜੀਫੇ ਆਦਿ ਸਿੱਧੇ ਮੁਹੱਈਆ ਹਨ। ਨਵੰਬਰ 2007 'ਚ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਕੁਝ ਨਵੇਂ ਰਜਿਸਟਰਡ ਮਜ਼ਦੂਰਾਂ ਨੂੰ ਅਸਥਾਈ ਰਾਸ਼ਣ

ਕਾਰਡ ਪ੍ਰਚਾਰ ਦੀ ਪੂਰੀ ਚਕਾਚੌਂਧ ਦੇ ਨਾਲ ਵੰਡੇ ਸਨ। ਪਰ ਸ਼ੁਰੂਆਤੀ ਚਕਾਚੌਂਧ ਪਿੱਛੋਂ ਇਹ ਕਾਰਡ ਵੰਡ ਠੱਪ ਹੋ ਗਈ। ਇਸ ਤਰ੍ਹਾਂ ਫਰਵਰੀ 2008 'ਚ ਸਬੰਧਿਤ ਬੋਰਡ ਨੇ ਇਹ ਪਾਸ ਕੀਤਾ ਕਿ ਰਜਿਸਟਰਡ ਉਸਾਰੀ ਮਜ਼ਦੂਰਾਂ ਦੇ ਦੋ ਸਕੂਲ ਜਾਣ ਵਾਲੇ ਬੱਚਿਆਂ ਨੂੰ 100 ਰੁਪਏ ਮਾਸਕ ਵਜੀਫਾ ਦਿੱਤਾ ਜਾਵੇ। ਪਰ 20 ਤੋਂ ਵੀ ਘੱਟ ਵਜੀਫੇ ਦਿੱਤੇ ਗਏ ਅਤੇ ਉਹ ਵੀ ਗਰਮੀਆਂ ਦੀਆਂ ਛੁੱਟੀਆਂ 'ਚ ਸਕੂਲ ਬੰਦ ਹੋ ਜਾਣ ਪਿੱਛੋਂ। ਹੁਣ ਅਜਿਹੇ ਮਾਹੌਲ 'ਚ ਕੋਈ ਰਜਿਸਟ੍ਰੇਸ਼ਨ ਕਿਉਂ ਕਰਵਾਏਗਾ? ਇਸ ਦਾ ਇਕ ਸਿੱਟਾ ਇਹ ਨਿਕਲਦਾ ਹੈ ਕਿ ਇਕਤ੍ਰਿਤ ਅਧਿਕਾਰ ਬੇਕਾਰ ਜਾ ਰਿਹਾ ਹੈ ਅਧਿਕਾਰ ਦੇ ਰਾਹੀਂ 300 ਕਰੋੜ ਰੁਪਏ ਤੋਂ ਵੱਧ ਇਕੱਠਾ ਹੋਇਆ ਪਰ ਤਿੰਨ ਸਿਸ਼ੂ ਪਾਲਣ ਗ੍ਰਹਿ-ਕਰੈਚ (ਸਮਰਥਾ 150 ਸਿਸ਼ੂ) ਅਤੇ 100 ਮਜ਼ਦੂਰਾਂ ਤੋਂ ਘੱਟ ਨੂੰ ਦੁਰਘਟਨਾ ਮੁਆਵਜਾ ਤੇ ਬੀਮਾ ਲਾਭ ਰਾਹੀਂ ਕੁਲ ਸਿਰਫ 10 ਲੱਖ ਰੁਪਏ ਖਰਚ ਹੋਏ। ਬਾਕੀ ਪੈਸਾ ਬਿਨਾਂ ਵਰਤੋਂ ਦੇ ਪਿਆ ਹੋਇਆ ਹੈ। ਜਦ ਕਿ ਇਹ ਸਿਹਤ ਸਹੂਲਤਾਂ ਪੇਸ਼ਨ ਮੁਆਵਜਾ, ਬੱਚਿਆਂ ਦੀ ਪੜ੍ਹਾਈ, ਸ਼ਾਦੀ ਆਦਿ ਲਈ ਮਜ਼ਦੂਰਾਂ ਨੂੰ ਵੰਡਣਾ ਸੀ। ਹੁਣ ਇਸ ਬਾਕੀ ਬਚੇ ਪੈਸੇ ਨੂੰ ਤੁਰੰਤ-ਫੁਰਤ ਸਵਾਇਆ ਕਰਕੇ ਮਲਾਈ ਖਾਣ ਦੀ ਤਿਆਰੀ ਚਲ ਰਹੀ ਹੈ। ਇਕ ਪ੍ਰਸਤਾਵ ਜਿਸ ਨੂੰ ਬੋਰਡ ਨੇ ਇਤਰਾਜਾਂ ਦੇ ਬਾਵਜੂਦ ਸਿਰੇ ਚੜ੍ਹਾਉਣ ਦੀ ਤਿਆਰੀ ਚੱਲ ਰਹੀ ਹੈ ਉਹ ਇਹ ਹੈ ਕਿ ਇਸ ਅਧਿਕਾਰ ਕੋਸ਼ ਵਿਚੋਂ 80 ਕਰੋੜ ਰੁਪਿਆ ਲਗਾਤਾਰ ਅਤੇ ਇਕ ਤਿਹਾਈ ਨਿਜੀ ਭਾਗੀਦਾਰੀ ਦੇ ਨਾਲ ਦੂਰ-ਦਰਾਡੇ ਦੀ ਪੰਚਾਇਤੀ ਜ਼ਮੀਨ 'ਤੇ ਮਜ਼ਦੂਰਾਂ ਦੇ ਮਕਾਨਾਂ ਹਿੱਤ ਤਿੰਨ ਮੰਜਲਾ ਹੋਸਟਲ ਬਣਾਏ ਜਾਣ। ਬਲਕਿ ਹੋਸਟਲ ਦੇ ਨਾਂ 'ਤੇ ਅਸਥਾਈ ਆਸ਼ਰਮ ਬਣਾਏ ਜਾਣ। ਇਸ 'ਚ 6 ਤੋਂ 9000 ਤੱਕ ਮਜ਼ਦੂਰਾਂ ਦੀ ਰਿਹਾਇਸ਼ ਦਾ ਇੰਤਜਾਮ ਹੋਵੇ। ਇਸ ਪ੍ਰਕਾਰ ਇਕ ਚੌਥਾਈ ਖਰਚ ਕਰਕੇ ਬਿਲਡਰ ਜਾਂ ਠੇਕੇਦਾਰ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਨਾ ਸਿਰਫ ਬਚ ਜਾਣਗੇ ਬਲਕਿ ਉਹ ਮਜ਼ਦੂਰਾਂ ਦੀ ਸਮੁੱਚੀ ਮਦਦ ਦਾ ਸਿਹਰਾ ਵੀ ਲੈਣਗੇ। ਅਸਲ 'ਚ ਮਜ਼ਦੂਰਾਂ ਦੀ ਸਮੁੱਚੀ ਰਿਹਾਇਸ਼ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੁੰਦੀ ਹੈ। ਦੂਸਰਾ, ਮਜ਼ਦੂਰਾਂ ਨੂੰ ਕਾਰਜਸਥਲ ਤੋਂ ਦੂਰ ਰਿਹਾਇਸ਼ 'ਚ ਭਾਰੀ ਮੁਸ਼ਕਲ ਹੋਵੇਗੀ। ਤੀਜੇ ਰਸੋਈ, ਗੁਸਲਖਾਨੇ ਵਰਗੀਆਂ ਬੁਨਿਆਦੀ ਸਹੂਲਤਾਂ ਦਾ ਇਹਨਾਂ ਤਿੰਨ ਮੰਜਲੇ ਕੁਆਟਰਾਂ 'ਚ ਘਾਟ ਹੋਵੇਗੀ, ਚੌਥੇ ਮਜ਼ਦੂਰਾਂ ਦੇ ਪਰਿਵਾਰ ਖਿੰਡ ਜਾਣਗੇ ਕਿਉਂਕਿ ਇਹਨਾਂ ਘਰਾਂ 'ਚ ਔਰਤਾਂ ਤੇ ਮਰਦਾਂ ਲਈ ਵੱਖ-ਵੱਖ ਰਿਹਾਇਸ਼ ਦੀ ਵਿਵਸਥਾ ਹੈ।

ਇਹ ਯੋਜਨਾ ਬਹੁਤ ਹੀ ਘੱਟ ਮਜ਼ਦੂਰਾਂ ਲਈ ਹੈ ਅਤੇ ਬਜਟ ਦੇ ਵੀ ਲਗਭਗ ਇਕ ਚੌਥਾਈ ਨੂੰ ਖਪਾਉਣ ਲਈ ਹੈ। ਪਰ ਸਾਰੇ ਵਿਰੋਧਾਂ ਦੇ ਬਾਵਜੂਦ ਸਾਰੇ ਇਤਰਾਜਾਂ ਦੇ ਬਾਵਜੂਦ, ਇਹ ਯੋਜਨਾ ਠੇਕੇਦਾਰਾਂ ਨੂੰ ਸਬਸਿਡੀ ਇਜ਼ਤ ਤੇ ਜ਼ਿੰਮੇਵਾਰੀ ਤੋਂ ਮੁਕਤੀ ਸਭ ਇਕੋ ਵੇਲੇ ਦਿੰਦੀ ਹੈ ਅਤੇ ਮਾਨਦੰਡਾਂ ਦੀ ਅਣਦੇਖੀ ਦੇ ਵਿਆਪਕ ਹੋਣ ਦੇ ਦੌਰ 'ਚ ਇਹ ਮਲਾਈ ਵੰਡ ਕੇ ਖਾਣ ਦੇ ਮੌਕੇ ਮੁਹੱਈਆ ਕਰਨ ਵਾਲੀ ਯੋਜਨਾ ਹੈ। ਖੇਡ ਦੀ ਤਿਆਰੀ ਨੂੰ ਜਲਦੀ ਮੁਕੰਮਲ ਕਰਨ ਦੀ ਆੜ 'ਚ ਅਜਿਹੀਆਂ ਨਾ ਜਾਣੇ ਕਿੰਨੀਆਂ ਘਨੌਣੀਆਂ ਖੇਡਾਂ ਆਮ ਲੋਕਾਂ ਖਿਲਾਫ ਖੇਡੀਆਂ ਜਾ ਰਹੀਆਂ ਹਨ।

# ਸੀ. ਬੀ. ਆਈ. ਦੀ ਘਟਦੀ ਸ਼ਾਖ

ਦੇਸ਼ ਦੀ ਸਭ ਤੋਂ ਵੱਡੀ 'ਮਰਡਰ ਮਿਸ੍ਰਟੀ–ਆਰੁਸ਼ੀ–ਹੇਮ ਰਾਜ ਹਤਿਆਕਾਂਡ ਭੇਦ ਰੋਮਾਂਸ ਨਾਲ ਭਰਪੂਰ ਉਲਝਣਾ ਤੇ ਝਮੇਲਿਆਂ ਦੀ ਕਹਾਣੀ ਬਣ ਕੇ ਰਹਿ ਗਿਆ ਹੈ। ਉਤਰ ਪ੍ਰਦੇਸ਼ ਦੇ ਨੋਇਡਾ 'ਚ ਹੋਈ ਇਸ ਬਰਦਾਤ ਦਾ ਸੀ. ਬੀ. ਆਈ. ਨੂੰ ਅਜੇ ਤਕ ਕੋਈ ਪੁਖਤਾ ਸਬੂਤ ਤਾਂ ਮਿਲਿਆ ਹੀ ਨਹੀਂ, ਗ੍ਰਿਫਤਾਰ ਦੋਸ਼ੀ ਵੀ ਇਕ ਇਕ ਕਰਕੇ ਰਿਹਾ ਹੋ ਗਏ। ਪਿਛਲੇ ਸਾਲ 16 ਮਈ ਨੂੰ ਹੋਏ ਇਸ ਦੋਹਰੇ ਹੱਤਿਆਕਾਂਡ ਦੀ ਜਾਂਚ ਵਿੱਚ ਸੀ. ਬੀ. ਆਈ. ਇਕ ਸਥਾਨਕ ਥਾਣੇ ਦੇ ਜਾਂਚ ਕਰਤਾ ਵਰਗੀ ਹਾਲਤ 'ਚ ਪਹੁੰਚ ਗਈ ਹੈ। ਇਸ ਦੀ ਤਾਜਾ ਉਦਾਹਰਣ ਹਾਲ ਹੀ 'ਚ ਬੁੰਦੇਲ ਸ਼ਹਿਰ ਦੇ ਰਾਮਭੂਲ ਤੋਂ ਮਿਲਿਆ ਆਰੁਸ਼ੀ ਦਾ ਮਿਲਿਆ ਉਹ ਮੋਬਾਇਲ ਹੈ ਜਿਸ ਬਾਰੇ ਸੀ. ਬੀ. ਆਈ. ਨੇ ਕੋਰਟ ਵਿੱਚ ਹਲਫਨਾਮਾ ਦਾਇਰ ਕਰਕੇ ਕਿਹਾ ਕਿਹਾ ਸੀ ਕਿ 'ਮੋਬਾਇਲ ਨਸ਼ਟ ਹੋ ਗਿਆ ਹੈ' ਇਹ ਉਹੀ ਮੋਬਾਇਲ ਹੈ ਜਿਸ ਬਾਰੇ ਜਾਂਚ ਏਜੰਸੀ ਲਗਾਤਾਰ ਕਹਿੰਦੀ ਰਹੀ ਹੈ ਕਿ ਹਤਿਆਕਾਂਡ ਨੂੰ ਸੁਲਝਾਉਣ ਦਾ ਸਭ ਤੋਂ ਵੱਡਾ ਸੁਰਾਗ ਸਾਡੇ ਹੱਥੋਂ ਨਿਕਲ ਗਿਆ ਹੈ। ਹਾਲ ਦੀ ਘੜੀ ਦੇਖਣਾ ਇਹ ਹੈ ਕਿ ਮੋਬਾਇਲ ਲੈ ਕੇ ਵੀ ਸੀ. ਬੀ. ਆਈ. ਕੋਈ ਕਾਰਗਰ ਖੁਲਾਸਾ ਕਰਦੀ ਹੈ ਜਾਂ ਫਿਰ ਭੇਦ–ਰੋਮਾਂਸ ਨਾਲ ਭਰਪੂਰ ਸਨਸਨੀ ਖੇਜ ਖੁਲਾਸਾ ਹੀ ਕਰਦੀ ਹੈ। ਮੋਬਾਇਲ ਬਰਾਮਦ ਹੋਣ ਨਾਲ ਜਾਹਰ ਹੋ ਚੁੱਕਿਆ ਹੈ ਕਿ ਜਾਂਚ ਏਜੰਸੀ ਕਿਸੇ ਤਰ੍ਹਾਂ ਇਕ ਦੋਹਰੇ ਹੱਤਿਆਕਾਂਡ ਨੂੰ ਨਬੇੜ ਦੇਣਾ ਚਾਹੁੰਦੀ ਹੈ। ਦੇਸ਼ ਦੀ ਸਭ ਤੋਂ ਕਾਬਿਲ ਜਾਂਚ ਏਜੰਸੀ ਦੀ ਸ਼ਾਖ 'ਤੇ ਇਹ ਬੱਟਾ ਕਿਸੇ ਹੋਰ ਨੇ ਨਹੀਂ ਬਲਕਿ ਉਸ ਦੀਆਂ ਖੁਦ ਦੀਆਂ ਟੀਮਾ ਨੇ ਲਾਇਆ ਹੈ। ਜਿਹਨਾਂ ਦੇ ਜ਼ਿਆਦਾਤਰ ਦਾਅਵੇ ਸਿਰ ਦੇ ਭਾਰ ਖੜ੍ਹੇ ਹੋ ਗਏ ਹਨ। ਹਾਲਾਤ ਇਹ ਹੈ ਕਿ 14 ਸਾਲਾਂ ਵਿਦਿਆਰਥਣ ਆਰੁਸ਼ੀ ਤੇ ਉਸ ਦੇ ਘਰੇਲੂ ਨੌਕਰ ਹੇਮਰਾਜ ਦੀ ਹੱਤਿਆ ਦੀ ਗੁੱਥੀ ਸੁਲਝੇਗੀ, ਇਸ ਦਾ ਦਾਅਵਾ ਹੁਣ ਜਾਂਚ ਕਰਨ ਵਾਲੀ ਇਹ ਏਜੰਸੀ ਵੀ ਨਹੀਂ ਕਰਦੀ। ਫਿਲਹਾਲ ਸੀ. ਬੀ. ਆਈ. ਦੀ ਫਜੀਹਤ ਰਾਜ ਕੁਮਾਰ ਦੇ ਵਕੀਲ ਨਰੇਸ਼ ਯਾਦਵ ਦੇ ਸੁਆਲਾਂ ਤੋਂ ਹੋ ਰਹੀ ਹੈ। ਸੀ. ਬੀ. ਆਈ. ਵਲੋਂ ਅਦਾਲਤ 'ਚ ਪੇਸ਼ ਕੀਤੇ ਗਏ ਰਾਜ ਕੁਮਾਰ ਨੇ ਕੋਰਟ 'ਚ ਕਿਹਾ ਸੀ ਕਿ "ਮੈਂ ਮੋਬਾਇਲ ਨਸ਼ਟ ਕਰ ਦਿੱਤਾ ਹੈ।" ਹੁਣ ਵਕੀਲ ਨਰੇਸ਼ ਯਾਦਵ ਦੋਸ਼ ਲਾ ਰਹੇ ਹਨ ਕਿ 'ਆਰੁਸ਼ੀ ਦਾ ਮੋਬਾਇਲ ਬਰਾਮਦ ਹੋਣ ਪਿੱਛੋਂ ਸਾਫ ਹੋ ਚੁੱਕਿਆ ਹੈ ਕਿ ਸੀ. ਬੀ. ਆਈ. ਵੀ ਰਾਜ ਪੁਲਸ ਵਾਂਗੂੰ ਦੋਸ਼ੀਆਂ ਨੂੰ ਡਰਾ ਕੇ ਉਹੀ ਕਹਾਉਂਦੀ ਹੈ ਜੋ ਉਹ ਚਾਹੁੰਦੀ ਹੈ। ਨਾਲ ਹੀ ਜਾਂਚ ਏਜੰਸੀਆਂ ਵਲੋਂ ਜਬਰੀ ਕਰਵਾਈ ਜਾਣ ਵਾਲੀ ਗੁਨਾਹ ਕਬੂਲੀ ਤੋਂ ਵੀ ਪਰਦਾ ਉਠਿਆ ਹੈ। ਜ਼ਿਕਰਯੋਗ ਹੈ ਕਿ ਰਾਜ ਕੁਮਾਰ ਆਰੁਸ਼ੀ ਦੇ ਡਾ. ਪਿਤਾ ਰਾਜੇਸ਼ ਤਲਵਾੜ ਦੇ ਮਿੱਤਰ ਦੁਰਗਨੀ ਦੇ ਘਰ ਨੌਕਰ ਵਜੋਂ ਕੰਮ ਕਰਦਾ ਸੀ। ਇਸ ਅਧਾਰ 'ਤੇ ਸੀ. ਬੀ. ਆਈ. ਨੇ ਰਾਜ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਚੌਦਾਂ ਦਿਨਾਂ ਬਾਅਦ ਬਾਇਜ਼ਤ ਰਿਹਾ ਹੋ ਗਿਆ ਸੀ। ਸੀ. ਬੀ. ਆਈ. ਦੇ ਨਿਰਦੇਸ਼ਕ ਅਵਸ਼ਨੀ ਕੁਮਾਰ ਕਹਿੰਦੇ ਹਨ ਕਿ 'ਕਈ ਵਾਰੀ ਕੁਝ ਕਤਲ ਭੇਦਾਂ 'ਚ ਉਲਝ ਕੇ ਰਹਿ ਜਾਂਦੇ ਹਨ, ਮਾਮਲਾ ਅਦਾਲਤ 'ਚ ਵਿਚਾਰਧੀਨ ਹੈ ਅਤੇ ਜਾਂਚ ਜਾਰੀ ਹੈ। ਇਸ ਲਈ ਅੰਤਿਮ

ਸਿੱਟੇ ਦੀ ਗੱਲ ਕਰਨਾ ਠੀਕ ਨਹੀਂ।' ਜਾਂਚ ਚਲ ਰਹੀ ਹੈ, ਇਸ ਦਾ ਹਵਾਲਾ ਦੇ ਕੇ ਅਸ਼ਵਨੀ ਕੁਮਾਰ ਆਰੁਸ਼ੀ ਹੱਤਿਆਕਾਂਡ ਦਾ ਜੁਆਬ ਦੇਣ ਤੋਂ ਭਲਾ ਬਚ ਲੈਣ ਪਰ ਉਤਰ ਪ੍ਰਦੇਸ਼ ਦੇ ਨੋਇਡਾ 'ਚ ਹੋਏ ਨਿਠਾਰੀ ਹੱਤਿਆਕਾਂਡ 'ਚ ਜਾਂਚ ਅਮਲ 'ਤੇ ਉਠਦੇ ਸੁਆਲਾਂ ਦਾ ਜੁਆਬ ਸੀ. ਬੀ. ਆਈ. ਤੋਂ ਨਹੀਂ ਬਣ ਰਿਹਾ ਹੈ।

ਨਿਠਾਰੀ ਹੱਤਿਆਕਾਂਡ ਦੇ ਮੁੱਖ ਦੋਸ਼ੀਆਂ 'ਚ ਇਕ ਉਦਯੋਗਪਤੀ ਮਨਿੰਦਰ ਸਿੰਘ ਪੰਧੇਰ ਇਕ-ਇਕ ਕਰਕੇ ਕੇਸਾਂ 'ਚੋਂ ਬਰੀ ਹੁੰਦਾ ਜਾ ਰਿਹਾ ਹੈ। ਗਾਜੀਆਬਾਦ ਦੀ ਵਿਸੇਸ਼ ਅਦਾਲਤ ਨੇ ਨਿਠਾਰੀ ਹਤਿਆਕਾਂਡ 'ਚ ਰਿੰਪਾ ਹਾਲਦਾਰ ਮਾਮਲੇ 'ਚ ਦੋਸ਼ੀ ਪੰਧੇਰ ਅਤੇ ਨੌਕਰ ਸੁਰਿੰਦਰ ਕੋਹਲੀ ਨੂੰ ਫਰਵਰੀ ਮਹੀਨੇ 'ਚ ਕੇਸ ਦੀ ਸੁਣਵਾਈ ਪਿੱਛੋਂ ਫਾਂਸੀ ਦੀ ਸਜਾ ਦਿੱਤੀ ਸੀ। ਪਰ ਸੀ. ਬੀ. ਆਈ. ਨੇ ਆਪਣੀ ਦੋਸ ਸੂਚੀ 'ਚ ਪੰਧੇਰ ਨੂੰ ਇਸ ਅਧਾਰ 'ਤੇ ਬਰੀ ਕਰ ਦਿੱਤਾ ਸੀ ਕਿ ਜਦ ਰਿੰਪਾ ਦੀ ਹੱਤਿਆ ਹੋਈ ਉਸ ਸਮੇਂ ਪੰਧੇਰੇ ਆਸਟ੍ਰੇਲੀਆ ਵਿਚ ਸੀ। ਸੀ. ਬੀ. ਆਈ. ਤੋਂ ਬਰੀ ਹੋਣ ਪਿੱਛੋਂ ਵਿਸੇਸ਼ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਣ ਪੰਧੇਰ ਦੇ ਵਕੀਲ ਮੋਨਿਸ਼ਾ ਭੰਡਾਰੀ ਇਲਾਹਾਬਾਦ ਹਾਈਕੋਰਟ ਪਹੁੰਚੀ। 11 ਸਤੰਬਰ ਨੂੰ ਜੱਜ ਇਮਤਿਆਜ ਮੁਰਤਜਾ ਅਤੇ ਕੇ. ਐਨ. ਪਾਂਡੇ ਦੇ ਬੈਂਚ ਨੇ ਇਸ ਹੱਤਿਆਕਾਂਡ 'ਚੋਂ ਪੰਧੇਰ ਨੂੰ ਇਹ ਕਹਿੰਦਿਆਂ ਬਰੀ ਕਰ ਦਿੱਤਾ ਕਿ 'ਅਜਿਹਾ ਕੋਈ ਸਬੂਤ ਨਹੀਂ ਹੈ ਜੋ ਸਾਬਿਤ ਕਰ ਸਕੇ ਕਿ ਪੰਧੇਰੇ ਇਸ ਮਾਮਲੇ 'ਚ ਦੋਸ਼ੀ ਹੈ।' ਉਨਤੀ ਦਸੰਬਰ 2006 ਨੂੰ ਨੋਇਡਾ ਸੈਕਟਰ 31 ਦੀ ਡੀ-5 ਕੋਠੀ 'ਚ ਬੱਚਿਆ ਦੀਆਂ ਹੱਤਿਆਵਾਂ ਦੇ ਖੁਲਾਸੇ ਦੇ ਪਿੱਛੋਂ ਤੋਂ ਢਾਈ ਸਾਲ ਤੋਂ ਵੱਧ ਸਮਾਂ ਬੀਤ ਚੁੱਕਿਆ ਹੈ। ਸੀ. ਬੀ. ਆਈ. ਕੁਲ 19 ਕੇਸਾਂ 'ਚ 11 ਦੋਸ਼ੀਆਂ ਖਿਲਾਫ ਚਾਰਜਸ਼ੀਟ ਦਾਖਲ ਹੋ ਚੁੱਕੀ ਹੈ। ਪਰ ਮੁੱਖ ਦੋਸ਼ੀ ਉਦਯੋਗਪਤੀ ਮਨਿੰਦਰ ਸਿੰਘ ਪੰਧੇਰ ਖਿਲਾਫ ਇਕ ਵੀ ਚਾਰਜਸ਼ੀਟ ਦਾਖਲ ਨਹੀਂ ਕੀਤੀ ਗਈ ਹੈ। ਨਿਠਾਰੀ ਹੱਤਿਆਕਾਂਡ 'ਚ ਮਾਰੀ ਗਈ ਦਸ ਸਾਲਾਂ ਜੋਤੀ ਦੇ ਪਿਤਾ ਇਬੂਲਾਲ ਨੇ ਦੱਸਿਆ ਕਿ ਸੀ. ਬੀ. ਆਈ. ਦੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਸਾਨੂੰ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਜਿਸ ਪਿੱਛੋਂ ਆਈ. ਪੀ. ਸੀ. ਧਾਰਾ 319 ਦੇ ਤਹਿਤ ਮਨਿੰਦਰ ਦੇ ਖਿਲਾਫ ਮੁਕੱਦਮਾ ਦਰਜ ਹੋ ਸਕਿਆ। ਨਾਲ ਹੀ ਇਸ ਕੇਸ ਦੀ ਮੱਠੀ ਜਾਂਚ 'ਤੇ ਪੀੜਤਾਂ ਨੇ ਪ੍ਰਸ਼ਨ ਚਿੰਨ੍ਹ ਖੜ੍ਹੇ ਕੀਤੇ ਹਨ। ਦੋਸ਼ ਲਾਇਆ ਗਿਆ ਹੈ ਕਿ ਜਾਂਚ ਦੀ ਇਹ ਗਤੀ ਕੇਸ ਨੂੰ ਕਰ ਦੇਵੇਗੀ। ਇਹ ਹੱਤਿਆਕਾਂਡ ਕੋਈ ਫੌਜਦਾਰੀ ਦਾ ਮੁਕੱਦਮਾ ਨਹੀਂ ਹੈ ਬਲਕਿ ਇਸ ਮਾਮਲੇ ਸਬੰਧੀ ਦੇਸ਼ ਦੇ ਹਰ ਤਬਕੇ 'ਚ ਦਿਲਚਸਪੀ ਹੈ। ਪੀੜਤ ਰਾਮਕ੍ਰਿਸ਼ਨ ਦੀ ਰਾਇ 'ਚ 'ਸੀ. ਬੀ. ਆਈ. ਕੇਸ ਨੂੰ ਲੰਬਾ ਖਿੱਚ ਕੇ ਦਬਾ ਦੇਣਾ ਚਾਹੁੰਦੀ ਹੈ।'

ਨਿਠਾਰੀ ਹੱਤਿਆਕਾਂਡ 'ਚ ਜਾਂਚ ਦੀ ਇਸ ਪੂਰੀ ਪ੍ਰਕਿਰਿਆ 'ਚ ਸੀ. ਬੀ. ਆਈ. 'ਤੇ ਸੁਆਲ ਉਠਦੇ ਰਹੇ ਹਨ। ਸ਼ੰਕਿਆਂ ਦੀ ਕੜੀ ਦੀ ਸ਼ੁਰੂਆਤ ਪੰਧੇਰ ਦੀ ਘਰੇਲੂ ਨੌਕਰਾਨੀ ਮਾਇਆ ਨੇ ਗਾਇਬ ਹੋਣ ਨਾਲ ਹੋਈ ਸੀ। ਨਿਠਾਰੀ ਪੀੜਤਾਂ ਦੀ ਮੰਨੀਏ ਤਾਂ ਉਹਨਾਂ ਨੇ ਮਾਇਆ ਨੂੰ ਸਥਾਨਕ ਪੁਲਸ ਨੂੰ ਸੌਂਪਿਆ ਸੀ ਅਤੇ ਪੁਲਸ ਨੇ ਸੀ. ਬੀ. ਆਈ. ਨੂੰ। ਪਰ ਅੱਜ ਵੀ ਇਹ ਪਤਾ ਨਹੀਂ ਕਿ ਮਾਇਆ ਨੂੰ ਕਿਥੇ ਰੱਖਿਆ ਗਿਆ ਹੈ। ਮਾਇਆ ਘਰ 'ਚ ਕੱਪੜੇ ਧੋਣ ਦਾ ਕੰਮ ਕਰਦੀ ਸੀ। ਗਵਾਹ ਮੰਨਦੇ ਹਨ ਕਿ ਮਨਿੰਦਰ ਨੂੰ ਸਜਾ ਦਿਵਾਉਣ 'ਚ ਉਸਦੀ ਫੈਸਲਾਕੁੰਨ ਭੂਮਿਕਾ ਹੁੰਦਾ ਕਿਉਂਕਿ

ਉਸ ਤੋਂ ਬੇਹਤਰ ਜਾਣਕਾਰੀ ਕੋਈ ਹੋਰ ਗਵਾਹ ਦੇ ਨਹੀਂ ਸਕਦਾ। ਮਾਇਆ ਨੂੰ ਲੈ ਕੇ ਉਠਣ ਵਾਲੇ ਸੁਆਲ ਅਜੇ ਰੁਕੇ ਨਹੀਂ ਸਨ ਕਿ ਨਿਠਾਰੀ ਹੱਤਿਆਕਾਂਡ 'ਚ ਮਾਰੀ ਗਈ ਮੁਟਿਆਰ ਪਾਇਲ ਦੇ ਪਿਤਾ ਨੰਦਲਾਲ ਦਾ ਨੋਇਡਾ ਪੁਲਸ ਸਾਹਮਣੇ ਦਿੱਤੇ ਗਏ ਬਿਆਨ ਨਾਲ ਗਾਜਿਆਬਾਦ ਕੋਰਟ 'ਚ ਮੁਕਰ ਜਾਣਾ ਹੈਰਾਨ ਕਰ ਗਿਆ। ਨੰਦਲਾਲ ਨੇ ਕੋਰਟ 'ਚ ਕਿਹਾ ਕਿ 'ਹੁਣ ਤਕ ਜੋ ਬਿਆਨ ਉਸ ਨੇ ਪੁਲਸ ਦੇ ਖਿਲਾਫ ਦਿੱਤੇ ਹਨ ਉਹ ਵਕੀਲ ਖਾਲਿਦ ਖਾਨ ਦੇ ਦਬਾਅ ਹੇਠ ਦਿੱਤੇ ਗਏ ਹਨ।' ਜਾਂਚ ਏਜੰਸੀ 'ਤੇ ਦੋਸ਼ਾਂ ਦਾ ਇਹ ਘੇਰਾ ਉਸ ਸਮੇਂ ਹੋਰ ਵੱਡਾ ਹੋ ਗਿਆ। ਜਦ ਨਿਠਾਰੀ ਮਾਮਲੇ ਦੇ ਮੁੱਖ ਗਵਾਹ ਜੈਤੂਨ ਸਰਕਾਰ ਦੀ ਪੱਛਮੀ ਬੰਗਾਲ 'ਚ ਹੱਤਿਆ ਕਰ ਦਿੱਤੀ ਗਈ। ਨੌਕਰਾਣੀ ਮਾਇਆ ਦਾ ਗਾਇਬ ਹੋਣਾ ਨੰਦਲਾਲ ਦਾ ਮੁੱਕਰਨਾ ਅਤੇ ਜੈਤੂਨ ਦੀ ਹੱਤਿਆ ਸੰਯੋਗ ਵਸ ਨਹੀਂ ਹਨ ਜਾਂ ਇਹਨਾਂ ਘਟਨਾਕ੍ਰਮਾ ਦਾ ਸੀ. ਬੀ. ਆਈ. ਜਾਂਚ ਨਾਲ ਕੋਈ ਰਿਸ਼ਤਾ ਹੈ, ਇਹ ਅਜੇ ਦਾਅਵੇ ਨਾਲ ਕਹਿਣਾ ਮੁਸ਼ਕਲ ਹੈ। ਪਰੰਤੂ ਗਵਾਹਾਂ ਦੀ ਰਾਖੀ ਨੇ ਕਈ ਕੇਸਾਂ 'ਚ ਪੂਰੇ ਕੇਸ ਨੂੰ ਹੀ ਪਲਟ ਦਿੱਤਾ ਸੀ। ਨਿਤੀਸ਼ ਕਟਾਰਾ ਹੱਤਿਆਕਾਂਡ ਦੀ ਗੱਲ ਹੋਵੇ ਜਾਂ ਫਿਰ ਮਾਡਲ ਜੈਸਿਕਾ ਲਾਲ ਦੀ ਦੋਨੋਂ ਮਾਮਲੇ ਖੁਦ ਸਿੱਧ ਕਰਦੇ ਹਨ ਕਿ ਇਕ ਸਮੇਂ ਗਵਾਹਾਂ ਦੀ ਸੁਰੱਖਿਆ ਨੇ ਪੂਰੇ ਕੇਸ ਨੂੰ ਸਿਰ ਦੇ ਉਪਰ (ਉਲਟਾ) ਖੜ੍ਹਾ ਕਰ ਦਿੱਤਾ ਸੀ। ਆਰਥਿਕ ਅਤੇ ਰਾਜਸੀ ਜਗਤ ਵਿਚ ਸੀ. ਬੀ. ਆਈ. ਦੀ ਇਕ ਵਿਆਪਕ ਸ਼ਾਖ ਰਹੀ ਹੈ। ਨਿਤੀਸ਼ ਕਟਾਰਾ ਹੱਤਿਆਕਾਂਡ ਦੀ ਗੱਲ ਹੋਵੇ ਜਾਂ ਫਿਰ ਮਾਡਲ ਜੈਸਿਕਾ ਲਾਲ ਦੀ ਦੋਨੋਂ ਕੇਸ ਖੁਦ ਸਿੱਧ ਕਰਦੇ ਹਨ ਕਿ ਇਕ ਸਮੇਂ ਗਵਾਹਾਂ ਦੀ ਅਸੁਰੱਖਿਆ ਨੇ ਪੂਰੇ ਕੇਸ ਨੂੰ ਹੀ ਉਲਟਾ ਕਰ ਦਿੱਤਾ ਸੀ।

1941 'ਚ ਵਿਸ਼ੇਸ਼ ਪੁਲਸ ਵਿਵਸਥਾ ਦਾ ਵਿਸਥਾਰ ਕਰਕੇ 1963 'ਚ ਜਦ ਸੀ. ਬੀ. ਆਈ. ਦਾ ਗਠਨ ਕੀਤਾ ਗਿਆ, ਤਾਂ ਟੀਚਾ ਇਹ ਰੱਖਿਆ ਗਿਆ ਸੀ ਕਿ ਸੀ. ਬੀ. ਆਈ. ਸਮਾਜ 'ਚ ਉਹਨਾਂ ਅਪਰਾਧਾਂ ਅਤੇ ਕੌਮੀ ਸੁਰੱਖਿਆ ਨਾਲ ਸਬੰਧਤ ਕੇਸਾਂ ਦੀ ਜਾਂਚ ਦੀ ਜ਼ਿੰਮੇਵਾਰੀ ਉਠਾਏਗੀ ਜੋ ਵਿਆਪਕ ਸਮਾਜਕ ਦਾਇਰੇ ਨੂੰ ਪ੍ਰਭਾਵਿਤ ਕਰਦੇ ਹੋਣ। ਅਪਰਾਧਿਕ ਮਾਮਲਿਆਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਸਰਕਾਰ ਨੇ 1987 ਵਿੱਚ ਸੀ. ਬੀ. ਆਈ. ਨੂੰ ਭ੍ਰਿਸ਼ਟਾਚਾਰ ਨਿਰੋਧਕ ਤੇ ਵਿਸੇਸ਼ ਅਪਰਾਧ ਸ਼ਾਖਾ 'ਚ ਵੰਡ ਦਿੱਤਾ ਸੀ। ਪਰ ਪਿਛਲੇ ਦੋ ਦਹਾਕਿਆਂ 'ਚ ਸੀ. ਬੀ. ਆਈ. ਤੇ ਰਾਜਸੀ ਦਬਾਅ 'ਚ ਕੰਮ ਕਰਨ ਦਾ ਦੋਸ਼ ਲੱਗਦਾ ਰਿਹਾ। 1986 'ਚ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਨਾਲ ਲੱਗਦਾ ਰਿਹਾ। 1986 'ਚ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਕਾਲ 'ਚ ਹੋਏ ਬੋਫਰਜ਼ ਹਵਾਲਾ ਕਾਂਡ ਨਾਲ ਰਾਜੀਵ ਗਾਂਧੀ ਨੂੰ ਸੀ. ਬੀ. ਆਈ. ਵੱਲੋਂ ਕਲੀਨ ਚਿੱਟ ਦਿੱਤੇ ਜਾਣ ਨਾਲ ਇਸ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ। ਇਸ ਘਪਲੇ ਦੇ ਮੁੱਖ ਦੋਸ਼ੀ ਇਟਲੀ ਦੇ ਉਦਯੋਗਪਤੀ ਕਵਾਤਰੋਚੀ ਨੂੰ ਕਈ ਮਹੀਨਿਆਂ 'ਚ ਵਾਂਟਿਡ ਦੀ ਲਿਸਟ ਤੋਂ ਬਾਹਰ ਕੀਤਾ ਗਿਆ ਤਾਂ ਬੁਖਲਾਈ ਮੁੱਖ ਵਿਰੋਧੀ ਪਾਰਟੀ ਭਾਜਪਾ ਨੇ ਸੀ. ਬੀ. ਆਈ. ਨੂੰ 'ਕਾਂਗਰਸ ਬਿਊਰੋ ਆਫ ਇੰਵੇਸਟੀਗੇਸ਼ਨ' ਕਿਹਾ। ਹਾਲਾਂਕਿ ਭਾਜਪਾ ਵੀ ਦੁੱਧ ਧੋਤੀ ਨਹੀਂ ਹੈ। ਤ੍ਰਿਨਾਥ ਮਿਸ਼ਰ ਜਦ ਸੀ. ਬੀ. ਆਈ. ਨਿਰਦੇਸ਼ਕ ਸਨ, ਉਸ ਸਮੇਂ ਮਾਫੀਆ ਦਾਊਦ ਇਬਰਾਹਿਮ ਦੇ ਸਹਿਯੋਗੀ ਰਮੇਸ਼ ਸ਼ਰਮਾ ਤੇ ਗੁਜਰਾਤ ਦੇ ਕੱਥ-ਸਥਿਤ ਉਦਯੋਗਪਤੀ ਸੁਸ਼ੀਲ ਅਦਾਨੀ 'ਤੇ ਭਾਜਪਾ

ਨੇਤਾਵਾਂ ਨੇ ਰਮੇਸ਼ ਸ਼ਰਮਾ ਦਾ ਪੱਖ ਲਿਆ। ਉਸ ਸਮੇਂ ਮਾਮਲੇ ਦੀ ਜਾਂਚ ਕਰ ਰਹੇ ਇਕ ਅਧਿਕਾਰੀ ਅਨੁਸਾਰ, 1984 'ਚ ਹੀ ਸੀ. ਬੀ. ਆਈ. ਸ਼ਰਮਾ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ ਪਰ ਉਸ ਵੇਲੇ ਸਰਕਾਰ ਦੀ ਦਖਲਅੰਦਾਜ਼ੀ ਨਾਲ ਅੜਿੱਕਾ ਲੱਗਿਆ। ਅਪਰਾਧੀ ਰਮੇਸ਼ ਸ਼ਰਮਾ ਦੀ ਪਹਿਚਾਣ ਇੱਕ ਕਾਂਗਰਸੀ ਦੀ ਹੀ ਰਹੀ ਹੈ। ਏਨਾ ਹੀ ਨਹੀਂ ਬਾਬਰੀ ਮਸਜਿਦ ਢਹਿ ਢੇਰੀ ਕਾਂਡ ਨਾਲ ਸੰਸਦ 'ਚ ਵਿਰੋਧੀ ਧਿਰ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਬਰੀ ਕੀਤਾ ਜਾਣਾ ਵੀ ਰਾਜਸੀ ਦਬਾਅ ਹੀ ਮੰਨਿਆ ਜਾਂਦਾ ਹੈ। ਮੁਸਲਿਮ ਪਰਸਨਲ ਲਾਅ ਬੋਰਡ ਦੇ ਮੈਂਬਰ ਐਸ. ਕਿਊ. ਆਰ. ਇਲਿਆਸ ਕਹਿੰਦੇ ਹਨ, 'ਅਡਵਾਨੀ ਨੂੰ ਬਾਬਰੀ ਮਸਜਿਦ ਢਹਿ ਢੇਰੀ ਕਾਂਡ ਦੇ ਦੋਸ਼ੀਆਂ ਦੀ ਲਿਸਟ ਤੋਂ ਬਰੀ ਕੀਤਾ ਜਾਣਾ ਇਤਿਹਾਸ ਨਾਲ ਝੂਠ ਹੈ।' ਨੱਬੇ ਦੇ ਦਹਾਕੇ 'ਚ ਸੁਰੱਖਿਆ ਕੇਸਾਂ 'ਚ ਵੀ ਦੇਖੀਏ ਤਾਂ 1994 'ਚ ਆਈ. ਐਸ. ਆਰ. ਓ. ਦੇ ਦੋ ਵਿਗਿਆਨੀਆਂ 'ਤੇ ਭਾਰਤੀ ਵਪਾਰੀਆਂ ਵੱਲੋਂ ਪਾਕਿਸਤਾਨੀ ਖੁਫੀਆ ਏਜੰਸੀ ਦੀਆਂ ਔਰਤ ਜਸੂਸਾਂ ਨੂੰ ਅੰਤਰਿਕਸ ਦੀ ਗੁਪਤ ਜਾਣਕਾਰੀ ਵੇਚੇ ਜਾਣ ਦੇ ਕੇਸ ਅਤੇ 1991 ਦੇ ਅਜੀਬ ਹਵਾਲਾਕਾਂਡ 'ਚ ਸੀ. ਬੀ. ਆਈ. ਝਮੇਲਿਆ 'ਚ ਘਿਰੀ ਰਹੀ। ਉਥੇ ਸੀ. ਬੀ. ਆਈ. ਦੀ ਅਪਰਾਧ ਸ਼ਾਖ ਦਾ ਪ੍ਰਿਆਦਰਸ਼ਨੀ ਮੱਟੂ ਹੱਤਿਆਕਾਂਡ 'ਚ ਅਤੇ ਮਾਰਚ 1992 'ਚ ਕੇਰਲਾ ਦੇ ਕੋਟਾਯਮ ਜਿਲੇ ਦੀ ਨਨਸਿਸਟਰ ਅਭਿਆ ਹੱਤਿਆਕਾਂਡ 'ਚ ਸੀ. ਬੀ. ਆਈ. ਦੀ ਖ਼ੂਬ ਕਿਰਕਰੀ ਹੋਈ ਸੀ।

ਦੂਜੇ ਪਾਸੇ ਇਹ ਰਾਜਸੀ ਦਬਾਅ ਦਾ ਹੀ ਮਾਮਲਾ ਹੈ ਕਿ ਜਿਹਨਾਂ ਵੀ ਖੇਤਰੀ ਪਾਰਟੀਆਂ ਦੇ ਨੇਤਾਵਾਂ 'ਤੇ ਘਪਲਿਆਂ ਜਾਂ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ ਹਨ। ਉਹਨਾਂ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਉਹ ਕੇਂਦਰ ਦੀ ਸਰਕਾਰ ਵਿੱਚ ਸਹਿਯੋਗੀ ਬਣੇ ਰਹਿਣ। ਮੌਜੂਦਾ ਸਰਕਾਰ 'ਚ ਬਸਪਾ ਮੁਖੀ ਮਾਇਆਵਤੀ, ਸਪਾ ਨੇਤਾ ਮੁਲਾਇਮ ਸਿੰਘ ਯਾਦਵ ਅਤੇ ਲਾਲੂ ਪ੍ਰਸ਼ਾਦ ਦੀ ਪਾਰਟੀ ਵੱਲੋਂ ਹਮਾਇਤ ਦਿੱਤੇ ਜਾਣਾ ਇਸ ਦੀ ਤਾਜੀ ਉਦਾਹਰਣ ਹੈ। ਮਾਇਆਵਤੀ 'ਤੇ ਤਾਜ ਕੋਰੀਡੋਰ ਘੋਟਾਲਾ, ਲਾਲੂ ਪ੍ਰਸ਼ਾਦ 'ਤੇ ਚਾਰ ਘੋਟਾਲਾ ਅਤੇ ਮੁਲਾਇਮ ਸਿੰਘ 'ਤੇ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ ਹਨ ਜਿਹਨਾਂ ਦੀ ਜਾਂਚ ਸੀ. ਬੀ. ਕਰ ਰਹੀ ਹੈ 31 ਜੁਲਾਈ ਨੂੰ ਅਨੁਸੂਚਿਤ ਜਾਤੀ ਜਨਜਾਤੀ ਕਮਿਸ਼ਨ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਬੂਟਾ ਸਿੰਘ ਦੇ ਬੇਟੇ ਸਰਬਜੋਤ ਸਿੰਘ ਦੀ ਨਾਸਿਕ ਦੇ ਇਕ ਠੇਕੇਦਾਰ ਤੋਂ ਇਕ ਕਰੋੜ ਰੁਪਏ ਰਿਸ਼ਵਤ ਮੰਗਣ ਦੇ ਦੋਸ਼ 'ਚ ਹੋਈ ਗ੍ਰਿਫਤਾਰੀ ਪਿੱਛੋਂ ਬੂਟਾ ਸਿੰਘ ਨੇ ਵੀ ਕਿਹਾ ਕਿ 'ਇਹ ਮੇਰੇ ਨਿੱਜੀ ਤੇ ਰਾਜਸੀ ਜੀਵਨ ਦੇ ਖਿਲਾਫ ਇਕ ਸਾਜਿਸ਼ ਹੈ' ਸਰਬਜੋਤ 'ਤੇ ਸੀ. ਬੀ. ਆਈ. ਦੀ ਭ੍ਰਿਸ਼ਟਾਚਾਰ ਨਿਰੋਧਕ ਸ਼ਾਖਾ ਦਾ ਦੋਸ਼ ਹੈ ਕਿ ਉਹਨਾਂ ਨੇ ਠੇਕੇਦਾਰ ਰਾਮ ਰਾਜ ਪਾਟਿਲ ਤੋਂ ਅਨੁਸੂਚਿਤ ਜਨਜਾਤੀ ਕਮਿਸ਼ਨ 'ਚ ਉਸ ਦੇ ਕੇਸ ਨੂੰ ਰਫਾ-ਦਫਾ ਕਰਾਉਣ ਲਈ ਰਿਸ਼ਵਤ ਮੰਗੀ ਸੀ। ਜਾਹਿਰ ਹੈ ਨੇਤਾ ਸੱਤਾ 'ਚ ਰਹਿਣ ਜਾਂ ਬਾਹਰ ਜਾਂਚ ਪ੍ਰਭਾਵਿਤ ਕਰਦਾ ਹੀ ਹੈ।

ਸੀ. ਬੀ. ਆਈ. ਦੇ ਸਾਬਕਾ ਨਿਰਦੇਸ਼ਕ ਆਰ ਕੇ ਰਾਗਵਨ ਦਾ ਮੰਨਣਾ ਹੈ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਪਰ ਇਹਨਾਂ ਦੋਸ਼ਾਂ 'ਤੇ ਵਿਵਾਦਾਂ ਨਾਲ ਸੀ. ਬੀ. ਆਈ. ਦੀ ਘਾਟ ਦੀ ਸ਼ਾਖ ਦੀ ਚਿੰਤਾ ਸਭ ਨੂੰ ਹੈ ਪਰ ਹਾਕਮਾਂ ਦੇ ਇਰਾਦੇ ਤਾਂ ਕੁਝ ਹੋਰ ਹੀ ਹਨ। ਉਹਨਾਂ ਨੂੰ ਆਪਣਾ ਬਚਾਅ ਚਾਹੀਦਾ ਹੈ। ਦੇਸ਼ ਜਾਂ ਉਸ ਦੇ

ਲੋਕ ਜਾਣ ਢੱਠੇ ਖੂਹ ਵਿੱਚ। ਜਦ ਤਕ ਲੋਕ ਇਹਨਾਂ ਏਜੰਸੀਆਂ ਨੂੰ ਸਾਮਰਾਜਾਂ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀਆਂ ਲੋਕਾਂ ਦੇ ਰੋਹ ਨੂੰ ਠੰਡਾ ਕਰਨ ਵਾਲੇ ਸਾਧਨ ਨਹੀਂ ਸਮਝਣ ਲੱਗਦੇ, ਉਹਨਾਂ ਨੂੰ ਸਹੀ ਦੁਸ਼ਮਣ ਦੀ ਪਹਿਚਾਣ ਨਹੀਂ ਹੁੰਦੀ ਤੇ ਉਹ ਲੋਕਾਂ ਨੂੰ ਇਨਕਲਾਬ ਲਈ ਲਾਮਬੰਦ ਨਹੀਂ ਕਰ ਸਕਦੇ।

# ਅਰਥਚਾਰਾ ਅਰਾਜਕਤਾ ਦੇ ਭੰਵਰ ਜਾਲ 'ਚ ਕਿਵੇਂ?

ਪੂੰਜੀ ਦੀ ਤਾਕਤ ਅੱਜ ਕੁਝ ਮੁਠੀਭਰ ਲੋਕਾਂ ਨੇ ਪੂਰੀ ਧਰਤੀ ਤੇ ਆਪਣਾ ਕਬਜਾ ਕਰ ਰੱਖਿਆ ਹੈ। ਸਾਧਾਰਨ ਆਦਮੀ ਲਈ ਤਾਂ ਪੈਰ ਰੱਖਣ ਤੱਕ ਦੀ ਜਗਾਹ ਵੀ ਨਹੀਂ ਹੈ। ਸਾਗਰ, ਨਦੀ, ਪਹਾੜ, ਜੰਗਲ, ਜਮੀਨ ਤੇ ਧਰਤੀ ਦੇ ਗਰਭ 'ਚੋਂ ਨਿਕਲਣ ਵਾਲੇ ਖਣਿਜ ਪਦਾਰਥ, ਹੀਰੇ-ਜਵਾਹਰਾਤ, ਗੈਸ-ਪੈਟਰੋਲੀਅਮ ਸਭ 'ਤੇ ਮੁੱਠੀਭਰ ਅਰਬਪਤੀਆਂ ਦਾ ਹੀ ਤਾਂ ਅਧਿਕਾਰ ਹੈ। ਉਹ ਹੀ ਪ੍ਰਿਥਵੀ 'ਤੇ ਮੌਜੂਦ ਕੁਦਰਤ ਦੀ ਹਰ ਚੀਜ਼ ਦੀ ਬੇਰਹਿਮੀ ਨਾਲ ਲੁੱਟ ਕਰਕੇ ਦਿਨ ਰਾਤ ਆਪਣੀ ਪੂੰਜੀ 'ਚ ਵਾਧਾ ਕਰਨ 'ਚ ਲੱਗੇ ਹੋਏ ਹਨ। ਧਰਤੀ ਦੀ ਛਾਤੀ ਚੀਰ ਕੇ ਖਾਣਾ ਤੋਂ ਵੱਖ-ਵੱਖ ਕਿਸਮ ਦੇ ਖਣਿਜ ਪਦਾਰਥ ਇਮਾਰਤੀ ਪੱਥਰ, ਪੈਟਰੋਲੀਅਮ ਪਦਾਰਥਾਂ ਨੂੰ ਕੱਢ ਕੇ ਉਹ ਹੀ ਪ੍ਰਿਥਵੀ ਨੂੰ ਖੋਖਲਾ ਕਰ ਰਹੇ ਹਨ। ਉਹ ਨਦੀਆਂ ਨੂੰ ਬੰਨ੍ਹ ਕੇ ਪਾਣੀ ਦੇ ਸ੍ਰੋਤਾਂ ਤੱਕ ਨੂੰ ਨਿਚੋੜ ਰਹੇ ਹਨ। ਅੱਜ ਨਿੱਜੀਕਰਨ ਦਾ ਜ਼ਮਾਨਾ ਹੈ। ਸਰਕਾਰ ਸਭ ਕੰਮਾਂ ਤੋਂ ਆਪਣੇ ਹੱਥ ਪਿੱਛੇ ਖਿੱਚ ਰਹੀ ਹੈ। ਚਾਰੇ ਪਾਸੇ ਲੁੱਟ ਮੱਚੀ ਹੋਈ ਹੈ ਕਿਉਂਕਿ ਹੁਣ ਸਾਮਰਾਜੀ ਵਿਸ਼ਵੀਕਰਨ ਦਾ ਜ਼ਮਾਨਾ ਹੈ। ਉਦਾਰ ਆਰਥਿਕ ਨੀਤੀਆਂ ਹੁਣ ਬਾਜ਼ਾਰੀਕਰਨ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਜਿਸ ਨਾਲ ਪੂਰਾ ਦੇਸ਼ ਬਹੁਮੌਕੀ ਨਿਗਮਾ ਅਤੇ ਸਨਅਤੀ ਘਰਾਣਿਆਂ ਦੀ ਚਰਾਂਦ ਬਣ ਗਿਆ ਹੈ। ਦੇਸ਼ ਦੇ ਅਰਥਚਾਰੇ ਦਾ ਕੰਟਰੋਲ ਕੌਮਾਂਤਰੀ ਮੁਦਰਾਕੋਸ, ਸੰਸਾਰ ਬੈਂਕ, ਵਿਸ਼ਵ ਆਰਥਿਕ ਸੰਗਠਨ ਵਰਗੀਆਂ ਸਾਮਰਾਜੀਆਂ ਏਜੰਸੀਆਂ ਦੇ ਹੱਥਾਂ 'ਚ ਚਲਾ ਗਿਆ ਹੈ। ਸਾਮਰਾਜੀ ਸ਼ਕਤੀਆਂ ਵਲੋਂ ਪੋਸ਼ਿਤ ਸਨਅਤੀ ਜਗਤ ਦੇ ਦਖ਼ਲ ਕਾਰਨ ਦੇਸ਼ ਦੀ ਪ੍ਰਭੂਸੱਤਾ ਖਤਰੇ 'ਚ ਪੈਂਦੀ ਜਾ ਰਹੀ ਹੈ। ਨਿੱਜੀਕਰਨ ਦੀਆਂ ਨੀਤੀਆਂ ਨੇ ਅਮੀਰ ਤੇ ਗਰੀਬ ਦੇ ਵਿਚਕਾਰ ਡੂੰਘੀ ਖਾਈ ਪੈਦਾ ਕਰ ਦਿੱਤੀ ਹੈ। ਸਿੱਖਿਆ ਸਿਹਤ ਇਲਾਜ ਰੁਜ਼ਗਾਰ ਤੇ ਮਹਿੰਗਾਈ ਨਾਲ ਸਬੰਧਤ ਸਮੱਸਿਆਵਾਂ ਕਰਕੇ ਲੋਕ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਪੂੰਜੀਵਾਦੀ ਪ੍ਰਚਾਰ ਮਾਧਿਅਮ ਚਲਾ ਰਹੇ ਹਨ ਕਿ ਬਹੁਤ ਵਿਕਾਸ ਹੋ ਰਿਹਾ ਹੈ। ਪਰ ਇਹ ਕੈਸਾ ਵਿਕਾਸ ਹੈ ਕਿ ਜਿਸ 'ਚ ਉੜੀਸਾ, ਸਤੀਸ਼ਗੜ, ਝਾਰਖੰਡ ਵਰਗੇ ਅਤੇ ਜਨਜਾਤੀ ਖੇਤਰਾਂ 'ਚ ਉਥੇ ਪ੍ਰਾਚੀਨ ਕਾਲ ਤੋਂ ਰਹਿ ਰਹੇ ਆਦੀਵਾਸੀਆਂ ਨੂੰ ਉਜਾੜ ਕੇ ਉਥੋਂ ਦੇ ਵਾਤਾਵਰਣ ਨੂੰ ਵਿਗਾੜਿਆ ਜਾ ਰਿਹਾ ਹੈ। ਬਹੁਮੁਲੀਆਂ ਧਾਤੂਆਂ ਤੇ ਖਣਿਜ ਪਦਾਰਥਾਂ ਨੂੰ ਕੱਢਣ ਲਈ ਮਾਰਾ ਮਾਰੀ ਮੱਚੀ ਹੋਈ ਹੈ। ਜੇ ਵਿਕਾਸ ਹੁੰਦਾ ਤਾਂ ਇਸ ਦੇਸ਼ ਦੇ ਗਰੀਬ ਅੰਨ ਦੀ ਘਾਟ ਕਰਕੇ ਭੁੱਖੇ ਨਾ ਮੰਨਦੇ। ਨੌਜਵਾਨ ਬੇਰੁਜ਼ਗਾਰ ਨਾ ਘੁੰਮਦੇ, ਕਿਸਾਨ ਕਰਜੇ 'ਚ ਡੁੱਬਕੇ ਆਤਮ ਹੱਤਿਆਵਾਂ ਨਾ ਕਰਦੇ। ਇਹ ਤਾਂ ਸਾਡੇ ਦੇਸ਼ 'ਚ 'ਮਹਾਨ ਲੋਕਤੰਤਰ' ਦੀ ਛਤਰਛਾਇਆ 'ਚ ਪਨਪ ਰਹੀ ਉਸ ਲੁਟੇਰੀ ਵਿਵਸਥਾ ਦੀ ਇਕ ਝਲਕ ਹੀ ਹੈ। ਜਿਸ 'ਚ ਗਰੀਬੀ, ਮਹਿੰਗਾਈ, ਬੇਕਾਰੀ, ਅਨਪੜ੍ਹਤਾ ਆਦਿ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ। ਮੀਡੀਆ ਨੂੰ ਉਹ ਖਟਾਰਾ ਝੌਂਪੜੀਆਂ ਦਿਖਾਈ ਨਹੀਂ ਦਿੰਦੀਆਂ ਜਿਹਨਾਂ ਨੂੰ ਸ਼ਹਿਰ ਦੇ ਸੁੰਦਰੀਕਰਨ ਲਈ ਸੜਕਾਂ ਚੌੜੀਆਂ ਕਰਨ ਲਈ ਉਜਾੜ ਦਿੱਤਾ ਜਾਂਦਾ ਹੈ ਜਿਹਨਾਂ 'ਤੇ ਨਿੱਜੀ ਸੰਪਤੀ ਦੇ ਅਧਿਕਾਰ ਦਾ ਨਿਯਮ ਕਦੀ ਵੀ ਲਾਗੂ ਨਹੀਂ ਹੁੰਦਾ ਜਿਹਨਾਂ ਦੇ ਵਿਰੋਧ ਦੀ ਆਵਾਜ਼

ਨੂੰ ਬੰਦੂਕ ਦੀ ਨੋਕ 'ਤੇ ਦਬਾਅ ਦਿੱਤਾ ਜਾਂਦਾ ਹੈ। ਦੂਜੇ ਪਾਸੇ ਜਨਤਾ ਦੀ ਵੋਟ ਨਾਲ ਵਿਧਾਇਕ ਸਾਂਸਦ ਤੇ ਮੰਤਰੀ ਬਣਨ ਵਾਲੇ ਲੋਕ ਨੁਮਾਇੰਦਿਆਂ ਦੀ ਨਿੱਜੀ ਰਾਖੀ ਲਈ ਲੱਖਾਂ ਰੁਪਏ ਖਰਚ ਕਰਕੇ ਵਿਸੇਸ਼ ਸੁਰੱਖਿਆ ਗਾਰਡ ਦੀ ਵਿਵਸਥਾ ਕੀਤੀ ਜਾਂਦੀ ਹੈ। ਉਹਨਾਂ ਦੇ ਰਹਿਣ ਲਈ ਸ਼ਾਨਦਾਰ ਬੰਗਲਾ ਅਲਾਟ ਕੀਤਾ ਜਾਂਦਾ ਹੈ। ਸਰਕਾਰੀ ਬੰਗਲਾ ਅਲਾਟ ਹੋਣ ਦੇ ਬਾਵਜੂਦ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਤੇ ਉਹਨਾਂ ਦੇ ਰਾਜ ਮੰਤਰੀ ਸਸ਼ੀ ਥਰੂਰ ਫਾਈਵ ਸਟਾਰ ਹੋਟਲਾਂ, ਸ਼ੇਰੇਟਨ ਤੇ ਤਾਜ ਨੂੰ ਆਪਣੀ ਆਰਜੀ ਰਿਹਾਇਸ਼ ਬਣਾ ਰੱਖਿਆ ਹੈ।

ਕਿਉਂਕਿ ਉਹਨਾਂ ਦੇ ਬੰਗਲਿਆਂ 'ਚ ਉਹੋ ਜਿਹੀ ਫਾਈਵ ਸਟਾਰ ਸਹੂਲਤਾਂ ਮੁਹੱਈਆ ਨਹੀਂ ਹਨ। ਇਹ ਤਾਂ ਇਕ ਨਮੂਨਾ ਹੈ। ਇਸ ਪ੍ਰਣਾਲੀ 'ਚ ਜਨਤਾ ਦੇ ਖ਼ੂਨ ਪਸੀਨੇ ਨਾਲ ਪਾਲਣ ਵਾਲੇ ਲੋਕ ਅਯਾਸ਼ੀ ਦੀ ਜ਼ਿੰਦਗੀ ਬਤੀਤ ਕਰਦੇ ਹਨ। ਜੈਪੁਰ ਦੀ ਮਹਾਂਰਾਨੀ ਗਾਇਤਰੀ ਦੇਵੀ, ਜਿਹਨਾਂ ਦੀ ਪਿੱਛੇ ਜਿਹੇ ਮੌਤ ਹੋਈ ਹੈ। ਕਰੋੜਾਂ ਦੀ ਵਿਰਾਸਤ ਛੱਡ ਗਈ ਹੈ। ਝਾਂਸੀ ਦੀ ਰਾਣੀ ਲੱਛਮੀ ਬਾਈ ਵਿਰੁੱਧ ਅੰਗਰੇਜ਼ਾਂ ਨੂੰ ਸਹਿਯੋਗ ਦੇਣ ਵਾਲਾ ਗਵਾਲੀਅਰ ਰਾਜ ਘਰਾਣਾ ਅੱਜ ਵੀ ਹਕੂਮਤ 'ਚ ਮਹੱਤਵਪੂਰਨ ਸਥਾਨ ਰੱਖਦਾ ਹੈ। ਦੂਜੇ ਪਾਸੇ ਪੱਛਮੀ ਬੰਗਾਲ ਦੇ ਸਿੰਗੂਰ ਨੰਦੀਗ੍ਰਾਮ ਤੇ ਲਾਲਗੜ੍ਹ 'ਚ ਗਰੀਬ ਕਿਸਾਨਾਂ ਤੇ ਆਦੀਵਾਸੀਆਂ 'ਤੇ ਸਿਰਫ ਇਸ ਲਈ ਦਮਨ ਚੱਕਰ ਚਲਾਇਆ ਜਾਂਦਾ ਹੈ ਕਿਉਂਕਿ ਉਹ ਜ਼ਮੀਨ 'ਚ ਬੇਦਖਲੀ, ਕੁਦਰਤੀ ਸਾਧਨਾਂ ਦੀ ਲੁੱਟ ਤੇ ਪੁਲਸ ਜੁਲਮ ਦਾ ਵਿਰੋਧ ਕਰ ਰਹੇ ਹਨ। ਬਸਤਰ ਵਿੱਚ ਸਲਵਾ ਜੁਡਮ ਦੇ ਨਾਂ 'ਤੇ ਆਦੀਵਾਸੀਆਂ ਦੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਗਏ ਹਨ। ਵਿਸ਼ਵੀਕਰਨ ਦੀਆਂ ਨੀਤੀਆਂ ਲੱਦ ਕੇ ਵਿਕਸਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਹੱਦਾਂ ਤੋੜ ਕੇ ਹਰੇਕ ਖੇਤਰ 'ਚ ਆਪਣਾ ਦਾਬਾ ਸਥਾਪਤ ਕੀਤਾ ਜਾ ਰਿਹਾ ਹੈ। ਉਦਾਰ ਆਰਥਕ ਨੀਤੀਆਂ ਅਤੇ ਨਿੱਜੀਕਰਣ ਰਾਹੀਂ ਪੈਦਾਵਾਰ ਤੋਂ ਲੈ ਕੇ ਖਪਤ ਤਕ ਸਭ ਤਾਂ ਵਪਾਰ ਤੇ ਬਜਾਰ ਤੰਤਰ ਹਾਵੀ ਹੋ ਗਿਆ ਹੈ। ਆਧੁਨਿਕ ਤਕਨੀਕ ਦੇ ਨਾਲ ਪੂੰਜੀ ਨੇ ਪੈਦਾਵਾਰ, ਖਪਤ, ਵੰਡ, ਸ਼ੇਅਰਾਂ ਵਰਗੇ ਖੇਤਰਾਂ 'ਚ ਮਹੱਤਵਪੂਰਨ ਜਗਾਹ ਬਣਾ ਚੁੱਕੀ ਹੈ ਕਿ ਸਾਡੀਆਂ ਸਾਰੀਆਂ ਲੋੜਾਂ ਦੀ ਪੂਰਤੀ ਅਤੇ ਪੈਦਾਵਾਰ ਦਾ ਰੂਪ ਦਰਾਮਦ-ਬਰਾਮਦ ਦੇ ਕੌਮਾਂਤਰੀ ਬਾਜ਼ਾਰ ਵਲੋਂ ਨਿਰਧਾਰਿਤ ਹੋਵੇ ਕਿਉਂਕਿ ਬਹੁ-ਕੌਮੀ ਨਿਗਮਾ ਤੇ ਉਦਯੋਗ ਜਗਤ ਦੇ ਵਧਦੇ ਏਕੀਕਰਨ ਨਾਲ ਪੂੰਜੀ ਦਾ ਕੇਂਦਰੀਕਰਣ ਹੁੰਦਾ ਜਾ ਰਿਹਾ ਹੈ। ਇਸ ਲਈ ਕੁਦਰਤੀ ਜਾਇਦਾਦ ਤੇ ਉਦਯੋਗਾਂ ਉਪਰ ਅਜਾਰੇਦਾਰੀ ਪਿਛੋਂ ਹੁਣ ਕੌਮਾਂਤਰੀ ਕੰਪਨੀਆਂ ਅਤੇ ਵੱਡੇ ਪੂੰਜੀਪਤੀ ਅਰਧ-ਵਿਕਸਤ ਦੇਸ਼ਾਂ ਦੀ ਜਮੀਨ 'ਤੇ ਆਪਣਾ ਅਧਿਕਾਰ ਜਮਾਉਣ ਦੀ ਕੋਸ਼ਿਸ਼ ਕਰਨ ਲੱਗੇ ਹਨ। ਇਸ ਲਈ ਜਮੀਨ ਦਾ ਸੰਕਟ ਹੋਰ ਵੱਧ ਤਿੱਖਾ ਹੋ ਗਿਆ ਹੈ। ਕਰਜਾ ਲੈ ਕੇ ਬਾਜ਼ਾਰ ਤੇ ਬਰਾਮਦ ਲਈ ਪੈਦਾਵਾਰ ਕਰਨ ਵਾਲੇ ਛੋਟੇ ਕਿਸਾਨ ਖਾਦ-ਬੀਜ ਦੀ ਮਹਿੰਗਾਈ ਕਾਰਨ ਉਤਪਾਦਨ ਲਾਗਤ ਵੀ ਨਹੀਂ ਕੱਢ ਰਹੇ ਹਨ ਅਤੇ ਕਰਜੇ ਦੇ ਬੋਝ ਕਾਰਨ ਆਤਮ ਹੱਤਿਆਵਾਂ ਕਰ ਰਹੇ ਹਨ। ਵਿਸ਼ਵੀਕਰਣ ਦੀਆਂ ਨੀਤੀਆਂ ਨੂੰ ਅਪਣਾ ਲੈਣ ਕਰਕੇ ਵਿਸ਼ਵੀ ਆਰਥਿਕ ਸੰਕਟ ਨੇ ਸਾਡੇ ਦੇਸ਼ ਦੇ ਅਰਥਚਾਰੇ ਨੂੰ ਵੀ ਮੰਦੀ ਦਾ ਸ਼ਿਕਾਰ ਬਣਾ ਦਿੱਤਾ। ਜਿਸ ਕਾਰਨ ਬੇਰੁਜ਼ਗਾਰੀ ਦੀ ਸਮੱਸਿਆ ਵਿਕਰਾਲ ਹੋ ਗਈ ਹੈ। ਪੂੰਜੀ ਦੀ ਦੁਰਵਰਤੋਂ ਨਾਲ ਅਰਥਚਾਰੇ 'ਚ ਉਲਟੀ ਗੰਗਾ ਵਹਿ ਰਹੀ ਹੈ। ਦਿਹਾੜੀ ਦਾ ਸਹੀ

ਮੁੱਲ ਨਾ ਮਿਲਣ ਕਰਕੇ ਮਜ਼ਦੂਰ ਕਿਸਾਨ ਵਰਗੀਆਂ ਪੈਦਾਵਾਰੀ ਸ਼ਕਤੀਆਂ ਭੁੱਖਮਰੀ ਝੱਲ ਰਹੀਆਂ ਹਨ। ਸ਼ੇਅਰ ਬਾਜ਼ਾਰ ਦੀ ਸੱਟੇਬਾਜੀ ਕਾਰਨ ਕੁਝ ਲੋਕ ਰਾਤੋ ਰਾਤ ਲੱਖਾਪਤੀ ਹੋ ਰਹੇ ਹਨ। ਤਾਂ ਕੁਝ ਲੱਖਪਤੀ ਤੋਂ ਗਰੀਬ ਕਿਉਂਕਿ ਹੁਣ ਅਰਥਚਾਰਾ ਠੋਸ ਅਸਲੀ ਪੈਦਾਵਾਰ ਕਾਰਜ ’ਤੇ ਨਿਰਭਰ ਨਹੀਂ ਰਹਿ ਗਈ ਹੈ। ਉਦਯੋਗ ਜਗਤ ਦੇ ਪ੍ਰਚਾਰ ’ਚ ਲੱਗੇ ਫਿਲਮੀ ਸਟਾਰ ’ਤੇ ਖਿਡਾਰੀ ਪੈਦਾਵਾਰੀ ਕੰਮ ’ਚ ਲੱਗੇ ਬਿਨਾਂ ਹੀ ਕਰੋੜਾਂ ਅਰਬਾਂ ’ਚ ਖੇਡ ਰਹੇ ਹਨ। ਹਾਕਮ ਜਮਾਤ ਦੀਆਂ ਪਾਰਟੀਆਂ ’ਚ ਆ ਕੇ ਰਾਜਨੀਤੀ ਕਰਨ ਵਾਲਾ ਹਰ ਵਿਅਕਤੀ ਪੰਜ ਸਾਲਾਂ ਵਿਚ ਹੀ ਕਰੋੜਪਤੀ ਬਣ ਜਾਂਦਾ ਹੈ। ਕੁਝ ਲੋਕਾਂ ਕੋਲ ਕਿੰਨਾ ਕਾਲਾ ਧਨ ਇਕੱਠਾ ਹੋ ਗਿਆ ਹੈ। ਇਸ ਸਬੰਧੀ ਜਨਸੱਤਾ ’ਚ ਸੁਰਿੰਦਰ ਕੁਮਾਰ ਨੇ ਸਿਵਸ ਬੈਂਕ ਦੇ ਗੁਪਤ ਖਾਤਿਆਂ ’ਚ ਜਮ੍ਹਾ ਧਨ ਸਬੰਧੀ ਧਿਆਨ ਖਿੱਚਦਿਆਂ ਲਿਖਿਆ ਹੈ।

“ਸਿਵਸ ਬੈਂਕ ਕਿਸੇ ਨਾ ਕਿਸੇ ਬਹਾਨੇ ਗੁਪਤ ਖਾਤਿਆਂ ਦੇ ਵੇਰਵੇ ਦੇਣ ’ਚ ਆਨਾਕਾਨੀ ਕਰ ਰਹੇ ਹਨ ਪਰ ਕੁਝ ਅਜਿਹੇ ਵੀ ਹਨ ਜੋ ਕੁਝ ਪੈਸਿਆਂ ਬਦਲੇ ਇਹ ਵੇਰਵੇ ਦੇਣ ਲਈ ਤਿਆਰ ਹਨ। ਪਰ ਭਾਰਤ ਸਰਕਾਰ ਦੀ ਦਿਲਚਸਪੀ ਕਾਲੇ ਧਨ ਦੇ ਵੇਰਵੇ ਜਾਨਣ ’ਚ ਨਹੀਂ ਦਿਸਦੀ ਬਲਕਿ ਸਰਕਾਰ ਨੇ ਤਾਂ ਚਿੱਠੀ ਲਿਖ ਕੇ ਇਥੋਂ ਤਕ ਕਹਿ ਦਿੱਤਾ ਹੈ ਕਿ ਕਾਲੇ ਧਨ ਦੇ ਵੇਰਵੇ ਹਾਸਲ ਕਰਨ ਲਈ ਦਬਾਅ ਨਾ ਪਾਇਆ ਜਾਵੇ।

“ਸਵਿਟਜ਼ਰਲੈਂਡ ਦੇ ਉਪ ਰਾਸ਼ਟਰਪਤੀ ਡੋਰਿਸ਼ ਲੁਥਾਰਡ ਨੇ ਨਵੀਂ ਦਿੱਲੀ ਵਿੱਚ ਤਿੰਨ ਸਤੰਬਰ ਨੂੰ ਇਸ ਸਬੰਧੀ ਇਕ ਸਖਤ ਸ਼ਰਤ ਰੱਖ ਦਿੱਤੀ ਪਰ ਸਵਿਟਜ਼ਰਲੈਂਡ ਦੇ ਗੁਆਂਢੀ ਦੇਸ਼ ਲਾਈਖਟੇਂ ਸਟਾਈਨ ਦੇ ਐਲ. ਜੀ. ਟੀ. ਬੈਂਕ ਦਾ ਇਕ ਵਿਦਰੋਹੀ ਕਰਮਚਾਰੀ ਹੇਨਰਿਕ ਕੀਬਰ ਇਹਨਾਂ ਗੁਪਤ ਖਾਤਿਆਂ ਦਾ ਵੇਰਵਾ ਦੇਣ ਨੂੰ ਤਿਆਰ ਬੈਠਾ ਹੈ। ਭਾਰਤ ਸਰਕਾਰ ਜੇ ਸੱਚ ਮੁੱਚ ਇਸ ਬਿਊਰੇ ਨੂੰ ਹਾਸਲ ਕਰਨਾ ਚਾਹੁੰਦੀ ਹੈ ਤਾਂ ਉਸ ਤੋਂ ਕਿਉਂ ਨਹੀਂ ਲੈ ਰਹੀ ਹੈ? ਜਰਮਨੀ ਬ੍ਰਿਟੇਨ ਤੇ ਕਈ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ਵਿਦਰੋਹੀ ਕਰਮਚਾਰੀ ਤੋਂ ਆਪਣੇ ਆਪਣੇ ਦੇਸ਼ਾਂ ਦੇ ਕਾਲੇ ਧਨ ਦੇ ਗੁਪਤ ਖਾਤਿਆਂ ਦੇ ਵੇਰਵੇ ਲੈ ਲਏ। ਪਰ ਉਹਨਾਂ ਦੇਸ਼ਾਂ ਲਈ ਇਹ ਸੌਦਾ ਹੀ ਸਾਬਤ ਹੋਇਆ। ਭਾਰਤ ਲਈ ਇਹ ਹੋਰ ਵੀ ਸਸਤਾ ਸੌਦਾ ਹੋਵੇਗਾ ਕਿਉਂਕਿ ਵਿਦੇਸ਼ੀ ਗੁਪਤ ਖਾਤਿਆਂ ’ਚ ਭਾਰਤ ਦੇ ਭ੍ਰਿਸ਼ਟ ਲੋਕਾਂ ਦੇ ਜਿੰਨੇ ਪੈਸੇ ਜਮ੍ਹਾ ਹਨ ਉਨੇ ਪੈਸੇ ਤਾਂ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਨਹੀਂ ਹਨ।

“ਯਾਦ ਰਹੇ ਕਿ ਕੁਝ ਸਾਲ ਪਹਿਲਾਂ ਸਿਵਸ ਬੈਂਕ ਨੇ ਕੁਝ ਸ਼ਰਤਾਂ ਨਾਲ ਕੁਝ ਦੇਸਾਂ ਨੂੰ ਗੁਪਤ ਖਾਤਿਆਂ ਦੇ ਵੇਰਵੇ ਦੇਣਾ ਮੰਜੂਰ ਕਰ ਲਿਆ ਸੀ ਇਸ ਪਿੱਛੋਂ ਦੁਨੀਆ ਭਰ ਦੇ ਭ੍ਰਿਸ਼ਟ ਲੋਕਾਂ ਨੇ ਨੇੜੇ ਦੇ ਲਾਈਖਟੇ ਸਟਾਈਨ ਦੇ ਐਲ. ਜੀ. ਟੀ. ’ਚ ਕਾਲੇ ਪੈਸੇ ਜਮ੍ਹਾ ਕਰਨੇ ਸ਼ੁਰੂ ਕਰ ਦਿੱਤੇ। ਜਾਣਕਾਰ ਲੋਕ ਦੱਸਦੇ ਹਨ ਕਿ ਸੰਭਵ ਹੈ ਕਿ ਸਿਵਸ ਬੈਂਕ ਤੋਂ ਕਿਤੇ ਜ਼ਿਆਦਾ ਕਾਲਾ ਧਨ ਐਲ. ਜੀ. ਟੀ. ਬੈਂਕ ਵਿਚ ਹੀ ਮਿਲ ਜਾਵੇ।

“ਇਕ ਪਾਸੇ ਇਸ ਦੇਸ਼ ’ਚ 84 ਕਰੋੜ ਲੋਕ ਰਾਜ ਔਸਤਨ 20 ਰੁਪਏ ’ਤੇ ਗੁਜਾਰਾ ਕਰਨ ਨੂੰ ਮਜ਼ਬੂਰ ਹਨ। ਦੂਜੇ ਪਾਸੇ ਭਾਰਤ ਦੇ ਟੈਕਸ ਚੋਰ ਹਰ ਸਾਲ ਨੌ ਲੱਖ ਕਰੋੜ ਰੁਪਏ ਦੀ ਟੈਕਸ ਚੋਰੀ ਕਰਦੇ ਹਨ। ਇਹਨਾਂ ’ਚੋਂ ਜ਼ਿਆਦਾਤਰ ਰਕਮ

ਦੁਨੀਆਂ ਭਰ 'ਚ ਫੈਲੇ ਅਜਿਹੇ ਵਿਦੇਸ਼ੀ ਬੈਂਕਾਂ ਦੇ ਗੁਪਤ ਖਾਤਿਆਂ 'ਚ ਜਮ੍ਹਾ ਕਰਾ ਦਿੱਤੀ ਜਾਂਦੀ ਹੈ। ਇਹ ਪੈਸੇ ਆਮ ਤੌਰ 'ਤੇ ਭ੍ਰਿਸ਼ਟ ਨੇਤਾਵਾਂ, ਸਨਅਤਕਾਰਾਂ ਅਤੇ ਅਫਸਰਾਂ ਦੇ ਹੁੰਦੇ ਹਨ। ਇਸ ਦੇਸ਼ ਦੇ ਧਨ-ਕੁਬੇਰ ਅਤੇ ਭਾਰਤੀ ਬੈਂਕਾਂ ਦੇ ਰੁਪਏ ਮਰਨ ਵਾਲੇ ਏਨੇ ਤਾਕਤਵਰ ਹਨ ਕਿ ਉਹਨਾਂ 'ਤੇ ਕੋਈ ਕਾਰਵਾਈ ਕਰਨ ਦੀ ਤਾਕਤ ਐਲ. ਕੇ. ਅਡਵਾਨੀ ਸਮੇਤ ਕਿਸੇ ਨੇਤਾ ਜਾਂ ਪਾਰਟੀ ਦੀ ਨਹੀਂ ਹੈ। ਜੋ ਹੁਣ ਤਕ ਵਾਰੀ ਵਾਰੀ ਸੱਤਾ ਦੇ ਕੇਂਦਰ 'ਚ ਰਹੇ ਹਨ।

"ਗੱਲ ਸਿਰਫ ਵਿਦੇਸ਼ੀ ਬੈਂਕਾਂ 'ਚ ਜਮ੍ਹਾ ਕਾਲੇ ਧਨ ਦੀ ਹੀ ਨਹੀਂ ਹੈ। ਇਸ ਦੇਸ਼ 'ਚ ਕੌਮੀਕ੍ਰਿਤ ਬੈਂਕਾਂ ਤੋਂ ਕਰਜੇ ਦੇ ਬਹਾਨੇ ਅਰਬਾਂ ਰੁਪਏ ਨੱਪ ਕੇ ਬੈਠੇ ਵੱਡੇ-ਵੱਡੇ ਸਨਅਤਕਾਰਾਂ ਤੇ ਹੋਰ ਲੋਕਾਂ ਖਿਲਾਫ ਕਾਰਵਾਈ ਕਰਨ ਦੀ ਤਾਕਤ ਵੀ ਐਨ. ਡੀ. ਏ. ਜਾਂ ਯੂ. ਪੀ. ਏ. ਦੇ ਨੇਤਾਵਾਂ ਵਿੱਚ ਹੈ? 2002 'ਚ 'ਇੰਡੀਅਨ ਐਕਸਪ੍ਰੈਸ ਨੇ ਖਬਰ ਛਾਪੀ ਸੀ ਕਿ ਇਸ ਦੇਸ਼ ਦੇ ਵਪਾਰੀਆਂ ਤੇ ਸਨਅਤਕਾਰਾਂ ਨੇ ਬੈਂਕਾਂ ਦੇ ਗਿਆਰਾਂ ਖਰਬ ਰੁਪਏ ਨੱਪ ਰੱਖੇ ਹਨ। ਰਿਜ਼ਰਵ ਬੈਂਕ ਨੂੰ ਇਹਨਾਂ ਸਨਅਤਕਾਰਾਂ ਤੇ ਵਪਾਰੀਆਂ ਦੇ ਨਾਂ ਤਕ ਜਨਤਕ ਕਰਨ ਦੀ ਹਿੰਮਤ ਨਹੀਂ ਹੋ ਰਹੀ ਹੈ। ਇਹ ਰੁਪਏ ਕਰਜੇ ਵਜੋਂ ਲਏ ਗਏ ਹਨ ਪਰ ਵਾਪਸ ਨਹੀਂ ਕੀਤੇ ਜਾ ਰਹੇ ਹਨ। ਇਸ ਖਬਰ ਦੇ ਛਪਣ ਪਿੱਛੋਂ ਉਸ ਵੇਲੇ ਦੇ ਨੇਤਾਵਾਂ ਯਾਨੀ ਮਨਮੋਹਨ ਸਿੰਘ ਤੇ ਪੀ ਚਿਦੰਬਰਮ ਦੇ ਉਸੇ ਤਰ੍ਹਾਂ ਦੇ ਸਰਕਾਰ ਵਿਰੋਧੀ ਕਰੜੇ ਬਿਆਨ ਮੀਡੀਆ 'ਚ ਆਏ ਸਨ। ਜਿਸ ਤਰ੍ਹਾਂ ਦੇ ਬਿਆਨ ਗੁਪਤ ਵਿਦੇਸ਼ੀ ਖਾਤਿਆਂ 'ਤੇ ਅੱਜਕਲ੍ਹ ਕਦੇ ਕਦਾਈਂ ਐਲ. ਕੇ. ਅਡਵਾਨੀ, ਸ਼ਰਦ ਯਾਦਵ ਤੇ ਹੋਰ ਐਨ. ਡੀ. ਏ. ਨੇਤਾਵਾਂ ਦੇ ਆਉਂਦੇ ਰਹਿੰਦੇ ਹਨ।

ਮਨਮੋਹਨ ਸਿੰਘ ਦੀ ਸਰਕਾਰ ਸਾਢੇ ਪੰਜ ਸਾਲ ਤੋਂ ਹਕੂਮਤ 'ਚ ਹੈ ਕੀ ਆਪ ਨੇ ਕਦੀ ਸੁਣਿਆ ਹੈ ਕਿ ਇਹਨਾਂ ਹਾਕਮਾ ਨੇ ਉਸ ਗਿਆਰਾਂ ਖਰਬ ਰੁਪਏ ਦੀ ਕਦੀ ਚਰਚਾ ਵੀ ਕੀਤੀ ਹੋਵੇ? ਜੇ ਤਿੰਨ ਸਤੰਬਰ 2009 ਨੂੰ ਸਵਿਟਜ਼ਰਲੈਂਡ ਦੇ ਉਪ ਰਾਸ਼ਟਰਪਤੀ ਡੋਰਿਸ ਲੁਥਾਰਡ ਨਵੀਂ ਦਿੱਲੀ 'ਚ ਸਨ। ਉਹਨਾਂ ਨੇ ਸਾਫ ਕਹਿ ਦਿੱਤਾ ਕਿ ਜੇ ਭਾਰਤ ਸਰਕਾਰ ਆਪਣੇ ਦੇਸ਼ ਦੇ ਟੈਕਸ ਚੋਰਾਂ ਦੇ ਨਾਮ ਦੇ ਦੇਵੇ ਤਾਂ ਸਿਵਸ ਬੈਂਕ ਉਹਨਾਂ ਭਾਰਤੀਆਂ ਦੇ ਬੈਂਕ ਖਾਤਿਆਂ ਦੇ ਬਿਊਰੋ ਦੇ ਦੇਵੇਗੀ। ਹੁਣ ਭਲਾ ਦੱਸੋ ਕਿ ਜੋ ਸਰਕਾਰ ਆਪਣੇ ਦੇਸ਼ ਦੇ ਕੌਮੀਕ੍ਰਿਤ ਬੈਂਕਾਂ ਦੇ ਅਰਬਾਂ ਰੁਪਏ ਹਜਮ ਕਰ ਜਾਣ ਵਾਲੇ ਬੇਈਮਾਨਾਂ ਦੇ ਨਾਂ ਨਹੀਂ ਜਨਤਕ ਕਰ ਸਕਦੀ, ਉਹ ਉਹਨਾਂ ਟੈਕਸਾਂ ਚੋਰਾਂ ਦੇ ਨਾਂ ਕਿਵੇਂ ਜਨਤਕ ਕਰ ਸਕਦੀ ਹੈ ਜਿਹਨਾਂ ਦੇ ਵਿਦੇਸ਼ੀ ਬੈਂਕਾਂ 'ਚ ਗੁਪਤ ਖਾਤੇ ਹਨ? ਅੱਜ ਇਸ ਦੇਸ਼ ਦੇ ਸਾਹਮਣੇ ਸਭ ਤੋਂ ਵੱਡਾ ਸੁਆਲ ਤਾਂ ਇਹੀ ਹੈ।

(ਸੱਤਾ 3 ਸਤੰਬਰ 2009) ਇਹ ਵੀ ਸਪੱਸ਼ਟ ਹੈ ਕਿ ਭਾਰਤ ਦੇ ਸਮੁੱਚੇ ਅਰਥਚਾਰੇ ਸੰਸਾਰ ਬੈਂਕ ਵਰਗੇ ਸਾਮਰਾਜੀ ਅਦਾਰਿਆਂ ਤੋਂ ਲਏ ਗਏ ਕਰਜਿਆਂ ਜਾਂ ਬਹੁਕੌਮੀ ਕੰਪਨੀਆਂ ਵੱਲੋਂ ਆਪਣੇ ਵਪਾਰ ਦੇ ਵਾਧੇ ਲਈ ਲਾਈ ਗਈ ਪੂੰਜੀ ਦੇ ਅਧਾਰ 'ਤੇ ਚਲ ਰਹੀ ਹੈ। ਜਿਵੇਂ ਆਪਣੇ ਵਪਾਰ ਦੀ ਸਹੂਲਤ ਅਤੇ ਦੇਸ਼ ਦੇ ਕੋਨੇ ਕੋਨੇ ਤੋਂ ਕੱਚਾ ਮਾਲ, ਖਣਿਜ ਜਾਇਦਾਦ ਦੀ ਪ੍ਰਾਪਤੀ ਲਈ ਸਵਰਣ ਚਤੁਰਭੁਜ ਯੋਜਨਾ ਦੇ ਤਹਿਤ ਕੌਮੀ ਰਾਜ ਮਾਰਗ ਦੇ ਸੜਕਾਂ ਦਾ ਜਾਲ ਵਿਛਾ ਕੇ ਟੋਲ ਟੈਕਸ ਵਜੋਂ ਕਰ ਵਸੂਲੀ ਕਰਕੇ ਦੇਸ਼ ਮਾਰਗਾਂ 'ਤੇ ਵੀ ਜਦ ਉਹਨਾਂ ਕੰਪਨੀਆਂ ਦਾ ਕਬਜਾ ਹੋ ਜਾਣਾ। ਇਸ ਪ੍ਰਕਾਰ ਲਾਈ ਗਈ ਪੂੰਜੀ ਦਾ ਮੂਲਧਨ, ਵਿਆਜ ਲਾਭ ਸਭ ਕੁਝ ਇਥੋਂ ਦੀ

ਜਨਤਾ ਤੋਂ ਵਸੂਲ ਕਰ ਲਿਆ ਜਾਂਦਾ ਹੈ, ਪਰ ਜਿਸ ਤਰ੍ਹਾਂ ਲਿਆ ਗਿਆ ਕਰਜਾ ਜਾਂ ਲਾਈ ਗਈ ਪੂੰਜੀ ਦੀ ਵਰਤੋਂ ਇਸ ਪ੍ਰਬੰਧ ਦੀ ਮਸ਼ੀਨਰੀ ਨੂੰ ਚਲਾਉਣ ਵਾਲੇ ਸਰਕਾਰੀ ਉਚ ਅਧਿਕਾਰੀ, ਸਾਂਸਦ ਵਿਧਾਇਕ, ਭੋਇੰ ਸਵਾਮੀ, ਤਸਕਰ, ਸਨਅਤਕਾਰ ਹੀ ਕਰ ਰਹੇ ਹਨ। ਉਹ ਵੀ ਇਸ ਪ੍ਰਬੰਧ ਦਿਨ ਰਾਤ ਅਰਬਪਤੀ ਬਣਦੇ ਜਾ ਰਹੇ ਹਨ ਤਾਂ ਦੂਜੇ ਪਾਸੇ ਵਿਦੇਸ਼ੀ ਕਰਜੇ ਦਾ ਭਾਰਤ ਦੇ ਗਰੀਬਾਂ ’ਤੇ ਪੈ ਰਿਹਾ ਹੈ। ਸਭ ਤਰ੍ਹਾਂ ਦੀਆਂ ਸਹੂਲਤਾਂ ਤਾਂ ਉਚ ਵਰਗ ਭੋਗ ਰਿਹਾ ਹੈ। ਨਿਮਨ ਵਰਗ ਨੂੰ ਬਦਲੇ ’ਚ ਮਿਲ ਰਹੀ ਹੈ ਦਿਨੋ ਦਿਨ ਗਰੀਬੀ, ਮਹਿੰਗਾਈ ਬੇਰੁਜ਼ਗਾਰੀ ਲਗਾਤਾਰ ਖੁਸਦੇ ਹੋਏ ਪੈਦਾਵਾਰ ਦੇ ਸਾਧਨ। ਇਸ ਲਈ ਅਮੀਰ ਤੇ ਗਰੀਬ ਵਿਚਕਾਰ ਵਧਦੀ ਨਾ ਬਰਾਬਰੀ ਦੀ ਖਾਈ ਏਨੀ ਚੌੜੀ ਹੁੰਦੀ ਜਾ ਰਹੀ ਹੈ ਕਿ ਮੁਫਤ ਜਮ੍ਹਾਂ ਹੋਏ ਕਾਲੇ ਧਨ ਨੂੰ ਵਿਦੇਸ਼ੀ ਬੈਂਕਾਂ ਦੇ ਗੁਪਤ ਖਾਤਿਆਂ ’ਚ ਜਮ੍ਹਾਂ ਕੀਤਾ ਜਾ ਰਿਹਾ ਹੈ। ਸਾਮਰਾਜ ਦੀ ਦਲਾਲ ਇਸ ਪੂੰਜੀਵਾਦੀ ਵਿਵਸਥਾ ਦੀ ਇਹ ਹਾਲਤ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਹੈ। ਅੱਜ ਸਾਡੇ ਦੇਸ਼ ’ਤੇ ਕਿੰਨਾ ਕਰਜਾ ਲੱਦਿਆ ਜਾ ਚੁੱਕਿਆ ਹੈ ਉਹ ਕਿਸੇ ਨੂੰ ਪਤਾ ਨਹੀਂ ਹੈ। ਅਸਲ ’ਚ ਇਥੇ ਸਾਮਰਾਜ ਦੀ ਸੇਵਾ ਕਰਨ ਵਾਲੇ ਵੱਡੇ ਪੂੰਜੀਪਤੀ ਤੇ ਭੋਇੰ ਸਰਕਾਰਾਂ ਦੇ ਹਿੱਤਾਂ ਦੀ ਪੂਰਤੀ ਲਈ ਲੋਕਤੰਤਰ ਦਾ ਢੌਂਗ ਰਚ ਕੇ ਸੱਤਾ ਚਲਾਈ ਜਾ ਰਹੀ ਹੈ। ਆਧੁਨਿਕ ਤਕਨੀਕ ਨਾਲ ਯੁਕਤ ਪ੍ਰਚਾਰ ਮਾਧਿਅਮ ’ਤੇ ਅੱਜ ਇਸ ਮੁਠੀਭਰ ਧਨਾਢ ਜਮਾਤ ਦਾ ਕਬਜਾ ਹੈ। ਜਦ ਲੱਛਮੀ ਮਿਤਲ ਵਰਗੇ ਉਦਯੋਗਪਤੀਆਂ ਨੇ ਦੁਨੀਆਂ ਦੀ ਸਭ ਤੋਂ ਵੱਡੀ ਇਸਪਾਤ ਕੰਪਨੀ ਆਰਸੇਲਰ ਨੂੰ 127.2 ਅਰਬ ਰੁਪਏ ’ਚ ਖਰੀਦਿਆ ਸੀ ਉਹਨਾਂ ਦਾ ਨਾਂ ਯੂਰਪ ਦੇ 50 ਵੱਡੇ ਸਨਅਤਕਾਰਾਂ ’ਚ ਸ਼ਾਮਲ ਹੋ ਗਿਆ। ਭਾਰਤ ਦੇ ਪ੍ਰਚਾਰ ਮਾਧਿਅਮ ਨੇ ਅਜਿਹੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਭਾਰਤ ਨੂੰ ਤੇਜ਼ੀ ਨਾਲ ਵਿਕਾਸ ਕਰਦਾ ਅਰਥਚਾਰਾ ਦੱਸਣਾ ਸ਼ੁਰੂ ਕਰ ਦਿੱਤਾ। ਕੀ ਇਸ ਨੂੰ ਹੀ ਵਿਕਾਸ ਕਹੀਏ? ਕੀ ਅਰਬਪਤੀਆਂ ਦੇ ਵਧਣ ਫੁਲਣ ਨਾਲ ਦੇਸ਼ ਦੀ ਬਹੁਗਿਣਤੀ ਜਨਤਾ ਦੀ ਗ਼ਰੀਬੀ ਦੂਰ ਹੋ ਜਾਊ? ਪਰ ਇਹ ਖੇਡ ਹੁਣ ਬਹੁਤੀ ਦੇਰ ਨਹੀਂ ਚਲਣੀ। ਵਿਸੇਸ ਆਰਥਕ ਖੇਤਰ (ਸੇਜ) ਦੇ ਬਹਾਨੇ ਜਮੀਨ ’ਤੇ ਕਬਜੇ ਖਿਲਾਫ, ਬੇਜਮੀਨੇ ਕਿਸਾਨ ਖੇਤ ਮਜ਼ਦੂਰ, ਆਦੀਵਾਸੀ ਤੇ ਲੁੱਟੀ ਜਾਂਦੀ ਜਨਤਾ ਦਾ ਅੰਦੋਲਨ ਇਸ ਲੁੱਟ ਦਾ ਮੁਕਾਬਲਾ ਜ਼ਰੂਰ ਕਰੇਗਾ।

# ਪਾਕਿਸਤਾਨ ਦੀ ਮੌਜੂਦਾ ਰਾਜਸੀ ਹਾਲਤ

ਪਾਕਿਸਤਾਨ ਪਦ ਸਾਲਾਂ ਤੱਕ ਫੌਜੀ ਰਾਜ ਦੇ ਅਧੀਨ ਰਿਹਾ ਹੈ। ਇਸ ਦੌਰਾਨ ਸਭ ਲੋਕ ਰਾਜੀ ਸੰਸਥਾਵਾਂ 'ਤੇ ਟ੍ਰੇਡ ਯੂਨੀਅਨ ਸੰਚਾਲਨ ਵਰਗੀਆਂ ਸਰਗਰਮੀਆਂ 'ਤੇ ਰਾਜਸੀ ਪਾਰਟੀਆਂ 'ਤੇ ਪਾਬੰਦੀ ਲੱਗੀ ਹੋਈ ਸੀ। ਅਖੌਤੀ ਲੋਕ ਰਾਜ ਦੇ 28 ਸਾਲਾਂ ਦੇ ਮਤਾਹਿਤ ਵੀ ਰਾਜਸੀ ਪਾਰਟੀਆਂ ਅਤੇ ਟ੍ਰੇਡ ਯੂਨੀਅਨਾਂ ਨੂੰ ਆਜਾਦੀ ਦੇ ਨਾਲ ਕੰਮਕਾਜ ਨਹੀਂ ਕਰਨ ਦੀ ਇਜਾਜ਼ਤ ਦਿੱਤੀ ਗਈ ਅਤੇ ਇਸ ਦੌਰਾਨ ਦੀ ਪ੍ਰਗਤੀਸ਼ੀਲ ਟ੍ਰੇਡ ਯੂਨੀਅਨ ਵਰਕਰ ਤੇ ਰਾਜਸੀ ਨੇਤਾ ਜੇਲ ਦੀਆਂ ਸਲਾਖਾਂ ਪਿੱਛੇ ਹੀ ਬੰਦ ਰਹੇ। ਅੱਜ ਦੇਸ਼ (ਪਾਕਿਸਤਾਨ) ਵੱਡੇ ਆਰਥਕ ਤੇ ਰਾਜਸੀ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਬੇਰੁਜ਼ਗਾਰੀ 'ਤੇ ਸਿੱਕੇ ਦਾ ਫੈਲਾਅ (ਮਹਿੰਗਾਈ) ਤੇਜ਼ੀ ਨਾਲ ਵਧ ਰਹੀ ਹੈ। ਦੋ ਸੂਬਿਆਂ 'ਚ ਯੁੱਧ ਚੱਲ ਰਿਹਾ ਹੈ। ਸੈਂਕੜੇ ਹਜ਼ਾਰ ਨਿਰਦੋਸ਼ ਲੋਕ ਜਿਹਨਾਂ 'ਚ ਔਰਤਾਂ 'ਤੇ ਬੱਚੇ ਵੀ ਸ਼ਾਮਲ ਹਨ, ਮਾਰੇ ਗਏ ਹਨ ਅਤੇ 25 ਲੱਖ ਲੋਕ ਉਤਰ-ਪੱਛਮ ਸੀਮਾ ਪ੍ਰਾਂਤ (NFWP) ਤੋਂ ਹਿਜਰਤ ਕਰ ਗਏ ਹਨ। ਦੋਹਾਂ ਸੂਬਿਆਂ 'ਚ ਹੱਤਿਆ ਤੇ ਗਾਇਬ ਕਰ ਦੇਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਬਿਜਲੀ, ਪਾਣੀ ਰਸੋਈ ਗੈਸ ਦੀ ਕਮੀ ਵਧਦੀ ਜਾ ਰਹੀ ਹੈ। ਇਸ ਦੀ ਵਜ੍ਹਾ ਨਾਲ 2200 ਸਨਅਤੀ ਇਕਾਈਆਂ ਬੰਦ ਹੋ ਗਈਆਂ ਹਨ। ਸੈਂਕੜੇ ਹਜ਼ਾਰ ਮਜ਼ਦੂਰਾਂ ਨੇ ਆਪਣਾ ਰੁਜ਼ਗਾਰ ਗੁਆ ਲਿਆ ਹੈ। ਬੇਰੁਜ਼ਗਾਰੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਜਿਸ ਨਾਲ ਆਮ ਜਨਤਾ ਵਿਚਕਾਰ ਨਿਰਾਸ਼ਾ ਤੇ ਹਿਤਾਸ਼ਾ ਪੈਦਾ ਹੋਈ ਹੈ। ਸਿੱਟੇ ਵਜੋਂ ਆਤਮ ਹੱਤਿਆਵਾਂ ਹੋ ਰਹੀਆਂ ਹਨ ਜਿਥੇ ਗਰੀਬ ਕਿਸਾਨ ਬਾਜ਼ਾਰ 'ਚ ਆਪਣੇ ਬੱਚਿਆਂ ਅਤੇ ਆਪਣੇ ਸਰੀਰ ਦੇ ਅੰਗਾਂ ਨੂੰ ਵੇਚ ਰਹੇ ਹਨ। ਰਾਜਸੀ ਪਾਰਟੀਆਂ ਖੁਦ ਆਪਣੀਆਂ ਪਾਰਟੀਆਂ 'ਚ ਜਮਹੂਰੀ ਤਰੀਕੇ ਨਾਲ ਕੰਮ ਨਹੀਂ ਕਰਦੀਆਂ ਹਨ ਅਤੇ ਉਹਨਾਂ ਦੇ ਨੇਤਾਵਾਂ ਦਾ ਰਾਜਨੀਤੀ ਨੂੰ ਸਥਿਰਤਾ ਪ੍ਰਦਾਨ ਕਰਨ ਦਾ ਕੋਈ ਅਨੁਭਵ ਨਹੀਂ ਹੈ। ਦੇਸ਼ 'ਤੇ ਪੂਰੀ ਤਰ੍ਹਾਂ ਜਾਗੀਰੂ ਤੇ ਪੂੰਜੀਵਾਦੀ ਤਾਕਤਾਂ ਦਾ ਕੰਟਰੋਲ ਹੈ। ਇਸ ਲਈ ਸੰਸਦ ਤੇ ਸਿਨੇਟ ਦੇ ਜ਼ਿਆਦਾਤਰ ਲੋਕ ਇਸ ਵਰਗ ਨਾਲ ਸਬੰਧਤ ਹਨ। ਜੋ ਲੋਕਾਂ ਦੇ ਕਲਿਆਣ ਦੀ ਬਜਾਏ ਆਪਣੇ ਖੁਦ ਦੇ ਫਾਇਦੇ ਨੂੰ ਵੱਧ ਤਵੱਜੋ ਦਿੰਦੇ ਹਨ। ਹਾਕਮ ਗੱਠਜੋੜ ਸਰਕਾਰ ਸਾਮਰਾਜੀ ਤਾਕਤਾਂ ਦੀ ਕਠਪੁਤਲੀ ਹੈ ਅਤੇ ਆਈ. ਐਮ. ਐਫ. ਤੇ ਸੰਸਾਰ ਬੈਂਕ ਦੀਆਂ ਇੱਛਾਵਾ ਅਨੁਸਾਰ ਨੀਤੀਆਂ ਘੜ ਰਹੀ ਹੈ। ਇਹ ਨੀਤੀਆਂ ਆਮ ਲੋਕਾਂ ਨੂੰ ਸੱਟ ਮਾਰ ਰਹੀਆਂ ਹਨ। ਅੱਤਵਾਦੀ ਹਮਲੇ ਵਧ ਰਹੇ ਹਨ। ਬੀਟਾ ਵਿਸਫੋਟ, ਨਿਰਦੋਸ਼ ਲੋਕ ਮਾਰੇ ਜਾ ਰਹੇ ਹਨ ਅਤੇ ਦੋਸ਼ੀ ਗ੍ਰਿਫ਼ਤਾਰ ਨਹੀਂ ਹੋ ਰਹੇ। ਆਮ ਤੌਰ 'ਤੇ ਆਮ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਜਨਤਾ ਬੇਹੱਦ ਅਸੁਰੱਖਿਅਤ ਮਹਿਸੂਸ ਕਰਦੀ ਹੈ। ਪਾਕਿਸਤਾਨ 'ਚ ਵਿਦੇਸ਼ੀ ਸਾਮਰਾਜੀ ਸ਼ਕਤੀਆਂ (ਏਜੰਸੀਆਂ) ਖੁੱਲ੍ਹੇਆਮ ਕੰਮ ਕਰ ਰਹੀਆਂ ਹਨ। ਪਾਕਿਸਤਾਨ 'ਚ ਅਮਰੀਕੀ ਫੌਜੀਆਂ ਅੱਡਿਆਂ ਦੀ ਸਥਾਪਨਾ ਕੀਤੀ ਗਈ ਹੈ ਅਤੇ ਉਸ ਦੀਆਂ ਏਜੰਸੀਆਂ ਬੇਰੋਕ ਟੋਕ ਕੰਮ ਕਰ ਰਹੀਆਂ ਹਨ। ਸਾਮਰਾਜੀ ਤਾਕਤਾਂ ਨੇ ਅਫਗਾਨਿਸਤਾਨ ਵਿੱਚ ਸੋਵੀਅਤ ਸੰਘ ਖਿਲਾਫ ਲੜਨ ਲਈ ਤਾਲਿਬਾਨ ਦੀ ਰਚਨਾ ਕੀਤੀ ਸੀ। ਇਹ ਸਾਮਰਾਜੀ

ਤਾਕਤਾਂ ਪਾਕਿਸਤਾਨੀ ਫੌਜ ਖਿਲਾਫ ਲੜਾਈ ਜਾਰੀ ਰੱਖਣ ਲਈ ਤੇ ਲੋਕਾਂ ’ਚ ਨਿਰਾਸਤਾ ਪੈਦਾ ਕਰਨ ਲਈ ਉਹਨਾਂ ਨੂੰ ਹਥਿਆਰ ਮੁਹੱਈਆ ਕਰਵਾ ਰਹੀ ਹੈ ਕਿਉਂਕਿ ਅਮਰੀਕਾ ਦੀ ਨੀਤੀ ਹੈ ਪਾਕਿਸਤਾਨ ਦੇ ਟੋਟੇ ਕਰਨੇ। ਸਰਕਾਰ ਸੂਬਿਆਂ ਨੂੰ ਖੁਦਮੁਖਤਿਆਰੀ ਦੇਣ ਦੇ ਹੱਕ ਵਿਚ ਨਹੀਂ ਹੈ ਅਤੇ ਵਿਕਾਸ ਦੀ ਘਾਟ ਕਾਰਨ ਲੋਕਾਂ ’ਚ ਭਾਰੀ ਨਿਰਾਸ਼ਤਾ ਹੈ ਕਿਉਂਕਿ ਉਹਨਾਂ ਨੂੰ ਆਪਣੇ-ਬੁਨਿਆਦੀ ਅਧਿਕਾਰਾਂ ਤੋਂ ਵੀ ਵਾਂਝਿਆ ਕੀਤਾ ਹੋਇਆ ਹੈ। ਸਾਬਕਾ ਸਰਕਾਰ ਵਾਂਗੂੰ ਮੌਜੂਦਾ ਸਰਕਾਰ ਵੀ ਸਾਮਰਾਜੀ ਤਾਕਤਾਂ ਦੇ ਹੁਕਮਾਂ ਅਨੁਸਾਰ ਕੰਮ ਕਰ ਰਹੀ ਹੈ। ਉਤਰ-ਪੱਛਮੀ ਸਰਹੱਦੀ ਸੂਬੇ ’ਚ ਨਾਟੋ ਦਾ ਹਮਲਾ ਅਤੇ ਸਵਾਤ ਤੇ ਬੁਨੇਰ ’ਚ ਫੌਜੀ ਕਾਰਵਾਈ ਜਾਰੀ ਹੈ। ਯੁੱਧ ਕਾਰਨ ਮਜ਼ਦੂਰਾਂ ਲਈ ਕੋਈ ਕੰਮ ਨਹੀਂ ਹੈ, ਬਹੁਤੇ ਉਦਯੋਗ ਬੰਦ ਹੋ ਗਏ ਹਨ ਅਤੇ ਇਹਨਾਂ ਸੂਬਿਆਂ ’ਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਬੇਰੁਜ਼ਗਾਰੀ ਵੱਧ ਰਹੀ ਹੈ। ਉਥੇ ਸੈਂਕੜੇ ਲੋਕ ਲਾਪਤਾ ਹਨ ਅਤੇ ਕੋਈ ਨਹੀਂ ਜਾਣਦਾ ਕਿ ਉਹ ਕਿਥੇ ਹਨ। ਸਵਾਤ ’ਚ 210 ਤੋਂ ਵੱਧ ਲੜਕੀਆਂ ਦੇ ਸਕੂਲਾਂ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਹੈ ਅਤੇ ਸੈਂਕੜੇ ਵਪਾਰਕ ਅਦਾਰਿਆਂ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਬੁਸ਼ ਯੁੱਗ ਦੀ ਦੁੱਖਦਾਈ ਵਿਰਾਸਤ ਵਜੋਂ ਅਫਗਾਨਿਸਤਾਨ ਤੇ ਪਾਕਿਸਤਾਨ ਦੇ ਸਰਹੱਦੀ ਇਲਾਕਿਆਂ ’ਚ ਜਹਾਜ਼ਾਂ ਰਾਹੀਂ ਹਵਾਈ ਹਮਲੇ ਜਾਰੀ ਹਨ।

**ਆਰਥਕ ਸੰਕਟ** : ਵਿਸ਼ਵ ਵਿਆਪੀ ਆਰਥਕ ਸੰਕਟ ਦੀ ਦੇਸ਼ ’ਤੇ ਪੁਰਜੋਰ ਮਾਰ ਪੈ ਰਹੀ ਹੈ। ਸਾਲ 2009 ’ਚ ਸਨਅਤੀ ਖੇਤਰ ਦੇ ਢਹਿਣ ਅਤੇ ਛਾਂਟੀ ਤੇ ਬੇਰੁਜ਼ਗਾਰੀ ਵਿੱਚ ਵਰਤੁਲਾਕਾਰ ਵਾਧੇ ਦੀ ਭਵਿੱਖ ਬਾਣੀ ਕੀਤੀ ਗਈ ਹੈ। ਮਾਹਰ ਦੱਸਦੇ ਹਨ ਕਿ ਕੁਲ ਘਰੇਲੂ ਪੈਦਾਵਾਰ (ਜੀ. ਡੀ. ਪੀ.) ਦੀ ਅਸਲੀ ਦਰ, ਜੋ ਸਾਲ 2006-07 ’ਚ 7.8 ਫੀਸਦੀ ਸੀ ਘਟ ਕੇ 5.8 ਫੀਸਦੀ ਰਹਿ ਗਈ ਹੈ। ਮੁਦਰਾ ਸਫਿਤੀ ਖਾਸ ਕਰਕੇ ਤੇਲ ਤੇ ਅਨਾਜ ਦੀਆਂ ਕੀਮਤਾਂ 30 ਫੀਸਦੀ ਵਧ ਗਈਆਂ ਹਨ। ਡਾਲਰ ਦੀ ਤੁਲਨਾ ’ਚ ਰੁਪਏ ਦਾ22 ਫੀਸਦੀ ਘਟੌਤੀ ਹੋਈ ਹੈ। ਸਾਲ 2007-08 ’ਚ ਵਿਦੇਸ਼ੀ ਚਾਲੂ ਖਾਤੇ ’ਚ ਘਾਟਾ ਵਧ ਕੇ 16 ਬਿਲੀਅਨ ਡਾਲਰ ਹੋ ਗਿਆ ਹੈ। ਇਹ ਦੇਖ ਕੇ ਭਾਰੀ ਦੁੱਖ ਹੁੰਦਾ ਹੈ ਕਿ ਕੇਂਦਰ ਮਾਲੀਆ ਬੋਰਡ ਨੇ ਵਿਦੇਸ਼ੀ ਪ੍ਰਭੂਆਂ ਨੂੰ ਖੁਸ਼ ਕਰਨ ਲਈ ਟੈਕਸ ਦਾ ਅਤਿਆਚਾਰੀ ਢਾਂਚਾ ਖੜ੍ਹਾ ਕੀਤਾ ਹੈ। ਇਸ ਦੇ ਸਿੱਟੇ ਵਜੋਂ ਪਿਛਲੇ 19 ਸਾਲਾਂ ਦੌਰਾਨ ਸਮਾਜ ਦੇ ਸਭ ਤੋਂ ਗਰੀਬ ਪਰਿਵਾਰ ’ਤੇ ਟੈਕਸ ਦੇ ਬੋਝ ’ਚ 17.4 ਫੀਸਦੀ ਵਾਧਾ ਹੋਇਆ ਹੈ। ਉਥੇ ਦੂਜੇ ਪਾਸੇ ਅਮੀਰ ਪਰਿਵਾਰਾਂ ’ਤੇ ਲੱਗਣ ਵਾਲੇ ਟੈਕਸਾਂ ਦੇ ਬੋਝ ’ਚ 15.9 ਫੀਸਦੀ ਦੀ ਕਮੀ ਆਈ ਹੈ। ਪਾਕਿਸਤਾਨ ’ਚ ਆਈ. ਐਮ. ਐਫ. ਸੰਸਾਰ ਬੈਂਕ ਦੀਆਂ ਨੀਤੀਆਂ ਨੂੰ ਅਪਣਾਇਆ ਜਾ ਰਿਹਾ ਹੈ। ਬੇਰੁਜ਼ਗਾਰੀ ਦਾ ਅਨੁਪਾਤ ਹਰ ਸਾਲ ਵਧਦਾ ਜਾ ਰਿਹਾ ਹੈ। ਤਕਰੀਬਨ ਦੋ ਲੱਖ ਨੌਜਵਾਨ ਜਿਹਨਾਂ ਦੇ ਹੱਥਾਂ ’ਚ ਡਿਗਰੀ ਤੇ ਡਿਪਲੋਮੇ ਹਨ, ਨੌਕਰੀ ਲੱਭ ਰਹੇ ਹਨ। ਬਿਜਲੀ ਦੀ ਕਟੌਤੀ ਅਤੇ ਪਾਣੀ ਗੈਸ ਦੀ ਕਮੀ ਵੀ ਫੈਕਟਰੀਆਂ ਦੇ ਬੰਦ ਹੋਣ ਦਾ ਇਕ ਵੱਡਾ ਕਾਰਨ ਹੈ। ਖਾਸ ਕਰਕੇ ਟੈਕਸ ਟਾਈਲ ਉਦਯੋਗਾਂ ’ਚ ਜਿਹਨਾਂ ਦੇ ਮਾਲਕਾ ਦਾ ਦਾਅਵਾ ਹੈ ਕਿ 75 ਫੀਸਦੀ ਟੈਕਸ ਟਾਇਲ ਇਕਾਈਆਂ ਬੰਦ ਹੋ ਗਈਆਂ ਹਨ ਅਤੇ ਛੇ ਲੱਖ ਤੋਂ ਵੱਧ ਮਜ਼ਦੂਰ ਕੰਮ ਤੋਂ ਬਾਹਰ ਹੋ ਗਏ ਹਨ। ਇਹ ਹਾਲਾਤ ਬੇਹੱਦ ਖ਼ਤਰਨਾਕ ਹਨ ਅਤੇ ਕਾਨੂੰਨ ਤੇ ਪ੍ਰਬੰਧ ਦੀ ਸਥਿਤੀ ਨੂੰ ਬਦਤਰ ਬਣਾ

ਰਹੇ ਹਨ। ਹਾਕਮਾਂ ਦੀਆਂ ਨੀਤੀਆਂ ਕਾਰਨ ਲੋਕ ਆਪਣੀ ਪ੍ਰਭੂਸੱਤਾ ਤੇ ਅਜਾਦੀ ਗੁਆਉਂਦੇ ਜਾ ਰਹੇ ਹਨ। 2009 ਪਾਕਿਸਤਾਨ ਲਈ ਭਾਰੀ ਬੇਯਕੀਨੀ ਦਾ ਸਾਲ ਹੈ। ਸਭ ਦੀਆਂ ਨਿਗਾਹਾਂ ਅਮਰੀਕਾ ਦੇ ਨਵੇਂ ਪ੍ਰਸ਼ਾਸਨ 'ਤੇ ਲੱਗੀਆਂ ਹੋਈਆਂ ਹਨ। ਨਵੇਂ ਅਮਰੀਕੀ ਹਾਕਮ ਨੇ ਪਾਕਿਸਤਾਨ 'ਚ ਜੇ ਸੀਮਾ ਘਰ ਤੋਂ ਹਮਲਾ ਕਰਨ ਬਾਰੇ ਫੈਸਲਾ ਲਿਆ ਤਾਂ ਇਹ ਪਾਕਿਸਤਾਨ ਦੀ ਸਰਕਾਰ 'ਤੇ ਦਬਾਅ ਪਾਉਣ ਲਈ ਉਸ ਦੇ ਇਕ ਮੁੱਖ ਸਰੋਤ ਵਜੋਂ ਕੰਮ ਕਰੇਗਾ ਜੋ ਬਦਤਰ ਹੁੰਦੇ ਅਰਥਚਾਰੇ ਤੋਂ ਪੈਦਾ ਭਾਰੀ ਕਠਿਨਾਈਆਂ ਦਾ ਸਾਹਮਣਾ ਕਰ ਰਿਹਾ ਹੈ।

**ਕਾਨੂੰਨ ਤੇ ਪ੍ਰਬੰਧ ਦੀ ਸਥਿਤੀ** : ਪਾਕਿਸਤਾਨ ਕਾਨੂੰਨ ਦੇ ਪ੍ਰਬੰਧ ਦੀ ਸਭ ਤੋਂ ਬੁਰੀ ਸਥਿਤੀ ਵਿਚੋਂ ਦੀ ਗੁਜਰ ਰਿਹਾ ਹੈ। ਬੰਬ ਧਮਾਕੇ, ਕਤਲ ਅਗਵਾ, ਲੁੱਟ ਮਾਰ, ਡਕੈਤੀ ਰੋਜ ਮਰਾ ਦੀਆਂ ਗੱਲਾਂ ਹਨ। ਕੋਈ ਵੀ ਸੁਰੱਖਿਅਤ ਨਹੀਂ ਹੈ। ਉਤਰ ਪੱਛਮੀ ਸਰਹੱਦੀ ਸੂਬੇ 'ਚ ਜੰਗਜੂਆਂ ਖਿਲਾਫ ਚੌਤਰਫਾ ਮੁਹਿੰਮ ਚੱਲ ਰਹੀ ਹੈ। ਸੈਂਕੜੇ ਔਰਤਾਂ ਬੱਚੇ ਤੇ ਆਦਮੀ ਮਾਰੇ ਗਏ ਹਨ। ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਰਾਹਤ ਕੈਂਪ 'ਚ ਹਿਜਰਤ ਕਰ ਗਏ ਹਨ। ਸਭ ਸੂਬਿਆਂ 'ਚ ਆਤਮਘਾਤੀ ਹਮਲੇ ਹੋ ਰਹੇ ਹਨ। ਜਿਸ 'ਚ ਹਜ਼ਾਰਾਂ ਲੋਕ ਮਾਰੇ ਗਏ ਹਨ। ਉਦਾਹਰਣ ਵਜੋਂ ਸਾਲ 2009 'ਚ ਇਕੱਲੇ ਪੰਜਾਬ ਸੂਬੇ 'ਚ ਹੀ ਫੌਜ, ਸਮੁੰਦਰੀ ਫੌਜ ਤੇ ਪੁਲਸ ਸਮੇਤ 612 ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ ਅਤੇ 2009 ਦੌਰਾਨ 2012 ਲੋਕ ਜ਼ਖ਼ਮੀ ਹੋਏ ਹਨ।

**ਮਜ਼ਦੂਰਾਂ ਦੀ ਦਿਸ਼ਾ** : ਮਜ਼ਦੂਰਾਂ ਦੇ ਜੀਵਨ ਅਤੇ ਕੰਮ ਦੀ ਦਸ਼ਾ ਦਿਨ-ਬ-ਦਿਨ ਬਦਤਰ ਹੁੰਦੀ ਜਾ ਰਹੀ ਹੈ। ਹਸਪਤਾਲਾਂ, ਕਾਰਖਾਨਿਆਂ, ਸਿੱਖਿਆ ਸੰਸਥਾਵਾਂ ਅਤੇ ਸੇਵਾ ਖੇਤਰ ਤੇ ਹੋਰ ਵਪਾਰਕ ਅਦਾਰਿਆਂ 'ਚ ਟ੍ਰੇਡ ਯੂਨੀਅਨ ਦੇ ਗਠਨ ਦੀ ਇਜਾਜ਼ਤ ਨਹੀਂ ਹੈ। ਸਿਰਫ 3 ਫੀਸਦੀ ਮਜ਼ਦੂਰ ਹੀ ਜਥੇਬੰਦ ਖੇਤਰ 'ਚ ਹਨ ਅਤੇ ਟ੍ਰੇਡ ਯੂਨੀਅਨ ਦੇ ਮੈਂਬਰ ਹਨ। ਪਾਕਿਸਤਾਨੀ ਮਜ਼ਦੂਰਾਂ ਦੇ ਕੰਮ ਘੰਟਿਆਂ 'ਚ ਵਾਧਾ, ਘੱਟ ਤਨਖਾਹ ਸਹੀ ਡਾਕਟਰੀ ਸਹੂਲਤ ਤੇ ਸੁਰੱਖਿਆ ਉਪਾਵਾਂ ਦੀ ਘਾਟ, ਠੇਕੇਦਾਰੀ ਦੇ ਤਹਿਤ ਨਿਯੁਕਤੀ ਦਾ ਵਧਦਾ ਰੁਝਾਣ ਅਤੇ ਟ੍ਰੇਡ ਯੂਨੀਅਨਾਂ ਵਿੱਚ ਸ਼ਾਮਲ ਹੋਣ 'ਤੇ ਰੋਕ ਵਰਗੀਆਂ ਸਥਿਤੀਆਂ ਦੇ ਸ਼ਿਕਾਰ ਹਨ। ਹਾਲਾਂਕਿ ਹਰ ਸਰਕਾਰ ਮਜ਼ਦੂਰਾਂ ਨੂੰ ਰਾਹਤ ਮੁਹੱਈਆ ਕਰਨ ਦਾ ਦਾਅ ਕਰਦੀ ਹੈ। ਪਰ ਇਸ 'ਚੋਂ ਕਿਸੇ ਨੇ ਵੀ ਇਸ ਮਾਮਲੇ 'ਚ ਆਪਣੇ ਵਚਨ ਨੂੰ ਪੂਰਾ ਨਹੀਂ ਕੀਤਾ ਹੈ। ਹਾਕਮ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਤੋਂ ਮਜ਼ਦੂਰਾਂ ਲਈ ਬੇਹਤਰ ਕਿਰਤ ਨੀਤੀ ਦੇ ਐਲਾਨ ਦੀ ਉਮੀਦ ਸੀ ਪਰ ਸਭ ਵਿਅਰਥ ਹੋ ਗਿਆ। ਇਸ ਸਰਕਾਰ ਨੇ ਸਨਅਤੀ ਸਬੰਧੀ ਬਿੱਲ 2008 ਪੇਸ਼ ਕੀਤਾ ਹੈ ਜੋ ਕਿਰਤੀ ਵਿਰੋਧੀ ਹੈ। ਇਸ ਬਿੱਲ 'ਚ ਸਰਕਾਰ ਨੇ ਟ੍ਰੇਡ ਯੂਨੀਅਨ ਬਣਾਉਣ ਦੇ ਸਮੂਹਕ ਗੱਲਬਾਤ ਦੇ ਅਧਿਕਾਰ ਨੂੰ ਉਸ ਨੇ ਖੋਹ ਲਿਆ ਹੈ। ਬਾਕੀ ਸਭ ਕਿਰਤ ਕਾਨੂੰਨ ਉਹੀ ਹਨ ਜੋ ਮੁਸ਼ੱਰਫ ਸਰਕਾਰ ਸਮੇਂ ਐਲਾਨੇ ਗਏ ਸਨ ਜਿਵੇਂ 8 ਘੰਟੇ ਦੇ ਕੰਮ ਦਾ ਦਿਨ ਨੂੰ ਵਧਾ ਕੇ ਬਾਰਾਂ ਘੰਟੇ ਕਰ ਦੇਣਾ, ਔਰਤਾਂ ਕਾਮਿਆਂ ਨੂੰ ਸੂਰਜ ਡੁੱਬਣ ਪਿੱਛੋਂ ਅਤੇ ਸੂਰਜ ਚੜ੍ਹਨ ਤੋਂ ਪਹਿਲਾਂ ਕੰਮ ਕਰਨ ਲਈ ਮਜ਼ਬੂਰ ਕਰਨਾ ਆਦਿ। ਘੱਟੋ-ਘੱਟ ਮਜ਼ਦੂਰੀ 6000 ਰੁਪਏ (75 ਡਾਲਰ) ਐਲਾਨੀ ਗਈ ਹੈ। ਪਰ ਇਸ ਵਾਧੇ 'ਤੇ ਕਿਤੇ ਅਮਲ ਨਹੀਂ ਕੀਤਾ ਗਿਆ ਹੈ। ਆਕਾਸ਼ ਛੂੰਹਦ ਸਿੱਕੇ

ਦਾ ਫੈਲਾਅ ਤੇ ਵਸਤਾਂ ਦੀਆਂ ਕੀਮਤਾਂ ਅਤੇ ਬੱਸਾਂ ਦੇ ਭਾੜੇ 'ਚ ਵਾਧੇ ਨਾਲ ਮਜ਼ਦੂਰਾਂ ਦੇ ਜੀਵਨ ਪੱਧਰ ਖਰਾਬ ਹੁੰਦਾ ਜਾ ਰਿਹਾ ਹੈ। ਮਜ਼ਦੂਰ ਸ਼ਕਤੀ ਦਾ ਬਹੁਮਤ ਗੈਰ ਰਵਾਇਤੀ ਖੇਤਰ 'ਚ ਕੰਮ ਕਰਦਾ ਹੈ ਜਿਥੇ ਕਿਰਤ ਕਾਨੂੰਨ ਲਾਗੂ ਨਹੀਂ ਹੁੰਦੇ ਹਨ। ਇਸ ਲਈ ਇਹਨਾਂ ਮਜ਼ਦੂਰਾਂ ਨੂੰ ਕਿਰਤ ਸ਼ਕਤੀ ਨਹੀਂ ਮੰਨਿਆ ਜਾਂਦਾ ਹੈ ਅਤੇ ਉਹਨਾਂ ਨੂੰ ਉਹਨਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝਿਆ ਰੱਖਿਆ ਹੋਇਆ ਹੈ। ਖੇਤੀ ਖੇਤਰ ਦੇ ਮਜ਼ਦੂਰਾਂ ਨੂੰ ਮੌਜੂਦਾ ਕ੍ਰਿਤ ਕਾਨੂੰਨਾਂ ਦੇ ਦਾਇਰੇ 'ਚ ਨਹੀਂ ਲਿਆ ਗਿਆ ਹੈ। ਇਸ ਤਰ੍ਹਾਂ ਮਜ਼ਦੂਰਾਂ ਦੇ ਬਹੁਮਤ ਨੂੰ ਸੰਸਥਾਗਤ ਸਹੂਲਤਾਂ ਤੋਂ ਵਾਂਝਿਆ ਰੱਖਿਆ ਗਿਆ ਹੈ। ਇਸ ਤਰ੍ਹਾਂ ਇੱਟਾਂ ਦੇ ਭੱਠਿਆਂ ਤੇ ਪਾਵਰਲੂਮ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਇਹਨਾਂ ਕਾਨੂੰਨਾਂ ਦੇ ਤਹਿਤ ਕੋਈ ਸਹੂਲਤ ਹਾਸਲ ਕਰਨ ਦੇ ਹੱਕਦਾਰ ਨਹੀਂ ਹਨ। ਉਪਰੋਕਿਤ ਖੇਤਰਾਂ 'ਚ ਸਮੂਹਕ ਵਾਰਤਾ ਦਾ ਅਧਿਕਾਰ ਨਹੀਂ ਹੈ। ਉਹ ਡਾਕਟਰੀ ਤੇ ਹੋਰ ਸਹੂਲਤਾਂ ਦਾ ਦਾਅਵਾ ਵੀ ਨਹੀਂ ਕਰ ਸਕਦੇ ਹਨ।

ਪਾਕਿਸਤਾਨ ਦੀ ਮਜ਼ਦੂਰ ਜਮਾਤ ਸਾਹਮਣੇ ਹੋਰ ਵੀ ਇਕ ਕਿੰਤੂ ਮਹੱਤਵਪੂਰਨ ਮੁੱਦਾ ਹੈ। ਧਾਰਮਿਕ ਕੱਟੜ ਪੰਥੀਆਂ ਦੀ ਤਾਕਤ 'ਚ ਵਾਧਾ। ਇਹ ਰੁਝਾਣ ਮਜ਼ਦੂਰ ਜਮਾਤ ਨੂੰ ਧਾਰਮਿਕ ਅਧਾਰ 'ਤੇ ਵੰਡ ਰਿਹਾ ਹੈ ਅਤੇ ਪਾਕਿਸਤਾਨ ਦੇ ਕੁਝ ਹਿੱਸਿਆਂ ਵਿੱਚ ਮਜ਼ਦੂਰ ਅੰਦੋਲਨ ਨੂੰ ਕੰਮਜ਼ੋਰ ਬਣਾ ਰਹੀ ਹੈ। ਟ੍ਰੇਡ ਯੂਨੀਅਨ ਫੈਡਰੇਸ਼ਨ ਅਤੇ ਇਕ ਆਮ ਮਜ਼ਦੂਰ ਨੂੰ ਆਪਣੇ ਆਪ ਨੂੰ ਵਰਗੀ ਆਧਾਰ 'ਤੇ ਜਥੇਬੰਦ ਕਰਨਾ ਚਾਹੀਦਾ ਹੈ। ਆਲ ਪਾਕਿਸਤਾਨ ਟ੍ਰੇਡ ਯੂਨੀਅਨ ਫੈਡਰੇਸ਼ਨ, ਰੇਲਵੇ, ਡਬਲਯੂ ਏ. ਪੀ. ਡੀ. ਏ. ਅਤੇ ਹੋਰ ਜਨਤਕ ਖੇਤਰ ਦੇ ਅਦਾਰਿਆਂ ਦੇ ਨਿੱਜੀਕਰਨ ਦੀ ਨਿੰਦਾ ਕਰਦੀ ਹੈ। ਹਾਕਮ ਸਰਕਾਰ ਆਪਣੀ ਪਹਿਲੀ ਸਰਕਾਰ ਦੀਆਂ ਨੀਤੀਆਂ ਦਾ ਪੂਰੀ ਤਰ੍ਹਾਂ ਲਾਗੂ ਕਰਦੀ ਹੈ ਅਤੇ ਪਾਕਿਸਤਾਨ ਦੀ ਮਜ਼ਦੂਰ ਜਮਾਤ ਉਸ ਨੂੰ ਰੇਲਵੇ ਦਾ ਨਿੱਜੀਕਰਨ ਨਹੀਂ ਕਰਨ ਦੇਵੇਗਾ। ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ 'ਚ ਔਰਤਾਂ ਸਰਗਰਮ ਹਨ ਪਰ ਸਰਕਾਰੀ ਅੰਕੜਿਆਂ 'ਚ ਇਸ ਨੂੰ ਸਹੀ ਵਿਖਾਇਆ ਜਾਂਦਾ, ਘਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ ਲਿੰਗਕ ਹਿੰਸਾ ਦਾ ਸ਼ਿਕਾਰ ਹਨ। ਕੰਮਕਾਜੀ ਔਰਤਾਂ ਨੂੰ ਵੱਖ-ਵੱਖ ਤਰ੍ਹਾਂ ਦੇ ਭੇਦਭਾਵਾਂ ਤੇ ਜਬਰ ਤੋਂ ਬਚਾਉਣ ਲਈ ਕਾਨੂੰਨ 'ਚ ਸੋਧ ਹੋਣੀ ਚਾਹੀਦੀ ਹੈ। ਲੈਦਰ, ਗਾਰਮੈਂਟ, ਫੂਡ ਤੇ ਇਲੈਕਟ੍ਰਾਨਿਕਸ ਤੇ ਦਵਾ ਕੰਪਨੀਆਂ 'ਚ ਸਰਗਰਮ ਹਜ਼ਾਰਾਂ ਔਰਤਾਂ ਨੂੰ ਆਪਣੀ ਯੂਨੀਅਨ ਬਣਾਉਣ ਦਾ ਅਧਿਕਾਰ ਨਹੀਂ ਹੈ। ਪਾਕਿਸਤਾਨ ਦੇ ਮਜ਼ਦੂਰਾਂ ਤੇ ਉਹਨਾਂ ਦੇ ਅੰਦੋਲਨ ਲਈ ਸ਼ਾਂਤੀ ਦਾ ਸੁਆਲ ਇਕ ਵੱਡਾ ਮੁੱਦਾ ਹੈ। ਜੇ ਸ਼ਾਂਤੀ ਨਹੀਂ ਤਾਂ ਰੁਜ਼ਗਾਰ ਨਹੀਂ ਮਿਲਣਾ। ਆਲ ਪਾਕਿਸਤਾਨ ਟ੍ਰੇਡ ਯੂਨੀਅਨ ਫੈਡਰੇਸ਼ਨ ਨੇ ਸ਼ਾਤੀ ਲਈ ਮੁਹਿੰਮ ਚਲਾਉਣ ਦਾ ਸਾਹਸੀ ਫੈਸਲਾ ਲਿਆ ਹੈ।

# ਭਾਰਤੀ ਹਾਕਮ ਜਮਾਤ, ਰਾਜ ਸਭਾ ਬਨਾਮ ਸੰਘ ਪਰਿਵਾਰ

ਭਾਰਤੀ ਦੀ ਦਲਾਲ ਨੌਕਰਸ਼ਾਹੀ ਸਰਮਾਏਦਾਰੀ, ਉਸ ਦੀ ਰਾਜਸਭਾ ਤੇ ਸੰਘ ਪਰਿਵਾਰ ਵਿਚਕਾਰ ਅੱਜ ਕੀ ਸਬੰਧ ਹੈ? ਅੱਜ ਜਦ ਕਿ ਸੰਘ ਪਰਿਵਾਰ ਭਾਜਪਾ ਦੇ ਸੰਕਟ ਨੂੰ ਇਕ ਖਾਸ ਦਿਸ਼ਾ ਵਿੱਚ ਹਮਲਾਵਰ ਹਿੰਦੂ-ਫਿਰਕਾਪ੍ਰਸਤ ਫਾਸ਼ੀਵਾਦ ਦੀ ਦਿਸ਼ਾ 'ਚ ਹਲ ਕਰ ਰਿਹਾ ਹੈ ਤਾਂ ਇਹ ਸਬੰਧ ਅੱਗੇ ਕਿਵੇਂ ਵਿਕਸਤ ਹੋਵੇਗਾ? ਇਸ ਦਾ ਸਮੁੱਚੇ ਸਮਾਜ ਤੇ ਕੀ ਅਸਰ ਪਵੇਗਾ? ਫਾਸ਼ੀਵਾਦ ਪੂੰਜੀਪਤੀ ਵਰਗ ਲਈ ਕੋਈ ਪਰਾਈ ਚੀਜ ਨਹੀਂ ਹੈ। ਵੀਹਵੀਂ ਸਦੀ ਦੇ 1920 ਅਤੇ 1960 ਦੇ ਦਹਾਕੇ ਨੇ ਵਿਖਾਇਆ ਹੈ ਕਿ ਆਪਣੇ ਪ੍ਰਬੰਧ ਦੇ ਸੰਕਟ ਗ੍ਰਸਤ ਹੋਣ ਤੇ ਉਸ ਨੂੰ ਬਚਾਉਣ ਲਈ ਸਰਮਾਏਦਾਰੀ ਜਮਾਤ ਬਹੁਤ ਅਸਾਨੀ ਨਾਲ ਇਸ ਨੂੰ ਸਵੀਕਾਰ ਕਰ ਲੈਂਦਾ ਹੈ, ਇਹੀ ਨਹੀਂ ਉਹ ਇਸ ਨੂੰ ਇਕ ਵਿਕਲਪ ਵਜੋਂ ਪਾਲਦਾ ਪੋਸਦਾ ਹੈ। ਆਮ ਤੌਰ 'ਤੇ ਉਹ ਸਿਰਫ ਫਾਸ਼ੀਵਾਦੀ ਇਟਲੀ (ਮੁਸੋਲੀਨੀ) ਅਤੇ ਨਾਜੀਵਾਦੀ (ਹਿਟਲਰ) ਸਬੰਧੀ ਹੀ ਫਾਸ਼ੀਵਾਦੀ ਨੂੰ ਯਾਦ ਕੀਤਾ ਜਾਂਦਾ ਹੈ ਪਰ ਸਚਾਈ ਇਹ ਹੈ ਕਿ ਉਸ ਸਮੇਂ ਤੱਕ ਇਕ ਵਿਆਪਕ ਪ੍ਰੀਘਟਨਾ ਸੀ। ਜਪਾਨ ਤੋਂ ਲੈ ਕੇ ਸਪੇਨ ਅਤੇ ਲੈਟਿਨ ਅਮਰੀਕਾ ਤਕ ਇਹ ਫੈਲੀ ਹੋਈ ਸੀ। ਇਥੋਂ ਤਕ ਕਿ 1980 ਦੇ ਦਹਾਕੇ ਦੇ ਅੰਤ 'ਚ ਸੰਯੁਕਤ ਰਾਜ ਅਮਰੀਕਾ 'ਚ ਵੀ ਇਸ ਕਿਸਮ ਦੀ ਤਾਨਾਸ਼ਾਹੀ ਦੀਆਂ ਗੱਲਾਂ ਹੋਣ ਲੱਗੀਆਂ ਸਨ। ਯੂਰਪ 'ਚ ਫਾਸ਼ੀਵਾਦ ਸੰਕਟ ਗ੍ਰਸਤ ਪੂੰਜੀਵਾਦੀ ਪ੍ਰਬੰਧ 'ਚ ਸੰਕਟ ਗ੍ਰਸਿਤ ਮੱਧ ਵਰਗ ਦੇ ਜਮੀਨੀ ਅੰਦੋਲਨ ਵਜੋਂ ਪੈਦਾ ਹੋਇਆ ਸੀ ਪੂੰਜੀਵਾਦ ਦਾ ਤਿੱਖਾ ਸੰਕਟ ਇਸ ਵਰਗ ਦੇ ਜੀਵਨ ਨੂੰ ਆਰਥਕ ਸਮਾਜਕ ਹਰ ਤਰ੍ਹਾਂ ਨਾਲ ਸੰਕਟ 'ਚ ਧੱਕ ਰਿਹਾ ਸੀ। ਉਸ ਸਮੇਂ ਇਟਲੀ ਜਰਮਨੀ ਆਦਿ 'ਚ ਵੱਡੀਆਂ ਮਜ਼ਦੂਰ ਪਾਰਟੀਆਂ ਮੌਜੂਦ ਸਨ। ਉਸ ਨੂੰ ਤਾਂ ਸੰਕਟ ਗ੍ਰਸਿਤ ਮੱਧ ਵਰਗ ਦੀ ਪੂੰਜੀ ਦੀ ਤਾਕਤ ਤੇ ਸੁਰੱਖਿਆ ਹਾਸਲ ਸੀ ਅਤੇ ਨਾ ਹੀ ਮਜ਼ਦੂਰ ਵਰਗ ਦੀ ਸੰਗਠਨ ਦੀ ਤਾਕਤ ਤੇ ਰਾਖੀ। ਇਸ ਦੇ ਮੁਕਾਬਲੇ ਪੂੰਜੀਪਤੀ ਵਰਗ ਦੀ ਹਾਲਤ ਇਹ ਸੀ ਕਿ ਨਾ ਤਾਂ ਉਹ ਆਪਣੀ ਵਿਵਸਥਾ ਦੇ ਸੰਕਟ ਨੂੰ ਹੱਲ ਕਰ ਪਾ ਰਿਹਾ ਸੀ ਅਤੇ ਨਾ ਹੀ ਮਜ਼ਦੂਰ ਜਮਾਤ ਦੀ ਜਥੇਬੰਦ ਤਾਕਤ ਇਸ ਸੰਕਟ ਨੂੰ ਵਧਾ ਹੀ ਰਹੀ ਸੀ। ਖੁਦ ਮਜ਼ਦੂਰ ਜਮਾਤ ਦੀਆਂ ਟ੍ਰੇਡ ਯੂਨੀਅਨ ਅਤੇ ਪਾਰਟੀਆਂ 'ਚ ਜਥੇਬੰਦ ਹੁੰਦੇ ਹੋਏ ਵੀ ਇਨਕਲਾਬ ਕਰਕੇ ਇਸ ਸੰਕਟ ਦਾ ਹੱਲ ਹੀ ਕਰ ਪਾ ਰਹੀਆਂ ਸਨ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਹਨਾਂ ਦੀਆਂ ਵੱਡੀਆਂ ਪਾਰਟੀਆਂ ਇਨਕਲਾਬ ਦਾ ਰਾਹ ਛੱਡ ਕੇ ਸੁਧਾਰਵਾਦੀ ਹੋ ਚੁੱਕੀਆਂ ਸਨ। ਨਵੀਆਂ ਖੜ੍ਹੀਆਂ ਇਨਕਲਾਬੀ ਪਾਰਟੀਆਂ ਜੋ ਕ੍ਰਾਂਤੀਕਾਰੀ ਸਨ ਉਹ ਅਜੇ ਉਨੀਆਂ ਤਾਕਤਵਰ ਨਹੀਂ ਸਨ ਕਿ ਇਨਕਲਾਬ ਕਰ ਸਕਣ। ਇਸ ਤਰ੍ਹਾਂ ਮਜ਼ਦੂਰ ਵਰਗ ਇਨਕਲਾਬ ਕਰਕੇ ਸੰਕਟ ਦਾ ਹੱਲ ਕਰਨ ਲਈ ਅੱਗੇ ਨਹੀਂ ਆ ਰਿਹਾ ਸੀ ਜਦ ਕਿ ਪੂੰਜੀਪਤੀ ਜਮਾਤ ਮਜ਼ਦੂਰ ਜਮਾਤ ਦੀ ਜਥੇਬੰਦ ਤਾਕਤ ਨੂੰ ਤੋੜ ਵੀ ਨਹੀਂ ਪਾ ਰਿਹਾ ਸੀ।

ਅਜਿਹੀ ਸਥਿਤੀ 'ਚ ਦੋ ਚੀਜ਼ਾਂ ਹੋਈਆਂ। ਇਕ ਪਾਸੇ ਤਾਂ ਸੰਕਟਗ੍ਰਸਤ ਮੱਧ ਵਰਗ ਨੇ ਦੋਨੋਂ ਮੁੱਖ ਸੰਘਰਸ਼ਸ਼ੀਲ ਜਮਾਤ ਦੇ ਜਮਾਤੀ ਸੰਘਰਸ਼ ਨੂੰ ਸਮਾਜ ਦੀ ਸਮੱਸਿਆ ਮੰਨ ਕੇ ਵਰਗ ਸੰਘਰਸ਼ ਤੋਂ ਅਜਾਦ ਦੇਸ਼ ਦੀ ਧਾਰਨਾ ਵੱਲ ਰੁਖ ਕੀਤਾ,

ਦੇਸ਼ ਦੇ ਗੌਰਵ ਵਿਚ ਹੀ ਆਪਣੀ ਮੁਕਤੀ ਦੇਖੀ। ਦੂਜੇ ਪਾਸੇ ਪੂੰਜੀਪਤੀ ਨੇ ਮਜ਼ਦੂਰ ਜਮਾਤ ਦੀ ਸੰਗਠਿਤ ਤਾਕਤ ਨਾਲ ਨਿਪਟਣ ਲਈ ਮੱਧ ਵਰਗ ਦੇ ਇਸ ਨਵੇਂ ਉਭਰਦੇ ਅੰਦੋਲਨ 'ਚ ਆਪਣਾ ਰਾਹ ਵੇਖਿਆ। ਇਥੋਂ ਪੂੰਜੀਪਤੀ ਜਮਾਤ (ਯਾਨੀ ਸਾਮਰਾਜ ਦਲਾਲ) ਅਤੇ ਮੱਧਵਰਗ ਦੇ ਫਾਸ਼ੀਵਾਦੀ ਅੰਦੋਲਨ ਦਾ ਮੇਲ ਹੋਇਆ। ਪੂੰਜੀਪਤੀ ਜਮਾਤ ਨੇ ਫਾਸ਼ੀਵਾਦੀ ਅੰਦੋਲਨ ਨੂੰ ਪਾਲਣਾ ਪੋਸਣਾ ਅਤੇ ਅੱਗੇ ਵਧਾਉਣਾ ਸ਼ੁਰੂ ਕੀਤਾ। ਵੈਸੇ ਵੀ ਸਰਮਾਏਦਾਰ ਜਮਾਤ ਜਮਹੂਰੀਅਤ ਦੀ ਬਹੁਤ ਹਮਾਇਤੀ ਨਹੀਂ ਰਹੀ। ਉਸ ਨੇ ਹਮੇਸ਼ਾ ਹੀ ਜਮਹੂਰੀਅਤ ਨੂੰ ਮੁੱਠੀਭਰ ਜਾਇਦਾਦ ਮਾਲਕਾਂ ਤਕ ਹੀ ਸੀਮਤ ਰੱਖਿਆ ਜਾਣਾ ਚਾਹਿਆ ਸੀ। ਵਿਸ਼ਾਲ ਮੇਹਨਤਕਸ਼ਾਂ-ਮਜ਼ਦੂਰਾਂ ਦੇ ਸੰਘਰਸ਼ ਨੇ ਹੀ ਜਮਹੂਰੀਅਤ ਦਾ ਆਮ ਲੋਕਾਂ ਤਕ ਵਿਸਥਾਰ ਕੀਤਾ ਸੀ ਅਤੇ ਨਾਗਰਿਕ ਅਧਿਕਾਰ ਹਾਸਲ ਕੀਤੇ ਸਨ। ਅਜਿਹੇ 'ਚ ਸੰਕਟ ਗ੍ਰਸਿਤ ਹੋਣ 'ਤੇ ਸਰਮਾਏਦਾਰ ਜਮਾਤ ਬਹੁਤ ਅਸਾਨੀ ਨਾਲ ਤਾਨਾਸ਼ਾਹੀ ਜਾਂ ਫਾਸ਼ੀਵਾਦ ਤਕ ਜਾ ਸਕਦਾ ਸੀ। ਇਹ ਉਦੋਂ ਹੋਰ ਸੰਭਵ ਸੀ ਜਦ ਮਜ਼ਦੂਰ ਜਮਾਤ ਇਸ ਨੂੰ ਆਪਣੇ ਲਈ ਵਰਤੋਂ ਕਰ ਰਹੀ ਹੋਵੇ। ਜਦ ਪੂੰਜੀਪਤੀ ਜਮਾਤ ਦੀ ਮਦਦ ਨਾਲ ਫਾਸ਼ੀਵਾਦੀ ਅੰਦੋਲਨ ਬਹੁਤ ਮਜ਼ਬੂਤ ਹੋ ਗਿਆ। ਤਦ ਪੂੰਜੀਪਤੀ ਜਮਾਤ ਨੇ ਜਮਹੂਰੀਅਤ ਨੂੰ ਤਿਆਗ ਦਿੱਤਾ ਅਤੇ ਫਾਸ਼ੀਵਾਦ ਨੂੰ ਗਲੇ ਲਾ ਲਿਆ। ਫਾਸੀਵਾਦੀ ਤੇ ਨਾਜੀਵਾਦੀ ਹਾਕਮ ਬਣੇ ਸਨ ਜਦ ਅਜੇ ਇਹ ਰਾਜਨੀਤੀ 'ਚ ਘੱਟਗਿਣਤੀ ਵਿੱਚ ਹੀ ਸਨ। ਇਹ ਇਸ ਲਈ ਹੋਇਆ ਕਿ ਇਸ ਦੁਆਰਾ ਪੂੰਜੀਪਤ ਜਮਾਤ ਮਜ਼ਦੂਰ ਜਮਾਤ ਨੂੰ ਕੁਚਲਣਾ ਤੇ ਆਪਣੇ ਸੰਕਟ ਦਾ ਹੱਲ ਕਰਨਾ ਚਾਹੁੰਦਾ ਸੀ। ਸਾਮਰਾਜੀਆਂ ਵੱਲੋਂ ਬਾਕੀ ਦੁਨੀਆਂ ਦੀ ਮੁੜ-ਵੰਡ ਲਈ ਸੰਘਰਸ਼ ਤੇ ਯੁੱਧ ਇਸ ਦਾ ਹਿਸਾ ਸੀ। ਇਸ ਤਰ੍ਹਾਂ ਫਾਸ਼ੀਵਾਦ ਜੇ ਜ਼ਮੀਨੀ ਪੱਧਰ 'ਤੇ ਸੰਕਟ ਗ੍ਰਸਤ ਮੱਧਵਰਗ ਦਾ ਸੰਘਰਸ਼ ਸੀ ਤਾਂ ਦੂਜੇ ਪਾਸੇ ਇਹ ਸਾਮਰਾਜੀ ਪੂੰਜੀਪਤੀ ਜਮਾਤ ਵੱਲੋਂ ਆਪਣੇ ਸੰਕਟ ਤੋਂ ਛੁਟਕਾਰਾ ਪਾਉਣ ਲਈ ਹਕੂਮਤ ਦਾ ਇਕ ਰੂਪ ਸੀ। ਇਸ ਤਰ੍ਹਾਂ ਫਾਸ਼ੀਵਾਦ ਇਕ ਖਾਸ ਅਰਸੇ 'ਚ ਖੁਦ ਸੰਕਟਗ੍ਰਸਿਤ ਸਾਮਰਾਜ ਸੀ। ਫਾਸ਼ੀਵਾਦ ਦੀਆਂ ਕੁਝ ਵਿਸ਼ੇਸ਼ਤਾਵਾਂ ਮਸਲਨ ਪੂੰਜੀਵਾਦੀ ਵਿਵਸਥਾ ਦੀ ਸੰਕਟ ਗ੍ਰਸਿਤਾ, ਮੱਧਵਰਗ ਦਾ ਸੰਕਟ, ਸੰਕਟ ਗ੍ਰਸਿਤ ਪੂੰਜੀਪਤੀ ਜਮਾਤ ਦਾ ਫਾਸ਼ੀਵਾਦੀ ਵੱਲ ਵਧਣਾ ਆਦਿ ਐਸੀਆਂ ਹਨ ਜੋ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਸਥਿਤੀਆਂ 'ਚ ਵੱਖ-ਵੱਖ ਰੂਪਾਂ 'ਚ ਜ਼ਰੂਰ ਪ੍ਰਗਟ ਹੋਵੇਗੀ। ਭਾਰਤ ਦੇ ਸੰਘੀ ਫਾਸ਼ੀਵਾਦ ਨੂੰ ਇਸ ਦੀ ਰੌਸ਼ਨੀ 'ਚ ਵੇਖਿਆ ਜਾ ਸਕਦਾ ਹੈ। ਪਿਛਲੇ ਕਰੀਬ 30 ਸਾਲਾਂ 'ਚ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਅਤੇ ਉਸ ਦੀ ਰਾਜ ਸੱਤਾ ਨੇ ਸੰਘ ਪਰਿਵਾਰ ਪ੍ਰਤੀ ਜੋ ਰੁਖ ਅਪਣਾਇਆ ਹੈ ਉਹ ਆਪ ਪ੍ਰੀਘਟਨਾ ਦੇ ਵਿਸ਼ਿਸ਼ਟ ਰੂਪ ਨੂੰ ਵਿਖਾਉਂਦਾ ਹੈ। ਜਦ 1980 ਦੇ ਦਹਾਕੇ ਵਿੱਚ ਭਾਰਤ ਦੇ ਸੰਕਟ ਗ੍ਰਸਿਤ ਮੱਧ ਵਰਗ ਦਾ ਇਕ ਹਿੱਸਾ (ਸ਼ਹਿਰੀ ਸਵਰਣ ਮੱਧ ਵਰਗ) ਸੰਘ ਪਰਿਵਾਰ ਦੇ ਹਿੰਦੂ ਫਿਰਕਾਪ੍ਰਸਤ ਏਜੰਡੇ ਪਿੱਛੇ ਲਾਮਬੰਦ ਹੋਣ ਲੱਗਿਆ ਤਾਂ ਭਾਰਤ ਦੀ ਦਲਾਲ ਸਰਮਾਏਦਾਰ ਜਮਾਤ ਇਸ ਨੂੰ ਸਵੀਕਾਰ ਕਰਨ ਲਈ ਅੱਗੇ ਆਇਆ ਤਦ ਤਕ ਸੰਘ ਪਰਿਵਾਰ ਨੂੰ ਜ਼ਿਆਦਾਤਰ ਵਪਾਰਕ ਪੂੰਜੀਪਤੀ ਵਰਗ ਅਤੇ ਕੁਝ ਪੁਰਾਣੇ ਰਈਸਾਂ ਦੀ ਵੀ ਹਮਾਇਤ ਹਾਸਲ ਸੀ ਪਰ ਹੁਣ ਪੂੰਜੀਪਤੀ ਜਮਾਤ ਦੇ ਹੋਰ ਹਿੱਸੇ ਅੱਗੇ ਆਏ ਅਤੇ ਨਾ ਸਿਰਫ ਸੰਘ ਪਰਿਵਾਰ ਨਾਲ ਤਾਲਮੇਲ ਬਿਠਾਉਣ ਲੱਗੇ ਬਲਕਿ ਉਸ ਦੀ ਮਦਦ ਵੀ ਕਰਨ ਲੱਗੇ। ਖਾਸ

ਕਰਕੇ ਇਸ ਵਿੱਚ ਅਪ੍ਰਵਾਸੀ ਭਾਰਤੀ ਪੂੰਜੀਪਤੀ ਮੁੱਖ ਸਨ। ਉਹਨਾਂ ਨੇ ਸੰਘ ਪਰਿਵਾਰ ਨੂੰ ਸੰਗਠਨ ਅਤੇ ਪ੍ਰਚਾਰ ਲਈ ਭਾਰੀ ਮਾਤਰਾ ’ਚ ਧਨ ਦਿੱਤਾ।

ਸੰਘ ਪਰਿਵਾਰ ਦੇ ਵਧਦੇ ਪ੍ਰਭਾਵ ਦਾ ਇਕ ਪ੍ਰਤੱਖ ਸਿੱਟਾ ਇਹ ਸੀ ਕਿ ਕਾਂਗਰਸ ਪਾਰਟੀ ਜੋ 1947 ਦੀ ਸੱਤਾ ਬਦਲੀ ਤੋਂ ਹੀ ਸਾਮਰਾਜ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਰਾਜ ਸੱਤਾ ਦਾ ਸੰਚਾਲਨ ਕਰ ਰਹੀ ਸੀ। ਉਹ ਵੀ ਉਭਰਦੇ ਫਿਰਕੂ ਫਾਸ਼ੀਵਾਦ ਦੇ ਨਾਲ ਤਾਲਮੇਲ ਬਿਠਾਉਣ ਲਈ ਅੱਗੇ ਵਧੀ। ਹੌਲੀ ਹੌਲੀ ਸਮੁੱਚੀ ਰਾਜ ਮਸ਼ੀਨਰੀ ਦਾ ਫਿਰਕੂਕਰਨ ਨਾਲ ਸੰਘ ਪਰਿਵਾਰ ਦਾ ਕੰਮ ਸੌਖਾ ਹੋ ਗਿਆ।

ਜਦ ਤਕ ਸੰਘ ਪਰਿਵਾਰ ਕੇਂਦਰ ’ਚ ਹਕੂਮਤ ਤੇ ਬਿਰਾਜਮਾਨ ਹੋਣ ਦੀ ਸਥਿਤੀ ਤਕ ਪਹੁੰਚਿਆ ਤਦ ਤਕ ਭਾਰਤ ਦੀ ਹਾਕਮ ਦਲਾਲ ਸਰਮਾਏਦਾਰੀ ਜਮਾਤ ਵੀ ਉਸ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਚੁੱਕੀ ਸੀ। ਪਰ ਏਨਾ ਹੀ ਕਾਫੀ ਨਹੀਂ ਹੋਵੇਗਾ। ਇਕ ਮਾਅਨੇ ’ਚ ਸੰਘ ਪਰਿਵਾਰ ਉਸ ਲਈ ਵੱਧ ਮੁਫੀਦ ਸੀ। 1980 ਦੇ ਦਹਾਕੇ ’ਚ ਭਾਰਤ ਦੀ ਦਲਾਲ ਸਰਮਾਏਦਾਰੀ ਨੇ ਜਿਸ ਨਿੱਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਅਤੇ ਅਮਰੀਕੀ ਸਾਮਰਾਜੀਆਂ ਨਾਲ ਚਲਣ ਦੀ ਨੀਤੀ ਦਾ ਅਨੁਸਰਣ ਕਰਨਾ ਸ਼ੁਰੂ ਕੀਤਾ, ਇਹ ਸੰਘ ਪਰਿਵਾਰ ਦੀ ਨੀਤੀ ਪਹਿਲਾਂ ਤੋਂ ਹੀ ਰਹੀ ਹੈ, ਇਹ ਗੱਲ ਵੱਖਰੀ ਹੈ ਕਿ ਕਾਂਗਰਸ ਪਾਰਟੀ ਵੀ ਹੁਣ ਇਸ ਨੀਤੀ ’ਤੇ ਚਲ ਰਹੀ ਸੀ। ਭਾਜਪਾ ਨੇ ਤਾਂ ਕਿਹਾ ਵੀ ਸੀ ਕਿ ਕਾਂਗਰਸ ਪਾਰਟੀ ਨੇ ਉਸ ਦੀਆਂ ਨੀਤੀਆਂ ਚੋਰੀ ਕੀਤੀਆਂ ਹਨ। ਦੂਜੇ ਪਾਸੇ ਇਹਨਾਂ ਨੀਤੀਆਂ ਨੂੰ ਲਾਗੂ ਹੋਣ ਨਾਲ ਭਾਰਤੀ ਸਮਾਜ ’ਚ ਜੋ ਉਥਲ-ਪੁਥਲ ਮੱਚਣੀ ਸੀ ਉਸ ਨੂੰ ਖਾਸ ਦਿਸ਼ਾ ’ਚ ਮੋੜਨ ਲਈ (ਅੰਨੀ ਕੌਮਪ੍ਰਸਤੀ ਤੇ ਮੁਸਲਿਮ ਵਿਰੋਧ ਵੱਲ) ਤੇ ਲੋਕ ਸੰਘਰਸ਼ਾਂ ਨੂੰ ਕੁਚਲਣ ਲਈ ਸੰਘ ਪਰਿਵਾਰ ਭਾਰਤ ਦੀ ਦਲਾਲ ਸਰਮਾਏਦਾਰੀ ਲਈ ਬਹੁਤ ਕਾਰਗਰ ਭੂਮਿਕਾ ਨਿਭਾ ਸਕਦਾ ਸੀ। ਇਸ ਤਰ੍ਹਾਂ ਭਾਰਤ ਦੀ ਦਲਾਲ ਸਰਮਾਏਦਾਰੀ ਸੰਘ ਪਰਿਵਾਰ ਦੇ ਹਿੰਦੂ ਫਿਰਕਾਪ੍ਰਸਤ ਫਾਸ਼ੀਵਾਦ ਨੂੰ ਮੰਨਣ ਲਈ ਪੂਰੀ ਤਰ੍ਹਾਂ ਤਿਆਰ ਬੈਠੀ ਸੀ। ਇਹਨਾਂ ਦੇ ਪ੍ਰੇਸ਼ਾਨੀ ਸਿਰਫ ਇਥੋਂ ਪੈਦਾ ਹੋ ਗਈ ਕਿ ਪੂਰਾ ਭਾਰਤੀ ਸਮਾਜ ਹੋਰ ਅੰਤਰ ਵਿਰੋਧਾਂ ਦੇ ਚਲਦਿਆਂ ਤੇਜੀ ਨਾਲ ਇਸ ਪਾਸੇ ਨਾਲ ਵਧ ਸਕਿਆ। ਹਿੰਦੂ ਫਿਰਕਾਪ੍ਰਸਤੀ ਦੇ ਅਧਾਰ ’ਤੇ ਸੰਘ ਪਰਿਵਾਰ ਪਿੱਛੇ ਲਾਮਬੰਦੀ ’ਚ ਖੇਤੀ ਤੇ ਜਾਤੀਗਤ ਵੰਡ ਨੇ ਅੜਿੱਕਾ ਲਾਇਆ। ਸੰਘ ਪਰਿਵਾਰ ਨੇ ਸੰਕਟ ਗ੍ਰਸਿਤ ਮੱਧ ਵਰਗ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਲਈ ਹਿੰਦੂ ਰਾਸ਼ਟਰ (ਜ਼ਿਆਦਾਤਰ ਪਾਕਿਸਤਾਨ ਖਿਲਾਫ ਅੰਨੀ ਕੌਮਪ੍ਰਸਤੀ) ਅਤੇ ਮੁਸਲਮਾਨ ਦੇ ਵਿਰੋਧ ਦਾ ਏਜੰਡਾ ਤਹਿ ਕੀਤਾ ਸੀ। ਇਹ ਨਾਜੀਵਾਦ ਦੀ ਅੰਨੀ ਕੌਮਪ੍ਰਸਤੀ ਤੇ ਯਹੂਦੀ ਵਿਰੋਧ ਦੇ ਸਮਾਨੰਤਰ ਸੀ।

ਪਰ ਭਾਰਤ ਇਕ ਕੌਮ ਤਾਂ ਹੈ ਨਹੀਂ। ਇਹ ਅਲੱਗ ਅਲੱਗ ਪੱਧਰ ਦੇ ਤਕ ਵਿਕਸਤ ਕੌਮੀਅਤਾਂ ਦਾ ਸਮੂਹ ਹੈ। ਇਹ ਵਿਸ਼ੇਸ਼ਤਾ ਆਪਣੇ ਆਪ ’ਚ ਨਾ ਸਿਰਫ ਅਲਗਾਅ ਵਾਦੀ ਅੰਦੋਲਨ ’ਚ ਬਲਕਿ ਰਾਜਾਂ ਵੱਲੋਂ ਕੇਂਦਰ ਤੋਂ ਆਪਣੇ ਲਈ ਵੱਧ ਖੁਦ ਮੁੱਖ ਤਿਆਰੀ ਦੀ ਮੰਗ ਜੋ ਜ਼ਾਹਰ ਕਰਦੀ ਹੈ। ਇਸ ਨੂੰ ਖੇਤਰੀ ਸਰਮਾਏਦਾਰ ਹੱਲਾਸ਼ੇਰੀ ਦਿੰਦੇ ਹਨ। ਅਖਿਲ ਭਾਰਤੀ ਸਰਮਾਏਦਾਰ ਜਮਾਤ ਦਾ ਹਿੱਸਾ ਹੋਣ ਦੇ ਬਾਵਜੂਦ ਇਹ ਸਥਾਨਕ ਕੇਂਦਰੀ ਲੋੜਾਂ ਨੂੰ ਵੀ ਜ਼ਾਹਰ ਕਰਦੇ ਹਨ। ਦੇਸ਼ ਦੀ ਇਹ

ਖੇਤਰੀ ਵੰਡ ਸੰਘ ਪਰਿਵਾਰ ਦੇ 'ਇਕ ਕੌਮ' ਅਤੇ ਉਸ 'ਤੇ ਅਧਾਰਤ ਅੰਨੀ ਕੌਮਪ੍ਰਸਤੀ ਦੇ ਰਾਹ 'ਚ ਅੜਿੱਕਾ ਪੈਦਾ ਕਰਦਾ ਹੈ। ਇਸ ਕਾਰਨ ਦੇਸ਼ ਦੇ ਕੁਝ ਹਿੱਸੇ ਅਜੇ ਵੀ ਸੰਘ ਪਰਿਵਾਰ ਦੀ ਪਹੁੰਚ ਤੋਂ ਦੂਰ ਹਨ। ਜਾਤੀਗਤ ਵੰਡ ਵੀ ਸੰਘ ਪਰਿਵਾਰ ਲਈ ਅਜਿਹਾ ਹੀ ਅੜਿੱਕਾ ਪੈਦਾ ਕਰਦੀ ਹੈ। ਸਾਰੇ ਹਿੰਦੂ-ਮੁਸਲਮਾਨਾਂ ਖਿਲਾਫ ਲਾਮਬੰਦ ਹੋ ਸਕੇ ਇਸ ਲਈ ਜ਼ਰੂਰੀ ਹੈ ਕਿ ਉਹ ਸਿਰਫ ਉਹ ਹਿੰਦੂ ਹੀ ਹੋਣ। ਪਰ ਇਥੇ ਤਾਂ ਸਵਰਨ, ਪਿਛੜੇ ਅਤੇ ਦਲਿਤ ਹਿੰਦੂ ਹਨ। ਇਸ ਤੋਂ ਵੀ ਅੱਗੇ ਵਧ ਕੇ ਫਲਾਂ-ਫਲਾਂ ਜਾਤੀ ਦੇ ਹਿੰਦੂ ਹਨ।

1980 ਦੇ ਦਹਾਕੇ ਤੋਂ ਦਲਿਤ-ਪਿਛੜਿਆ ਉਭਾਰ ਨੇ ਜਾਤੀਗਤ ਲਾਮਬੰਦੀ ਨੂੰ ਹੋਰ ਮੁਖਰ ਬਣਾਇਆ। ਇਸ ਨੇ ਇਕ ਪਾਸੇ ਤਾਂ ਸਵਰਨ ਮਾਨਸਿਕਤਾ ਵਾਲੇ ਸੰਕਟ ਗ੍ਰਸਿਤ ਸਵਰਨ ਮੱਧ ਵਰਗ ਨੂੰ ਸੰਘ ਪਰਿਵਾਰ ਦੀ ਗੋਦ 'ਚ ਧੱਕਿਆ। (ਦਲਿਤ-ਪਿਛੜੇ ਮੱਧ ਵਰਗ ਦੀ ਪ੍ਰਤੀਕਿਰਿਆ ਵਜੋਂ) ਤਾਂ ਦੂਜੇ ਪਾਸੇ ਦਲਿਤ ਤੇ ਪਿਛੜੇ ਮੱਧ ਵਰਗ ਨੂੰ ਸੰਘ ਪਰਿਵਾਰ ਵੱਲ ਆਉਣ ਤੋਂ ਰੋਕਿਆ। ਕੁਝ ਇਕ ਖੁਸ਼ਹਾਲ ਪਿਛੜੀਆਂ ਜਾਤੀਆਂ ਦੇ ਮੱਧਵਰਗੀ ਲੋਕ ਹੀ ਸੰਘ ਪਰਿਵਾਰ ਵੱਲ ਖਿੱਚੇ ਜਾ ਸਕੇ। ਇਸ ਤਰ੍ਹਾਂ ਖੇਤਰੀ ਤੇ ਜਾਤੀਗਤ ਵੰਡ ਨੇ ਸੰਘ ਪਰਿਵਾਰ ਦੀ ਤੇਜ਼ੀ ਨਾਲ ਚੜ੍ਹਾਈ ਪਿੱਛੋਂ ਉਸ ਦੇ ਸਾਹਮਣੇ ਅੜਿੱਕਾ ਪੈਦਾ ਕਰ ਦਿੱਤਾ। ਸੰਘ ਪਰਿਵਾਰ ਦਾ ਪ੍ਰਭਾਵ ਇਕ ਨਿਸ਼ਚਤ ਦਾਇਰੇ 'ਚ ਸਿਮਟਨ ਲੱਗਿਆ, ਇਸ ਨਾਲ ਸਮੁੱਚੀ ਰਾਜ ਮਸ਼ੀਨਰੀ ਦੇ ਵੀ ਫਿਰਕਾਪ੍ਰਸਤ ਫਾਸਵਾਦੀਕਰਣ ਦਾ ਅਮਲ ਮੱਠਾ ਪੈ ਗਿਆ। ਭਾਰਤ ਇਕ ਝਟਕੇ ਨਾਲ ਜਿਸ ਤਰ੍ਹਾਂ ਫਾਸ਼ੀਵਾਦ ਜਾਂ ਨਾਜੀਵਾਦ ਵੱਲ ਨਹੀਂ ਵਧ ਸਕਿਆ। ਜਿਵੇਂ ਕਦੀ ਇਟਲੀ ਤੇ ਜਰਮਨ 'ਚ ਹੋਇਆ ਸੀ।

ਇਥੇ ਇਕ ਚੀਜ਼ ਜ਼ਿਕਰਯੋਗ ਹੈ। ਭਾਰਤ 'ਚ ਛੋਟੀ ਸੰਪਤੀ ਦੇ ਮਾਲਕ ਅਤੇ ਹੋਰ ਮੱਧ ਵਰਗ ਸੰਕਟ ਗ੍ਰਸਿਤ ਹਨ। ਉਹਨਾਂ ਦੀ ਛੋਟੀ ਜਾਇਦਾਦ ਤੇ ਜੀਵਨ ਪੱਧਰ ਖਤਰੇ ਵਿੱਚ ਹੈ। ਮੱਧ ਵਰਗ ਦਾ ਉਪਰਲਾ ਹਿੱਸਾ ਹੀ ਉਦਾਰੀਕ੍ਰਿਤ ਪੂੰਜੀਵਾਦ ਦਾ ਫਾਇਦਾ ਉਠਾ ਸਕਿਆ ਹੈ ਜਦ ਕਿ ਇਸ ਦਾ ਹੇਠਲਾ ਹਿੱਸਾ ਤਬਾਹੀ ਵਲ ਜਾ ਰਿਹਾ ਹੈ। ਪਰ ਭਾਰਤ ਦਾ ਪੂੰਜੀਪਤੀ ਵਰਗ ਨਾ ਤਾਂ ਮਜ਼ਬੂਤ ਮਜ਼ਦੂਰ ਅੰਦੋਲਨ ਦਾ ਸਾਹਮਣਾ ਕਰ ਰਿਹਾ ਹੈ ਤੇ ਨਾ ਹੀ ਪੂੰਜੀਵਾਦੀ ਪ੍ਰਬੰਧ ਦੇ ਸੰਕਟ ਦਾ ਅਜਿਹੇ 'ਚ ਭਾਰਤ ਦਾ ਪੂੰਜੀਪਤੀ ਵਰਗ ਸੰਘ ਪਰਿਵਾਰ ਨੂੰ ਮਨਜ਼ੂਰ ਕਰ ਲੈਣ ਦੇ ਬਾਵਜੂਦ ਹਿੰਦੂ ਫਿਰਕਾਪ੍ਰਸਤ ਫਾਸ਼ੀਵਾਦ ਦੇ ਨਾਲ ਨਾਲ ਕਾਂਗਰਸ ਪਾਰਟੀ ਦਾ ਵੀ ਦਾਮਨ ਫੜੀ ਬੈਠਾ ਹੈ। ਇਹੀ ਨਹੀਂ ਇਸ ਸਮੇਂ ਇਹ ਕਾਂਗਰਸ ਪਾਰਟੀ ਪ੍ਰਤੀ ਵੱਖ ਮੇਹਰਬਾਨ ਦਿਸ ਰਿਹਾ ਹੈ। ਪਰ ਜਿਵੇਂ ਹੀ ਪ੍ਰਬੰਧ ਦਾ ਸੰਕਟ ਡੂੰਘਾ ਹੋਵੇਗਾ ਅਤੇ ਮਜ਼ਦੂਰ ਜਮਾਤ ਉਠਣਾ ਸ਼ੁਰੂ ਹੋਵੇਗੀ ਵੈਸੇ ਹੀ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਰਮਾਏਦਾਰ ਜਮਾਤ ਅਤੇ ਉਸ ਦੀ ਰਾਜ ਮਸ਼ੀਨਰੀ ਤੇਜ਼ੀ ਨਾਲ ਹਿੰਦੂ ਫਾਸ਼ੀਵਾਦ ਵੱਲ ਵਧ ਜਾਵੇ। ਸੰਘ ਪਰਿਵਾਰ ਦੇ ਰੁਕੇ ਹੋਏ ਵਿਕਾਸ ਨੇ ਹੀ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ, ਉਸ ਦੀ ਰਾਜ ਸਭਾ ਤੇ ਖੁਦ ਸੰਘ ਪਰਿਵਾਰ ਲਈ ਅਜੀਬੋ ਗਰੀਬ ਸਥਿਤੀ ਪੈਦਾ ਕਰ ਦਿੱਤੀ ਹੈ ਜਿਹਾ ਕਿ ਪਿਛਲੇ ਸਾਲ ਅੰਬਾਨੀ ਤੇ ਟਾਟਾ ਤੇ ਪੂੰਜੀਪਤੀਆਂ ਨੇ ਐਲਾਨ ਕੀਤਾ, ਉਹ ਨਰੇਂਦਰ ਮੋਦੀ ਨੂੰ ਉਸ ਦਾ ਗੁਜਰਾਤ ਮਾਡਲ ਮੰਨਦੇ ਹਨ। ਗੁਜਰਾਤ ਕਤਲੇਆਮ ਦੇ ਰਚਨਹਾਰ ਨਰੇਂਦਰ ਮੋਦੀ ਇਹਨਾਂ ਲਈ

ਆਦਰਸ਼ ਮੁੱਖ ਮੰਤਰੀ ਹਨ। ਅਜਿਹੇ 'ਚ ਇਹੀ ਨਰੇਂਦਰ ਮੋਦੀ ਤੇ ਉਸ ਦਾ ਮਾਡਲ ਜੇ ਪੂਰੇ ਦੇਸ਼ 'ਚ ਲਾਗੂ ਹੋ ਜਾਂਦਾ ਹੈ ਤਾਂ ਉਹਨਾਂ ਲਈ ਖੁਸ਼ੀ ਦੀ ਗੱਲ ਹੋਵੇਗੀ। ਆਖਰ ਪੱਛਮੀ ਬੰਗਾਲ ਤੋਂ ਭਜਾਏ ਗਏ ਰਤਨ ਟਾਟਾ ਨੂੰ ਗੁਜਰਾਤ 'ਚ ਹੀ ਥਾਂ ਮਿਲੀ ਅੰਬਾਨੀ ਟਾਟਾ ਆਦਿ ਪੂਰੇ ਦੇਸ਼ ਨੂੰ ਗੁਜਰਾਤ ਬਣਾ ਦੇਣਾ ਚਾਹੁੰਦੇ ਹਨ। ਪਰ ਜਦ ਫਿਰਕੂ ਧਰੁਵੀਕਰਨ ਠਹਿਰਾਅ ਹੋਵੇ ਤਾਂ ਸਭ ਨੂੰ ਉਸ ਦੇ ਨਾਲ ਤਾਲਮੇਲ ਬਿਠਾਉਣਾ ਪੈ ਰਿਹਾ ਹੈ। ਦਲਾਲ ਸਰਮਾਏਦਾਰੀ ਇਹ ਵਿਖਾ ਰਹੀ ਹੈ ਕਿ ਇਹ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਨਾਲ ਖੜ੍ਹਾ ਹੈ। ਇਹ ਕਾਂਗਰਸ ਪਾਰਟੀ ਨੂੰ ਤਰਜੀਹ ਦਿੰਦਾ ਹੈ। ਰਾਜ ਮਸ਼ੀਨਰੀ ਉਪਰ ਤੋਂ ਹੇਠਾਂ ਤੱਕ ਨਰਮ ਹਿੰਦੂਤਵ ਨਾਲ ਹੋਣ ਦੇ ਬਾਵਜੂਦ ਹੋਰ ਅੱਗੇ ਵੱਧ ਤੋਂ ਵੱਧ ਹਿਚਕ ਰਹੇ ਹਨ।

ਖੁਦ ਸੰਘ ਪਰਿਵਾਰ ਇਸ ਸਥਿਤੀ ਨਾਲ ਤਾਲਮੇਲ ਬਿਠਾਉਂਦਿਆਂ ਅੱਗੇ ਵਧਣ ਦਾ ਦੂਜਾ ਰਣ ਕੌਸ਼ਲ 'ਰਾਜਗ' ਅਪਣਾਉਂਦਾ ਰਿਹਾ ਹੈ। ਵਾਜਪਾਈ-ਅਡਵਾਨੀ ਆਪਣੇ ਖੂੰਖਾਰ ਚਿਹਰੇ 'ਤੇ ਉਦਾਰਤਾ ਦਾ ਰੰਗ-ਰੋਗਨ ਮਲ ਕੇ ਘੁੰਮਦੇ ਰਹੇ ਹਨ।

ਪਰ ਫਿਰਕੂ ਕਤਾਰਬੰਦੀ ਵਧਣ 'ਤੇ ਇਹ ਸਭ ਇਕ ਝਟਕੇ ਨਾਲ ਬਦਲ ਜਾਵੇਗਾ। ਜਿਉਂ ਹੀ ਹਿੰਦੂ ਫਿਰਕਾਪ੍ਰਸਤ ਸ਼ਕਤੀਆਂ ਅੱਗੇ ਵਧਣਗੀਆਂ। ਰਾਜ ਮਸ਼ੀਨਰੀ ਨਰਮ ਹਿੰਦੂਤਵ ਦੇ ਵਧਦੇ ਹਮਲਾਵਰ ਹਿੰਦੂਤਵ ਨਾਲ ਰੰਗੀ ਜਾਵੇਗੀ। ਸੁਪਰੀਮ ਕੋਰਟ ਹਿੰਦੂਤਵ ਨੂੰ ਜੀਵਨ ਦਾ ਇਕ ਤਰੀਕਾ ਬਦਲੇ ਜੀਵਨ ਦਾ ਇਕੋ ਇਕ ਤਰੀਕਾ ਐਲਾਨ ਦੇਵੇਗਾ। ਮੁਸਲਮਾਨਾਂ ਨੂੰ ਅਲਟੀਮੇਟਮ ਦੇ ਦਿੱਤਾ ਜਾਵੇਗਾ। ਕਿ ਉਹ ਜਾਂ ਤਾਂ ਹਿੰਦੂਤਵ ਅਪਣਾਏ ਜਾਂ ਫਿਰ ਦੇਸ਼ ਜਾਂ ਦੁਨੀਆਂ ਛੱਡੇ। ਪੁਲਿਸ ਤਾਂ ਪਹਿਲਾਂ ਹੀ ਫਿਰਕੂ ਹੋਈ ਪਈ ਹੈ। ਫੌਜ ਨੂੰ ਇਸ ਰੰਗ 'ਚ ਰੰਗਣ ਦੀ ਵਧ ਦੇਰ ਨਹੀਂ ਲੱਗੇਗੀ ਅਤੇ ਪੂੰਜੀਪਤੀ ਜਮਾਤ ਉਹ ਇਸ 'ਚ ਭਰਪੂਰ ਮਦਦ ਕਰੇਗਾ। ਅੰਬਾਨੀ ਟਾਟਾ ਨਰੇਂਦਰ ਮੋਦੀ ਦੀ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਤਾਜਪੋਸ਼ੀ ਕਰ ਰਹੇ ਹੋਣਗੇ। ਪਿਛਲੇ ਸਾਲਾਂ 'ਚ ਅੱਤਵਾਦ ਵਿਰੋਧ ਦੇ ਨਾਂ 'ਤੇ ਇੱਕ ਅੱਛਾ ਖਾਸਾ ਫਾਸ਼ੀਵਾਦ ਮਾਹੌਲ ਤਿਆਰ ਕੀਤਾ ਗਿਆ ਹੈ। ਇਸ 'ਚ ਪਾਕਿਸਤਾਨ ਵਿਰੋਧ, ਮੁਸਲਮਾਨ ਵਿਰੋਧ, ਅਮਰੀਕੀ ਸਾਮਰਾਜ ਨਿਪਟਣਾ ਸਭ ਸ਼ਾਮਲ ਹੈ। ਇਸ 'ਚ ਦੇਸ਼ ਦੀ ਰਾਖੀ ਕੌਮੀ ਗੌਰਵ ਦੀ ਰਾਖੀ ਅੰਨੀ ਕੌਮਪ੍ਰਸਤੀ ਸਭ ਸ਼ਾਮਲ ਹਨ। ਇਸ ਦੀ ਆੜ 'ਚ ਘੱਟ ਹਿੰਦੂ ਫਿਰਕੂ ਲੋਕਾਂ ਨੂੰ ਵੀ ਲਾਮਬੰਦ ਕੀਤਾ ਜਾ ਸਕਦਾ ਹੈ। ਇਹ ਜਾਤੀਗਤ ਵੰਡ ਨੂੰ ਵੀ ਪਿਛੋਕੜ 'ਚ ਪਾ ਸਕਦਾ ਹੈ। ਕੁਲ ਮਿਲਾ ਕੇ ਅੱਜ ਹਾਲਾਤ ਅਜਿਹੇ ਹਨ ਕਿ ਹਮਲਾਵਰ ਸੰਘ ਪਰਿਵਾਰ ਆਪਣੇ ਫਿਰਕੂ ਫਾਸ਼ੀਵਾਦੀ ਏਜੰਡੇ ਨੂੰ ਅੱਗੇ ਵਧਾਉਣ 'ਚ ਤੇਜੀ ਨਾਲ ਸਫਲ ਹੋਵੇ। ਆਉਣ ਵਾਲੇ ਸਮੇਂ 'ਚ ਇਹ ਇਸ ਦੀ ਕੋਸ਼ਿਸ਼ ਵੀ ਕਰੇਗਾ। ਇਹ ਮਜ਼ਦੂਰ ਮੇਹਨਤਕਸ਼ ਜਨਤਾ ਦੇ ਸਾਹਮਣੇ ਬਹੁਤ ਕਠਿਨ ਚੁਣੌਤੀ ਹੈ। ਇਸ ਮਾਮਲੇ 'ਚ ਨਿਸ਼ਚਿੰਤਤਾ ਐਸੀ ਚੀਜ਼ ਹੋਵੇਗੀ ਜਿਸ ਲਈ ਇਤਿਹਾਸ ਸਾਨੂੰ ਕਦੀ ਮੁਆਫ ਨਹੀਂ ਕਰੇਗਾ।

# ਨਵਾਂ ਅੱਤਵਾਦ-ਵਿਰੋਧੀ ਕਾਨੂੰਨ ਦਾ ਅਸਲ ਨਿਸ਼ਾਨਾ ਕੌਣ?

ਪਿੱਛੇ ਜਿਹੇ ਹੀ ਮੁੰਬਈ 'ਚ ਹੋਏ ਅੱਤਵਾਦੀ ਹਮਲਿਆਂ ਨੇ ਹੁਕਮਰਾਨਾ ਦੀ ਨੀਂਦ ਬੁਰੀ ਤਰ੍ਹਾਂ ਉਡਾ ਦਿੱਤੀ। ਐਸਾ ਹੋਣਾ ਸੁਭਾਵਿਕ ਵੀ ਹੈ ਕਿਉਂਕਿ ਇਸ ਤੋਂ ਬਾਅਦ ਅੱਤਵਾਦ ਦਾ ਨਿਸ਼ਾਨਾ ਪੰਜ–ਸਿਤਾਰਾਂ ਹੋਟਲਾਂ 'ਚ ਆਉਣ ਵਾਲੀ ਖਾਂਦੀ ਪੀਂਦੀ ਕਾਰਪੋਰੇਟ ਧਨੀ ਜਮਾਤ ਸੀ। ਇਸ ਲਈ ਇਸ ਵਾਰੀ ਅੱਤਵਾਦ ਨਾਲ ਨਿਪਟਣ ਲਈ ਇਕ ਕਠੋਰ ਕਾਨੂੰਨ ਨੂੰ ਪੇਸ਼ ਕੀਤਾ ਗਿਆ। ਸੰਯੁਕਤ ਪ੍ਰਗਤੀਸ਼ੀਲ ਗਠਬੰਧਨ ਸਰਕਾਰ ਵੱਲੋਂ ਯੂ. ਏ. ਪੀ. ਏ. ਨਾਂ ਦੇ ਇਸ ਕਾਨੂੰਨ ਦੀ ਰੂਪ ਰੇਖਾ ਪੇਸ਼ ਕੀਤੀ ਗਈ। 1967 'ਚ ਬਣੇ ਇਸ ਕਾਨੂੰਨ 'ਚ ਕਈ ਨਵੀਆਂ ਵਿਵਸਥਾਵਾਂ ਜੋੜ ਕੇ ਇਸ ਨੂੰ ਹੋਰ ਵੱਧ ਕਠੋਰ ਬਣਾਇਆ ਗਿਆ। ਨਵੇਂ ਕਾਨੂੰਨ ਨੇ ਭਾਜਪਾ ਨੂੰ ਵੀ ਬੇਰੁਜ਼ਗਾਰ ਕਰਨ ਦਾ ਕੰਮ ਕੀਤਾ ਕਿਉਂਕਿ ਅੱਤਵਾਦ ਦੇ ਨਾਂ 'ਤੇ ਸਭ ਤੋਂ ਵੱਧ ਸ਼ੋਰ–ਸ਼ਰਾਬਾ ਮਚਾਉਣ ਦਾ ਜ਼ਿੰਮਾ ਤਾਂ ਉਸ ਨੇ ਆਪਣੇ ਮੋਢਿਆਂ 'ਤੇ ਉਠਾ ਰੱਖਿਆ ਹੈ। ਇਸ ਦੇ ਨਾਲ ਹੀ ਇਸ ਨਵੇਂ ਕਠੋਰ ਕਨੂੰਨ ਦੀ ਬਣਤਰ ਨੇ ਮੱਧ ਵਰਗ 'ਚ ਫਿਰ ਤੋਂ ਉਮੀਦ ਦਾ ਸੰਚਾਰ ਕਰ ਦਿੱਤਾ ਹੈ। ਇਥੇ ਸੁਆਲ ਇਹ ਉਠਦਾ ਹੈ ਕਿ ਸਿਰਫ ਉਪਰੋਂ ਕੀਤੇ ਜਾਣ ਵਾਲੀ ਕੋਈ ਕੋਸ਼ਿਸ਼ ਜਿਵੇਂ ਕਿ ਕੋਈ ਨਵਾਂ ਕਾਨੂੰਨ ਬਣਾ ਦੇਣ ਨਾਲ ਅੱਤਵਾਦ ਨੂੰ ਖਤਮ ਕੀਤਾ ਜਾ ਸਕਦਾ ਹੈ? ਅੱਤਵਾਦ ਹੈ ਕੀ? ਅਤੇ ਇਸਦੇ ਮੂਲ ਕਾਰਨ ਕੀ ਹਨ? ਕੀ ਇਹਨਾਂ ਕਾਰਨਾਂ ਨੂੰ ਨਿਵਾਰਨ ਕੀਤੇ ਬਗੈਰ ਕਿਸੇ ਕਨੂੰਨ ਫੌਜ ਪੁਲਸ ਆਦਿ ਨਾਲ ਅੱਤਵਾਦ ਨਾਲ ਨਿਪਟਿਆ ਜਾ ਸਕਦਾ ਹੈ?

ਪਰ ਇਹਨਾਂ ਸੁਆਲਾਂ 'ਤੇ ਜਾਣ ਤੋਂ ਪਹਿਲਾਂ ਇਕ ਵਾਰੀ ਇਸ ਗੱਲ 'ਤੇ ਗੌਰ ਕੀਤਾ ਜਾਵੇ ਕਿ ਆਖਰ ਯੂ. ਪੀ. ਏ. ਯਾਨੀ ਗੈਰ ਕਨੂੰਨੀ ਸਰਗਰਮੀਆਂ (ਰੋਕਥਾਮ) ਸੋਧ ਵਿਧਾਇਕ ਕਿੰਨਾ ਮਾਅਨਿਆ 'ਚ ਕਠੋਰ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਸ 'ਚ ਦੱਸਿਆ ਗਿਆ ਕਿ ਅਦਾਲਤ ਇਹ ਮੰਨ ਕੇ ਚੱਲੇਗੀ ਕਿ ਦੋਸ਼ੀ ਨੇ ਅਪਰਾਧ ਕੀਤਾ ਹੈ ਅਤੇ ਦੋਸ਼ੀ ਨੂੰ ਖੁਦ ਨੂੰ ਨਿਰਦੋਸ਼ ਸਾਬਤ ਕਰਨ ਲਈ ਅਦਾਲਤ 'ਚ ਸਬੂਤ ਪੇਸ਼ ਕਰਨੇ ਹੋਣਗੇ। ਯਾਨੀ ਦੋਸ਼ ਲੱਗਦਿਆਂ ਹੀ ਆਪ ਮੁਲਜਿਮ ਨਹੀਂ ਬਲਕਿ ਮੁਜਰਿਮ ਹੋਵੋਗੇ। ਦੋਸ਼ ਲਾਉਣ ਵਾਲੇ ਪੱਖ ਨੂੰ ਚਾਰਜ ਸਾਬਤ ਕਰਨ ਦਾ ਕੰਮ ਨਹੀਂ ਕਰਨਾ ਹੋਵੇਗਾ। ਬਲਕਿ ਦੋਸ਼ੀ ਪੱਖ ਨੂੰ ਤਦ ਤਕ ਅਪਰਾਧੀ ਮੰਨਿਆ ਜਾਵੇਗਾ ਜਦ ਤਕ ਕਿ ਉਹ ਆਪਣੇ ਆਪ ਨੂੰ ਬੇਗੁਨਾਹ ਨਾ ਸਾਬਿਤ ਕਰ ਦੇਵੇ। ਨਾਲ ਹੀ ਜਿਸ ਦੋਸ਼ੀ 'ਤੇ ਅਪਰਾਧ ਦਾ ਦੋਸ਼ ਹੈ ਜੇ ਉਸ ਦਾ ਸਹਿਦੋਸ਼ੀ ਜੁਰਮ ਕਬੂਲ ਕਰ ਲੈਂਦਾ ਹੈ ਤਾਂ ਦੋਸ਼ੀ 'ਤੇ ਵੀ ਜੁਰਮ ਸਾਬਿਤ ਹੋ ਜਾਵੇਗਾ। ਇਸ 'ਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਐਸੀ ਵਿਵਸਥਾ ਦੇ ਚਲਦਿਆਂ ਕਿਸ ਨਿਰਦੋਸ਼ ਵਿਅਕਤੀ ਨੂੰ ਅਪਰਾਧੀ ਸਿੱਧ ਕਰਨਾ ਕਿੰਨਾ ਸੌਖਾ ਹੋ ਜਾਵੇਗਾ। ਇਸ ਤੋਂ ਇਲਾਵਾ ਇਸ ਨਵੇਂ ਕਨੂੰਨ ਦੇ ਤਹਿਤ ਬਿਨਾ ਜਮਾਨਤ ਦੇ 180 ਦਿਨ ਤੱਕ ਦੋਸ਼ੀ ਨੂੰ ਹਿਰਾਸਤ 'ਚ ਰੱਖਿਆ ਜਾ ਸਕੇਗਾ। ਪਹਿਲਾਂ ਇਹ ਮਿਆਦ 28 ਦਿਨਾਂ ਦੀ ਸੀ। ਹੁਣ ਤਾਂ 30 ਦਿਨਾਂ ਤੱਕ ਦੋਸ਼ੀ ਨੂੰ ਪੁਲਸ ਹੀ ਆਪਣੀ ਹਿਰਾਸਤ 'ਚ ਰੱਖ ਸਕਦੀ ਹੈ। ਇਸ ਤੋਂ

ਪਹਿਲਾਂ ਕੇਂਦਰੀ ਦੰਡ ਸੰਹਿਤਾ ਅਨੁਸਾਰ ਪੁਲਸ ਸਿਰਫ 15 ਦਿਨਾਂ ਤਕ ਕਿਸੇ ਦੋਸ਼ੀ ਨੂੰ ਹਿਰਾਸਤ 'ਚ ਰੱਖ ਸਕਦੀ ਸੀ। ਇਹਨਾਂ ਸੋਧਾਂ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਸੱਤਾ ਪ੍ਰਬੰਧ ਦੀ ਮੰਸ਼ਾ ਕੀ ਹੈ। ਜ਼ਾਹਿਰ ਹੈ ਕਿ ਇਹਨਾਂ ਕਾਨੂੰਨਾਂ ਨੂੰ ਸਖਤ ਕਰਨ ਨਾਲ ਅੱਤਵਾਦ 'ਚ ਕੋਈ ਫਰਕ ਨਹੀਂ ਪੈਣ ਵਾਲਾ ਹੈ। ਅਮਰੀਕਾ ਤੇ ਬ੍ਰਿਟੇਨ 'ਚ ਇਸ ਤੋਂ ਵੀ ਵੱਧ ਸਖ਼ਤ ਕਾਨੂੰਨ ਦੇ ਬਣਨ ਦੇ ਬਾਵਜੂਦ ਅੱਤਵਾਦੀ ਹਮਲਿਆਂ 'ਚ ਕੋਈ ਗਿਣਨਯੋਗ ਕਮੀ ਨਹੀਂ ਆਈ ਹੈ। ਉਲਟਾ ਉਥੋਂ ਦੇ ਲੋਕ ਹੁਣ ਪਹਿਲਾਂ ਤੋਂ ਵੀ ਵੱਧ ਦਹਿਸ਼ਤ ਤੇ ਆਤੰਕ 'ਚ ਜਿਉਂ ਰਹੀ ਹੈ। ਅਜਿਹੇ 'ਚ ਇਹ ਸੁਆਲ ਉਨ੍ਹਾਂ ਲਾਜ਼ਮੀ ਹੈ ਕਿ ਆਖਰ ਇਸ ਕਾਨੂੰਨ ਦਾ ਮਕਸਦ ਕੀ ਹੈ? ਇਸ ਵਿੱਚ ਦੋ ਰਾਇ ਨਹੀਂ ਹੋ ਸਕਦੀ ਕਿ ਮੁੰਬਈ ਹਮਲਿਆਂ 'ਚ ਭਾਰਤੀ ਪੂੰਜੀ ਦੇ ਸ਼ਕਤੀ ਪ੍ਰਤੀ ਨਾਂ 'ਤੇ ਹਮਲੇ ਪਿੱਛੋਂ ਸਰਕਾਰ ਲਈ ਐਸੇ ਹਮਲੇ ਰੋਕਣਾ ਇਕ ਕੰਮ ਬਣ ਗਿਆ ਹੈ। ਇਹ ਗੱਲ ਦੀਗਰ ਹੈ ਕਿ ਲੱਖਾਂ ਯਤਨਾ ਦੇ ਬਾਵਜੂਦ ਉਹ ਅਜਿਹਾ ਨਹੀਂ ਕਰ ਸਕਣਗੇ। ਇਹ ਲਈ ਵੀ ਜ਼ਰੂਰੀ ਬਣ ਗਿਆ ਹੈ ਕਿ ਮੁੰਬਈ ਹਮਲਿਆਂ ਨੇ ਦੇਸ਼ ਦੀ ਆਰਥਕ ਜੀਵਨ ਰੇਖਾ ਨੂੰ ਕਾਫ਼ੀ ਤਹਿਸ ਨਹਿਸ ਕਰ ਦਿੱਤਾ ਹੈ। ਮੁੰਬਈ ਹਮਲਿਆਂ ਦਾ ਪ੍ਰਭਾਵ ਤੁਰੰਤ ਸ਼ੇਅਰਾਂ ਦੇ ਰੇਟਾਂ 'ਤੇ ਦਿਸਣ ਲੱਗ ਪਿਆ ਹੈ। ਪਰ ਅੱਤਵਾਦ ਐਸੇ ਕਾਨੂੰਨ ਦਾ ਇਕੋ ਇਕ ਨਿਸ਼ਾਨਾ ਨਹੀਂ ਹੈ। ਇਸ ਕਾਨੂੰਨ ਦੀ ਲਪੇਟ 'ਚ ਇਸ ਲਾਮੀ ਕੱਟੜਪੰਥੀ ਅੱਤਵਾਦੀ ਆਤੰਕਵਾਦੀ ਤਾਕਤਾਂ ਕਿੰਨੀਆਂ ਆਉਣਗੀਆਂ ਇਹ ਤਾਂ ਸਮਾਂ ਦੱਸੇਗਾ। ਪਰ ਪਹਿਲਾਂ ਦੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਲਪੇਟ ਕੌਣ ਆਇਆ। ਇਸ ਦਾ ਇਤਿਹਾਸ ਗਵਾਹ ਹੈ। ਪੋਟਾ ਤੇ ਟਾਡਾ ਵਰਗੇ ਕਾਨੂੰਨਾਂ ਦੇ ਨਿਸ਼ਾਨੇ 'ਤੇ ਸਭ ਤੋਂ ਵੱਧ ਲੋਕ ਪੱਖੀ ਤਾਕਤਾਂ, ਇਨਕਲਾਬੀ ਸੰਗਠਨ ਤੇ ਘੱਟ ਗਿਣਤੀ ਭਾਈਚਾਰੇ ਦੀ ਗਰੀਬ ਜਨਤਾ ਆਈ। ਇਸ ਕਾਨੂੰਨ ਦੇ ਨਾਲ ਵੀ ਅਜਿਹਾ ਹੀ ਹੋਵੇਗਾ, ਇਹ ਵਿਸਵਾਸ਼ ਨਾਲ ਕਿਹਾ ਜਾ ਸਕਦਾ ਹੈ ਅਤੀਤ ਦਾ ਅਨੁਭਵ ਦੱਸਦਾ ਹੈ ਕਿ ਇਹ ਵਿਵਸਥਾ ਸਮਾਜਕ ਬਦਲਾਅ ਦੀ ਇੱਛਾ ਰੱਖਣ ਵਾਲੇ ਲੋਕਾਂ ਦੀਆਂ ਸਰਗਰਮੀਆਂ 'ਤੇ ਅੱਤਵਾਦ ਦਾ ਲੇਬਲ ਚਿਪਕਾ ਕੇ ਉਹਨਾਂ ਦੀ ਰਾਹ 'ਚ ਰੋੜਾ ਪੈਦਾ ਕਰਕੇ ਜਨਤਾ ਨੂੰ ਜਥੇਬੰਦ ਕਰਨ ਦੇ ਕੰਮ ਤੋਂ ਰੋਕਣਾ ਚਾਹੁੰਦੀ ਹੈ। ਤਬਾਹੀ ਤੇ ਬਦਹਾਲੀ 'ਚ ਜਿਉਣ ਵਾਲੀ ਮੇਹਨਤਕਸ਼ ਜਨਤਾ ਅੱਜ ਗ਼ਰੀਬੀ ਬਦਹਾਲੀ ਤੇ ਬੇਰੁਜ਼ਗਾਰੀ ਤੋਂ ਤੰਗ ਆ ਕੇ ਸੜਕਾਂ 'ਤੇ ਉਤਰ ਰਹੀ ਹੈ। ਮਜ਼ਦੂਰ ਵਰਗ 'ਚ ਇਸ ਕਰਕੇ ਹਿੰਸਕ ਸਰਗਰਮੀਆਂ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਕਿਸੇ ਕ੍ਰਾਂਤੀਕਾਰੀ ਲੀਡਰਸ਼ਿਪ ਦੀ ਘਾਟ 'ਚ ਜਨਤਾ ਚੁੱਪਚਾਪ ਨਹੀਂ ਬੈਠੀ ਹੋਈ ਹੈ। ਲੋਕ ਰੋਹ ਦਾ ਲਾਵਾ ਸਮੇਂ ਸਮੇਂ ਸਿਰ ਫੁੱਟ ਕੇ ਸੜਕਾਂ 'ਤੇ ਆ ਰਿਹਾ ਹੈ। ਕਹਿਣ ਦੀ ਜਰੂਰਤ ਨਹੀਂ ਹੈ ਕਿ ਇਹ ਹਾਕਮ ਜਮਾਤਾਂ ਤੇ ਉਹਨਾਂ ਦੀ ਸੱਤਾ ਲਈ ਕਾਫ਼ੀ ਡਰਾਉਣਾ ਹੈ। ਅਜਿਹੀ ਸਥਿਤੀ ਵਿੱਚ ਆਉਣ ਵਾਲੇ ਸਮੇਂ 'ਚ ਕਿਸੇ ਇਨਕਲਾਬੀ ਲੀਡਰਸ਼ਿਪ ਦੇ ਖੜ੍ਹੇ ਹੋਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਇਸ ਡਰਾਉਣੀ ਸੰਭਾਵਨਾ ਨਾਲ ਸੱਤਾ 'ਚ ਬੈਠੇ ਲੋਕਾਂ 'ਚ ਜ਼ਾਹਿਰ ਤੌਰ 'ਤੇ ਆਤੰਕ ਪੈਦਾ ਹੋ ਸਕਦਾ ਹੈ। ਇਥੇ ਅਸੀਂ ਦੋ ਗੱਲਾਂ ਸਪੱਸ਼ਟ ਕਰ ਦੇਣਾ ਚਾਹੁੰਦੇ ਹਨ। ਹਰ ਪ੍ਰਕਾਰ ਦਾ ਅੱਤਵਾਦ ਰਾਜ ਦੇ ਦਮਨ ਤੇ ਲੁੱਟ ਦਾ ਸਿੱਟਾ ਹੈ। ਰਾਜ ਦੇ ਅੱਤਵਾਦ ਦੇ ਪ੍ਰਤੀਰੋਧ ਵਿਰੁੱਧ ਜੇ ਲੋਕਾਂ ਕੋਲ ਕੋਈ ਅਰਥਪੂਰਨ ਪ੍ਰਤੀਰੋਧ ਦਾ ਮੰਚ ਨਹੀਂ ਹੋਵੇਗਾ ਤਾਂ ਉਹ ਹਤਾਸ਼ਾ ਤੇ ਨਿਰਾਸ਼ਾ

ਵਿੱਚ ਆਤੰਕਵਾਦ। ਸਰਗਰਮੀਆਂ ਵੱਲ ਖਿੱਚੇ ਜਾਂਦੇ ਹਨ। ਭਾਰਤ 'ਚ ਰਾਜ ਦੇ ਦਮਨ ਦੇ ਸ਼ਿਕਾਰ ਮੇਹਨਤਕਸ਼ ਸਮੂਹ ਤੇ ਘੱਟ ਗਿਣਤੀ ਲੋਕ ਸਮੂਹਾਂ 'ਚ ਅਸੀਂ ਇਹ ਰੁਝਾਣ ਵੇਖ ਸਕਦੇ ਹਾਂ। ਇਕ ਪਾਸੇ ਤਾਂ ਮੇਹਨਤਕਸ਼ ਜਨ ਸਮੂਹਾਂ ਦੇ ਕੁਝ ਨੌਜਵਾਨ ਬਗਾਵਤੀ ਜਜਬੇ ਕਾਰਨ ਕ੍ਰਾਂਤੀਕਾਰੀ ਅੱਤਵਾਦ ਦੀ ਧਾਰਾ ਵੱਲ ਖਿੱਚੇ ਜਾਂਦੇ ਹਨ, ਉਥੇ ਘੱਟ ਗਿਣਤੀ ਭਾਈਚਾਰੇ ਦੇ ਕੁਝ ਨੌਜਵਾਨ ਧਾਰਮਿਕ ਕੱਟੜ ਪੰਥੀ ਅੱਤਵਾਦ ਵੱਲ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਧਾਰਮਕ ਕੱਟੜਪੰਥੀ ਅੱਤਵਾਦ ਇਕ ਪ੍ਰਤੀਕਿਰਿਆਵਾਂ ਦੀ ਪਿਛਾਖੜੀ ਅੱਤਵਾਦ ਹੈ ਤੇ ਜਨਤਾ ਦੀ ਵਰਗ ਚੇਤਨਾ ਨੂੰ ਖੁੰਡਿਆ ਕਰਦਿਆਂ ਉਹਨਾਂ ਨੂੰ ਪੁਨਰਸਥਾਪਨਵਾਦ ਦੇ ਖੂਹ ਖਾਤੇ ਵੱਲ ਧੱਕਦਾ ਹੈ। ਪਰ ਕ੍ਰਾਂਤੀਕਾਰੀ ਹਿੰਸਕ ਸੰਗਠਨ ਵੀ ਆਪਣੇ ਸਾਰੇ ਅਨੇਕ ਇਰਾਦਿਆਂ ਦੇ ਬਾਵਜੂਦ ਜਨਤਾ ਦੇ ਸੰਘਰਸ਼ਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਕਿਉਂਕਿ ਉਹਨਾਂ ਦੀ ਨੀਅਤ 'ਚ ਹਾਰ ਦੀ ਬਦੀ ਹੁੰਦੀ ਹੈ। ਨਕਸਲਵਾਦੀ ਉਭਾਰ ਦੇ ਦਮਨ ਦੇ ਬਾਅਦ ਦੀ ਮੇਨਹਤਕਸ਼ ਲੋਕਾਂ 'ਚ ਇਕ ਨਿਰਾਸ਼ਾ ਫੈਲੀ ਸੀ ਅੱਜ ਵੀ ਮਾਓਵਾਦੀਆਂ ਦਾ ਹਥਿਆਰਬੰਦ ਸੰਘਰਸ਼ ਅੱਗੇ ਵਧ ਰਿਹਾ ਹੈ। ਇਸ ਲਈ ਇਸ ਕਨੂੰਨ ਦੇ ਨਿਸ਼ਾਨੇ 'ਤੇ ਨਕਸਲੀ ਜਥੇਬੰਦੀਆਂ ਵੀ ਹਨ। ਇਸ ਗੱਲ ਨੂੰ ਸਰਕਾਰ ਨੇ ਵੀ ਸਪੱਸ਼ਟ ਕਰ ਦਿੱਤਾ। ਪ੍ਰਣਬ ਮੁਖਰਜੀ ਨੇ ਸਾਫ ਕਿਹਾ ਹੈ ਕਿ ਕਾਨੂੰਨ 'ਚ ਕੀਤੀਆਂ ਸੋਧਾਂ ਦੇ ਦੋ ਟੀਚੇ ਹਨ। ਇਕ ਵਿਦੇਸ਼ੀ ਭੂਮੀ ਤੋਂ ਚੱਲਣ ਵਾਲੇ ਇਸਲਾਮੀ ਕੱਟੜਪੰਥੀ ਅੱਤਵਾਦ ਦਾ ਖਾਤਮਾ ਅਤੇ ਦੇਸ਼ ਦੀ ਭੂਮੀ ਤੋਂ ਚਲਣ ਵਾਲੇ ਨਕਸਲੀ ਅੱਤਵਾਦ ਦਾ ਖਾਤਮਾ। ਪਰ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਨਕਸਲਬਾੜੀ ਸੰਗਠਨਾਂ ਦੀ ਰੋਕਥਾਮ ਦੇ ਬਹਾਨੇ ਸਾਰੀਆਂ ਲੋਕ ਪੱਖੀ ਤੇ ਕ੍ਰਾਂਤੀਕਾਰੀ ਜਥੇਬੰਦੀਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ ਜੋ ਲੋਕਾਂ ਨੂੰ ਲਾਮਬੰਦ ਤੇ ਜਥੇਬੰਦ ਕਰਕੇ ਵਿਵਸਥਾ ਤੇ ਸਮਾਜ 'ਚ ਪ੍ਰੀਵਰਤਨ ਦੀ ਸੋਚਦੇ ਹਨ (ਕਰਦੇ ਨਕਸਲਵਾਦੀ ਸੰਗਠਨ ਵੀ ਇਹੀ ਹਨ) ਪਹਿਲਾਂ ਦੇ ਕਨੂੰਨਾ ਸਬੰਧੀ ਇਹ ਗੱਲ ਸਾਬਤ ਹੋਈ ਹੈ ਕਿ ਜਦ ਘੱਟ ਗਿਣਤੀ ਭਾਈਚਾਰੇ ਖੱਬੇਪੱਖੀ ਲਹਿਰਾਂ ਕੌਮੀਅਤ ਦੇ ਸੰਘਰਸ਼ ਆਦਿ ਦੇ ਨਾਲ ਸਾਰੀਆਂ ਇਨਕਲਾਬੀ ਜਥੇਬੰਦੀਆਂ ਨੂੰ ਵੀ ਦੱਬ ਕੇ ਨਿਸ਼ਾਨਾ ਬਣਾਇਆ ਗਿਆ। ਇਹੀ ਇਸ ਕਾਨੂੰਨ ਦਾ ਟੀਚਾ ਹੈ ਯਾਨੀ ਇਕ ਤੀਰ ਨਾਲ ਦੋ ਸ਼ਿਕਾਰ। ਅੱਤਵਾਦ ਦੇ ਨਾਂ 'ਤੇ ਵਿਵਸਥਾ ਦਾ ਵਿਰੋਧ ਕਰਨ ਵਾਲੀ ਤੇ ਕ੍ਰਾਂਤੀਕਾਰੀ ਸੰਭਾਵਨਾ ਨਾਲ ਭਰਪੂਰ ਹਰ ਤਾਕਤ ਦਾ ਸਫਾਇਆ। ਇਹੀ ਅਸਲੀ ਨਿਸ਼ਾਨਾ ਹੈ। ਇਹ ਗੱਲ ਸਮਝ ਲੈਣ ਦੀ ਲੋੜ ਹੈ ਕਿ ਜਦ ਤਕ ਕਿਸੇ ਵੀ ਕਿਸਮ ਦੇ ਅੱਤਵਾਦ ਦੇ ਮੂਲ ਕਾਰਨਾਂ ਦਾ ਨਿਵਾਰਨ ਨਹੀਂ ਕੀਤਾ ਜਾਂਦਾ ਤਦ ਤੱਕ ਕਿਸੇ ਵੀ ਤਰ੍ਹਾਂ ਦੇ ਸਖਤ ਕਾਨੂੰਨ ਕਿਸੇ ਵਿਸੇਸ਼ ਹਥਿਆਰਬੰਦ ਫੋਰਸ, ਫੌਜ ਜਾਂ ਪੁਲਸ ਜਾਂ ਕਿਸੇ ਵੀ ਜਾਬਰ ਕਾਰਵਾਈ ਨਾਲ ਜਾਂ ਉਪਰੋਂ ਕੀਤੀ ਕਿਸੇ ਵੀ ਕਾਰਵਾਈ ਨਾਲ ਇਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਅਜਿਹੇ ਜਬਰ ਨਾਲ ਲੋਕ ਰੋਹ ਵਧੇਗਾ। ਲੋਕ ਬਦਲਾਅ ਚਾਹੁੰਦੇ ਹਨ ਨਾ ਕਿ ਜਬਰ।

# ਭਾਜਪਾ ਦਾ ਅੰਦਰੂਨੀ ਕਲੇਸ਼ ਬਨਾਮ ਆਰ. ਐਸ. ਐਸ

ਕਿਸੇ ਕੰਪਨੀ ਦੇ ਵਿਕਾਸ ਲਈ ਇਹ ਜਰੂਰੀ ਹੈ ਕਿ ਉਸ ਦੇ ਉਚ ਪ੍ਰਬੰਧਕ ਉਸ ਦੇ ਆਦਰਸ਼ਾਂ ਪ੍ਰਤੀ ਸਮਰਪਿਤ ਰਹਿਣ। ਜਸਵੰਤ ਸਿੰਘ ਨੇ ਦਿੱਲੀ ਤੋਂ ਸ਼ਿਮਲਾ ਤਕ ਦਾ 350 ਕਿ. ਮੀ ਦਾ ਸਫਰ ਰੇਲ ਤੇ ਬੱਸ ਰਾਹੀਂ ਤਹਿ ਕੀਤੀ ਅਤੇ ਪਾਇਆ ਕਿ ਭਾਜਪਾ ਦੇ ਉੱਚ ਪ੍ਰਬੰਧ ਦੇ ਮੈਂਬਰ ਵਜੋਂ ਉਹਨਾਂ ਦੀ ਭਰੋਸੇਯੋਗਤਾ ਸ਼ੱਕੀ ਪਾਈ ਗਈ ਹੈ। ਸਾਬਕਾ ਵਿਦੇਸ਼ ਮੰਤਰੀ 19 ਅਗਸਤ ਦੀ ਸੁਬਾਹ ਤਿਆਰ ਹੋ ਰਹੇ ਸਨ ਕਿ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੇ ਉਹਨਾਂ ਨੂੰ ਫੋਨ ਕਰਕੇ ਕਿਹਾ ਕਿ ਸੁਬਾਹ 11 ਵਜੇ ਸ਼ੁਰੂ ਹੋਣ ਵਾਲੀ ਚਿੰਤਨ ਬੈਠਕ ਦੇ ਆਰੰਭਕ ਸੈਸ਼ਨ ’ਚ ਉਹ ਨਾ ਆਉਣ ਦੋ ਘੰਟੇ ਬਾਅਦ ਰਾਜਨਾਥ ਦਾ ਫਿਰ ਫੋਨ ਆਇਆ। ਇਸ ਵਾਰੀ ਖਬਰ ਹੋਰ ਬੁਰੀ ਸੀ। 1980 ’ਚ ਬਣੀ ਭਾਜਪਾ ਦੇ ਸੰਸਥਾਪਕ ਮੈਂਬਰਾਂ ’ਚੋਂ ਇਕ ਅਤੇ ਇਸ ਦੇ ਚੋਟੀ ਦੇ ਨੇਤਾ ਜਸਵੰਤ ਸਿੰਘ ਨੂੰ ਦੱਸਿਆ ਗਿਆ ਕਿ ਪਾਰਟੀ ਦੇ ਸੰਸਦੀ ਬੋਰਡ ਨੇ ਸੁਬਾਹ ਹੋਈ ਬੈਠਕ ’ਚ ਉਹਨਾਂ ਨੂੰ ਪਾਰਟੀ ਤੋਂ ਕੱਢ ਦਿੱਤਾ ਹੈ ਅਤੇ ਉਹਨਾਂ ਦੀ ਮੁੱਢਲੀ ਮੈਂਬਰਸ਼ਿਪ ਖਤਮ ਕਰ ਦਿੱਤੀ ਗਈ ਹੈ। ਖ਼ਬਰ ਮਿਲਣ ਤੋਂ ਥੋੜ੍ਹੀ ਦੇਰ ਬਾਅਦ ਹੀ ਜਸਵੰਤ ਨੇ ਪੱਤਰਕਾਰਾਂ ਨੂੰ ਦੱਸਿਆ ‘ਪਾਰਟੀ ’ਚੋਂ ਕੱਢਣ ਦੀ ਸੂਚਨਾ ਜਿਸ ਤਰ੍ਹਾਂ ਦਿੱਤੀ ਗਈ ਹੈ। ਮੈਨੂੰ ਉਸ ਦਾ ਅਫਸੋਸ ਹੈ। 17 ਅਗਸਤ ਨੂੰ ਨਹਿਰੂ ਸਮਾਰਕ ਸਮਾਗਮ ’ਚ ਉਹਨਾਂ ਦੀ ਨਵੀਂ ਕਿਤਾਬ ‘ਜਿਨਗ ਭਾਰਤ ਵੰਡ ਦੇ ਆਇਨੇ ਮੇ’ ਦੀ ਘੁੰਡ ਚੁਕਾਈ ਸਮੇਂ ਉਹ ਜਾਣ ਜਾਂਦੇ ਤਾਂ ਹੁਣ ਬਹੁਤਾ ਦੁੱਖ ਨਾ ਹੁੰਦਾ। ਉਸ ਸਮਾਗਮ ’ਚ ਇਕ ਵੀ ਭਾਜਪਾ ਨੇਤਾ ਮੌਜੂਦ ਨਹੀਂ ਸੀ। ਉਹਨਾਂ ਦੇ ਸਾਬਕਾ ਕੈਬਨਿਟ ਸਹਿਯੋਗ ਅਰੁਣ ਸ਼ੋਰੀ ਨੂੰ ਘੁੰਡ ਚੁਕਾਈ ਦੌਰਾਨ ਚਰਚਾ ’ਚ ਸ਼ਾਮਲ ਹੋਣਾ ਪਿਆ ਸੀ। ਪਰ ਆਖਰੀ ਸਮੇਂ ’ਤੇ ਉਹ ਵੀ ਪਿੱਛੇ ਹਟ ਗਏ ਅਤੇ ਬਹਾਨਾ ਬਣਾਇਆ ਕਿ ਉਹਨਾਂ ਦੇ ਰੁਝੇਵਿਆਂ ਨੇ ਉਹਨਾਂ ਨੂੰ ਪੂਰੀ ਤਰ੍ਹਾਂ ਪੁਸਤਕ ਪੜ੍ਹਨ ਤੇ ਉਸ ’ਤੇ ਚਰਚਾ ਕਰਨ ਦਾ ਮੌਕਾ ਨਹੀਂ ਦਿੱਤਾ। ਜੇ ਜਸਵੰਤ ਨੂੰ ਹੌਲੀ-ਹੌਲੀ ਵੱਖ ਕੀਤਾ ਜਾ ਰਿਹਾ ਸੀ ਤਾਂ ਦੋ ਦਿਨ ਪਿੱਛੋਂ ਪਾਰਟੀ ’ਚੋਂ ਕੱਢਣ ਦਾ ਕੰਮ ਹਫੜਾ ਤਫੜੀ ’ਚ ਹੋ ਗਿਆ। ਭਾਜਪਾ ਲਈ ਇਸ ਤੋਂ ਬੁਰਾ ਸਮਾਂ ਨਹੀਂ ਹੋ ਸਕਦਾ। ਪਹਿਲਾਂ ਵੀ ਮਦਨ ਲਾਲ ਖੁਰਾਨਾ ਤੇ ਉਮਾ ਭਾਰਤੀ ਵਰਗੇ ਨੇਤਾਵਾਂ ਨੂੰ ਜਾਂ ਪਾਰਟੀ ’ਚੋਂ ਕੱਢਿਆ ਗਿਆ ਜਾਂ ਉਹ ਖੁਦ ਹੀ ਪਾਰਟੀ ਛੱਡ ਗਏ। ਪਰ ਆਪਣੇ 29 ਸਾਲਾਂ ਦੇ ਇਤਿਹਾਸ ’ਚ ਭਾਜਪਾ ਨੇ ਜਸਵੰਤ ਵਰਗੇ ਚੋਟੀ ਦੇ ਨੇਤਾ ਨੂੰ ਪਹਿਲੀ ਵਾਰੀ ਕੱਢਿਆ ਗਿਆ ਹੈ ਪਰ ਬੁਰੇ ਹਾਲਾਤ ’ਚ ਸਹਿਜਤਾ ਦੀ ਉਮੀਦ ਨਹੀਂ ਹੁੰਦੀ। ਚੋਣ ਨਤੀਜਿਆਂ ਦੇ ਨਜਰੀਏ ਤੋਂ ਪਾਰਟੀ ਅੱਜ ਸਭ ਤੋਂ ਹੇਠਲੇ ਪੱਧਰ ’ਤੇ ਹੈ। ਲੋਕ ਸਭਾ ਚੋਣਾਂ ’ਚ ਇਸ ਨੂੰ ਕਰਾਰੀ ਹਾਰ ਮਿਲੀ ਹੈ ਅਤੇ ਇਸ ਦੀ ਸੀਟਾਂ ਦੀ ਗਿਣਤੀ ਲਗਭਗ ਫਿਰ ਉਥੇ ਪਹੁੰਚ ਗਈ ਹੈ ਜਿਥੇ ਦੋ ਦਹਾਕਿਆਂ ਤੋਂ ਥੋੜ੍ਹਾ ਪਹਿਲਾਂ ਹੋਇਆ ਕਰਦੀ ਸੀ। ਕਦੇ ਹਲਕੀ ਆਵਾਜ਼ ਸੁਣਾਈ ਦੇਣ ਵਾਲੇ ਅਸੰਤੋਸ਼ ਨੇ ਪਾਰਟੀ ਨੂੰ ਪੂਰੀ ਤਰ੍ਹਾਂ ਗ੍ਰਿਫ਼ਤ ਵਿੱਚ ਲੈ ਲਿਆ ਹੈ ਅਤੇ ਸਿਰ ਤੋਂ ਲੈ ਕੇ ਪੈਰਾਂ ਤੱਕ ਇਕ ਦੂਜੇ ਦੀਆਂ ਟੰਗਾਂ ਖਿੱਚਣ ’ਚ ਮਾਹਿਰ ਨੇਤਾ ਆਪਣੀ ਕਲਾ ਦੇ ਜੰਮ ਕੇ ਇਜਹਾਰ ਕਰ ਰਹੇ ਹਨ। ਇਸ ਦੇ ਉਲਟ ਕਾਂਗਰਸ ਦੀ

ਅਗਵਾਈ ਵਾਲਾ ਯੂ. ਪੀ. ਏ. ਇਕਜੁਟ ਹੋ ਕੇ ਕਦਮ ਵਧਾ ਰਿਹਾ ਹੈ। ਇਕ ਜੁੱਟ ਹੋਣ ਅਤੇ ਸਾਂਝੇ ਵਿਰੋਧੀ ਨਾਲ ਟੱਕਰ ਲੈਣ ਦੀ ਰਣਨੀਤੀ ਘੜਨ ਦੀ ਥਾਂ ਭਾਜਪਾ ਨੇਤਾ ਇਕ ਦੂਜੇ ਦੀ ਖਿਚਾਈ ਕਰਨ ਅਤੇ ਪਾਰਟੀ ਨੂੰ ਡੇਗਣ 'ਚ ਵੱਧ ਦਿਲਚਸਪੀ ਲੈ ਰਹੇ ਹਨ ਇਹ ਆਰ. ਐਸ. ਐਸ. ਦੀ ਦਖਲਅੰਦਾਜ਼ੀ ਲਈ ਸਹੀ ਸਮਾਂ ਸੀ ਅਤੇ ਜਸਵੰਤ ਦੇ ਰੂਪ 'ਚ ਇਕ ਸਹਿਜ ਸ਼ਿਕਾਰ ਮਿਲ ਗਿਆ। ਪਾਰਟੀ ਦੇ ਚੋਟੀ ਦੇ ਨੇਤਾਵਾਂ 'ਚੋਂ ਇਕ ਹੋਣ ਦੇ ਬਾਵਜੂਦ ਜਸਵੰਤ ਕਦੀ ਆਰ. ਐਸ. ਐਸ. ਦੇ ਮੈਂਬਰ ਨਹੀਂ ਰਹੇ। ਪਾਰਟੀ ਦੇ ਇਕ ਸੂਤਰ ਮੁਤਾਬਕ "ਜਸਵੰਤ ਸਿੰਘ ਭਾਜਪਾਈ ਮੰਤਰੀ ਸਨ ਅਤੇ ਪਾਰਟੀ ਅਹੁਦੇਦਾਰ ਵੀ ਪਰ ਉਹ ਕਦੀ ਭਾਜਪਾ ਨੇਤਾ ਨਹੀਂ ਰਹੇ। ਉਹਨਾਂ ਵਿਚ ਨੇਤਾ ਦਾ ਇਕ ਆਭਾਂਡਲ ਜ਼ਰੂਰੀ ਸੀ ਪਰ ਜਨਤਾ ਨੂੰ ਮਨਜੂਰ ਨਹੀਂ ਸੀ" ਭਾਜਪਾ ਦੇ ਮੂਲ ਅਧਾਰ ਨਾਲ ਕਦੀ ਖੁਦ ਨੂੰ ਨਾ ਜੋੜ ਸਕਣ ਦੀ ਵਜਾਹ ਕਰਕੇ ਪਾਰਟੀ ਵਰਕਰਾਂ ਦੇ ਨਾਲ ਜਸਵੰਤ ਦਾ ਜੋੜਮੇਲ ਨਹੀਂ ਸੀ। ਜਿਸ ਤੇਜੀ ਨਾਲ ਜਸਵੰਤ ਨੂੰ ਕੱਢਿਆ ਗਿਆ। ਉਹ ਪਾਰਟੀ ਮਾਮਲਿਆਂ 'ਚ ਉਸ ਦੇ ਪਿਤਰੀ ਸੰਗਠਨ ਦੀ ਦਬਾਅ ਵਾਲਾ ਭੂਮਿਕਾ ਦਾ ਸਪੱਸ਼ਟ ਸੰਕੇਤ ਸੀ। ਚਿੰਤਨ ਬੈਠਕ ਦੀ ਪਹਿਲੀ ਸ਼ਾਮ ਤੇ ਆਰ. ਐਸ. ਐਸ. ਦੇ ਸੰਚਾਲਕ ਮੋਹਨ ਭਾਗਵਤ ਨੇ ਪਾਰਟੀ ਲੀਡਰਸ਼ਿਪ ਨੂੰ ਇਕ ਸੁਨੇਹਾ ਭੇਜਿਆ ਕਿ ਭਾਜਪਾ 'ਚ ਸਾਇੰਸ ਸੇਵਕਾਂ ਨੂੰ ਉਹਨਾਂ ਦੀ ਸਲਾਹ ਹੈ ਕਿ ਆਪਣੀ ਵਿਚਾਰਧਾਰਾ ਬਾਰੇ ਉਹ "ਮੁਖਰ ਤੇ ਸਮਰਪਿਤ ਰਹਿਣ" ਲੋਕ ਸਭਾ ਚੋਣਾਂ 'ਚ ਹਾਰ ਦੇ ਕਾਰਨਾਂ ਦੀ ਜਾਂਚ ਲਈ ਬਾਲ ਆਪਟੇ ਦੀ ਪ੍ਰਧਾਨਗੀ ਹੇਠ ਗਠਿਤ ਸੰਮਤੀ ਨੇ ਸ਼ਿਮਲਾ ਸੈਸ਼ਨ 'ਚ ਚਰਚਾ ਲਈ ਮੁੱਦਿਆਂ ਦੀ ਪਹਿਚਾਣ ਕਰ ਲਈ ਸੀ ਅਤੇ ਪਾਰਟੀ ਵਿਚਾਰਧਾਰਾ ਤੋਂ ਭੜਕਾਅ ਨੂੰ ਇਕ ਤੋਂ ਬਾਅਦ ਦੂਜੀ ਚੋਣ ਹਾਰ ਦਾ ਕਾਰਨ ਦੱਸਿਆ ਸੀ। ਜਸਵੰਤ ਨੇ ਜਿਨਹਾ ਦੀ ਜੋ ਪ੍ਰਸੰਸ਼ਾ ਕੀਤੀ ਸੀ, ਉਹ ਅਗਰ ਪਾਰਟੀ ਨੂੰ ਨਾਰਾਜ ਕਰਨ ਲਈ ਕਾਫੀ ਨਹੀਂ ਸੀ ਤਾਂ ਭਾਜਪਾ ਦੇ ਆਦਰਸ਼ ਮੰਨੇ ਗਏ ਸਰਦਾਰ ਪਟੇਲ ਦੀ ਅਲੋਚਨਾ ਉਹਨਾਂ ਦੇ ਕੱਢੇ ਜਾਣ ਦਾ ਫੈਸਲਾਕੁੰਨ ਕਾਰਨ ਬਣ ਗਈ। ਜਸਵੰਤ ਦੀ ਪੁਸਤਕ ਦੀ ਘੁੰਡ ਚੁਕਾਈ ਦੇ ਇਕ ਦਿਨ ਪਿੱਛੋਂ ਰਾਜਨਾਥ ਸਿੰਘ ਨੇ ਇਕ ਤਿੱਖਾ ਪ੍ਰੈਸ ਬਿਆਨ ਭੇਜਿਆ ਜਿਸ 'ਚ ਜਿਨਾਹ 'ਤੇ ਹਮਲਾ ਕੀਤਾ ਗਿਆ ਸੀ ਅਤੇ ਪਟੇਲ ਦੀ ਤਾਰੀਫ ਕੀਤੀ ਗਈ ਸੀ। "ਭਾਰਤ ਦੇ ਏਕੀਕਰਨ ਤੇ ਉਸ ਨੂੰ ਮਜ਼ਬੂਤ ਬਣਾਉਣ 'ਚ ਸਰਕਾਰ ਪਟੇਲ ਨੇ ਇਤਿਹਾਸਕ ਭੂਮਿਕਾ ਨਿਭਾਈ ਪੂਰਾ ਦੇਸ਼ ਉਹਨਾਂ ਦਾ ਰਿਣੀ ਹੈ ਅਤੇ ਉਹਨਾਂ 'ਤੇ ਮਾਣ ਕਰਦਾ ਹੈ।" ਪਟੇਲ ਨੂੰ ਵੰਡ ਦਾ ਦੋਸ਼ੀ ਠਹਿਰਾਉਣ ਦਾ ਬੁਰਾ ਅਸਰ ਉਹਨਾਂ ਦੇ ਘਰੇਲੂ ਸੂਬੇ ਗੁਜਰਾਤ 'ਚ ਹੁੰਦਾ ਹੈ। ਜਿਥੇ ਭਾਜਪਾ ਅਤੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਭਾਜਪਾ ਨੂੰ ਰਾਜਸੀ ਤੌਰ 'ਤੇ ਮਜ਼ਬੂਤ ਕਰਨ ਲਈ ਗੁਜਰਾਤੀ ਗੌਰਵ ਦੇ ਨਾਹਰੇ ਨੂੰ ਖੂਬ ਵਰਤਿਆ ਹੈ। ਇਸ ਵਿੱਚ ਪਟੇਲ ਦੇ ਪ੍ਰਤੀ ਕਾਂਗਰਸ ਤੇ ਨਹਿਰੂ ਖਾਨਦਾਨ ਵਲੋਂ ਕਥਿਤ ਅਨਿਆ ਵੀ ਜੁੜਿਆ ਹੋਇਆ ਹੈ। ਭਾਜਪਾ 'ਚ ਜਸਵੰਤ ਸਿੰਘ ਦੇ ਬਣੇ ਰਹਿਣ ਨਾਲ ਸਥਾਨਕ ਕਾਂਗਰਸੀ ਨੇਤਾਵਾਂ ਨੂੰ ਇਕ ਕਾਰਗਰ ਹਥਿਆਰ ਹੱਥ ਲੱਗ ਜਾਂਦਾ। ਜਸਵੰਤ ਦੇ ਜਿਨਾਹ ਨੇ ਸ਼ਿਵ ਸੈਨਾ ਸੁਪਰੀਮੋ ਬਾਲ ਠਾਕਰੇ ਨੂੰ ਵੀ ਉਕਸਾਇਆ। ਮਹਾਰਾਸ਼ਟਰ ਦਾ ਇਹ ਫਿਰਕੂ ਸ਼ੇਰ ਉਹਨਾਂ ਧਾਰਨਾਵਾਂ ਦੇ ਸਰੋਤ ਨੂੰ ਜਾਨਣਾ ਚਾਹੁੰਦਾ ਸੀ। ਜਿਹਨਾਂ ਨੇ ਜਿਨਹਾ ਨੂੰ ਧਰਮ ਨਿਰਪੱਖ ਤੇ ਨਾਇਕ ਦੱਸਣ ਲਈ ਅਡਵਾਨੀ ਅਤੇ ਜਸਵੰਤ ਨੂੰ ਪ੍ਰੇਰਿਤ ਕੀਤਾ ਅਜਿਹੇ ਰਾਜ 'ਚ

ਜਿਥੇ ਭਾਜਪਾ ਸ਼ਿਵ ਸੈਨਾ ਗੱਠਜੋੜ ਦੇ ਸਾਹਮਣੇ ਕਾਂਗਰਸ ਰਾਕਾਂਪਾ ਨੂੰ ਸੱਤਾ ਤੋਂ ਉਖੇੜਨ ਦਾ ਕਾਰਜ ਹੈ। ਉਥੇ ਵੋਟਰਾਂ ਤੋਂ ਉਮੀਦ ਤਾਂ ਨਹੀਂ ਕੀਤੀ ਜਾ ਸਕਦੀ ਕਿ ਉਹ ਚੋਟੀ ਨੇਤਾਵਾਂ ਦੇ ਸਿਧਾਂਤਿਕ ਨਜ਼ਰੀਏ ਤੋਂ ਗੜਬੜ ਬਿਆਨਾ ਨੂੰ ਮੁਆਫ ਕਰ ਦੇਣਗੇ ਭਾਜਪਾ ਤੋਂ ਜਸਵੰਤ ਦੇ ਨਿਕਾਸ ਦੇ ਕੁਝ ਘੰਟੇ ਅੰਦਰ ਹੀ ਗੁਜਰਾਤ ਸਰਕਾਰ ਨੇ ਉਹਨਾਂ ਦੀ ਪੁਸਤਕ 'ਤੇ ਪਾਬੰਦੀ ਲਾ ਦਿੱਤੀ। ਇਹ ਇਸ ਗੱਲ ਦਾ ਸਬੂਤ ਹੈ ਕਿ ਸਿਵਸੈਨਾ ਮੁਖੀ ਦੇ ਨਾਲ ਨਾਲ ਮੋਦੀ ਨੇ ਵੀ ਉਹਨਾਂ ਦੇ ਨਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਲੋਕ ਸਭਾ ਚੋਣਾਂ ਪਿੱਛੋਂ ਛੋਟੇ-ਮੋਟੇ ਵਿਦਰੋਹਾਂ ਤੋਂ ਲੈ ਕੇ ਪੂਰੀ ਬਗ਼ਾਵਤ ਤੱਕ ਝੱਲਨ ਵਾਲੀ ਭਾਜਪਾ ਦੀ ਚਿੰਤਕ ਬੈਠਕ ਤੁਹਾਡੀ ਹੋਣ ਦੀ ਉਮੀਦ ਤਾਂ ਸੀ ਹੀ ਚੋਣਾਂ ਤੋਂ ਇਕ ਮਹੀਨੇ ਪਿੱਛੋਂ ਜੂਨ ਵਿੱਚ ਜਸਵੰਤ ਨੇ ਪਾਰਟੀ ਲੀਡਰਸ਼ਿਪ ਨੂੰ ਇਕ ਪੱਤਰ ਲਿਖਿਆ ਸੀ। ਜਿਸ 'ਚ ਸੰਕੇਤ ਦਿੱਤਾ ਗਿਆ ਸੀ ਕਿ "ਪਾਰਟੀ ਮੈਂਬਰਾਂ ਨੂੰ ਉਹਨਾਂ ਦੇ ਕੰਮਕਾਜ ਦੇ ਅਨੁਕੂਲ ਪੁਰਸਕਾਰ ਨਹੀਂ ਮਿਲਦੇ।" ਇਹ ਤਦ ਕਿਹਾ ਗਿਆ ਜਦ ਪਾਰਟੀ ਦੀ ਚੋਣ ਮੁਹਿਮ ਚਲਾਉਣ ਵਾਲੇ ਕਈ ਕੇਂਦਰੀ ਨੇਤਾਵਾਂ ਨੂੰ ਚੁਣਾਵੀ ਹਾਰ ਦੀ ਜ਼ਿੰਮੇਵਾਰੀ ਤੋਂ ਬਰੀ ਕਰਕੇ ਉਹਨਾਂ ਨੂੰ ਆਪਣੇ ਅਹੁਦਿਆਂ 'ਤੇ ਬਣੇ ਰਹਿਣ ਦਿੱਤਾ ਗਿਆ, ਉਹਨਾਂ ਦੀ ਅਸਲੀ ਖੋਜ ਪਾਰਟੀ ਦੀ ਹਾਰ ਲਈ ਸਜਾ ਦੇਣ ਦੀ ਥਾਂ ਰਾਜਸਭਾ 'ਚ ਵਿਰੋਧੀ ਦਲ ਦਾ ਨੇਤਾ ਬਣਾ ਦਿੱਤਾ ਗਿਆ। ਹੇਠਲੇ ਸਦਨ 'ਚ ਆਉਣ ਤੋਂ ਪਹਿਲਾਂ ਇਹ ਅਹੁਦਾ ਜਸਵੰਤ ਕੋਲ ਸੀ। ਅਜਿਹੀਆਂ ਕੌੜੀਆਂ ਸਚਾਈਆਂ ਦਾ ਸਾਹਮਣਾ ਚਿੰਤਨ ਬੈਠਕ 'ਚ ਵੀ ਨਹੀਂ ਕੀਤਾ ਗਿਆ ਜਿਸ 'ਚ ਅਜਿਹੇ ਲੋਕਾਂ ਦੀ ਭਰਮਾਰ ਸੀ ਜੋ ਲਗਾਤਾਰ ਦੋ ਵਾਰੀ ਲੋਕ ਸਭਾ ਚੋਣਾਂ 'ਚ ਪਾਰਟੀ ਨੇ ਹਾਰ ਲਈ ਜ਼ਿੰਮੇਵਾਰ ਸਨ। ਲੀਡਰਸ਼ਿਪ ਏਨੀ ਚਤੁਰ ਸੁਜਾਨ ਨਿਕਲੀ ਕਿ ਉਸ ਨੇ ਚਿੰਤਨ ਬੈਠਕ ਲਈ ਨਾਯਾਬ ਫਾਰਮੂਲਾ ਕੱਢ ਲਿਆ ਜਿਸ ਦੇ ਤਹਿਤ ਰਾਜੀਵ ਗਾਂਧੀ ਦੇ ਸਾਬਕਾ ਵਫ਼ਾਦਾਰ ਅਤੇ ਕਾਂਗਰਸ ਤੋਂ ਦਰਾਮਦ ਕੀਤੇ ਗਏ ਐਸ. ਐਸ. ਆਹਲੂਵਾਲੀਆ ਨੂੰ ਜੋ ਰਾਜ ਸਭਾ 'ਚ ਪਾਰਟੀ ਦੇ ਉਪ ਨੇਤਾ ਹਨ, ਸ਼ਿਮਲਾ ਬੈਠਕ 'ਚ ਬੁਲਾਇਆ ਗਿਆ ਪਰ ਸ਼ਾਂਤਾ ਕੁਮਾਰ ਕਲਰਾਜ, ਮਿਸ਼ਰ, ਯਸ਼ਵੰਤ ਸਿਨਹਾ ਤੇ ਅਰੁਣਸ਼ੋਰੀ ਵਰਗੇ ਪੁਰਾਣੇ ਨੇਤਾਵਾਂ ਨੂੰ ਜੋ ਕੁਝ ਸੁਆਲ ਉਠਾ ਸਕਦੇ ਹਨ ਜਾਣ ਬੁੱਝ ਕੇ ਬਾਹਰ ਰੱਖਿਆ ਗਿਆ।

ਆਰ. ਐਸ. ਐਸ. 'ਚ ਫ਼ਿਲਹਾਲ ਇਹ ਧਾਰਨਾ ਹੈ ਕਿ ਭਾਜਪਾ ਸ਼ਾਇਦ ਹਤਾਸ਼ਾ-ਨਿਰਾਸ਼ਾ ਦੇ ਇਸ ਭੰਵਰ 'ਚ ਨਾ ਫਸੀ ਹੁੰਦੀ ਜੇ ਅਡਵਾਨੀ ਨੇ ਪਾਰਟੀ ਨੂੰ ਵਿਆਪਕ ਤੌਰ 'ਤੇ ਸਵੀਕਾਰ ਕਰਾਉਣ ਲਈ 2005 ਦੀਆਂ ਗਰਮੀਆਂ 'ਚ ਭਾਜਪਾ ਦੀ ਮੂਲ ਵਿਚਾਰਧਾਰਾ ਤੋਂ ਹਟ ਕੇ ਇਸ ਨੂੰ ਸਮਾਵੇਸ਼ੀ ਸੰਗਠਨ ਬਣਾਉਣ ਦੀ ਕੋਸ਼ਿਸ਼ ਨਾ ਕੀਤੀ ਹੁੰਦੀ। ਪਾਰਟੀ ਦਾ ਦਾਇਰਾ ਵਧਾਉਣ ਦੀ ਕੋਸ਼ਿਸ਼ ਨਾਲ ਪਾਰਟੀ ਨੂੰ ਹੋਰ ਵੱਧ ਵੋਟਾਂ ਤਾਂ ਨਹੀਂ ਮਿਲੀਆਂ, ਇਸ ਦੀਆਂ ਰਵਾਇਤੀ ਵੋਟਾਂ ਵੀ ਇਸ ਦੇ ਹੱਥੋਂ ਖਿਸਕ ਗਈਆਂ। ਅਡਵਾਨੀ 'ਤੇ ਇਸ ਕਦਮ ਦਾ ਵੱਧ ਅਸਰ ਨਹੀਂ ਪਿਆ। ਥੋੜ੍ਹੇ ਦਿਨਾਂ ਲਈ ਉਹਨਾਂ ਨੇ ਪਾਰਟੀ ਪ੍ਰਧਾਨਗੀ ਛੱਡ ਦਿੱਤੀ। ਪਰ ਜਲਦੀ ਹੀ ਵਾਪਸ ਆ ਗਏ। ਜਸਵੰਤ ਅਡਵਾਨੀ ਨਹੀਂ ਹਨ ਅਤੇ ਹਫੜਾ-ਦਫੜੀ 'ਚ ਉਹਨਾਂ ਦੀ ਨਿਕਾਸੀ ਸਪੱਸ਼ਟ ਸੰਕੇਤ ਹੈ ਕਿ ਜੋ ਹਿੰਦੂਤਵ ਦੇ ਸਮਰਥਕ ਨਹੀਂ ਹਨ, ਅਨੁਛੇਦ 370 ਦਾ ਵਿਰੋਧ ਨਹੀਂ ਕਰਦੇ, ਅਯੋਧਿਆ ਅੰਦੋਲਨ ਦੀ ਹਮਾਇਤ ਨਹੀਂ ਕਰਦੇ ਅਤੇ ਬਰਾਬਰ

ਨਾਗਰਿਕ ਕੋਡ ਦੀ ਮੰਗ ਦੀ ਹਮਾਇਤ ਕਰਦੇ ਹਨ, ਉਹਨਾਂ ਲਈ ਪਾਰਟੀ 'ਚ ਥਾਂ ਨਹੀਂ ਹੈ। ਅਡਵਾਨੀ ਦੇ ਵਿਚਾਰ ਅਨੁਸਾਰ ਕਾਮਯਾਬ ਨਹੀਂ ਰਹੇ ਅਤੇ ਉਹਨਾਂ ਦੀ ਚੁਣੀ ਹੋਈ ਅਤੇ ਵਿਸ਼ਵਾਸਯੋਗ ਟੀਮ ਜਿਸ ਵਿੱਚ ਜਸਵੰਤ ਇਕ ਮਹੱਤਵਪੂਰਨ ਮੈਂਬਰ ਸਨ। ਕੋਈ ਪ੍ਰਾਪਤੀ ਹਾਸਲ ਨਹੀਂ ਕਰ ਸਕੀ, ਨੇਤਾ ਖੁਦ ਵੀ ਕਮਜ਼ੋਰ ਹੋ ਗਏ ਹਨ, ਸ਼ਿਮਲਾ ਚਿੰਤਨ ਬੈਠਕ 'ਚ ਚੋਟੀ ਦੇ ਨੇਤਾਵਾਂ ਨੂੰ ਉਲਟ ਕੀਤੀ ਗਈ ਇਕ ਰਿਪੋਰਟ 'ਚ ਪਾਰਟੀਆਂ ਦੀਆਂ ਕਈ ਖਾਮੀਆਂ ਵੱਲ ਸੰਕੇਤ ਕੀਤਾ ਗਿਆ, ਜਿਹਨਾਂ ਕਰਕੇ ਇਸ ਸਾਲ ਪਾਰਟੀ ਨੂੰ ਸਖਤ ਚੁਣਾਵੀ ਹਾਰ ਦੀ ਸ਼ਰਮਿੰਦਗੀ ਝਲਣੀ ਪਈ, ਉਹਨਾਂ 'ਚੋਂ ਇਕ ਹੈ, ਚੋਟੀ ਦੇ ਨੇਤਾਵਾਂ 'ਚ ਏਕਤਾ ਦੀ ਘਾਟ, ਜਿਹਨਾਂ 'ਚ ਖੁਦ ਨੂੰ ਵੱਡਾ ਸਾਬਤ ਕਰਨ ਦੀ ਦੌੜ ਲੱਗੀ ਰਹਿੰਦੀ ਹੈ, ਦੂਜੀ ਕਮੀ ਹੈ, ਸਹਿਯੋਗੀ ਪਾਰਟੀਆਂ ਤੇ ਮੀਡੀਆ ਦਾ ਠੀਕ ਤਰ੍ਹਾਂ ਪ੍ਰਬੰਧ ਨਾ ਕਰ ਸਕਣਾ। ਮਨਮੋਹਨ ਸਿੰਘ 'ਤੇ ਅਡਵਾਨੀ ਦੇ ਵਿਵੇਕਹੀਣ ਵਿਅਕਤੀਗਤ ਹਮਲੇ ਆਪਣੇ ਕਾਰਜਕਾਲ 'ਚ ਪਾਰਟੀਆਂ ਦੀਆਂ ਪ੍ਰਾਪਤੀਆਂ ਨੂੰ ਠੀਕ ਢੰਗ ਨਾਲ ਨਾ ਪ੍ਰਚਾਰ ਸਕਣਾ ਅਤੇ 26/11 ਦੇ ਮੁੱਦੇ ਤੇ ਯੂ. ਪੀ. ਏ ਸਰਕਾਰ ਨੂੰ ਘੇਰਨ 'ਚ ਨਾਕਾਮ ਰਹਿਣਾ, ਅਜਿਹਾ ਲੱਗਦਾ ਹੈ ਕਿ ਪਾਰਟੀ ਨੇ ਆਪਣੀਆਂ ਪਿਛਲੀਆਂ ਗਲਤੀਆਂ ਤੋਂ ਕੋਈ ਸਬਕ ਨਹੀਂ ਲਿਆ ਹੈ। ਇਸ ਤੋਂ ਇਲਾਵਾ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪਿਛਲੇ ਦਹਾਕੇ ਪਾਰਟੀ ਲਈ ਅਜਿਹਾ ਰਿਹਾ ਕਿ ਪਾਰਟੀ ਆਪਣੇ ਬੁਨਿਆਦੀ ਮੁੱਦੇ ਭੁੱਲ ਗਈ ਲੱਗਦੀ ਹੈ। ਸਭ ਤੋਂ ਵਧਕੇ ਕੇਂਦਰ ਦੇ ਸ਼ਹਿਰੀ ਨੇਤਾਵਾਂ ਦੀ ਚੋਟੀ ਦੇ ਨੇਤਾਵਾਂ ਨੇ ਟੀ. ਵੀ. 'ਤੇ ਹੋਣ ਵਾਲੀ ਬਹਿਸਾਂ 'ਚ ਭਾਵੇਂ ਰੰਗ ਜਮਾ ਦਿੱਤਾ ਹੋਵੇ ਇਸ ਨਾਲ ਕੋਈ ਚੁਣਾਵੀ ਫਾਇਦਾ ਨਹੀਂ ਹੋ ਸਕਿਆ। ਅਸਲ 'ਚ ਇਸ ਦੌਰਾਨ ਪਾਰਟੀ ਨੇ ਸ਼ਹਿਰੀ ਮੱਧਵਰਗ 'ਚ ਆਪਣਾ ਰਵਾਇਤੀ ਆਧਾਰ ਗੁਆ ਲਿਆ। ਮਿਸਾਲ ਵਜੋਂ ਇਹ ਤੱਥ ਹੀ ਕਾਫੀ ਹੈ ਕਿ 2004 ਦੀਆਂ ਆਮ ਚੋਣਾਂ 'ਚ ਭਾਜਪਾ ਨੇ ਪੰਜ ਸਾਲ ਪਹਿਲਾਂ ਜਿੱਥੇ 56 ਸ਼ਹਿਰੀ ਚੋਣ ਖੇਤਰਾਂ 'ਚੋਂ 42 ਗੁਆ ਲਏ। ਇਹ ਸੰਖਿਆ ਇਸ ਸਾਲ ਦੀ ਚੋਣ ਵਿੱਚ ਹੋਰ ਹੇਠਾਂ ਖਿਸਕ ਗਈ ਹਾਲ ਦੀ ਘੜੀ ਕੌਮੀ ਪੱਧਰ 'ਤੇ ਨਿਰਾਸਤਾ ਦੇ ਬਾਵਜੂਦ ਰਾਜਾਂ ਤੋਂ ਇਕ ਉਮੀਦ ਦੀ ਕਿਰਨ ਉਭਰਦੀ ਹੈ : 2004 'ਚ ਪਾਰਟੀ ਕੇਂਦਰ ਦੀ ਸੱਤਾ ਤੋਂ ਹਟੀ ਅਤੇ ਉਸ ਤੋਂ ਬਾਅਦ ਉਤਰੀ ਅਤੇ ਮੱਧ ਪ੍ਰਦੇਸ਼ 'ਚ 17 ਵਿਧਾਨ ਸਭਾ ਚੋਣਾਂ ਹੋਈਆਂ ਭਾਜਪਾ ਤੇ ਉਸ ਦੇ ਰਾਜਗ ਸਹਿਯੋਗੀਆਂ ਨੇ ਨੌਂ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ ਜਦ ਕਿ ਕਾਂਗਰਸ ਤੇ ਸਹਿਯੋਗੀ ਪਾਰਟੀਆਂ ਨੇ ਨੌਂ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ। ਪਾਰਟੀ ਜਿਸ ਤਰਸਯੋਗ ਹਾਲ 'ਚ ਆ ਪਹੁੰਚੀ ਹੈ ਉਸ ਦੇ ਮੱਦੇਨਜ਼ਰ ਸੁਧਾਰ ਦੇ ਉਪਾਅ ਪਹਿਲਾਂ ਹੀ ਕੀਤੇ ਜਾਣੇ ਚਾਹੀਦੇ ਸਨ। ਆਰ. ਐਸ. ਐਸ. ਰਾਜ ਪੱਧਰ 'ਤੇ ਚੁੱਪਚਾਪ ਹੀ ਦਾਖਲ ਹੋ ਗਈ। ਇਸ ਦੀ ਨਾਰਾਜ਼ਗੀ ਝਲਣ ਵਾਲਾ ਪਹਿਲਾ ਸੂਬਾ ਸੀ ਉਤਰਾਖੰਡ, ਜਿਥੇ ਪਾਰਟੀ 15 ਵੀਂ ਲੋਕ ਸਭਾ 'ਚ ਇਕ ਵੀ ਸੀਟ ਨਹੀਂ ਬਚਾ ਸਕੀ ਸੀ, ਭਵਨ ਚੰਦਰ ਖੰਡੂਰੀ ਨੂੰ ਹਟਾਉਣਾ ਪਿਆ ਅਤੇ ਰਮੇਸ਼ ਪੋਖਰਿਆਲ ਨੇ ਪੰਜਵੇਂ ਮੁੱਖ ਮੰਤਰੀ ਵਜੋਂ ਰਾਜ ਦੀ ਕਮਾਨ ਸੰਭਾਲੀ, ਰਾਜਸਥਾਨ 'ਚ ਨਾ ਸਿਰਫ ਪ੍ਰਦੇਸ਼ ਇਕਾਈ ਮੁਖੀ ਨੂੰ ਹਟਾਇਆ ਗਿਆ ਬਲਕਿ ਆਰ. ਐਸ. ਐਸ. ਸਾਬਕਾ ਮੁੱਖ ਮੰਤਰੀ ਵਸੁੰਦਰਾ ਰਾਜੇ ਦੇ ਵੀ ਪਿੱਛੇ ਪੈ ਗਿਆ ਜੋ ਕਦੀ ਵੀ ਇਸ ਦੇ ਚਹੇਤੇ ਨੇਤਾਵਾਂ 'ਚ ਨਹੀਂ ਸੀ। ਰਾਜ ਨੇ ਜੁਆਬ ਹਮਲੇ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੂੰ ਪਿੱਛੇ ਹਟਣਾ

ਪਿਆ। ਉਹਨਾਂ ਦੇ ਦੋ ਹਮਾਇਤੀਆਂ ਨੂੰ ਤੁਰੰਤ ਬਾਹਰ ਦਾ ਦਰਵਾਜਾ ਵਿਖਾ ਦਿੱਤਾ ਗਿਆ ਸੀ। ਸਾਲ ਦੇ ਅੰਤ ਤਕ ਪਾਰਟੀ ਚੋਣਾਂ ਹੋ ਜਾਣੀਆਂ ਹਨ। ਆਰ. ਐਸ. ਐਸ. ਦੇ ਆਸ਼ੀਰਵਾਦ ਨਾਲ ਰਾਜਨਾਥ ਬਣੇ ਰਹਿ ਸਕਦੇ ਹਨ ਪਰ ਉਮੀਦਵਾਰਾਂ ਦੀ ਘਾਟ ਨਹੀਂ ਹੋਵੇਗੀ। ਮੋਦੀ ਸੁਸ਼ਮਾ, ਜੇਤਲੀ, ਆਪਣੇ ਤੇ ਸਾਬਕਾ ਮੁਖੀ ਐਮ ਵੈਂਕਈਆ ਨਾਇਡੂ ਸਭ ਦੀਆਂ ਨਜ਼ਰਾਂ ਇਸ ਅਹੁਦੇ ’ਤੇ ਲੱਗੀਆਂ ਹੋ ਸਕਦੀਆਂ ਹਨ। ਇਸ ਚੋਣ ਦਾ ਸਿੱਟਾ ਹੀ ਤਹਿ ਕਰੇਗਾ ਪਾਰਟੀਆਂ ਆਪਣੀਆਂ ਜੜ੍ਹਾਂ ਵੱਲ ਮੁੜਦੀਆਂ ਹਨ ਜਾਂ ਨਹੀਂ ਜਾਂ ਆਧੁਨਿਕਤਾ ਨੂੰ ਅਪਣਾਉਣ ਦਾ ਆਪਣਾ ਸਫਰ ਜਾ ਰੱਖਦੀ ਹੈ, ਹੁਣ ਤਕ ਦੇ ਸਭ ਤੋਂ ਘੱਟ ਉਮਰ ਦੇ 59 ਸਾਲਾ ਸੰਘ ਚਾਲਕ ਨੇ ਚੋਟੀ ਤੇ ਪੀੜ੍ਹੀਗਤ ਬਦਲਾਅ ਦੀ ਲੋੜ ਵੱਲ ਸੰਕੇਤ ਦੇ ਦਿੱਤਾ ਹੈ ਜੋ ਅਡਵਾਨੀ ਦੌਰ ਦਾ ਅੰਤ ਹੋ ਸਕਦਾ ਹੈ। ਜੇ ਉਹ ਜਾਂਦੇ ਹਨ ਤਾਂ ਕੋਈ ਹੋਰ ਨੇਤਾ ਵੀ ਆ ਜਾਣਗੇ ਜੋ ਹੁਣ ਤੱਕ ਉਹਨਾਂ ਦੇ ਆਭਾ ਮੰਡਲ ਦੇ ਪ੍ਰਤੀਬਿੰਬਤ ਪ੍ਰਕਾਸ਼ ’ਚ ਹੀ ਚਮਕਦੇ ਰਹੇ ਹਨ ਪਰ ਆਰ. ਐਸ. ਐਸ. ਵੱਲੋਂ ਤਹਿ ਰਾਹ ’ਤੇ ਚੁੱਪਚਾਪ ਬਿਨਾਂ ਕਿਸੇ ਸ਼ੋਰ ਸ਼ਰਾਬੇ ਦੇ ਚਲਦੇ ਰਹੇ ਨੇਤਾਵਾਂ ਨੂੰ ਪ੍ਰਿਤ ਸੰਗਠਨ ਦਾ ਪੂਰਾ ਸਮਰਥਨ ਹਾਸਲ ਹੋ ਸਕਦਾ ਹੈ। ਮਸਲਨ ਸਿਵਰਾਜ ਸਿੰਘ ਚੌਹਾਨ, ਰਮਨ ਸਿੰਘ ਬੀ. ਐਸ. ਯੇਦਿਉਰਪਾ, ਪ੍ਰੇਮ ਕੁਮਾਰ ਧੂਮਲ, ਮੋਦੀ ਅਤੇ ਸਾਰੇ ਮੁੱਖ ਮੰਤਰੀ ਅਤੇ ਸੁਸ਼ਮਾ ਸਵਰਾਜ ਜੋ ਆਉਣ ਵਾਲੇ ਸਾਲਾਂ ’ਚ ਪਾਰਟੀ ਦੀ ਤਕਦੀਰ ਬਦਲਣ ’ਚ ਮਹੱਤਵਪੂਰਨ ਨਿਭਾ ਸਕਦੀ ਹੈ। ਪਾਰਟੀ ਪ੍ਰਤੀ ਉਹਨਾਂ ਦੀ ਨਿਸ਼ਠਾ ਦੇ ਨਾਲ-ਨਾਲ ਉਹਨਾਂ ’ਚ ਅਸੰਤੋਸ਼ ਤੇ ਅਨੁਸਾਸ਼ਨ ਦੀ ਵੰਡ ਰੇਖਾ ’ਚ ਫਰਕ ਕਰ ਸਕਣ ਦੀ ਯੋਗਤਾ ਵੀ ਹੈ। ਇਕ ਮਜ਼ਬੂਤ ਭਾਜਪਾ ਆਰ. ਐਸ. ਐਸ. ਦੀ ਮਕਸਦ ਵੀ ਅੱਛੀ ਤਰ੍ਹਾਂ ਪੂਰਾ ਕਰਦਾ ਹੈ ਕਿਉਂਕਿ ਇਹ ਸਿਧਾਂਤਕ ਵਿਰੋਧੀਆਂ ਦੇ ਹਮਲਿਆਂ ਤੋਂ ਇਸ ਨੂੰ ਬਚਾਈ ਰੱਖਦੀ ਹੈ। ਪਾਰਟੀ ਤੋਂ ਜਸਵੰਤ ਨੂੰ ਕੱਢ ਕੇ ਆਰ. ਐਸ. ਐਸ. ਜਾਹਰਾ ਤੌਰ ’ਤੇ ਇਕ ਨੇਤਾ ’ਤੇ ਹੀ ਹਮਲਾ ਨਹੀਂ ਕਰ ਰਹੀ ਸੀ। ਇਹ ਬਾਕੀ ਪਾਰਟੀ ਨੇਤਾ ਤੇ ਵਰਕਰਾਂ ਦੋਹਾਂ ਨੂੰ ਪਾਰਟੀ ਦੀ ਵਿਚਾਰਧਾਰਾ ਤੇ ਬਗਾਵਤ ਦੋਨਾਂ ਖਿਲਾਫ ਸਖਤ ਸੰਦੇਸ਼ ਦੇਣਾ ਚਾਹੁੰਦੀ ਸੀ। ਮੰਥਨ ਅਜੇ ਸ਼ੁਰੂ ਹੀ ਹੋਇਆ ਹੈ, ਥੋੜ੍ਹੇ ਦਿਨਾਂ ਲਈ ਇਹ ਕਸ਼ਟਦਾਇਕ ਰਹੇਗਾ। ਪਰ ਅਸਲ ਮੁੱਦੇ ’ਤੇ ਆਈਏ ਤਾਂ ਇਹ ਭਗਵਾਂ ਬ੍ਰਿਗੇਡ ਦੇ ਅੱਗੇ ਵਧਣ ਦਾ ਇਕ ਤਰੀਕਾ ਹੀ ਹੈ।

# ਚੀਨ 'ਚ ਕੌਮੀ ਅੰਦੋਲਨ ਦੀ ਅੱਗ ਫਿਰ ਕਿਉਂ ਭੜਕੀ?

ਤਿਬਤ ਤੋਂ ਪਿੱਛੋਂ ਹੁਣ ਚੀਨ ਦੇ ਸਿਨਸ਼ਿਆਂਗ ਸੂਬੇ 'ਚ ਕੌਮੀਅਤ ਦੀ ਸਮੱਸਿਆ ਤਿੱਖੇ ਰੂਪ 'ਚ ਸਾਹਮਣੇ ਆ ਗਈ। ਸ਼ਿਨਸ਼ਿਆਂਗ ਸੂਬੇ 'ਚ ਜਾਰੀ ਦੰਗਿਆਂ 'ਚ ਹੁਣ ਤੱਕ ਲਗਭਗ ਦੋ ਸੌ ਲੋਕ ਮਾਰੇ ਜਾ ਚੁੱਕੇ ਹਨ ਅਤੇ ਜਖਮੀਆਂ ਦੀ ਗਿਣਤੀ ਵੀ ਸੈਂਕੜਿਆਂ 'ਚ ਹੈ। ਚੀਨ ਦੀ ਸਰਕਾਰ ਅਨੁਸਾਰ ਮਾਰੇ ਗਏ ਲੋਕਾਂ 'ਚ ਹਾਨ ਕੌਮੀਅਤ ਦੇ ਲੋਕਾਂ ਦੀ ਗਿਣਤੀ ਵੱਧ ਹੈ 11 ਜੁਲਾਈ ਤਕ ਮਾਰੇ ਗਏ 184 ਲੋਕਾਂ 'ਚ ਸਰਕਾਰ ਅਨੁਸਾਰ ਹਾਨ ਕੌਮੀਅਤ ਦੇ 137 ਉਧਘੂਰ ਮੁਸਲਿਮਾਂ ਦੀ ਗਿਣਤੀ 46 ਅਤੇ ਹੂਈ ਪੁਲਿਸ ਦੀ ਗਿਣਤੀ ਇਕ ਹੈ। ਜਦ ਕਿ ਉਧਘੂਰ ਮੁਸਲਿਮਾਂ ਦੇ ਇਕ ਸੰਗਠਨ 'ਵਰਲਡ ਉਧਘੂਰ ਕਾਂਗਰਸ' ਅਨੁਸਾਰ ਮ੍ਰਿਤਕ ਉਧਘੂਰ ਦੀ ਗਿਣਤੀ ਸੈਂਕੜਿਆਂ ਵਿਚ ਹੈ। ਸੱਚਾਈ ਜੋ ਵੀ ਹੋਵੇ ਪਰ ਇਹ ਸਪੱਸ਼ਟ ਹੈ ਕਿ ਹਾਲੀਆ ਇਤਿਹਾਸ 'ਚ ਏਨੇ ਵੱਧ ਲੋਕ ਜਾਤੀ ਸੰਘਰਸ਼ 'ਚ ਕਦੀ ਨਹੀਂ ਮਾਰ ਗਏ। ਪੁਲਸ ਤੇ ਫੌਜ ਜਿਸ 'ਚ ਰਾਜਨੀਤੀ ਦੇ ਲੋਕ ਭਰੇ ਪਏ ਹਨ। ਹੁਣ ਆਪਣੀ ਖੇਡ-ਖੇਡ ਰਹੇ ਹਨ। ਸਮੱਸਿਆ ਦੀ ਵਿਕਰਾਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਚੀਨ ਦੇ ਰਾਸ਼ਟਰਪਤੀ ਹੂ ਜਿੰਤਾਓ ਇਟਲੀ ਦੇ ਇਕ ਸ਼ਹਿਰ ਵਿਚ ਹੋ ਰਹੀ ਜੀ-8 ਦੀ ਬੈਠਕ 'ਚ ਚੀਨ ਇਕ ਬੁਲਾਏ ਗਏ ਮੈਂਬਰ ਵਜੋਂ ਸ਼ਾਮਲ ਸੀ। ਇਹਨਾਂ ਦੰਗਿਆਂ ਦੀ ਸ਼ੁਰੂਆਤ ਸਿਨਸਿਆਨ ਸੂਬੇ ਦੀ ਰਾਜਧਾਨੀ ਉਰੂਮਕੀ 'ਚ ਨਾ ਹੋ ਕੇ ਸੁਦਰੂ ਚੀਨ ਦੇ ਦੱਖਣੀ ਗਵਾਂਗਡੋਂਗ ਜੂਨ ਦੇ ਆਖ਼ਰੀ ਹਫ਼ਤੇ ਤੱਕ ਇਕ ਫੈਕਟਰੀ 'ਚ ਅਪ੍ਰਵਾਸੀ ਉਧਪੁਰ ਮਜ਼ਦੂਰਾਂ ਅਤੇ ਹਾਨ ਚੀਨੀਆ ਵਿਚਕਾਰ ਇਕ ਸੰਘਰਸ਼ ਤੋਂ ਹੋਈ। ਗਵਾਂਗਡੋਂਗ 'ਚ ਘਟੀ ਘਟਨਾ 'ਚ ਅਖਬਾਰਾਂ ਦੀ ਰਿਪੋਰਟ ਅਨੁਸਾਰ ਦੋ ਲੋਕ ਮਾਰੇ ਗਏ ਅਤੇ 118 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ। ਮਾਰੇ ਗਏ ਊਧਘੂਰ ਸਨ ਅਤੇ ਜ਼ਖ਼ਮੀਆਂ 'ਚ ਉਹਨਾਂ ਦੀ ਗਿਣਤੀ ਸਭ ਤੋਂ ਵੱਧ ਸੀ। ਸਵਾਂਗਡੋਂਗ ਦੀ ਘਟਨਾ ਦੇ ਵਿਰੋਧ 'ਚ ਜਦ ਉਰੂਮਕੀ 'ਚ ਮੁਜਾਹਰਾ ਕੀਤਾ ਜਾ ਰਿਹਾ ਸੀ ਇਹ ਸੰਘਰਸ਼ ਦੇ ਲੋਕ ਆਹਮਣੇ ਸਾਹਮਣੇ ਆ ਗਏ ਅਤੇ ਦੰਗਾ ਭੜਕ ਪਿਆ। ਪੁਲਸ ਤੇ ਸੈਨਾ ਕੌਮੀਅਤ ਦੇ ਲੋਕਾਂ ਦਾ ਸਾਥ ਦੇ ਰਹੀ ਸੀ। ਉਪਰੀ ਤੌਰ 'ਤੇ ਘਟਨਾਕ੍ਰਮ ਭਾਵੇਂ ਹੀ ਐਸੀ ਘਟੀ ਹੋਵੇ ਪਰ ਇਹ ਚੀਨ 'ਚ ਡੂੰਘੀ ਹੁੰਦੀ ਕੌਮੀਅਤ ਦੀ ਸਮੱਸਿਆ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਪਹਿਲਾਂ ਤਿੱਬਤ ਅਤੇ ਫਿਰ ਸ਼ਿਨਸ਼ਿਆਨ 'ਚ ਬੀਜਿੰਗ ਓਲੰਪਿਕ ਸਮੇਂ ਹੀ ਵਾਪਰੀਆਂ ਸਨ। ਚੀਨ ਦੇ ਹਾਕਮ ਸਾਮਰਾਜਵਾਦ ਤੇ ਇਸਲਾਮਿਕ ਅੱਤਵਾਦ ਦੇ ਨਾਂ 'ਤੇ ਸਾਰੇ ਦੋਸ਼ ਲਾ ਕੇ ਆਪਣਾ ਪੱਲਾ ਛੁਡਵਾ ਲੈਂਦੇ ਹਨ। ਹਾਲਾਂਕਿ ਸਾਮਰਾਜਵਾਦ ਦੇ ਦਖਲ ਅਤੇ ਇਸਲਾਮਿਕ ਅੱਤਵਾਦ ਦੀ ਮੌਜੂਦਗੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਚੀਨ ਅੰਦਰ ਹਾਲ ਦੇ ਸਾਲਾਂ 'ਚ ਹਾਨ ਅੰਨੀ ਕੌਮੀ ਪ੍ਰਸਤੀ 'ਚ ਤੇਜ਼ ਰਫ਼ਤਾਰ ਵਾਧਾ ਹੋਇਆ ਹੈ। ਇਥੋਂ ਤੱਕ ਕਿ ਚੀਨ ਦੀ ਕਮਿਊਨਿਸਟ ਪਾਰਟੀ ਦੇ ਕੁਝ ਨੇਤਾ ਚੀਨੀ ਕਿਸਮ ਦੇ ਫਾਸੀਵਾਦੀ ਵਿਚਾਰਾਂ ਨੂੰ ਸਮੇਂ ਸਮੇਂ ਸਿਰ ਜਾਹਰ ਕਰਕੇ ਰਹਿੰਦੇ ਸਨ। ਉਹ ਦਾਅਵਾ ਕਰਦੇ ਹਨ ਕਿ ਹਾਨ ਜਾਤੀ ਦੀ ਉਤਪਤੀ ਅਮਰੀਕੀ ਮਾਨਵ ਤੋਂ ਨਹੀਂ ਹੋਈ ਸੀ। ਇਸ ਤਰ੍ਹਾਂ ਚੀਨੀ ਨਸਲ ਪੂਰੀ ਦੁਨੀਆਂ ਤੋਂ

ਵੱਖ ਅਤੇ ਬੇਮਿਸਾਲ ਹੋਣ ਕਰਕੇ ਉਤਮ ਹੈ। ਇਹਨਾਂ ਵਿਚਾਰਾਂ ਨੂੰ ਖੁੱਲ੍ਹੇਆਮ ਜਾਹਰ ਕਰਨਾ ਦਰਸਾਉਂਦਾ ਹੈ ਕਿ ਚੀਨ ਕਿਸ ਰਾਹ 'ਤੇ ਚੱਲ ਪਿਆ ਹੈ। ਚੀਨ 'ਚ ਕੌਮੀਅਤ ਦੇ ਅੰਦੋਲਨ 'ਚ ਅਤੇ ਹਾਨ ਫਾਸ਼ੀਵਾਦ 'ਚ ਉਭਾਰ ਨਾਲ ਨਾਲ ਆ ਰਿਹਾ ਹੈ। ਕਿਉਂਕਿ ਚੀਨ 'ਚ ਹਾਨ ਜਾਤੀ ਦੀ ਬਹੁਲਤਾ (ਲਗਭਗ 94 ਫੀਸਦੀ) ਹੈ ਤਾਂ ਉਹ ਪੂਰੇ ਚੀਨ 'ਚ ਛਾਏ ਹੋਏ ਹਨ। ਜਦ ਤੋਂ ਚੀਨ ਦੇ ਸਰਮਾਏਦਾਰ ਲੀਹ ਦੇ ਧਾਰਨੀ ਹਾਕਮਾਂ ਨੇ ਘੱਟ ਗਿਣਤੀ ਕੌਮੀਅਤਾਂ ਪ੍ਰਤੀ ਬਹੁਤ ਘ੍ਰਿਣਿਤ ਅਤੇ ਕਠੋਰ ਰੁਖ ਅਪਣਾਇਆ ਹੋਇਆ ਹੈ। ਉਹ ਕੌਮੀਅਤ (ਚਾਹੇ ਤਿੱਬਤ ਸਿਨਸ਼ਿਆਨ) ਦੀ ਸਮੱਸਿਆ ਨੂੰ ਦਮਨ ਤੇ ਹਾਨ ਚੀਨੀਆਂ ਨੂੰ ਇਹਨਾਂ 'ਚ ਵਸਾ ਦੇਣ ਵਜੋਂ ਵੇਖਦੇ ਹਨ। ਦਮਨ ਤੇ ਜਾਤੀ ਸੰਰਚਨਾ 'ਚ ਤਬਦੀਲੀਆਂ ਰਾਹੀਂ ਉਹ ਇਹਨਾਂ ਕੁਦਰਤੀ ਸਾਧਨਾਂ ਤੋਂ ਭਰਪੂਰ ਇਲਾਕਿਆਂ ਦੀ ਵਰਤੋਂ ਚੀਨੀ ਪੂੰਜੀਪਤੀ ਵਰਗ ਦੇ ਪੱਖ 'ਚ ਕਰਨਾ ਚਾਹੁੰਦੇ ਹਨ। ਸ਼ਿਨਸ਼ਿਆਂਗ ਸੂਬੇ ਵਿਚ ਤਾਂ ਅੱਛੀ ਖਾਸੀ ਮਾਤਰਾ 'ਚ ਤੇਲ ਤੇ ਗੈਸ ਦੇ ਕੁਦਰਤੀ ਭੰਡਾਰ ਹਨ। ਚੀਨੀ ਪੂੰਜੀਵਾਦ ਨੂੰ ਆਪਣੇ ਤੇਜ ਵਿਕਾਸ ਲਈ ਇਹਨਾਂ ਸਾਰਿਆਂ ਦੀ ਲੋੜ ਹੈ, ਇਹ ਲੋੜ ਦੀ ਪੂਰਤੀ ਚੀਨ ਦੀ ਹਾਕਮ ਜਮਾਤ ਕਿਸੇ ਵੀ ਕੀਮਤ 'ਤੇ ਕਰਨਾ ਚਾਹੁੰਦੀ ਹੈ। ਇਹ ਕੀਮਤ ਇਨ੍ਹਾਂ ਕੌਮੀਅਤਾਂ ਦੇ ਲੋਕਾਂ ਨੂੰ ਚਾਹੇ ਕਿੰਨੇ ਵੀ ਸੀਸ਼ ਕਟਵਾ ਕੇ ਦੇਣੀ ਪਵੇ। ਫਿਲਹਾਲ ਚੀਨ ਦੀਆਂ ਸੈਨਾਵਾਂ ਨੇ ਸ਼ਿਨਸ਼ਿਆਂਗ 'ਚ ਜਬਰ ਦਾ ਨੰਗਾ ਨਾਚ ਜਾਰੀ ਰੱਖਿਆ ਹੋਇਆ ਹੈ।

# ਅਬੂ ਗਰੇਬ ਜੇਲ 'ਚ ਤਸ਼ੱਦਦ ਕਿੰਨਾ ਕੁ ਜਾਇਜ਼?

ਭਾਰਤ 'ਚ ਜਸਵੰਤ ਸਿੰਘ ਨੇ ਬੋਤਲ 'ਚੋਂ ਜਿਨਾਹ ਦਾ ਭੂਤ ਕੱਢਿਆ ਤਾਂ ਅਮਰੀਕਾ 'ਚ ਏਟਨੀ ਜਨਰਲ ਏਰਿਕ ਹੋਲਡਰ ਨੇ ਰਾਸ਼ਟਰਪਤੀ ਬਾਰਾਕ ਓਬਾਮਾ ਦੀ ਇੱਛਾ ਨਾ ਹੋਣ ਦੇ ਬਾਵਜੂਦ ਅਮਰੀਕੀ ਜਾਂਚ ਏਜੰਸੀ ਸੀ. ਆਈ. ਏ. ਵੱਲੋਂ ਦਿੱਤੇ ਗਏ ਤਸੀਹਿਆਂ ਦੀ ਜਾਂਚ ਦਾ ਪ੍ਰੇਤ ਹਵਾ 'ਚ ਛੱਡ ਦਿੱਤਾ ਗਿਆ ਹੈ। ਅੱਤਵਾਦੀ ਹੋਣ ਦੇ ਦੋਸ਼ ਵਿੱਚ ਅਮਰੀਕਾ ਵਲੋਂ ਫੜੇ ਗਏ ਲੋਕਾਂ ਦੇ ਨਾਲ ਕਿਹੋ ਜਿਹਾ ਵਰਤਾਅ ਕੀਤਾ ਗਿਆ ਇਸ ਦੀ ਪੂਰੀ ਜਾਂਚ ਜਾਨ ਡਰਹਮ ਕਰਨਗੇ। ਖਬਰ ਹੈ ਕਿ ਜੇ ਜਾਂਚ ਸਹੀ ਤਰੀਕੇ ਨਾਲ ਹੋਈ ਤਾਂ ਅਮਰੀਕਾ ਦਾ ਦਾਮਨ ਹੋਰ ਵੀ ਦਾਗੀ ਹੋ ਜਾਵੇਗਾ ਕਿਉਂਕਿ ਸੀ. ਆਈ. ਏ. ਲਈ ਆਪਣੀ ਕਾਰਵਾਈ ਨੂੰ ਜਾਇਜ਼ ਠਹਿਰਾਉਣਾ ਜ਼ਰੂਰੀ ਸੀ ਇਸ ਲਈ ਉਹਨਾਂ ਨੇ ਫੜੇ ਗਏ ਕਥਿਤ ਅੱਤਵਾਦੀਆਂ 'ਤੇ ਐਸੇ ਅਤਿਆਚਾਰ ਕੀਤੇ ਜਿਸ ਨਾਲ ਇਨਸਾਨੀਅਤ ਸ਼ਰਮਸ਼ਾਰ ਹੋ ਜਾਵੇ। ਪਿੱਛੇ ਜਿਹੇ ਹੀ ਆਈ ਪਾਕਿਸਤਾਨੀ ਫਿਲਮ 'ਖੁਦਾ ਦੇ ਲਈ' ਅਤੇ ਬਾਲੀਵੁੱਡ ਦੀ 'ਨਿਊਯਾਰਕ' 'ਚ ਸੀ ਆਈ ਏ ਦੇ ਤਸੀਹਿਆਂ ਦੀ ਝਲਕ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਇਹਨਾਂ ਫਿਲਮਾਂ 'ਚ ਦਰਸਾਏ ਗਏ ਦ੍ਰਿਸ਼ ਭਲੇ ਹੀ ਕਲਪਨਿਕ ਹੋਣ ਪਰ ਸੀ ਆਈ ਏ ਦੇ ਹੀ ਇਕ ਇੰਸਪੈਕਟਰ ਜਨਰਲ ਦੁਆਰਾ ਤਿਆਰ ਕੀਤੀ ਗਈ ਗੁਪਤ ਰਿਪੋਰਟ 'ਚ ਕਈ ਹੌਲਨਾਕ ਖੁਲਾਸੇ ਕੀਤੇ ਗਏ ਹਨ। ਇਹਨਾਂ ਖੁਲਾਸਿਆਂ ਦੀ ਹਕੀਕਤ ਕੀ ਹੈ ਇਸ ਦਾ ਪਤਾ ਜਾਂਚ ਤੋਂ ਬਾਅਦ ਹੀ ਲੱਗੇਗਾ। ਅੱਠ ਸਾਲ ਪਿੱਛੋਂ ਅਮਰੀਕਾ 'ਚ ਸੱਤਾ ਤਬਦੀਲੀ ਨੇ ਹਾਲਾਤ ਬਦਲ ਜ਼ਰੂਰ ਦਿੱਤੇ ਹਨ। ਹੁਣ ਕੈਦੀਆਂ ਨੂੰ ਸਬੂਤ ਦੀ ਘਾਟ ਕਾਰਨ ਬਰੀ ਕਰਨਾ ਪੈ ਰਿਹਾ ਹੈ। ਬਰੀ ਹੋ ਰਹੇ ਸ਼ੱਕੀ ਅੱਤਵਾਦੀਆਂ ਦੀ ਮਾਨਸਿਕ ਸਥਿਤੀ ਠੀਕ ਨਹੀਂ ਹੁੰਦੀ। ਜਾਂਚ ਏਜੰਸੀ ਦੇ ਅਤਿਆਚਾਰ ਜ਼ਿਆਦਾਤਰ ਕੈਦੀ ਅਪਾਹਜ ਹਾਲਤ 'ਚ ਹੀ ਘਰ ਵਾਪਸ ਆ ਰਹੇ ਹਨ। ਆਖਰ ਉਹਨਾਂ ਨਾਲ ਐਸਾ ਕੀ ਕੀਤਾ ਗਿਆ ਸੀ ਜਿਸ ਨਾਲ ਉਹ ਇਸ ਹਾਲਤ 'ਚ ਪਹੁੰਚ ਗਏ? ਇਸ ਦੀ ਹੁਣ ਮਨੁੱਖੀ ਅਧਿਕਾਰ ਸੰਗਠਨਾਂ ਤੇ ਉਹਨਾਂ ਦੇਸ਼ਾਂ ਵੱਲੋਂ ਵੀ ਮੰਗੀ ਜਾਣ ਲੱਗੀ ਹੈ ਜਿਥੋਂ ਦੇ ਕੈਦੀਆਂ ਨੂੰ ਅਮਰੀਕਾ ਨੇ ਫੜਿਆ ਸੀ। ਇਹੀ ਵਜਾਹ ਹੈ ਕਿ ਓਬਾਮਾ ਪ੍ਰਸਾਸ਼ਨ ਨੇ ਨਾ ਚਾਹੁੰਦੇ ਹੋਇਆ ਵੀ ਪੂਰਨ ਅਪਰਾਧਿਕ ਜਾਂਚ ਦਾ ਹੁਕਮ ਦੇ ਦਿੱਤਾ ਹੈ। ਹਾਲਾਂਕਿ ਹਾਕਮ ਜਮਾਤ ਡੈਮੋਕ੍ਰੇਟ ਤੇ ਵਿਰੋਧੀ ਪਾਰਟੀ ਰਿਪਬਲੀਕਨ ਦੋਨੋਂ ਨਹੀਂ ਚਾਹੁੰਦੇ ਸਨ ਕਿ ਇਸ ਤਰ੍ਹਾਂ ਜਾਂਚ ਹੋਵੇ। ਰਾਸ਼ਟਰਪਤੀ ਬਰਾਕ ਓਬਾਮਾ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਉਹ ਸੀ ਆਈ ਏ ਵਲੋਂ ਬੀਤੇ ਸਮੇਂ 'ਚ ਅੱਤਵਾਦੀਆਂ ਨੂੰ ਦਿੱਤੇ ਗਏ ਤਸੀਹਿਆਂ ਦੇ ਮਾਮਲੇ ਨੂੰ ਕਬਰ 'ਚੋਂ ਖੋਦ ਕੇ ਕੱਢਣਾ ਨਹੀਂ ਚਾਹੁੰਦੇ। ਦੂਜੇ ਪਾਸੇ ਉਹਨਾਂ ਦੇ ਹੀ ਨਿਆਂ ਵਿਭਾਗ ਨੇ 24 ਅਗਸਤ ਨੂੰ ਇਕ ਅਤੀ ਗੁਪਤ ਰਿਪੋਰਟ ਜਾਰੀ ਕੀਤੀ ਜੋ ਸੀ ਆਈ ਏ ਦੇ ਅੰਦਰੂਨੀ ਨਿਗਰਾਨ ਵਿਭਾਗ ਨੇ ਸਾਲ 2004 'ਚ ਤਿਆਰ ਕੀਤੀ। ਵੈਸੇ ਤਾਂ ਇਰਾਕ ਸਥਿਤ ਅਬੂ ਗਰੇਬ ਜੇਲ੍ਹ 'ਚ ਕੈਦੀਆਂ ਨੂੰ ਤਸੀਹੇ ਦੇਣ ਨਾਲ ਸਬੰਧਤ ਤਸਵੀਰਾਂ 2004 'ਚ ਹੀ ਆ ਗਈਆਂ ਸਨ। ਪਰ ਰਿਪੋਰਟ 'ਚ ਜੋ ਖੁਲਾਸੇ ਕੀਤੇ ਗਏ ਹਨ ਉਹਨਾਂ ਨਾਲ ਕਈ ਹੈਰਾਨਕੁੰਨ ਤੱਥ ਸਾਹਮਣੇ

ਆਏ ਹਨ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਅਮਰੀਕੀ ਕਾਨੂੰਨ ਦੀ ਉਲੰਘਣਾ ਕਰਕੇ ਅਣਗਿਣਤ ਗੈਰਮਨੁੱਖੀ ਵਿਹਾਰ ਸੀ ਆਈ ਏ ਦੇ ਏਜੰਟਾਂ ਨੇ ਕਥਿਤ ਅੱਤਵਾਦੀਆਂ ਨਾਲ ਕੀਤੇ।

ਰਿਪੋਰਟ ਅਨੁਸਾਰ ਇਕ ਕੈਦੀ ਅਬਦੁਲ ਰਹੀਮ ਅਲ ਨਸੀਰੀ ਨੂੰ ਪਿਸਤੌਲ ਤੇ ਡਰਿਲ ਮਸ਼ੀਨ ਨਾਲ ਡਰਾਇਆ ਜਾਂਦਾ ਸੀ। ਨਸੀਰੀ 'ਤੇ 12 ਅਕਤੂਬਰ 2000 ਨੂੰ ਅਮਰੀਕੀ ਸਮੁੰਦਰੀ ਫੌਜ ਦੇ ਜਹਾਜ ਕੋਲ ਤੇ ਬੰਬ ਨਾਲ ਹਮਲਾ ਕਰਨ ਦਾ ਦੋਸ਼ ਲਾਇਆ ਸੀ। ਇਹ ਹਮਲਾ ਯਮਨ ਦੀ ਅਦਨ ਬੰਦਰਗਾਹ 'ਚ ਹੋਇਆ ਸੀ। ਪੁੱਛਗਿੱਛ ਦੌਰਾਨ ਸੀ ਆਈ ਏ ਅਧਿਕਾਰੀ ਉਸ ਦੇ ਮੂੰਹ 'ਤੇ ਸਿਗਰਟ ਦਾ ਧੂੰਆ ਛੱਡਦੇ। ਦੂਜਾ ਏਜੰਟ ਉਸ ਨੂੰ ਕਸਕੇ ਫੜੀ ਰੱਖਦਾ ਅਜਿਹਾ ਉਦੋਂ ਤਕ ਚੱਲਦਾ ਜਦੋਂ ਤਕ ਉਲਟੀ ਨਾ ਕਰਨ ਲੱਗੇ। ਫਿਰ ਉਸ ਨੂੰ ਇਹ ਕਿਹਾ ਜਾਂਦਾ ਕਿ ਜੇ ਉਹ ਹਮਲੇ 'ਚ ਆਪਣੀ ਭੂਮਿਕਾ ਨਹੀਂ ਮੰਨੇਗਾ ਤਾਂ ਉਸ ਦੇ ਪਰਿਵਾਰ ਦੀਆਂ ਔਰਤਾਂ ਨੂੰ ਫੜ ਕੇ ਲਿਆਂਦਾ ਜਾਵੇਗਾ ਅਤੇ ਉਸਦੇ ਸਾਹਮਣੇ ਹੀ ਅਮਰੀਕੀ ਅਧਿਕਾਰੀ ਉਹਨਾਂ ਨਾਲ ਬਲਾਤਕਾਰ ਕਰਨਗੇ। ਖਾਲਿਦ ਸ਼ੇਖ ਮੁਹੰਮਦ ਜਿਸ ਨੂੰ 9/11 ਦਾ ਮਾਸਟਰ ਮਾਈਂਡ ਦੱਸਿਆ ਗਿਆ ਸੀ, ਉਸ ਨੂੰ ਵੀ ਇਹੀ ਕਹਿ ਕੇ ਧਮਕਾਇਆ ਜਾਂਦਾ ਸੀ ਕਿ ਜੇ ਹੁਣ ਹਮਲਾ ਹੋਇਆ ਤਾਂ ਉਸ ਦੇ ਬੱਚਿਆਂ ਨੂੰ ਉਸਦੇ ਸਾਹਮਣੇ ਲਿਆ ਕੇ ਮਾਰ ਦਿੱਤਾ ਜਾਵੇਗਾ। ਪੁੱਛਗਿੱਛ ਦੀ ਲੜੀ ਵਿੱਚ ਅਜਿਹੇ ਤਸੀਹੇ ਦੇਣਾ ਅਮਰੀਕੀ ਕਾਨੂੰਨ ਅਨੁਸਾਰ ਅਪਰਾਧ ਹੈ। ਪਹਿਲਾਂ ਜਦ ਤਸੀਹਿਆਂ ਦਾ ਖੁਲਾਸਾ ਹੋਇਆ ਸੀ ਤਾਂ ਸੀ ਆਈ ਏ ਦੇ ਕੁਝ ਏਜੰਟਾਂ ਨੇ ਕਈ ਰਿਕਾਰਡ ਟੇਪ ਨਸ਼ਟ ਕਰ ਦਿੱਤੇ ਸਨ ਤਾਂ ਕਿ ਜਾਂਚ ਅਧਿਕਾਰੀ ਨਾ ਫਸਣ। ਹੁਣ ਅਟਾਰਨੀ ਜਨਰਲ ਹੋਲਡਰ ਨੇ ਜਾਨ ਡਰਹਮ ਨੂੰ ਇਸ ਪੂਰੇ ਘਟਨਾਕ੍ਰਮ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਹੈ। ਉਹਨਾਂ ਨੂੰ ਨਸ਼ਟ ਕੀਤੇ ਸਬੂਤਾਂ ਦੀ ਵੀ ਜਾਂਚ ਕਰਨ ਨੂੰ ਕਿਹਾ ਗਿਆ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਜਾਂਚ ਕਮਿਸ਼ਨ ਦੇ ਗਠਨ ਪਿੱਛੋਂ ਕਿਹਾ 'ਮੇਰਾ ਪੂਰਾ ਸਹਿਯੋਗ ਜਾਂਚ ਕਰਨ ਵਾਲਿਆਂ ਨੂੰ ਮਿਲੇਗਾ ਜੋ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਨਗੇ ਕਿ ਆਖਰ ਇਹ ਕੌਣ ਲੋਕ ਸਨ ਜੋ ਆਪਣੀਆਂ ਹੱਦਾਂ ਲੰਘ ਗਏ। ਵੈਸੇ ਸੀ ਆਈ ਏ ਏਜੰਟਾਂ ਜਾਂ ਅਧਿਕਾਰੀਆਂ ਨੂੰ ਡਰਨ ਦੀ ਕੋਈ ਲੋੜ ਨਹੀਂ ਜਿਹਨਾਂ ਨੇ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਤਸੀਹੇ ਦਿੱਤੇ ਹਨ। ਦੂਜੇ ਪਾਸੇ ਵਿਸਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਜਾਂਚ ਨਾਲ ਸਿਰਫ ਹੇਠਲੇ ਪੱਧਰ ਦੇ ਸੀ. ਆਈ. ਏ. ਅਧਿਕਾਰੀ ਤੇ ਏਜੰਟ ਹੀ ਫਸਣਗੇ। ਬੁਸ਼ ਪ੍ਰਸ਼ਾਸ਼ਨ ਉਹਨਾਂ ਸਾਰੇ ਲੋਕਾਂ ਨੂੰ ਕੋਈ ਸਜਾ ਨਹੀਂ ਮਿਲੇਗੀ ਜਿਹਨਾਂ ਨੇ ਸੀ ਆਈ ਏ ਅਧਿਕਾਰੀਆਂ ਤੇ ਏਜੰਟਾਂ ਨੂੰ ਏਨੀ ਛੋਟ ਦਿੱਤੀ। ਆਲੋਚਕਾਂ ਦਾ ਕਹਿਣਾ ਹੈ ਕਿ ਬੁਸ਼ ਪ੍ਰਸਾਸ਼ਨ ਦੇ ਨੀਤੀ ਨਿਰਧਾਰਿਕਾਂ ਦੀ ਵੀ ਜੁਆਬਦੇਹੀ ਤਹਿ ਹੋਣੀ ਚਾਹੀਦੀ ਹੈ ਜਿਨਾਂ ਨੇ ਤਸੀਹਿਆਂ ਦੇ ਜਾਬਰ ਤਰੀਕਿਆਂ ਨੂੰ ਮਨਜੂਰੀ ਦਿੱਤੀ ਸੀ। ਬੁਸ਼ ਸਰਕਾਰ ਨੇ ਕਿਸੇ ਕੈਦੀ ਤੋਂ ਪੁੱਛਗਿੱਛ ਸਮੇਂ ਉਸ ਨੂੰ ਪਾਣੀ 'ਚ ਡੁਬੋਣ ਸੌਣ ਨਾ ਦੇਣ, ਤਣਾਅ ਦੇਣ ਅਤੇ ਕੰਧਾਂ 'ਚ ਚਿਣਵਾਉਣ ਵਰਗੇ ਕੰਮਾਂ ਨੂੰ ਮਨਜੂਰੀ ਦਿੱਤੀ ਸੀ। ਸੁਆਲ ਉਠ ਰਹੇ ਹਨ ਕਿ ਜਿਹਨਾਂ ਤਰੀਕਿਆਂ 'ਤੇ ਸਰਕਾਰ ਨੇ ਆਪਣੀ ਮਨਜੂਰੀ ਦੀ ਮੋਹਰ ਲਾ ਦਿੱਤੀ ਹੋਵੇ ਉਹਨਾਂ ਨੂੰ ਅਪਣਾਏ ਜਾਣ 'ਤੇ ਭਾਰੀ ਦਬਾਅ ਝੱਲ ਰਹੇ ਸੀ ਆਈ ਏ ਏਜੰਟਾਂ 'ਤੇ ਹੀ ਕਿਉਂ ਕਾਰਵਾਈ ਕੀਤੀ ਜਾ ਰਹੀ ਹੈ। ਮਨੁੱਖ ਅਧਿਕਾਰ ਸੰਗਠਨ ਤੱਕ ਇਹ ਕਹਿ ਰਹੇ ਹਨ ਕਿ ਸਿਰਫ

ਹੇਠਲੇ ਕ੍ਰਮ ਦੇ ਅਫਸਰਾਂ ਨੂੰ ਹੀ ਦੰਡ ਦੇਣਾ ਠੀਕ ਨਹੀਂ ਹੋਵੇਗਾ। ਦੂਜੇ ਪਾਸੇ ਆਲੋਚਕਾਂ ਦੇ ਇਕ ਹੋਰ ਤਬਕੇ ਦਾ ਮੰਨਣਾ ਹੈ ਕਿ ਸੀ ਆਈ ਏ ਨੇ ਜਿਹਨਾਂ ਤਰੀਕਿਆਂ ਦੀ ਵਰਤੋਂ ਕੀਤੀ ਉਹਨਾਂ ਨੂੰ ਤਸੀਹੇ ਨਹੀਂ ਕਹਿਣਾ ਚਾਹੀਦਾ। ਸਾਬਕਾ ਰਾਸ਼ਟਰਪਤੀ ਡਿਨ ਚੇਨੀ ਜੋ 'ਉਨਤ ਪੁੱਛਗਿੱਛ' ਤਕਨੀਕ ਦੀ ਉਸਾਰੀ 'ਚ ਸ਼ਾਮਲ ਸਨ। ਕਹਿੰਦੇ ਹਨ 'ਵਿਕਸਤ ਤਰੀਕਿਆਂ ਨਾਲ ਪੁੱਛਗਿੱਛ ਦੇ ਚਲਦਿਆਂ ਅਲਕਾਇਦਾ ਨਾਲ ਸਬੰਧਤ ਕਈ ਖੁਫੀਆ ਜਾਣਕਾਰੀਆਂ ਦੇਸ਼ ਨੂੰ ਮਿਲੀਆਂ ਅਤੇ ਕਿੰਨੇ ਦਹਿਸ਼ਤਗਰਦ ਫੜੇ ਗਏ।' ਚੇਨੀ ਜਿਸ ਰਿਪੋਰਟ ਦੀ ਗੱਲ ਕਰ ਰਹੇ ਹਨ ਉਸ 'ਚ ਇਹ ਨਹੀਂ ਦੱਸਿਆ ਗਿਆ ਹੈ। ਪੁੱਛਗਿੱਛ ਦੀ ਕਿਹੜੀ ਨਵੀਂ ਤਕਨੀਕ ਨਾਲ ਕਿਹੋ ਜਿਹੀ ਜਾਣਕਾਰੀ ਮਿਲੀ ਅਤੇ ਪੁਰਾਣੀ ਤਕਨੀਕ ਨਾਲ ਕਿਹੋ ਜਿਹੀ ਜਾਣਕਾਰੀ ਨਹੀਂ ਮਿਲ ਰਹੀ ਸੀ।

ਭਾਵੇਂ ਰਾਸ਼ਟਰਪਤੀ ਓਬਾਮਾ ਦੋਗਲੀ ਨੀਤੀ ਅਪਣਾ ਰਹੇ ਹਨ। ਉਹ ਭਵਿੱਖ ਦੀ ਗੱਲ ਤਾਂ ਕਰਨਾ ਚਾਹੁੰਦੇ ਹਨ ਪਰ ਪਿਛਲੀ ਜਾਂਚ ਪ੍ਰਤੀ ਸੁਹਿਰਦ ਨਹੀਂ ਹਨ। ਦੂਜੇ ਪਾਸੇ ਉਹਨਾਂ ਦੇ ਹੀ ਅਟਾਰਨਰੀ ਜਨਰਲ ਖੁੱਲ੍ਹ ਕੇ ਕੰਮ ਕਰਨ ਦੀ ਖਾਹਿਸ਼ ਰੱਖਦੇ ਹਨ। ਓਬਾਮਾ ਦੀਆਂ ਦਲੀਲਾਂ ਡਿਕਚੇਨੀ ਨੂੰ ਨਹੀਂ ਭਾਉਂਦੀਆਂ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿਉਂਕਿ ਨਵੀਂ ਸਰਕਾਰ ਭਵਿੱਖ ਅਸੁਰੱਖਿਅਤ ਕਰ ਰਹੀ ਹੈ। ਰਿਪਬਲੀਕਨ ਸੀਨੇਟਰ ਮਿਚ ਮੈਕੋਨੇਲ ਨੇ ਜਾਂਚ ਦੇ ਫੈਸਲੇ ਨੂੰ ਪਥਭਰਿਸ਼ਟ ਕਰਾਰ ਦਿੰਦਿਆਂ ਕਿਹਾ ਕਿ ਸਭ ਕਾਨੂੰਨ ਦੇ ਦਾਇਰੇ 'ਚ ਕੀਤਾ ਗਿਆ ਹੈ। ਪਰ ਜਾਂਚ ਸਬੰਧੀ ਜਾਰੀ ਬਹਿਸ ਨੇ ਅਮਰੀਕਾ 'ਚ ਫਿਰ ਅਨਜਾਣਾ ਖੌਫ ਜ਼ਰੂਰ ਪੈਦਾ ਕਰ ਦਿੱਤਾ ਹੈ।

# ਇਰਾਕ ਯੁੱਧ ਤੇ ਜਲਵਾਯੂ ਪ੍ਰੀਵਰਤਨ

ਭਾਰਤੀ ਉਪ ਮਹਾਂਦੀਪ 'ਚ ਜੂਨ ਤੋਂ ਸਤੰਬਰ ਤਕ ਮੌਨਸੂਨ ਤੋਂ ਮਿਲਣ ਵਾਲਾ ਪਾਣੀ ਜੀਵਨ ਦਾਤਾ ਮੰਨਿਆ ਜਾਂਦਾ ਹੈ। ਇੰਟਰ ਗਵਰਨਮੈਂਟਲ ਚੈਨਲ ਆਫ ਕਲਾਈਮੇਟ ਚੇਂਜ ਦੀ ਰਿਪੋਰਟ ਅਨੁਸਾਰ ਜਲਵਾਯੂ ਪ੍ਰੀਵਰਤਨ ਕਾਰਨ ਭਾਰਤ ਨੂੰ ਅਨਾਜ, ਪਾਣੀ ਤੇ ਬੀਮਾਰੀਆਂ ਦਾ ਸੰਕਟ ਘੇਰ ਸਕਦਾ ਹੈ। ਇਸ ਮਾਮਲੇ 'ਚ ਬਹੁਤ ਘੱਟ ਮਾਹਰਾਂ ਦਾ ਧਿਆਨ ਮੌਨਸੂਨ ਉੱਠਣ ਦੇ ਅਰਬ ਸਾਗਰ ਦੇ ਇਲਾਕੇ 'ਤੇ ਗਿਆ ਹੈ। ਖਾੜੀ ਦੇ ਦੇਸ਼ਾਂ ਵਿੱਚ ਖਾਸ ਕਰਕੇ ਇਰਾਕ 'ਤੇ ਅਮਰੀਕੀ ਤੇ ਬਰਤਾਨਵੀ ਫ਼ੌਜਾਂ ਵਲੋਂ ਪਿਛਲੇ 12 ਸਾਲਾਂ 'ਚ ਅੰਧਾਧੁੰਦ ਬੰਬਾਰੀ ਨਾਲ ਲੰਮੇ ਚੌੜੇ ਇਲਾਕੇ 'ਚ ਧੂੜ ਦੇ ਬੱਦਲਾਂ ਤੋਂ ਇਲਾਵਾ ਵਾਯੂ 'ਚ ਜ਼ਹਿਰੀਲੇ ਰਸਾਇਣ ਮਿਲ ਗਏ ਹਨ। ਹਾਲਾਂਕਿ ਇਰਾਕ ਯੁੱਧ 'ਤੇ ਕੋਈ ਵਾਤਾਵਰਣ ਅਧਿਐਨ ਨਹੀਂ ਕੀਤਾ ਗਿਆ ਹੈ। ਪਰ ਗ੍ਰੀਨ ਪੀਸ ਇੰਟਰ ਨੈਸ਼ਨਲ ਵਰਗੇ ਗੈਰ-ਸਰਕਾਰੀ ਸੰਗਠਨਾ ਨੇ ਸ਼ੱਕ ਜਾਹਰ ਕੀਤਾ ਹੈ ਕਿ ਇਸ ਨਾਲ ਵਾਤਾਵਰਣ ਸਿੱਟੇ ਨਜ਼ਰ ਆ ਰਹੇ ਹਨ।

ਇਰਾਕ-ਕੁਵੈਤ ਯੁੱਧ ਸਮੇਂ ਸਦਾਮ ਹੁਸੈਨ ਦੀਆਂ ਫ਼ੌਜਾਂ ਨੇ 736 ਤੇਲ ਦੇ ਖੂਹਾਂ ਨੂੰ ਅੱਗ ਲਾ ਦਿੱਤੀ ਸੀ ਜਿਸ ਕਾਰਨ ਕਈ ਦਿਨਾਂ ਤਕ ਸੂਰਜ ਦੀ ਰੌਸ਼ਨੀ ਜ਼ਮੀਨ ਤਕ ਨਹੀਂ ਪਹੁੰਚ ਸਕੀ। ਇਸ ਨਾਲ ਇਲਾਕੇ ਦੇ ਤਾਪਮਾਨ 'ਚ 10 ਡਿਗਰੀ ਫਾਰਨਹੀਟ ਦੀ ਗਿਰਾਵਟ ਆਈ ਸੀ। ਜ਼ਿਕਰਯੋਗ ਹੈ ਕਿ ਕੁਵੈਤ ਦੇ ਤੇਲ ਦੇ ਖੂਹ ਨੌਂ ਮਹੀਨੇ ਤਕ ਜਲਦੇ ਰਹੇ ਸਨ ਜਿਸ ਨਾਲ 1900 ਕਿਲੋਮੀਟਰ ਦੂਰ ਤਕ ਇਲਾਕਿਆਂ ਵਿਚ ਵੀ ਬਨਸਪਤੀ ਤੇ ਸਮੁੰਦਰੀ ਜੀਵਾਂ 'ਤੇ ਅਸਰ ਪਿਆ। ਤੇਜ਼ਾਬੀ ਵਰਖਾ ਵੀ ਹੋਈ। ਜਲਦੇ ਤੇਲ ਖੂਹਾਂ 'ਚ ਅੱਧਾ ਬਿਲੀਅਨ ਟਨ ਕਾਰਬਨ ਡਾਈਆਕਸਾਈਡ ਨਿਕਲੀ ਸੀ। ਜਾਣਕਾਰਾਂ ਦਾ ਮੰਨਣਾ ਹੈ ਕਿ ਮੌਜੂਦਾ ਜਲਵਾਯੂ ਪ੍ਰੀਵਰਤਨ 'ਚ ਤੇਜ਼ੀ ਆਉਣ ਦਾ ਇਹ ਮੁੱਖ ਕਾਰਨ ਹੈ। ਖਾੜੀ ਦੇ ਦੇਸ਼ਾਂ ਵਿੱਚ ਅਮਰੀਕੀ ਫ਼ੌਜ ਦੀ ਮੌਜੂਦਗੀ ਵੀ ਜਲਵਾਯੂ ਪ੍ਰੀਵਰਤਨ ਨੂੰ ਤੇਜ ਕਰਨ ਦਾ ਕਾਰਨ ਮੰਨਿਆ ਜਾ ਰਿਹਾ ਹੈ। ਅਮਰੀਕੀ ਫ਼ੌਜਾਂ ਵਲੋਂ ਵਰਤੇ ਬਾਲਣ ਦੀ ਮਾਤਰਾ ਕਲਪਨਾ ਤੋਂ ਪਰੇ ਹੈ। ਲੜਾਕੂ ਜਹਾਜ਼ਾਂ ਟੈਂਕਾਂ ਤੇ ਫ਼ੌਜੀ ਗੱਡੀਆਂ ਵਲੋਂ ਰੋਜਾਨਾ 15 ਮਿਲੀਅਨ ਗੈਲਨ ਤੇਲ ਵਰਤਿਆ ਜਾਂਦਾ ਹੈ ਜੋ ਕਿ ਸੰਪੂਰਨ ਭਾਰਤ ਦੀ ਆਬਾਦੀ ਵੱਲੋਂ ਇਕ ਦਿਨ 'ਚ ਵਰਤੇ ਜਾਣ ਵਾਲੇ ਤੇਲ ਦੇ ਬਰਾਬਰ ਹੈ। ਯੂ. ਕੇ. ਅਟਾਮਿਕ ਏਨਰਜੀ ਅਥਾਰਟੀ ਦੀ ਇਕ ਰਿਪੋਰਟ ਅਨੁਸਾਰ ਇਰਾਕ ਯੁੱਧ 'ਚ 50 ਟਨ ਯੁਰੇਨੀਅਮ ਦੀ ਵਰਤੋਂ ਹੋਈ। ਅਨੁਮਾਨ ਹੈ ਕਿ ਮਿੱਤਰ ਦੇਸ਼ਾਂ ਦੀਆਂ ਫੌਜਾਂ ਵੱਲੋਂ ਇਰਾਕ ਯੁੱਧ ਵਿੱਚ 800 ਟਨ ਯੁਰੇਨੀਅਮ ਦੀ ਵਰਤੋਂ ਕੀਤੀ ਗਈ ਹੈ। ਇਹ ਅੰਕੜੇ ਹੈਰਾਨ ਕਰਨ ਵਾਲੇ ਹਨ। ਸੰਨ 1991 ਦੇ ਮੁਕਾਬਲੇ ਇਸ ਵਾਰੀ ਦੀ ਜੰਗ ਵਿੱਚ ਤੇਲ ਦੇ ਖੂਹ ਸਾੜਣ ਦੀ ਗਿਣਤੀ ਮੁਕਾਬਲਤਣ ਘੱਟ ਸੀ ਪਰ ਪਿਛਲੇ 12 ਸਾਲਾਂ 'ਚ ਇਰਾਕ ਉਪਰ 285000 ਵਾਰੀ ਲੜਾਕੂ ਜਹਾਜਾਂ ਨੇ ਉਡਾਣ ਭਰੀ ਹੈ ਜਿਸ ਨਾਲ ਹਵਾ ਦਾ ਪ੍ਰਵਾਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਬੰਬਾਰੀ ਤੋਂ ਗੰਧਕ, ਪਾਰਾ ਤੇ ਡਾਇਕੋਸਿਸ ਵਰਗੇ ਜਹਿਰੀਲੇ ਰਸਾਇਣ ਇਸ ਭੂ ਭਾਗ 'ਚ ਦਾਖਲ ਹੋ ਗਏ ਹਨ। ਇਰਾਨ ਦੇ

ਮਿਟੀਰੀਐਲੋਜੀਕਲ ਆਰਗੇਨਾਈਜੇਸ਼ਨ ਨੇ ਅਨੁਮਾਨ ਲਾਇਆ ਹੈ ਕਿ ਇਰਾਕ ਯੁੱਧ ਕਾਰਨ ਦੂਰ ਦਰਾਜ ਦੇ ਦੇਸ਼ਾਂ ਦੀ ਜਲਵਾਯੂ ਵੀ ਪ੍ਰਭਾਵਿਤ ਹੋਵੇਗੀ। ਭਾਰਤੀ ਮਾਤਰਾ ’ਚ ਬੰਬਾਰੀ ਨਾਲ ਜੋ ਧੂੜ ਦੇ ਅੰਬਾਰ ਉਠਦੇ ਹਨ, ਸਮੁੰਦਰੀ ਪਾਣੀ ਹੋਰ ਖਾਰਾ ਹੋ ਜਾਂਦਾ ਹੈ ਅਤੇ ਪਾਣੀ ਜਿੰਨਾ ਵੱਧ ਖਾਰਾ ਹੋਵੇਗਾ ਵਾਸ਼ਪੀਕਰਣ ਦਾ ਅਮਲ ਉਨਾ ਹੀ ਮੱਠਾ ਹੋਵੇਗਾ। ਕੀ ਇਹ ਸਾਡੇ ਮੌਨਸੂਨ ਨੂੰ ਪ੍ਰਭਾਵਿਤ ਕਰਨ ਦਾ ਕਾਰਨ ਤਾਂ ਨਹੀਂ?

ਚੀਨ ਦੇ ਮੌਸਮ ਵਿਭਾਗ ਦੇ ਇਕ ਉਚ ਵਿਗਿਆਨਕ ਨੇ ਚੇਤਾਵਨੀ ਦਿੱਤੀ ਹੈ ਕਿ ਖਾੜੀ ਦੇ ਇਲਾਕੇ ’ਚ ਤੇਲ ਦੇ ਖੂਹ ਜਲਣ ਨਾਲ ਹਿੰਦ ਮਹਾਂਸਾਗਰ ਤੇ ਅਰਬ ਦੀ ਖਾੜੀ ਦੀ ਜਲਵਾਯੂ ਪ੍ਰਭਾਵਿਤ ਹੋਈ ਹੈ। ਜਰਮਨੀ ਦੇ ਕੋਲੋਨ ਸ਼ਹਿਰ ਦੇ ਖੋਜੀਆਂ ਨੇ ਅਨੁਮਾਨ ਲਾਇਆ ਹੈ ਕਿ ਇਰਾਕ ਯੁੱਧ ਕਾਰਨ ਅਫਗਾਨਿਸਤਾਨ ਤੇ ਤੁਰਕੀ ਦੀ ਹਵਾ ਦੀ ਗੁਣਵੰਣਤਾ ’ਚ ਫਰਕ ਆ ਸਕਦਾ ਹੈ। ਵੈਸੇ ਕੁਝ ਸਾਲ ਪਹਿਲਾਂ ਰਾਸ਼ਟਰ ਸੰਘ ਦੇ ਵਾਤਾਵਰਣ ਪ੍ਰੋਗਰਾਮ ਨੇ ਇਸ ਇਲਾਕੇ ਦੀ ਵਾਯੂ ਗੁਣਵੰਣਤਾ ’ਤੇ ਖੋਜ ਕਰਨ ਦਾ ਸੁਝਾਅ 2003 ’ਚ ਦਿੱਤਾ ਸੀ। ਪਿਛਲੇ ਕੁਝ ਸਾਲਾਂ ਤੇ ਗੁਜਰਾਤ ਦੇ ਸਮੁੰਦਰੀ ਤੱਟ ’ਤੇ ਵੱਡੀ ਗਿਣਤੀ ’ਚ ਮੱਛੀਆਂ ਦੇ ਮਰਨ ਦੀਆਂ ਖਬਰਾਂ ਆ ਰਹੀਆਂ ਹਨ। ਕੀ ਅਜਿਹਾ ਖਾੜੀ ਦੇ ਦੇਸ਼ਾਂ ’ਚ ਖਪਤ ਹੋਏ ਜ਼ਹਿਰੀਲੇ ਰਸਾਇਣਾ ਜਾਂ ਵੱਡੀ ਮਾਤਰਾ ’ਚ ਤੇਲ ਦੇ ਸਮੁੰਦਰੀ ਪਾਣੀ ’ਚ ਰਿਸ ਜਾਣ ਕਰਕੇ ਹੋਇਆ? ਖੋਜ ਅਜੇ ਬਾਕੀ ਹੈ। ਪਰ ਇਹ ਅੰਦਾਜਾ ਲਾਉਣਾ ਔਖਾ ਨਹੀਂ ਹੈ ਕਿ ਸਮੁੰਦਰੀ ਪਾਣੀ ’ਚ ਆਕਸੀਜਨ ਘਟ ਜਾਣ ਨਾਲ ਸਮੁੰਦਰੀ ਜੀਵ ਜੰਤੂ ਨਸ਼ਟ ਹੋਣ ਲੱਗਦੇ ਹਨ। ਨਾਲ ਹੀ ਅਜਿਹੇ ਸਮੁੰਦਰੀ ਪਾਣੀ ’ਚ ਵਾਸ਼ਪੀਕਰਨ ਦੀ ਇਹ ਪ੍ਰਕ੍ਰਿਆ ਘਟਦੀ ਨਹੀਂ ਜੋ ਮੌਨਸੂਨ ਬਣਨ ਦਾ ਮੁੱਖ ਕਾਰਨ ਹੈ। ਭਾਰਤੀ ਵਿਗਿਆਨਕਾਂ ਦਾ ਧਿਆਨ ਵੀ ਇਰਾਕ ਯੁੱਧ ਦੇ ਜਲਵਾਯੂ ਪ੍ਰਭਾਵਾਂ ’ਤੇ ਨਹੀਂ ਕੀਤਾ ਹੈ ਪਰ ਏਨਾ ਤਹਿ ਹੈ ਕਿ ਜਲਵਾਯੂ ਪ੍ਰੀਵਰਤਨ ਤੋਂ ਅੱਗੇ ਚੱਲ ਕੇ ਫਸਲਾਂ ਦੀ ਪੈਦਾਵਾਰ ਤੇ ਗੰਭੀਰ ਅਸਰ ਪਵੇਗਾ। ਇਸ ਸਾਲ ਪਏ ਸੋਕੇ ਤੇ ਟੁੱਟਵੀ ਵਰਖਾ ਇਸ ਗੱਲ ਦਾ ਸੰਕੇਤ ਹੈ ਕਿ ਭਵਿੱਖ ’ਚ ਜਲਵਾਯੂ ਪ੍ਰੀਵਰਤਨ ਭਾਰਤੀ ਅਰਥਚਾਰੇ ਨੂੰ ਤਹਿਸ ਨਹਿਸ ਕਰ ਸਕਦਾ ਹੈ। ਇਰਾਕ ਯੁੱਧ ਦੇ ਵਾਤਾਵਰਣੀ ਪ੍ਰਭਾਵਾਂ ’ਤੇ ਰਾਸ਼ਟਰ ਸੰਘ ਨੇ ਇਕ ਰਿਪੋਰਟ ਜਾਰੀ ਕਰਨ ਦਾ ਐਲਾਨ ਕੀਤਾ ਸੀ ਪਰ ਕਿਹਨਾਂ ਕਾਰਨਾਂ ਕਰਕੇ ਐਸਾ ਨਹੀਂ ਹੋਇਆ।

# ਵਾਤਾਵਰਣ ਬਚਾਉਣ ਲਈ ਪੂੰਜੀਵਾਦ ਦਾ ਵਿਨਾਸ਼ ਜ਼ਰੂਰੀ

ਮੌਜੂਦਾ ਆਰਥਕ ਸੰਕਟ ਸਮੇਂ ਵਾਤਾਵਰਣ ਦੇ ਮੁੱਦੇ ਦਾ ਮੁੱਖ ਤੌਰ 'ਤੇ ਉੱਠਣਾ ਥੋੜ੍ਹਾ ਅਜੀਬੋ ਗਰੀਬ ਲੱਗਦਾ ਹੈ। ਇਹ ਸੰਕਟ ਵਿੱਤੀ ਖੇਤਰ ਸਟੇਬਾਜੀ ਤੋਂ ਪੈਦਾ ਹੋਇਆ ਸੀ ਜੋ ਪਿੱਛੋਂ ਪੈਦਾਵਾਰ ਤੇ ਵੰਡ ਦੇ ਖੇਤਰ ਤਕ ਫੈਲ ਗਿਆ। ਸਰਮਾਏਦਾਰੀ ਜਮਾਤ ਇਸ ਸੰਕਟ ਨਾਲ ਨਿਪਟਣ ਦੀ ਕੋਸ਼ਿਸ਼ ਕਰ ਰਹੀ ਹੈ। ਫਿਰ ਇਸ ਵਿੱਚ ਵਾਤਾਵਰਣ ਦਾ ਮੁੱਦਾ ਕਿਥੋਂ ਆ ਗਿਆ? ਅਸਲ 'ਚ ਇਹ ਸੰਕਟ ਏਨਾ ਵਿਆਪਕ ਸੀ ਕਿ ਇਸ ਨੇ ਨਾ ਸਿਰਫ ਸਮੁੱਚੀ ਵਿਸ਼ਵੀ ਅਰਥ ਵਿਵਸਥਾ ਨੂੰ ਆਪਣੀ ਲਪੇਟ 'ਚ ਲੈ ਲਿਆ ਬਲਕਿ ਜਦ ਇਸ ਦੇ ਹੱਲ ਦੀ ਗੱਲ ਉੱਠੀ ਤਾਂ ਵਿਸ਼ਵੀ ਅਰਥਚਾਰੇ ਦੀ ਪੂਰੀ ਬਣਤਰ ਤੇ ਇਸ ਦੇ ਭਵਿੱਖ ਸਬੰਧੀ ਗੱਲ ਕੀਤੇ ਬਿਨਾਂ ਇਸ ਦਾ ਕੋਈ ਮਤਲਬ ਨਹੀਂ ਸੀ ਅਤੇ ਜਦ ਮਸਲਾ ਸਮੁੱਚੇ ਅਰਥਚਾਰੇ ਦੇ ਭਵਿੱਖ ਦਾ ਹੋਵੇ ਤਦ ਵਾਤਾਵਰਣ ਦੇ ਮੁੱਦੇ ਨੇ ਸਾਹਮਣੇ ਆਉਣਾ ਹੀ ਸੀ। ਪਿਛਲੇ ਕੁਝ ਦਹਾਕਿਆਂ ਤੋਂ ਧਰਤੀ ਦੇ ਵਾਤਾਵਰਣ ਵਿਨਾਸ਼ ਦਾ ਮਸਲਾ ਮੁੱਖ ਤੌਰ 'ਤੇ ਉਠਦਾ ਰਿਹਾ ਹੈ। ਖਾਸ ਕਰਕੇ ਵਿਸ਼ਵੀ ਗਰਮਾਹਟ (ਗਲੋਬਲ ਵਾਰਮਿੰਗ) ਦਾ ਇਹ ਸਪੱਸ਼ਟ ਹੁੰਦਾ ਗਿਆ ਹੈ ਕਿ ਵਿਸ਼ਵੀ ਪੂੰਜੀਵਾਦ ਨੇ ਪਹਿਲਾਂ ਹੀ ਧਰਤੀ ਦੇ ਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚਾ ਦਿੱਤਾ ਹੈ ਅਤੇ ਦੁਨੀਆਂ ਇਸ ਰੂਪ 'ਚ ਬਹੁਤ ਜ਼ਿਆਦਾ ਸਮੇਂ ਤੱਕ ਚੱਲ ਹੀ ਨਹੀਂ ਸਕਦੀ। ਧਰਤੀ ਦੇ ਵਾਤਾਵਰਣ ਤੇ ਇਸ ਦੇ ਨਾਲ ਮਾਨਵ ਜੀਵਨ ਨੂੰ ਬਚਾਉਣ ਲਈ ਕੁਝ ਨਾ ਕੁਝ ਕਰਨਾ ਲਾਜ਼ਮੀ ਹੋ ਗਿਆ ਹੈ ਪਰ ਕੀਤਾ ਕੀ ਜਾਵੇ? ਸਮੱਸਿਆ ਦਾ ਹੱਲ ਇਸ 'ਤੇ ਨਿਰਭਰ ਕਰਦਾ ਹੈ ਕਿ ਇਸ ਦਾ ਕਾਰਨ ਕੀ ਹੈ? ਧਰਤੀ ਦੇ ਵਾਤਾਵਰਣ ਵਿਨਾਸ਼ ਦੇ ਕਾਰਨਾ ਦਾ ਨਿਰਧਾਰਿਨ ਇਸ ਲਈ ਮਹੱਤਵਪੂਰਨ ਹੋ ਗਿਆ। ਪੂੰਜੀਵਾਦੀ ਪ੍ਰਬੰਧ ਦੇ ਸਮਰਥਕਾਂ ਲਈ ਇਹ ਮੰਨਣਾ ਸੰਭਵ ਨਹੀਂ ਹੈ ਕਿ ਧਰਤੀ ਦੇ ਵਾਤਾਵਰਣ ਵਿਨਾਸ਼ ਦਾ ਕਾਰਨ ਉਸ 'ਚ ਮੁਨਾਫੇ ਦਾ ਕੇਂਦਰ ਵਿੱਚ ਹੋਣਾ ਹੈ। ਇਸ ਲਈ ਮੁਨਾਫੇ ਦੀ ਅਰਧ ਜਾਗੀਰ ਅਰਧ ਬਸਤੀਵਾਦੀ ਵਿਵਸਥਾ ਦੇ ਬਦਲੇ ਉਹਨਾਂ ਨੇ ਉਦਯੋਗੀਕਰਨ ਨੂੰ ਨਿਸ਼ਾਨਾ ਬਣਾਇਆ। ਉਹਨਾਂ ਕਿਹਾ ਕਿ ਸਨਅਤੀ ਪ੍ਰਬੰਧ ਦੀ ਉਤਪਤੀ ਸਮੇਂ ਤੋਂ ਹੀ ਕੁਦਰਤੀ ਸਾਧਨਾਂ ਦਾ ਜੋ ਘਾਣ ਹੋਇਆ ਹੈ ਅਤੇ ਜਿਸ ਤਰ੍ਹਾਂ ਬੇਰੋਕਟੋਕ ਪ੍ਰਦੂਸ਼ਣ ਫੈਲਾਇਆ ਗਿਆ ਹੈ। ਖਾਸ ਕਰਕੇ ਕੋਲੇ ਤੇ ਤੇਲ ਦੀ ਵਰਤੋਂ ਰਾਹੀਂ ਉਸ ਨੇ ਹੀ ਧਰਤੀ ਦੇ ਵਾਤਾਵਰਣ ਨੂੰ ਨਸ਼ਟ ਕੀਤਾ ਹੈ। ਇਸ ਲਈ ਧਰਤੀ ਤੇ ਜੀਵਨ ਨੂੰ ਬਚਾਉਣ ਦਾ ਇਹ ਤਰੀਕਾ ਹੈ ਕਿ ਕੁਦਰਤੀ ਸਾਧਨਾਂ ਦਾ ਘਾਣ ਘੱਟ ਕੀਤਾ ਜਾਵੇ ਅਤੇ ਪ੍ਰਦੂਸ਼ਣ 'ਤੇ ਰੋਕ ਲਾਈ ਜਾਵੇ ਖਾਸ ਕਰਕੇ ਊਰਜਾ ਦੀ ਵਰਤੋਂ ਘੱਟ ਕੀਤੀ ਜਾਵੇ। ਪਰ ਪੂੰਜੀਵਾਦੀ ਵਿਵਸਥਾ ਦੇ ਦਾਇਰੇ 'ਚ ਇਹ ਕੀਤਾ ਕਿਵੇਂ ਜਾਵੇ? ਇਹ ਤਾਂ ਖੁੱਲ੍ਹੇ ਮੁਕਾਬਲੇ ਦਾ ਪ੍ਰਬੰਧ ਹੈ ਤਾਂ ਫਿਰ ਰੋਕ ਕਿਵੇਂ ਲੱਗੇ ਵਿਕਸਤ ਦੇਸ਼ ਜਿਸ ਜੀਵਨ ਪੱਧਰ ਨੂੰ ਹਾਸਲ ਕਰ ਚੁੱਕੇ ਹਨ ਉਸ ਨੂੰ ਬਣਾਈ ਰੱਖਦਿਆਂ ਇਹ ਕਿਵੇਂ ਕੀਤਾ ਜਾਏ? ਦੂਜੇ ਪਾਸੇ ਪਛੜੇ ਦੇਸ਼ ਉਸ ਪੱਧਰ ਨੂੰ ਹਾਸਲ ਕਰਨ ਲਈ ਕੋਸ਼ਿਸ਼ ਕਰ ਰਹੇ ਹਨ। ਅਜਿਹੇ 'ਚ ਵਾਤਾਵਰਣ 'ਤੇ ਇਸਦੇ

ਪ੍ਰਭਾਵ ਨੂੰ ਕਿਵੇਂ ਘੱਟ ਕੀਤਾ ਜਾਵੇ? ਇਹਨਾਂ ਸਾਰੇ ਸੁਆਲਾਂ ਦਾ ਜੁਆਬ ਉਸ ਤਰ੍ਹਾਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਵੇਂ ਪੂੰਜੀਵਾਦ 'ਚ ਹਮੇਸ਼ਾ ਹੁੰਦਾ ਹੈ-ਇਕ ਤਾਂ ਮੁਕਾਬਲਤਨ ਤਾਕਤ ਦੇ ਜ਼ੋਰ 'ਤੇ ਦੂਜਾ ਬਾਜ਼ਾਰ ਰਾਹੀਂ ਸਾਮਰਾਜੀ ਦੇਸ਼ ਭਲੀ-ਭਾਂਤੀ ਜਾਣਦੇ ਹਨ ਕਿ ਧਰਤੀ ਦੇ ਵਾਤਾਵਰਣ ਦੇ ਵਿਨਾਸ਼ ਲਈ ਮੁੱਖ ਤੌਰ 'ਤੇ ਉਹ ਹੀ ਜ਼ਿੰਮੇਵਾਰ ਹਨ। ਉਹਨਾਂ ਨੇ ਪਿਛਲੇ ਦੋ ਢਾਈ ਸੌ ਸਾਲ 'ਚ ਧਰਤੀ ਨੂੰ ਇਥੋਂ ਤਕ ਪਹੁੰਚਾਇਆ ਹੈ। ਪਰ ਉਹ ਇਸ ਨੂੰ ਨਹੀਂ ਮੰਨਣਾ ਚਾਹੁੰਦੇ। ਦੂਜੇ ਪਾਸੇ ਉਹ ਆਪਣਾ ਜੀਵਨ ਪੱਧਰ ਵੀ ਨਹੀਂ ਘਟਾਉਣਾ ਚਾਹੁੰਦੇ। ਸੰਯੁਕਤ ਰਾਜ ਅਮਰੀਕਾ ਦੀ ਆਬਾਦੀ ਸੰਸਾਰ ਦੀ ਸਿਰਫ 5 ਫੀਸਦੀ ਹੈ ਜਦ ਕਿ ਉਹ ਕੁਲ 25 ਫੀਸਦੀ ਊਰਜਾ ਦੀ ਵਰਤੋਂ ਕਰਦਾ ਹੈ।

ਇਸ ਦੇ ਨਾਲ ਹੀ ਵਿਕਸਤ ਸਾਮਰਾਜੀ ਦੇਸ਼ ਨਹੀਂ ਚਾਹੁੰਦੇ ਕਿ ਪਿਛਲੇ ਸਰਮਾਏਦਾਰ ਦੇਸ਼ ਉਹਨਾਂ ਦੀ ਬਰਾਬਰੀ ਕਰਨ। ਇਸ ਲਈ ਇਹ ਵਾਤਾਵਰਣ ਰਾਖੀ ਦੇ ਨਾਂ 'ਤੇ ਐਸੀਆਂ ਨੀਤੀਆਂ ਪ੍ਰਸਤਾਵਿਤ ਕਰ ਰਹੇ ਹਨ ਜਿਸ ਨਾਲ ਨਾ ਸਿਰਫ ਉਹਨਾਂ ਦਾ ਜੀਵਨ ਪੱਧਰ ਬਰਕਰਾਰ ਰਹੇ ਬਲਕਿ ਪਿਛੜੇ ਦੇਸ਼ ਅੱਗੇ ਨਾ ਵਧ ਸਕਣ। ਭਾਰਤ-ਚੀਨ ਵਰਗੇ ਪਿਛੜੇ ਦੇਸ਼ਾਂ ਦੇ ਦਲਾਲ ਸਰਮਾਏਦਾਰ ਇਸ ਗੱਲ ਨੂੰ ਸਮਝਦੇ ਹਨ। ਇਸ ਲਈ ਉਹ ਇਸ ਤਰ੍ਹਾਂ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹਨ। ਉਹ ਕਹਿੰਦੇ ਹਨ ਕਿ ਤਰੱਕੀ ਕਰਨਾ ਉਹਨਾਂ ਦਾ ਵੀ ਅਧਿਕਾਰ ਹੈ। ਬਾਜ਼ਾਰ ਵਿਵਸਥਾ ਰਾਹੀਂ ਹਰ ਚੀਜ਼ ਸੰਚਾਲਿਤ ਕਰਨ ਦੇ ਕਾਰਨ ਪੂੰਜੀਪਤੀ ਦਲਾਲ ਜਮਾਤ ਵਾਤਾਵਰਣ ਦੀ ਰਾਖੀ 'ਚ ਵੀ ਬਾਜ਼ਾਰ ਨੂੰ ਹੀ ਲਿਆਉਣਾ ਚਾਹੁੰਦੀ ਹੈ। ਇਕ ਲੰਮੇ ਸਮੇਂ ਤੋਂ ਸਰਮਾਏਦਾਰੀ ਜਮਾਤ ਇਹੀ ਕਹਿੰਦੀ ਰਹੀ ਹੈ ਕਿ ਬਾਜ਼ਾਰ ਖੁਦ ਵਾਤਾਵਰਣ ਦੀ ਚਿੰਤਾ ਕਰ ਲਵੇਗਾ। ਯਾਨੀ ਬਾਜ਼ਾਰ ਰਾਹੀਂ ਹੀ ਵਾਤਾਵਰਣ ਵਿਨਾਸ਼ ਦਾ ਕੋਈ ਨਾ ਕੋਈ ਹੱਲ ਨਿਕਲ ਆਵੇਗਾ। ਪਰ ਹੁਣ ਜਦ ਕਿ ਇਹ ਗੱਲ ਭਿਅੰਕਰ ਰੂਪ 'ਚ ਗਲਤ ਸਾਬਿਤ ਹੋ ਚੁੱਕੀ ਹੈ ਤਦ ਸਰਮਾਏਦਾਰ ਜਮਾਤ ਮਜ਼ਬੂਰ ਹੈ ਕਿ ਕੁਝ ਹੋਰ ਕਰੇ। ਪਰ ਉਦਾਰੀਕ੍ਰਿਤ ਪੂੰਜੀਵਾਦ ਦੇ ਇਸ ਦੌਰ 'ਚ ਕੀ ਇਹ ਸੰਭਵ ਹੈ ਕਿ ਇਸ ਸਭ ਕੁਝ ਵਿਚ ਬਾਜ਼ਾਰ ਕੋਈ ਭੂਮਿਕਾ ਅਦਾ ਨਾ ਕਰੇ? ਇਹ ਸੰਭਵ ਨਹੀਂ ਹੈ। ਜਦ ਇਸ ਤਰ੍ਹਾਂ ਦੀ ਗੱਲ ਉਠਣ ਲੱਗੀ ਕਿ ਦੇਸ਼ ਆਪਣੇ ਇਥੇ ਕਾਰਬਨ ਉਤਸਰਜਨ ਦੀ ਮਾਤਰਾ ਕੰਟਰੋਲ ਕਰੇ ਤਾਂ ਕਾਰਬਨ ਦਾ ਵਪਾਰ ਹੀ ਸ਼ੁਰੂ ਹੋ ਗਿਆ। ਇਸ ਦਾ ਕੁਲ ਮਤਲਬ ਇਹ ਸੀ ਕਿ ਬਹੁਕੌਮੀ ਕੰਪਨੀਆਂ ਜਿੱਥੇ ਚਾਹੁਣ ਉਥੇ ਪ੍ਰਦੂਸ਼ਣ ਤਬਦੀਲ ਕਰ ਸਕਣ। ਕਹਿਣ ਦੀ ਗੱਲ ਨਹੀਂ ਕਿ ਇਸ ਦਾ ਸ਼ਿਕਾਰ ਪਿਛਲੇ ਦੇਸ਼ਾਂ ਨੇ ਹੀ ਬਣਨਾ ਹੈ। ਵਿਕਸਤ ਸਾਮਰਾਜੀ ਦੇਸ਼ ਜਿੰਨਾ ਪ੍ਰਦੂਸ਼ਣ ਮੁਕਤ ਹੋਣਗੇ। ਪਿਛੜੇ ਦੇਸ਼ ਉਨ੍ਹਾਂ ਹੀ ਪ੍ਰਦੂਸ਼ਿਤ ਹੁੰਦੇ ਜਾਣਗੇ। ਸਰਮਾਏਦਾਰੀ ਜਮਾਤ ਤੇ ਸਾਮਰਾਜੀ ਵਿਵਸਥਾ ਅਜਿਹੇ ਹੀ ਹੱਲ ਪੇਸ਼ ਕਰਦੇ ਹਨ ਰਹੀ ਅਸਲ ਹੱਲ ਦੀ ਗੱਲ ਤਾਂ ਮੁਨਾਫੇ ਦੀ ਹਵਸ਼ ਨਾਲ ਅੰਨਿਆਂ ਤੋਂ ਇਲਾਵਾ ਹਰ ਕੋਈ ਅਸਾਨੀ ਨਾਲ ਵੇਖ ਸਕਦਾ ਹੈ ਕਿ ਵਾਤਾਵਰਣ ਵਿਨਾਸ ਦਾ ਅਸਲੀ ਕਾਰਨ ਖੁਦ ਮੁਨਾਫਾ ਪ੍ਰਧਾਨ ਪ੍ਰਬੰਧ ਹੀ ਹੈ। ਇਸ ਦਾ ਕਾਰਨ ਸਨਅਤੀਕਰਨ ਨਹੀਂ ਬਲਕਿ ਮੁਨਾਫੇ ਲਈ ਬਲੇਗਾਮ ਅਰਾਜਕ ਉਤਪਾਦਨ ਹੈ। ਜੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਮਕਸਦ ਨਾ ਹੋਵੇ ਤਾਂ ਐਸੀ ਤਕਨੀਕ ਦੀ ਕਾਢ ਤੇ ਵਰਤੋਂ ਕੀਤੀ ਜਾ ਸਕਦੀ ਹੈ ਜੋ ਪ੍ਰਦੂਸ਼ਣ ਨੂੰ ਬਹੁਤ ਸੀਮਤ ਕਰ ਦੇਵੇ। ਇਸ ਤਰ੍ਹਾਂ

ਸਮਾਜ ਦੇ ਨਿਯੋਜਿਤ ਉਤਪਾਦਨ ਨਾਲ ਕੁਦਰਤੀ ਸਾਧਨਾਂ ਦੀ ਬੇਲਗਾਮ ਲੁੱਟ ਨੂੰ ਰੋਕਿਆ ਜਾ ਸਕਦਾ ਹੈ। ਇਸ ਚੇਤਨਾ ਦੇ ਨਾਲ ਕਿ ਮਨੁੱਖ ਕੁਦਰਤ ਦਾ ਅਨਿੱਖੜਵਾਂ ਅੰਗ ਹੈ, ਇਹਨਾਂ ਸਾਧਨਾ ਦੀ ਇਸ ਤਰ੍ਹਾਂ ਵਰਤੋਂ ਕੀਤੀ ਜਾ ਸਕਦੀ ਹੈ ਜੋ ਇਸ ਦੀ ਦੂਰਗਾਮੀ ਉਪਲੱਭਤਾ ਯਕੀਨੀ ਬਣਾਵੇ। ਇਸ ਤਰ੍ਹਾਂ ਵਿਗਿਆਨਕ ਤਕਨੀਕ ਦੀ ਵਰਤੋਂ ਨਾਲ ਨਵੇਂ ਤੇ ਸਿਹਤਮੰਦ ਊਰਜਾ ਸਰੋਤਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕੀਤਾ ਜਾ ਸਕਦਾ ਹੈ। ਪਰ ਇਹ ਸਿਰਫ ਪੂੰਜੀਵਾਦ ਦੇ ਖਾਤਮੇ ਦੇ ਨਾਲ ਹੀ ਕੀਤਾ ਜਾ ਸਕਦਾ। ਧਰਤੀ ਦੇ ਵਾਤਾਵਰਣ ਤੇ ਇਸ 'ਤੇ ਜੀਵਨ ਨੂੰ ਬਚਾਉਣ ਦਾ ਇਹੀ ਇਕੋ ਇਕ ਰਾਹ ਹੈ।

# ਧਰਤੀ ਦਾ ਵਧਦਾ ਪਾਰਾ ਵਾਤਾਵਰਣ ਨੂੰ ਖ਼ਤਰਾ ਕਿਵੇਂ?

ਧਰੁਵਾਂ 'ਤੇ ਪਿਘਲਦੀ ਬਰਫ਼ ਜ਼ਮੀਨ ਤੇ ਘਟਦਾ ਪਾਣੀ ਜੰਗਲਾਂ 'ਚ ਫੈਲਦੀ ਅੱਗ ਤੇ ਵਿਗੜਦਾ ਕੁਦਰਤੀ ਚੱਕਰ ਜਲਵਾਯੂ 'ਚ ਆ ਰਹੇ ਤਬਦੀਲੀਆਂ ਨਾਲ ਦੁਨੀਆਂ ਅੱਜ ਜਿੰਨੀ ਚਿੰਤਤ ਹੈ ਉਨੀ ਪਹਿਲਾਂ ਕਦੇ ਨਹੀਂ ਸੀ। ਕੋਪਨਹੇਗਨ ਸੰਮੇਲਨ ਤੋਂ ਪਹਿਲਾਂ ਕੁਦਰਤ ਦੀਆਂ ਚੇਤਾਵਨੀਆਂ ਨੂੰ ਸੁਣਨਾ ਅਤੇ ਠੋਸ ਕਦਮ ਉਠਾਉਣਾ ਸਭ ਦੇਸ਼ਾਂ ਲਈ ਜ਼ਰੂਰੀ ਹੋ ਗਿਆ ਹੈ। ਧਰਤੀ ਦਾ ਵਧਦਾ ਤਾਪਮਾਨ, ਸਮੁੰਦਰਾਂ 'ਚ ਚੜ੍ਹਦਾ ਪਾਣੀ ਪਹਾੜਾਂ 'ਚ ਪਿਘਲਦੇ ਹਿੰਮਖੰਡ, ਸੁਕਦੇ ਜੇਲ ਸਰੋਤ ਅਤੇ ਪੈਰ ਹੇਠਾਂ ਗਾਇਬ ਹੁੰਦੀ ਬਨਸਪਤੀ। ਵਿਸ਼ਵ ਮੌਸਮ ਸੰਸਥਾ ਨੇ ਆਉਣ ਵਾਲੀ ਦੁਨੀਆਂ ਦਾ ਇਕ ਭਿਅੰਕਰ ਚਿੱਤਰ ਖਿੱਚਿਆ ਹੈ। ਉਸ ਅਨੁਸਾਰ ਓਜੇਨ ਦੀ ਪਰਤ ਦੇ ਛੇਦ ਪਿਛਲੇ ਸਾਲ ਅੱਠ ਫੀਸਦੀ ਅਧਿਕ ਵਧ ਗਏ ਸਨ। ਹਾਲ ਦੀ 'ਚ ਸ਼ਿਕਾਗੋ ਵਿੱਚ ਆਯੋਜਿਤ ਤੇਰਵੀਂ 'ਸਟੇਟ ਆਫ ਦਾ ਫਿਊਚਰ 2009' ਰਿਪੋਰਟ ਵਿੱਚ ਜਲਵਾਯੂ ਤਬਦੀਲੀ ਅਤੇ ਉਸ ਤੋਂ ਹੋਣ ਵਾਲੇ ਦੂਰ ਪ੍ਰਭਾਵਾਂ ਦੀ ਵਿਸ਼ੇਸ਼ ਚਰਚਾ ਕੀਤੀ ਗਈ ਹੈ। 'ਮਿਲੇਨੀਅਮ ਪ੍ਰੋਜੈਕਟ' ਵਾਸ਼ਿੰਗਟਨ ਸਥਿਤ ਇਕ ਕੌਮਾਂਤਰੀ ਸਵੈ ਇੱਛਕ ਸੰਸਥਾ ਹੈ ਅਤੇ 'ਥਿਕਟੈਂਕ' ਦਾ ਨਾਂ ਹੈ ਜੋ ਆਪਣੇ ਅਧਿਐਨਾਂ ਦੇ ਅਧਾਰ 'ਤੇ ਹਰ ਸਾਲ ਇਕ 'ਸਟੇਟ ਆਫ਼ ਦਾ ਫਿਊਚਰ' ਰਿਪੋਰਟ ਦੁਨੀਆਂ ਦੇ ਸਾਹਮਣੇ ਰੱਖਦੀ ਹੈ। ਇਸ ਸਾਲ ਇਸ ਰਿਪੋਰਟ 'ਚ ਦੁਨੀਆਂ 'ਚ ਪਾਣੀ ਦੀ ਸਮੱਸਿਆ 'ਤੇ ਖਾਸ ਤੌਰ 'ਤੇ ਫੋਕਸ ਕੀਤਾ ਗਿਆ ਹੈ। ਵਿਸ਼ਵ ਮੌਸਮ ਸੰਸਥਾ ਦੀ 'ਲੇਵਿੰਗ ਪਲੇਟੇਨ ਰਿਪੋਰਟ 2008' ਅਨੁਸਾਰ ਸੈਟੇਲਾਈਟ ਚਿਤਰਾਂ ਵਿੱਚ ਪਾਇਆ ਗਿਆ ਕਿ ਸਾਗਰ ਦੇ ਪਾਣੀ ਦਾ ਪੱਧਰ 1933 ਤੋਂ ਹੁਣ ਤੱਕ 3.3 ਮਿ. ਮੀ. ਪ੍ਰਤੀ ਸਲਾਨਾ ਦੀ ਰਫ਼ਤਾਰ ਨਾਲ ਵਧਦਾ ਰਿਹਾ ਹੈ ਅਤੇ ਅੱਧੀ ਸਦੀ ਦੌਰਾਨ ਇਹ ਦੁੱਗਣੀ ਹੋ ਚੁੱਕੀ ਹੈ। 'ਗਲੋਬਲ ਹਿਊਮਨਟੈਰੀਅਨ ਫੋਰਮ' ਦਾ ਅਨੁਮਾਨ ਹੈ ਕਿ 2030 ਦੇ ਆਉਂਦੇ ਆਉਂਦੇ ਸੰਸਾਰ ਦੇ 66 ਕਰੋੜ ਲੋਕ ਜਲਵਾਯੂ ਤਬਦੀਲੀ ਨਾਲ ਸਿੱਧੇ ਪ੍ਰਭਾਵਿਤ ਹੋ ਜਾਣਗੇ ਅਤੇ 3400 ਅਰਬ ਡਾਲਰ ਦਾ ਆਰਥਕ ਨੁਕਸਾਨ ਉਠਾਉਣਾ ਪਵੇਗਾ। ਸਾਗਰ ਦੇ ਵਧਦੇ ਪਾਣੀ ਨਾਲ ਮਾਲਦੀਵ ਤੇ ਬੰਗਲਾ ਦੇਸ਼ ਵਰਗੇ ਛੋਟੇ ਦੇਸ਼ਾਂ ਦੇ ਤੱਟੀ ਖੇਤਰਾਂ ਦਾ ਬਹੁਤ ਸਾਰਾ ਹਿੱਸਾ ਪਾਣੀ 'ਚ ਡੁੱਬ ਜਾਵੇਗਾ। ਦਸੰਬਰ 'ਚ ਕੋਪਨਹੇਗਨ 'ਚ ਹੋਣ ਵਾਲੇ 'ਜਲਵਾਯੂ ਸੰਮੇਲਨ' ਤੋਂ ਪਹਿਲਾਂ ਹਾਲ ਹੀ ਵਿੱਚ ਸੰਯੁਕਤ ਰਾਸ਼ਟਰ ਦੇ ਮਹਾਂ ਸਦਿਵ ਬਾਨ ਦੀ ਮੂਨ ਨੇ ਸੰਕਟ ਗ੍ਰਸਿਤ ਅਰਾਮਦਾਇਕ ਖੇਤਰ ਦਾ ਦੌਰਾ ਕੀਤਾ ਅਤੇ ਉਥੋਂ ਦੁਨੀਆਂ ਭਰ ਦੇ ਦੇਸ਼ਾਂ ਨੂੰ ਵਾਤਾਵਰਣ ਬਚਾਉਣ ਲਈ ਚੇਤਾਵਨੀ ਭਰੇ ਸੰਦੇਸ਼ ਭੇਜੇ। ਅਰਾਮਦਾਇਕ ਦੌਰ ਵਿੱਚ ਤੋਂ ਵਾਪਸ ਮੁੜਦਿਆਂ 3 ਸਤੰਬਰ ਨੂੰ ਸਿੱਧੇ ਜੈਨੇਵਾ ਪਹੁੰਚੇ। ਜਿਥੇ 'ਵਿਸ਼ਵ-ਲਵਾਯੂ ਤਬਦੀਲੀ ਤੇ ਸੰਮੇਲਨ ਚੱਲ ਰਿਹਾ ਸੀ। ਮੂਨ ਨੇ ਇਕ ਵਾਰ ਉਥੇ ਹਾਜਰ ਦੁਨੀਆਂ ਭਰ ਦੇ ਨੇਤਾਵਾਂ ਤੇ ਵਾਤਾਵਰਣ ਕਰਮੀਆਂ ਨੂੰ ਜਲਵਾਯੂ ਪ੍ਰੀਵਰਤਨ ਦੇ ਖਤਰਿਆਂ ਨਾਲ ਨਿਪਟਣ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਮੂਨ ਨੇ ਕਿਹਾ, "ਮੈਂ ਹਾਲ 'ਚ ਆਰਕਟਿਕ ਦੌਰੇ 'ਤੇ ਵਾਪਸ ਆਇਆ ਹਾਂ ਅਤੇ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖ ਕੇ ਆਇਆ ਹਾਂ। ਉਥੇ ਗਲੇਸ਼ੀਅਰ ਖਤਮ ਹੋ ਰਹੇ ਹਨ। ਜੇ ਸਥਿਤੀ ਐਸੀ

ਹੀ ਰਹੀ ਤਾਂ 2030 ਤੱਕ ਆਰਕਟਿਕ ਬਰਫਹੀਣ ਹੋ ਜਾਵੇਗਾ। ਮੈਂ ਪਿਛਲੇ ਕਈ ਸਾਲਾਂ ’ਚ ਦੁਨੀਆਂ ਭਰ ’ਚ ਘੁੰਮਦਾ ਰਿਹਾ ਹਾਂ ਅਤੇ ਇਸ ਨਤੀਜੇ ’ਤੇ ਪਹੁੰਚਿਆ ਹਾਂ ਕਿ ਲਗਭਗ ਹਰ ਥਾਂ ਵਾਤਾਵਰਣ ਸੰਕਟ ਵਿੱਚ ਹੈ। ਹੁਣ ਕੋਪਨਹੇਗਨ ਵਾਰਤਾ ’ਚ ਤਿੰਨ ਮਹੀਨਿਆਂ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਬਾਤਚੀਤ ਤੇ ਸੁਲਾਹ ਲਈ ਸਾਡੇ ਕੋਲ ਸਿਰਫ 15 ਦਿਨ ਦਾ ਸਮਾਂ ਹੈ। ਜਿਹਨਾਂ ’ਚ ਅਸੀਂ ਕਈ ਜਟਿਲ ਮੁੱਦੇ ਸੁਲਝਾਉਣੇ ਹਨ। ਸਮਾਂ ਤੇਜੀ ਨਾਲ ਬੀਤ ਰਿਹਾ ਹੈ ਪਰ ਹੁਣ ਤਕ ਅਸੀਂ ਕੋਈ ਮਜ਼ਬੂਤ ਸਮਝੌਤਾ ਤਿਆਰ ਨਹੀਂ ਕਰ ਸਕੇ ਹਾਂ। ਇਹ ਬਹੁਤ ਕਸ਼ਟਦਾਇਕ ਤੇ ਨਿਰਾਸ਼ਾਜਨਕ ਹੈ।

ਦੁਨੀਆਂ ਭਰ ’ਚ ਸੈਂਕੜੇ ਵਾਤਾਵਰਣ ਪ੍ਰੇਮੀ, ਸੈਂਕੜੇ ਸਵੈ ਸੇਵੀ ਸੰਗਠਨ ਤੇ ਵਾਤਾਵਰਣ ਕਰਮੀ ਵਾਤਾਵਰਣ ਸੰਕਟ ਸਬੰਧੀ ਪਿਛਲੇ ਕਈ ਸਾਲਾਂ ਤੋਂ ਅੰਦੋਲਨ ਕਰ ਰਹੇ ਹਨ। ਲੰਬੇ ਸਮੇਂ ਤੱਕ ਇਸ ਸੰਕਟ ਸਬੰਧੀ ਟਾਲਮਟੋਲ ਹੁੰਦੀ ਰਹੀ। ਪਰ ਆਈ. ਪੀ. ਸੀ. ਸੀ. (ਇੰਟਗ੍ਰੇਟਿਡ ਪੈਨਲ ਆਨ ਕਲਾਈਮੇਟ ਚੇਂਜ) ਦੀ ਰਿਪੋਰਟ ਪਿਛੋਂ ਵੀ ਇਸ ਦਿਸ਼ਾ ’ਚ ਕੋਈ ਠੋਸ ਪ੍ਰਗਤੀ ਨਹੀਂ ਹੋ ਸਕੀ। ਜਦ ਕਿ ਇਸ ਰਿਪੋਰਟ ਨੂੰ ਜਲਵਾਯੂ ਪ੍ਰੀਵਰਤਨ ਦੇ ਸੰਕਟ ਦਾ ‘ਮੈਨਾ ਕਾਰਟਾ’ ਮੰਨਿਆ ਜਾ ਸਕਦਾ ਹੈ। ਇਹ ਰਿਪੋਰਟ ਪਿੱਛੋਂ ਇਹ ਗੱਲ ਸਾਬਤ ਹੋ ਗਈ ਹੈ ਕਿ ਜੇ ਸਮੇਂ ਸਿਰ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਜਲਵਾਯੂ ਪ੍ਰੀਵਰਤਨ ਇਸ ਸਦੀ ਦਾ ਸਭ ਤੋਂ ਵੱਡਾ ਸਰਾਪ, ਸਭ ਤੋਂ ਵੱਡਾ ਪ੍ਰਕੋਪ ਬਣ ਸਕਦਾ ਹੈ। ਇਕ ਅਜਿਹਾ ਪ੍ਰਕੋਪ ਜਿਸ ਨਾਲ ਦੁਨੀਆਂ ਦਾ ਕੋਈ ਵਿਅਕਤੀ, ਜੰਤੂ ਜਾਂ ਕੋਈ ਵਸਤੂ ਅਛੂਤ ਨਹੀਂ ਰਹਿ ਸਕਦੀ ਹੈ। 1991 ਦੇ ਖਾੜੀ ਯੁੱਧ ਦੌਰਾਨ ਖਾੜੀ ਵਿੱਚ ਫੈਲੇ ਤੇਲ ਨਾਲ ਭਰੇ ਇਕ ਸਮੁੰਦਰੀ ਪੰਛੀ ਦੀ ਤਸਵੀਰ ਨੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਇਹ ਪੰਛੀ ਯੁੱਧ ਨਾਲ ਵਾਤਾਵਰਣ ਦੇ ਵਿਨਾਸ਼ ਦਾ ਪ੍ਰਤੀਕ ਜਿਹਾ ਬਣਿਆ ਸੀ। ਇਸ ਦੇ ਕੁਝ ਹਫਤੇ ਬਾਅਦ ਹਾਰ ਦੀ ਦਹਿਲੀਜ਼ ਤੇ ਖੜ੍ਹੇ ਸਦਾਮ ਹੁਸੈਨ ਨੇ ਕੁਵੈਤ ਦੇ ਤੇਲ ਦੇ ਖੂਹਾਂ ਵਿੱਚ ਅੱਗ ਲਾ ਕੇ ਕੁਦਰਤੀ ਸਰੋਤਾਂ ਦੇ ਵਿਨਾਸ਼ ਦੀ ਖੇਡ ਖੇਡੀ ਸੀ। ਤਦ ਤੋਂ ਹੁਣ ਤਕ ਇਰਾਕ ’ਚ ਜੋ ਸੰਸਾਰ ਦੀਆਂ ਪ੍ਰਾਚੀਨ ਸੰਸਥਾਵਾਂ ’ਚੋਂ ਇਕ ਹੋ ਰਿਹਾ ਹੈ। ਵਾਤਾਵਰਣ ਦੀ ਏਨੀ ਹਾਨੀ ਹੋਈ ਹੈ ਕਿ ਮਾਹਰਾਂ ਦਾ ਕਹਿਣਾ ਹੈ ਕਿ ਉਸ ਦੀ ਪੂਰਤੀ ਕਰਨ ’ਚ ਕੁਝ ਸ਼ਤਾਬਦੀਆਂ ਲੱਗ ਸਕਦੀਆਂ ਹਨ। ਯੂ. ਐਨ. ਈ. ਪੀ. (ਕੌਮੀ ਸੰਘ ਵਾਤਾਵਰਣ ਪ੍ਰੋਗਰਾਮ) ਅਨੁਸਾਰ 1990 ਤੋਂ ਹੁਣ ਤਕ 18 ਐਸੀਆਂ ਲੜਾਈਆਂ ਹੋਈਆਂ ਹਨ ਜੋ ਸਿੱਧੇ ਉਹਨਾਂ ਦੇਸ਼ਾਂ ਦੇ ਕੁਦਰਤੀ ਸਰੋਤਾਂ ਨਾਲ ਜੁੜੀਆਂ ਸਨ। ਇਸ ਦੌਰਾਨ ਦੁਨੀਆਂ ਭਰ ’ਚ 2500 ਛੋਟੀਆਂ ਵੱਡੀਆਂ ਕੁਦਰਤੀ ਆਫਤਾਂ ਆਈਆਂ ਹਨ ਜਿਹਨਾਂ ਨਾਲ 20 ਕਰੋੜ ਲੋਕ ਪ੍ਰਭਾਵਿਤ ਹੋਏ ਹਨ। ਤੱਥਾਂ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਕੁਦਰਤੀ ਆਫਤਾਂ ਦੀ ਤੈਦਾਦ ਤੇ ਤੀਬਰਤਾ ਬਰਾਬਰ ਵਧਦੀ ਰਹੀ ਹੈ। 2008 ’ਚ ਵੀ ਸੰਸਾਰ ਭਰ ’ਚ 354 ਕੁਦਰਤੀ ਆਫਤਾਂ ਘਟਿਤ ਹੋਈਆਂ ਜਿਹਨਾਂ ਨਾਲ ਸਾਢੇ 31 ਕਰੋੜ ਲੋਕ ਪ੍ਰਭਾਵਿਤ ਹੋਏ। ਧਿਆਨ ਦੇਣ ਦੀ ਗੱਲ ਇਹ ਹੈ ਕਿ ਇਹਨਾਂ ’ਚ 80 ਫੀਸਦੀ ਸਦੀ ਲੋਕ ਏਸ਼ੀਆ ਦੇ ਸਨ। ਦੋ ਮਹਾਂ ਸ਼ਕਤੀਆਂ ਵਿਚਕਾਰ ਸ਼ੀਤ ਯੁੱਧ ਵੀਹਵੀਂ ਸਦੀ ਦੇ ਬਹੁਤੇ ਭਾਗ ’ਤੇ ਛਾਇਆ ਰਿਹਾ। ਮੰਨਿਆ ਜਾਂਦਾ ਹੈ ਕਿ ਇਕੀਵੀਂ ਸਦੀ ‘ਊਸ਼ਣ ਯੁੱਧ’ ਦਾ ਸ਼ਿਕਾਰ ਹੋ ਗਈ। ‘ਊਸ਼ਣ ਯੁੱਧ’ ਯਾਨੀ ਗਲੋਬਲ ਵਾਰਮਿੰਗ ਦੇ ਪ੍ਰਭਾਵਾਂ ਨਾਲ ਪ੍ਰੇਰਿਤ ਜਾਂ ਉਤੇਜਿਤ ਯੁੱਧ ਸਾਗਰਾਂ

ਦੇ ਚੜ੍ਹਦੇ ਪਾਣੀ ਨਾਲ ਤਰਸਿਦ ਲੋਕ ਦੂਜੀਆਂ ਥਾਵਾਂ 'ਤੇ ਜਾਣ ਲੱਗੇ ਤਾਂ ਯੁੱਧ ਦੀ ਸਥਿਤੀ ਬਣ ਸਕਦੀ ਹੈ। ਇਸ ਤੋਂ ਵੀ ਵੱਡਾ ਖਤਰਾ ਹੈ ਕਿ ਜਲ ਸਰੋਤਾਂ 'ਤੇ ਅਧਿਕਾਰ ਦੀ ਲੜਾਈ ਅਤੇ ਫਿਰ ਕੁਦਰਤੀ ਆਫਤਾਂ ਨਾਲ ਪ੍ਰਭਾਵਿਤ ਲੋਕਾਂ ਦਾ ਦੇਸ਼ ਦਾ ਇਕ ਤੋਂ ਦੂਜੇ ਦੇਸ਼ 'ਚ ਹਿਜਰਤ ਦੀ ਹਿੰਸਕ ਅਮਲ। ਦਾਰਫੁਰ ਅਤੇ ਇਰਾਕ ਵਿੱਚ ਇਹਨਾਂ ਖਤਰਿਆਂ ਦੀ ਪਹਿਲਾਂ ਸੂਚਨਾ ਸਾਨੂੰ ਪਹਿਲਾਂ ਹੀ ਮਿਲ ਚੁੱਕੀ ਹੈ। 'ਜੇਨੇਵਾ ਕਨਵੈਨਸ਼ਨ' ਦੇ ਪਹਿਲੇ ਹੀ ਪ੍ਰੋਟੋਕੋਲ ਦੇ ਤਹਿਤ ਵਾਤਾਵਰਣ ਨੂੰ ਯੁੱਧ ਦੇ ਪ੍ਰਭਾਵਾਂ ਤੋਂ ਮੁਕਤ ਕਰਨ ਦੀ ਗੱਲ ਜ਼ਰੂਰ ਕਹੀ ਗਈ। ਪਰ ਅਕਸਰ ਅਜਿਹਾ ਹੁੰਦਾ ਨਹੀਂ। ਕੌਮੀ ਸੰਘ ਜਨਰਲ ਸਕੱਤਰ ਬਾਨ ਕੀ ਮੂਨ ਨੇ ਪਿਛਲੇ ਨਵੰਬਰ ਵਿੱਚ ਮੰਨਿਆ ਕਿ ਫੌਜਾਂ ਅਕਸਰ ਜਾਣ ਬੁੱਝ ਕੇ ਵਾਤਾਵਰਣ ਨੂੰ ਹਰਜਾ ਪਹੁੰਚਾਉਂਦੀਆਂ ਹਨ ਤਾਂ ਕਿ ਦੁਸ਼ਮਣ ਨੂੰ ਹੋਰ ਲਾਚਾਰ ਬਣਾਇਆ ਜਾ ਸਕੇ। ਹੁਣ ਸੁਆਲ ਇਹ ਪੈਦਾ ਹੋ ਗਿਆ ਹੈ ਕਿ ਦਾਰਫੁਰ ਅਫ਼ਗਾਨਿਸਤਾਨ ਜਾਂ ਇਰਾਕ 'ਚ ਸ਼ਾਂਤੀ ਪਹਿਲਾਂ ਲਿਆਂਦੀ ਜਾ ਸਕਦੀ ਹੈ ਜਾਂ ਕਿ ਵਾਤਾਵਰਣ ਦੇ ਵਿਕਾਸ ਨੂੰ ਪਹਿਲਾਂ ਠੀਕ ਕੀਤਾ ਜਾਣਾ ਚਾਹੀਦਾ ਹੈ। ਇਹ ਸੁਆਲ ਇਸ ਲਈ ਵੱਡਾ ਹੈ ਕਿ ਪਹਿਲੇ ਬਗੈਰ ਦੂਜਾ ਅਤੇ ਦੂਜੇ ਬਗੈਰ ਪਹਿਲਾਂ ਕੰਮ ਕਰ ਸਕਣਾ ਕਾਫ਼ੀ ਦੁੱਭਰ ਹੈ। ਜਲਵਾਯੂ ਤਬਦੀਲੀ ਦੇ ਖਤਰੇ ਪ੍ਰਤੀ ਅਮਰੀਕਾ ਦੇ ਆਚਰਣ ਦਾ ਵੀ ਬਹੁਤ ਰੋਲ ਸਾਹਮਣੇ ਆਇਆ ਹੈ। ਇਸ ਮੁਤਾਬਕ ਦੋ ਤਿੰਨ ਸਾਲ ਪਹਿਲਾਂ ਅਮਰੀਕਾ ਦੇ ਉਸ ਵੇਲੇ ਦੇ ਰਾਸ਼ਟਰਪਤੀ ਜਾਰਜ ਬੁਸ਼ ਦੀ ਸਰਕਾਰ ਨੇ ਜਲਵਾਯੂ ਤਬਦੀਲੀ ਨਾਲ ਸਬੰਧਤ ਕੁਝ ਮਹੱਤਵਪੂਰਨ ਸੂਚਨਾਵਾਂ ਨੂੰ ਦੁਨੀਆਂ ਤੋਂ ਛੁਪਾਈ ਰੱਖਿਆ। ਇੰਗਲੈਂਡ ਦੇ 'ਗਾਰਜਿਅਨ' ਦੈਨਿਕ ਨੇ ਪਿਛਲੀ 26 ਜੁਲਾਈ ਨੂੰ ਇਸ ਆਸ ਨਾਲ ਇਕ ਖ਼ਬਰ ਪ੍ਰਕਾਸ਼ਿਤ ਕੀਤੀ ਹੈ ਕਿ ਸਾਲ 2006 ਤੇ 2007 'ਚ ਅਮਰੀਕਾ ਦੇ ਜਸੂਸੀ ਉਪਗ੍ਰਹਿਆਂ ਨੇ ਅਲਾਸਕਾ ਤੇ ਆਰਕਟਿਕ ਦੇ ਪਿਘਲੇ ਤੇ ਗਾਇਬ ਹੋ ਚੁੱਕੇ ਹਿਮਾਨਾਦਾਂ ਦੀਆਂ ਤਸਵੀਰਾਂ ਕੈਮਰੇ 'ਚ ਬੰਦ ਕੀਤੀਆਂ ਗਈਆਂ ਸਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਆਰਕਟਿਕ ਤੇ ਅਲਾਸਕਾ 'ਚ ਸਾਲ 2006 ਦੀਆਂ ਗਰਮੀਆਂ ਵਿੱਚ ਵੱਡੀ ਮਾਤਰਾ 'ਚ ਗਲੇਸ਼ੀਅਰ ਪਿਘਲੇ ਸਨ। ਕੁਝ ਹੋਰ ਤਸਵੀਰਾਂ ਨੂੰ ਵੇਖਣ ਤੋਂ ਸਪੱਸ਼ਟ ਹੈ ਕਿ ਆਰਕਟਿਕ 'ਚ 2007 ਦੀ ਗਰਮੀ ਦੌਰਾਨ ਲੱਖਾਂ ਕਿਲੋਮੀਟਰ ਗਲੇਸ਼ੀਅਰ ਪਿਘਲ ਕੇ ਗਾਇਬ ਹੋ ਗਏ। ਜਾਹਿਰ ਹੈ ਕਿ ਇਹ ਤਸਵੀਰਾਂ ਵਧਦੇ ਤਾਪਮਾਨ ਤੇ ਜਲਵਾਯੂ ਪ੍ਰੀਵਰਤਨ ਦੇ ਤਾਜਾ ਸਬੂਤ ਹੋ ਸਕਦੀਆਂ ਹਨ। ਪਰ ਅਮਰੀਕਾ ਨੇ ਇਹਨਾਂ ਨੂੰ ਦੁਨੀਆਂ ਨੂੰ ਨਹੀਂ ਵਿਖਾਇਆ। ਸ਼ਾਇਦ ਉਸ ਨੂੰ ਡਰ ਰਿਹਾ ਹੋਵੇਗਾ ਕਿ ਤਸਵੀਰਾਂ ਜਨਤਕ ਹੋਣ ਪਿੱਛੋਂ ਉਸ ਉਪਰ ਕਯੋਤੀ ਪ੍ਰੋਟੋਕੋਲ ਨੂੰ ਲਾਗੂ ਕਰਾਉਣ ਲਈ ਕੌਮਾਂਤਰੀ ਦਬਾਅ ਵਧ ਸਕਦਾ ਹੈ। ਇਸ ਰਿਪੋਰਟ ਅਨੁਸਾਰ ਕਿਵੇਂ ਅਮਰੀਕਾ ਹਾਲ ਦੇ ਸਾਲਾਂ 'ਚ ਜਲਵਾਯੂ ਤੇ ਵਾਤਾਵਰਣ ਦੇ ਖੋਜ ਸੰਸਥਾਵਾਂ ਤੇ ਸਰਵੇਖਣ ਦੇ ਪ੍ਰੋਜੈਕਟਾਂ ਤੋਂ ਕਤਰਾ ਰਿਹਾ ਹੈ। ਹਾਲ ਦੀ ਘੜੀ ਜਦ ਸਭ ਦੀਆਂ ਨਿਗਾਹਾਂ ਦਸੰਬਰ 2009 'ਚ ਕੋਪਨ ਹੇਗਨ 'ਚ ਹੋਣ ਵਾਲੇ 'ਜਲਵਾਯੂ ਪ੍ਰੀਵਰਤਨ' 'ਤੇ ਕੌਮਾਂਤਰੀ ਸੰਮੇਲਨ 'ਤੇ ਟਿਕੀਆਂ ਹਨ ਉਮੀਦ ਕੀਤੀ ਜਾ ਸਕਦੀ ਹੈ ਕਿ ਕੋਪਨਹੇਗਨ ਦਾ ਸਿੱਟਾ ਪਹਿਲੀ ਵਾਰ ਦੇ ਜਪਾਨ ਸੰਮੇਲਨ ਤੋਂ ਬੇਹਤਰ ਹੋਵੇਗਾ। ਜਪਾਨ ਸਮਝੌਤੇ ਨੂੰ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੇ ਲਾਗੂ ਕਰਨ ਤੋਂ ਵੀ ਮਨਾ ਕਰ ਦਿੱਤਾ ਸੀ। ਇਸ ਵਾਰ ਉਮੀਦ ਇਸ 'ਤੇ ਟਿਕੀ ਹੈ ਕਿ ਰਾਸ਼ਟਰਪਤੀ ਓਬਾਮਾ

ਦੇ ਰਹਿੰਦਿਆਂ ਅਮਰੀਕਾ ਦਾ ਰਵੱਈਆ ਦਾਦਾਗਿਰੀ ਦੀ ਬਜਾਏ ਸਮਝਦਾਰੀ ਵਾਲਾ ਹੋਵੇਗਾ। ਅਮੀਰ ਦੇਸ਼ ਸਮਝਣ ਲੱਗੇ ਹਨ ਕਿ ਸਿਰਫ ਸੀਮਾ ਸੁਆਰਥਾਂ 'ਤੇ ਹੀ ਕੇਂਦਰਿਤ ਰਹਿ ਕੇ ਕੰਮ ਨਹੀਂ ਚੱਲੇਗਾ, ਇਕ ਸਹਿਮਤੀ ਬਣਾਉਣੀ ਪੈਣੀ ਹੈ। ਫਿਰ ਵੀ ਗ੍ਰੀਨ ਹਾਊਸ ਗੈਸਾਂ (ਜੀ. ਐਮ. ਜੀ.) ਦੇ ਵਿਸ਼ੇ 'ਤੇ ਵਿਆਪਕ ਸਹਿਮਤੀ ਕੋਈ ਆਸਾਨ ਕੰਮ ਨਹੀਂ ਹੈ। ਹਮੇਸ਼ਾ ਦੀ ਤਰ੍ਹਾਂ ਇਕ ਟੇਡਾ ਪ੍ਰਸ਼ਨ ਹੈ ਕਿ ਲਛਮਣ ਰੇਖਾ ਕਿਥੇ ਖਿੱਚੀ ਜਾਵੇ। ਕੁਝ ਲੋਕਾਂ ਦਾ ਕਹਿਣਾ ਹੈ ਕਿ 450 ਪੀ. ਪੀ. ਐਮ (ਯਾਨੀ ਕਣ ਪ੍ਰਤੀ ਮਿਲੀਅਨ) ਕਾਰਬਨ ਡਾਈਆਕਸਾਈਡ ਦਾ ਫੈਲਾਅ ਆਈ. ਪੀ. ਸੀ. ਸੀ. ਏ. ਦੁਆਰਾ ਤਹਿ ਅਨੁਮਾਨਾਂ ਤੋਂ ਕਿਤੇ ਵੱਧ ਰਫ਼ਤਾਰ ਨਾਲ ਵਧਦਾ ਰਿਹਾ ਹੈ। ਰੋਜਾਨਾ ਤਿੰਨ ਕਰੋੜ ਟਨ ਕਾਰਬਨ ਡਾਈਆਕਸਾਈਡ ਧਰਤੀ ਦੇ ਸਮੁੰਦਰੀ ਪਾਣੀ 'ਚ ਸਮਾਹਿਤ ਹੁੰਦੀ ਹੈ। ਇਸ ਨਾਲ ਇਹ ਦਾਇਰਾ ਬਰਾਬਰ ਵਧਦਾ ਜਾ ਰਿਹਾ ਹੈ ਜਿਥੇ ਜੀਵਨ ਚਲ ਨਹੀਂ ਸਕਦਾ ਪਿਘਲਦੇ ਹਿੰਮ ਖੰਡਾ ਤੇ ਫੈਲਦੀ ਸਾਗਰ ਸੀਮਾ ਵਿਚਕਾਰ ਸਲਾਨਾ 36 ਹਕਟੇਅਰ ਜੰਗਲ ਧਰਤੀ ਤੋਂ ਗਾਇਬ ਹੋ ਰਹੇ ਹਨ। ਇਸ ਰਫਤਾਰ ਨਾਲ ਹਿਮਾਲਿਆ ਦੇ ਹਿਮਖੰਡ 2030 ਤਕ ਪਿਘਲ ਸਕਦੇ ਹਨ। ਹਰ ਸਾਲ 3 ਲੱਖ ਲੋਕਾਂ ਦੀ ਮੌਤ ਹੋਵੇਗੀ। ਸੀਮਾ ਨੂੰ ਹਰ ਸਾਲ 1250 ਅਰਬ ਡਾਲਰ ਦਾ ਨੁਕਸਾਨ ਉਠਾਉਣਾ ਪੈਂਦਾ ਹੈ। ਚੀਨ ਸੰਸਾਰ ਦਾ ਸਭ ਤੋਂ ਵੱਧ CO2 ਬਣਾਉਣ ਵਾਲਾ ਦੇਸ਼ ਹੈ। ਸਾਡੀ ਆਬਾਦੀ 100 ਕਰੋੜ ਹੈ। ਅਸੀਂ ਉਨੀ ਪ੍ਰਤੀ ਵਿਅਕਤੀ ਦੁਨੀਆਂ ਗ੍ਰੀਨ ਹਾਊਸ ਗੈਸਾਂ ਉਤਸਰਜ ਨਹੀਂ ਕਰਦੇ ਜਿੰਨੀਆਂ ਅਮਰੀਕਾ ਕਰਦਾ ਹੈ। ਸਹੀ ਗੱਲ ਇਹ ਹੈ ਕਿ ਹਿੰਮਖੰਡਾ ਦਾ ਪਿਘਲਣ ਨਦੀਆ ਦਾ ਪ੍ਰਦੂਸ਼ਣ, ਜੰਗਲਾਂ ਦਾ ਕੱਟਣਾ ਸਾਡੇ ਵੀ ਵਧਦਾ ਜਾ ਰਿਹਾ ਹੈ ਤੇ ਇਸ ਬਾਰੇ ਦੂਰਗਾਮੀ ਕਦਮ ਉਠਾਉਣੇ ਪੈਣਗੇ। ਜੇ ਨਦੀਆਂ ਨਾਲ ਤੇ ਸੋਕੇ ਕਾਰਨ ਭੂ ਤੱਲ ਦਾ ਪਾਣੀ ਵੀ ਘਟਣ ਲੱਗੇ ਤਾਂ ਕੀ ਹੋਵੇਗਾ। ਉਤਰ ਭਾਰਤ 'ਚ ਪਾਣੀ ਦੇ ਪ੍ਰਦੂਸ਼ਣ ਦੀ ਸਮੱਸਿਆ ਵਿਕਰਾਲ ਹੈ। ਗੰਗਾ ਤੇ ਸਿੰਧੂ ਸੰਸਾਰ ਦੀਆਂ ਸਭ ਤੋਂ ਵੱਧ ਪ੍ਰਦੂਸ਼ਿਤ ਨਦੀਆਂ ਹਨ। ਜਮੁਨਾ ਦੀ ਹਾਲਤ ਵੀ ਤਰਸਯੋਗ ਹੈ। ਅੱਜ ਚੀਨ ਦੇ 70 ਫੀਸਦੀ ਤੋਂ ਵੱਧ ਜਲ ਸ੍ਰੋਤ ਪ੍ਰਦੂਸ਼ਿਤ ਹਨ। 90 ਫੀਸਦੀ ਧਰਤੀ ਹੇਠਲੇ ਪਾਣੀ ਸ੍ਰੋਤ ਵੀ ਗੰਧਲੇ ਹੋ ਗਏ ਹਨ। ਚੀਨ ਦੀਆਂ ਇਕ ਤਿਹਾਈ ਨਦੀਆਂ ਝੀਲਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। 10 ਸਾਲਾਂ ਤਕ ਇਹ ਸੰਕਟ ਹੋਰ ਡੂੰਘਾ ਹੋ ਜਾਵੇਗਾ। 'ਸਟੇਟ ਆਫ਼ ਦ ਫਿਊਚਰ 2009' ਰਿਪੋਰਟ ਕਹਿੰਦੀ ਹੈ ਕਿ ਭਾਰਤ ਕੋਲ ਵਿਸ਼ਵ ਦੀ 17 ਫੀਸਦੀ ਅਬਾਦੀ ਹੈ। ਉਪਰੋਂ ਜਲ ਸ੍ਰੋਤਾਂ ਦਾ ਪ੍ਰਦੂਸ਼ਣ ਤੇ ਪਾਣੀ ਦੀ ਅੰਧਾਧੁੰਦ ਵਰਤੋਂ ਦੀ ਸਮੱਸਿਆ। ਮਾਹਰਾਂ ਦਾ ਕਹਿਣਾ ਹੈ ਕਿ ਭਾਰਤ 'ਚ ਸ਼ਹਿਰੀ ਪਾਣੀ ਦੀ ਮੰਗ 2005 ਤੱਕ ਦੁੱਗਣੀ ਹੋ ਜਾਵੇਗੀ ਤੇ ਸਨਅਤੀ ਪਾਣੀ ਦੀ ਤਿੱਗਣੀ।

# ਕਿਉਂ ਪਿਘਲ ਰਹੇ ਹਨ ਗਲੇਸ਼ੀਅਰ?

ਧਰਤੀ ਦੇ ਖੁਸ਼ਹਾਲ ਪ੍ਰਦੂਸ਼ਣ ਪੀੜਤ ਧਰੁਵੀ ਭਾਲੂ ਦੁੱਧ ਚੁੰਘਾਉਣ ਵਾਲੇ ਹੋ ਚੁੱਕੇ ਹਨ। ਬੱਚੇ ਜੰਮਣ ਲਈ ਸ਼ੁੱਕੀ ਜ਼ਮੀਨ ਭਾਲ ਰਹੀਆਂ ਹਨ ਮਾਦਾ ਧਰੁਵੀ ਭਾਲੂ। ਚਿੜਚੜੇ ਅਤੇ ਹਮਲਾਵਰ ਹੋ ਰਹੇ ਹਨ ਅਲਾਸਕਾ ਕੈਨੇਡਾ ਗਲੇਸ਼ੀਅਰ ਦੇ ਸਫੈਦ ਭਾਲੂ। ਕਈ ਧਰੁਵੀ ਪ੍ਰਾਣੀਆਂ ਦੀ ਹੋਂਦ ਖਤਰੇ ਵਿੱਚ ਹੈ। ਇਹ ਗਲੇਸ਼ੀਅਰ ਖੇਤਰ ਤੋਂ ਆਉਣ ਵਾਲੀਆਂ ਕੁਝ ਖਬਰਾਂ ਦੇ ਸਿਰਲੇਖ ਹਨ। ਪਰ ਪਿਛਲੇ 25 ਅਗਸਤ ਦੀ ਦੁਨੀਆਂ ਦੇ ਵਾਤਾਵਰਣ ਪ੍ਰੇਮੀ ਉਸ ਵਕਤ ਹੈਰਾਨ ਹੋ ਗਏ ਜਦ ਇੰਗਲੈਂਡ ਤੇ ਅਮਰੀਕਾ ਦੇ ਕੁਝ ਵਿਗਿਆਨਕਾਂ ਨੇ ਇਕ ਖੋਜ ਪਿੱਛੋਂ ਕਿਹਾ ਕਿ ਧਰੁਵੀ ਭਾਲੂ ਦਾ ਸਾਈਜ਼ ਤੇ ਵਜਨ ਲਗਾਤਾਰ ਘੱਟ ਹੋ ਰਿਹਾ ਹੈ। ਵਿਗਿਆਨੀਆਂ ਨੇ ਕਿਹਾ ਕਿ ਪਿਛਲੇ ਇਕ ਸੌ ਸਾਲਾਂ ਵਿੱਚ ਧਰੁਵੀ ਭਾਲੂਆਂ ਦੇ ਦਿਮਾਗ ਦਾ ਵਜਨ 9 ਫੀਸਦੀ ਘਟਿਆ ਹੈ। ਗਲੇਸ਼ੀਅਰ ਦੇ ਕਾਰਨ ਬਰਫੀਲੇ ਖੇਤਰ ਦੇ ਜੰਤੂਆਂ ਨੂੰ ਆਪਣੀ ਹੋਂਦ ਦੀ ਰਾਖੀ ਲਈ ਕਾਫੀ ਸੰਘਰਸ਼ ਕਰਨਾ ਪੈ ਰਿਹਾ ਹੈ। ਇਸ ਖੋਜ ਪਿੱਛੋਂ ਇਹ ਸੁਆਲ ਵੀ ਉਠਣ ਲੱਗਿਆ ਹੈ ਉਹਨਾਂ ਦਾ ਸੁਭਾਵਿਕ ਵਿਕਾਸ ਵੀ ਹੋ ਰਿਹਾ ਹੈ। ਇਸ ਖੋਜ ਪਿੱਛੋਂ ਇਹ ਸੁਆਲ ਵੀ ਉਠਣ ਲੱਗਿਆ ਹੈ ਕਿ ਕੀ ਵਾਤਾਵਰਣ ਅਸੰਤੁਲਨ ਹੁਣ ਜੰਤੂਆਂ ਜੀਵਾਂ ਦੀ ਜੀਨ ਬਣਤਰ ਨੂੰ ਵੀ ਪ੍ਰਭਾਵਿ ਕਰਨ ਲੱਗਿਆ ਹੈ। ਇਸ ਦਾ ਜੁਆਬ ਫਿਲਹਾਲ ਕਿਸੇ ਕੋਲ ਨਹੀਂ ਹੈ ਹਾਲਾਂਕਿ ਜਿਵੇਂ-ਜਿਵੇਂ ਵਾਤਾਵਰਣ ਨਾਲ ਸਬੰਧਤ ਅਧਿਐਨ ਤੇ ਖੋਜ ਅੱਗੇ ਵਧ ਰਹੇ ਹਨ, ਦੇ ਨਤੀਜੇ ਭਿਅੰਕਰ ਹੁੰਦੇ ਜਾ ਰਹੇ ਹਨ। ਪ੍ਰਿਥਵੀ ਦੀ ਸਥਿਤੀ ਤੇ ਵਾਤਾਵਰਣ ’ਚ ਗਲੇਸ਼ੀਅਰਾਂ ਦੀ ਮਹੱਤਵਪੂਰਨ ਭੂਮਿਕਾ ਹੈ। ਗਲੇਸ਼ੀਅਰਾਂ ਦੇ ਸਿਮਟਣ ਦਾ ਅਸਰ ਸਿਰਫ਼ ਸਥਾਨਕ ਪ੍ਰਾਣੀਆਂ ਤੇ ਬਨਸਪਤੀਆਂ ’ਤੇ ਹੀ ਨਹੀਂ ਬਲਕਿ ਸਾਡੀ ਆਰਥਿਕ ਸਮਾਜਿਕ ਸਥਿਤੀ ’ਤੇ ਵੀ ਪੈਂਦਾ ਹੈ। ਇਸ ਕਾਰਨ ਸਮੁੰਦਰ ਦੇ ਪਾਣੀ ਦੇ ਪੱਧਰ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਫਿਲਹਾਲ ਸਮੁੰਦਰ ਦਾ ਜਲ ਪੱਧਰ ਔਸਤਨ 2.8 ਮਿਲੀਮੀਟਰ ਸਲਾਨਾ ਦੀ ਦਰ ਨਾਲ ਵਧ ਰਿਹਾ ਹੈ। ਜੇ ਇਹ ਅਮਲ ਚੱਲਦਾ ਰਿਹਾ ਤਾਂ ਆਉਣ ਵਾਲੇ ਪੰਜ ਦਸ ਦਹਾਕਿਆਂ ’ਚ ਕਈ ਛੋਟੇ ਟਾਪੂ ਦੇਸ਼ ਤੇ ਤੱਟੀ ਇਲਾਕੇ ਵੀ ਪਾਣੀ ’ਚ ਡੁੱਬ ਜਾਣਗੇ। ਹਾਲ ਵਿੱਚ ਹੀ ਯੂਨੀਵਰਸਿਟੀ ਕਾਲਜ ਲੰਦਨ ਦੇ ਪ੍ਰੋਫੈਸਰ ਡੰਕਨ ਵਿੰਗਹਮ ਦੀ ਅਗਵਾਈ ’ਚ ਕੁਝ ਵਾਤਾਵਰਣ ਵਿਗਿਆਨਕਾਂ ਨੇ ਆਰਕਟਿਕ ਖੇਤਰ ਦੇ ਵਿਸ਼ਾਲ ‘ਪਾਈਨ ਆਈਲੈਂਡ’ ਗਲੇਸ਼ੀਅਰ ਉਪਰ ਅਧਿਐਨ ਕੀਤਾ ਜਿਸ ਅਨੁਸਾਰ ਇਹ ਗਲੇਸ਼ੀਅਰ 16 ਮੀਟਰ ਸਲਾਨਾ ਦੀ ਦਰ ਨਾਲ ਸੁੰਗੜ ਰਿਹਾ ਹੈ। ਸੁੰਗੜਨ ਦੀ ਇਹ ਦਰ ਦਸ ਸਾਲ ਪਹਿਲਾਂ ਦੀ ਤੁਲਨਾ ’ਚ ਚਾਰ ਗੁਣਾ ਵੱਧ ਹੈ ਅਤੇ ਪਿਛਲੇ 15 ਸਾਲਾਂ ਵਿੱਚ ‘ਪਾਈਨ ਆਈ ਲੈਂਡ ਗਲੇਸ਼ੀਅਰ’ 90 ਮੀਟਰ ਸੁੰਗੜ ਰਿਹਾ ਹੈ। ਬਕੌਲ ਬਿੰਗਮ ‘ਵਾਤਾਵਰਣ ਅਸੰਤੁਲਨ ਦੇ ਮਾੜੇ ਸਿੱਟਿਆਂ ਤੋਂ ਅਸੀਂ ਕੁਝ ਹੱਦ ਤਕ ਵਾਕਿਫ ਹਾਂ ਅਤੇ ਜਾਣਦੇ ਹਾਂ ਕਿ ਕੁਦਰਤ ’ਚ ਬਹੁਤ ਸਾਰੀਆਂ ਚੀਜ਼ਾਂ ਗਾਇਬ ਹੋ ਰਹੀਆਂ ਹਨ। ਪਰ ਜਿਸ ਤੇਜ਼ ਰਫ਼ਤਾਰ ਨਾਲ ਪਾਈਨ ਆਈਲੈਂਡ ਗਲੇਸ਼ੀਅਰ ਘਟ ਰਿਹਾ ਹੈ ਉਹ ਚਿੰਤਾਜਨਕ ਹੈ। ਦੁਨੀਆਂ ’ਚ ਹੋਰ ਕੋਈ ਵੀ ਕੁਦਰਤੀ ਬਣਤਰ ਏਨੀ ਤੇਜ਼ੀ ਨਾਲ ਖਤਮ ਨਹੀਂ ਹੋ ਰਹੀ ਹੈ।’ ਕੁਝ

ਐਸੀ ਹੀ ਰਿਪੋਰਟ ਪਿਛਲੇ ਦਿਨੀਂ ਅਮਰੀਕਾ ਦੇ ਜਿਆਲੋਜੀਕਲ ਸਰਵੇ (UAAGM) ਨੇ ਜਾਰੀ ਕੀਤੀ। ਇਸ ਰਿਪੋਰਟ ਮੁਤਾਬਕ ਅਮਰੀਕਾ ਦੇ ਅਲਾਸਕਾ ਤੇ ਵਾਸ਼ਿੰਗਟਨ ਪ੍ਰਾਂਤਾਂ ਦੇ ਗਲੇਸ਼ੀਅਰ ਰਿਕਾਰਡ ਦਰ ਨਾਲ ਪਿਘਲ ਰਹੇ ਹਨ।

ਸੰਯੁਕਤ ਰਾਸ਼ਟਰ ਦੇ ਤਹਿਤ ਕੰਮ ਕਰਨ ਵਾਲੀ ਵਰਲਡ ਗਲੇਸ਼ੀਅਰ ਮਾਨਿਟਰਿੰਗ ਸਰਵਿਸ (WGMS) ਏਜੰਸੀ ਪਿਛਲੇ ਕਈ ਸਾਲਾਂ ਤੋਂ ਗਲੇਸ਼ੀਅਰਾਂ 'ਤੇ ਅਧਿਐਨ ਕਰ ਰਹੀ ਹੈ। ਇਸ ਨੇ ਕੁਝ ਸਮਾਂ ਪਹਿਲਾਂ ਦੁਨੀਆਂ ਭਰ ਦੇ ਗਲੇਸ਼ੀਅਰਾਂ ਦੀਆਂ ਸਥਿਤੀਆਂ 'ਤੇ ਇਕ ਵਿਸਥਾਰਿਤ ਰਿਪੋਰਟ ਜਾਰੀ ਕੀਤੀ ਸੀ। ਰਿਪੋਰਟ ਅਨੁਸਾਰ ਪਿਛਲੇ ਪੰਜ ਹਜ਼ਾਰ ਸਾਲਾਂ ਦੇ ਇਤਿਹਾਸ ਵਿੱਚ ਜਿੰਨੀ ਤੇਜ਼ੀ ਨਾਲ ਗਲੇਸ਼ੀਅਰ ਅੱਜ ਪਿਘਲ ਰਹੇ ਹਨ, ਉਨੀ ਤੇਜ਼ੀ ਨਾਲ ਪਹਿਲਾਂ ਕਦੇ ਨਹੀਂ ਪਿਘਲੇ ਸਨ। ਇਸ ਰਿਪੋਰਟ 'ਚ ਧਰੁਵੀ ਗਲੇਸ਼ੀਅਰਾਂ ਸਮੇਤ ਦੁਨੀਆਂ ਦੇ 30 ਵੱਡੇ ਗਲੇਸ਼ੀਅਰਾਂ ਦਾ ਸਰਵੇਖਣ ਕੀਤਾ ਗਿਆ ਹੈ। ਇਸ ਮੁਤਾਬਕ ਪਿਛਲੇ ਤੀਹ ਸਾਲਾਂ ਵਿੱਚ ਇਹਨਾਂ ਗਲੇਸ਼ੀਅਰਾਂ ਤੋਂ ਬਰਫ ਦਾ ਪਿਘਲਾਅ ਹੋਇਆ ਹੈ। ਸੰਨ 1950 ਤੋਂ 2006 ਵਿਚਕਾਰ ਦੁਨੀਆਂ ਭਰ ਦੇ ਗਲੇਸ਼ੀਅਰਾਂ ਦੀ ਮੋਟਾਈ ਵਿੱਚ 11.5 ਮੀਟਰ ਦੀ ਗਿਰਾਵਟ ਦਰਜ ਹੋਈ ਹੈ। ਇਹਨਾਂ ਵਿਚ ਧਰੁਵੀ ਗਲੇਸ਼ੀਅਰਾਂ ਤੋਂ ਇਲਾਵਾ ਮੱਧ ਤੇ ਉਤਰੀ ਕੋਰੀਆ ਉਤਰੀ ਤੇ ਦੱਖਣੀ ਅਮਰੀਕਾ ਮੱਧ ਯੂਰਪ, ਸਕੈਂਡਿਨਵਿਆ, ਨਿਊਗਿਨੀ, ਨਿਊਜ਼ੀਲੈਂਡ ਤੇ ਅਫਰੀਕਾ ਦੇ ਖੇਤਰੀ ਗਲੇਸ਼ੀਅਰ ਵੀ ਸ਼ਾਮਲ ਹਨ। ਯੂਰਪ 'ਚ ਸਥਿਤ ਆਲਪਸ ਨਾਰਵੇ ਦੇ ਬ੍ਰੇਡਲ ਵੀਰ ਜੀਆ ਤੋਂ ਪੁੱਛ ਲਉ ਅਤੇ ਫਰਾਂਸ ਦੇ ਔਸਾਈ ਗਲੇਸ਼ੀਅਰ ਦੀ ਸਥਿਤੀ ਤਾਂ ਬੇਹੱਦ ਚਿੰਤਾਜਨਕ ਹੋ ਗਈ ਹੈ। ਇਹ ਗਲੇਸ਼ੀਅਰ ਇਕ ਸਾਲ ਤੋਂ ਘੱਟ ਦੇ ਅਰਸੇ ਵਿੱਚ 3.1 ਮੀਟਰ ਤਕ ਪਤਲੇ ਹੋ ਗਏ ਹਨ। ਰਿਪੋਰਟ ਨੂੰ ਜਨਤਕ ਕਰਦਿਆਂ WGMS ਦੇ ਨਿਰਦੇਸ਼ਕ ਬਿਲਫ੍ਰੇਡ ਹਾਈਵਾਰਲੀ ਨੇ ਕਿਹਾ, ' ਇਹ ਵਿਸ਼ਵੀ ਤਾਪਮਾਨ ਵਾਧੇ ਦਾ ਦਹਾੜਦਾ ਸੰਕੇਤ ਹੈ। ਇਸ ਦੇ ਦੁਰਪ੍ਰਮਾਣ ਆਉਣ ਵਾਲੀਆਂ ਪੀੜੀਆਂ ਨੂੰ ਨਹੀਂ ਬਲਕਿ ਸਾਨੂੰ ਵੀ ਝਲਣੇ ਪੈਣਗੇ।

ਜਿਥੋਂ ਤੱਕ ਭਾਰਤੀ ਉਪ ਮਹਾਂਦੀਪ ਦੀ ਗੱਲ ਹੈ। ਇਥੋਂ ਦੇ ਗਲੇਸ਼ੀਅਰ ਵੀ ਤਾਪਮਾਨ ਵਾਧੇ ਦੀ ਮਾਰ ਨਾਲ ਨਹੀਂ ਬਚੇ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਗਲੇਸ਼ੀਅਰ ਵਿਗਿਆਨਕ ਡਾ. ਰਾਜੇਸ਼ ਕੁਮਾਰ ਦੀ ਪ੍ਰਧਾਨਗੀ 'ਚ ਵਿਗਿਆਨੀਆਂ ਦੀ ਇਕ ਟੀਮ ਪਿਛਲੇ 20 ਸਾਲਾਂ ਤੋਂ ਗੰਗੋਤਰੀ ਗਲੇਸ਼ੀਅਰ ਦਾ ਅਧਿਐਨ ਕਰ ਰਹੀ ਹੈ। ਡਾ. ਕੁਮਾਰ ਦਾ ਕਹਿਣਾ ਹੈ ਕਿ 'ਗੰਗੋਤਰੀ ਨਾਲ ਜੁੜਿਆ ਗਲੇਸ਼ੀਅਰ ਬੀਤੀਆਂ ਦੋ ਸਦੀਆਂ ਤੋਂ 10 ਮੀਟਰ ਸਲਾਨਾ ਦੀ ਰਫਤਾਰ ਨਾਲ ਘਟ ਰਿਹਾ ਹੈ। ਹੁਣ ਇਹ 30 ਮੀਟਰ ਸਲਾਨਾ ਦੀ ਦਰ ਨਾਲ ਪਿੱਛੇ ਖਿਸਕ ਰਿਹਾ ਹੈ। ਹਜ਼ਾਰਾਂ ਸਾਲ ਪਹਿਲਾਂ ਭਾਗੀਰਥੀ ਦਾ ਉਦਗਮ ਸਥਲ ਗੰਗੋਤਰੀ ਸੀ ਜੋ ਹੁਣ ਗੋਮੁੱਖ ਤਕ ਪਹੁੰਚ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਪਿੱਛੇ ਜਾ ਸਕਦਾ ਹੈ। ਵਰਨਣਯੋਗ ਹੈ ਕਿ ਹਿਮਾਲਿਆ 'ਚ ਲਗਭਗ ਇਕ ਹਜ਼ਾਰ ਗਲੇਸ਼ੀਅਰ ਹਨ। ਇਹਨਾਂ ਦੇ ਅਨੇਕਾਂ ਸਹਾਇਕ ਗਲੇਸ਼ੀਅਰ ਵੀ ਹਨ ਜਿਹਨਾਂ 'ਚ ਭੁਗਪੰਥ, ਰਕਤਵਨ ਚਤੁਰੰਗੀ ਤੇ ਮੇਰੂ ਵਰਗੇ ਗਲੇਸ਼ੀਅਰ ਤਾਂ ਹੁਣ ਕਾਫੀ ਪਿੱਛੇ ਖਿਸਕ ਗਏ ਹਨ। ਕਈ ਵਾਤਾਵਰਣ ਪ੍ਰੇਮੀਆਂ ਦੀ ਮੰਨਣਾ ਹੈ ਕਿ ਇਸ ਦੇ ਸਿੱਟੇ ਵਜੋਂ ਭਾਗੀਰਥੀ ਤੋਂ ਗੰਗਾ ਤਕ ਪਾਣੀ ਦੀ ਮਾਤਰਾ ਘਟਦੀ ਜਾਵੇਗੀ। ਦੇਸ਼ ਦੇ ਵਾਤਾਵਰਣ ਪ੍ਰੇਮੀਆਂ ਦਾ ਕਹਿਣਾ ਹੈ ਕਿ

ਹਿਮਾਲਿਆਂ ਦੇ ਗਲੇਸ਼ੀਅਰਾਂ ਦਾ ਠੀਕ ਤਰ੍ਹਾਂ ਨਾਲ ਅਧਿਐਨ ਨਹੀਂ ਕੀਤਾ ਜਾ ਰਿਹਾ ਹੈ ਤੇ ਆਖਰੀ ਵਾਰੀ 1990 ’ਚ ਇਹਨਾਂ ਗਲੇਸ਼ੀਅਰਾਂ ਦਾ ਵਿਸਥਾਰਿਤ ਅਧਿਐਨ ਕੀਤਾ ਗਿਆ ਸੀ। ਭਾਰਤ ਦੇ ਮੁੱਖ ਗਲੇਸ਼ੀਅਰ ਮਾਹਰ ਡਾਕਟਰ ਸੈਅਦ ਇਨਬਾਲ ਹੁਸੈਨ ਅਨੁਸਾਰ, ‘ਗਲੇਸ਼ੀਅਰਾਂ ਦੇ ਪਿਘਲਨ ਤੋਂ ਪਹਿਲਾਂ ਹੜ੍ਹ ਆਉਣਗੇ ਉਸ ਪਿੱਛੋਂ ਨਦੀਆਂ ’ਚ ਪਾਣੀ ਬਹੁਤ ਘੱਟ ਰਹਿ ਜਾਵੇਗਾ’ ਨੇਪਾਲ ਸਥਿਤ ਹਿਮਾਲਿਆ ’ਚ 3000 ਤੋਂ ਵੱਧ ਗਲੇਸ਼ੀਅਰ ਹਨ ਜਿਨ੍ਹਾਂ ’ਚੋਂ 2500 ਝੀਲਾਂ ਨਿਕਲਦੀਆਂ ਹਨ ਜਿਹਨਾਂ ਦਾ ਜਲ ਪੱਧਰ ਗਰਮੀ ਕਾਰਨ ਵੱਧ ਰਿਹਾ ਹੈ ਤੇ ਹਜ਼ਾਰਾਂ ਪਿੰਡ ਪ੍ਰਭਾਵਿਤ ਹੋ ਰਹੇ ਹਨ ਤੇ ਹੜ੍ਹ ਆ ਜਾਣਗੇ।

# ਵਿਸ਼ਵੀ ਵਿਆਪੀ ਡੂੰਘਾ ਹੁੰਦਾ ਆਰਥਕ ਸੰਕਟ

ਪੂਰਾ ਸੰਸਾਰ ਜਿਸ ਆਰਥਕ ਮੰਦੀ ਨੂੰ ਝਲ ਰਿਹਾ ਹੈ ਇਹ ਕੋਈ ਮਾਮੂਲੀ ਮੰਦੀ ਨਹੀਂ ਹੈ ਜੋ ਇਕ ਦੋ ਸਾਲਾਂ ਦੇ ਫਰਕ ਨਾਲ ਪੂੰਜੀਵਾਦ ਨੂੰ ਤੰਗ ਕਰਦੀ ਰਹਿੰਦੀ ਹੈ। ਇਹ ਮੰਦੀ 1930 ਦੇ ਦਹਾਕੇ ਬਾਅਦ ਦੀ ਸਭ ਤੋਂ ਵੱਡੀ ਮੰਦੀ 'ਚ ਤਬਦੀਲ ਹੋਵੇਗੀ। ਅੱਜ ਜਦ ਅਸੀਂ 2009 'ਚ ਦਾਖਲ ਹੋ ਚੁੱਕੇ ਹਾਂ ਤਾਂ ਇਹ ਵਿਸ਼ਲੇਸ਼ਣ ਇਕ ਹਕੀਕਤ ਵਿਚ ਤਬਦੀਲ ਹੋ ਚੁੱਕਿਆ ਹੈ। 2007 'ਚ ਮੱਧ 'ਚ ਮੰਦੀ ਦੇ ਲੱਛਣ ਸਾਹਮਣੇ ਆਉਣ ਲੱਗੇ ਸਨ ਹਾਲਾਂਕਿ ਇਸ ਦੇ ਬੀਜ 2005 ਦੇ ਹਾਊਸਿੰਗ ਬੂਮ ਦੇ ਨਾਲ ਹੀ ਪੜ ਚੁਕੇ ਸਨ। ਪਰ ਨੀਲਾਮਿਆਂ ਦਾ ਸਿਲਸਿਲਾ 2007 ਦੇ ਮੱਧ ਵਿੱਚ ਸ਼ੁਰੂ ਹੋਇਆ। 2007 ਦੇ ਅੰਤ ਤਕ ਵਿਤੀ ਖੇਤਰ 'ਤੇ ਫੋਰ ਕਲੋਰਜਰਸ ਦਾ ਅਸਰ ਦਿਖਣਾ ਸ਼ੁਰੂ ਹੋਇਆ। 2008 ਦੌਰਾਨ ਪਹਿਲਾਂ ਤੋਂ ਦਿਊ ਕੱਦ ਬੈਂਕ ਵਿਤੀ ਸੰਸਥਾਵਾਂ ਤੇ ਬੀਮਾ ਕੰਪਨੀਆਂ ਦਿਵਾਲੀਆ ਹੋਈਆਂ ਅਤੇ ਉਸ ਪਿੱਛੋਂ ਵਿਤੀ ਖੇਤਰ ਵਿੱਚ ਫੈਲਣ ਵਾਲੀ ਮੰਦੀ ਵਿਕਰਾਲ ਮੁਦਰਾ ਤਰਲਤਾ ਵਿੱਚ ਕਮੀ ਵਜੋਂ ਸਾਹਮਣੇ ਆ ਗਈ। ਇਸ ਪਿੱਛੋਂ ਇਸ ਸੰਕਟ ਦੇ ਹੋਰ ਖੇਤਰਾਂ 'ਚ ਫੈਲਦਿਆਂ ਬਹੁਤੀ ਦੇਰ ਨਾ ਲੱਗੀ। ਅਜੇ ਤਕ ਬੈਂਕਾਂ ਦਾ ਦਿਵਾਲੀਆ ਹੋਣਾ ਜਾਰੀ ਹੈ। ਨਵੰਬਰ ਤੱਕ ਅਮਰੀਕਾ 'ਚ ਹਰ ਹਫਤੇ ਦੋ ਬੈਂਕ ਦਿਵਾਲੀਆਪਣ ਤੋਂ ਬਚਣ ਲਈ ਸਰਕਾਰੀ ਮਦਦ ਵਾਸਤੇ ਬੇਨਤੀ ਕਰ ਰਹੇ ਸਨ। ਬੈਂਕ ਸੈਕਟਰ ਤੋਂ ਉਦਯੋਗਿਕ ਤੇ ਸੇਵਾ ਖੇਤਰ ਵਿੱਚ ਮੰਦੀ ਦਾ ਦਾਖਲਾ ਹੋ ਗਿਆ ਕਰਜੇ ਮਹਿੰਗੇ ਹੋਣ ਲੱਗੇ, ਉਪਭੋਗਤਾ ਖਰੀਦ ਨੂੰ ਵਿੱਤ ਪੋਸ਼ਿਤ ਕਰਨ ਦੀਆਂ ਸੰਭਾਵਨਾਵਾਂ ਘਟਣ ਲੱਗੀਆਂ। ਖਪਤਕਾਰ ਖਰੀਦਦਾਰੀ ਵਿੱਚ ਕਮੀ ਆਉਣ ਨਾਲ ਹੀ ਮੰਗ 'ਚ ਗਿਰਾਵਟ ਆਉਣ ਲੱਗੀ। ਇਸ ਦਾ ਨਤੀਜਾ ਜਲਦੀ ਹੀ ਮੈਨੂੰ ਫੈਕਚਰਿੰਗ ਖੇਤਰ ਵਿੱਚ ਪੈਦਾਵਾਰ 'ਚ ਕਟੌਤੀ ਵਜੋਂ ਸਾਹਮਣੇ ਆਉਣ ਲੱਗਿਆ। ਨਿਰਮਾਣ ਖੇਤਰ ਵਿੱਚ ਪੈਦਾਵਾਰ 'ਚ ਕਟੌਤੀ ਦੇ ਨਾਲ ਹੀ ਕੰਪਨੀਆਂ ਨੇ ਛਾਂਟੀ ਕਰਨੀ ਸ਼ੁਰੂ ਕੀਤੀ ਅਤੇ ਅੱਜ ਅਮਰੀਕਾ 'ਚ ਬੇਰੁਜ਼ਗਾਰੀ ਦੀ ਦਰ ਪਿਛਲੇ ਕਈ ਸਾਲਾਂ ਤੋਂ ਉਚੇ ਪੱਧਰ ਤਕ ਪਹੁੰਚ ਗਈ ਹੈ। ਨਾਲ ਹੀ ਵਿਸ਼ਵੀਕਰਨ ਦੇ ਜ਼ਮਾਨੇ 'ਚ ਜਦ ਸਾਰੇ ਵਿਤੀ, ਸਨਅਤੀ ਤੇ ਆਰਥਕ ਸੰਸਥਾਵਾਂ ਆਪਸ 'ਚ ਘੁਲ ਮਿਲ ਚੁੱਕੀਆਂ ਹਨ ਤਾਂ ਇਸ ਸੰਕਟ ਦੇ ਪੂਰੀ ਦੁਨੀਆਂ 'ਚ ਫੈਲਣ 'ਚ ਜ਼ਿਆਦਾ ਦੇਰ ਨਹੀਂ ਲੱਗੀ। ਅੱਜ ਪੂਰੀ ਦੁਨੀਆਂ 'ਚ ਹੀ ਕੁਲ ਆਰਥਕ ਵਾਧੇ ਦੀ ਦਰ 'ਚ ਭਾਰੀ ਗਿਰਾਵਟ ਦਾ ਸਾਹਮਣਾ ਕਰ ਰਹੀ ਹੈ। ਇਸ ਪੂਰੀ ਆਰਥਕ ਮੰਦੀ ਦੇ ਕੁਝ ਕਿਰਦਾਰ ਤੇ ਦਾਇਰੇ ਬਾਰੇ ਜਾਨਣ ਲਈ ਤੁਸੀਂ ਹੋਰ ਵੀ ਅਧਿਐਨ ਕਰ ਸਕਦੇ ਹੋ। ਮੰਦੀ ਦਾ 2008 'ਚ ਕਿੰਨਾ ਅਸਰ ਹੋਇਆ ਇਸ ਦਾ ਅਸਰ ਕਿੱਥੇ ਕਿੱਥੇ ਤੱਕ ਪਹੁੰਚਿਆ ਹੈ ਅਤੇ ਅੱਗੇ ਕੀ ਭਵਿੱਖ ਨਜ਼ਰ ਆ ਰਿਹਾ ਹੈ। ਸ਼ੁਰੂਆਤ ਵਿਸ਼ਵ ਬੈਂਕ ਵੱਲੋਂ ਸਾਲ ਦੇ ਅੰਤ 'ਚ ਕੀਤੀ ਗਈ ਆਰਥਕ ਸਮੀਖਿਆ ਤੇ ਭਵਿੱਖ ਬਾਣੀਆਂ ਨਾਲ ਕਰਦੇ ਹਾਂ। ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਸੰਸਾਰ ਬੈਂਕ ਦੇ ਪ੍ਰੋਜੈਕਸ਼ਨ ਕਾਫ਼ੀ ਆਸਾਵਾਦੀ ਹਨ। ਜੇ ਸਭ ਕੁਝ ਠੀਕ ਚਲਿਆ ਤੇ ਮੰਦੀ ਹੋਰ ਨਾ ਗਹਿਰਾਈ ਤਾਂ ਹੀ ਇਹ ਹੋ ਸਕਦਾ ਹੈ ਕਿ ਇਹ ਪ੍ਰੋਜੈਕਸ਼ਨ ਸਾਹੀ ਸਾਬਤ ਹੋਣ। ਵਿਸ਼ਵ ਬੈਂਕ ਨੇ ਦੱਸਿਆ ਕਿ 2009 'ਚ ਪੂਰੇ ਸੰਸਾਰ ਦੀ ਆਰਥਕ

ਵਾਧਾ ਦਰ ਸਿਰਫ 0.9 ਫੀਸਦੀ ਹੋਵੇ। ਵਰਨਣਯੋਗ ਹੈ ਕਿ 2006 ’ਚ ਇਹ ਦਰ 4 ਫੀਸਦੀ ਅਤੇ 2008 ’ਚ 2.8 ਫੀਸਦੀ ਰਹੀ ਹੈ। 2007 ’ਚ ਮੰਦੀ ਦੀ ਸ਼ੁਰੂਆਤ ਦੇ ਪਿੱਛੋਂ ਹੀ ਇਸ ਦਰ ’ਚ ਤੇਜ਼ੀ ਨਾਲ ਗਿਰਾਵਟ ਆਈ ਹੈ ਅਤੇ ਖਾਸ ਕਰਕੇ ਵਿਕਸਤ ਦੇਸ਼ਾਂ ਨੂੰ ਇਸ ਮੰਦੀ ਦਾ ਪ੍ਰਕੋਪ ਵੱਧ ਝੱਲਣਾ ਪਿਆ ਹੈ। 2008 ਦੇ ਮੱਧ ਦੇ ਲੰਘਦਿਆਂ ਹੀ ਇਸ ਦਾ ਅਸਰ ਵਿਕਾਸਸ਼ੀਲ ਅਰਥਚਾਰਿਆਂ ’ਤੇ ਸਾਫ ਤੌਰ ’ਤੇ ਨਜ਼ਰ ਆਉਣ ਲੱਗਿਆ ਸੀ ਅਤੇ ਸਾਲ ਦਾ ਅੰਤ ਹੁੰਦੇ ਹੀ ਤਾਂ ਇਹ ਅਸਲ ਵਿਕਰਾਲ ਰੂਪ ਧਾਰਨ ਕਰ ਚੁੱਕਿਆ ਹੈ। ਵਿਸ਼ਵ ਬੈਂਕ ਦੀ ਇਹ ਰਿਪੋਰਟ ਦੱਸਦੀ ਹੈ ਕਿ ਸੰਸਾਰ ਵਪਾਰ 2.5 ਫੀਸਦੀ ਵਾਧਾ ਦਰ ਤੱਕ ਸਿਮਟ ਕੇ ਰਹਿ ਜਾਵੇਗਾ। 2006 ’ਚ ਵਪਾਰ ਦੀ ਵਾਧਾ ਦਰ 9.8 ਫੀਸਦੀ ਸੀ। 2008 ’ਚ ਇਹ ਘਟ ਕੇ 6.2 ਫੀਸਦੀ ’ਤੇ ਰਹਿ ਗਈ ਅਤੇ ਹੁਣ ਉਸ ਦੇ 3 ਤੋਂ ਹੇਠਾਂ ਜਾਣ ਦੀ ਪੂਰੀ ਸੰਭਾਵਨਾ ਹੈ। ਵਿਸ਼ਵ ਵਪਾਰ ’ਚ ਕਮੀ ਆਉਣ ਦਾ ਸਭ ਤੋਂ ਵੱਡਾ ਨੁਕਸਾਨ ਭਾਰਤ ਤੇ ਚੀਨ ਵਰਗੇ ਵਿਕਾਸਸ਼ੀਲ ਅਰਥਚਾਰਿਆਂ ਨੂੰ ਝਲਣਾ ਪਵੇਗਾ। ਜਿਹਨਾਂ ਦੇ ਕੁਲ ਘਰੇਲੂ ਉਤਪਾਦ ਦਾ ਇਕ ਵੱਡਾ ਹਿੱਸਾ ਖਪਤਕਾਰ ਸਮੱਗਰੀਆਂ ਅਤੇ ਕੱਚੇ ਮਾਲ ਦੀ ਬਰਾਮਦ ਨਾਲ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਚੀਨ ਤੇ ਭਾਰਤ ਦੇ ਅਰਥਚਾਰਿਆਂ ’ਤੇ ਮੰਦੀ ਦਾ ਪ੍ਰਭਾਵ 2008 ਦੇ ਸ਼ੁਰੂ ਹੋਣ ਦੇ ਨਾਲ ਹੀ ਵੇਖਿਆ ਜਾਣ ਲੱਗਿਆ ਸੀ ਕਿਉਂਕਿ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਤਾਰਾਪੁਰ ਨੂੰ ਛੱਡ ਕੇ ਕੋਈ ਵੀ ਸਰਕਾਰੀ ਨੁਮਾਇੰਦਾ ਉਸ ਸਮੇਂ ਇਹ ਨਹੀਂ ਕਹਿ ਸਕਦਾ ਸੀ ਕਿ ਵਿਸ਼ਵੀ ਮੰਦੀ ਦਾ ਭਾਰਤੀ ਅਰਥਚਾਰੇ ’ਤੇ ਕੋਈ ਅਸਰ ਪੈਣ ਵਾਲਾ ਹੈ। ਹੁਣ ਉਹੀ ਨੁਮਾਇੰਦਗੀ ਅਰਥਚਾਰੇ ਲਈ ਬੇਲ-ਆਊਟ ਤੇ ਸਿਟਮਯੂਲਸ ਪੈਕੇਜ ਬਣਾਉਣ ’ਚ ਰੁੱਝੇ ਹਨ। ਆਪਣੀ ਰਿਪੋਰਟ ਦੇ ਅੰਤ ਵਿੱਚ ਸੰਸਾਰ ਬੈਂਕ ਕਹਿੰਦਾ ਹੈ ਕਿ ਇਸ ਸੰਕਟ ਤੋਂ ਉਭਰਨ ਦਾ ਕੋਈ ਤਿਆਰ ਰਾਹ ਨਜ਼ਰ ਨਹੀਂ ਆਉਂਦਾ ਹੈ। ਏਨੀ ਗੱਲ ਸਪੱਸ਼ਟ ਤਾਂ ਨਾਲ ਕਹੀ ਜਾ ਸਕਦੀ ਹੈ ਕਿ ਜੇ ਸਰਕਾਰਾਂ ਆਪਣੀ ਦਖਲਅੰਦਾਜ਼ੀ ਨਾਲ ਵਿਤੀ ਬਜ਼ਾਰਾਂ ਨੂੰ ਨਿਯਮਤ ਕਰਨ ਦੀ ਪੂਰੀ ਕੋਸ਼ਿਸ਼ ਕਰਨ ਤਾਂ ਵੀ 2012 ਤੋਂ ਪਹਿਲਾਂ ਮੰਦੀ ’ਚ ਉਭਰ ਸਕਣਾ ਵਿਸ਼ਵ ਅਰਥਚਾਰੇ ਦੇ ਵੱਸ ਦੀ ਗੱਲ ਨਹੀਂ ਹੈ।

ਸੰਯੁਕਤ ਰਾਸ਼ਟਰ ਸੰਘ ਨੇ ਵੀ ਸਾਲ ਦੇ ਅੰਤ ਵਿੱਚ ਸੰਸਾਰ ਦੀ ਆਰਥਕ ਸਥਿਤੀ ’ਤੇ ਇਕ ਰਿਪੋਰਟ ਪੇਸ਼ ਕੀਤਾ ਹੈ। ਇਸ ਰਿਪੋਰਟ ਅਨੁਸਾਰ 2006 ’ਚ ਵਿਸ਼ਵ ਦਾ ਆਰਥਕ ਆਊਟਪੁਟ 4 ਫੀਸਦੀ ਦੀ ਦਰ ਨਾਲ ਵਧ ਰਿਹਾ ਸੀ। 2007 ’ਚ ਇਹ ਦਰ ਘਟ ਕੇ 3.8 ਫੀਸਦੀ ਰਹਿ ਗਈ। 2008 ’ਚ ਇਹ ਹੋਰ ਘਟ ਕੇ 2.5 ਫੀਸਦੀ ਹੋ ਗਈ ਅਤੇ ਇਸ ਰਿਪੋਰਟ ਦੀ ਗਣਨਾ ਅਨੁਸਾਰ ਜੇ ਗਿਰਾਵਟ ਦੀ ਮੌਜੂਦਾ ਦਰ ਬਰਕਰਾਰ ਰਹੀ ਤਾਂ 2009 ’ਚ ਇਹ ਵਾਧਾ ਦਰ ਨਾ ਕਾਰਤਮਕ ’ਚ ਚਲੀ ਜਾਵੇਗੀ ਅਤੇ 0.5 ਫੀਸਦੀ ਤੋਂ 1.5 ਫੀਸਦੀ ਵਿਚਕਾਰ ਰਹੀ। ਇਹ ਤਾਂ ਉਦੋਂ ਹੋਵੇਗਾ ਜਦ ਗਿਰਾਵਟ ਦੀ ਮੌਜੂਦਾ ਦਰ ਨੂੰ ਮੰਨਿਆ ਜਾਵੇ। ਸੱਚ ਤਾਂ ਇਹ ਹੈ ਕਿ ਇਹ ਦਰ ਅਜੇ ਹੋਰ ਵਧੇਗੀ। ਆਰਗੇਨਾਈਜੇਸ਼ਨ ਫਾਰ ਇਕਨਾਮਿਕ ਕੋਆਪ੍ਰੇਸ਼ਨ ਐਂਡ ਡਿਵਪਮੈਂਟ (DECD) ਦੇ ਦੇਸ਼ਾਂ ਨੇ ਵੀ ਇਕ ਰਿਪੋਰਟ ਪੇਸ਼ ਕੀਤੀ। ਇਕਨਾਮਿਕ ਆਊਟ ਲੁਕ ਫਾਰ ਐਂਡ 2008। ਇਸ ਰਿਪੋਰਟ ’ਚ ਦੱਸਿਆ ਗਿਆ ਹੈ ਕਿ ਇਸ ਸੰਗਠਨ ਨਾਲ ਜੁੜੇ ਸਾਰੇ ਦੇਸ਼ ਜਿਸ ’ਚ ਦੁਨੀਆਂ ਦੇ ਉਚਤਮ ਦੇਸ਼ ਸ਼ਾਮਲ ਹਨ ਅਤੇ ਮੰਦੀ ਕਾਰਨ

ਕੁਲ ਘਰੇਲੂ ਉਤਪਾਦ ’ਚ ਭਾਰੀ ਗਿਰਾਵਟ ਦਾ ਸਾਹਮਣਾ ਕਰ ਰਹੇ ਹਨ। 2006 ’ਚ (DECD) ਦੇਸ਼ਾਂ ’ਚ ਕੁਲ ਘਰੇਲੂ ਉਤਪਾਦ ਦੀ ਵਾਧਾ ਦਰ 3.1 ਫੀਸਦੀ ਸੀ। 2007 ’ਚ ਇਹ 2.6 ਫੀਸਦੀ ਰਹਿ ਗਈ ਅਤੇ 2008 ’ਚ ਇਹ ਘਟ ਕੇ 1.4 ਫੀਸਦੀ ਤਕ ਪਹੁੰਚ ਗਈ। ਇਸ ਰਿਪੋਰਟ ਦੀ ਭਵਿੱਖਬਾਣੀ ਅਨੁਸਾਰ ਇਹ ਦਰ 2009 ਇਹ ਦਰ ਨਾਕਾਰਤਮਕ ’ਚ ਚਲੀ ਜਾਵੇਗੀ ਅਤੇ ਕਰੀਬ 0.4 ’ਤੇ ਜਾ ਕੇ ਰੁਕੇਗੀ। ਇਹਨਾਂ ਦੇਸ਼ਾਂ ’ਚ ਬੇਰੁਜ਼ਗਾਰੀ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ 2007 ’ਚ ਬੇਰੁਜ਼ਗਾਰੀ ਦਰ 5.6 ਫੀਸਦੀ ਸੀ ਜੋ 2008 ’ਚ ਵਧ ਕੇ 5.9 ਫੀਸਦੀ ਹੋ ਗਈ। ਇਸ ਰਿਪੋਰਟ ਅਨੁਸਾਰ 2009 ਵਿੱਚ ਇਹ ਦਰ 6.9 ਅਤੇ 2010 ’ਚ ਇਹ ਵਧ ਕੇ 7.2 ’ਤੇ ਪਹੁੰਚ ਜਾਵੇਗੀ।

ਇਹਨਾਂ ਅੰਕੜਿਆਂ ਤੋਂ ਸਾਫ ਜਾਹਿਰ ਹੁੰਦਾ ਹੈ ਕਿ ਵਿਸ਼ਵ ਪੂੰਜੀਵਾਦੀ ਅਰਥਚਾਰਾ ਇਕ ਭਿਅੰਕਰ ਮੰਦੀ ਦੇ ਭੰਵਰ ’ਚ ਫਸਿਆ ਹੋਇਆ ਹੈ। ਇਸ ’ਚ ਕੋਈ ਦੋ ਰਾਇ ਨਹੀਂ ਕਿ ਇਸ ਮੰਦੀ ਨਾਲ 2012 ਤਕ ਵਿਸ਼ਵ ਪੂੰਜੀਵਾਦੀ ਅਰਥਚਾਰਾ ਉਭਰ ਚੁੱਕਿਆ ਹੋਵੇਗਾ। ਪਰ ਸੰਸਾਰ ਅਰਥਚਾਰੇ ਨੂੰ ਉਭਾਰਨ ਦੇ ਜੋ ਯਤਨ ਦੁਨੀਆਂ ਭਰ ਦੀਆਂ ਸਰਕਾਰਾਂ ਕਰ ਰਹੀਆਂ ਹਨ ਉਹ ਯਤਨ ਆਪਣੇ ਆਪ ’ਚ ਅਜਿਹੇ ਯਤਨ ਹਨ ਜੋ ਮੰਦੀ ਦੇ ਅਗਲੇ ਪੜਾਅ ਦੇ ਆਂਉਣ ਤਕ ਅਜਿਹਾ ਸੰਕਟ ਪੈਦਾ ਕਰਨਗੇ ਜੋ ਪਿਛਲਿਆਂ ਤੋਂ ਭਿਅੰਕਰ ਹੋਵੇਗਾ। ਉਸ ਸਮੇਂ ਵੀ ਵਿਸ਼ਵ ਪੂੰਜੀਵਾਦੀ ਅਰਥਚਾਰਾ ਝਰਮਰਾ ਕੇ ਡਿੱਗ ਪਵੇਗਾ। ਇਹ ਸੋਚਣਾ ਬਚਕਾਨਾਪਨ ਹੋਵੇਗਾ। ਨਿਸ਼ਚਤ ਤੌਰ ’ਤੇ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਝਲ ਰਹੀ ਜਨਤਾ ਸੜਕਾਂ ’ਤੇ ਉਤਰੇਗੀ। ਅਨਾਜ ਦੰਗੇ ਹੋਣਗੇ। ਸਰਕਾਰੀ ਅਦਾਰਿਆਂ ’ਤੇ ਹਮਲੇ ਹੋਣਗੇ, ਹੜਤਾਲਾਂ ਹੋਣਗੀਆਂ ਪਰ ਇਹ ਸਭ ਪ੍ਰਬੰਧ ਨੂੰ ਤਬਦੀਲ ਨਹੀਂ ਕਰ ਸਕਦੇ। ਜੇ ਲੋਕ ਰੋਹ ਨੂੰ ਇਨਕਲਾਬੀ ਤਬਦੀਲੀ ਵਾਲੀ ਦਿਸ਼ਾ ਦੇਣ ਲਈ ਕ੍ਰਾਂਤੀ ਦੇ ਵਿਗਿਆਨ ਦੀ ਸਹੀ ਸਮਝ ਨਾਲ ਲੈਸ ਕਈ ਕ੍ਰਾਂਤੀਕਾਰੀ ਲੀਡਰਸ਼ਿਪ ਯਾਨੀ ਕਿ ਕੋਈ ਇਨਕਲਾਬੀ ਪਾਰਟੀ ਮੌਜੂਦ ਨਹੀਂ ਹੋਵੇਗੀ। ਜੇ ਐਸੀ ਪਾਰਟੀ ਨਿਰਵਿਵਾਦ ਲੀਡਰਸ਼ਿਪ ਵਜੋਂ ਲੋਕ ਸਮੂਹ ’ਚ ਸਵਿਕਾਰੀ ਨਹੀਂ ਹੋਵੇਗੀ ਤੇ ਪੂੰਜੀਵਾਦ ਇਸ ਅਰਾਜਕਤਾ ਤੋਂ ਫਿਰ ਉਭਰ ਕੇ ਆਪਣੇ ਆਪ ਨੂੰ ਕਿਸੇ ਨਵੇਂ ਰੂਪ ’ਚ ਜਥੇਬੰਦ ਬਿਨਾਂ ਇਕ ਵਿਕਲਪਤ ਸੱਤਾ, ਸਮਾਜਿਕ ਆਰਥਿਕ ਢਾਂਚੇ ਅਤੇ ਸੰਸਕ੍ਰਿਤੀ ਦੇ ਮਾਡਲ ਅਤੇ ਇਕ ਅਨੁਭਵੀ ਤਰਕਸ਼ੀਲ ਤੇ ਹੰਡੀ ਹੰਡਾਈ ਕ੍ਰਾਂਤੀਕਾਰੀ ਪਾਰਟੀ ਬਗੈਰ ਨਹੀਂ ਹੋ ਸਕਦਾ। ਇਹੀ ਉਹ ਚੀਜ਼ ਹੈ ਜਿਸ ਦੀ ਅੱਜ ਸਾਰੇ ਦੇਸ਼ਾਂ ਦੇ ਮਜ਼ਦੂਰ ਅੰਦੋਲਨ ਨੂੰ ਘਾਟ ਹੈ। ਇਹ ਇਕ ਵੱਖਰੀ ਬਹਿਸ ਦਾ ਵਿਸ਼ਾ ਹੈ ਕਿ ਅਜਿਹੀ ਤਾਕਤ ਕਦੋਂ ਤੇ ਕਿਵੇਂ ਖੜੀ ਹੋਵੇਗੀ? ਇਸ ਨੂੰ ਖੜਾ ਕਰਨ ਲਈ ਵਿਦਿਆਰਥੀ ਤੇ ਨੌਜਵਾਨ ਦੀ ਕਰ ਸਕਦੇ ਹਨ?

# ਵਿਸ਼ਵੀ ਮੰਦੀ ਤੇ ਤਬਾਹ ਹੁੰਦਾ ਮੇਹਨਤਕਸ਼

ਕਿਰਤ ਦੇ ਮੁੱਲ ਨੂੰ ਨਚੋੜਨ ਲਈ ਅਤੇ ਮੁਨਾਫੇ ਦੀ ਸਰਮਾਏਦਾਰਾਂ ਦੀ ਹਵਸ ਤੇ ਲਾਲਚ ਨੇ ਜਿਸ ਅਤੀ ਪੈਦਾਵਾਰ ਦੇ ਖਤਰੇ ਨੂੰ ਅੱਜ ਸੰਸਾਰ ਦੇ ਸਾਹਮਣੇ ਪੇਸ਼ ਕੀਤਾ ਹੈ ਉਹ ਕੋਈ ਅਚਾਨਕ ਵਾਪਰਿਆ ਵਰਤਾਰਾ ਨਹੀਂ ਹੈ ਬਲਕਿ ਪੂੰਜੀਵਾਦ ਦੀ ਨੀਅਤ ਹੈ। ਇਹ ਪੂੰਜੀਵਾਦੀ ਵਿਵਸਥਾ ਦੀ ਵਿਡੰਬਨਾ ਹੈ ਕਿ ਉਤਪਾਦਨ ਤਕ ਨੀਂਦ ਦਾ ਵਿਕਾਸ ਮਨੁੱਖੀ ਜੀਵਨ ਨੂੰ ਅਨੰਦਮਈ ਬਣਾਉਣ ਤੇ ਉਨਤ ਬਣਾਉਣ ’ਚ ਸਹਿਯੋਗੀ ਨਾ ਹੋ ਕੇ ਉਸ ਦੇ ਸਾਹਮਣੇ ਪੈਦਾਵਾਰ ਦਾ ਐਸਾ ਸੰਕਟ ਖੜ੍ਹਾ ਕਰ ਦਿੰਦਾ ਹੈ ਕਿ ਵਸਤੂਆਂ ਨੂੰ ਖਰੀਦਣ ਲਈ ਗਾਹਕ ਨਹੀਂ ਮਿਲਦੇ। ਐਸਾ ਨਹੀਂ ਹੈ ਕਿ ਮੰਦੀ ਦੇ ਦੌਰ ’ਚ ਪੂਰੀ ਦੁਨੀਆਂ ਦੀਆਂ ਸਾਰੀਆਂ ਲੋੜਾਂ ਖਤਮ ਹੋ ਜਾਂਦੀਆਂ ਹਨ ਜਾਂ ਮਨੁੱਖ ਦੀਆਂ ਲੋੜਾਂ ਸੰਤ੍ਰਿਪਤੀ ਦੀ ਸਥਿਤੀ ਨੂੰ ਪ੍ਰਾਪਤ ਹੋ ਜਾਂਦੀਆਂ ਹਨ। ਕਿਰਤ ਦੀ ਅੰਧਾਧੁੰਦ ਲੁੱਟ ਨਾਲ ਸੰਸਾਰ ਪੱਧਰ ’ਤੇ ਜਿਸ ਅਸੰਤੁਲਨ ਦਾ ਜਨਮ ਹੁੰਦਾ ਹੈ ਉਸ ’ਚ ਇਕ ਪਾਸੇ ਤਾਂ ਪੂੰਜੀ ਦਾ ਅੰਬਾਰ ਖੜ੍ਹਾ ਹੋ ਜਾਂਦਾ ਹੈ ਅਤੇ ਦੂਜੇ ਪਾਸੇ ਗਰੀਬੀ ਤੇ ਬਦ ਹਵਾਸੀ ’ਚ ਜਿਉਣ ਵਾਲੀ ਮੇਹਨਤਕਸ਼ਾਂ ਦੀ ਫੌਜ। ਪੈਦਾਵਾਰ ਦੇ ਅਗਲੇ ਗੇੜ ਵਿੱਚ ਪੂੰਜੀ ਆਪਣੇ ਲੁਟੇਰੇ ਰੁਝਾਣ ਕਾਰਨ ਮੇਹਨਤਕਸ਼ ਆਬਾਦੀ ਦੇ ਨਾਲ ਨਿਮਨ ਮੱਧਵਰਗ ਦੇ ਇਕ ਹਿੱਸੇ ਨੂੰ ਵੀ ਬਦਹਾਲ ਕਰ ਦਿੰਦੀ ਹੈ ਅਤੇ ਸਿੱਟੇ ਵਜੋਂ ਕਿਰਤ ਤੇ ਕਿਰਤ ਦੀ ਲੁੱਟ ਕਾਰਨ ਪੈਦਾਵਾਰੀ ਵਸਤੂਆਂ ਨਾਲ ਬਾਜ਼ਾਰ ਤਾਂ ਭਰ ਜਾਂਦਾ ਹੈ ਪਰ ਬਦਹਾਲ ਲੋਕਾਂ ਕੋਲ ਉਸ ਨੂੰ ਖਰੀਦਣ ਦੇ ਸਮਰਥ ਨਾ ਹੋਣ ਕਰਕੇ ਵਸਤੂ ਦਾ ਦੁਬਾਰਾ ਤਰਲ ਪੂੰਜੀ ’ਚ ਬਦਲਣਾ ਸੰਭਵ ਨਹੀਂ ਹੋ ਪਾਉਂਦਾ ਅਤੇ ਪੂਰਨ ਅਰਥਚਾਰੇ ’ਚ ਪੁਨਰ ਉਤਪਾਦਨ ਲਈ ਪੂੰਜ ਦੀ ਘਾਟ ਉਸ ਨੂੰ ਸੰਕਟ ਵਿੱਚ ਪਾ ਦਿੰਦੀ ਹੈ। ਮੰਦੀ ਦੇ ਦੌਰ ਵਿੱਚ ਗੋਦਾਮਾ ’ਚ ਮਾਲ ਹੋਣ ’ਤੇ ਵੀ ਪੂੰਜੀਪਤੀ ਉਸ ਨੂੰ ਆਪਣੇ ਮੁਨਾਫੇ ਨੂੰ ਘੱਟ ਕਰਕੇ ਵੇਚਣ ਨੂੰ ਤਿਆਰ ਨਹੀਂ ਹੁੰਦਾ ਅਤੇ ਪੈਦਾਵਾਰੀ ਅਮਲ ਠੱਪ ਹੋ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਵੱਡੇ ਪੈਮਾਨੇ ’ਤੇ ਛਾਂਟੀ ਤੇ ਤਾਲਾਬੰਦੀ ਹੁੰਦੀ ਹੈ।

ਇਕ ਵਿਸ਼ਾਲ ਆਬਾਦੀ ਬੇਰੁਜ਼ਗਾਰ ਹੋ ਜਾਂਦੀ ਹੈ। ਮੇਹਨਤਕਸ਼ ਆਬਾਦੀ ਜੋ ਪਹਿਲਾਂ ਹੀ ਪੂੰਜਪਤੀਆਂ ਵੱਲੋਂ ਦੂਹਰੀ ਲੁੱਟ ਦਾ ਸ਼ਿਕਾਰ ਹੋਈ ਰਹਿੰਦੀ ਹੈ। ਜਦ ਬੇਰੁਜ਼ਗਾਰ ਹੋ ਜਾਂਦੀ ਹੈ ਤਾਂ ਉਸ ਦੇ ਸਾਹਮਣੇ ਆਪਣੇ ਵਜੂਦ ਦਾ ਵੀ ਸੰਕਟ ਖੜ੍ਹਾ ਹੋ ਜਾਂਦਾ ਹੈ। ਮੌਜੂਦਾ ਵਿਸ਼ਵੀ ਮੁਦਰਿਕ ਸੰਕਟ ਪੂੰਜੀਵਾਦ ਦਾ ਖੁਦਾ ਦਾ ਸੰਕਟ ਹੈ। ਪੂੰਜੀਪਤੀ ਆਪਣੇ ਮੁਨਾਫੇ ਦੀ ਹਵਸ਼ ਲਈ ਲੁੱਟ ਦੀ ਹਰ ਵਿਧੀ ਨੂੰ ਅਪਣਾਉਂਦਾ ਹੈ ਜਿਸ ਨਾਲ ਮੇਹਨਤਕਸ਼ ਆਵਾਮ ਦਿਨ ਪ੍ਰਤੀ ਦਿਨ ਤੁਲਨਾਤਮਕ ਤੌਰ ’ਤੇ ਅਸਲ ’ਚ ਹੋਰ ਗਰੀਬ ਹੁੰਦਾ ਜਾਂਦਾ ਹੈ। ਦੂਜੇ ਪੂੰਜੀਪਤੀਆਂ ’ਚ ਮੁਨਾਫੇ ਦੇ ਉਨਮਾਦ ਕਾਰਨ ਅੰਨੀ ਗੱਠਵੱਡ ਮੁਕਾਬਲਾ ਦਾ ਜਨਮ ਹੁੰਦਾ ਹੈ ਜੋ ਕਿ ਉਸ ਸੰਪੂਰਨ ਸਮਾਜ ਦੀ ਲੋੜ ਲਈ ਨਹੀਂ ਬਲਕਿ ਮੁਨਾਫੇ ਲਈ ਪੈਦਾਵਾਰ ਕਰਨ ਨੂੰ ਪ੍ਰੇਰਿਤ ਕਰਦਾ ਹੈ ਅਤੇ ਸਮਾਜਕ ਜਰੂਰਤਾਂ ਤੇ ਵਸਤੂਆਂ ਦੇ ਕੁਲ ਉਦਘਾਟਨ ਦਾ ਅਸੰਤੁਲਨ ਪੈਦਾ ਹੋ ਜਾਂਦਾ ਹੈ। ਮੰਦੀ ਨੇ ਅੱਜ ਮੇਹਨਤਕਸ਼ਾਂ ਦੇ ਸਾਹਮਣੇ ਦੋਹਰਾ ਸੰਕਟ ਪੈਦਾ ਕਰ ਦਿੱਤਾ ਹੈ। ਇਕ ਤਾਂ

ਉਤਪਾਦਨ ਕੰਮਾਂ 'ਚ ਛਾਂਟੀ ਕਾਰਨ ਬੇਰੁਜ਼ਗਾਰੀ ਦੀ ਗਿਣਤੀ 'ਚ ਵਾਧਾ ਹੋ ਗਿਆ ਹੈ। ਦੂਜਾ ਕੰਮਾਂ ਦੇ ਮੌਕਿਆਂ ਦੀ ਕਮੀ ਦੇ ਕਾਰਨ ਪੂੰਜੀਪਤੀ ਜਮਾਤ ਮਜ਼ਦੂਰਾਂ ਨੂੰ ਹੋਰ ਘੱਟ ਮਜ਼ਦੂਰੀ 'ਤੇ ਕੰਮ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਆਰਥਕ ਮੰਦੀ ਕਾਰਨ ਉਤਰੀ ਅਮਰੀਕਾ 'ਚ ਕੁਲ 239310 ਯੂਰਪ 'ਚ 123910 ਏਸ਼ੀਆ 'ਚ 20000 ਕਾਮਿਆਂ ਦੀ ਛਾਂਟੀ ਹੋ ਗਈ ਹੈ (ਸ੍ਰੋਤ-ਰਾਈਟਰ) ਇਹ ਅੰਕੜਾ ਬਹੁਤ ਪੁਰਾਣਾ ਹੋ ਚੁੱਕਿਆ ਹੈ। ਬੈਂਕ ਆਫ ਅਮਰੀਕਾ 35000 ਕਰਮਚਾਰੀਆਂ ਦੀ ਛਾਂਟੀ ਦੀ ਯੋਜਨਾ ਬਣਾ ਰਿਹਾ ਹੈ। ਸਵੀਡਿਸ਼ ਬਾਲ ਬਿਅਰੰਗ ਕੰਪਨੀ ਦੁਨੀਆਂ ਭਰ 'ਚ ਫੈਲੇ 1300 ਅਸਥਾਈ ਕਰਮਚਾਰੀਆਂ ਸਮੇਤ 2500 ਕਰਮਚਾਰੀਆਂ ਦੀ ਛਾਂਟੀ ਦੀ ਯੋਜਨਾ ਬਣਾ ਰਿਹਾ ਹੈ। ਐਂਗਲੋ ਆਸਟੇਲੀਅਨ ਮਾਈਨਿੰਗ ਕੰਪਨੀ ਰਿਓਟਿੰਟੋ ਕਾਮਿਆ ਨੂੰ ਕੱਢੇਗਾ। (ਬਿਜਨਸ ਡੈਸਕ ਏਜੰਸੀ) ਅੱਜ ਇਥੇ ਆਰਥਕ ਮੰਦੀ ਖਰਚਿਆਂ 'ਚ ਕਟੌਤੀ ਅਤੇ ਨੌਕਰੀਆਂ ਤੋਂ ਕੱਢੇ ਜਾਣ ਨਾਲ ਜਨਸੰਖਿਆ ਦਾ ਇਕ ਹਿੱਸਾ ਚਾਹੇ ਉਹ ਭਾਰਤ ਹੋਵੇ ਜਾਂ ਪੱਛਮ ਤਾਂ ਪ੍ਰੇਸ਼ਾਨ ਹੈ ਉਥੇ ਸੰਸਾਰ ਦੀ ਬਹੁਗਿਣਤੀ ਮੇਹਨਤਕਸਸ਼ ਆਬਾਦੀ ਦੀ ਜ਼ਿੰਦਗੀ ਦੀ ਰੋਜ਼ਾਨਾ ਦੀ ਦਿਕਤ ਹੋਰ ਵਧ ਗਈ ਹੈ। ਦੇਸ਼ ਦੇ ਮੇਹਨਤਕਸ਼ ਅਵਾਮ ਲਈ ਜ਼ਿੰਦਗੀ ਰੋਜ਼ਾਨਾ ਦਾ ਸੰਘਰਸ਼ ਹੈ। ਜਿਥੇ ਭੁੱਖ ਨਾਲ ਜਦੋ ਜਹਿਦ ਕਰਨੀ ਪੈਂਦੀ ਹੈ। ਇੰਟਰਨੈਸ਼ਨਲ ਫੂਡ ਪਾਲਸੀ ਰਿਸਰਚ ਇੰਸਟੀਚਿਊਟ ਦੇ ਗਲੋਬਲ ਹੰਗਰ ਇੰਡੈਕਸ 2008 ਅਨੁਸਾਰ ਭਾਰਤ 'ਚ 23 ਕਰੋੜ ਲੋਕ ਕੁਪੋਸ਼ਿਤ ਹਨ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਆਰਥਕ ਖੇਤਰ ਵਿੱਚ ਵਰਨਣਯੋਗ ਤਰੱਕੀ ਦੇ ਬਾਵਜੂਦ ਜੀਵਨ ਹਾਲਤਾਂ ਸਮਾਜ ਦੇ ਪਿਛੜੇ ਤਬਕੇ ਦੇ ਲੋਕਾਂ ਲਈ ਨਰਕਮਈ ਹਨ। ਇਹ ਸੰਕਟ ਇਕ ਪਾਸੇ ਬੇਤਹਾਸ਼ਾ ਲੁੱਟ ਨਾਲ ਮੁੱਠੀ ਭਰ ਲੋਕਾਂ ਦੀ ਤਰੱਕੀ ਅਤੇ ਦੂਜੇ ਪਾਸੇ ਵਿਆਪਕ ਮੇਹਨਤਕਸ਼ਾਂ ਦੀ ਬਰਬਾਦੀ ਦੀ ਕਹਾਣੀ ਹੀ ਬਿਆਨ ਕਰਦਾ ਹੈ। ਇਸ ਇੰਡੈਕਸ ਅਨੁਸਾਰ ਦੁਨੀਆਂ ਦੇ ਕੁਪੋਸ਼ਿਤ 88 ਦੇਸ਼ਾਂ ਦੀ ਤਲਿਕਾ 'ਚ ਭਾਰਤ 66ਵੇਂ ਥਾਂ 'ਤੇ ਹੈ। ਏਸ਼ੀਆ ਦੀ ਗੱਲ ਕਰੀਏ ਤਾਂ ਬੰਗਲਾਦੇਸ਼ ਨੂੰ ਛੱਡ ਕੇ ਭਾਰਤ ਦਾ ਪ੍ਰਦਰਸ਼ਨ ਸਭ ਤੋਂ ਖਰਾਬ ਹੈ। ਇਥੋਂ ਤਕ ਕਿ ਸ੍ਰੀ ਲੰਕਾ (39) ਨੇਪਾਲ (57) ਪਾਕਿਸਤਾਨ (61) ਦੀ ਸਥਿਤੀ ਵੀ ਭਾਰਤ ਤੋਂ ਬੇਹਤਰ ਹੈ। ਯੂਨੀਸੇਫ ਦੇ ਸਹਿਯੋਗ ਨਾਲ ਕੇਂਦਰੀ ਸਿਹਤ ਮੰਤਰਾਲੇ ਵਲੋਂ ਕਰਾਏ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੇ ਤਿੰਨ ਸਾਲ ਤੋਂ ਘੱਟ ਉਮਰ ਦੇ ਕਰੀਬ 46 ਫੀਸਦੀ ਬੱਚੇ ਕੁਪੋਸ਼ਿਤ ਹਨ। ਇਹ ਦਰ ਸਭ ਸਹਾਰਾ ਦੇ ਦੇਸ਼ਾਂ ਤੋਂ ਔਸਤ 28 ਫੀਸਦੀ ਤੋਂ ਬਹੁਤ ਜ਼ਿਆਦਾ ਹੈ। ਤਾਂ ਕੀ ਸਮਝਿਆ ਜਾਵੇ ਕਿ ਭਾਰਤ ਚਮਕ ਰਿਹਾ ਹੈ? ਵਿਕਾਸ ਦਾ ਦਮ ਭਰਨ ਵਾਲੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਹਰ ਦਿਨ ਦਾਅਵਾ ਕਰਦੀਆਂ ਹਨ ਕਿ ਵਿਕਾਸ ਹੋ ਰਿਹਾ ਹੈ। ਭਾਰਤ ਚਮਕ ਰਿਹਾ ਹੈ ਪਰ ਅੰਕੜੇ ਤੇ ਯਥਾਰਥ ਹਾਲਤਾਂ ਕੁਝ ਹੋਰ ਹੀ ਕਹਿ ਰਹੀਆਂ ਹਨ। ਇਕ ਪਾਸੇ ਜਦ ਸਾਲ 2008 ਦੇ ਸ਼ੁਰੂਆਤੀ ਦਿਨਾਂ ਵਿੱਚ ਭਾਰਤੀ ਹਾਕਮ ਜਮਾਤ ਸ਼ੇਅਰਾਂ ਦੇ ਅਧਾਰ 'ਤੇ ਦੇਸ਼ ਦੀ ਤਰੱਕੀ 'ਚ ਧੂਮ ਦੀ ਗੱਲ ਕਰ ਰਿਹਾ ਸੀ ਤਦ ਵਧਦੀ ਮੁਦਰਾ ਸਫਿਤੀ ਨਾਲ ਦੇਸ਼ ਦਾ ਮੇਹਨਤਕਸ਼ ਆਵਾਮ ਹਰ ਪਲ ਮਹਿੰਗਾਈ ਨਾਲ ਸੰਘਰਸ਼ ਕਰ ਰਿਹਾ ਹੈ।

ਅੰਕੜੇ ਖੁਦ-ਬ-ਖੁਦ ਦੱਸ ਰਹੇ ਹਨ ਕਿ ਥੋਕ ਮੁੱਲ ਸੂਚਕਾਂਕ ਮਜ਼ਦੂਰਾਂ ਤੇ ਮੇਹਨਤਕਸ਼ ਆਵਾਮ ਦੇ ਕੰਮ ਆਉਣ ਵਾਲੀਆਂ ਵਸਤਾਂ ਦੇ ਲਈ ਘੱਟ ਨਹੀਂ ਹੋ ਰਹੇ

ਹਨ। ਬਲਕਿ ਵਧਦੇ ਜਾ ਰਹੇ ਹਨ। ਮੁਦਰਾ-ਸਫਿਤੀ ਦੀ ਵਧਦੀ ਦਰ ਨਾਲ ਮਹਿੰਗਾਈ ਦਾ ਘੱਟ ਹੋਣਾ ਬਿਲਕੁਲ ਹੀ ਸਾਬਤ ਨਹੀਂ ਹੁੰਦਾ। ਇਹ ਹਾਲ ਥੋਕ ਮੁੱਲ ਸੂਚਕਾਂਕ ਦਾ ਹੈ ਜੋ ਸਹਿਜ ਹੀ ਸੋਚਿਆ ਜਾ ਸਕਦਾ ਹੈ ਕਿ ਪ੍ਰਚੂਨ ਮੁੱਲ ਦੀ ਸਥਿਤੀ ਕੀ ਹੋਵੇਗੀ ਜਿਥੇ ਸ਼ਾਹੂਕਾਰਾਂ ਤੇ ਦੁਕਾਨਦਾਰਾਂ ਦੇ ਪੈਰ ਹੇਠਾਂ ਮਜ਼ਦੂਰਾਂ ਦੀ ਗਰਦਨ ਦਬੀ ਹੁੰਦੀ ਹੈ। ਰਿਜ਼ਰਵ ਬੈਂਕ ਦੇ ਗਵਰਨਰ ਡੀ ਸੁਬਰਾਓ ਇਸ ਤੱਥ ਨੂੰ ਮੰਨਦੇ ਹਨ ਕਿ ਮੁਦਰਾ ਸਫਿਤੀ ਭਲਾ ਹੀ ਦੋ ਅੰਕਾਂ ਤੋਂ ਘਟ ਕੇ 8.4 ਫੀਸਦੀ ਤਕ ਪਹੁੰਚ ਗਈ ਹੋਵੇ ਪਰ ਘਰੇਲੂ ਬਾਜ਼ਾਰ 'ਚ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਅਜੇ ਘੱਟ ਨਹੀਂ ਹੋਈਆਂ ਹਨ। ਉਪਭੋਗਤਾ ਦੇ ਥੋਕ ਮੁੱਲ ਸੂਚਕਾਂਕ ਦੇ ਫਰਕ ਨਾਲ ਮਹਿੰਗਾਈ ਸਾਫ਼ ਝਲਕ ਰਹੀ ਹੈ। ਜਿਥੇ ਥੋਕ ਮੁੱਲਾਂ 'ਤੇ ਅਧਾਰਤ ਸੂਚਕਾਂਕ ਅਨੁਸਾਰ ਸੈਕੇ ਦਾ ਫੈਲਾਅ 8.4 ਫੀਸਦੀ ਹੈ। ਉਥੇ ਉਪਭੋਗਤਾ ਮੁੱਲ ਸੂਚਕਾਂਕ ਦੀ ਦਰ ਅਕਤੂਬਰ ਤਕ ਆਪਣੇ ਦਸ ਸਾਲਾਂ ਦੇ ਸਿਖਰ 'ਤੇ ਵਧੀ ਹੋਈ ਸੀ। ਅਕਤੂਬਰ ਦੇ ਸ਼ੁਰੂਆਤ 'ਚ ਉਪਭੋਗਤਾ ਮੁੱਲ ਸੂਚਕਾਂਕ 9.69 ਫੀਸਦੀ ਰਿਹਾ ਸੀ। ਜੋ ਨਵੰਬਰ ਦੇ ਆਖਰੀ ਹਫਤੇ ਤਕ 10.43 ਫੀਸਦੀ ਹੋ ਗਿਆ। ਜਿਸ ਮਹਿੰਗਾਈ ਕਾਰਨ ਕੱਚੇ ਤੇਲ ਦੀਆਂ ਕੀਮਾਂ ਵਿਸ਼ਵੀ ਵਾਧਾ ਊਰਜਾ ਦੇ ਮੁੱਲ ਵਾਧੇ ਆਦਿ ਦੱਸਿਆ ਜਾ ਰਿਹਾ ਹੈ। ਅੱਜ ਉਸ ਦੇ ਘੱਟ ਹੋਣ ਦੇ ਬਾਵਜੂਦ ਖਾਦ ਪਦਾਰਥਾਂ ਦੀਆਂ ਕੀਮਤਾਂ 'ਚ ਕੋਈ ਕਮੀ ਨਹੀਂ ਆ ਰਹੀ ਹੈ। ਅੱਜ ਜਦ ਹੋਮਲੋਨ, ਕਾਰ, ਟੀ. ਵੀ. ਤੇ ਵਿਲਾਸਤਾ ਦੀਆਂ ਹੋਰ ਵਸਤੂਆਂ ਨੂੰ ਸਸਤਾ ਕਰਕੇ ਮੰਗ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਦਯੋਗਾਂ ਦੀ ਮੰਦੀ ਤੋਂ ਨਿਕਲਣ ਲਈ ਵਿਸ਼ਵ ਆਰਥਕ ਸੰਸਥਾਵਾਂ ਨੂੰ ਅਤੇ ਨਵੇਂ ਨੁਸਖਿਆਂ ਤੇ ਪੈਮਾਨਿਆਂ ਨੂੰ ਵਿਕਸਤ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਤਾਂ ਇਹ ਪੂੰਜੀਵਾਦੀ ਸਮਾਜ ਦਾ ਨਿਯਮ ਹੈ ਅਤੇ ਮੁਨਾਫੇ ਦੀ ਵਿਵਸਥਾ ਦੀ ਨੀਅਤ ਵੀ ਕਿ ਉਹ ਮੁਠੀਭਰ ਲੋਕਾਂ ਦੀਆਂ ਸਹੂਲਤਾਂ ਤੇ ਮੁਨਾਫੇ ਨੂੰ ਵੀ ਦੇਖੋ। ਮੇਹਨਤਕਸ਼ਾਂ ਦੇ ਦਰਦ, ਦੁੱਖ ਤੇ ਸਮੱਸਿਆਵਾਂ ਵੱਲ ਦੇਖਣ ਤੋ ਸੋਚਣ ਦੀ ਉਸ ਨੂੰ ਫੁਰਸਤ ਨਹੀਂ।

# ਭਾਰਤੀ ਸੰਵਿਧਾਨ ਤੇ ਸਮਾਜਵਾਦ

ਭਾਰਤ ਦਾ ਸੰਵਿਧਾਨ ਭਾਰਤੀ ਸਮਾਜ ਨੂੰ ਇਕ ਸਮਾਜਵਾਦੀ ਸਮਾਜ 'ਚ ਬਦਲਣ ਦਾ ਟੀਚਾ ਪੇਸ਼ ਕਰਦਾ ਹੈ ਪਰ ਇਸ ਸਮਾਜਵਾਦੀ ਸਮਾਜ ਦੀ ਉਸਾਰੀ ਕਿਵੇਂ ਹੋਵੇਗੀ ਇਸ ਸਬੰਧੀ ਇਹ ਚੁੱਪ ਹੈ। ਇਸ ਦੇ ਉਲਟ ਭਾਰਤੀ ਸੰਵਿਧਾਨ ਜਿਨ੍ਹਾਂ ਚੀਜ਼ਾਂ 'ਚ ਮੁਖਰ ਹੈ ਉਹ ਸਾਰੀਆਂ ਗੱਲਾਂ ਭਾਰਤੀ ਸਮਾਜ ਨੂੰ ਹਮੇਸ਼ਾ-ਹਮੇਸ਼ਾ ਲਈ ਅਰਧ ਜਾਗੀਰੂ ਅਰਧ ਬਸਤੀਵਾਦੀ ਬਣਾਈ ਰੱਖਣ ਲਈ ਹਨ। ਇਹ ਸੰਵਿਧਾਨ ਨਾ ਸਿਰਫ ਨਿੱਜੀ ਜਾਇਦਾਦ ਬਣਾਉਣ ਦੇ ਅਧਿਕਾਰ ਨੂੰ ਮਾਨਤਾ ਦਿੰਦਾ ਹੈ। ਬਲਕਿ ਬੇਹਿਸਾਬ ਇਕੱਠੀ ਕੀਤੀ ਨਿੱਜੀ ਜਾਇਦਾਦ ਦੀ ਪੂਰਨ ਰਾਖੀ ਦੀ ਗਰੰਟੀ ਵੀ ਦਿੰਦਾ ਹੈ। ਭਾਰਤ ਦੇ ਮਜ਼ਦੂਰਾਂ ਕਿਸਾਨਾਂ ਤੇ ਹੋਰ ਮੇਹਨਤਕਸ਼ਾਂ ਲਈ ਭਾਰਤੀ ਸੰਵਿਧਾਨ 'ਚ ਸਿਰਫ ਰਵਾਇਤੀ ਬਰਾਬਰੀ ਦੀਆਂ ਗੱਲਾਂ ਹਨ ਅਤੇ ਅਸਲ ਬਰਾਬਰੀ ਲਈ ਕੋਈ ਸਾਰਥਕ ਗੱਲ ਜਾਂ ਦਿਸ਼ਾ ਨਹੀਂ ਹੈ। ਇਸ ਤਰ੍ਹਾਂ ਨਾਲ ਭਾਰਤ ਦੇ ਸੰਵਿਧਾਨ ਦੀ 'ਉਦੇਸ਼ਿਕਾ' ਇਕ ਅਜਿਹਾ ਚਮਕੀਲਾ ਲਿਫਾਫਾ ਹੈ। ਜਿਸ ਅੰਦਰ ਨਕਲੀ ਮਾਲ ਭਰਿਆ ਹੋਇਆ ਹੈ। ਇਹ ਇਕ ਧੋਖੇ ਦੀ ਟਾਈ ਅੱਜ ਮਜ਼ਦੂਰਾਂ ਕਿਸਾਨਾਂ ਦਲਿਤਾਂ-ਪੀੜਤਾਂ ਦੇ ਲਈ ਸਾਬਤ ਹੋ ਰਿਹਾ ਹੈ। ਦੇਸ਼ ਦੇ ਮਜ਼ਦੂਰਾਂ ਲਈ ਇਸ ਵਿਚ ਫਰਜ਼ ਹੀ ਫਰਜ਼ ਹਨ ਅਤੇ ਦੇਸ਼ ਦੇ ਪ੍ਰਜੀਵੀ ਹਾਕਮਾਂ ਲਈ ਇਸ ਵਿੱਚ ਅਧਿਕਾਰ ਹੀ ਅਧਿਕਾਰ ਹਨ। ਇਸ ਸੰਵਿਧਾਨ ਦੇ ਵਿਹਾਰ ਵਿਚ ਉਤਰਨ 'ਤੇ ਮਜ਼ਦੂਰਾਂ ਦੇ ਹਿੱਸੇ ਲੁੱਟ ਜਬਰ ਆਉਂਦਾ ਹੈ ਜਦ ਕਿ ਹਾਕਮਾਂ, ਪੂੰਜੀਪਤੀਆਂ ਜਾਗੀਰਦਾਰਾਂ ਰਾਜਸੀ ਨੇਤਾਵਾਂ ਅਫਸਰਾਂ ਭੋਇੰ ਮਾਲਕਾਂ ਦੇ ਹਿੱਸੇ ਦੇਸ਼ਾਂ ਦੇ ਸਾਰੇ ਸਾਧਨਾ ਤੇ ਕਬਜਾ ਅਤੇ ਮੌਜ ਆਰਾਮ ਭਰੀ ਜ਼ਿੰਦਗੀ ਹੈ। ਪੁਲਸ ਫੌਜ ਨਿਆਂ ਪ੍ਰਣਾਲੀ ਸਭ ਉਹਨਾਂ ਦੀ ਦੌਲਤ ਆਰਾਮ ਦੀ ਹਿਫਾਜਤ ਲਈ ਹੈ। ਭਾਰਤ ਦਾ ਸੰਵਿਧਾਨ ਇਹਨਾਂ ਸਾਰੀਆਂ ਚੀਜ਼ਾਂ ਦੀ ਗਰੰਟੀ ਦਿੰਦਾ ਹੈ। ਮਜ਼ਦੂਰਾਂ ਨੂੰ ਆਪਣੀ ਲੁੱਟ ਘਸੁੱਟ ਕਰਾਉਣ ਵੱਲ ਦਲਾਲ ਸਰਮਾਏਦਾਰਾਂ ਜਾਗੀਰਦਾਰਾਂ ਨੂੰ ਮਜ਼ਦੂਰਾਂ ਦੀ ਲੁੱਟ ਘਸੁੱਟ ਕਰਦਿਆਂ ਅਮੀਰੀ ਤੇ ਆਰਾਮ ਭਰੀ ਜ਼ਿੰਦਗੀ ਜਿਉਣ ਦੀ ਪੂਰਨ ਗਰੰਟੀ ਭਾਰਤ ਦਾ ਸੰਵਿਧਾਨ ਕਰਦਾ ਹੈ।

1950 'ਚ ਜਦ ਭਾਰਤ ਦਾ ਸੰਵਿਧਾਨ ਹੋਂਦ 'ਚ ਆਇਆ ਅਤੇ 1976 'ਚ ਜਦ ਸੰਵਿਧਾਨ ਦੀ ਉਦੇਸ਼ਿਕਾ 'ਚ ਸਮਾਜਵਾਦੀ ਸ਼ਬਦ ਇੰਦਰਾ ਗਾਂਧੀ ਨੇ ਐਮਰਜੈਂਸੀ ਦੌਰਾਨ ਘੁਸੇੜਿਆ ਤਦ ਤੋਂ ਹਰ ਸਾਲ ਤੇ ਹਰ ਦਿਨ ਦਾ ਵਿਹਾਰ ਅਤੇ ਮਜ਼ਦੂਰ-ਕਿਸਾਨ ਦਾ ਅਨੁਭਵ ਇਹੀ ਸਾਬਤ ਕਰਦਾ ਹੈ ਕਿ ਭਾਰਤ ਦੇ ਸੰਵਿਧਾਨ 'ਚ ਸਮਾਜਵਾਦ ਇਕ ਪਰਾਇਆ ਸ਼ਬਦ ਹੈ। ਇਹ ਸ਼ਬਦ ਇਕ ਖਾਸ ਮੌਕੇ 'ਤੇ ਭਾਰਤ ਦੇ ਸੰਵਿਧਾਨ ਦੀ 'ਉਦੇਸ਼ਿਕਾ' 'ਚ ਘਸੋੜਿਆ ਗਿਆ। ਇਸ ਸ਼ਬਦ ਰਾਹੀਂ ਭਾਰਤ ਦੀ ਮੇਹਨਤਕਸ਼ ਜਨਤਾ ਨੂੰ ਧੋਖੇ 'ਚ ਰੱਖਣਾ ਚਾਹੁੰਦਾ ਸੀ ਅਤੇ ਕੁਝ ਮਾਮਲਿਆਂ 'ਚ ਇਹ ਤਦ ਵੀ ਕਾਮਯਾਬ ਹੋਇਆ ਸੀ ਅਤੇ ਅੱਜ ਵੀ ਇਕ ਅਰਥਾਂ 'ਚ ਕਾਮਯਾਬ ਹੈ। ਇਹ ਇਕ ਅਜਿਹਾ ਛਲ ਹੈ ਜਿਸ ਦਾ ਪਰਦਾਫਾਸ਼ ਭਾਰਤ ਦੇ ਮਜ਼ਦੂਰਾਂ ਤੇ ਹੋਰ ਮੇਹਨਤਕਸ਼ਾਂ ਦੇ ਸਾਹਮਣੇ ਅੱਜ ਤੱਕ ਨਹੀਂ ਹੋ ਸਕਿਆ ਹੈ। ਯਾਨੀ ਜਮਾਤੀ ਤੌਰ 'ਤੇ ਚੇਤੰਨ ਮਜ਼ਦੂਰਾਂ ਵੱਲੋਂ ਇਸ ਦਾ ਪਰਦਾਫਾਸ਼ ਵਾਰ ਵਾਰ ਕਰਨਾ ਜ਼ਰੂਰੀ ਹੈ। ਇਥੇ ਇਕ

ਸੁਆਲ ਖੜ੍ਹਾ ਹੁੰਦਾ ਹੈ ਕਿ ਭਾਰਤ ਦੇ ਹਾਕਮਾਂ ਨੇ ਨਹਿਰੂ-ਇੰਦਰਾ ਵਰਗੇ ਰਾਜਸੀ ਨੇਤਾਵਾਂ ਨੇ ਸਮਾਜਵਾਦ ਦੀਆਂ ਗੱਲਾਂ ਕਿਉਂ ਕੀਤੀਆਂ? ਉਹਨਾਂ ਦੀ ਕੀ ਮਜ਼ਬੂਰੀ ਸੀ ਕਿ ਉਹ ਸਮਾਜਵਾਦ ਦੀ ਮਾਲਾ ਜਪਦੇ ਸਨ ਜਾਂ ਕਿਉਂ ਨਹੀਂ ਭਾਰਤ ਦੇ ਹਾਕਮਾਂ ਨੇ ਰਾਜਸੀ ਨੇਤਾਵਾਂ ਨੇ ਇਹ ਐਲਾਨ ਖੁੱਲ੍ਹੇਆਮ ਕੀਤਾ ਕਿ ਭਾਰਤ ਨੂੰ ਇਕ ਅਰਧ ਸਰਮਾਏਦਾਰੀ ਤੇ ਅਰਧ ਜਾਗੀਰੂ ਦੇਸ਼ ਰੱਖਣਾ ਚਾਹੁੰਦੇ ਹਨ? ਉਹ ਕਿਉਂ ਨਹੀਂ ਇਹ ਕਹਿ ਸਕੇ ਕਿ ਉਹਨਾਂ ਦਾ ਉਦੇਸ਼ ਅਮਰੀਕਾ, ਫਰਾਂਸ, ਬ੍ਰਿਟੇਨ ਜਾਂ ਜਪਾਨ ਵਰਗੇ ਸਾਮਰਾਜੀ ਦੇਸ਼ਾਂ ਵਰਗਾ ਹੀ ਹੈ। ਉਹਨਾਂ ਵਰਗਾ ਹੀ ਸਮਾਜ ਉਸਾਰਨਾ ਹੈ? ਜਿਵੇਂ ਸਾਮਰਾਜੀ ਅਮਰੀਕਾ-ਬ੍ਰਿਟੇਨ ਦੇ ਪੁਰਾਣੇ ਹਾਕਮ ਸਮਾਜਵਾਦ ਨੂੰ ਗਾਲ੍ਹਾਂ ਕੱਢਦੇ ਸਨ ਅਤੇ ਪੂੰਜੀਵਾਦ ਦਾ ਗੁਣਗਾਣ ਕਰਦੇ ਸਨ। ਵੈਸੇ ਨਹਿਰੂ ਤੋਂ ਲੈ ਕੇ ਮਨਮੋਹਨ ਸਿੰਘ ਤਕ ਕਿਉਂ ਨਹੀਂ ਕਰ ਸਕੇ? ਅੱਜ ਵੀ ਭਾਰਤ ਦੇ ਦਲਾਲ ਹਾਕਮ-ਰਾਜਨੇਤਾ ਕਿਉਂ ਹੀ ਸੰਵਿਧਾਨ 'ਚ ਸੋਧ ਕਰਕੇ ਸਮਾਜਵਾਦ ਸ਼ਬਦ ਨੂੰ ਹਟਾ ਦਿੰਦੇ?

ਸਭ ਤੋਂ ਪਹਿਲਾਂ ਅਸੀਂ ਇਸ ਗੱਲ ਦੀ ਚਰਚਾ ਕਰਾਂਗੇ ਕਿ ਭਾਰਤ ਦੇ ਸੰਵਿਧਾਨ 'ਚ ਕਿਉਂ ਸਮਾਜਵਾਦੀ ਗੱਲਾਂ ਪਾਈਆਂ ਗਈਆਂ ਜਾਂ ਕਿੰਨਾਂ ਹਾਲਤਾਂ 'ਚ ਭਾਰਤ ਦਾ ਸੰਵਿਧਾਨ ਤਿਆਰ ਕੀਤਾ ਗਿਆ ਅਤੇ ਫਿਰ ਇਸ ਗੱਲ ਦੀ ਚਰਚਾ ਕਰਾਂਗੇ ਕਿ ਇਹ ਕਿਹੋ ਜਿਹੀ ਹਾਲਤ ਸੀ ਜਿਸ 'ਚ ਇੰਦਰਾ ਗਾਂਧੀ ਨੇ ਸੰਵਿਧਾਨ ਦੀ 'ਉਦੇਸ਼ਿਕਾ' 'ਚ ਸਮਾਜਵਾਦ ਸ਼ਬਦ ਨੂੰ ਪਾਇਆ ਸੀ। ਅਸੀਂ ਜਾਣਦੇ ਹਾਂ ਕਿ ਭਾਰਤ ਲਗਭਗ ਦੋ ਸੌ ਸਾਲਾਂ ਤਕ ਬ੍ਰਿਟੇਨ ਦੀ ਬਸਤੀ ਰਿਹਾ ਸੀ ਅਤੇ ਇਸ ਬਸਤੀਵਾਦੀ ਗੁਲਾਮੀ ਨਾਲ ਭਾਰਤ ਦੇ ਲੋਕਾਂ ਨੂੰ ਲੰਮੇ ਤੇ ਕਠਿਨ ਸੰਘਰਸ਼ ਪਿੱਛੋਂ ਅਧੂਰੀ ਮੁਕਤੀ ਹੀ ਮਿਲੀ। 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਬਣ ਕੇ ਤਿਆਰ ਹੋਇਆ। ਅਸੀਂ ਇਹ ਵੀ ਜਾਣਦੇ ਹਾਂ ਕਿ ਭਾਰਤ ਦੀ 'ਆਜ਼ਾਦੀ' ਦੀ ਲੜਾਈ ਦੀ ਅਗਵਾਈ ਕਾਂਗਰਸ ਪਾਰਟੀ ਨੇ ਕੀਤੀ ਜੋ ਦਲੀਲ ਸਰਮਾਏਦਾਰੀ ਤੇ ਜਾਗੀਰਦਾਰੀ ਦੀ ਪਾਰਟੀ ਸੀ। ਇਸ ਪਾਰਟੀ 'ਚ ਕਈ ਜਗੀਰਦਾਰ ਰਾਜੇ ਮਹਾਰਾਜੇ ਨਵਾਬ ਸ਼ਾਮਲ ਵੀ ਸਨ। ਇਸ ਦੇ ਨੇਤਾ ਛੋਟੀਆਂ-ਵੱਡੀਆਂ ਰਿਆਸਤਾਂ ਦੇ ਮਾਲਕ ਵੀ ਸਨ ਅਤੇ ਅੱਜ ਵੀ ਆਪਣੇ ਚੋਣ ਖੇਤਰਾਂ 'ਚ ਇਹ ਜਾਗੀਰਦਾਰਾਂ ਵਾਂਗੂੰ ਵਰਤਾਅ ਕਰਦੇ ਹਨ। ਆਜ਼ਾਦੀ ਦੀ ਲੜਾਈ 'ਚ ਮਜ਼ਦੂਰਾਂ, ਕਿਸਾਨਾਂ ਸੈਨਿਕਾਂ, ਨੌਜਵਾਨਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਸੀ ਅਤੇ ਇਸ ਲੜਾਈ ਦੀ ਮੁੱਖ ਸ਼ਕਤੀ ਸਨ। ਮਜ਼ਦੂਰ ਕਿਸਾਨ ਫੌਜੀ ਨੌਜਵਾਨ ਅਜਿਹੇ ਭਾਰਤ ਦਾ ਸੁਪਨਾ ਲੈ ਕੇ ਲੜਾਈ ਲੜ ਰਹੇ ਸਨ ਜਿਸ 'ਚ ਹਰ ਇਨਸਾਨ ਲੁੱਟ-ਘਸੁੱਟ ਤੋਂ ਮੁਕਤ ਹੁੰਦਾ ਜਾਂ ਦੂਜੇ ਸ਼ਬਦਾਂ ਵਿੱਚ ਉਹ ਸਮਾਜਵਾਦ ਚਾਹੁੰਦੇ ਸਨ, ਪੂੰਜੀਵਾਦ ਨਹੀਂ। ਭਾਰਤ ਦੀ ਜਨਤਾ ਦੇ ਹਿੱਤ ਸਮਾਜਵਾਦ ਨਾਲ ਹੀ ਪੂਰੇ ਹੁੰਦੇ ਸਨ। ਸਰਮਾਏਦਾਰੀ ਜਾਂ ਜਾਗੀਰਦਾਰੀ ਨਾਲ ਨਹੀਂ। ਭਾਰਤੀ ਜਨਤਾ ਦੇ ਖਾੜਕੂ, ਜੁਝਾਰੂ ਤੇਵਰ ਤੇ ਸੰਘਰਸ਼ਾਂ ਨੇ ਐਸਾ ਦਬਾਅ ਪੈਦਾ ਕੀਤਾ ਕਿ ਭਾਰਤ ਦੇ ਨਵੇਂ ਦਲਾਲ ਸਰਮਾਏਦਾਰੀ ਦੇ ਨੁਮਾਇੰਦਾ ਹਾਕਮਾਂ ਨੇ ਇਸ ਗੱਲ 'ਚ ਹੀ ਆਪਣੀ ਖੈਰ ਸਮਝੀ ਕਿ ਆਪਣੇ ਹਿੱਤਾਂ ਨੂੰ ਪਰਦੇ ਦੇ ਪਿੱਛੇ ਪੂਰਾ ਕਰ ਲੈਣ। ਖੂਬਸੂਰਤ ਤੇ ਮਨਮੋਹਨ ਲਫਜਾਂ ਦਾ ਅਜਿਹਾ ਜਾਲ ਬੁਣਨ ਜਿਸ ਦੇ ਫੇਰ 'ਚ ਆ ਕੇ ਜਨਤਾ ਆਪਣੇ ਜੁਝਾਰੂ ਤੇਵਰਾਂ ਤੇ ਸੰਘਰਸ਼ਾਂ ਨੂੰ ਤਿਆਗ ਦੇਣ ਮਤੇ 1947 ਦੀ ਸੱਤਾ ਬਦਲੀ ਦੇ ਬਾਅਦ ਦੇ ਸ਼ੁਰੂਆਤੀ ਦਹਾਕਿਆਂ 'ਚ ਕੁਝ ਕੁਝ ਐਸਾ ਹੋਇਆ ਵੀ।

ਮਜ਼ਦੂਰਾਂ ਨੇ ਹੜਤਾਲਾਂ ਘੱਟ ਕੀਤੀਆਂ ਅਤੇ ਕਿਸਾਨ ਸੜਕਾਂ 'ਤੇ ਘੱਟ ਉਤਰੇ ਅਤੇ ਫੌਜੀ ਦਾ ਇਕ ਦਮ ਆਗਿਆਕਾਰੀ ਬਣ ਗਏ। ਭਾਰਤ ਦੇ ਲੋਕ ਨਹਿਰੂ ਦੇ ਸਮਾਜਵਾਦ ਦੀ ਉਡੀਕ ਵੀ ਕਰਨ ਲੱਗੇ। ਅਜ਼ਾਦੀ ਦੀ ਲੜਾਈ 'ਤੇ ਰੂਸ ਦੀ ਬਾਲਸ਼ਵਿਕ ਪਾਰਟੀ ਦੀ ਕ੍ਰਾਂਤੀ ਅਤੇ ਉਸ ਪਿੱਛੋਂ ਕੀਤੇ ਗਏ ਸਮਾਜਵਾਦੀ ਉਸਾਰੀ ਦਾ ਡੂੰਘਾ ਅਸਰ ਪਿਆ ਸੀ। 1930 ਦਾ ਦਹਾਕਾ ਆਉਂਦੇ ਆਉਂਦੇ ਭਾਰਤ ਦੇ ਕ੍ਰਾਂਤੀਕਾਰੀਆਂ (ਭਗਤ ਸਿੰਘ ਆਦਿ) ਨੇ ਸਮਾਜਵਾਦ ਦੇ ਟੀਚੇ ਨੂੰ ਅਪਣਾ ਲਿਆ ਸੀ। ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਬਟੁਕੇਸ਼ਵਰ ਦੱਤ ਵਰਗੇ ਕੌਮਵਾਦੀ ਇਨਕਲਾਬੀ ਸਮਾਜਵਾਦ ਦੇ ਕੁਝ ਹਮਾਇਤੀ ਵੀ ਬਣ ਗਏ ਸਨ। ਇਹ ਉਹ ਸਮਾਂ ਸੀ ਜਦ ਭਾਰਤ ਦੀ ਕਮਿਊਨਿਸਟ ਪਾਰਟੀ ਬਾਲਸ਼ਵਿਕ ਕ੍ਰਾਂਤੀ ਤੋਂ ਪ੍ਰੇਰਨਾ ਲੈ ਕੇ ਹੋਂਦ 'ਚ ਆ ਰਹੀ ਸੀ। ਇਸ ਪਾਰਟੀ ਦਾ ਹੋਂਦ 'ਚ ਆਉਣਾ ਭਾਰਤ ਦੇ ਮਜ਼ਦੂਰਾਂ ਕਿਸਾਨਾਂ ਤੇ ਹੋਰ ਮੇਹਨਤਕਸ਼ਾਂ ਲਈ ਇਕ ਵੱਡੀ ਘਟਨਾ ਸੀ। ਬਾਲਸ਼ਵਿਕ ਕ੍ਰਾਂਤੀ ਦਾ ਅਸਰ ਏਨਾ ਡੂੰਘਾ ਸੀ ਕਿ ਉਸ ਜ਼ਮਾਨੇ ਦੇ ਜਾਣੇ-ਪਹਿਚਾਣੇ ਨੇਤਾ, ਕਵੀ, ਲੇਖਕ, ਬੁੱਧੀਜੀਵੀ ਸਭ ਸਮਾਜਵਾਦ ਦਾ ਗੁਣਗਾਣ ਕਰਨ ਲੱਗੇ ਸਨ। ਗਣੇਸ਼ ਸ਼ੰਕਰ ਵਿਦਿਆਰਥੀ ਪ੍ਰੇਮ ਚੰਦ, ਨਿਮਲਾ ਰਵਿੰਦਰ ਨਾਥ ਟੈਗੋਰ ਆਦਿ ਵਰਗੇ ਸਭ ਪੂੰਜੀਵਾਦ ਦੇ ਔਲਚਕ ਅਤੇ ਸਮਾਜਵਾਦ ਦੇ ਪ੍ਰਸੰਸ਼ਕ ਬਣ ਗਏ ਸਨ। ਨਹਿਰੂ ਜੈ ਪ੍ਰਕਾਸ਼ ਨਾਰਾਇਣ ਅਚਾਰੀਆ ਨਰੇਂਦਰ ਦੇਵ ਨੇ ਆਪਣੇ ਆਪ ਨੂੰ ਸਮਾਜਵਾਦੀ ਐਲਾਨ ਦਾ ਪਾਖੰਡ ਵੀ ਰਚ ਲਿਆ ਸੀ। ਸੋਵੀਅਤ ਸੰਘ ਦੀ ਪ੍ਰਤਿਸ਼ਤਾ 'ਚ ਤਦ ਹੋਰ ਵਾਧਾ ਹੋਇਆ ਜਦ ਸਟਾਲਿਨ ਦੀ ਅਗਵਾਈ 'ਚ ਦੂਸਰੀ ਸੰਸਾਰ ਜੰਗ 'ਚ ਹਿਲਟਰ ਨੂੰ ਹਰਾ ਦਿੱਤਾ ਗਿਆ। ਇਹ ਉਹੀ ਅਰਸਾ ਸੀ ਜਦ ਤੀਜੀ ਦੁਨੀਆਂ ਦੇ ਦੇਸ਼ ਸੋਵੀਅਤ ਸੰਘ ਤੇ ਸਮਾਜਵਾਦ ਤੋਂ ਪ੍ਰੇਰਣਾ ਲੈ ਕੇ ਸਾਮਰਾਜ ਤੋਂ ਆਪਣੀ ਮੁਕਤੀ ਦੀ ਲੜਾਈ ਨੂੰ ਤੇਜ਼ ਕਰ ਰਹੇ ਸਨ। ਦੂਜੀ ਸੰਸਾਰ ਜੰਗ ਪਿੱਛੋਂ 13 ਦੇਸ਼ਾਂ ਦਾ ਸਮਾਜਵਾਦੀ ਖੇਮਾ ਵੀ ਹੋਂਦ 'ਚ ਆ ਗਿਆ ਸੀ। ਸੋਵੀਅਤ ਸੰਘ ਵਿੱਚ ਸਮਾਜ ਦੀ ਉਸਾਰੀ ਅਤੇ ਦੂਜੀ ਸੰਸਾਰ ਜੰਗ 'ਚ ਉਹਨਾਂ ਦੀ ਜਿੱਤ ਨੇ ਪੂਰੀ ਦੁਨੀਆਂ ਦੇ ਕੋਨੇ ਕੋਨੇ 'ਚ ਸਮਾਜਵਾਦ ਨੂੰ ਪਹੁੰਚਾ ਦਿੱਤਾ ਸੀ। ਰੂਸ ਪਿੱਛੋਂ ਚੀਨ ਦੇ ਨਵ-ਜਮਹੂਰੀ ਇਨਕਲਾਬ ਨੇ ਪੂਰੀ ਦੁਨੀਆਂ 'ਚ ਮਜ਼ਦੂਰਾਂ ਤੇ ਕਿਸਾਨਾਂ 'ਚ ਨਵੀਂ ਪ੍ਰੇਰਣਾ ਤੇ ਉਤਸ਼ਾਹ ਦਾ ਸੰਚਾਰ ਕੀਤਾ। ਤਹਿ ਗੱਲ ਇਹ ਹੈ ਕਿ ਜਦ ਦੁਨੀਆਂ 'ਚ ਅਜਿਹਾ ਮਾਹੌਲ ਹੋਵੇ। ਜਦ ਸਮਾਜਵਾਦ ਇੱਕ ਤੋਂ ਬਾਅਦ ਦੂਜੇ ਦੇਸ਼ਾਂ ਵਿੱਚ ਹਾਰ ਰਿਹਾ ਹੋਵੇ ਜਦ ਸਮਾਜਵਾਦ ਭਾਰਤ ਦੇ ਮਜ਼ਦੂਰਾਂ ਤੇ ਹੋਰ ਦੇਸ਼ਾਂ 'ਚ ਹਰਮਨ ਪਿਆਰਾ ਹੋਵੇ ਤਦ ਭਾਰਤ ਦੇ ਦਲਾਲ ਹਾਕਮਾਂ ਵੱਲੋਂ ਨਵੀਂ ਹਾਸਲ ਕੀਤੀ ਸੱਤਾ ਪਿੱਛੋਂ ਸਮਾਜਵਾਦੀ ਗੱਲਾਂ ਕਰਨਾ ਇਕ ਮਜ਼ਬੂਰੀ ਸੀ। ਭਾਰਤ ਦੇ ਗੁਆਂਢ 'ਚ ਦੇਸ਼ ਚੀਨ 'ਚ ਜਦ ਅਸਲ 'ਚ ਮਜ਼ਦੂਰਾਂ ਕਿਸਾਨਾਂ ਦੀ ਸੱਤਾ ਕਾਇਮ ਹੋ ਰਹੀ ਹੋਵੇ ਤਦ ਨਹਿਰੂ ਦੇ ਨਕਲੀ ਸਮਾਜਵਾਦ ਨੂੰ ਪੂੰਜੀਪਤੀ ਜਮਾਤ ਦੇ ਹਿੱਤਾਂ ਦੀ ਸੇਵਾ-ਸੁਰਖਿਆ ਲਈ ਸਾਹਮਣੇ ਆਉਣਾ ਹੀ ਸੀ ਅਤੇ ਇਹ ਐਸੇ ਸਮੇਂ ਵਿੱਚ ਸੀ ਜਦ ਭਾਰਤ ਦੀ ਜਨਤਾ ਨੇ ਹੁਣੇ-ਹੁਣੇ ਅੰਗਰੇਜ਼ਾਂ ਤੋਂ ਪਿੱਛਾ ਛੁਡਾਇਆ ਸੀ। ਉਹਨਾਂ ਦੀਆਂ ਅੱਖਾਂ 'ਚ ਵੀ ਨਵੇਂ ਸਮਾਜ ਦਾ ਸੁਪਨਾ ਤੈਰ ਰਿਹਾ ਸੀ। ਇਕ ਦਹਾਕਾ ਵੀ ਨਹੀਂ ਬੀਤਿਆ ਕਿ ਭਾਰਤ ਦੀ ਮੇਹਨਤਕਸ਼ ਜਨਤਾ ਤੇ ਮਜ਼ਦੂਰਾਂ ਨੂੰ ਠੱਗੇ ਜਾਣ ਦਾ ਅਹਿਸਾਸ ਹੋਇਆ ਹੈ। ਉਹਨਾਂ ਨੂੰ ਲੱਗਿਆ ਕਿ

ਉਹਨਾਂ ਨਾਲ ਧੋਖਾ ਹੋਇਆ ਹੈ। ਨਵੇਂ ਦਲਾਲ ਹਾਕਮ ਪੁਰਾਣੇ ਹਾਕਕਾ ਜਿੰਨੇ ਹੀ ਅਤਿਆਚਾਰੀ ਤੇ ਲੁਟੇਰੇ ਸਨ। ਜਾਗੀਰਦਾਰ, ਦਲਾਲ ਸਰਮਾਏਦਾਰ, ਵਪਾਰੀ ਰਾਜ ਨੇਤਾ ਅਫਸਰ ਆਦਿ ਦਾ ਗੱਠਜੋੜ ਲੋਕਾਂ ਦੇ ਮੋਢਿਆਂ 'ਤੇ ਦੰਦ ਗੱਡੀ ਬੈਠਾ ਸੀ। ਜਨਤਾ ਨੇ ਵੇਖਿਆ ਸੀ ਕਿ ਕਿਵੇਂ ਨਹਿਰੂ ਦਾ 'ਸਮਾਜਵਾਦ' ਪੁਰਾਣੇ ਜਾਗੀਰਦਾਰਾਂ ਨੂੰ ਪ੍ਰੀਵੀਪਰਸ ਦੇ ਰਿਹਾ ਸੀ ਅਤੇ ਵੱਡੇ ਜਿਮੀਂਦਾਰਾਂ ਦੀ ਜਾਇਦਾਦ ਦੀ ਰਾਖੀ ਕਰ ਰਿਹਾ ਸੀ। ਪੁਰਾਣੇ-ਜਗੀਰਦਾਰਾਂ ਜਿੰਮੀਂਦਾਰਾਂ ਨੇ ਆਪਣਾ ਚੋਲਾ ਬਦਲ ਕੇ ਪੂੰਜੀਵਾਦੀ ਅਰਧ ਜਗੀਰਦਾਰੀ ਦਾ ਚੋਲਾ ਪਹਿਨ ਲਿਆ। ਜੋ ਫੌਜ ਪੁਲਸ ਨਿਆਂ ਪ੍ਰਣਾਲੀ ਪਹਿਲਾਂ ਅੰਗਰੇਜ਼ਾਂ ਦੇ ਪੱਖ 'ਚ ਖੜ੍ਹੇ ਸਨ ਉਹ ਹੁਣ ਪੂੰਜੀਪਤੀਆਂ ਦਲਾਲਾਂ ਅਰਥ ਜਾਗੀਰਦਾਰੀ ਜਿੰਮੀਂਦਾਰਾਂ ਦੇ ਪੱਖ 'ਚ ਖੜ੍ਹੇ ਸਨ। ਲੋਕਾਂ ਨੂੰ ਆਪਣੀ ਹਰ ਛੋਟੀ ਵੱਡੀ ਮੰਗ ਲਈ ਲਾਠੀ ਗੋਲੀ ਖਾਣੀ ਪੈ ਰਹੀ ਸੀ। ਸਤਰ ਦਾ ਦਹਾਕਾ ਆਉਂਦੇ ਆਉਂਦੇ ਦੇਸ਼ ਦੀ ਫਿਜਾ 'ਚ ਹਰ ਪਾਸੇ ਤਣਾਅ ਤੇ ਅਸੰਤੋਸ਼ ਜਨਮ ਲੈਣ ਲੱਗਿਆ। ਐਮਰਜੈਂਸੀ ਤੋਂ ਪਹਿਲਾਂ ਤਕ ਭਾਰਤ ਦੇ ਹਾਕਮਾਂ ਨੇ ਪਹਿਲਾਂ ਚੀਨ ਨਾਲ ਇਕ ਤੇ ਪਾਕਿਸਤਾਨ ਨਾਲ ਜੰਗਾਂ ਲੜ ਕੇ ਉਸ ਦਾ ਸਾਰਾ ਬੋਝ ਭਾਰਤ ਦੇ ਲੋਕਾਂ ਦੀ ਪਿੱਠ 'ਤੇ ਲੱਦ ਦਿੱਤਾ। ਮਜ਼ਦੂਰਾਂ ਦਾ ਰੋਸ ਲਗਾਤਾਰ ਵਧਦੀਆਂ ਹੜਤਾਲਾਂ 'ਚ ਹੋ ਰਿਹਾ ਸੀ। ਨਕਸਲਬਾੜੀ ਅੰਦੋਲਨ ਰੇਲਵੇ ਮਜ਼ਦੂਰਾਂ ਦੀ ਇਕ ਮਹੀਨੇ ਦੀ 1974 ਦੀ ਹੜਤਾਲਾਂ 1974 'ਚ ਪੀ. ਏ. ਸੀ. ਦੇ ਸਿਪਾਹੀਆਂ ਦੀ ਬਗਾਵਤ ਅਤੇ ਐਮਰਜੈਂਸੀ ਦਾ ਭਾਰਤ ਦੀ ਸਮੁੱਚੀ ਜਨਤਾ ਵੱਲੋਂ ਕੀਤਾ ਗਿਆ ਵਿਰੋਧ ਉਸ ਦੀ ਚਰਮ ਸੀਮਾ ਵਜੋਂ ਉਜਾਗਰ ਹੋਇਆ। ਇਸ ਦੌਰ 'ਚ ਇੰਦਰਾ ਗਾਂਧੀ ਦੀ ਅਗਵਾਈ 'ਚ ਦਲਾਲ ਭਾਰਤੀ ਸਰਮਾਏਦਾਰੀ ਨੇ "ਗਰੀਬੀ ਹਟਾਓ" 14 ਬੈਂਕਾਂ ਦਾ ਕੌਮੀਕਰਨ ਭਾਰਤ ਦੇ ਸੰਵਿਧਾਨ 'ਚ ਸਮਾਜਵਾਦ ਸ਼ਬਦ ਤੇ ਵੀਹ-ਨੁਕਾਤੀ ਪ੍ਰੋਗਰਾਮ ਵਰਗੇ ਨਾਹਰੇ ਅਤੇ ਪ੍ਰੋਗਰਾਮ ਪੇਸ਼ ਕੀਤੇ। ਇਸ ਸਭ ਦਾ ਸਮਾਜਵਾਦ ਨਾਲ ਦਾ ਮਜ਼ਦੂਰਾਂ ਕਿਸਾਨਾ ਦੇ ਰਾਜ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਇਹ ਤਾਂ ਲੋਕਾਂ ਦੇ ਵਧਦੇ ਰੋਸ ਨੂੰ ਕਿਸੇ ਤਰ੍ਹਾਂ ਨਾਲ ਠੰਡਾ ਕਰਨ ਦੀਆਂ ਕੋਸ਼ਿਸ਼ਾਂ ਸਨ। ਭਾਰਤ ਦੀ ਦਲਾਲ ਹਾਕਮ ਜਮਾਤ ਆਪਣੀ ਹਕੂਮਤ ਨੂੰ ਆਪਣੇ ਪੂੰਜੀਵਾਦੀ ਪ੍ਰਬੰਧ ਨੂੰ ਬਣਾਈ ਰੱਖਣ ਲਈ ਹਰ ਜਾਬਰ ਤਰੀਕਾ ਅਪਣਾ ਰਹੀ ਸੀ। ਪਿਛਲੇ ਦੋ ਤਿੰਨ ਦਹਾਕਿਆਂ 'ਚ ਸੰਵਿਧਾਨ ਦੀਆਂ ਕਿੰਨੀਆਂ ਹੀ 'ਸਮਾਜਵਾਦੀ' ਗੱਲਾਂ ਨੂੰ ਸਿੱਧੇ ਅਸਿੱਧੇ ਢੰਗ ਨਾਲ ਬਦਲ ਦਿੱਤਾ ਗਿਆ ਹੈ। ਕੁਝ ਸਿੱਧੇ ਸੰਸਦ 'ਚ ਕਾਨੂੰਨ ਤੇ ਨਵੇਂ ਬਿਲ ਲਿਆ ਕੇ ਤਾਂ ਕੁਝ ਅਦਾਲਤੀ ਫੈਸਲਿਆਂ ਰਾਹੀਂ ਪੁਰਾਣੇ ਕਾਨੂੰਨਾਂ ਦੀ ਨਵੀਂ ਵਿਆਖਿਆ ਜਾਂ ਨਵੇਂ ਫੈਸਲੇ ਸੁਣਾ ਕੇ ਭਾਰਤ ਦੇ ਸੰਵਿਧਾਨ ਦੀ ਉਸਾਰੀ ਸਮੇਂ ਸਮਾਜਵਾਦ ਤੇ ਜਨਤਾ ਦੇ ਸੰਘਰਸ਼ਾਂ ਆਸਾਂ ਦੇ ਦਬਾਅ ਕਰਕੇ ਪਾਈਆਂ ਗਈਆਂ ਸਨ। ਹੁਣ ਉਹ ਇਕ ਇਕ ਕਰਕੇ ਹਟਾਈਆਂ ਜਾ ਰਹੀਆਂ ਹਨ। ਹੁਣ ਉਹ ਦੇਸੀ-ਵਿਦੇਸੀ ਪੂੰਜੀ ਦੇ ਨੰਗੇ ਚਿੱਟੇ ਚਲਣ ਦਾ ਦਸਤਾਵੇਜ ਬਣਦਾ ਜਾ ਰਿਹਾ ਹੈ। ਪਰਦੇ ਨੂੰ ਹਟਾਇਆ ਗਿਆ ਹੈ। ਸਭ ਕੁਝ ਹਟਾਉਣਾ ਇਕੋ ਝਟਕੇ 'ਚ ਸੰਭਵ ਨਹੀਂ ਕਿਉਂਕਿ ਅਜੇ ਵੀ ਹਾਕਮ ਜਬਰ ਸਮੇਂ ਜਨਤਾ ਨੂੰ ਠੰਡਾ ਕਰਨ ਲਈ ਸਮਾਜਵਾਦ ਸ਼ਬਦ ਦੀ ਅੜ ਲੈਂਦੇ ਹਨ। ਅਸਲ 'ਚ ਸਮਾਜਵਾਦ ਤੇ ਪੂੰਜੀਵਾਦ (ਸਾਮਰਾਜ) ਦੋ ਵਿਰੋਧੀ ਸਮਾਜਕ ਵਿਵਸਥਾਵਾਂ ਹਨ ਇਕ ਦਾ ਹਾਕਮ ਮਜ਼ਦੂਰ ਜਮਾਤ ਤੇ ਦੂਜੇ ਦੀ ਪੂੰਜੀਪਤੀ ਜਮਾਤੀ ਪੂੰਜੀਵਾਦ 'ਚ ਪੂੰਜੀ ਹੀ ਸਮਾਜ ਦੇ ਕੇਂਦਰ 'ਚ ਹੁੰਦੀ ਹੈ।

ਸਮਾਜਵਾਦ ਦੇ ਕੇਂਦਰ 'ਚ ਕਿਰਤ ਹੁੰਦੀ ਹੈ। ਭਾਰਤ ਦੇ ਸੰਵਿਧਾਨ 'ਚ ਭਾਰਤੀ ਸਮਾਜ ਨੂੰ ਸਮਾਜਵਾਦੀ ਸਮਾਜ 'ਚ ਬਦਲਣ ਦਾ ਉਦੇਸ਼ ਖੋਖਲਾ ਫਿਕਰਾ ਬਣ ਕੇ ਰਹਿ ਗਿਆ ਹੈ। ਨਹਿਰੂ, ਇੰਦਰਾ, ਜੈ ਪ੍ਰਕਾਸ਼ ਨਾਰਾਇਣ ਲੋਹੀਆ ਆਦਿ ਦਾ ਸ਼ਾਂਤੀਪੂਰਨ ਢੰਗ ਨਾਲ ਸਮਾਜਵਾਦ ਲਿਆਉਣ ਦੀਆਂ ਗੱਲਾਂ ਭਾਰਤ ਦੇ ਮਜ਼ਦੂਰਾਂ ਕਿਸਾਨਾਂ ਤੇ ਮੇਹਨਤਕਸ਼ਾਂ ਨੂੰ ਇਨਕਲਾਬ ਦੇ ਰਾਹ ਤੋਂ ਭੜਕਾਉਣ ਲਈ ਹਨ। ਇਹ ਇਕ ਸਿੱਧਾ ਜਿਹਾ ਸੱਚ ਹੈ ਕਿ ਲੁੱਟ ਰਹਿਤ ਸਮਾਜ ਸਮਾਜਵਾਦ ਦੀ ਸਥਾਪਨਾ ਇਨਕਲਾਬ ਬਿਨ੍ਹਾਂ ਸੰਭਵ ਨਹੀਂ ਹੈ। ਇਹੀ ਉਹ ਗੱਲ ਹੈ ਜਿਸ 'ਤੇ ਪਰਦਾ ਪਾਉਣ ਲਈ ਭਾਰਤ ਦੀ ਸਮਾਜਵਾਦ ਦੀ ਸਥਾਪਨਾ ਇਨਕਲਾਬ ਬਿਨਾਂ ਸੰਭਵ ਨਹੀਂ ਹੈ। ਇਹੀ ਉਹ ਗੱਲ ਹੈ ਜਿਸ 'ਤੇ ਪਰਦਾ ਪਾਉਣ ਲਈ ਭਾਰਤ ਦੀ ਸਾਮਰਾਜ ਦੀ ਦਲੀਲ ਨੌਕਰਸ਼ਾਹ ਸਰਮਾਏਦਾਰੀ ਦੀ ਨੁਮਾਇੰਦਾ ਹਾਕਮ ਜਮਾਤ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ।

# ਜੀ-20 ਦੀ ਬੈਠਕ ਪੈਂਬੰਦਸਾਜੀ ਦੀ ਕੋਸ਼ਿਸ਼

24-25 ਸਤੰਬਰ ਨੂੰ ਸੰਯੁਕਤ ਰਾਜ ਅਮਰੀਕਾ ਦੇ ਪੀਟਰਸ ਬਰਗ 'ਚ ਜੀ-20 ਦੇ ਨੇਤਾਵਾਂ ਦੀ ਸਿਖ਼ਰ ਬੈਠਕ ਹੋਈ। ਇਹ ਬੈਠਕ ਅਪ੍ਰੈਲ 2009 'ਚ ਲੰਦਨ 'ਚ ਬੈਠਕ ਦੇ ਸਮੇਂ ਹੀ ਤਹਿ ਕੀਤੀ ਗਈ ਸੀ। ਅਮਰੀਕਾ ਦਾ ਪਿਟ੍ਸਬਰਗ ਉਹ ਥਾਂ ਹੈ। ਜਿਥੇ ਕਦੀ ਵੱਡੇ ਵੱਡੇ ਇਸਪਾਤ ਉਦਯੋਗ ਹੋਇਆ ਕਰਦੇ ਸਨ। ਤਦ ਇਸਪਾਤ ਉਦਯੋਗ ਅਰਥਚਾਰੇ ਦਾ ਨਿਰਧਾਰਿਕ ਉਦਯੋਗ ਹੁੰਦਾ ਸੀ। ਹੁਣ ਪੀਟਰਸਬਰਗ ਇਕ ਸਾਬਕਾ ਸਨਅਤੀ ਜਗਾਹ ਹੈ। ਅਮਰੀਕਾ ਦਾ ਇਸਪਾਤ ਉਦਯੋਗ ਦਮ ਤੋੜ ਰਿਹਾ ਹੈ। ਹੁਣ ਇਸਪਾਤ ਉਦਯੋਗ ਮੁੱਖ ਤੌਰ 'ਤੇ ਚੀਨ, ਬ੍ਰਾਜੀਲ ਤੇ ਭਾਰਤ ਵਰਗੇ ਦੇਸ਼ਾਂ 'ਚ ਤਬਦੀਲ ਹੋ ਚੁੱਕਿਆ ਹੈ। ਅਮਰੀਕੀ ਕੰਪਨੀਆਂ ਇਸ ਖੇਤਰ ਤੋਂ ਆਪਣਾ ਹੱਥ ਖਿੱਚ ਚੁੱਕੀਆਂ ਹਨ। ਇਸ ਸਮੇਂ ਚੀਨ ਸਭ ਤੋਂ ਵੱਡਾ ਲੋਹਾ ਤੇ ਇਸਪਾਤ ਉਤਪਾਦਕ ਦੇਸ਼ ਹੈ। ਇੰਗਲੈਂਡ ਸਥਿਤ ਭਾਰਤੀ ਮੂਲ ਦਾ ਮਿੱਤਲ ਬਚੇ ਖੁਚੇ ਇਸਪਾਤ ਉਦਯੋਗਾਂ ਨੂੰ ਖਰੀਦ ਰਿਹਾ ਹੈ। ਖੁਦ ਅਮਰੀਕਾ ਹੁਣ ਲੋਹਾ-ਇਸਪਾਤ ਅਤੇ ਕਾਰ ਉਦਯੋਗ ਬਦਲੇ ਆਧੁਨਿਕ ਮਸ਼ੀਨਾਂ ਕੰਪਿਊਟਰ ਤੇ ਬਾਇਓ ਤਕਨੀਕ 'ਤੇ ਆਪਣਾ ਧਿਆਨ ਕੇਂਦਰਿਤ ਕਰ ਰਿਹਾ ਹੈ। ਇਸ ਤੋਂ ਵੀ ਅੱਗੇ ਵਧ ਕੇ ਇਹ ਵਿੱਤੀ ਕਾਰੋਬਾਰ ਨੂੰ ਆਪਣਾ ਮੁੱਖ ਕਾਰੋਬਾਰ ਬਣਾਉਣ 'ਚ ਲੱਗਿਆ ਹੋਇਆ ਹੈ। ਜੋ ਹਾਲ ਇਕ ਸ਼ਤਾਬਦੀ ਪਹਿਲਾਂ ਇੰਗਲੈਂਡ ਦਾ ਹੋਇਆ ਸੀ ਉਹ ਹੁਣ ਸੰਯੁਕਤ ਰਾਜ ਅਮਰੀਕਾ ਦਾ ਹੋ ਰਿਹਾ ਹੈ। ਪ੍ਰਿਟਸਬਰਗ ਅਮਰੀਕੀ ਅਰਥਚਾਰੇ ਦੇ ਲਈ ਪ੍ਰਤੀਕ ਹੈ। ਅਸਲ ਪੈਦਾਵਾਰ ਦੇ ਬਦਲੇ ਸੇਵਾ ਖੇਤਰ ਤੇ ਵਿੱਤੀ ਕਾਰੋਬਾਰ ਅੱਜ ਸਮੂਹ ਵਿਸ਼ਵ ਅਰਥਚਾਰੇ ਦੀ ਵਿਸ਼ੇਸ਼ਤਾ ਹੈ। ਆਧੁਨਿਕ ਮਸ਼ੀਨਾ ਥੋੜੇ ਜਿਹੇ ਮਜ਼ਦੂਰਾਂ ਦੇ ਜ਼ੋਰ 'ਤੇ ਬਾਜ਼ਾਰ 'ਚ ਖਪਤ ਤੋਂ ਵੱਧ ਪੈਦਾ ਕਰਕੇ ਦੇ ਰਹੀਆਂ ਹਨ। ਅਜਿਹੇ 'ਚ ਬਾਕੀ ਆਬਾਦੀ ਕੀ ਕਰੇ? ਜਾਂ ਤਾਂ ਉਹ ਸੇਵਾ ਖੇਤਰ 'ਚ ਖਪੇ ਜਾਂ ਬੇਰੁਜ਼ਗਾਰ ਰਹੇ। ਪੂੰਜੀ ਦਾ ਕੀ ਹੋਵੇ? ਉਹ ਵਿਤੀ ਸੱਟੇਬਾਜੀ 'ਚ ਲੱਗੇ। ਕਿਧਰੇ ਹੋਰ ਕੋਈ ਰਾਹ ਨਹੀਂ ਹੈ। ਜਦ ਇਕ ਸਾਲ ਪਹਿਲਾਂ ਸਤੰਬਰ 2008 'ਚ ਮੌਜੂਦਾ ਸੰਕਟ ਬੇਹੱਦ ਡੂੰਘਾ ਹੋ ਗਿਆ ਤਾਂ ਇਹ ਹਰ ਕਿਸੇ ਲਈ ਸਪੱਸ਼ਟ ਹੋ ਗਿਆ ਕਿ ਮੌਜੂਦਾ ਵਿਸ਼ਵ ਪੂੰਜੀਵਾਦੀ ਅਰਥਚਾਰਾ ਹੁਣ ਪਹਿਲਾਂ ਵਾਂਗੂ ਨਹੀਂ ਚੱਲ ਸਕਦਾ। ਇਸ 'ਚ ਕਿਸੇ ਨਾ ਕਿਸੇ ਪੱਧਰ ਦਾ ਸੁਧਾਰ ਜ਼ਰੂਰੀ ਹੈ। ਸਵਾਲ ਇਹ ਸੀ ਕਿ ਇਹ ਸੁਧਾਰ ਕੌਣ ਕਰੇ ਅਤੇ ਉਸ ਦੀ ਦਿਸ਼ਾ ਕੀ ਹੋਵੇ ਸੰਕਟ ਜਿਹਨਾਂ ਕਾਰਨਾਂ ਕਰਕੇ ਪੈਦਾ ਹੋਇਆ ਉਸ 'ਚ ਹੀ ਸ਼ਾਮਲ ਸੀ ਕਿ ਪਹਿਲਾਂ ਤੋਂ ਮੌਜੂਦ ਸੰਸਥਾਵਾਂ ਵੱਲੋਂ ਇਸ ਦਿਸ਼ਾ 'ਚ ਕੁਝ ਕਰਨ 'ਤੇ ਸਹਿਮਤੀ ਨਹੀਂ ਬਣ ਸਕਦੀ। ਕੌਮਾਂਤਰੀ ਮੁਦਰਾ ਕੋਸ਼ ਸੰਸਾਰ ਬੈਂਕ ਤੇ ਵਿਸ਼ਵ ਵਪਾਰ ਸੰਗਠਨ ਇਸ ਦੇ ਲਈ ਕਾਫ਼ੀ ਨਹੀਂ ਸਨ। ਇਹ ਸਾਰੇ ਇਸ ਸੰਕਟ ਲਈ ਜ਼ਿੰਮੇਵਾਰ ਮੰਨੇ ਜਾ ਰਹੇ ਸਨ। ਖਾਸ ਕਰਕੇ ਕੌਮਾਂਤਰੀ ਮੁਦਰਾ ਕੋਸ਼। ਇਹਨਾਂ ਦੀ ਵਾਜਬੀਅਤ ਸਕਦੇ ਦਾਇਰੇ 'ਚ ਆ ਚੁੱਕੀ ਸੀ। ਕੁਝ ਦੇਸ਼ ਇਹਨਾਂ 'ਚ ਆਪਣੀ ਭਾਗੀਦਾਰੀ ਤੋਂ ਵੀ ਅਸੰਤੁਸ਼ਟ ਸਨ। ਜੀ-8 ਵੀ ਇਸ ਲਈ ਵਾਜਬ ਨਹੀਂ ਸੀ ਕਿਉਂਕਿ ਇਹ ਵੀ ਮੁੱਖ ਤੌਰ 'ਤੇ ਵੱਡੇ ਸਾਮਰਾਜੀ ਦੇਸ਼ਾਂ ਦਾ ਮੰਚ ਸੀ। ਹਾਲਾਂਕਿ ਪਿਛਲੇ ਸਾਲਾਂ 'ਚ ਇਹਨਾਂ 'ਚ ਪੰਜ ਹੋਰ ਦੇਸ਼ (ਤੀਜੀ ਦੁਨੀਆਂ ਦੇ) ਸ਼ਾਮਲ ਕੀਤੇ ਗਏ ਹਨ। ਪਰ

ਉਹਨਾਂ ਦੀ ਹੈਸੀਅਤ ਇਥੇ ਸਿਰਫ ਨਾਮਾਤਰ ਹੀ ਹੈ। ਉਹਨਾਂ ਨੂੰ ਬਰਾਬਰੀ ਦਾ ਦਰਜਾ ਹਾਸਲ ਨਹੀਂ ਹੈ। ਸੰਯੁਕਤ ਰਾਸ਼ਟਰ ਸੰਘ ਮੁਕਾਬਲਤਨ ਅਜਿਹਾ ਸੰਗਠਨ ਬਣਦਾ ਸੀ। ਜਿਥੇ ਵਿਸ਼ਵੀ ਅਰਥਚਾਰੇ ਦੇ ਮਸਲੇ 'ਤੇ ਗੱਲ ਹੁੰਦੀ ਪਰ ਸੰਯੁਕਤ ਰਾਜ ਅਮਰੀਕਾ ਦੇ ਸਾਮਰਾਜੀਆਂ ਨੂੰ ਤਾਂ ਕੀ ਭਾਰਤ ਦੇ ਦਲਾਲ ਸਰਮਾਏਦਾਰਾਂ ਨੂੰ ਵੀ ਇਹ ਮਨਜ਼ੂਰ ਨਾ ਹੁੰਦਾ ਕਿ ਉਹ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ 'ਚ ਹੈਤੀ ਜਾਂ ਕੋਸਟਾਰਿਕਾ ਵਰਗੇ ਛੋਟੇ ਦੇਸ਼ਾਂ ਨਾਲ ਬਰਾਬਰ ਦੀ ਹੈਸੀਅਤ 'ਚ ਬੈਠੇ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਮੁਕਾਬਲਤਨ ਛੋਟਾ ਤੇ ਵਿਸੇਸ਼ ਅਧਿਕਾਰ ਸੰਪਨ ਨਿਕਾਹ ਬਣਦਾ ਹੈ। ਪਰ ਉਸ ਦੇ ਸਥਾਈ ਮੈਂਬਰ ਬਣਨ ਦੇ ਉਤਸਕ ਜਰਮਨੀ, ਜਪਾਨ ਤੇ ਭਾਰਤ ਆਦਿ ਇਸ ਦੇ ਲਈ ਤਿਆਰ ਨਹੀਂ ਹੁੰਦੇ। ਅਤੇ ਹੁਣ ਜਿਸ ਨੂੰ ਕਹਿੰਦੇ ਹਨ, 'ਬਾਈ ਡਿਫਾਲਟ' ਇਸ ਕੰਮ ਦੇ ਲਈ ਜੀ-20 ਦੀ ਚੋਣ ਹੋ ਗਈ। ਜੀ-20 ਨਾਮਕ ਵਿਚਾਰ ਵਟਾਂਦਰੇ ਵਾਲੇ ਮੰਚ ਦਾ ਗਠਨ 1997-98 ਦੇ ਦੱਖਣ ਪੂਰਬ ਏਸ਼ੀਆ ਦੇ ਸੰਕਟ ਸਮੇਂ ਹੋਇਆ ਸੀ। ਤਦ ਤੋਂ ਲੈ ਕੇ 1998 ਤਕ ਇਹ ਮੰਤਰੀ ਪੱਧਰ ਦਾ ਸਲਾਹ ਮਸ਼ਵਰਾ ਮੰਚ ਬਣਿਆ ਹੋਇਆ ਸੀ। ਵਿਸ਼ਵੀ ਮਾਮਲਿਆਂ ਵਿੱਚ ਇਸ ਦੀ ਕੋਈ ਹੈਸੀਅਤ ਨਹੀਂ ਸੀ ਸਰਕਾਰੀ ਤੇ ਬੌਧਿਕ ਹਲਕਿਆਂ ਦੇ ਬਾਹਰ ਕਿਸੇ ਨੇ ਇਸ ਦਾ ਨਾਂ ਨਹੀਂ ਸੁਣਿਆ ਸੀ। ਜਦ ਸਤੰਬਰ 2008 ਵਿੱਚ ਮੌਜੂਦਾ ਸੰਕਟ ਡੂੰਘਾ ਹੋਇਆ ਤਾਂ ਫਰਾਂਸ ਦੇ ਰਾਸ਼ਟਰਪਤੀ ਨਿਕੋਲਾ ਸਕਰੋਜੀ ਜੋ ਖੁਦ ਦੱਖਣਪੰਥੀ ਸਨ, ਉਹਨਾਂ ਨੀਤੀਆਂ ਦੇ ਆਲੋਚਕ ਵਜੋਂ ਸਾਹਮਣੇ ਆਏ ਜਿਹਨਾਂ ਨੇ ਇਸ ਸੰਕਟ ਨੂੰ ਜਨਮ ਦਿੱਤਾ ਸੀ। ਇਹ ਨੀਤੀਆਂ ਮੁੱਖ ਤੌਰ 'ਤੇ ਅਮਰੀਕੀ ਸਾਮਰਾਜੀਆਂ ਦੀਆਂ ਸਨ ਇਸ ਲਈ ਸਕਰੋਜੀ ਹੋਰ ਵੀ ਇਸ ਦੇ ਆਲੋਚਕ ਬਣੇ। ਇਸ ਅਲੋਚਨਾ ਦੇ ਤਹਿਤ ਉਹਨਾਂ ਨੇ ਇਹ ਪ੍ਰਸਤਾਵ ਰੱਖਿਆ ਕਿ ਇਹਨਾਂ ਨੀਤੀਆਂ 'ਚ ਤਬਦੀਲੀ ਲਈ ਤੇ ਵਿਸ਼ਵ ਅਰਥਚਾਰੇ ਨੂੰ ਪਟੜੀ 'ਤੇ ਲਿਆਉਣ ਲਈ ਇਕ ਵਿਸ਼ਵੀ ਸੰਮੇਲਨ ਬੁਲਾਇਆ ਜਾਵੇ। ਏਨੇ ਗੰਭੀਰ ਮਾਮਲੇ 'ਚ ਫਰਾਂਸੀਸੀਆਂ ਦਾ ਪਹਿਲ ਕਦਮੀ ਲੈਣਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੂੰ ਹਾਜਮ ਨਹੀਂ ਸੀ ਅਤੇ ਉਨਾਂ ਤੁਰੰਤ ਇਸ ਮਾਮਲੇ 'ਤੇ ਨਵੰਬਰ 2008 'ਚ ਵਾਸ਼ਿੰਗਟਨ 'ਚ ਜੀ-20 ਦੇ ਨੇਤਾਵਾਂ ਦੀ ਬੈਠਕ ਦਾ ਐਲਾਨ ਕਰ ਦਿੱਤਾ। ਪਹਿਲ ਕਦਮੀ ਪੈਰਿਸ ਤੋਂ ਵਾਸ਼ਿੰਗਟਨ ਤਬਦੀਲ ਹੋ ਗਈ। ਇਸ ਦਾ ਇਕ ਸਿੱਟਾ ਇਹ ਹੋਇਆ ਕਿ ਹੁਣ ਤਕ ਸਭ ਦੀਆਂ ਗਾਲਾਂ ਖਾਣ ਵਾਲਾ ਅਤੇ ਆਪਣੀ ਹੋਂਦ ਦੇ ਲਈ ਚਿੰਤਤ ਕੌਮਾਂਤਰੀ ਮੁਦਰਾ ਕੋਸ਼ ਫਿਰ ਪਿਛਲੇ ਦਰਵਾਜੇ ਤੋਂ ਵਾਪਸ ਆ ਗਿਆ। ਨਾ ਸਿਰਫ ਉਸ ਨੇ ਭਿਆਨਕ ਸੰਕਟ ਗ੍ਰਸਿਤ ਕਮਜ਼ੋਰ ਪਿਛੜੇ ਦੇਸ਼ਾਂ ਨੂੰ ਕਰਜਾ ਦਿੱਤਾ ਬਲਕਿ ਉਸ ਨੇ ਨਵੰਬਰ ਬੈਠਕ ਦੀ ਮੂਲ ਦਿਸ਼ਾ ਤਹਿ ਕਰਨ 'ਚ ਵੀ ਭੂਮਿਕਾ ਨਿਭਾਈ। ਇਸ ਤਰ੍ਹਾਂ ਜੀ-20 ਆਮ ਬਹਿਸ ਵਿਚਾਰ ਦੇ ਮੰਚ ਤੋਂ ਉਸ ਮੰਚ 'ਚ ਤਬਦੀਲ ਹੋ ਗਿਆ ਜਿਸ ਨੇ ਵਿਸ਼ਵੀ ਪੂੰਜੀਵਾਦੀ ਅਰਥਚਾਰੇ ਦੇ ਸੰਕਟ ਨੂੰ ਹੱਲ ਕਰਨਾ ਸੀ। ਇਸ ਦੀ ਬਣਤਰ ਕੁਝ ਇਸ ਪ੍ਰਕਾਰ ਦੀ ਸੀ ਕਿ ਇਸ 'ਤੇ ਦੁਨੀਆਂ ਦੇ ਸ਼ਕਤੀਸ਼ਾਲੀ ਦੇਸ਼ਾਂ ਦੀ ਸਹਿਮਤੀ ਬਣ ਸਕਦੀ ਸੀ। ਇਸ 'ਚ ਮੁੱਖ ਸਾਮਰਾਜੀ ਦੇਸ਼ਾਂ ਤੋਂ ਇਲਾਵਾ ਤੀਜੀ ਦੁਨੀਆਂ ਦੇ ਉਹ ਵੱਡੇ ਦੇਸ਼ ਸਨ ਜਿਹਨਾਂ ਨੂੰ ਸਾਮਰਾਜੀ ਆਪਣੇ ਨਾਲ ਬਿਠਾਉਣ ਲਈ ਤਿਆਰ ਸਨ ਤੇ ਜਿਹਨਾਂ ਦਾ ਵਿਸ਼ਵੀ ਅਰਥਚਾਰੇ 'ਚ ਕੁਝ ਦਖਲ ਬਣਦਾ ਸੀ ਇਸ ਦੇ ਨਾਲ ਬਾਕੀ ਸਾਮਰਾਜੀ ਦੇਸ਼ਾਂ ਨੂੰ ਸਮੇਟਨ ਲਈ ਯੂਰਪੀ ਸੰਘ ਨੂੰ ਵੀ ਇਸ ਦਾ ਮੈਂਬਰ ਬਣਾ

ਲਿਆ ਗਿਆ। ਇਕ ਮੁਲਅੰਕਣ ਅਨੁਸਾਰ ਜੀ-20 ਦੁਨੀਆਂ ਦੀ 85 ਫੀਸਦੀ ਅਰਥਚਾਰੇ ਦੀ ਨੁਮਾਇੰਦਗੀ ਕਰਦਾ ਸੀ। ਇਹ ਗੱਲ ਵੱਖਰੀ ਹੈ ਕਿ ਬਾਕੀ 15 ਫੀਸਦੀ ਅਰਥਚਾਰੇ ਵਾਲੇ ਦੇਸ਼ ਦੁਨੀਆਂ ਦੀ ਕਰੀਬ ਇਕ ਤਿਹਾਈ ਆਬਾਦੀ ਨੂੰ ਸਮੇਟਦੇ ਹਨ। ਇਸ ਨਾਲ ਕੀ? ਪੂੰਜੀਵਾਦੀ (ਸਾਮਰਾਜ) 'ਚ ਅਜਿਹਾ ਹੀ ਚੱਲਦਾ ਹੈ। ਇਹਨਾਂ ਛੋਟੇ ਪਿਛੜੇ ਦੇਸ਼ਾਂ ਨੂੰ ਵੱਡੀ ਸ਼ਕਤੀਸ਼ਾਲੀ ਦੇਸ਼ਾਂ ਪਿੱਛੇ ਚੱਲਣਾ ਪੈਣਾ ਹੈ। 24-25 ਸਤੰਬਰ ਦੀ ਪੀਟਰਸਬਰਗ ਬੈਠਕ ਨੇ ਤਹਿ ਕੀਤਾ ਕਿ ਜੀ-20 ਹੁਣ ਤੋਂ ਵਿਸ਼ਵੀ ਆਰਥਿਕ ਸਹਿਯੋਗ ਲਈ ਪ੍ਰਮੁੱਖ ਮੰਚ ਹੋਵੇਗਾ। ਇਸ ਦੀਆਂ ਅਗਲੀਆਂ ਬੈਠਕਾਂ ਜੂਨ 2010 'ਚ ਕੈਨੇਡਾ 'ਚ ਅਤੇ ਨਵੰਬਰ 2010 'ਚ ਕੋਰੀਆ 'ਚ ਹੋਣਗੀਆਂ। ਜੀ-20 ਵਾਂਗੂ ਕੌਮਾਂਤਰੀ ਮੁਦਰਾ ਕੋਸ਼ ਵੀ 'ਬਾਈ-ਡੀਫਾਲਟ' ਫਿਰ ਪ੍ਰਮੁੱਖਤਾ 'ਚ ਆ ਗਿਆ। ਪਰ ਇਹ ਪੂਰੀ ਤਰ੍ਹਾਂ ਨਾਲ ਸਹੀ ਨਹੀਂ ਹੈ।

ਐਸਾ 'ਬਾਈ ਡਿਜ਼ਾਇਨ' ਹੀ ਹੋਇਆ। ਅਮਰੀਕੀ ਸਾਮਰਾਜੀਆਂ ਦਾ ਕੌਮਾਂਤਰੀ ਮੁਦਰਾ ਕੋਸ਼ 'ਤੇ ਕੰਟਰੋਲ ਹੈ। ਅਤੀਤ ਵਿੱਚ ਇਸ ਨੇ ਸਾਰੇ ਸਾਮਰਾਜੀਆਂ ਤੇ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਲਈ ਬਹੁਤ ਉਦਯੋਗੀ ਭੂਮਿਕਾ ਨਿਭਾਈ ਸੀ। ਅਮਰੀਕੀ ਸਾਮਰਾਜੀ ਇਸ ਦੀ ਵਧਦੀ ਗੈਰ-ਪ੍ਰਸੰਗਿਕਤਾ ਤੋਂ ਕੋਈ ਖੁਸ਼ ਨਹੀਂ ਸਨ। ਇਸ ਸੰਕਟ ਨੇ ਹੋਰ ਚਾਹੇ ਜੋ ਪ੍ਰੇਸ਼ਾਨੀ ਪੈਦਾ ਕੀਤੀ, ਇਸ ਨੇ ਅਮਰੀਕੀ ਸਾਮਰਾਜੀਆਂ ਅਤੇ ਮੁਦਰਾ ਕੋਸ਼ ਲਈ ਇਕ ਮੌਕਾ ਵੀ ਮੁਹੱਈਆ ਕੀਤਾ। ਇਸ ਨੇ ਮੁਦਰਾ ਕੋਸ਼ ਨੂੰ ਵਾਪਸ ਲਿਆਉਣ ਦਾ ਮੌਕਾ ਦਿੱਤਾ। ਕੌਮਾਂਤਰੀ ਮੁਦਰਾ ਕੋਸ਼ ਹੀ ਇਕ ਐਸੀ ਕੌਮਾਂਤਰੀ ਸੰਸਥਾ ਹੈ। ਜਿਸ ਕੋਲ ਵਿੱਤੀ ਮਾਮਲਿਆਂ 'ਚ ਵਿਆਪਕ ਅਨੁਭਵ ਹੈ। ਇਸ ਪਾਸ ਸਾਧਨ ਤੇ ਮੁਹਾਰਤ ਹੈ। ਇਹੀ ਨਹੀਂ ਅਜੇ ਤਕ ਸੰਕਟ ਸਮੇਂ ਕਰਜਾ ਲੈਣ ਦੀ ਭੂਮਿਕਾ ਵੀ ਇਹੀ ਨਿਭਾਉਂਦਾ ਆ ਰਿਹਾ ਸੀ। ਇਹਨਾਂ ਸਾਰਿਆਂ ਨੂੰ ਵੇਖਦਿਆਂ ਇਸ ਦਾ ਇਸ ਸੰਕਟ ਸਮੇਂ ਫਿਰ ਮੰਚ 'ਤੇ ਆ ਪੇਸ਼ ਹੋਣਾ ਅਪ੍ਰੱਤਖ ਨਹੀਂ ਹੈ। ਹਾਲਾਂਕਿ ਮੌਜੂਦਾ ਸੰਕਟ ਲਈ ਉਹ ਵੀ ਬਹੁਤ ਜ਼ਿੰਮੇਦਾਰ ਹੈ। ਜੀ-20 ਦੀ ਸਿਖਰ ਬੈਠਕ 'ਚ ਤਹਿ ਕੀਤਾ ਗਿਆ ਕਿ ਵਿਸ਼ਵੀ ਵਿੱਤੀ ਵਿਵਸਥਾ ਨੂੰ ਪਟੜੀ 'ਤੇ ਲਿਆਉਣ ਲਈ ਕੌਮਾਂਤਰੀ ਮੁਦਰਾ ਕੋਸ਼ ਨੋਡਲ ਏਜੰਸੀ ਦਾ ਕੰਮ ਕਰੇਗਾ। ਜੀ-20 ਦੇ ਵਿੱਤ ਮੰਤਰੀ ਤੇ ਰਿਜਰਵ ਬੈਂਕ ਗਵਰਨਰ ਉਸ ਦੇ ਨਾਲ ਮਿਲ ਕੇ ਨਿਯਮਨ ਦਾ ਫਰੇਮ ਵਰਕ ਤਿਆਰ ਕਰਨਗੇ ਤੇ ਉਸ ਦੀ ਸਮੀਖਿਆ ਕਰਨਗੇ। ਮਰਦੇ ਮਰਦੇ ਮੁਦਰਾ ਕੋਸ਼ ਨੂੰ ਨਵਾਂ ਜੀਵਨ ਦਾਨ ਮਿਲ ਗਿਆ। ਅੱਜ ਵਿਸ਼ਵੀ ਵਿੱਤੀ ਵਿਵਸਥਾ ਨੂੰ ਵਿਸ਼ਵੀ ਪੈਮਾਨੇ 'ਤੇ ਨਿਯਮਨ ਦੀ ਲੋੜ ਹੈ। ਅਜਿਹੇ 'ਚ ਕਿਸੇ ਹੋਰ ਸੰਸਥਾ ਦੀ ਗੈਰ ਮੌਜੂਦਗੀ 'ਚ ਕੌਮਾਂਤਰੀ ਮੁਦਰਾ ਕੋਸ਼ ਦਾ ਇਸ ਭੂਮਿਕਾ 'ਚ ਆਉਣਾ ਸੁਭਾਵਿਕ ਹੈ। ਪਰ ਇਸ 'ਤੇ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਸਹਿਮਤੀ ਬਣ ਸਕੇ ਇਸ ਦੇ ਲਈ ਇਸ ਦੀ ਬਣਤਰ 'ਚ ਕੁਝ ਤਬਦੀਲੀ ਕਰਨੀ ਪੈਣੀ ਹੈ। ਤਦ ਵੇਖਿਆ ਗਿਆ ਕਿ ਮੁਦਰਾ ਕੋਸ਼ ਦੀ ਵੋਟਿੰਗ ਬਣਤਰ 'ਚ 5 ਫੀਸਦੀ ਤਬਦੀਲੀ ਕੀਤੀ ਗਈ। ਇਸ ਤਰ੍ਹਾਂ ਵਿਸ਼ਵ ਬੈਂਕ ਨੂੰ ਵੀ ਉਸ ਦੀ ਨਵੀਂ ਭੂਮਿਕਾ 'ਚ ਲਿਆਉਣ ਲਈ ਉਸ ਦੀ ਬਣਤਰ 'ਚ 4.6 ਫੀਸਦੀ ਤਬਦੀਲੀ ਦੀ ਗੱਲ ਕੀਤੀ ਗਈ ਹੈ। ਉਸ ਨੂੰ ਗਰੀਬ ਮੁਲਕਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਹਨਾਂ ਤਬਦੀਲੀਆਂ ਨੂੰ ਕਰਨ ਦੇ ਪ੍ਰਸੰਗ 'ਚ ਜੀ-20 ਦੀ ਬੈਠਕ 'ਚ ਮੰਜੂਰ ਕੀਤਾ ਗਿਆ ਕਿ ਇਕਵੀਂ ਸਦੀ 'ਚ ਪੂੰਜੀਵਾਦੀ ਵਿਵਸਥਾ

ਨੂੰ ਸੁਚਾਰੂ ਤੌਰ ’ਤੇ ਚਲਾਉਣ ਲਈ ਇਸ ਦੇ ਸੰਚਾਲਨ ਦੀ ਬਣਤਰ ਵਿੱਚ ਵੀ ਤਬਦੀਲੀ ਕਰਨੀ ਹੋਵੇਗੀ ਅਤੇ ਉਸ ਨਵੇਂ ਉਭਰਦੇ ਅਥਾਰਥ ਦੇ ਅਨੁਕੂਲ ਬਣਨਾ ਹੋਵੇਗਾ। ਉਪਰੋਕਿਤ ਤਬਦੀਲੀ ਇਸ ਦਾ ਹੀ ਰੂਪ ਹੈ। ਮੌਜੂਦਾ ਸੰਕਟ ਦੀ ਮੁੜ ਵਾਪਸੀ ਰੋਕਣ ਲਈ ਪੂੰਜੀਵਾਦੀ ਜਮਾਤੀ ਬੇਤਾਬ ਹੈ। ਇਸ ਵਾਰੀ ਪੂੰਜੀਵਾਦੀ ਅਰਥਚਾਰੇ ਦੇ ਤਹਿਸ ਨਹਿਸ ਹੋਣ ਨੂੰ ਕਿਸ ਤਰ੍ਹਾਂ ਨਾਲ ਬਚਾਇਆ ਜਾ ਸਕਦਾ ਹੈ। ਪਰ ਸਾਮਰਾਜੀ ਅਤੇ ਬਾਕੀ ਛੋਟੇ ਪੂੰਜੀਪਤੀ ਆਪਣੀ ਅਸਲ ਪ੍ਰਵਿਰਤੀ (ਰੁਝਾਣ) ਨੂੰ ਨਹੀਂ ਛੱਡ ਸਕਦੇ ਅਤੇ ਜਦ ਉਹਨਾਂ ਨੇ ਐਮਰਜੰਸੀ ਕੋਸ਼ਿਸ਼ਾਂ ਨਾਲ ਆਪਣੇ ਅਰਥਚਾਰੇ ਨੂੰ ਢਹਿ ਢੇਰੀ ਹੋਣ ਤੋਂ ਬਚਾਅ ਲਿਆ ਹੋਵੇ ਤਦ ਤਾਂ ਇਹ ਹੋਰ ਵੀ ਸੁਭਾਵਿਕ ਹੈ। ਆਪਣੇ ਅਰਥਚਾਰੇ ਲਈ ਦੂਰਗਾਮੀ ਕਦਮ ਵਜੋਂ ਉਨ੍ਹਾਂ ਨੇ ਜੋ ਫ੍ਰੇਮਵਰਕ ਤਹਿ ਕੀਤਾ ਹੈ। ਉਸ ’ਚ ਖੁੱਲ੍ਹਾਂ ਅਰਥਚਾਰਾ, ਪੂੰਜੀ ਤੇ ਵਸਤਾ ਦੀ ਆਜਾਦ ਸਪਲਾਈ ਨੂੰ ਉਹਨਾਂ ਨੇ ਪ੍ਰਸਥਾਨ ਬਿੰਦੂ ਮੰਨਿਆ ਹੈ। ਪਰ ਇਹਨਾਂ ਸਾਰਿਆਂ ਨੇਤਾ ਮੌਜੂਦਾ ਸੰਕਟ ਨੂੰ ਜਨਮ ਦਿੱਤਾ ਸੀ। ਇਸ ਲਈ ਉਹ ਇਸ ਮੂਲ ਗਤੀ ਦੇ ਤਹਿਤ ਨਿਯਮਨ ਗੱਲ ਕਰ ਰਹੇ ਹਨ।

ਇਸ ਦੀਆਂ ਕੁੱਝ ਮੁੱਖ ਗੱਲਾਂ ਇਸ ਪ੍ਰਕਾਰ ਹਨ :-

ਵਿੱਤੀ ਖੇਤਰ ਨੂੰ ਨਿਯਮਤ ਤੇ ਕੰਟਰੋਲ ਕੀਤਾ ਜਾਵੇਗਾ। ਏਕਸਚੇਂਜ ਰਾਹੀਂ ਬਹੁਪਤੀ ਬਾਜ਼ਾਰ ਨੂੰ ਕੰਟਰੋਲ ਕੀਤਾ ਜਾਵੇਗਾ। ਲੀਬਰੇਜ ’ਤੇ ਸੀਮਾ ਬੰਨੀ ਜਾਵੇਗੀ। ਵਿੱਤੀ ਕੰਪਨੀਆਂ ਦੇ ਅਧਿਕਾਰੀਆਂ ਦੇ ਬੋਨਸ ’ਤੇ ਸੀਮਾ ਬੰਨੀ ਜਾਵੇਗੀ। ਜਿਸ ਨਾਲ ਉਹ ਵੱਧ ਖਤਰਾ ਮੁੱਲ ਨਾ ਲੈਣ। ਜਾਇਦਾਦਾਂ ਤੇ ਉਧਾਰ ਦੇ ਭਾਵਾਂ ਨੂੰ ਆਕਾਸ਼ ’ਤੇ ਕੰਟਰੋਲ ਕੀਤਾ ਜਾਏਗਾ ਆਦਿ।

ਵਿਸ਼ਵੀ ਸੰਤੁਲਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਦੇ ਲਈ ਭੁਗਤਾਨ ਸੰਤੁਲਨ ਦੇ ਨਾਕਾਰਤਮ ਦੇਸ਼ਾਂ ’ਚ ਘਰੇਲੂ ਬਚਤ ’ਤੇ ਜ਼ੋਰ ਦਿੱਤਾ ਜਾਵੇਗਾ। ਭੁਗਤਾਨ ਸੰਤੁਲਨ ਦੇ ਘਨਾਤਮਕ ਦੇਸ਼ਾਂ ’ਚ ਘਰੇਲੂ ਖਪਤ ’ਤੇ ਜ਼ੋਰ ਦਿੱਤਾ। ਕਮਜ਼ੋਰ ਦੇਸ਼ਾਂ ਨੂੰ ਮਦਦ ਦਿੱਤੀ ਜਾਵੇਗੀ। ਊਰਜਾ ਦੀ ਬੇਹਤਰ ਵਰਤੋਂ ਦੇ ਨਾਲ ਵਾਤਾਵਰਣ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਹ ਸਮਝਣ ਲਈ ਦਿਮਾਗ ’ਤੇ ਜ਼ਿਆਦਾ ਜ਼ੋਰ ਪਾਉਣ ਦੀ ਜਰੂਰਤ ਨਹੀਂ ਹੈ ਕਿ ਇਹ ਕਦਮ ਸਮੱਸਿਆ ਦਾ ਕੋਈ ਹੱਲ ਪੇਸ਼ ਨਹੀਂ ਕਰਦੇ। ਇਹ ਤਾਂ ਸਿਰਫ ਪੈਬੰਦ ਲਾਉਣ ਦਾ ਕੰਮ ਕਰਦੇ ਹਨ। ਸਮੱਸਿਆ ਦੀ ਜੜ ’ਚ ਹੈ। ਜ਼ਿਆਦਾਤਰ ਆਬਾਦੀ ਦੀ ਭਿਅੰਕਰ ਗਰੀਬੀ ਇਸ ਦੇ ਮੁਕਾਬਲੇ ਮਾਲ ਤੇ ਪੂੰਜੀ ਦਾ ਅਫਾਰਾ ਇਸ ਕਾਰਨ ਵਿੱਤੀ ਕਾਰੋਬਾਰ ਦਾ ਆਕਾਸ਼ ’ਤੇ ਪਹੁੰਚ ਜਾਣ। ਮੁਨਾਫਾ ਵਧਾਉਣ ਲਈ ਪੂੰਜੀ ਨੂੰ ਖੁੱਲ੍ਹੀ ਛੋਟ ਦੇਣਾ ਅਤੇ ਵਿਸ਼ਵੀ ਪੈਮਾਨੇ ’ਤੇ ਅਰਾਜਕਤਾ। ਇਸ ਸਭ ਦਾ ਜੀ-20 ’ਚ ਕੀ ਹੱਲ ਪੇਸ਼ ਕੀਤਾ ਗਿਆ? ਕੁਝ ਵੀ ਨਹੀਂ। ਮਜ਼ਦੂਰ ਜਮਾਤ ਤੇ ਬਾਕੀ ਜਨਤਾ ਦੀ ਕਾਰਜਸ਼ਕਤੀ ਵਧਾਉਣ ਲਈ ਇਸ ਬੈਠਕ ’ਚ ਕੁਝ ਵੀ ਨਹੀਂ ਕੀਤਾ ਗਿਆ। ਜੋ ਗੱਲਾਂ ਕੀਤੀਆਂ ਗਈਆਂ। ਉਹਨਾਂ ਦਾ ਕੋਈ ਮਤਲਬ ਨਹੀਂ ਹੈ ਕਿਉਂਕਿ ਉਹ ਉਦਾਰੀਕਰਨ ਦੇ ਦੌਰ ’ਚ ਹਮੇਸ਼ਾ ਹੁੰਦੀਆਂ ਰਹਿੰਦੀਆਂ ਹਨ। ਹਾਂ ਇਹ ਜ਼ਰੂਰ ਮੰਨਿਆ ਗਿਆ ਕਿ ਅਰਥਚਾਰਿਆਂ ਦੇ ਸਥਿਰ ਹੋ ਜਾਣ ਪਿੱਛੋਂ ਹੀ ਬੇਰੁਜ਼ਗਾਰੀ ਵਧਦੀ ਰਹੇਗੀ। ਹੁਣ ਜੇ ਮਜ਼ਦੂਰ ਸਮੱਸਿਆ ’ਚ ਭੋਗ ਭਰ ਵੀ ਸੁਧਾਰ ਨਹੀਂ ਹੁੰਦਾ। ਜੀ-20 ਵਿੱਚ ਇਕੱਠੇ ਹੋਏ ਪੂੰਜੀਵਾਦੀ ਨੇਤਾਗਣ ਇਸ ਤੋਂ ਵਾਕਿਫ਼ ਹਨ। ਇਸ ਲਈ ਉਹਨਾਂ ਨੇ ਵਿਸ਼ਾਲ ਪੈਮਾਨੇ ’ਤੇ ਹੋ ਰਹੀ ਵਿੱਤੀ ਸੱਟੇਬਾਜੀ

’ਚ ਕੋਈ ਵੀ ਕਮੀ ਲਿਆਉਣ ਦੀਆਂ ਗੱਲਾਂ ਨਹੀਂ ਕੀਤੀਆਂ ਗਈਆਂ। ਉਹਨਾਂ ਨੇ ਜੋ ਕੀਤਾ ਉਹ ਇਹ ਕਿ ਇਸ ਸੱਟੇਬਾਜੀ ’ਤੇ ਕੁਝ ਨਿਯਮ-ਕਾਨੂੰਨ ਲਾਗੂ ਹੋਵੇ। ਇਹ ਇਕ ਦਮ ਬੇਲਗਾਮ ਨਾ ਹੋਵੇ। ਸੱਟੇਬਾਜੀ ਹੋਵੇ ਪਰ ਨਿਯਮਾ ਦੇ ਤਹਿਤ ਪੂੰਜੀਪਤੀ ਜਮਾਤ ਦੇ ਆਗੂ ਜਾਣਦੇ ਹਨ ਕਿ ਇਹ ਪੈਦਾਵਾਰ ਤੇ ਵੰਡ ’ਚ ਪੂੰਜੀ ਲਾਉਣ ਦੀ ਸੀਮਾ ਹੈ ਤਾਂ ਇਹ ਵਿੱਤੀ ਸੱਟੇਬਾਜੀ ’ਚ ਜਾਵੇਗੀ ਹੀ। ਇਸ ’ਤੇ ਰੋਕ ਨਹੀਂ ਲਾਈ ਜਾ ਸਕਦੀ। ਪਰ ਜੇ ਅਜਿਹਾ ਹੈ ਤਾਂ ਫਿਰ ਸਮੱਸਿਆ ਜਿਉਂ ਦੀ ਤਿਉਂ ਕਾਇਮ ਹੈ। ਥੋੜ੍ਹੇ ਬਹੁਤ ਨਿਯਮ ਸੱਟੇਬਾਜੀ ਦੀ ਸੀਮਾ ’ਚ ਨਹੀਂ ਬੰਨ ਸਕਦੇ। ਸੱਟੇਬਾਜ ਪੂੰਜੀ ਆਪਣੇ ਲਈ ਰਾਹ ਕੱਢ ਲਵੇਗੀ। ਜੀ-20 ਦੀ ਸਿਖਰ ਬੈਠਕ ’ਚ ਸਾਮਰਾਜੀ ਤੇ ਪੂੰਜੀਵਾਦੀ ਰਾਜਸੀ ਨੇਤਾਵਾਂ ਨੇ ਆਪਣੇ ਅਰਥਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਜੋ ਕੁਝ ਤਹਿ ਕੀਤਾ ਉਹ ਪੈਬੰਦ ਤੋਂ ਵੱਧ ਕੁਝ ਨਹੀਂ ਹੈ। ਪਹਿਲਾਂ ਤਣਾਅ ਪੈਦਾ ਹੁੰਦਿਆਂ ਹੀ ਪੈਬੰਦ ਖੁਦ ਫਟ ਜਾਵੇਗਾ। ਇਹ ਰਾਜਸੀ ਨੇਤਾ ਕਿਤੇ ਨਾ ਕਿਤੇ ਆਸਵੰਦ ਹਨ ਕਿ ਉਹ ਮੌਜੂਦਾ ਸੰਕਟ ’ਚੋਂ ਉਭਰ ਰਹੇ ਹਨ ਇਸ ਲਈ ਉਹ ਹੋਰ ਡੂੰਘੇ ਜਾਣ ਨੂੰ ਤਿਆਰ ਨਹੀਂ ਹਨ। ਪਰ ਅਜੇ ਇਹ ਬਿਲਕੁਲ ਵੀ ਨਿਸ਼ਚਤ ਨਹੀਂ ਹੈ ਕਿ ਇਹ ਸੰਕਟ ਪਿੱਛੇ ਛੁੱਟ ਚੁੱਕਿਆ ਹੈ। ਸਤੰਬਰ 2009 ’ਚ ਅਮਰੀਕਾ ’ਚ 263000 ਲੋਕ ਬੇਰੁਜ਼ਗਾਰ ਹੋ ਗਏ। ਬੈਂਕਾਂ ਤੇ ਕੰਪਨੀਆਂ ਦਵਾਲੀਆ ਹੋ ਰਹੀਆਂ ਹਨ। ਮੰਗ ਦਾ ਠੰਡਾ ਪਿਆ ਰਹਿਣਾ, ਖਰਾਬ ਹਾਲਤਾ ਦਾ ਬਣੇ ਰਹਿਣਾ ਆਦਿ ਉਵੇਂ ਹੀ ਹੈ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹ ਸੰਕਟ ਹੋਰ ਵੀ ਲੰਮਾ ਤੇ ਗਹਿਰਾ ਹੋ ਜਾਵੇ।

# ਕੀ ਹੈ ਪਾਕਿਸਤਾਨ 'ਚ ਕਾਲਾ ਪਾਣੀ?

ਅੱਤਵਾਦ ਨਾਲ ਲੜਨ ਬਹਾਨੇ ਅਮਰੀਕੀ ਫੌਜੀ ਤਾਕਤ ਪਾਕਿਸਤਾਨ ਦੇ ਸਾਰੇ ਖੇਤਰਾਂ 'ਚ ਫੈਲਦੀ ਜਾ ਰਹੀ ਹੈ। ਹੁਣ ਤਾਂ ਪਾਕਿਸਤਾਨ 'ਚ ਆ ਪਹੁੰਚਿਆ ਹੈ 'ਬਲੈਕ ਵਾਟਰ' ਆਖਰ ਕੀ ਹੈ ਇਹ 'ਕਾਲਾ ਪਾਣੀ' ਕਦੇ ਸਾਮਰਾਜੀ ਅੰਗਰੇਜ਼ ਹਿੰਦੋਸਤਾਨੀ ਕੈਦੀਆਂ ਨੂੰ ਕਾਲੇ ਪਾਣੀ ਭੇਜਦੇ ਸਨ। ਯਾਨੀ ਉਹਨਾਂ ਨੂੰ ਦੂਰ ਦਰਾਡੇ ਸਮੁੰਦਰ ਦੇ ਵਿੱਚ ਕਿਸੇ ਥਾਂ ਉਜਾੜ ਟਾਪੂ 'ਚ ਛੱਡ ਦਿੱਤਾ ਜਾਂਦਾ ਸੀ। ਹੁਣ ਅਮਰੀਕਾ ਨੇ ਇਕ ਅਜਿਹਾ 'ਕਾਲਾ ਪਾਣੀ' ਖੋਜਿਆ ਹੈ। ਜਿਸ ਲਈ ਕੈਦੀਆਂ ਨੂੰ ਸਮੁੰਦਰ 'ਚ ਭੇਜਣ ਦੀ ਲੋੜ ਨਹੀਂ ਹੈ। ਪਾਕਿਸਤਾਨ ਤਾਂ ਸਾਮਰਾਜੀ ਅਮਰੀਕਾ ਦਾ ਜ਼ਰਖਰੀਦ ਗੁਲਾਮ ਹੈ ਹੀ ਹੁਣ ਉਥੋਂ ਦੇ ਬਸ਼ਿੰਦਿਆਂ ਨੂੰ ਉਹਨਾਂ ਦੇ ਹੀ ਮੁਲਕ 'ਚ ਕੈਦ ਕਰਨ ਦੀ ਮੁਹਿੰਮ ਦਾ ਆਰੰਭ ਵੀ ਕਰ ਦਿੱਤਾ ਹੈ। ਅਮਰੀਕਾ ਨੇ ਅਮਰੀਕਾ ਦਾ 'ਬਲੈਕ ਵਾਟਰ' ਪਾਕਿਸਤਾਨ 'ਚ ਦਾਖਲ ਹੋ ਚੁੱਕਿਆ ਹੈ। ਇਹ ਅਮਰੀਕਾ ਦੀ ਇਕ ਅਜਿਹੀ ਜਥੇਬੰਦੀ ਹੈ ਜਿਸ ਦੇ ਲੋਕ ਰਹਿੰਦੇ ਹੀ ਸਾਦੇ ਲਿਬਾਸ ਵਿਚ ਹਨ ਪਰ ਉਹ ਹੁਨਰਮੰਦ ਸਿਖਿਅਤ ਫੌਜੀ ਵੀ ਹਨ ਅਤੇ ਜਸੂਸ ਵੀ। ਉਹ ਬਲੈਕ ਕਮਾਂਡੋ ਵੀ ਹਨ ਅਤੇ ਗੁਰੀਲਾ ਹਮਲਾਵਰ ਵੀ। ਜਾਹਿਰ ਹੈ ਉਹਨਾਂ ਨੂੰ ਅੱਤਵਾਦੀਆਂ ਨਾਲ ਲੜਨ ਦੇ ਨਾਂ ਹੇਠ ਪਾਕਿਸਤਾਨ ਭੇਜਿਆ ਗਿਆ ਹੈ। ਅਮਰੀਕਾ ਨੇ ਇਹ ਸਭ ਚੁੱਪਚਾਪ ਤਰੀਕੇ ਨਾਲ ਕੀਤਾ ਪਰ ਉਸ ਵਕਤ ਭੇਦ ਖੁੱਲ੍ਹ ਗਿਆ ਜਦ ਪਾਕਿਸਤਾਨ ਸਥਿਤ ਚੀਨੀ ਰਾਜਦੂਤ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਮੀਡੀਆ ਸਾਹਮਣੇ ਇਸ ਗੱਲ ਦੀ ਚਿੰਤਾ ਦਰਸਾਈ ਕਿ ਪਾਕਿਸਤਾਨ ਇਕ ਵੱਡੇ ਅਮਰੀਕੀ ਅੱਡੇ ਦਾ ਰੂਪ ਲੈਂਦਾ ਜਾ ਰਿਹਾ ਹੈ। ਇਹ ਗੱਲ ਤਾਂ ਹੁਣ ਬਹੁਤ ਪੁਰਾਣੀ ਹੋ ਗਈ ਹੈ ਕਿ ਪਾਕਿਸਤਾਨ ਅਮਰੀਕਾ ਦੇ ਪ੍ਰਭਾਵ ਵਿੱਚ ਹੈ ਜਾਂ ਅਮਰੀਕਾ ਦਾ ਮੋਹਤਾਜ ਹੈ। ਹੁਣ ਤਾਂ ਸ਼ਰੇਆਮ ਇਹੀ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਅਮਰੀਕਾ ਦੇ 'ਕਬਜੇ' ਹੇਠ ਹੈ। ਉਹ ਜੋ ਗੱਲ ਕਹੀ ਜਾ ਰਹੀ ਹੈ। ਉਹ ਵੀ ਦਿਸ ਰਹੀ ਹੈ। ਇਸਲਾਮਾਬਾਦ 'ਚ 144 ਕਨਾਲ ਜਮੀਨ 'ਤੇ 80 ਅਰਬ ਡਾਲਰ ਦੀ ਲਾਗਤ ਨਾਲ ਇਕ ਆਲੀਸ਼ਾਨ ਕਿਲਾਨੁਮਾ ਇਮਾਰਤ ਉਸਾਰੀ ਜਾ ਰਹੀ ਹੈ। ਜਿਸ 'ਚ ਅਮਰੀਕੀ ਦੂਤਾਵਾਸ ਦਾ ਵਿਸਥਾਰ ਕੀਤਾ ਜਾਵੇਗਾ। ਖੁਦ ਅਮਰੀਕੀ ਰਾਜਦੂਤ ਨੇ ਮੀਡੀਆ ਦੇ ਸਾਹਮਣੇ ਸਵੀਕਾਰ ਕੀਤਾ ਹੈ ਕਿ ਉਹਨਾਂ ਨੇ ਅਹਿਮਾਦਾਬਾਦ 'ਚ 200 ਆਲੀਸ਼ਾਨ ਕੋਠੀਆਂ ਕਿਰਾਏ 'ਤੇ ਲਈਆਂ ਹਨ। ਲੋਕ ਫਿਕਰਮੰਦ ਹਨ ਕਿ ਆਖਰ ਇਹਨਾਂ ਕੋਠੀਆਂ 'ਚ ਰਹੇਗਾ ਕੌਣ? ਪਾਕਿਸਤਾਨ 'ਚ ਕੰਨੋ ਕੰਨੀ ਇਹ ਖਬਰ ਫੈਲ ਗਈ ਹੈ ਕਿ 'ਬਲੈਕ ਵਾਟਰ' ਸੰਗਠਨ ਦੇ ਸੱਤ ਸੌ ਅਫਸਰ ਪੇਸ਼ਾਵਰ ਤੇ ਇਸਲਾਮਾਬਾਦ 'ਚ ਡੇਰੇ ਲਾ ਚੁੱਕੇ ਹਨ। ਇਹ ਲੋਗ ਜਦ ਜਿਥੇ ਚਾਹੁੰਦੇ ਹਨ ਆ ਵਸਦੇ ਹਨ ਅਤੇ ਕਿਸੇ ਪਾਕਿਸਤਾਨੀ ਮਹਿਕਮੇ ਜਾਂ ਅਧਿਕਾਰੀ ਤੋਂ ਇਜਾਜਤ ਲੈਣ ਦੀ ਲੋੜ ਹੀ ਨਹੀਂ ਸਮਝਦੇ। ਬਲਕਿ ਪਾਕਿ ਅਫਸਰਾਂ ਨਾਲ ਗੁਲਾਮਾਂ ਵਰਗਾ ਵਿਹਾਰ ਕਰਦੇ ਹਨ। ਪਾਕਿਸਤਾਨ ਦੇ ਸਾਬਕਾ ਫੌਜੀ ਮੁਖੀ ਜਨਰਲ ਅਸਲਮ ਬੇਗ ਦਾ ਕਹਿਣਾ ਹੈ ਕਿ ਹੁਣ 'ਟ੍ਰਿਪਲ ਵਨ ਬ੍ਰਿਗੇਡ' ਵਾਲਾ ਕੰਮ ਬਲੈਕ ਵਾਟਰ ਵਾਲੇ ਕਰਨਗੇ। ਯਾਨੀ ਇਹ ਲੋਕ ਰਾਜਸੀ ਹੱਤਿਆਵਾਂ ਕਰਨ ਤੇ ਕਰਾਉਣ 'ਚ ਮਾਹਰ ਹਨ ਪਾਕਿ ਮੀਡੀਆ ਨੂੰ ਇਸ

ਕੋਲ ਜਾਣ ਦੀ ਇਜਾਜਤ ਨਹੀਂ ਹੈ। ਅਲਬਤਾ ਬਾਹਰ ਦੇ ਅਖਬਾਰਾਂ 'ਚ ਇਹਨਾਂ ਦੀਆਂ ਤਸਵੀਰਾਂ ਛਪ ਰਹੀਆਂ ਹਨ। ਆਧੁਨਿਕ ਹਥਿਆਰਾਂ ਨਾਲ ਲੈਸ ਬਖਤਰ ਬੰਦ ਗੱਡੀਆਂ ਦੇ ਚਿਤਰ ਲੰਦਨ ਦੇ ਅਖ਼ਬਾਰਾਂ 'ਚ ਛਪੇ ਹਨ। ਜੋ ਪੋਰਟ ਕਾਸਿਮ 'ਚ ਲਾਹੀਆਂ ਗਈਆਂ ਹਨ। ਇਹ ਉਹੋ ਜਿਹੀਆਂ ਗੱਡੀਆਂ ਹਨ ਜੋ ਇਰਾਕ 'ਤੇ ਅਮਰੀਕੀ ਕਬਜੇ ਵੇਲੇ ਉਥੇ ਭੇਜੀਆਂ ਗਈਆਂ ਸਨ। ਇਰਾਕ 'ਚ ਭੇਜਣ ਤੋਂ ਪਹਿਲਾਂ ਇਸ ਦੀ ਕੋਈ ਇਜਾਜਤ ਨਹੀਂ ਲਈ ਗਈ ਸੀ। ਜੀ ਹਾਂ ਇਰਾਦਾ ਸਾਫ ਹੈ-ਇਕ ਮੁਲਕ ਨੂੰ ਆਪਣੇ ਕਬਜੇ 'ਚ ਜਾਂ ਆਪਣੀ ਕੈਦ ਵਿਚ ਲੈਣ। ਉਹੀ ਹੈ ਪਾਕਿਸਤਾਨ ਦਾ ਕਾਲਾ ਪਾਣੀ। ਅਮਰੀਕਾ ਦੀ ਫੌਜੀ ਤਾਕਤ ਪਾਕਿਸਤਾਨ ਦੇ ਸਾਰੇ ਖੇਤਰਾਂ 'ਚ ਫੈਲਦੀ ਜਾ ਰਹੀ ਹੈ। ਕਾਲਾ ਪਾਣੀ ਉਥੋਂ ਦੇ ਸਾਰੇ ਇਲਾਕਿਆਂ 'ਚ ਘੁਸਨਾ ਸ਼ੁਰੂ ਹੋ ਗਿਆ ਹੈ। ਬਲੈਕ ਵਾਟਰ ਦਾ ਗਠਨ 1997 'ਚ ਅਮਰੀਕਾ ਦੇ ਪੂਰਵੀ ਕੈਰੋਲੀਨਾ ਰਾਜ 'ਚ ਹੋਇਆ। ਇਹ ਸੰਗਠਨ ਹਰ ਸਾਲ 40 ਹਜ਼ਾਰ ਜੰਗਜੂਆ ਨੂੰ ਸਿਖਲਾਈ ਦਿੰਦਾ ਹੈ।

ਜਿਹਨਾਂ ਦੀਆਂ ਸੇਵਾਵਾਂ ਹੱਤਿਆ ਤੇ ਗੜਬੜ ਫੈਲਾਊ ਕਾਰਵਾਈਆਂ ਲਈ ਕਿਰਾਏ 'ਤੇ ਲਈਆਂ ਜਾਂਦੀਆਂ ਹਨ। ਅਖਬਾਰਾਂ 'ਚ ਛਪੀਆਂ ਰਿਪੋਟਾਂ ਦੇ ਮੁਤਾਬਕ 2004 'ਚ ਹੁਣ ਤੱਕ ਬਲੈਕ ਵਾਟਰ ਨੂੰ ਫੌਜੀ ਸਾਜਿਸ਼ਾਂ ਅੰਜਾਮ ਦੇਣ ਲਈ ਤਿੰਨ ਸੌ-ਬਿਲੀਅਨ ਡਾਲਰ ਤੋਂ ਵੱਧ ਦੀ ਰਾਸ਼ੀ ਦਿੱਤੀ ਗਈ। ਇਰਾਕ 'ਚ ਅਮਰੀਕੀ ਦੂਤਾਬਾਸ ਦੀ ਹਿਫਾਜਤ ਲਈ ਵੀ ਇਸ ਦੀਆਂ ਸੇਵਾਵਾਂ ਲਈਆਂ ਗਈਆਂ। ਅਜਾਦੀ ਦੇ ਸਮਰੱਥ ਇਰਾਕੀ ਨੇਤਾਵਾਂ ਦਾ ਦਿਮਾਗ ਦੁਰਸਤ ਕਰਨ ਲਈ ਉਹਨਾਂ ਦੀ ਮਦਦ ਲਈ ਗਈ। ਬਲੈਕ ਵਾਟਰ ਦੇ ਗੁਰਗੇ ਸਿਵਲ ਡ੍ਰੈਸ 'ਚ ਰਹਿੰਦੇ ਹਨ। ਬਹੁਤ ਘੱਟ ਬੋਲਦੇ ਹਨ ਅਤੇ ਜ਼ਿਆਦਾਤਰ ਹਥਿਆਰਾਂ ਦੀ ਜੁਬਾਨ ਇਸਤੇਮਾਲ ਕਰਦੇ ਹਨ। ਇਹ ਗੁਰਗੇ ਪੈਂਟਾਗਨ ਲਈ ਉਹਨਾਂ ਮੁਲਕਾਂ 'ਚ ਜ਼ਿਆਦਾ ਮੁਫੀਦ ਸਾਬਿਤ ਹੰਬਦੇ ਹਨ। ਜਿਥੇ ਪੈਂਟਾਗਨ ਆਪਣੀ ਮੌਜੂਦਗੀ ਨੂੰ ਜ਼ਾਹਿਰ ਕੀਤੇ ਬਿਨ੍ਹਾਂ ਆਪਣੀ ਤਾਕਤ ਕਾਇਮ ਕਬਨ ਦੀ ਜ਼ਰੂਰਤ ਮਹਿਸੂਸ ਕਰਦਾ ਹੈ।

ਬਲੈਕ ਵਾਟਰ ਦੀ ਆਮਦ ਅਤੇ ਮੌਜੂਦਗੀ 'ਤੇ ਸਰਕਾਰੀ ਤੌਰ 'ਤੇ ਕੋਈ ਕੁਝ ਕਹਿਣ ਨੂੰ ਤਿਆਰ ਨਹੀਂ ਹੈ ਪਰ ਸਾਬਕਾ ਸੈਨਾ ਮੁਖੀ ਜਨਰਲ (ਰਿਟਾਇਰਡ) ਮਿਰਜਾ ਅਸਲਮ ਬੇਗ ਦਾ ਕਹਿਣ ਹੈ "ਬਲੈਕ ਵਾਟਰ ਦਾ ਇਕ ਹਜ਼ਾਰ ਦਾ ਨਵਾਂ ਜਥਾ ਜਲਦੀ ਹੀ ਪਾਕਿਸਤਾਨ ਪਹੁੰਚਣ ਵਾਲਾ ਹੈ। ਇਹ ਸਭ ਕੁਝ ਹੋ ਰਿਹਾ ਹੈ ਪਰ ਕੋਈ ਨਹੀਂ ਪੁੱਛ ਰਿਹਾ ਇਹ ਕਿਉਂ ਹੋ ਰਿਹਾ ਹੈ? ਜਿਹਨਾਂ ਦੇ ਪੁੱਛਣ ਦੀ ਜ਼ਿੰਮੇਵਾਰੀ ਹੈ। ਉਹਨਾਂ ਨੂੰ ਸ਼ਾਇਦ ਪਤਾ ਹੈ ਕਿ ਕੀ ਹੋਣ ਵਾਲਾ ਹੈ ਅਤੇ ਕੀ ਨਤੀਜਾ ਨਿਕਲਣ ਵਾਲਾ ਹੈ? ਸ਼ਾਇਦ ਉਹ ਸਭ ਲੋਕ ਵੀ ਨਹੀਂ ਜਾਣਦੇ ਕਿ ਪਾਕਿਸਤਾਨ ਨੂੰ ਅਮਰੀਕਾ ਦੀ ਬਸਤੀ ਬਣਾ ਦਿੱਤਾ ਜਾਵੇ।" ਅਸਲਮ ਬੇਗ ਦਾ ਕਹਿਣਾ ਹੈ ਕਿ ਪਾਕਿਸਤਾਨ ਨੂੰ ਅਮਰੀਕੀ ਕਲੋਨੀ ਬਣਾਉਣ ਦਾ ਖਾਹਿਸ਼ ਰੱਖਣ ਵਾਲੇ ਖੁਦਗਰਜ਼ ਪਾਕਿਸਤਾਨੀ ਜਾਣਦੇ ਹਨ ਕਿ ਅਮਰੀਕਾ ਪਾਕਿਸਤਾਨ ਦੀ ਇਸ ਤੋਂ ਵੱਡੀ ਇੰਮਪੋਰਟਿਡ ਮੰਡੀ ਹੈ। ਪਾਕਿਸਤਨ 'ਚ ਸਭ ਤੋਂ ਵੱਧ ਨਿਵੇਸ਼ ਕਰਨ ਵਾਲਾ ਮੁਲਕ ਅਮਰੀਕਾ ਹੈ। ਪਾਕਿਸਤਾਨ ਦੀ ਫੌਜ ਨੂੰ ਸਭ ਤੋਂ ਵੱਧ ਹਥਿਆਰ ਦੇਣ ਵਾਲਾ ਮੁਲਕ ਅਮਰੀਕਾ ਹੈ। ਅਮਰੀਕਾ ਪਾਕਿਸਤਾਨ ਦਾ ਨਾ ਤਾਂ ਦੋਸਤ ਹੈ ਨਾ ਦੁਸ਼ਮਣ ਉਹ ਸਿਰਫ਼ ਆਪਣਾ ਸੁਆਰਥ ਵੇਖਦਾ ਹੈ।

ਅਸਲਮ ਬੇਗ ਨੇ ਇਹ ਵੀ ਕਿਹਾ ਕਿ ਬੇਨਜੀਰ ਭੁੱਟੋ ਦੀ ਹੱਤਿਆ ਇਸ ਗੱਲ ਦਾ ਸੰਦੇਸ਼ ਹੈ ਕਿ ਜੋ ਅਮਰੀਕੀ ਹਿੱਤਾਂ ਖਿਲਾਫ ਬੋਲਣ ਦੀ ਜੁਅਰਤ ਕਰੇਗਾ ਉਸ ਦਾ ਹਸ਼ਰ ਇਹੀ ਹੋਵੇਗਾ। ਉਹਨਾਂ ਕਿਹਾ ਕਿ ਇਸ ਸਮੇਂ ਇਮਰਾਨ ਖਾਨ ਅਤੇ ਕਾਜੀ ਹੁਸੈਨ ਅਹਿਮਦ ਵਰਗੇ ਲੋਕ ਖੁੱਲ੍ਹ ਕੇ ਅਮਰੀਕਾ ਖਿਲਾਫ ਬੋਲ ਰਹੇ ਹਨ। ਡਰ ਇਹ ਹੈ ਕਿ ਕੋਈ ਵਾਰਦਾਤ ਨਾ ਹੋ ਜਾਵੇ। ਪਾਕਿਸਤਾਨ ਦੇ ਸਾਬਕਾ ਫੌਜ ਮੁਖੀ ਦੇ ਇਹਨਾਂ ਬਿਆਨਾਂ ਨੂੰ ਸਰਸਰੀ ਨਹੀਂ ਲਿਆ ਜਾ ਸਕਦਾ। ਸੁਆਲ ਇਹ ਹੈ ਕਿ ਭਾਰਤ ਆਪਣੇ ਗੁਆਂਢ 'ਚ ਚਲ ਰਹੀ ਇਸ ਖਾਮੋਸ਼ ਉਥਲ ਪੁਥਲ ਨੂੰ ਚੁੱਪ ਚਾਪ ਦੇਖਦਾ ਰਹੇਗਾ ਜਾਂ ਇਸ ਪਿੱਛੇ ਦੇ ਗੰਭੀਰ ਅਰਥਾਂ ਨੂੰ ਸਮਝ ਦੀ ਕੋਸ਼ਿਸ਼ ਕਰੇਗਾ।

# ਕਿਉਂ ਤਸਲੀਮ ਨਹੀਂ ਤਸਲੀਮਾ ਨਸਰੀਨ?

6 ਸਤੰਬਰ 1992 ਪਿੱਛੋਂ ਬੰਗਲਾਦੇਸ਼ 'ਚ ਗੈਰ ਮੁਸਲਮਾਨਾ 'ਤੇ ਹੋਏ ਹਮਲਿਆਂ 'ਤੇ ਅਧਾਰਤ 'ਲੱਜਾ' ਨਾਵਲ ਦੀ ਚਰਚਿਤ ਤਸਲੀਮਾ ਨਸਰੀਨ ਵਰਗੀ ਪ੍ਰਗਤੀਵਾਦੀ ਲੇਖਿਕਾ ਨੂੰ ਭਾਰਤ 'ਚ ਹੱਥ ਭਰ ਜਮੀਨ ਨਾ ਦੇ ਕੇ ਭਜਾਉਣ ਦੀ ਸਾਜਿਸ਼ 'ਚ ਕੇਂਦਰੀ ਤੇ ਪੱਛਮੀ ਬੰਗਾਲ ਸਰਕਾਰ ਦੋਨੋਂ ਸ਼ਾਮਲ ਹਨ। ਇਹ ਬੰਗਾਲ 'ਚ ਵਸਣਾ ਚਾਹੁੰਦੀ ਸੀ। ਸਭ ਨੇ ਉਸ ਤੋਂ ਕਿਨਾਰਾ ਇਸ ਲਈ ਕੀਤਾ ਕਿਉਂਕਿ ਉਹਨਾਂ ਨੇ ਆਪਣੀ ਜਨਮ ਭੂਮੀ ਬੰਗਲਾ ਦੇਸ਼ 'ਚ ਗੈਰ ਮੁਸਲਮਾਨ 'ਤੇ ਹੋਏ ਅਤਿਆਚਾਰਾਂ ਨੂੰ ਉਜਾਗਰ ਕਰਨ ਦੀ ਗਲਤੀ ਕੀਤੀ। ਭਾਰਤ 'ਚ ਔਰਤਾਂ ਦੀਆਂ ਲੰਬਰਦਾਰਨੀਆਂ ਸੁਭਾਸ਼ਿਨੀ ਅਲੀ, ਮੇਘਾ ਪਾਟੇਕਰ, ਅਰੁਣਧਾਤੀ ਰਾਏ ਤੇ ਸ਼ਿਵਾਨੀ ਆਜਮੀ ਦੀ ਤਸਲੀਮਾ ਸਬੰਧੀ ਮੂੰਹ 'ਚ ਘੁੰਗਣੀਆਂ ਪਾਈ ਬੈਠੀਆਂ ਰਹੀਆਂ ਅਤੇ ਬੰਗਲਾਦੇਸ਼ ਦੇ ਕੱਟੜਪੰਥੀਆਂ ਵਲੋਂ ਦੇਸ਼ 'ਚੋਂ ਕੱਢੀ ਤਸਲੀਮਾ ਨਸਰੀਨ ਭਾਰਤ ਛੱਡ ਨਿਊਯਾਰਕ ਜਾਣ ਲਈ ਮਜ਼ਬੂਰ ਹੋਈ ਸਿਰ ਛਪਾਉਣ ਲਈ ਪਾਕਿਸਤਾਨ ਬਣਨ ਪਿੱਛੋਂ ਭਾਰਤੀ ਕਮਿਊਨਿਜਮ ਪਾਰਟੀ ਜਨਰਲ ਸਕੱਤਰ ਪੀ. ਸੀ. ਜੋਸ਼ੀ ਨੇ ਪਾਕਿਸਤਾਨ 'ਚ ਕਮਿਊਨਿਜਮ ਦਾ ਝੰਡਾ ਬੁਲੰਦ ਕਰਨ ਲਈ ਸਜਾਦ ਜਾਹੀਰ ਨੂੰ ਵਰਗੇ ਸਮਾਜਵਾਦੀ ਲੇਖਕ ਨੂੰ ਉਥੇ ਭੇਜਿਆ। ਪਾਕਿਸਤਾਨ ਨੇ ਉਸ ਦਾ ਸੁਆਗਤ ਕਰਨ ਦੀ ਬਜਾਏ ਜੇਲ੍ਹ 'ਚ ਬੰਦ ਕਰ ਦਿੱਤਾ। ਉਸ ਸਮੇਂ ਨਹਿਰੂ ਆਪਣੇ ਅਸਰ ਨਾਲ ਸਜਾਦ ਜਹੀਰ ਨੂੰ ਰਿਹਾ ਕਰਵਾ ਕੇ ਭਾਰਤ ਲੈ ਆਏ ਸਨ। ਕੁਵੈਤ 'ਚ ਨੌਕਰੀ ਕਰ ਰਹੇ ਭਾਰਤੀ ਮੁਸਲਮਾਨਾਂ 'ਤੇ ਜਦ ਸੰਕਟ ਆਇਆ ਤਾਂ ਵੀ. ਪੀ. ਸਿੰਘ ਸਰਕਾਰ ਵੱਲੋਂ ਤੁਰੰਤ ਪਲੈਨ ਦੇ ਜਰੀਏ ਸਭ ਨੂੰ ਸੁਰੱਖਿਅਤ ਭਾਰਤ ਲਿਆਂਦਾ ਗਿਆ। ਆਖਰ ਤਸਲੀਮਾ ਤਾਂ ਇਕ ਲੇਖਿਕਾ ਹੈ। ਭਾਵੇਂ ਹੀ ਉਹ ਕਿਸੇ ਗੁੱਟ ਵਿਚ ਨਾ ਰਹਿ ਕੇ ਆਜ਼ਾਦ ਤੇ ਨਿਰਪੱਖ ਕਲਮ ਦੀ ਇਬਾਦਤ ਕਰਦੀ ਹੈ। ਨਾਲ ਹੀ ਮੁਸਲਿਮ ਵੀ। ਫਿਰ ਕਾਂਗਰਸ ਸਰਕਾਰ ਨੇ ਦੋਹਰਾ ਮਾਪਦੰਡ ਅਪਣਾਇਆ ਕਿਉਂਕਿ ਤਸਲੀਮਾ ਨਸਰੀਨ ਨੇ ਹਿੰਦੂਆਂ 'ਤੇ ਹੋਈ ਧੱਕੇਸ਼ਾਹੀ ਦਾ ਸੀਸ਼ਾ ਦੁਨੀਆਂ ਨੂੰ ਵਿਖਾਇਆ। ਜਦ ਹਿੰਦੋਸਤਾਨ 'ਚ ਵੀ ਗੈਰ-ਮੁਸਲਿਮਾਂ 'ਤੇ ਹੋ ਰਹੇ ਅੱਤਿਆਚਾਰ ਦਾ ਕੋਈ ਫੁਰਸਾਨੇ-ਹਾਲ ਨਹੀਂ ਫਿਰ ਗੈਰ-ਮੁਸਲਿਮ ਦੀ ਤਰਫ਼ਦਾਰੀ ਕਰਨ ਵਾਲੀ ਤਸਲੀਮਾ ਨੂੰ ਸਾਡੀ ਸਰਕਾਰ ਕਿਵੇਂ ਤਸਲੀਮ ਕਰਦੀ। ਮਨੁੱਖੀ ਅਧਿਕਾਰਵਾਦੀ ਅਤੇ ਅਖ਼ਬਾਰ ਛਾਪਣ 'ਚ ਨਹੀਂ ਥੱਕਦੇ। ਉਥੇ ਉਹਨਾਂ ਦੀ ਕਲਮ ਦੀ ਸਿਆਹੀ ਤਸਲੀਮਾ ਨਸਰੀਨ ਦੇ ਨਾਲ ਹੋਈ ਬੇਇਨਸਾਫੀ ਦੇ ਲਈ ਉਕ ਜਾਂਦੀ ਹੈ। ਪੀੜੀ ਦਰ ਪੀੜੀ ਤੋਂ ਰਹਿਣ ਵਾਲੇ ਕਸ਼ਮੀਰੀ ਪੰਡਿਤ ਆਜਾਦੀ ਤੋਂ ਬਾਅਦ ਵੀ ਹਜ਼ਾਰਾਂ ਦੀ ਗਿਣਤੀ 'ਚ ਮਾਰੇ ਜਾਂਦੇ ਰਹੇ। ਬਿਨ੍ਹਾਂ ਕਿਸੇ ਤਣਾਅ ਦੇ। ਉਸ ਨਾਲ ਵੀ ਜੀ ਨਹੀਂ ਭਰਿਆ ਤਾਂ 1989-90 'ਚ ਲਗਭਗ ਸਾਢੇ ਤਿੰਨ ਲੱਖ ਪੰਡਿਤਾਂ ਨੂੰ ਬੇਘਰ ਕਰਕੇ ਸ਼ਰਨਾਰਥੀ ਬਣਾ ਦਿੱਤਾ ਗਿਆ ਆਪਣੇ ਹੀ ਦੇਸ਼ ਵਿੱਚ 20 ਸਾਲਾਂ ਬਾਅਦ ਵੀ ਉਹਨਾਂ ਦੀ ਕੋਈ ਸੁੱਧ ਲੈਣ ਵਾਲਾ ਨਹੀਂ ਹੈ। ਫਿਰ ਬੰਗਲਾਦੇਸ਼ ਨੇ ਹਿੰਦੂਆਂ ਦੀ ਤਰਫਦਾਰੀ ਕਰਨ ਵਾਲੀ ਡਾ. ਤਸਲੀਮਾ ਨਸਰੀਨ ਨੂੰ ਭਲਾ ਕਿਵੇਂ ਉਹ ਸਹਿਣ ਕਰਦੇ। ਉਹਨਾਂ ਦੀ ਕੁਰਸੀ ਨਾ ਹਿੱਲ ਜਾਂਦੀ। ਤਸਲੀਮਾ ਇਕ

ਅਗਾਂਹਵਧੂ ਲੇਖਕ ਹੈ। ਦੇਸ਼ ਦੇ ਹਜ਼ਾਰਾਂ ਪ੍ਰਗਤੀਸ਼ੀਲ ਸਾਹਿਤਕਾਰ ਉਹਨਾਂ ਦੇ ਨਾਲ ਹਨ। ਉਹ ਭਾਰਤ 'ਚ ਵਸਣਾ ਚਾਹੁੰਦੀ ਹੈ। ਕਿਉਂਕਿ ਉਹ ਇਸ ਦੇਸ਼ ਦੀ ਗੰਗਾ-ਯਮੁਨਾ ਤਹਿਜੀਬ ਦੀ ਉਹ ਕਦਰ ਕਰਦੀ ਹੈ।

ਪਰ ਮੁਠੀਭਰ ਕਟੜਪੰਥੀ ਲੋਕ ਉਹਨਾਂ ਦਾ ਵਿਰੋਧ ਕਰ ਰਹੇ ਹਨ। ਸ਼ਾਇਦ ਸਰਕਾਰ ਨੂੰ ਇਹਨਾਂ ਹੀ ਜਮਾਤਾਂ ਦਾ ਡਰ ਹੈ। ਜਾਣ ਕੇ ਕਹਿੰਦੇ ਹਨ ਕਿ ਵੋਟ ਬੈਂਕ ਦੀ ਲੜਾਈ 'ਚ ਸਰਕਾਰ ਤਸਲੀਮਾ ਨੂੰ ਦੇਸ਼ 'ਚ ਵਸਣ ਦੀ ਇਜਾਜ਼ਤ ਨਹੀਂ ਦੇ ਰਹੀ।

ਇਕ ਕਰੋੜ ਤੋਂ ਵੱਧ ਬੰਗਲਾਦੇਸ਼ ਭਾਰਤ ਦੀ ਧਰਤੀ 'ਤੇ ਨਜਾਇਜ਼ ਰੂਪ 'ਚ ਬੇਝਿਜਕ ਰਹਿ ਸਕਦੇ ਹਨ। ਉਸੇ ਬੰਗਲਾ ਦੇਸ਼ ਦੀ ਰਹਿਣ ਵਾਲੀ ਤਸਲੀਮਾ ਨਸਰੀਨ ਸਿਰ ਛੁਪਾਉਣ ਤੋਂ ਮਹਿਰੂਮ ਕਰ ਦਿੱਤੀ ਗਈ। 22 ਨਵੰਬਰ 2007 ਨੂੰ ਬੰਗਾਲ ਤੋਂ ਭਜਾਏ ਜਾਣ 'ਤੇ ਤਸਲੀਮਾ ਨੂੰ ਰਾਜਸਥਾਨ 'ਚ ਰੱਖਿਆ ਗਿਆ। ਫਿਰ ਦਿੱਲੀ 'ਚ ਉਹ ਤਿੰਨ ਮਹੀਨੇ ਨਜ਼ਰਬੰਦ ਰਹੀ। ਨਜ਼ਰਬੰਦੀ ਦੌਰਾਨ ਤਬੀਅਤ ਖਰਾਬ ਹੋਣ ਦੀ ਵਜਾਹ ਕਰਕੇ ਉਹਨਾਂ ਨੂੰ ਵਿਦੇਸ਼ ਜਾਣ ਲਈ ਮਜ਼ਬੂਰ ਕੀਤਾ ਗਿਆ। ਲੱਜਾ ਦੀ ਲੇਖਿਕਾ ਦੇ ਨਾਲ ਐਸਾ ਲੱਜਾ ਜਨਕ ਵਰਤਾਅ ਉਂਜ ਤਾਂ ਅਮਰੀਕਾ ਤੇ ਯੂਰਪੀ ਦੇਸ਼ਾਂ 'ਚ ਤਸਲੀਮਾ ਨੂੰ ਰਹਿਣ ਦੀ ਖੁੱਲ੍ਹੀ ਛੋਟ ਹੈ। ਪਰ ਭਾਰਤ ਵਿੱਚ ਨਹੀਂ। ਬੰਗਲਾ ਭਾਸ਼ੀ ਭਾਈ ਬੰਧੂ ਹਨ। ਉਹਨਾਂ ਵਿਚਕਾਰ ਰਹਿਣ ਦੀ ਉਹਨਾਂ ਦੀ ਖਾਹਿਸ਼ ਸੀ। ਰਹਿਣ ਦੀ ਇਜਾਜਤ ਮਿਲਣ ਦੀ ਉਡੀਕ ਵਿੱਚ ਡਾ. ਤਸਲੀਮਾ ਨੇ ਆਪਣੇ ਦੋਸਤ ਦੇ ਨਾਂ 'ਤੇ ਕਲਕੱਤਾ 'ਚ ਇਕ ਘਰ ਵੀ ਖਰੀਦ ਲਿਆ। ਫਿਰ ਵੀ ਉਹਨਾਂ ਨੂੰ ਰੈਜ਼ੀਡੈਂਸ਼ੀਅਲ ਪਰਮਿਟ 'ਤੇ ਛੇ-ਛੇ ਮਹੀਨੇ ਦੀ ਰਿਵਾਈਵਲ 'ਤੇ ਰਹਿਣ ਦਾ ਅਧਿਕਾਰ ਸਰਕਾਰ ਨੇ ਦਿੱਤਾ। ਇਹ ਵੀ ਇਸ ਲਈ ਕਿ ਵਿਸ਼ਵ ਪੱਧਰ 'ਤੇ ਭਾਰਤ ਦੀ ਨੇਕਨਾਮੀ ਬਣੀ ਰਹੇ। ਦੋ ਸਾਲਾਂ 'ਚ ਸ਼ਰਨਾਰਥੀ ਜੀਵਨ ਜਿਉਣ ਨੂੰ ਮਜ਼ਬੂਰ 26 ਅਗਸਤ 2009 ਨੂੰ ਬੇਮਾਨ ਤੋਂ ਤਸਲੀਮਾ ਨਸਰੀਨ ਚੱਲ ਪਈ। ਨਿਊਯਾਰਕ ਇਹ ਕਹਿੰਦੇ ਹੋਇਆ ਕਿ -'ਰਹਿਨੇ ਕੋ ਤਰਸੂੰ ਹਿੰਦ ਮੇਂ, ਦੋ ਗਜ ਜ਼ਮੀਨ ਕੋ।'

# ਸਵਾਈਨ ਫਲੂ ਦਾ ਖਤਰਾ ਕਿੰਨਾ ਕੁ?

ਇਕ ਹਫਤਾ 17 ਮੌਤਾਂ 1000 ਤੋਂ ਵੱਧ ਕੇਸਾਂ ਦੀ ਪੁਸ਼ਟੀ ਦਿਨ ਤਾਂ ਤੁਸੀਂ ਉਂਗਲਾਂ 'ਤੇ ਗਿਣ ਸਕਦੇ ਹੋ ਪਰ ਜਨ ਸਿਹਤ ਲਈ ਖਤਰਾ ਬਣ ਚੁੱਕੇ ਐਚ-1 ਫਲੂ ਦੀ ਗਿਰਫਤ ਵਿੱਚ ਆਏ ਲੋਕਾਂ ਨੂੰ ਨਹੀਂ ਏਮਜ਼ 'ਚ ਇੰਟਰਨਲ ਮੈਡੀਸਨ ਦੇ ਪ੍ਰੋਫੈਸਰ ਰਣਦੀਪ ਗੁਲੇਰੀਆ ਕਹਿੰਦੇ ਹਨ, ਪਿਛਲੀਆਂ ਮਹਾਂਮਾਰੀਆਂ ਦੌਰਾਨ ਛੇ ਮਹੀਨੇ 'ਚ ਫੈਲੇ ਇੰਫਲੂਇੰਜਾ ਵਿਸ਼ਾਣੂ ਦੇ ਮੁਕਾਬਲੇ ਇਹ ਛੇ ਹਫਤੇ ਤੋਂ ਵੀ ਘੱਟ ਸਮੇਂ 'ਚ ਫੈਲ ਗਿਆ ਅਤੇ ਦੇਸ਼ ਭਰ ਦੇ 22 ਸ਼ਹਿਰਾਂ-ਕਸਬਿਆਂ ਨੂੰ ਲਪੇਟ 'ਚ ਲੈ ਚੁੱਕਿਆ ਹੈ।" ਦੁਨੀਆਂ 'ਚ ਹਫੜਾ-ਦਫੜੀ ਮਚਾ ਦੇਣ ਵਾਲੀ ਭੇਦ ਭਰੀ ਫਲੂ ਨੇ ਮਈ 'ਚ ਥੋੜੇ ਹਿਚਕਚਾਉਂਦੇ ਹੋਏ ਭਾਰਤ 'ਚ ਉਦੋਂ ਕਦਮ ਰੱਖਿਆ ਸੀ ਜਦ ਨਿਊਯਾਰਕ ਤੋਂ ਹੈਦਰਾਬਾਦ ਆਉਣ ਵਾਲਾ ਇਕ 23 ਸਾਲਾਂ ਭਾਰਤੀ ਇਸ ਨੂੰ ਆਪਣੇ ਨਾਲ ਲਿਆਇਆ ਸੀ। ਪਰ 332 ਕਾਮਿਆਂ ਵਲੋਂ 21 ਹਵਾਈ ਅੱਡਿਆਂ 'ਤੇ 45000 ਕਰਮਚਾਰੀਆਂ ਦੀ ਜਾਂਚ ਕਰਨ ਤੋਂ ਜੂਨ ਵਿੱਚ ਸਿਰਫ 35 ਕੇਸਾਂ ਦੀ ਪੁਸ਼ਟੀ ਹੋ ਸਕੀ ਜੁਲਾਈ ਮੱਧ ਤੱਕ ਵੀ ਇਹ ਗਿਣਤੀ 285 ਤੱਕ ਸੀਮਤ ਰਹੀ। ਪਰ ਅਗਸਤ ਆਉਂਦਿਆਂ ਹੀ ਜਦ W+10 ਨੇ ਅਮਰੀਕਾ ਵਰਗੇ ਦੇਸ਼ਾਂ ਵਿਚ ਜਿਥੋਂ ਇਹ ਤੇਜੀ ਨਾਲ ਫੈਲਿਆ ਫਲੂ ਪੀੜਤਾਂ ਦੀ ਗਿਣਤੀ ਰੋਕ ਦਿੱਤੀ ਅਤੇ ਸਭ ਮੰਨਣ ਲੱਗੇ ਕਿ H-1, H-1 ਫਲੂ ਨੂੰ ਸ਼ਾਇਦ ਹੁਣ ਭਾਰਤ 'ਚ ਦਿਲਚਸਪੀ ਨਹੀਂ ਹੋਵੇਗੀ, ਉਦੋਂ ਹੀ ਇਸ ਨੇ ਧਮਾਕੇਦਾਰ ਪ੍ਰਵੇਸ ਕੀਤਾ। ਹਫਤੇ ਭਰ 'ਚ ਇਨਫੈਕਸ਼ਨ ਦੀ ਦਰ ਅਤੇ ਮੌਤਾਂ ਦੀ ਗਿਣਤੀ 'ਚ ਤੇਜੀ ਨਾਲ ਵਾਧਾ ਹੋਇਆ ਹੈ। ਪੁਣੇ ਹੀ ਨਹੀਂ ਮੁੰਬਈ ਤੇ ਦਿੱਲੀ 'ਚ ਵੀ ਇਨਫੈਕਸ਼ਨ ਦੀ ਦਰ ਅਤੇ ਮੌਤਾਂ ਦੀ ਗਿਣਤੀ 'ਚ ਤੇਜੀ ਨਾਲ ਵਾਧਾ ਹੋਇਆ ਹੈ, ਮੇਘਾਲਿਆ ਤੋਂ ਜਲੰਧਰ, ਬੰਗਲੌਰ ਤੋਂ ਲਖਨਊ, ਹੈਦਰਾਬਾਦ ਤੋਂ ਅਜਮੇਰ, ਜੰਮੂ ਤੋਂ ਤਿਰੂਅੰਨਤਪੁਰਮ, ਵਾਰਾਣਸੀ ਤੋਂ ਵਟੋਦਰਾ ਤਕ ਇਸ ਦਾ ਤੇਜੀ ਨਾਲ ਫੈਲਦਾ ਸ਼ਿਕੰਜਾ ਦਹਿਸ਼ਤ ਪੈਦਾ ਕਰ ਰਿਹਾ ਹੈ। ਇਹ ਦਹਿਸ਼ਤ ਚਿੰਤਾ ਦਾ ਵਿਸ਼ਾ ਬਣ ਗਈ ਹੈ। ਟੀ. ਵੀ. ਚੈਨਲ ਜੰਗੀ ਪੱਧਰ ਤੇ ਨਵੀਆਂ ਜਾਣਕਾਰੀਆਂ ਦੇ ਰਹੇ ਹਨ। ਕਿਸੇ ਵਿਦਿਆਰਥੀ 'ਚ ਇਨਫੈਕਸ਼ਨ ਦੇ ਸੰਕੇਤ ਮਿਲਦਿਆਂ ਹੀ ਸਕੂਲ ਬੰਦ ਹੋ ਰਹੇ ਹਨ ਤੇ ਮਾਪੇ ਡਰ ਜਾਂਦੇ ਹਨ। ਆਪਣੇ ਬੱਚਿਆਂ ਨੂੰ ਉਹ ਘਰਾਂ 'ਚ ਬੰਦ ਕਰ ਦਿੰਦੇ ਹਨ। ( ਨੋ ਬਰਥਡੇ ਪਾਰਟੀ, ਨੋ ਆਊਟ ਡੋਰ) ਜੇ ਹੈਮ ਤੇ ਪਰੋਕ (ਸੂਰ ਦਾ ਮੀਟ) ਵੇਚਣ ਵਾਲੀਆਂ ਦੁਕਾਨਾਂ 'ਚ ਲੋਕਾਂ ਦੀ ਆਮਦ ਘਟ ਰਹੀ ਹੈ। ਮੂੰਹ ਤੇ ਬੰਨਣ ਵਾਲੇ ਮਾਸਕ ਵੇਚਣ ਵਾਲੇ ਦੁਕਾਨਦਾਰਾਂ ਕੋਲ ਭੀੜ ਵਧ ਰਹੀ ਹੈ। ਇਕ ਦਿਨ ਦਿੱਲੀ 'ਚ 10000 ਮਾਸਕ ਵਿਕ ਜਾਂਦੇ ਹਨ। ਜਦ ਕਿ ਫਲੂ ਤੋਂ ਪਹਿਲਾਂ ਸਿਰਫ 100 ਹੀ ਵਿਕਦੇ ਸਨ। ਦਹਿਸ਼ਤ ਕਾਰਨ ਡਾਕਟਰਾਂ ਦਾ ਕੰਮ ਮੁਸ਼ਕਲ ਹੋ ਜਾਂਦਾ ਹੈ। ਥੋੜ੍ਹੀ ਜਿੰਨੀ ਖਾਂਸੀ ਤੇ ਬੁਖਾਰ ਪਿਛੋਂ ਹਸਪਤਾਲ 'ਚ ਫਲੂ ਦੀ ਜਾਂਚ ਲਈ ਲਾਈਨਾ ਲੱਗ ਜਾਂਦੀਆਂ ਹਨ। ਪਰ ਇੰਫਲੂਜਾ ਵਿਸ਼ਾਣੂ ਲੋਕਾਂ ਨੂੰ ਝਟਕਾ ਦੇਣਾ ਹੀ ਪਸੰਦ ਕਰਦਾ ਹੈ। W+10 ਨੇ ਇਸ ਨੂੰ 'ਤੇਜੀ ਨਾਲ ਫੈਲਣ ਵਾਲਾ, ਉਨਮਾਦੀ ਤੇ ਸਵੈ ਕੰਟਰੋਲ ਰੋਗ ਕਰਾਰ ਦਿੱਤਾ ਹੈ। HINI ਨੂੰ ਤੁਸੀਂ ਤੇਜ ਰਫਤਾਰ ਵਿਸ਼ਾਣੂ ਕਹਿ ਸਕਦੇ ਹੋ ਹਾਲਾਂਕਿ ਰਿਸਰਚ ਕਰਨ ਵਾਲਿਆਂ ਦਾ ਦਾਅਵਾ ਹੈ ਕਿ ਜਾਨਲੇਵਾ ਟਾਈਪ-ਏ ਵਿਸ਼ਾਣੂ ਦੇ ਜੈਨੇਟਿਕ ਕੋਡ ਵਿੱਚ ਮਹੱਤਵਪੂਰਨ ਮੂਟੇਸ਼ਨ ਨਹੀਂ ਹੈ ਜੋ ਪਹਿਲਾਂ ਦੀ ਮਹਾਂਮਾਰੀ ਵਾਲੇ ਵਿਸ਼ਾਣੂਆਂ

ਨੂੰ ਘਾਤਕ ਬਣਾਉਂਦੀ ਆਈ ਹੈ। HINI ਨੂੰ ਜਨੂੰਨੀ ਵੀ ਕਹਿ ਸਕਦੇ ਹਾਂ ਕਿਉਂਕਿ ਇਹ ਗੁਪਤ ਤੌਰ 'ਤੇ ਫੈਲਣ ਲਈ ਖੂੰਖਾਰ ਹੈ। ਕੋਈ ਨਹੀਂ ਜਾਣਦਾ ਕਿ ਇਹ ਕਿਥੇ ਕਿੰਨਾ ਆਕਾਰ ਲਵੇਗਾ। HINI ਬੇਹੱਦ ਇਨਫੈਕਸ਼ਨ ਫੈਲਾਉਂਦਾ ਹੈ। ਪਰ ਸਿਹਤ ਜਾਂਚ 'ਚ ਬੜੀ ਅਸਾਨੀ ਨਾਲ ਲੁਕਿਆ ਰਹਿੰਦਾ ਹੈ। ਸਾਰਸ ਤੇ ਏਵੀਅਨ ਫਲੂ ਦੇ ਕੇਸਾਂ ਤਾਂ ਰੋਗੀਆਂ ਨੇ ਇਸ ਨਾਲ ਪ੍ਰਭਾਵਿਤ ਹੁੰਦਿਆਂ ਹੀ ਲੱਛਣ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ। ਪਰ HINI ਨਾਲ ਪ੍ਰਭਾਵਿਤ ਵਿਅਕਤੀ ਤਾਂ ਡਾਕਟਰ ਕੋਲ ਜਾਣ ਤੋਂ ਪਹਿਲਾਂ ਹੀ ਇਨਫੈਕਸ਼ਨ ਫੈਲਾਉਣ ਲੱਗਦਾ ਹੈ।

ਇਸ ਬਾਰੇ ਪੱਕਾ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ 64 ਸਾਲਾਂ ਤੋਂ ਵੱਡੀ ਉਮਰ ਦੇ ਲੋਕ ਇਸ ਦੀ ਲਪੇਟ 'ਚ ਨਹੀਂ ਆਉਂਦੇ। ਅਮਰੀਕਾ 'ਚ ਇਹ ਗਿਣਤੀ ਤੇਜ਼ੀ ਨਾਲ ਵਧੀ ਤੇ ਜਦ ਇਸ ਦੇ ਸੈਂਟਰ ਫਾਰ ਡਿਸਿਜ ਕੰਟਰੋਲ ਸੈਂਟਰ ਨੇ 24 ਜੁਲਾਈ ਨੂੰ ਇਨਫੈਕਟਿਡ ਲੋਕਾਂ ਦੀ ਗਿਣਤੀ 43771 ਸੀ ਇਹਨਾਂ ਵਿਚੋਂ 300 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਸੀ। ਉਦੋਂ ਤੋਂ ਮ੍ਰਿਤਕਾਂ ਦਾ ਅੰਕੜਾ 436 ਤੱਕ ਪੁੱਜ ਚੁੱਕਿਆ ਹੈ। WHO  ਦਾ ਅਨੁਮਾਨ ਹੈ ਕਿ 12 ਅਗਸਤ ਨੂੰ ਪ੍ਰਭਾਵਿਤ ਲੋਕਾਂ ਦੀ ਵਿਸ਼ਵ ਵਿਆਪੀ ਗਿਣਤੀ 177457 ਸੀ ਅਤੇ 1462 ਲੋਕਾਂ ਦੀ ਮੌਤ ਹੋ ਚੁੱਕੀ ਸੀ WHO ਨੇ HINI ਵਿਸ਼ਾਣੂ ਨੂੰ ਜਿੰਨਾ ਮਾਰੂ ਤੇ ਭਿਅੰਕਰ ਦੱਸਿਆ। ਉਨੀ ਤੇਜ਼ੀ ਤੇਜ਼ੀ ਨਾਲ ਹੀ ਇਹ ਫੈਲ ਰਿਹਾ ਹੈ ਪਰ ਜਿੰਨਾ ਡਰ ਸੀ। ਉਸ ਦੀ ਤੁਲਨਾ ਵਿੱਚ ਇਹ ਵੱਧ ਕੋਮਲ ਹੈ। ਸੰਸਾਰ ਭਰ 'ਚ ਇਸ ਦੀ ਮੌਤ ਦਰ ਅਜੇ 0.8 ਫੀਸਦੀ ਹੈ। ਯਾਨੀ 1000 ਮਰੀਜਾਂ 'ਚੋਂ 8 ਦੀ ਮੌਤ ਦੀ ਸੰਭਾਵਨਾ ਹੈ। ਪਿਛਲੇ ਹਫਤੇ ਇਹ ਅੰਕੜਾ ਤੇਜੀ ਨਾਲ ਵਧਿਆ ਤੇ ਭਾਰਤ 'ਚ ਵੀ ਮੌਤ ਦਰ ਦੁਨੀਆਂ ਦੇ ਦੂਜੇ ਦੇਸ਼ਾਂ ਜਿੰਨੀ ਹੋ ਗਈ ਹੈ। ਯਾਦ ਰਹੇ "ਮੌਤ ਦਰ ਟੀ. ਬੀ. ਡਾਇਰੀਆ ਤੇ ਨਮੋਨੀਆਂ ਨਾਲ ਹੋਣ ਵਾਲੀਆਂ ਮੌਤਾਂ ਤੋਂ ਘੱਟ ਹੈ। ਫਿਰ ਵੀ ਭਾਰਤ 'ਚ ਇਹ ਦਹਿਸ਼ਤ ਕੁਝ ਐਸੀ ਫੈਲੀ ਹੈ ਕਿ ਉਸ ਨੇ ਰਾਜ ਤੇ ਕੇਂਦਰ ਸਰਕਾਰਾਂ 'ਚ ਖਲਬਲੀ ਮਚਾ ਦਿੱਤੀ ਹੈ। ਦੇਸ਼ 'ਚ ਸਿਰਫ 19 ਜਾਂਚ ਲਬਾਰਟਰੀਆਂ ਹਨ। ਇਕ ਕਰੋੜ ਐਂਟੀਵਾਇਰਲ ਦਾ ਸਟਾਕ ਹੈ। ਵੈਕਸੀਨੇਸ਼ਨ ਮੁਹੱਈਆ ਨਹੀਂ ਹੈ ਅਤੇ ਨਿੱਜੀ ਖੇਤਰ ਤੋਂ ਕਿਸੇ ਤਰ੍ਹਾਂ ਦੀ ਹਮਾਇਤ ਨਹੀਂ ਮਿਲ ਰਹੀ। ਜਿਸ ਦਾ 70 ਫੀਸਦੀ ਸਿਹਤ ਖੇਤਰ 'ਤੇ ਕੰਟਰੋਲ ਹੈ। ਇਸ ਲਈ ਸਰਕਾਰ ਮੂਹਰੇ ਅਨੇਕਾਂ ਅੜਿੱਕੇ ਹਨ। ਪੁਣੇ 'ਚ ਕਿਸ਼ੋਰੀ ਰੀਡਾ ਸ਼ੇਖ ਦੀ ਮੌਤ ਨੇ ਭਾਵੇਂ ਹੀ ਸਰਕਾਰ ਨੂੰ ਹਰਕਤ 'ਚ ਲਿਆਂਦਾ ਹੋਵੇ। ਪਰ ਕੀ ਭਾਰਤ ਐਸੇ ਫਲੂ ਨਾਲ ਨਿਪਟਣ ਲਈ ਤਿਆਰ ਹੈ। ਜੋ ਤੇਜੀ ਨਾਲ ਦੇਸ਼ ਦੇ 22 ਸ਼ਹਿਰਾਂ ਤੇ ਕਸਬਿਆਂ 'ਚ ਫੈਲ ਚੁੱਕਿਆ ਹੈ?

ਅਟਲਾਂਟਾ ਦੇ ਅਹਿਮਾਦਾਬਾਦ ਆਉਣ ਦੇ 10 ਦਿਨ ਅੰਦਰ ਹੀ HINI ਨਾਲ ਮੌਤ ਦੇ ਮੂੰਹ 'ਚ ਜਾਣ ਵਾਲੇ ਅਪ੍ਰਵਾਸੀ ਭਾਰਤੀ ਪ੍ਰਵੀਨ ਪਟੇਲ ਦੇ ਕੇਸ ਨੂੰ ਵੇਖੋ ਤਾਂ ਜੁਆਬ ਨਕਾਰਾਤਮਕ ਹੋਵੇਗਾ। ਪਟੇਲ ਦੇ ਪਰਿਵਾਰ ਦਾ ਦੋਸ਼ ਹੈ ਕਿ ਹਵਾਈ ਅੱਡੇ 'ਤੇ ਮੈਡੀਕਲ ਟੀਮ ਰੁਟੀਨ ਜਾਂਚ ਦੌਰਾਨ ਉਹਨਾਂ ਦੀ ਹਾਲਤ ਦਾ ਅੰਦਾਜਾ ਨਹੀਂ ਲਾ ਸਕੀ। ਕੇਂਦਰ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਕਹਿੰਦੇ ਹਨ ਕਿ 'ਅਸੀਂ' ਇਸ ਨੂੰ ਕੌਮੀ ਆਫਤ ਐਲਾਨ ਕਰ ਦਿੱਤਾ ਹੈ ਕਿਉਂਕਿ ਅਸੀਂ ਅਮਲ 'ਚ ਨਹੀਂ ਜਾਣਦੇ ਕਿ ਇਹ ਮਹਾਂਮਾਰੀ ਆਖਰ ਕਿਸ ਕਦਰ ਗੰਭੀਰ ਰੂਪ ਲਵੇਗੀ ਅਤੇ ਅਸੀਂ ਅਜਿਹੀ ਹੀ ਦਿਸਣਾ ਚਾਹੁੰਦੇ ਕਿ ਅਸੀਂ ਇਸ ਲਈ ਤਿਆਰ ਨਹੀਂ ਹਾਂ।" ਇਕ ਤਰ੍ਹਾਂ ਨਾਲ ਤਾਂ ਇੰਫਲੂਜਾ ਮਹਾਂਮਾਰੀ ਦੇ ਫੈਲਣ ਦੀ ਉਡੀਕ ਹੀ ਸੀ, ਮਈ 2009 'ਚ

ਜਰਨਲ ਆਫ ਇੰਫੈਕਸਨ ਇੰਨਡਵੇਲਪਿੰਗ ਕੰਟਰੀਜ਼ 'ਚ ਯੂਗੀਨਾ ਟੇਂਗਨੋਟੀ ਨੇ ਲਿਖਿਆ ਸੀ ਕਿ ਪਿਛਲੇ ਰਿਕਾਰਡ ਦੇ ਮੱਦੇਨਜ਼ਰ ਇੰਫਲੂਜਾ ਮਹਾਮਾਰੀ ਹਰ ਚਾਰ ਦਹਾਕੇ ਪਿਛੋਂ ਫੈਲਦੀ ਹੈ। ਪਿਛਲੀ ਸਦੀ 'ਚ ਭਾਰਤ ਨੇ ਦੋ ਮਹਾਂਮਾਰੀਆਂ ਝੱਲੀਆਂ। 1918-20 ਦੀ ਸਪੈਸ਼ਲ ਫਲੂ ਅਤੇ 1957-60 ਏਵੀਅਨ ਫਲੂ ਪਹਿਲੀ ਮਹਾਂਮਾਰੀ 'ਚ ਦੁਨੀਆਂ ਭਰ 'ਚ 5 ਤੋਂ 10 ਕਰੋੜ ਲੋਕਾਂ ਦੀ ਮੌਤ ਹੋਈ। ਭਾਰਤ 'ਚ ਇਹ ਗਿਣਤੀ 10 ਲੱਖ 'ਚ 4000 ਵਿਅਕਤੀ ਸੀ। ਦੂਸਰੇ ਵਾਲੀ ਭਾਵੇਂ ਉਨੀ ਮਾਰਕ ਨਹੀਂ ਸੀ ਪਰ ਉਸ ਨੇ ਵੀ ਦੁਨੀਆਂ ਭਰ ਵਿੱਚ ਘੱਟੋ ਘੱਟ 10 ਲੱਖ ਜਾਨਾਂ ਲੈ ਲਈਆਂ ਚਾਰ ਦਹਾਕੇ ਅਤੀਤ ਦੇ ਸਬਕਾਂ ਨੂੰ ਭੁਲਾਉਣ ਲਈ ਕਾਫੀ ਹੁੰਦੇ ਹਨ। ਵਿਸ਼ਾਣੂ ਦੇ ਤਣਾਅ ਨੂੰ ਭੁੱਲਣ ਲਈ ਕਾਫੀ ਹੁੰਦੇ ਹਨ ਅਤੇ ਏਨੀ ਵੀ ਇਕ ਨਵੀਂ ਪੀੜ੍ਹੀ ਇਸ ਮਹਾਂਮਾਰੀ ਦੀ ਪ੍ਰਤੀਰੋਧਕ ਯੋਗਤਾ ਵਿਕਸਤ ਕੀਤੇ ਬਿਨਾਂ ਹੀ ਵੱਡੀ ਹੋ ਜਾਵੇ। ਪਰ ਖੋਜ ਕਰਨ ਵਾਲੇ ਜਾਣਦੇ ਹਨ ਕਿ ਅੱਜ ਇੱਕ ਦੂਜੇ ਨਾਲ ਜੁੜੀ ਦੁਨੀਆਂ ਵਿੱਚ ਜੇ 1918 ਦਾ ਵਿਸ਼ਾਣੂ ਵਾਪਸ ਆ ਜਾਵੇ ਤਾਂ ਉਹ ਕਹਿਰ ਢਾਹ ਦੇਵੇਗਾ। ਵਿਸ਼ਵ ਬੈਂਕ ਦੇ ਇਕ ਅਧਿਐਨ ਦਾ ਅਨੁਮਾਨ ਹੈ ਕਿ ਐਸੀ ਬੀਮਾਰੀ ਨਾਲ ਲਗਭਗ 7 ਕਰੋੜ ਲੋਕ ਮੌਤ ਦੇ ਮੂੰਹ 'ਚ ਸਮਾ ਜਾਣਗੇ। ਮੈਡੀਕਲ ਜਨਰਲ ਲੈਂਸੇਟ 2006 'ਚ ਮੁਰੇ ਤੇ ਲੋਪੇਜ ਨੇ ਇਹ ਅੰਕੜਾ 6.2 ਕਰੋੜ ਮੰਗਿਆ ਹੈ। 96 ਫੀਸਦੀ ਮੌਤਾਂ ਨਿਮਨ ਤੇ ਮੱਧ ਆਮਦਨ ਵਾਲੇ ਦੇਸਾਂ 'ਚ ਹੋਣਗੀਆਂ। ਸੋ ਹੈਰਾਨੀ ਨਹੀਂ ਹੈ ਕਿ ਡਾਕਟਰੀ ਬਹਾਦਰ ਕਾਫੀ ਨਰਵਸ ਹੈ। ਦੁਨੀਆਂ 'ਚ ਐਸਾ ਨਵਾਂ ਵਿਸ਼ਾਣੂ ਆ ਗਿਆ ਹੈ। ਕਿ ਜੋ ਮਨੁੱਖਾਂ ਤੋਂ ਮਨੁੱਖਾਂ ਵਿਚਕਾਰ ਅਤੇ ਸੂਰਾਂ ਤੋਂ ਮਨੁੱਖਾਂ ਵਿੱਚ ਬਹੁਤ ਇਨਫੈਕਸ਼ਨ ਫੈਲਾਉਂਦਾ ਹੈ। ਪਰ ਟੈਮੀਫੂਲ ਤੇ ਰੇਲੈਂਜਾ (ਐਂਟੀਵਾਈਗਲ ਦਵਾਈਆਂ) ਨਾਲ ਇਸ ਦਾ ਇਲਾਜ ਹੋ ਸਕਦਾ ਹੈ। ਦੂਜੀਆਂ ਵੱਡੀਆਂ ਐਂਟੀਵਾਇਰਲ ਦਵਾਈਆਂ ਇਸ 'ਤੇ ਬੇਅਸਰ ਹਨ। ਇਹ ਅਜੇ ਫੈਲ ਰਿਹਾ ਹੈ ਤੇ ਕਿਹਾ ਨਹੀਂ ਜਾ ਸਕਦਾ ਕਿ ਇਸ ਦਾ ਦਾਇਰਾ ਕਿੰਨਾ ਵੱਡਾ ਹੋਵੇਗਾ। ਵੈਸੇ ਤੱਥ ਅਜੇ ਅਸਪੱਸ਼ਟ ਹਨ ਪਰ ਸੁਆਲ ਹਵਾ 'ਚ ਤੈਰ ਰਹੇ ਹਨ। ਕੀ ਇਹ ਸੰਸਾਰਕ ਹਤਿਆਰਾ ਬਣ ਸਕਦਾ ਹੈ? ਸਰਕਾਰਾਂ ਸੰਭਾਵਿਤ ਤਬਾਹੀ ਦਾ ਕਿਵੇਂ ਮੁਕਾਬਲਾ ਕਰਨਗੀਆਂ? ਅਤੇ ਸਵਾਈਨ ਫਲੂ ਖਿਲਾਫ ਲੜਾਈ 'ਚ ਸਾਨੂੰ ਕੀ ਸਬਕ ਸਿੱਖਣ ਦੀ ਲੋੜ ਹੈ? ਇੰਫਲੂਇੰਜਾ ਵਿਸ਼ਾਣੂ ਹੈਰਾਨੀਜਨਕ ਤੌਰ 'ਤੇ ਪਰਿਵਰਤਨਸ਼ੀਲ ਹੈ। ਉਹਨਾਂ ਦੀ ਜੈਨੇ ਟਿਕ ਸੰਰਚਨਾ ਉਸ ਸਮੇਂ ਬਦਲ ਜਾਂਦੀ ਹੈ ਜਦ ਜਿਨ੍ਹਾਂ ਸੈਲਾਂ ਨੂੰ ਉਹ ਇਨਫੈਕਸ਼ਨ ਕਰਦੇ ਹਨ, ਉਹ ਨਵੇਂ ਵਿਸ਼ਾਣੂ ਤਿਆਰ ਕਰ ਦਿੰਦੀਆਂ ਹਨ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਮਹਾਂਮਾਰੀ ਥੋੜੇ ਹੀ ਦਿਨ ਹੋਰ ਚਲੇਗੀ। ਇਹ ਬਹੁਤ ਇੰਨਫੈਕਸ਼ਨ ਭਰਪੂਰ ਹੈ। ਪਰ ਹਾਲ ਦੀ ਘੜੀ ਪੀੜਤ ਰੋਗੀਆਂ ਦੀ ਤੁਲਨਾ 'ਚ ਮੌਤਾਂ ਦੀ ਗਿਣਤੀ ਵਧ ਨਹੀਂ ਰਹੀ। ਪਰ ਡਾਕਟਰ 'ਡਿਫਟ ਐਂਡਸ਼ਿਫਟ' (ਮਾਮੂਲੀ ਪਰਿਵਰਤਨ ਬਨਾਮ ਘਾਤਕ ਪ੍ਰਜਾਤੀ) ਲਈ HINI 'ਤੇ ਨਜ਼ਰ ਰੱਖ ਰਹੇ ਹਨ। ਜੇ ਦੂਜੀ ਸਥਿਤੀ ਆਉਂਦੀ ਹੈ ਤਾਂ ਜਿਵੇਂ ਕਿ ਸਪੈਨਿਸ਼ ਫਲੂ ਅਤੇ ਏਸ਼ੀਅਨ ਫਲੂ ਸਬੰਧੀ ਹੋਇਆ। ਦੂਜੀ ਵਾਰੀ ਇਸ ਦਾ ਫੈਸਲਾ ਆਸਾਨ ਨਹੀਂ ਹੋਵੇਗਾ। ਪੁਣੇ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ ਦੇ ਨਿਰਦੇਸ਼ਕ ਡੀ. ਅਖਿਲੇਸ ਸ੍ਰੀ ਮਿਸਰ ਕਹਿੰਦੇ ਹਨ, "ਇਹ ਮੈਕਸੀਕੋ ਅਤੇ ਦੂਜੇ ਦੇਸ਼ਾਂ 'ਚ ਪਾਏ ਜਾਣ ਵਾਲੇ ਵਿਸ਼ਾਣੂਆਂ ਵਰਗਾ ਹੀ ਹੈ। ਹਾਲਾਂਕਿ ਇਸ ਬਾਰੇ ਅਜੇ ਬਹੁਤ ਜਾਣਕਾਰੀ ਮੁਹੱਈਆ ਨਹੀਂ ਹੈ। ਪਰ ਮਾਹਰਾਂ ਦਾ ਕਹਿਣਾ ਹੈ ਕਿ ਇਸ ਮਹਾਂਮਾਰੀ ਨੇ ਇਕ ਵਿਆਪਕ ਬੀਮਾਰੀ ਦੇ ਸਹਿਜੇ ਹੀ ਪ੍ਰਗਟ ਹੋਣ 'ਤੇ ਦੁਨੀਆਂ ਦੇ ਡਾਕਟਰਾਂ ਦੀ ਇਸ ਨਾਲ ਨਿਪਟਣ ਵਿਚ

ਅਸਮਰਥਾ ਦਾ ਖੁਲਾਸਾ ਕੀਤਾ ਹੈ। ਉਹ ਇਹ ਹੈ ਕਿ ਸਾਲਾਂ ਦੀ ਯੋਜਨਾ ਪਿੱਛੋਂ ਇਹ ਸਪੱਸ਼ਟ ਹੈ ਕਿ ਕਈ ਦੇਸ਼ਾਂ ਵਿਚ ਸਿਹਤ ਵਿਭਾਗਾਂ ਦਾ ਬੁਨਿਆਦੀ ਢਾਂਚਾ ਇੰਫੂਲੈਂਜਾ ਦੀ ਨਵੀਂ ਕਿਸਮ ਨਾਲ ਨਿਪਟਣ 'ਚ ਇਕ ਦਮ ਅਸਮਰਥ ਹੈ। ਬੀਮਾਰੀ ਦੇ ਗੁੱਝੇ ਲੱਛਣਾਂ ਦੀ ਕੋਈ ਕੈਫਿਅਤ ਨਹੀਂ ਦਿੱਤੀ ਜਾ ਸਕਦੀ। ਕਿ ਕਿਸੇ ਰੋਗੀ ਵਿਚ ਇਕ ਵੀ ਲੱਛਣ ਨਹੀਂ ਦਿਸਦਾ ਅਤੇ ਕਿਸੇ ਵਿੱਚ ਜਟਿਲਤਾ ਇਸ ਤੇਜੀ ਨਾਲ ਵਧਦੀ ਹੈ। ਕਿ ਡਾਇਰੀਆ ਇੰਫੂਲੈਂਜਾ ਦਾ ਲੱਛਣ ਬਣ ਜਾਂਦਾ ਹੈ ਅਤੇ ਕੁਝ ਹੀ ਘੰਟਿਆਂ 'ਚ ਇਹ ਉਹਨਾਂ ਰੋਗੀਆਂ ਲਈ ਜਾਨਲੇਵਾ ਹੋ ਜਾਂਦਾ ਹੈ, ਜਿਨ੍ਹਾਂ 'ਚ ਅਜੇ ਕੁਝ ਲੱਛਣ ਹੀ ਦਿਸੇ ਹਨ। ਸਰਕਾਰ 'ਤੇ ਸ਼ੁਰੂਆਤੀ ਬੋਝ ਤਾਂ ਆਰਥਕ ਹੀ ਮੰਨਿਆ ਜਾ ਰਿਹਾ ਹੈ। ਅਰਥਸ਼ਾਸਤਰ ਸਲਾਹਕਾਰ ਏਜੰਸੀ ਆਕਸਫੋਰਡ ਇਕਨਾਮਿਕਸ ਦਾ ਅਨੁਮਾਨ ਹੈ ਕਿ ਜੇ ਵੱਧ ਗਿਣਤੀ 'ਚ ਲੋਕ ਇਸ ਨਾਲ ਪ੍ਰਭਾਵਿਤ ਹੁੰਦੇ ਹਨ ਅਤੇ ਮੌਤ ਦਰ ਵਧਦੀ ਹੈ ਤਾਂ ਪ੍ਰਭਾਵਿਤ ਲੋਕਾਂ ਦੀ ਜੀ. ਡੀ. ਪੀ. 3 ਫੀਸਦੀ ਘਟ ਜਾਵੇਗਾ। ਭਾਰਤ ਸਰਕਾਰ ਨੂੰ ਹੁਣ ਨਿਗਰਾਨੀ ਵਧਾਉਣੀ ਪਵੇਗੀ। ਜਾਂਚ ਕੇਂਦਰਾਂ ਦੀ ਗਿਣਤੀ 'ਚ ਵਾਧਾ ਕਰਨਾ ਹੋਵੇਗਾ। ਜਿਲਿਆਂ ਤੇ ਸ਼ਹਿਰਾਂ 'ਚ ਡਾਕਟਰਾਂ ਨੂੰ ਸਿਖਲਾਈ ਦੇਣੀ ਹੋਵੇਗੀ। HINI ਦੇ ਇਲਾਜ ਲਈ ਟੀਕਾ ਤਿਆਰ ਕਰਨ ਦੀ ਵਿਸ਼ਵ ਵਿਆਪੀ ਦੌੜ 'ਚ ਭਾਰਤ ਵੀ ਸ਼ਾਮਲ ਹੋ ਗਿਆ ਹੈ। ਸੋਲਾਪੁਰ ਰਾਜਮਾਰਗ ਤੋਂ ਹਟ ਕੇ ਪੁਣੇ ਸਥਿਤ ਹਡਪਸਰ ਦੇ ਪੁਨਰਵਾਲਾ ਸਟੱਡ ਫਾਰਮ 'ਚ ਸੀਰਮ ਇੰਸਟੀਚਿਊਟ ਆਫ ਇੰਡੀਆ ਦਾ ਹਰਿਆ ਭਰਿਆ ਕੈਂਪਸ ਹੈ। ਜੀਵਨ ਰੱਖਿਅਕ ਦਵਾਈਆਂ ਬਣਾਉਣ ਵਾਲਾ ਇਹ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਹੈ। ਵੱਖਰੀ ਬਣੀ ਤਿੰਨ ਮੰਜਲੀ ਇਮਾਰਤ ਜਿਸ ਨੂੰ ਫਲੂ ਸੈਂਟਰਲ ਕਿਹਾ ਜਾਂਦਾ ਹੈ। ਸਰਗਰਮੀਆਂ ਨਾਲ ਗੁਲਜਾਰ ਹੈ। HINI ਟੀਕਾ ਵਿਕਸਤ ਕਰਨ ਲਈ WHO ਨੇ ਜਿਹਨਾਂ ਕੁਝ ਸੰਗਠਨਾਂ ਨੂੰ ਚੁਣਿਆ ਹੈ। ਸੀਰਮ ਉਹਨਾਂ 'ਚੋਂ ਇਕ ਹੈ। ਬੰਦ ਦਰਵਾਜਿਆਂ ਪਿਛੇ 50 ਵਿਗਿਆਨਕ ਸੁਰੱਖਿਆ ਦੇ ਕਾਲੇ ਚਸ਼ਮੇ ਗਾਊਨ ਤੇ ਦਸਤਾਨੇ ਪਹਿਨ ਕੇ ਇਕ ਵਿਸਸ਼ੇਸ਼ ਮਿਸ਼ਰਣ ਬਣਾਉਣ 'ਚ ਮਹਾਨ ਹਨ। ਅਪ ਕੇਂਦਰੀ ਮਸ਼ੀਨਾਂ ਭਰ ਭਰ ਚਲਦੀਆਂ ਹਨ। ਮਾਈਕਰੋਸਕੋਪ ਹੌਲੀ ਹੌਲੀ ਸਰਕਦਾ ਹੈ ਅਤੇ ਭਰੂਣ ਅਵਸਥਾ 'ਚ ਆ ਚੁੱਕੇ ਹਜ਼ਾਰਾਂ ਅੰਡੇ ਇਕੂੰਬੈਟਰ 'ਚ 45 ਡਿਗਰੀ ਦੇ ਕੋਣ 'ਤੇ ਘੁੰਮ ਜਾਂਦੇ ਹਨ। ਸੀਰਮ ਦੇ ਮਾਲਕ ਡਾ. ਸਾਈਰਸ ਪੁਨਾਵਾਲਾ ਅਨੁਸਾਰ "ਇਹ ਵੱਡੀ ਚਣੌਤੀ ਹੈ ਕਿ ਅਤੇ ਅਸੀਂ ਉਪਲਭਦ ਸੰਸਥਾਵਾਂ ਤੋਂ ਕਿੰਨੀ ਜਲਦੀ ਹੋ ਸਕੇ ਵੈਕਾਸੀਨ ਵਿਕਸਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ।"

ਸੀਰਮ ਦੀ ਟੀਮ ਨੇ ਮਨੁੱਖਾਂ 'ਤੇ ਪ੍ਰਯੋਗ ਨਾਲ ਜੋ ਵੈਕਸੀਨ ਤਿਆਰ ਕੀਤੀ ਹੈ ਉਹ ਉਸਦੇ ਪ੍ਰਭਾਵ ਅਤੇ ਨਿਰਾਪਦਾ ਦੀ ਜਾਂਚ ਕਰਨ ਲਈ ਤਿਆਰੀ ਕਰ ਰਹੀ ਹੈ। ਪੁਨਰਵਾਲਾ ਕਹਿੰਦੇ ਹਨ, 'ਇਹ ਪ੍ਰਯੋਗ ਸਫਲ ਰਿਹਾ ਤਾਂ ਸਾਡੇ ਪਾਸ ਉਹ ਤਕਨੀਕ ਹੋਵੇਗੀ ਜਿਸ ਨੂੰ ਵਪਾਰਕ ਵਰਤੋਂ ਲਈ ਪ੍ਰਯੋਗ 'ਚ ਲਿਆਂਦਾ ਜਾ ਸਕਦਾ ਹੈ।"

ਬੇਸ਼ੱਕ ਅਜਿਹੇ ਪ੍ਰੀਦ੍ਰਿਸ਼ ਇਹ ਆਸ਼ਾਪੂਰਨ ਵਾਅਦਾ ਲੱਗਦਾ ਹੈ ਜਿਥੇ ਕੋਈ ਨਹੀਂ ਜਾਣਦਾ ਕਿ ਲੜਾਈ ਦਾ ਸਵਰੂਪ ਕੀ ਹੋਵੇਗਾ, ਸਭ ਨੂੰ ਇਸ ਦੀ ਉਡੀਕ ਹੈ।

# ਕੀ ਮੁਸ਼ਰਫ ਦੇ ਸਿਤਾਰੇ ਗਰਦਿਸ਼ ਵਿਚ ਹਨ ਅਜਕਲ੍ਹ?

ਪਾਕਿਸਤਾਨੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਇਫਤਿਖਾਰ ਖਾਂ ਚੌਧਰੀ ਦੀ ਦੁਬਾਰਾ ਬਹਾਲੀ ਪਿਛੋਂ ਮੁਸ਼ਰਫ ਦੀ ਰਾਤਾਂ ਦੀ ਨੀਂਦ ਗਾਇਬ ਹੈ। ਅਜੇਹੇ 'ਚ ਕੀ ਉਹ ਭਜਣ ਦੀ ਫਿਰਾਕ ਵਿਚ ਹਨ? ਬੀਤੇ ਦਿਨੀ ਸਾਬਕਾ ਸੀ. ਆਈ. ਏ. ਅਧਿਕਾਰੀ ਮਾਈਕਲ ਸ਼ਿਅਰੂਰ ਦਾ ਬਿਆਨ ਆਇਆ ਕਿ ਮੌਜੂਦਾ ਸਰਕਾਰ ਦੇ ਮੁਕਾਬਲੇ ਮੁਸ਼ਰਫ ਦੀ ਹਕੂਮਤ ਵੇਲੇ ਪਾਕਿਸਤਾਨ ਵੱਧ ਸੁਰੱਖਿਅਤ ਸੀ। ਪਰ ਇਹ ਗੱਲ ਬੀਤੀ ਹੋ ਗਈ ਹੈ। ਤਾਜ਼ਾ ਹਾਲਾਤ ਇਹ ਹਨ ਕਿ ਕਦੀ ਪਾਕਿਸਤਾਨ ਦੀ ਹਕੂਮਤ 'ਤੇ ਇਕ ਤਾਨਾਸ਼ਾਹ ਵਾਂਗੂੰ ਰਾਜ ਕਰਨ ਵਾਲੇ ਪ੍ਰਵੇਜ਼ ਮੁਸ਼ੱਰਫ਼ ਖ਼ੁਦ ਹੀ ਅਸੁਰੱਖਿਆ ਮਹਿਸੂਸ ਕਰਨ ਵੇਲੇ ਪਾਕਿਸਤਾਨ ਵੱਧ ਸੁਰਖਿਅਤ ਸੀ। ਸ਼ਾਇਦ ਇਹੀ ਕਾਰਨ ਹੈ ਕਿ ਪਾਕਿਸਤਾਨੀ ਹਲਕਿਆਂ ਤੋਂ ਉਹਨਾਂ ਦੇ ਵਤਨ ਛੱਡ ਕੇ ਭੱਜਣ ਦੀਆਂ ਖਬਰਾਂ ਆ ਰਹੀਆਂ ਹਨ। ਮੁਸ਼ਰਫ ਦੇ ਸਲਾਹਕਾਰ ਉਹਨਾਂ ਨੂੰ ਦੇਸ਼ ਛੱਡ ਕੇ ਭੱਜਣ ਦੀ ਸਲਾਹ ਦੇ ਰਹੇ ਹਨ। ਦਰਅਸਲ ਸੁਪਰੀਮ ਕੋਰਟ ਦੇ ਜਸਟਿਸ ਇਫਤਿਖਾਰ ਚੌਧਰੀ ਦੇ ਬਹਾਲ ਹੋਣ ਪਿਛੋਂ ਉਹਨਾਂ ਨੂੰ ਇਹ ਡਰ ਸਤਾਉਣ ਲੱਗਿਆ ਹੈ ਕਿ ਕਦੀ ਵੀ ਉਹਨਾਂ ਨੂੰ ਹੱਤਿਆ ਤੇ ਦੇਸ਼ ਧਰੋਹ ਦੇ ਕੇਸਾਂ 'ਚ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਅਜੇਹੇ 'ਚ ਸੁਆਲ ਉਠਦਾ ਹੈ ਕਿ ਬੀਤੇ ਦਿਨਾਂ ਤਕ ਦੋਬਾਰਾ ਰਾਸ਼ਟਰਪਤੀ ਬਣਨ ਦੀ ਇੱਛਾ ਜਾਹਰ ਕਰਨ ਵਾਲੇ ਮੁਸ਼ਰਫ ਕੀ ਵਾਕਿਆ ਹੀ ਭੱਜਣ ਦੀ ਤਿਆਰੀ ਵਿਚ ਹਨ? ਅੜੀਅਲ ਰੁੱਖ ਤੇ ਮੌਕਾਪ੍ਰਸਤੀ 'ਚ ਮਾਹਿਰ ਮੁਸ਼ਰਫ ਕੋਲ ਕੀ ਵਾਕਿਆ ਹੀ ਕੋਈ ਰਾਹ ਨਹੀਂ ਬਚਿਆ ਹੈ? ਹਾਲਾਂਕਿ ਸੱਚ ਕਹੀਏ ਤਾਂ ਇਹਨੀ ਦਿਨੀਂ ਵਾਕਿਆ ਹੀ ਉਹਨਾਂ ਦੇ ਸਿਤਾਰੇ ਗਰਦਿਸ਼ ਵਿਚ ਹਨ ਕਿਉਂਕਿ ਨਾ ਤਾਂ ਹੁਣ ਉਹਨਾਂ ਨੇ ਹਕੂਮਤ ਹੈ ਤੇ ਨਾ ਹੀ ਸੱਤਾ ਦੀ ਚਾਬੀ ਦਵਾਉਣ ਵਾਲੀ ਪਾਕਿਸਤਾਨੀ ਫੌਜ। ਦੋਨੋਂ ਹੀ ਉਹਨਾਂ ਦੇ ਹੱਥਾਂ 'ਚੋਂ ਨਿਕਲ ਚੁੱਕੀਆਂ ਹਨ। ਮੁਸ਼ਰਫ ਇਸ ਕਾਰਨ ਹੁਣ ਚਾਰੇ ਪਾਸਿਆਂ ਤੋਂ ਘਿਰ ਗਏ ਹਨ। ਕਦੀ ਪਾਕਿਸਤਾਨ 'ਚ ਸਭ ਤੋਂ ਵੱਧ ਸ਼ਕਤੀਸ਼ਾਲੀ ਸਮਝੇ ਜਾਣ ਵਾਲੇ ਮੁਸ਼ੱਰਫ਼ ਦੇ ਦੁਸ਼ਮਣਾਂ 'ਚ ਸਭ ਤੋਂ ਪਹਿਲਾਂ ਨਾ ਸਾਬਕਾ ਪ੍ਰਧਾਨ ਮੰਤਰੀ ਤੇ ਪੀ ਐਮ. ਐਲ. (ਐਨ.) ਨਵਾਜ਼ ਸ਼ਰੀਫ ਦਾ ਹੈ। ਜਦ ਕਿ ਦੂਜਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਇਫਤਿਖਾਰ ਖਾਨ ਚੌਧਰੀ ਦਾ ਹੈ। ਦੋਨਾਂ ਨੂੰ ਹੀ ਅਹੁਦਿਆਂ ਤੋਂ ਲਾਹ ਕੇ ਮੁਸ਼ਰਫ ਨੇ ਆਪਣੀ ਹਕੂਮਤ ਸਮੇਂ ਸੰਕਟ ਦੇ ਬੀਜ ਬੀਜੇ ਸਨ ਜੋ ਹੁਣ ਦਰਖਤ ਬਣ ਚੁੱਕੇ ਹਨ ਤੇ ਉਹਨਾਂ ਦੀਆਂ ਟਹਿਣੀਆਂ ਉਸ ਨੂੰ ਜਕੜਨ ਲਈ ਤਿਆਰ ਹਨ। ਦਰਅਸਲ ਮੁਸ਼ਰਫ ਦੀਆਂ ਮੁਸ਼ਕਲਾਂ ਦਾ ਸਫਰ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦ ਉਹਨਾਂ ਨੇ ਨਵੰਬਰ 2007 ਵਿਚ ਚੌਧਰੀ ਸਮੇਤ ਸੁਪਰੀਮ ਕੋਰਟ ਤੇ ਹਾਈਕੋਰਟ ਦੇ ਲਗਭਗ 60 ਜੱਜਾਂ ਨੂੰ ਬਰਖਾਸਤ ਕਰ ਦਿੱਤਾ ਸੀ। ਹਾਲਾਂਕਿ ਇਸ ਪਿਛੋਂ ਮੁਸ਼ਰਫ ਨੇ ਆਪਣੀ ਇਸ ਕੁਤਾਈ ਨੂੰ ਮੰਨਿਆ ਵੀ ਸੀ ਪਰ ਤੀਰ ਉਦੋਂ ਤਕ ਕਮਾਨ 'ਚੋਂ ਨਿਕਲ ਚੁੱਕਾ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸ਼ਫ ਰਜਾ ਗਿਲਾਨੀ ਤੇ ਨਵਾਜ਼ ਸ਼ਰੀਫ ਜਿਉਂ ਜਿਉਂ ਗਹਿਰੇ ਹੁੰਦੇ ਜਾ ਰਹੇ ਹਨ। ਜਦ ਕਿ ਸੁਪਰੀਮ ਕੋਰਟ ਜਸਟਿਸ ਇਫਤਿਖਾਰ ਖਾਂ ਚੌਧਰੀ ਨੇ ਤਾਂ ਮੁਸ਼ਰਫ ਨਾਲ ਜੁੜੇ ਦੋਸ਼ਾਂ ਦੀ ਫਾਇਲਾਂ ਗਰਦ ਝੜਵਾ ਕੇ ਉਹਨਾਂ ਨੂੰ ਦੁਬਾਰਾ ਖੁਲਵਾਉਣਾ ਵੀ ਸ਼ੁਰੂ ਕਰ ਦਿੱਤਾ ਹੈ। ਇਸ ਲੜੀ ਵਿਚ ਪਾਕਿਸਤਾਨ ਦੀ ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕਰਕੇ ਸਰਕਾਰ ਨੂੰ ਇਹ ਨਿਰਦੇਸ਼ ਦੇਣ ਦਾ ਫੈਸਲਾ ਲਿਆ ਕਿ ਪ੍ਰਵੇਜ਼ ਮੁਸ਼ਰਫ ਨੂੰ ਉਨ੍ਹਾਂ ਲੋਕਾਂ ਦੀ ਸੂਚੀ 'ਚ ਪਾ ਦਿੱਤਾ ਜਾਵੇ। ਜਿਸ ਤੇ ਵਿਦੇਸ਼ੀ ਸਫਰ ਕਰਨ ਦੀ ਪਾਬੰਦੀ ਹੈ। ਤਾਰਿਕ ਅਸਨ ਨਾਮਕ ਇਕ ਵਕੀਲ ਨੇ

ਇਹ ਪਟੀਸ਼ਨ 20 ਮਾਰਚ ਨੂੰ ਅਕਮਲ ਸਲੀਮੀ ਵਲੋਂ ਦਾਖਲ ਕੀਤੀ। ਜਿਸ ਵਿਚ ਉਹਨਾਂ ਨੇ ਪਾਕਿਸਤਾਨ ਦੀ ਪਾਕਿਸਤਾਨੀ ਸੁਪਰੀਮ ਕੋਰਟ ਤੋਂ ਗ੍ਰਹਿ ਮੰਤਰਾਲੇ ਨੂੰ ਨਿਰਦੇਸ਼ ਦੇਣ ਦੀ ਗੁਜਾਰਿਸ਼ ਕੀਤੀ ਹੈ ਕਿ ਉਹ ਮੁਸ਼ਰਫ ਦਾ ਨਾਂ ਸਫਰ ਕੰਟਰੋਲ ਸੂਚੀ ਵਿਚ ਪਾ ਦੇਣ ਤਾਂ ਕਿ ਮੁਸ਼ਰਫ ਪਾਕਿਸਤਾਨ ਛੱਡ ਕੇ ਭੱਜ ਨਾ ਸਕੇ ਅਤੇ ਉਹਨਾਂ ਤੇ ਕਤਲ ਤੇ ਘੋਰ ਦੇਸ਼ ਧ੍ਰੋਹ ਕਰਨ ਵਰਗੇ ਅਪਰਾਧਾਂ ਸੰਬੰਧੀ ਮੁਕਦਮਾ ਚਲਾਇਆ ਜਾ ਸਕੇ। ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਦੇਸ਼ ਧਰੋਹ ਦਾ ਦੋਸ਼ ਸਿੱਧ ਹੋਣ 'ਤੇ ਉਹਨਾਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ। ਭਾਵੇਂ ਕਿ ਮੁਸ਼ਰਫ ਦੀ ਜਾਨ ਨੂੰ ਖਤਰਾ ਉਹਨਾਂ ਕੱਟੜ ਪੰਥੀਆਂ ਤੋਂ ਵੀ ਹੈ ਜੋ ਲਾਲ ਮਸਜਿਦ ਕਾਂਡ ਸੰਬੰਧੀ ਅੱਜ ਤੱਕ ਨਾਰਾਜ਼ ਹਨ। ਧਿਆਨ ਦੇਣ ਯੋਗ ਹੈ ਕਿ ਹੁਣ ਤਕ ਉਹਨਾਂ 'ਤੇ ਤਿੰਨ ਦਹਿਸ਼ਤਗਰਦ ਹਮਲੇ ਹੋ ਚੁੱਕੇ ਹਨ। ਕੋਰਟ 'ਚ ਪਾਈ ਅਪੀਲ ਵਿਚ ਵੀ ਮੁਸ਼ਰਫ ਨੂੰ ਇਸਲਾਮਾਬਾਦ ਦੀ ਲਾਲ ਮਸਜਿਦ ਮੁਹਿੰਮ 'ਚ ਬੇਕਸੂਰ ਲੋਕਾਂ ਨੂੰ ਮਰਵਾਉਣ ਲਈ ਜੁੰਮੇਵਾਰ ਠਹਿਰਾਇਆ ਗਿਆ ਹੈ।

ਦਰਅਸਲ ਪਾਕਿਸਤਾਨ ਸੁਪਰੀਮ ਕੋਰਟ ਦੇ ਮੁਖ ਜੱਜ ਦੇ ਅਹੁਦੇ 'ਤੇ ਜਸਟਿਸ ਇਫਤਖਾਰ ਮੁਹੰਮਦ ਚੌਧਰੀ ਦੀ ਫਿਰ ਤੋਂ ਬਹਾਲੀ ਨੇ ਰਾਸ਼ਟਰਪਤੀ ਆਸਿਫ ਅਲੀ ਜਰਦਾਰੀ ਤੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ਰਫ ਦੋਨਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਆਸਿਫ ਅਲੀ ਜਰਦਾਰੀ ਨੂੰ ਨੈਸ਼ਨਲ ਰੀਕਾਂ ਸਿਲੇਸ਼ਨ ਆਰਡੀਨੈਂਸ NRO ਦੀ ਸਮੀਖਿਆ ਦਾ ਡਰ ਸਤਾ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਇਸ ਨੂੰ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ਰਫ ਨੇ 2007 'ਚ ਲਾਗੂ ਕੀਤਾ ਸੀ ਤੇ ਇਸ ਤਹਿਤ ਜ਼ਰਦਾਰੀ ਤੇ ਸਾਬਕਾ ਪ੍ਰਧਾਨ ਮੰਤਰੀ ਮਹਿਰੂਮ ਬੇਨਜ਼ੀਰ ਭੂਟੋ ਨੂੰ ਭਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਸੀ। ਇਸ ਕਨੂੰਨ ਦੇ ਤਹਿਤ ਬਣਵਾਸ ਝੱਲ ਰਹੇ ਜਰਦਾਰੀ ਤੇ ਭੁਟੋ ਦੀ ਵਾਪਸੀ ਵੀ ਹੋਈ ਸੀ। ਜਦ ਕਿ ਮੁਸ਼ਰਫ ਨੂੰ 3 ਨਵੰਬਰ 2007 ਨੂੰ ਦੇਸ਼ ਵਿਚ ਦੇਸ਼ 'ਚ ਐਲਾਨੀ ਗਈ ਐਮਰਜੰਸੀ ਦੇ ਫੈਸਲੇ ਦੀ ਸਮੀਖਿਆ ਦਾ ਵੀ ਡਰ ਸਤਾ ਰਿਹਾ ਹੈ। ਹਾਲਾਂਕਿ ਪਾਕਿਸਤਾਨ ਦੀ ਸੁਪਰੀਮ ਕੋਰਟ ਸ਼ਰੀਫ ਭਰਾਵਾਂ ਨੂੰ ਵੀ ਬਖਸ਼ਣ ਦੇ ਮੂਡ ਵਿਚ ਨਹੀਂ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਦੇ ਤਿੰਨ ਮੈਂਬਰ ਬੈਂਚ ਨੇ ਇਕ ਫੈਸਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਇਮਾਨਦਾਰੀ 'ਤੇ ਸੁਆਲੀਆ ਚਿੰਨ ਲਾਏ। ਕੋਰਟ ਨੇ ਸਪੱਸ਼ਟ ਕਿਹਾ ਹੈ ਕਿ ਨਵਾਜ਼ ਸਰੀਫ ਨਿਆਂ ਸੰਗਤ ਦੂਰਦਰਸ਼ੀ ਤੇ ਇਮਾਨਦਾਰ ਇਨਸਾਨ ਨਹੀਂ ਹਨ ਕਿਉਂਕਿ ਉਹਨਾਂ ਨੂੰ ਜੁਆਬ ਦੇਹੀ ਤੇ ਭਰਿਸ਼ਟਾਚਾਰ ਵਿਰੋਧੀ ਅਦਾਲਤ ਵਲੋਂ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਨੇ ਸਖਤ ਰੁਖ ਅਪਣਾਉਂਦਿਆਂ ਇਹ ਵੀ ਸਪਸ਼ਟ ਕੀਤਾ ਹੈ ਕਿ ਭਲੇ ਹੀ ਪਾਕਿਸਤਾਨ ਦੇ ਰਾਸ਼ਟਰਪਤੀ ਨੇ ਸਵਿਧਾਨ ਦੀ ਧਾਰਾ 45 ਦੇ ਤਹਿਤ ਉਹਨਾਂ ਨੂੰ ਮੁਆਫ ਕਰ ਦਿੱਤਾ ਹੋਵੇ ਪਰ ਦੋਸ਼ ਅਜੇ ਵੀ ਜਿਉਂ ਦਾ ਤਿਉਂ ਹੈ। ਨਾਲ ਹੀ ਕਿਸੇ ਸਿਧਰ ਜਾਂ ਸਮਰਥ ਅਦਾਲਤ ਨੇ ਉਹਨਾਂ ਨੂੰ ਨਕਾਰਿਆ ਨਹੀਂ ਹੈ। ਇਸ ਲਈ ਸਜਾ ਤੇ ਅਯੋਗਤਾ ਬਣੀ ਰਹੇਗੀ। ਮੌਜੂਦਾ ਹਾਲਤ ਵਿਚ ਮੁਸ਼ਰਫ ਦੀ ਗੱਲ ਕਰੀਏ ਤਾਂ ਕੀ ਪਾਕਿਸਤਾਨ ਛੱਡ ਕੇ ਭੱਜਣਾ ਹੀ ਉਹਨਾਂ ਲਈ ਆਖਰੀ ਬਦਲ ਹੈ। ਉਹ ਸਾਉਦੀ ਅਰਬ ਦੀ ਸ਼ਰਨ ਲੈ ਸਕਦੇ ਹਨ। ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਸਾਊਦੀ ਅਰਬ ਦੀ ਹਮੇਸ਼ਾ ਤੋਂ ਘੁਸਪੈਠ ਰਹੀ ਹੈ। ਨਵਾਜ ਸ਼ਰੀਫ ਮਾਮਲੇ ਵਿਚ ਵੀ ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਨੇ ਦਖਲ ਦੇ ਕੇ ਹੱਲ ਕੱਢਿਆ ਸੀ।

# ਦੇਸ਼ ਦੀਆਂ 196 ਭਾਸ਼ਾਵਾਂ ਦੀ ਦਸ਼ਾ ਤੇ ਦਿਸ਼ਾ

2008 ਦੀ ਜਨਵਰੀ 21 ਨੂੰ ਮੇਰੀ ਸਿਮਥ ਜੋਹਨਸ ਦੀ ਮੌਤ ਹੋ ਗਈ। ਉਹ ਅਮਰੀਕਾ ਦੇ ਅਲਾਸਕਾ ਖੇਤਰ ਦੀ ਭਾਰਤੀ ਮੂਲ ਦੀ ਬੇਹੱਦ ਮਾਮੂਲੀ ਆਦੀਵਾਸੀ ਔਰਤ ਸੀ ਝਾਰਖੰਡ ਦੀ ਰਾਜਧਾਨੀ ਰਾਂਚੀ ਦੇ ਨੇੜੇ ਗਏ ਅਨਗੜਾ ਦੂਰਸਥ ਨੇਤਰਹਾਟ ਜਾਂ ਫਿਰ ਸੁਦੂਰ ਰਾਜ ਮਹਿਲ ਦੀਆਂ ਪਹਾੜੀਆਂ ਵਿਚ ਨਿਵਾਸ ਕਰਨ ਵਾਲੇ ਬਿਰਹੋਰ, ਅਸੁਰ ਜਾਂ ਪਹਾੜਿਆ ਆਦਮ ਆਦਿਵਾਸੀ ਸਮੂਹਾਂ ਦੀ ਇਕ ਮੈਂਬਰ ਵਰਗੀ। ਕੌਮੀ-ਕੌਮਾਂਤਰੀ ਕੋਈ ਵੀ ਸਨਮਾਨ, ਪੁਰਸਕਾਰ ਜਾਂ ਅਜੀਬ ਕਾਰਨਾਮਾ ਉਨ੍ਹਾਂ ਦੇ ਨਾਂ ਦਰਜ ਨਹੀਂ ਸੀ ਜਿਸ ਲਈ ਸਿਮਥ ਨੂੰ ਯਾਦ ਕੀਤਾ ਜਾਣਾ ਜ਼ਰੂਰੀ ਹੁੰਦਾ। ਪਰ 14 ਮਈ 1918 ਨੂੰ ਜਨਮ ਸਿਮਥ ਜਦ 21 ਜਨਵਰੀ ਦੇ ਦਿਨ ਆਖ਼ਰੀ ਸਾਹ ਲੈ ਰਹੀ ਸੀ ਤਦ ਪੂਰੀ ਦੁਨੀਆਂ ਦੀਆਂ ਨਜ਼ਰਾਂ ਉਨ੍ਹਾਂ 'ਤੇ ਲੱਗੀਆਂ ਹੋਈਆਂ ਸਨ ਕਿਉਂਕਿ ਉਹ ਸਾਊਥ ਸੈਂਟਰਲ ਅਲਾਸਕਾ (ਅਮਰੀਕਾ) ਦੇ ਕੋਦੋਵਾ ਖੇਤਰ ਦੇ ਇਯਾਕ ਆਦੀਵਾਸੀ ਫਿਰਕੇ ਦੀ ਆਖਰੀ ਔਰਤ ਸੀ, ਜੋ ਆਪਣੀ ਮਾਤ ਭਾਸ਼ਾ 'ਇਯਾਕ' ਬੋਲਣਾ ਜਾਣਦੀ ਸੀ। ਦੁਨੀਆ ਦੀ 6000 ਭਾਸ਼ਾਵਾਂ 'ਚੋਂ ਇੱਕ 'ਇਯਾਕ ਦਾ ਵਜੂਦ 21 ਜਨਵਰੀ 2009 ਨੂੰ ਸਿਮਥ ਦੀ ਮੌਤ ਦੇ ਨਾਲ ਹੀ ਇਸ ਦੁਨੀਆ ਤੋਂ ਸਦਾ-ਸਦਾ ਲਈ ਖ਼ਤਮ ਹੋ ਗਿਆ। ਇੱਕੀਵੀਂ ਸਦੀ 'ਚ ਭਾਸ਼ਾਵਾਂ ਦੇ ਮਰਨ ਦੀ ਇਹ ਇਕੱਲੀ ਕਹਾਣੀ ਨਹੀਂ ਹੈ। ਵੀਹਵੀਂ ਸਦੀ ਦੇ ਬਸਤੀਵਾਦੀ ਤੇ ਉਤਰ-ਬਸਤੀਵਾਦੀ ਦਿਨਾਂ 'ਚ ਦੁਨੀਆਂ ਤੋਂ ਸੈਂਕੜੇ ਭਾਸ਼ਾਵਾਂ ਅਲੋਪ ਹੋਈਆਂ ਹਨ। ਮੇਰੀ ਸਿਮਥ ਜੋਸ ਦਾ ਜਿਕਰ ਸਿਰਫ ਇਸ ਲਈ ਮਹੱਤਵਪੂਰਨ ਹੈ ਕਿ ਇਹ ਕਿਸੇ ਭਾਸ਼ਾ ਦੇ ਮਰਨ ਦੀ ਸਭ ਤੋਂ ਤਾਜ਼ੀ ਘਟਨਾ ਹੈ।

ਇਸ ਪ੍ਰਸੰਗ 'ਚ ਹੁਣ ਤੱਕ ਇਕ ਦੂਜਾ ਪ੍ਰਸੰਗ ਅਜੇ ਕੁਝ ਦਿਨ ਪਹਿਲਾਂ ਨਵੇਂ ਬਣੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਜਦ 15 ਫਰਵਰੀ 2009 ਨੂੰ ਰਾਜਸੀ ਅਹੁਦਿਆਂ ਦੀ ਵੰਡ ਕਰਨ ਸਬੰਧੀ ਭਾਰਤੀ ਮੂਲ ਦੀਆਂ 20 ਭਾਸ਼ਾਵਾਂ ਦੀ ਚਰਚਾ ਕੀਤੀ, ਤਾਂ ਖਾਸ ਕਰਕੇ ਭਾਰਤ 'ਚ ਉਨ੍ਹਾਂ ਦੇ ਬਿਆਨ ਸਬੰਧੀ ਮੀਡੀਆ ਨੇ ਕਾਫੀ ਸਿਆਪਾ ਕੀਤਾ। ਕੇਂਦਰ ਤੇ ਰਾਜ ਸਰਕਾਰਾਂ ਨੂੰ ਲਾਹਨਤਾਂ ਪਾਈਆਂ। ਅਖਬਾਰਾਂ 'ਚ 'ਲੋਕ ਭਾਸ਼ਾਵਾਂ ਦੀ ਅਣਦੇਖੀ' ਸਬੰਧੀ ਸੰਪਾਦਕੀ ਲਿਖੇ ਗਏ ਅਤੇ ਸਮਾਚਾਰ ਚੈਨਲਾਂ ਵਿਚ ਕੌਮਾਂਤਰੀ ਸਾਲ 2005 ਦੇ ਅੰਤ ਮੌਕੇ 'ਖਤਰੇ 'ਚ ਪਈ ਦੁਨੀਆਂ ਦੀਆਂ ਮਾਤ ਭਾਸ਼ਾਵਾਂ 2009' ਰਿਪੋਟ ਤੇ ਆਨਲਾਈਨ ਮਾਨ ਚਿਤਰ ਜਾਰੀ ਕੀਤਾ ਤਾਂ ਮੀਡੀਆ ਨੇ ਕੋਈ ਨੋਟਿਸ ਨਹੀਂ ਲਿਆ। ਇਹ ਹੈਰਾਨੀ ਇਸ ਲਈ ਵੀ ਕਿ ਯੂਨੇਸਕੋ ਨੇ ਇਸ ਰਿਪੋਰਟ 'ਚ ਭਾਰਤ ਦੀਆਂ 196 ਭਾਸ਼ਾਵਾਂ ਦਾ ਜ਼ਿਕਰ ਹੈ ਜਿਨ੍ਹਾਂ ਦੀ ਹੋਂਦ ਖਤਰੇ ਵਿਚ ਹੈ। ਇਨ੍ਹਾਂ 'ਚੋਂ ਅੱਠ ਭਾਸ਼ਾਵਾਂ (ਜੇ ਅੰਗਿਕਾ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ 9) ਝਾਰਖੰਡ ਦੀਆਂ ਹਨ। ਓਬਾਮਾ ਨੇ ਤਾਂ ਸਿਰਫ 20 ਭਾਰਤੀ ਭਾਸ਼ਾਵਾਂ ਦੀ ਹੀ ਚਰਚਾ ਕੀਤੀ ਸੀ, ਫਿਰ ਵੀ ਮੀਡੀਆ ਨੇ ਉਸ ਨੂੰ ਪ੍ਰਮੁੱਖਤਾ ਨਾਲ ਲਿਆ, ਪਰ ਜਦ ਯੁਨੇਸਕੋ ਨੇ 196 ਭਾਸ਼ਾਵਾਂ ਦੀ ਸੂਚੀ ਰੱਖੀ ਤਾਂ ਸਭ ਨੇ ਅੱਖਾਂ-ਕੰਨ-ਮੂੰਹ ਬੰਦ ਕਰ ਲਏ ਕਿਉਂਕਿ ਇਨ੍ਹਾਂ 'ਚੋਂ ਦੋ ਚਾਰ ਨੂੰ ਛੱਡ ਕੇ ਸਭ ਆਦੀਵਾਸੀ

ਭਾਸ਼ਾਵਾਂ ਹਨ ਅਤੇ ਇਨ੍ਹਾਂ ਸਾਰਿਆਂ ਦੀ ਹਾਲਤ ਉਨ੍ਹਾਂ ਭਾਸ਼ਾਵਾਂ ਨੇ ਕੀਤੀ ਹੈ ਜਿਨ੍ਹਾਂ ਦੀ ਗੱਲ ਬਰਾਕ ਓਬਾਮਾ ਨੇ ਕੀਤੀ ਹੈ। ਮੀਡੀਆ ਦੇ ਇਸ ਦੋਗਲੇਪਣ 'ਤੇ ਸੁਆਲ ਉਠਾਉਣਾ ਵਾਜਬ ਹੈ ਪਰ ਝਾਰਖੰਡ ਵਿਚ ਕਰਦੇ ਸਭਿਆਚਾਰਕ ਕਾਮਿਆਂ ਨੂੰ ਮੀਡੀਆ ਦੇ ਇਸ ਰੁਖ 'ਤੇ ਕੋਈ ਹੈਰਤ ਵੀ ਨਹੀਂ ਹੁੰਦੀ। ਦਰਅਸਲ ਮੈਥਿਲੀ ਤੇ ਭੋਜਪੁਰੀ ਭਾਸ਼ੀ ਲੋਕ ਮੀਡੀਆ 'ਚ ਛਾਏ ਹੋਏ ਹਨ ਅਤੇ ਉਹ ਜਿਸ ਜਮਾਤ ਜਾਂ ਫਿਰਕੇ ਤੋਂ ਆਉਂਦੇ ਹਨ, ਉਨ੍ਹਾਂ ਦਾ ਹਿੱਤ ਪੂਰਦੇ ਹਨ, ਇਹ ਗੱਲ ਜੱਗ ਜ਼ਾਹਿਰ ਹੈ। ਫਿਰ ਵੀ ਸਵਾਲ ਉੱਠਣਾ ਲਾਜ਼ਮੀ ਹੈ ਕਿਉਂਕਿ ਇਹ ਸੂਚਨਾ ਲੈਣ-ਦੇਣ ਦੀ ਪ੍ਰੋਫੈਸ਼ਨਲ ਇਮਾਨਦਾਰੀ ਤੇ ਪਾਰਦਰਸ਼ਤਾ ਦਾ ਮੁੱਦਾ ਹੈ। ਜ਼ਿਕਰਯੋਗ ਹੈ ਕਿ ਭਾਰਤ 'ਚ ਲੱਗਭਗ 1650 ਭਾਸ਼ਾਵਾਂ ਅਤੇ ਬੋਲੀਆਂ ਹਨ। ਇਨ੍ਹਾਂ ਵਿਚੋਂ 400 ਭਾਸ਼ਾਵਾਂ ਦੀ ਰੋਜ਼ਾਨਾ ਜ਼ਿੰਦਗੀ 'ਚ ਧੜੱਲੇ ਨਾਲ ਵਰਤੋਂ ਹੁੰਦੀ ਹੈ। ਸੰਵਿਧਾਨਿਕ ਨਜ਼ਰੀਏ ਨਾਲ ਦੇਸ਼ ਦੀਆਂ ਸਿਰਫ਼ 22 ਭਾਸ਼ਾਵਾਂ ਨੂੰ ਹੀ ਮਾਨਤਾ ਹਾਸਲ ਹੈ ਅਤੇ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿਚ ਸ਼ਾਮਲ 22 ਭਾਸ਼ਾਵਾਂ ਵਿਚੋਂ ਸਿਰਫ਼ ਦੋ ਹੀ ਭਾਸ਼ਾਵਾਂ ਆਦੀਵਾਸੀ ਹਨ - ਸੰਤਾਲੀ ਤੇ ਬੋਡੋ। ਆਂਸ਼ਿਕ ਤੇ ਪੂਰਣਰਪੇਣ 60 ਭਾਰਤੀ ਭਾਸ਼ਾਵਾਂ (ਜਿਨ੍ਹਾਂ ਵਿਚੋਂ 11 ਆਦੀਵਾਸੀ ਭਾਸ਼ਾਵਾਂ ਹਨ) ਦੀ ਪੜ੍ਹਾਈ ਫਿਲਹਾਲ ਸਕੂਲਾਂ ਵਿਚ ਹੋ ਰਹੀ ਹੈ। ਇਸ ਸਮੇਂ ਦੇਸ਼ ਵਿਚ 664,041 ਪ੍ਰਾਇਮਰੀ 219,624 ਅੱਪਰ ਪ੍ਰਾਇਮਰੀ ਤੇ 133,492 ਸੈਕੰਡਰੀ ਸਕੂਲ ਹਨ। 297 ਯੂਨੀਵਰਸਿਟੀਆਂ ਹਨ ਅਤੇ 8737 ਵੈਸੇ ਸਿੱਖਿਆ ਅਦਾਰੇ ਹਨ ਜਿੱਥੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਭਾਰਤ 'ਚ 2409 ਪ੍ਰੋਫੈਸ਼ਨਲ ਸਿੱਖਿਆ ਅਦਾਰੇ ਹਨ। ਇਨ੍ਹਾਂ ਸਾਰੇ ਸਿੱਖਿਆ ਅਦਾਰਿਆਂ 'ਚ ਸਕੂਲ ਪੱਧਰ ਤੱਕ ਹਿੰਦੀ ਜਾਂ ਸਮਰਥ ਖੇਤਰੀ ਭਾਸ਼ਾ (ਜਿਵੇਂ ਬੰਗਲਾ, ਉੜੀਸਾ ਆਦਿ) ਯੂਨੀਵਰਸਿਟੀ ਪੱਧਰ ਤੱਕ ਹਿੰਦੀ ਤੇ ਅੰਗਰੇਜ਼ੀ ਤੇ ਉਚਤਰ ਤੇ ਪ੍ਰੋਫੈਸ਼ਨਲਸ ਪੱਧਰ ਤੱਕ ਅੰਗਰੇਜ਼ੀ ਭਾਸ਼ਾ ਸਿੱਖਿਆ ਦਾ ਮੁੱਖ ਮਾਧਿਅਮ ਹੈ ਝਾਰਖੰਡ ਵਿਚ ਪ੍ਰਾਇਮਰੀ ਤੋਂ ਲੈ ਕੇ ਸੈਕੰਡਰੀ ਤੱਕ ਦੇ 21386 ਸਕੂਲ ਹਨ ਜਦ ਕਿ ਪੰਜ ਯੂਨੀਵਰਸਿਟੀਆਂ ਤੇ ਕਰੀਬ 20 ਪ੍ਰੋਫੈਸ਼ਨਲਸ ਉਚਤਰ ਸਿੱਖਿਆ ਅਦਾਰੇ ਹਨ। 1947 ਪਿੱਛੋਂ ਦੇਸ਼ 'ਚ ਲੰਬੇ ਸੰਘਰਸ਼ ਪਿੱਛੋਂ ਵੀ ਅਜੇ ਤੱਕ ਕੁੱਝ ਹੀ ਸਕੂਲਾਂ ਵਿਚ ਪ੍ਰਾਇਮਰੀ ਪੱਧਰ 'ਤੇ ਝਾਰਖੰਡੀ ਭਾਸ਼ਾਵਾਂ ਵਿਚ ਪੜ੍ਹਾਈ ਦੀ ਵਿਵਸਥਾ ਹੋ ਸਕੀ ਹੈ। ਇਸ ਤਰ੍ਹਾਂ ਝਾਰਖੰਡ ਵਿਚ ਵੀ ਸਿੱਖਿਆ ਦਾ ਮਾਧਿਅਮ ਹਿੰਦੀ ਤੇ ਅੰਗਰੇਜ਼ੀ ਹੀ ਹੈ। ਇਹ ਅੱਛੀ ਗੱਲ ਹੈ ਕਿ ਪਹਿਲੇ ਅਣਚੇਤ ਅਮਰੀਕੀ ਰਾਸ਼ਟਰਪਤੀ ਨੇ ਇਕ ਵਾਰੀ ਫਿਰ ਦੁਨੀਆਂ ਦਾ ਧਿਆਨ ਲੋਕ ਭਾਸ਼ਾਵਾਂ ਵੱਲ ਖਿੱਚਿਆ ਹੈ। ਪਰ ਓਬਾਮਾ ਦੇ ਬਿਆਨ ਤੋਂ ਵੱਧ ਜ਼ਰੂਰੀ ਹੈ ਯੂਨੇਸਕੋ ਦੀ ਭਾਸ਼ਾਈ ਰਿਪੋਰਟ 2009 'ਤੇ ਚਰਚਾ ਕਰਨਾ। 20 ਜਨਵਰੀ 2009 ਨੂੰ ਜਾਰੀ ਇਸ ਰਿਪੋਰਟ ਵਿਚ ਦੁਨੀਆਂ ਭਰ ਦੀਆਂ ਲਗਭਗ 2500 ਭਾਸ਼ਾਵਾਂ ਦਾ ਪੂਰਾ ਬਿਉਰਾ ਦਿੱਤਾ ਗਿਆ ਹੈ। ਇਹ ਭਾਸ਼ਾਵਾਂ ਇੱਕਵੀਂ ਸਦੀ ਦੇ ਅੰਤ ਤੱਕ ਖਤਮ ਹੋ ਜਾਣ ਵਾਲੀਆਂ ਹਨ। ਇਨ੍ਹਾਂ 'ਚ ਭਾਰਤ ਦੀਆਂ 196 ਅਤੇ ਝਾਰਖੰਡ ਦੀਆਂ ਅੱਠ ਭਾਸ਼ਾਵਾਂ ਸ਼ਾਮਲ ਹਨ। ਯੂਨੇਸਕੋ ਨੇ ਇਸ ਭਾਸ਼ਾਈ ਖਤਰੇ ਨੂੰ ਪੰਜ ਵਰਗਾਂ 'ਚ ਰੱਖਿਆ ਹੈ। ਪਹਿਲੇ ਵਰਗ ਵਿਚ ਉਹ ਭਾਸ਼ਾਵਾਂ ਹਨ ਜਿਨ੍ਹਾਂ ਨੂੰ ਅੱਜ ਦੀ ਪੀੜ੍ਹੀ ਬੋਲਚਾਲ ਨਹੀਂ ਵਰਤਦੀ। ਕਦੀ-ਕਦਾਈ ਜ਼ੋਰ ਦੇਣ 'ਤੇ ਘਰ ਵਿਚ ਬੋਲ ਲੈਂਦੇ ਹਨ। ਦੂਜੀ ਸ਼੍ਰੇਣੀ 'ਚ ਉਹ ਭਾਸ਼ਾਵਾਂ ਆਉਂਦੀਆਂ ਹਨ ਜਿਨ੍ਹਾਂ ਨੂੰ ਨਵੀਂ ਪੀੜ੍ਹੀ ਮਾਤ ਭਾਸ਼ਾ

ਵਜੋਂ ਨਹੀਂ ਅਪਣਾ ਰਹੀ ਹੈ। ਤੀਜੀ ਸ਼੍ਰੇਣੀ ਦੀਆਂ ਭਾਸ਼ਾਵਾਂ ਨੂੰ ਸਿਰਫ ਦਾਦਾ-ਨਾਨੀ ਬੋਲਦੇ ਹਨ, ਮਾਤਾ-ਪਿਤਾ ਸਮਝਦੇ ਹਨ ਪਰ ਨਵੀਂ ਪੀੜ੍ਹੀ ਬਿਲਕੁਲ ਨਹੀਂ ਜਾਣਦੀ। ਚੌਥੀ ਸ਼੍ਰੇਣੀ ਦੀਆਂ ਭਾਸ਼ਾਵਾਂ ਨੂੰ ਦਾਦਾ-ਨਾਨੀ ਤਾਂ ਸਮਝਦੇ ਹਨ ਪਰ ਧਾਰਾ ਪ੍ਰਵਾਹ ਨਹੀਂ ਬੋਲ ਸਕਦੇ। ਮਾਤਾ-ਪਿਤਾ ਨੂੰ ਜਦਕਿ ਉਨ੍ਹਾਂ ਦੀ ਮਾਤ-ਭਾਸ਼ਾ ਆਉਂਦੀ ਹੀ ਨਹੀਂ ਪੰਜਵੀਂ ਤੇ ਅੰਤਿਮ ਸ਼੍ਰੇਣੀ 'ਚ ਉਹ ਭਾਸ਼ਾਵਾਂ ਹਨ ਜਿਨ੍ਹਾਂ ਨੇ 1950 ਦੇ ਪਿੱਛੋਂ ਤੋਂ ਹੀ ਬੋਲਣਵਾਲੇ ਇੱਕ-ਦੁੱਕੇ ਹਨ ਜਾਂ ਫਿਰ ਸ਼ਾਇਦ ਕੋਈ ਨਹੀਂ ਬਚਿਆ ਹੈ ਪਹਿਲੀ ਸ੍ਰੇਣੀ 'ਚ ਭਾਰਤ ਦੀਆਂ 84, ਜਿਨ੍ਹਾਂ 'ਚ ਝਾਰਖੰਡ ਦੀਆਂ ਪੰਜ, ਦੂਜੀ ਸ੍ਰੇਣੀ 'ਚ 62 ਜਿਸ 'ਚ ਝਾਰਖੰਡ ਦੀਆਂ ਦੋ (ਅਸੂਰੀ ਤੇ ਮਲਤੋ) ਤੀਜੀ ਸ਼੍ਰੇਣੀ 'ਚ ਛੇ ਚੌਥੀ ਸ੍ਰੇਣੀ 'ਚ 35 ਜਿਸ 'ਚ ਝਾਰਖੰਡ ਦੀ ਇਕ (ਬਿਰਹੋਰੀ) ਅਤੇ ਪੰਜਵੀਂ ਸ਼੍ਰੇਣੀ 'ਚ ਕੁਲ 9 ਭਾਸ਼ਾਵਾਂ (ਅੰਡੇਮਾਨ ਤੇ ਉੱਤਰ ਪੂਰਬ ਦੀਆਂ) ਹਨ। ਆਦੀਵਾਸੀ ਭਾਸ਼ਾਵਾਂ ਨਾਲ ਦੁਨੀਆਂ ਦਾ ਰਵੱਈਆ ਹਮੇਸ਼ਾ ਤੋਂ ਭੇਦ ਭਾਵਪੂਰਨ ਰਿਹਾ ਹੈ। ਆਦੀਵਾਸੀ ਖੇਤਰਾਂ 'ਚ ਮੁਹੱਈਆ ਸਾਧਨਾਂ ਦੀ ਲੁੱਟ ਲਈ ਰਾਜਸੀ ਤੇ ਸਭਿਆਚਾਰਕ ਤੌਰ 'ਤੇ ਉਨ੍ਹਾਂ ਦੀਆਂ ਭਾਸ਼ਾਵਾਂ 'ਤੇ ਹਮਲੇ ਕੀਤੇ ਗਏ। ਸੱਤਾ ਅਤੇ ਤਾਕਤ ਦੇ ਜ਼ੋਰ 'ਤੇ ਅਜਿਹੀਆਂ ਹਾਲਤਾਂ ਉਸਾਰੀਆਂ ਗਈਆਂ ਕਿ ਆਦੀਵਾਸੀ ਸਮਾਜ ਆਪਣੀਆਂ ਭਾਸ਼ਾਵਾਂ ਤੋਂ ਬੇਮੁੱਖ ਹੋ ਜਾਣ, ਇਸ ਲਈ ਬਾਹਰੀ ਸਭਿਆਚਾਰਕ ਨੂੰ ਜਬਰੀ ਉਨ੍ਹਾਂ 'ਤੇ ਲੱਦ ਦਿੱਤਾ ਗਿਆ। ਕੌਮੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਨ ਦੇ ਨਾਂ 'ਤੇ ਸਿੱਖਿਆ ਦੇ ਦਾਇਰੇ ਤੋਂ ਆਦੀਵਾਸੀ ਭਾਸ਼ਾਵਾਂ ਨੂੰ ਬਾਹਰ ਹੀ ਰੱਖਿਆ ਗਿਆ। ਉਨ੍ਹਾਂ ਨੇ ਉਨ੍ਹਾਂ ਦੇ ਰਵਾਇਤੀ ਸਮਾਜ ਵਿਵਸਥਾ ਤੋਂ ਤਾਂ ਬੇਦਖਲ ਕੀਤਾ ਗਿਆ ਹੀ, ਲੁੱਟ ਦੇ ਸਭ ਅੰਗਾਂ, ਉਪਾਗਾਂ ਤੇ ਸੰਸਥਾਵਾਂ 'ਚ ਵੀ ਦਾਖ਼ਲੇ ਨੂੰ ਰੋਕ ਦਿੱਤਾ ਗਿਆ। ਬੇਦਖ਼ਲੀ ਤੇ ਸਾਜ਼ਿਸ਼ ਦਾ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਜੇ ਦੁਨੀਆਂ ਦਾ ਸਭ ਤੋਂ ਵੱਡਾ 'ਲੋਕ ਰਾਜ' ਤੇ ਉਸ ਦਾ ਮੀਡੀਆ ਦੇਸ਼ ਦੀਆਂ 196 ਆਦੀਵਾਸੀਆਂ ਤੇ ਲੋਕ ਭਾਸ਼ਾਵਾਂ ਦੀ ਹੋਂਦ ਖ਼ਤਮ ਹੋ ਜਾਣ ਦੇ ਖ਼ਤਰੇ 'ਤੇ ਚੁੱਪ ਹੈ ਤਾਂ ਉਸ ਪਿੱਛੇ ਇਹ ਜਮਾਤੀ ਤੇ ਅੰਦਰੂਨੀ ਬਸਤੀਵਾਦੀ ਨਜ਼ਰੀਆ ਹੈ। ਚਿੰਤਾਜਨਕ ਗੱਲ ਇਹ ਵੀ ਹੈ ਕਿ ਬਹੁ-ਗਿਣਤੀ ਹਿੰਦੀ ਭਾਸ਼ੀ ਸਮਾਜ ਜਾਣੇ-ਅਣਜਾਣੇ ਆਦੀਵਾਸੀ ਭਾਸ਼ਾਵਾਂ ਨੂੰ ਮਿਟਾ ਦੇਣ ਦੀ ਸਾਜ਼ਿਸ਼ ਵਿਚ ਸ਼ਾਮਲ ਹੈ। ਅਨੇਕਤਾ ਵਿਚ ਏਕਤਾ ਦਾ ਅਰਥ ਸਿਰਫ਼ ਇਹ ਨਹੀਂ ਹੋਣਾ ਚਾਹੀਦਾ ਕਿ ਇਕ ਹਿੰਦੀ ਨੂੰ ਖੜ੍ਹਾ ਕਰਨ ਲਈ ਆਪਣੇ ਦੇਸ਼ ਦੀਆਂ ਸਭ ਆਦੀਵਾਸੀ ਭਾਸ਼ਾਵਾਂ ਅਤੇ ਲੋਕ ਬੋਲੀਆਂ ਨੂੰ ਹਮੇਸ਼ਾ-ਹਮੇਸ਼ਾ ਲਈ ਖ਼ਤਮ ਕਰ ਦੇਣ। ਇਹ ਸਮਝਣਾ ਜ਼ਰੂਰੀ ਹੈ ਕਿ ਹਿੰਦੀ ਤਾਂ ਹੀ ਅੰਗਰੇਜ਼ੀ ਤੋਂ ਆਪਣਾ ਕੌਮੀ ਗੌਰਵ ਜਾਂ ਮਾਣ ਤਾਣ ਹਾਸਲ ਕਰ ਸਕੇਗੀ, ਜਦ ਉਹ ਖੁਦ ਆਪਣੇ ਲੋਕਤੰਤਰ ਵਿਚ ਭਾਰਤ ਦੀਆਂ ਸਭ ਲੋਕ ਭਾਸ਼ਾਵਾਂ ਖਾਸ ਕਰਕੇ ਆਦੀਵਾਸੀ ਭਾਸ਼ਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਤੇ ਮਾਣ ਦੇ ਸਕੇਗੀ। ਸਮਾਨਜਨਕ ਥਾਂ ਤੇ ਭਾਗੀਦਾਰੀ ਨਾ ਮਿਲਣ ਕਰਕੇ ਹੀ ਦੂਜੀਆਂ ਭਾਸ਼ਾਵਾਂ ਅਤੇ ਲੋਕ ਬੋਲੀਆਂ ਹਿੰਦ ਖਿਲਾਫ਼ ਖੜ੍ਹੀਆਂ ਹੋ ਜਾਂਦੀਆਂ ਹਨ। ਜਦ ਬਜ਼ਾਰ ਦੀ ਭਾਸ਼ਾ ਸਿੱਖਣੀ ਹੀ ਹੈ ਤਾਂ ਆਪਣੇ ਹੀ ਘਰ ਵਿਚ ਨਿਰੀ ਹਿੰਦੀ ਹੀ ਕਿਉਂ, ਸਬਲ ਅੰਗਰੇਜ਼ੀ ਬੇਹਤਰ ਹੈ। ਗ਼ੈਰ ਹਿੰਦੀ ਭਾਸ਼ੀਆਂ 'ਚ ਇਸ ਸੋਚ ਦੇ ਪਣਪਣ ਪਿੱਛੇ ਹਿੰਦੀ ਦਾ ਅੰਦਰੂਨੀ ਬਸਤੀਵਾਦੀ ਰਵੱਈਆ ਹੀ ਕੰਮ ਕਰਦਾ ਹੈ। ਇਸ ਰਵੱਈਏ ਨੂੰ ਝਾਰਖੰਡ, ਛੱਤੀਸਗੜ੍ਹ ਤੇ ਉੱਤਰ-ਪੂਰਬ ਦੇ ਰਾਜਾਂ 'ਚ ਬੇਖ਼ੂਬੀ ਦੇਖਿਆ ਜਾ ਸਕਦਾ ਹੈ। ਮੌਜੂਦਾ

ਰਾਜਸੀ ਸੱਤਾ ਜਨ ਸੰਤੋਸ਼ ਅਤੇ ਵਿਵਸਥਾ ਤਬਦੀਲੀ ਦੇ ਰਾਜਸੀ ਸੰਘਰਸ਼ਾਂ ਨੂੰ ਕੁਚਲਣ ਲਈ ਸੰਵਿਧਾਨਕ ਵਿਵਸਥਾਵਾਂ ਦਾ ਵੀ ਸਹਾਰਾ ਲੈਂਦੀ ਹੈ। ਜਿਵੇਂ ਭੂਮੀਹੀਣਾ ਨੂੰ ਜ਼ਮੀਨ ਦੀ ਵੰਡ, ਰਾਖਵਾਂਕਰਨ ਮਾਤ ਭਾਸ਼ਾਵਾਂ 'ਚ ਸਿੱਖਿਆ ਦਾ ਕਨੂੰਨੀ ਐਲਾਨ। ਛੂਤ ਛਾਤ, ਔਰਤ ਹਿੰਸਾ, ਬਲ ਮਜ਼ਦੂਰੀ, ਭ੍ਰਿਸ਼ਟਾਚਾਰ ਰੋਕਣ ਦੇ ਨਵੇਂ ਕਨੂੰਨ ਪੰਚਾਇਤਾਂ 'ਚ ਹਿੱਸੇਦਾਰੀ, ਨਰੇਗਾ, ਵਣਭੂਮੀ ਕਨੂੰਨ ਆਦਿ। ਜਮਾਤੀ ਲੁੱਟ ਅਤਿਆਚਾਰ ਤੇ ਲੁੱਟ ਦੀ ਗੈਰ ਮਨੁੱਖੀ ਤਰੀਕੇ ਨੂੰ ਛੁਪਾਉਣ ਲਈ ਰਾਜਸੀ ਚਾਲ ਚਲੀ ਜਾਂਦੀ ਹੈ। ਜਦ ਕਿ ਰਾਜਸੀ ਪ੍ਰਬੰਧ ਤੇ ਉਸ ਦਾ ਦਲਾਲ ਪ੍ਰਸ਼ਾਸ਼ਕੀ ਢਾਂਚਾ ਜਿਉਂ ਦਾ ਤਿਉਂ ਰਹਿੰਦਾ ਹੈ। ਵਿਵਸਥਾ ਵੱਲੋਂ ਸਮੇਂ ਸਮੇਂ ਸਿਰ ਕੁਝ ਅਜਿਹੇ ਕਨੂੰਨੀ ਫੈਸਲੇ ਵੀ ਕਰਵਾਏ ਜਾਂਦੇ ਹਨ ਜਿਸ ਨਾਲ ਸੰਘਰਸ਼ਸ਼ੀਲ ਆਮ ਜਨਤਾ ਵਿਚ ਇਹ ਸੰਦੇਸ਼ ਜਾ ਕੇ ਕਿ ਪ੍ਰਬੰਧ ਠੀਕ ਹੈ, ਬਸ ਕੁਝ ਲੋਕ ਖਰਾਬ ਹਨ ਜਿਨ੍ਹਾਂ ਨੂੰ ਦਰੁਸਤ ਕੀਤਾ ਜਾ ਸਕਦਾ ਹੈ। ਸਾਡੇ ਦੇਸ਼ ਵਿਚ ਸੰਵਿਧਾਨਕ ਵਿਵਸਥਾਵਾਂ ਤੇ ਕਨੂੰਨਾਂ ਦੀ ਜ਼ਮੀਨੀ ਹਕੀਕਤ ਦੀ ਹੈ, ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਫਿਰ ਲੋਕ ਭਾਸ਼ਾਵਾਂ, ਹੱਲਾਸ਼ੇਰੀ ਤੇ ਵਿਕਾਸ ਦੀਆਂ ਸਾਰੀਆਂ ਸੰਵਿਧਾਨਕ ਵਿਵਸਥਾਵਾਂ ਦਾ ਹਸ਼ਰ ਤਾਂ ਸਾਡੇ ਸਾਹਮਣੇ ਹੀ ਹੈ। ਇਸ ਲਈ ਇਹ ਮੰਨ ਲੈਣਾ ਕਿ ਮੌਜੂਦਾ ਰਾਜਸੀ ਵਿਵਸਥਾ 'ਚ ਭਾਗੀਦਾਰੀ ਮਿਲ ਜਾਣ, ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿਚ ਸ਼ਾਮਲ ਹੋ ਜਾਣ ਜਾਂ ਸਿਰਫ਼ ਕੋਈ ਕਨੂੰਨ ਬਣ ਜਾਣ ਨਾਲ ਭਾਸ਼ਾਵਾਂ ਨੂੰ ਉਨ੍ਹਾਂ ਦੀ ਇੱਜ਼ਤ-ਮਾਣ ਤੇ ਸਤਿਕਾਰ ਮਿਲ ਜਾਵੇਗਾ, ਸਭ ਤੋਂ ਵੱਡੀ ਰਾਜਸੀ ਭੁੱਲ ਹੋਵੇਗੀ। ਆਦੀਵਾਸੀ ਭਾਸ਼ਾਵਾਂ ਦੀ ਹੀ ਗੱਲ ਕਰੀਏ ਤਾਂ 'ਅਜ਼ਾਦੀ'/ਸੱਤਾ ਬਦਲੀ ਤੋਂ ਬਾਅਦ ਉੱਤਰ ਪੂਰਬ ਦੇ ਅਨੇਕਾਂ ਰਾਜਾਂ 'ਚ ਆਦੀਵਾਸੀ ਫਿਰਕੇ ਵੱਖ ਵੱਖ ਕੌਮੀ ਤੇ ਖੇਤਰੀ ਪਾਰਟੀਆਂ ਦੇ ਆਸਰੇ ਹਕੂਮਤ 'ਚ ਆ ਚੁੱਕੇ ਸਨ। ਪਰ ਉਹ ਆਪਣੀ ਭਾਸ਼ਾ-ਸਭਿਆਚਾਰ ਨਹੀਂ ਬਚਾ ਸਕੇ। ਅੱਠ ਸਾਲ ਪਿੱਛੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੀ ਭਾਸ਼ਾ ਸਭਿਆਚਾਰ ਖਤਰੇ ਵਿਚ ਹੈ। ਇਸ ਰਾਜਸੀ ਪ੍ਰਬੰਧ ਦੀ ਕਠਪੁਤਲੀ ਬਣ ਕੇ ਉਹ ਆਪਣਾ ਸੰਸਕ੍ਰਿਤੀਕਰਨ ਕਰ ਚੁੱਕੇ ਹਨ। ਨਵ ਗਠਿਤ ਝਾਰਖੰਡ ਇਸ ਅਮਲ ਦੀ ਸਭ ਤੋਂ ਤਾਜ਼ੀ ਉਦਾਹਰਣ ਹੈ। ਅੱਠ ਸਾਲਾਂ ਦੇ ਇਸ ਨਵੇਂ ਰਾਜ 'ਚ ਸੰਤਾਲੀ ਨੂੰ ਛੱਡ ਕੇ ਸਭ ਆਦੀਵਾਸੀ ਭਾਸ਼ਾਵਾਂ ਦੇ ਬੋਲਣ ਵਾਲਿਆਂ 'ਚ ਕਮੀ ਆਈ ਹੈ। ਸਾਲ 2007 'ਚ ਪ੍ਰਸਿੱਧ ਭਾਸ਼ਾ ਵਿਗਿਆਨੀਵਾਨ ਦ੍ਰਿਏਮ ਨੇ ਭਾਰਤੀ ਉਪਰਾਹਾਂ ਦੀਪ ਦੇ ਕਈ ਦੇਸ਼ਾਂ ਵਿਚ ਭਾਸ਼ਾਈ ਸਰਵੇਖਣ ਕੀਤਾ ਗਿਆ ਸੀ ਅੰਕੜਿਆਂ ਅਨੁਸਾਰ 2001 ਦੀ ਜਨਗਣਨਾ ਦੇ ਮੁਕਾਬਲੇ ਸਾਲ 2007 ਦੇ ਅੰਤ ਤੱਕ ਝਾਰਖੰਡ 'ਚ ਹੋ ਖੜਿਆ, ਕੁੜੁਖ ਮੰਡਾਰੀ ਤੇ ਭੂਮਿਜ, ਬਿਰਹੋਰੀ, ਸਲ ਤੋਂ ਅਤੇ ਅਸੂਚੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 'ਚ ਲਗਾਤਾਰ ਕਮੀ ਆਈ ਹੈ। ਸਭ ਤੋਂ ਵੱਧ ਗਿਰਾਵਟ ਆਈ ਹੈ। 2001 'ਚ ਜਿਥੇ ਅਸੂਰੀ ਬੋਲਣ ਵਾਲਿਆਂ ਦੀ ਗਿਣਤੀ 16000 ਮਲਤੋ ਦੀ 24926 ਅਤੇ ਬਿਰਹੋਰੀ 10000 ਸੀ ਉਹ 2007 'ਚ ਘਟ ਕੇ ਸਿਰਫ 7000, 190400 ਤੇ 2000 ਰਹਿ ਗਈ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਝਾਰਖੰਡ ਦੀਆਂ ਆਦੀਵਾਸੀ ਭਾਸ਼ਾਵਾਂ ਨੂੰ ਤੇਜ਼ੀ ਨਾਲ ਖੋਰਾ ਲੱਗ ਰਿਹਾ ਹੈ ਅਤੇ ਨਵਗਠਿਤ ਝਾਰਖੰਡ ਇਸ ਖੋਰੇ ਨੂੰ ਰੋਕਣ 'ਚ ਪੂਰੀ ਤਰ੍ਹਾਂ ਨਾਕਾਮ ਹੈ। ਇਸ ਲਈ ਮੌਜੂਦਾ ਸਿਆਸੀ ਢਾਂਚੇ 'ਚ ਸਿਰਫ ਸੱਤਾ ਤਬਦੀਲੀ ਨਾਲ ਆਰਥਕ-ਸਭਿਆਚਾਰਕ ਤਬਦੀਲੀ ਆ

ਜਾਵੇਗੀ। ਇਹ ਸਰਾਸਰ ਗ਼ਲਤ ਹੈ। ਸੰਵਿਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਤ ਭਾਸ਼ਾਵਾਂ ਨੂੰ ਪਾਲਣ ਪੋਸ਼ਣ ਲਈ 1952 'ਚ ਹੀ ਭਾਰਤ ਸਰਕਾਰ ਦੇ ਸੈਕੰਡਰੀ ਸਿੱਖਿਆ ਕਮਿਸ਼ਨ ਨੇ ਬਹੁਭਾਸ਼ਾਈ ਸਿੱਖਿਆ ਨੀਤੀ ਬਣਾਈ ਸੀ। ਇਸ ਨੀਤੀ 'ਚ ਮਾਤ ਭਾਸ਼ਾ, ਖੇਤਰੀ (ਸੁਬਾਈ) ਕਲਾਸੀਕਲ, ਭਾਸ਼ਾ (ਸੰਸਕ੍ਰਿਤ ਪਾਲੀ, ਅਰਬੀ, ਪਰਸਿਅਨ) ਅਤੇ ਸੰਪਰਕ ਭਾਸ਼ਾ ਵਜੋਂ ਹਿੰਦੀ ਨੂੰ ਸਿੱਖਿਆ 'ਚ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਬਾਅਦ 'ਚ ਇਸ ਨੀਤੀ ਨੂੰ ਸੰਬੋਧਿਤ ਹੁੰਦਿਆਂ 'ਤ੍ਰਿਭਾਸ਼ੀ ਫਾਰਮੂਲਾ' ਪੇਸ਼ ਕੀਤਾ ਗਿਆ। ਇਸ ਫਾਰਮੂਲੇ ਅਨੁਸਾਰ ਹਰੇਕ ਰਾਜ ਵਿਚ ਉਸ ਦੀ ਖੇਤਰੀ ਭਾਸ਼ਾ, ਗੈਰ ਹਿੰਦੀ ਭਾਸ਼ੀ ਰਾਜਾਂ 'ਚ ਹਿੰਦੀ, ਹਿੰਦੀ ਭਾਸ਼ੀ ਰਾਜਾਂ 'ਚ ਕੋਈ ਇਕ ਗੈਰ-ਹਿੰਦੀ ਤੇ ਅੰਗਰੇਜ਼ੀ ਜਾਂ ਕੋਈ ਇਕ ਹੋਰ ਯੂਰਪੀਅਨ ਭਾਸ਼ਾ ਨੂੰ ਲਾਗੂ ਕੀਤਾ ਜਾਂਦਾ ਸੀ ਪਰ 1964 ਅਤੇ 1966 'ਚ ਇਸ ਨੀਤੀ 'ਚ ਫਿਰ ਬਦਲਾਅ ਕਰਦਿਆਂ ਭਾਰਤ ਸਰਕਾਰ ਦੇ ਸਿੱਖਿਆ ਕਮਿਸ਼ਨ ਨੇ ਖੇਤਰੀ (ਰਾਜ) ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਨੂੰ ਦਫਤਰੀ ਭਾਸ਼ਾ ਤੇ ਕੋਈ ਇਕ ਹੋਰ ਆਧੁਨਿਕ ਭਾਰਤੀ ਜਾਂ ਵਿਦੇਸ਼ੀ ਭਾਸ਼ਾ ਨੂੰ ਅਪਣਾਉਣ ਦੀ ਲੋੜ ਸੀ। ਨਾਲ ਇਹ ਵੀ ਸਪੱਸ਼ਟ ਨਿਰਦੇਸ਼ ਦਿੱਤਾ ਗਿਆ ਕਿ ਪਹਿਲੀ ਤੋਂ ਪੰਜਵੀਂ ਤੱਕ ਦੀ ਪੜ੍ਹਾਈ ਮਾਤ ਭਾਸ਼ਾ ਵਿਚ ਹੋਵੇ ਅਤੇ ਤ੍ਰਿਭਾਸ਼ੀ ਫਾਰਮੂਲੇ ਦੀ ਛੇਵੀਂ ਕਲਾਸ ਤੋਂ ਲਾਗੂ ਕੀਤੀ ਜਾਵੇ। ਪਰ ਝਾਰਖੰਡ ਵਰਗੇ ਆਦੀਵਾਸੀ ਬਹੁ ਗਿਣਤੀ ਸੂਬੇ 'ਚ ਅੱਜ ਤਾਈਂ ਇਸ ਨੀਤੀ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਖੇਤਰੀ ਤੇ ਆਦੀਵਾਸੀ ਭਾਸ਼ਾਵਾਂ ਦੀ ਹੋਂਦ ਨੂੰ ਹੀ ਮੁਢੋਂ ਖਾਰਜ ਕਰ ਦੇਣ ਦੀਆਂ ਕੋਸ਼ਿਸ਼ਾਂ ਹੋਈਆਂ।

ਦਰਅਸਲ ਭਾਸ਼ਾ ਹੀ ਇਕ ਮਾਧਿਅਮ ਹੈ ਜੋ ਇਤਿਹਾਸਕ ਜੀਵਨ ਅਨੁਭਵਾਂ, ਜਾਤੀ ਸਮੂਹਾਂ, ਰਵਾਇਤੀ ਗਿਆਨ ਵਿਗਿਆਨ, ਕਲਾ-ਕੌਂਸਲ, ਵਾਤਾਵਰਣੀ ਅਨੁਭਵ ਨੀਤੀ-ਨੈਤਿਕਤਾ, ਸਮਾਜਕ-ਆਰਥਕ ਵਿਕਾਸ ਅਤੇ ਫਿਰਕਾ ਦਾ ਇਤਿਹਾਸ ਨੂੰ ਜਿਊਂਦੇ ਤੇ ਗਤੀਮਾਨ ਬਣਾਈ ਰੱਖਦੀ ਹੈ। ਇਹ ਕਿਸੇ ਸਮਾਜ ਅਤੇ ਫਿਰਕੇ ਦੀ ਹੋਂਦ ਦੀ ਸਭਿਆਚਾਰਕ ਬਿੰਬ ਹੀ ਨਹੀਂ ਬਲਕਿ ਉਸਦੀ ਜਮਾਤੀ ਚੇਤਨਾ ਤੇ ਭਾਈਚਾਰਕ ਜੀਵਨ ਦਰਸ਼ਨ ਨੂੰ ਵੀ ਪ੍ਰਤੀਬਿੰਬਤ ਕਰਦੀ ਹੈ। ਇਸ ਲਈ ਸਭਾ ਤੇ ਸਬਲ ਲੁੱਟੇ ਜਾਂਦੇ ਫਿਰਕਿਆਂ ਦੀ ਭਾਸ਼ਾ ਲਗਾਤਾਰ ਆਪਣੇ ਜਮਾਤੀ ਹਿੱਤਾਂ ਦੀ ਰਾਖੀ ਲਈ ਹਾਕਮਾਂ ਦੀ ਭਾਸ਼ਾ ਨੂੰ ਆਕ੍ਰਿਤ ਕਰਦੀ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਅਧਿਕਾਰਾਂ ਤੋਂ ਲੋਕਾਂ ਨੂੰ ਬੇਦਖਲ ਕਰਦੀ ਹੈ। ਆਰਥਕ-ਰਾਜਸੀ ਤਾਕਤ ਦੇ ਜ਼ੋਰ 'ਤੇ ਸਭਿਆਚਾਰਕ ਪੱਖ ਤੋਂ ਉਨ੍ਹਾਂ ਨੂੰ ਨੀਵੇਂ ਕਰਦੀ ਹੈ, ਹੀਣ ਬਣਾਉਂਦੀ ਹੈ। ਜਨਪੱਖੀ ਹਿੰਦੀ ਸਮਾਜ, ਭਾਸ਼ਾ-ਸਾਹਿਤ, ਮੀਡੀਆ ਤੇ ਪ੍ਰਬੁਧਜਨਾ ਨੂੰ ਆਪਣੀ ਭੂਮਿਕਾ ਤੇ ਵਿਚਾਰ ਕਰਨ ਦੀ ਲੋੜ ਹੈ। ਹਿੰਦੀ ਦੀ ਤਾਕਤ ਭਾਰਤ ਦੀਆਂ ਲੋਕ ਭਾਸ਼ਾਵਾਂ ਤੇ ਆਦੀਵਾਸੀ ਭਾਸ਼ਾਵਾਂ ਹਨ।

# ਕੀ ਪਾਕਿਸਤਾਨੀ ਹਾਕਮ ਅਮਰੀਕੀ ਦੀ ਕਠਪੁਤਲੀ ਬਣੇ?

ਪਾਕਿਸਤਾਨ 'ਚ ਅਮਰੀਕੀ ਮਿਜ਼ਾਇਲਾਂ ਤੇ ਪਾਕਿਸਤਾਨੀ ਫੌਜ ਦੇ ਹਮਲਿਆਂ 'ਚ ਨਿਰਦੋਸ਼ ਲੋਕਾਂ ਦੀ ਮਾਰੇ ਜਾਣ ਦੀ ਗਿਣਤੀ ਵਧਦੀ ਜਾ ਰਹੀ ਹੈ। ਇਨ੍ਹਾਂ ਲੋਕਾਂ 'ਚ ਅਜਿਹੇ ਲੋਕਾਂ ਦੀ ਭਾਰੀ ਗਿਣਤੀ ਹੈ ਜੋ ਆਮ ਮੇਹਨਤਕਸ਼ ਹਨ। ਛੋਟੀ ਮੋਟੀ ਜੋਤ ਵਾਲੇ ਕਿਸਾਨਾਂ ਦੇ ਪਿੰਡ ਤਾਲਿਬਾਨ ਦੇ ਸਫਾਏ ਦੇ ਨਾਂ 'ਤੇ ਪੂਰੀ ਤਰ੍ਹਾਂ ਨਾਲ ਉਜਾੜ ਦਿੱਤੇ ਗਏ ਹਨ। ਏਨੇ ਭਾਰੀ ਪੈਮਾਨੇ 'ਤੇ ਬੰਬਾਰੀ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਇਲਾਕਿਆਂ ਦੇ ਪੁਨਰ-ਨਿਰਮਾਣ 'ਚ ਕਈ ਦਹਾਕੇ ਲੱਗ ਜਾਣਗੇ। ਸਕੂਲ ਅਤੇ ਮਾਸੂਮ ਬੱਚੇ ਵੀ ਇਨ੍ਹਾਂ ਦੇ ਨਿਸ਼ਾਨੇ 'ਤੇ ਹਨ। ਹੋਰ ਤਾਂ ਹੋਰ ਮ੍ਰਿਤਕ ਲੋਕਾਂ ਦੇ ਸੰਸਕਾਰ ਮੌਕੇ ਵੀ ਇਕੱਠ 'ਤੇ ਮਿਜ਼ਾਇਲਾਂ ਦਾਗੀਆਂ ਜਾ ਰਹੀਆਂ ਹਨ। ਜੂਨ ਦੇ ਆਖਰੀ ਹਫਤੇ 'ਚ ਅਮਰੀਕੀ ਮਿਜ਼ਾਇਲ (ਡ੍ਰਾਨ) ਦੇ ਹਮਲਿਆਂ 'ਚ ਲੋਕ ਮਾਰੇ ਜਾ ਚੁੱਕੇ ਹਨ। ਜ਼ਖ਼ਮੀਆਂ ਦੀ ਗਿਣਤੀ ਤਾਂ ਅਣਗਿਣਤ ਹੈ। ਦੱਖਣੀ ਬਜੀਰਸਤਾਨ ਦੇ ਇਕ ਇਲਾਕੇ 'ਚ ਡ੍ਰੋਨ ਮਿਜ਼ਾਇਲ ਦੇ ਇਕ ਅਜਿਹੇ ਹੀ ਹਮਲੇ 'ਚ 85 ਲੋਕ ਮਾਰੇ ਗਏ ਹਨ ਅਤੇ ਪਿੱਛੋਂ ਅਮਰੀਕੀ ਤੇ ਪਾਕਿਸਤਾਨੀ ਸੈਨਾ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਹ ਤਾਲਿਬਾਨ ਦੇ ਲੜਾਕੇ ਸਨ। ਪਾਕਿਸਤਾਨ ਦੇ ਦਲਾਲ ਹਾਕਮਾਂ ਦੀ ਬੇਵਸੀ ਨੂੰ ਇਸ ਡ੍ਰੋਨ ਹਮਲਿਆਂ ਪਿੱਛੋਂ ਦਿੱਤੇ ਗਏ ਬਿਆਨਾਂ ਤੋਂ ਸਮਝਿਆ ਜਾ ਸਕਦਾ ਹੈ। ਪਾਕਿਸਤਾਨੀ ਸਰਕਾਰ ਜਦ ਵੀ ਪਾਕਿਸਤਾਨ ਅੰਦਰ ਡ੍ਰੋਨ ਮਿਜ਼ਾਇਲ ਹਮਲਿਆਂ ਵਿਚ ਵੱਧ ਗਿਣਤੀ 'ਚ ਨਾਗਰਿਕ ਮਾਰੇ ਜਾਂਦੇ ਹਨ ਤੇ ਉਸ ਪਿੱਛੋਂ ਦੇਸ਼ ਵਿਚ ਜਦ ਇਸ ਦਾ ਵਿਰੋਧ ਹੁੰਦਾ ਹੈ ਤਾਂ ਇਕ ਰਟਿਆ ਰਟਾਇਆ ਬਿਆਨ ਜਾਰੀ ਹੁੰਦਾ ਹੈ ਕਿ "ਇਹ ਪਾਕਿਸਤਾਨ ਸਰਕਾਰ ਦੀ ਦ੍ਰਿੜ ਸਮਝ ਰਹੀ ਹੈ ਕਿ ਇਹ ਹਮਲੇ ਸਾਡੀ ਪ੍ਰਭੂਸੱਤਾ 'ਚ ਦਖਲ-ਅੰਦਾਜ਼ੀ ਹਨ ਤੇ ਜਿਨ੍ਹਾਂ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਦੇ ਅਜਿਹੇ ਬਿਆਨਾਂ ਦੀ ਠੀਕ ਅਗਲੇ ਦਿਨ ਫਿਰ ਮਿਜ਼ਾਇਲਾਂ ਦੇ ਨਿਸ਼ਾਨੇ 'ਤੇ ਨਵੇਂ ਇਲਾਕਿਆਂ ਤੋਂ ਲੈ ਲੈ ਆਉਂਦੀ ਹੈ। ਅਮਰੀਕੀ ਫੌਜਾਂ ਫਿਰ ਪਾਕਿ ਦੀ ਪ੍ਰਭੂਤਵ ਦੀ ਐਸੀ ਤੈਸੀ ਕਰ ਦਿੰਦੇ ਹਨ। ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਤਾਂ ਹੌਲੀ-ਹੌਲੀ ਦੂਜੇ ਹਾਮਿਦ ਕਰਜਾਈ ਬਣਦੇ ਜਾ ਰਹੇ ਹਨ। ਅਮਰੀਕਾ ਦੇ 'ਅਫ-ਪਾਕਿ' (ਇਹੀ ਨਵਾਂ ਨਾਂ ਓਬਾਮਾ ਨੇ ਇਸ ਖੇਤਰ ਨੂੰ ਦਿੱਤਾ ਹੈ) ਲਈ ਵਿਸ਼ੇਸ਼ ਦੂਤ ਰਿਚਰਡ ਹਾਲਬਰੁੱਕ ਨੇ ਇਕ ਤਰ੍ਹਾਂ ਨਾਲ ਖੁੱਲੇਆਮ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਉਹ ਇਕੱਠੇ ਰਹਿਣ। ਹਾਲਬ੍ਰੂਕ ਦੇ ਬਿਆਨ 'ਤੇ ਗੌਰ ਕਰੀਏ ਇਹ, ਫਰਮਾਉਂਦਾ ਹੈ, "ਪਾਕਿ ਰਾਜਨੀਤੀ ਦੀਆਂ ਤਿੰਨ ਹਸਤੀਆਂ (ਜਰਦਾਰੀ, ਨਵਾਜ ਸ਼ਰੀਫ ਤੇ ਪਾਕਿ-ਸੈਨਾ) ਨੇ ਆਪਣੇ ਮਤਭੇਦਾਂ ਨੂੰ ਦੂਰ ਕਰ ਲਿਆ ਹੈ। ਤੇ ਉਹ ਅੱਤਵਾਦ ਖਿਲਾਫ ਲੜਾਈ ਵਿਚ ਇਕੱਠੀਆਂ ਰਹੀਆਂ ਹਨ।" ਇਹ ਬਿਆਨ ਨਾ ਤਾਂ ਪਾਕਿਸਤਾਨ ਨਾਮਕ ਦੇਸ਼ ਦੇ ਰਾਸ਼ਟਰਪਤੀ, ਪਾਕਿ ਸੈਨਾ ਅਤੇ ਨਾ ਹੀ ਵਿਰੋਧੀ ਨੇਤਾ ਦਿੰਦਾ ਹੈ ਇਹ ਬਿਆਨ ਅਮਰੀਕੀ ਪ੍ਰਸ਼ਾਸ਼ਨ ਦਾ ਅਦਨਾ ਜਿਹਾ ਅਧਿਕਾਰੀ ਦਿੰਦਾ ਹੈ ਕਿ ਤਿੰਨੋਂ ਹਸਤੀਆਂ ਦੇ ਮੱਤਭੇਦ ਸੁਲਝ ਗਏ ਹਨ। ਰਿਚਰਡ ਹਾਲਬੁਲ ਦਾ ਬਿਆਨ ਸਾਮਰਾਜੀਆਂ

ਦੇ ਅੰਨੇਪਣ ਨੂੰ ਹੀ ਦਿਖਾਉਂਦਾ ਹੈ। ਹਾਲਬਰਕ ਹਰ ਸਾਮਰਾਜੀ ਵਾਂਗੂੰ ਲੋਕਾਂ ਨੂੰ ਤੁੱਛ ਸਮਝਦਾ ਹੈ, ਉਹ ਆਪਣੀ ਤਕਨੀਕ, ਹਥਿਆਰ, ਸੈਨਾ ਯੋਜਨਾ ਨੂੰ ਏਨਾ ਅਚੂਕ ਸਮਝਦਾ ਹੈ ਕਿ ਉਹ ਇਸ ਦੇ ਰਾਹੀਂ ਆਪਣੇ ਮਨ ਮੁਤਾਬਿਕ ਨਤੀਜੇ ਦੁਨੀਆ ਦੇ ਕਿਧਰੇ ਵੀ ਹਾਸਲ ਕਰ ਸਕਦਾ ਹੈ। ਹਾਲਬ੍ਰਕ ਕਿੰਨਾ ਅੰਨਾ ਹੈ ਕਿ ਉਸ ਨੂੰ ਪਾਕਿਸਤਾਨ 'ਚ ਨੂੰ ਰਾਜਨੀਤੀ 'ਚ ਤਿੰਨ ਹਸਤੀਆਂ ਦਿਖਾਈ ਦਿੰਦੀਆਂ ਹਨ ਪਰ ਲੋਕ ਕਿਧਰੇ ਨਹੀਂ ਦਿਸਦੇ। ਅਮਰੀਕਾ ਸਾਮਰਾਜੀ ਪੂਰੀ ਵੀਹਵੀਂ ਸਦੀ 'ਚ ਕਈ ਦੇਸ਼ਾਂ (ਕੋਰੀਆ, ਕਿਊਬਾ, ਵਿਅਤਨਾਮ) 'ਚ ਮੂੰਹ ਦੀ ਖਾ ਚੁੱਕੇ ਹਨ। ਪਰ ਉਨ੍ਹਾਂ ਦਾ ਅੰਨਾਪਣ ਕਦੀ ਠੀਕ ਨਹੀਂ ਹੋ ਸਕਦਾ। ਉਹ ਅੰਨੇ ਹਨ ਅਤੇ ਅੰਨੇ ਹੀ ਆਪਣੀ ਕਬਰ 'ਚ ਪੁਜਣਗੇ। ਇਧਰ ਹਾਲਬੁਕ ਇਸ ਤਰ੍ਹਾਂ ਦੀ ਬਿਆਨਬਾਜੀ ਕਰ ਰਿਹਾ ਸੀ ਤਾਂ ਉਧਰ ਅਮਰੀਕਾ ਵਿਚ ਓਬਾਮਾ ਬੁਸ਼ ਦੀ ਨੀਤੀਆਂ ਨੂੰ ਅੱਗੇ ਵਧਾਉਂਦਿਆਂ ਅਫਗਾਨਿਸਤਾਨ 'ਚ ਲਗਾਤਾਰ ਅਮਰੀਕੀ ਫੌਜੀਆਂ ਦੀ ਗਿਣਤੀ 'ਚ 50 ਫੀਸਦੀ ਦਾ ਵਾਧਾ ਕਰ ਦਿੰਦੀ ਹੈ। ਘਾਤਕ ਹਥਿਆਰਾਂ ਤੇ ਤਕਨੀਕ ਨਾਲ ਲੈਸ ਅਮਰੀਕੀ ਫੌਜੀਆਂ ਦੀ ਗਿਣਤੀ 55000 ਤੱਕ ਪੁੱਜ ਚੁੱਕੀ ਹੈ। ਨਾਟੋ ਦੇ ਹੋਰ ਦੇਸ਼ਾਂ ਦੇ ਫੌਜੀਆਂ ਦੀ ਇਕ ਵੱਡੀ ਗਿਣਤੀ ਵਿਚ ਨਿੱਜੀ ਸੈਨਾ ਮੌਜੂਦ ਹੈ। ਨਿੱਜੀ ਫੌਜਾਂ ਵੈਸੇ ਹੀ ਹਨ ਜਿਵੇਂ ਇਰਾਕ 'ਚ ਤੈਨਾਤ ਹਨ। ਇਨ੍ਹਾਂ ਨਿੱਜੀ ਸੈਨਾਵਾਂ ਦਾ ਕੰਟਰੋਲ ਸਿੱਧੇ-ਅਸਿੱਧੇ ਤੌਰ 'ਤੇ ਅਮਰੀਕੀ ਪ੍ਰਸਾਸ਼ਨ ਤੇ ਫੌਜ ਦੇ ਹੱਥ ਵਿਚ ਹੁੰਦਾ ਹੈ। ਇਨ੍ਹਾਂ ਸੈਨਾਵਾਂ ਨੂੰ ਧਨ ਅਮਰੀਕੀ ਪ੍ਰਸਾਸ਼ਨ ਮੁਹੱਈਆ ਕਰਵਾਉਂਦਾ ਹੈ। ਇਹ ਸੈਨਾਵਾਂ ਬੇਰਹਿਮੀ 'ਚ ਅਮਰੀਕਾ ਦੀ ਅਧਿਕਾਰਿਤ ਸੈਨਾ ਨੂੰ ਵੀ ਮਾਤ ਦੇ ਦਿੰਦੀਆਂ ਹਨ। ਰਾਜੇ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਹਾਜ਼ਰੀ ਰਾਹੀਂ ਅਮਰੀਕੀ ਹਾਕਮਾਂ ਨੂੰ ਅਧਿਕਾਰਿਤ ਸੈਨਾ ਨੂੰ ਘੱਟ ਤੈਨਾਤ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਅਮਰੀਕੀ ਜਨਤਾ ਤੋਂ ਲੈ ਕੇ ਵਿਸ਼ਵ ਜਨਮਤ ਦੀ ਆਲੋਚਨਾ ਤੋਂ ਵੀ ਬਚ ਜਾਂਦੇ ਹਨ। ਇਰਾਕ 'ਚ ਡੇਢ ਲੱਖ ਦੀ ਅਮਰੀਕੀ ਸੈਨਾ ਦੇ ਨਾਲ ਡੇਢ ਲੱਖ ਦੀ ਅਮਰੀਕੀ ਨਿੱਜੀ ਸੈਨਾ ਵੀ ਹਾਜ਼ਰ ਸੀ। ਇਹੀ ਸਥਿਤੀ ਉਸ ਵਕਤ ਅਫਗਾਨਿਸਤਾਨ ਵਿਚ ਹੈ। ਉਥੇ ਇਸ ਦੀ ਪਹਿਲੀ ਤਬਾਹੀ ਤੱਕ ਹੀ ਨਿੱਜੀ ਸੈਨਾ ਦੇ ਸੈਨਿਕਾਂ ਦੀ ਗਿਣਤੀ ਵਿਚ ਲਗਭਗ 30 ਫੀਸਦੀ ਦਾ ਵਾਧਾ ਹੋ ਗਿਆ ਸੀ।

# ਕੀ ਅਮਰੀਕਾ ਇਰਾਨ ’ਚ ਦਖ਼ਲ ਅੰਦਾਜ਼ੀ ਲਈ ਬੇਚੈਨ ਹੈ?

ਇਰਾਨ ’ਚ ਮਹਿਮੂਦ ਅਹਿਮਦੀ ਨੇ ਜਦ ਦੇ ਦੁਬਾਰਾ ਰਾਸ਼ਟਰਪਤੀ ਚੁਣੇ ਜਾਣ ਪਿੱਛੋਂ ਵਿਰੋਧੀ ਮੁਜਾਹਰਿਆਂ ਦਾ ਸਿਲਸਿਲਾ ਜਾਰੀ ਹੈ। ਚੋਣਾਂ ਹਾਰੇ ਹੋਏ ਪ੍ਰਮੁੱਖ ਉਮੀਦਵਾਰ ਮੀਰ ਹੁਸੈਨ ਮੁਸਾਵੀ ਨੇ ਅਹਿਮਦੀ ਨੇ ਜਦ ਉੱਪਰ ਚੋਣਾਂ ਸਮੇਂ ਵਿਆਪਕ ਹੇਰਾਫੇਰੀ ਕਰਨ ਦਾ ਦੋਸ਼ ਲਾਇਆ ਸੀ। ਮੁਸਾਵੀ ਦੀ ਮੰਗ ਤੇ ਜਾਂਚ ਕਰਕੇ ਇਰਾਨ ਦੀ ਉਚਤਮ ਚੁਣਾਵੀ ਸੰਸਥਾ ਨੇ ਵਿਆਪਕ ਧਾਂਦਲੀ ਬਾਜੀ ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ ਪਰ ਉਸ ਨੇ ਮੰਨਿਆ ਹੈ ਕਿ ਛੋਟੇ ਪੈਮਾਨੇ ’ਤੇ ਕੁਝ ਧਾਂਦਲੀ ਹੋਈ ਹੈ। ਇਰਾਨ ਦੀ ਇਸ ਚੋਣ ਨੇ ਦੇਸ਼ ਦੇ ਅੰਦਰ ਤੇ ਬਾਹਰ ਦੋਨੋਂ ਥਾਵਾਂ ’ਤੇ ਮਹੌਲ ਨੂੰ ਗਰਮਾ ਦਿੱਤਾ ਹੈ। ਇਰਾਨ ਅੰਦਰ ਜਿਥੇ ਸਮਰਥਕ ਜਿਨ੍ਹਾਂ ਨੂੰ ਮੀਡੀਆ ਨੇ ਉਦਾਰਪੰਥੀ ਕਿਹਾ ਹੈ, ਵਿਆਪਕ ਪ੍ਰਦਰਸ਼ਨ ਕਰ ਰਹੇ ਹਨ ਉਥੇ ਸਰਕਾਰ ਨੇ ਇਨ੍ਹਾਂ ਮੁਜਾਹਰਿਆਂ ਨੂੰ ਰੋਕਣ ਲਈ ਦਮਨ ਦਾ ਸਹਾਰਾ ਲਿਆ ਹੋਇਆ ਹੈ। ਮੀਰ ਹੁਸੈਨ ਮੁਸਾਵੀ ਦੇ ਅਖਬਾਰ ‘ਕਲੇਮੇਹ ਸਬਜ’ (ਹਰਿਤ ਵਿਸ਼ਵ) ’ਤੇ ਪਬੰਦੀ ਲਾ ਦਿੱਤੀ ਹੈ। ਇਸ ਮੌਕੇ ਦਰਜਨਾਂ ਕਰਮਚਾਰੀਆਂ ਤੇ ਪੱਤਰਕਾਰਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ। ਇਰਾਨ ਦੀ ਸੁਰੱਖਿਆ ਫੋਰਸ ਮੁਜਾਹਰਾਕਾਰੀਆਂ ’ਤੇ ਤਾਕਤ ਦੀ ਵਰਤੋਂ ਕਰ ਰਹੀ ਹੈ। ਇਥੋਂ ਤੱਕ ਕਿ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਵੀ ਮੁਸਾਵੀ ਦਾ ਹਮਾਇਤੀ ਦੱਸ ਕੇ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਹੁਣ ਤੱਕ 17 ਤੋਂ ਵੱਧ ਲੋਕ ਇਨ੍ਹਾਂ ਮੁਜਾਹਰਿਆਂ ਦੌਰਾਨ ਮਾਰੇ ਜਾ ਚੁੱਕੇ ਹਨ। ਅਹਿਮਦੀ ਨਿਜਾਦ ਦੀ ਛਵੀ ਕੱਟੜਪੰਥੀ ਨੇਤਾਵਾਂ ਦੀ ਰਹੀ ਹੈ। ਦੁਬਾਰਾ ਰਾਸ਼ਟਰਪਤੀ ਬਣਨ ਦੇ ਨਾਲ ਉਨ੍ਹਾਂ ਨੇ ਹਥਿਆਰਾਂ ਦੇ ਵਿਕਾਸ ’ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਆਪਣੇ ਵਿਰੋਧੀਆਂ ਨਾਲ ਨਿਪਟਣ ਦਾ ਰੁਖ਼ ਅਪਣਾ ਕੇ ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਰਾਨ ਦੇ ਅੰਦਰ ਉਹ ਵੀ ਕੁਝ ਕਰਨਗੇ ਜੋ ਹੋਰ ਦੇਸ਼ਾਂ ਦੇ ਹਾਕਮ ਆਪਣੇ ਦੇਸ਼ ਅੰਦਰ ਕਰ ਰਹੇ ਹਨ। ਇਰਾਨ ਅੰਦਰ ਚੱਲ ਰਹੀ ਉਥਲ ਪੁਥਲ ਨੂੰ ਅਮਰੀਕਾ ਤੇ ਬ੍ਰਿਟਿਸ਼ ਸਾਮਰਾਜੀਆਂ ਨੇ ਆਪਣੇ ਘ੍ਰਿਣਿਤ ਹਿੱਤਾਂ ਨੂੰ ਅੱਗੇ ਵਧਾਉਣ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਗਾਰਡਨ ਬਰਾਊਨ ਨੇ ਇਰਾਨ ਦੀਆਂ ਚੋਣਾਂ ਦੀ ਵਾਜਬੀਅਤ ’ਤੇ ਸੁਆਲ ਉਠਾਉਂਦਿਆਂ ਇਰਾਨ ’ਚ ਦਖ਼ਲਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ। ਉਹ ਇਰਾਨ ਦੇ ਰਾਸ਼ਟਰਪਤੀ ਨੂੰ ਨਿਰੰਤਰ ਨਿਰਦੇਸ਼ ਦੇ ਰਹੇ ਹਨ ਕਿ ਉਹ ਆਪਣੇ ਦੇਸ਼ ਦੇ ਅੰਦਰ ਦੇ ਹਾਲਾਤ ਨਾਲ ਕਿਵੇਂ ਨਿਬੜਣ। ਇਰਾਨ ਤੇ ਬ੍ਰਿਟੇਨ ਦੇ ਰਿਸ਼ਤੇ ਬੇਹੱਦ ਤਲਖ ਹੋ ਚੁੱਕੇ ਹਨ। ਪਹਿਲਾਂ ਇਰਾਨ ਨੇ ਦੋ ਰਾਜ ਨਾਇਕਾਂ ਨੂੰ ਆਪਣੇ ਦੇਸ਼ ਦੇ ਰਾਜਸੀ ਮਾਮਲਿਆਂ ’ਚ ਦਖ਼ਲਅੰਦਾਜ਼ੀ ਕਰਨ ਦੇ ਦੋਸ਼ ਦੇ ਅਧਾਰ ’ਤੇ ਕੱਢ ਦਿੱਤਾ ਹੈ। ਇਰਾਨ ਦੇ ਰਾਸ਼ਟਰਪਤੀ ਦਾ ਅਮਰੀਕਾ ਤੇ ਬ੍ਰਿਟੇਨ ’ਤੇ ਸਪੱਸ਼ਟ ਦੋਸ਼ ਹੈ ਕਿ ਉਹ ਇਰਾਨ ਅੰਦਰ ਦਖਲ ਅੰਦਾਜੀ ਕਰ ਰਹੇ ਹਨ ਅਤੇ ਪੈਸੇ ਦੇ ਕੇ ਵਿਰੋਧ ਮੁਜਾਹਰੇ ਜਥੇਬੰਦ ਕਰਵਾ ਰਹੇ ਹਨ। ਇਨ੍ਹਾਂ ਦੇਸ਼ਾਂ ਦਾ ਮੀਡੀਆ ਇਨ੍ਹਾਂ ਵਿਰੋਧੀ ਮੁਜਾਹਰਿਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ

ਹੈ। ਇਰਾਨ ਦੇ ਰਾਸ਼ਟਰਪਤੀ ਦੇ ਇਨ੍ਹਾਂ ਬਿਆਨਾਂ ’ਚ ਸਚਾਈ ਹੈ। ਅਮਰੀਕਾ ਤੇ ਬ੍ਰਿਟੇਨ ਸਮੇਤ ਪੱਛਮੀ ਸਾਮਰਾਜੀ ਇਰਾਨ ’ਚ ਦਖ਼ਲ ਅੰਦਾਜ਼ੀ ਦਾ ਮੌਕਾ ਲੱਭਦੇ ਰਹੇ ਹਨ ਉਨ੍ਹਾਂ ਦੀ ਨਜ਼ਰ ਇਰਾਨ ਦੇ ਤੇਲ ਤੇ ਗੈਸ ਭੰਡਾਰਾਂ ਉੱਪਰ ਰਹੀ ਹੈ। 1979 ’ਚ ਹੋਈ ‘ਇਸਲਾਮਿਕ ਕ੍ਰਾਂਤੀ ਪਿੱਛੋਂ’ ਬ੍ਰਿਟੇਨ ਤੇ ਅਮਰੀਕਾ ਦੀਆਂ ਤੇਲ ਕੰਪਨੀਆਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਸੀ। ਇਨ੍ਹਾਂ ਗੈਸ ਖੇਤਰਾਂ ਨੂੰ ਦੁਬਾਰਾ ਹਾਸਲ ਕਰਨ ਲਈ ਉਹ ਕਾਹਲੇ ਹੋ ਰਹੇ ਹਨ। ਓਬਾਮਾ ਦੀ ਵਿਦੇਸ਼ ਨੀਤੀ ਬੁਸ਼ ਦੀ ਵਿਦੇਸ਼ ਨੀਤੀ ਦਾ ਹੀ ਵਿਸਥਾਰਿਤ ਰੂਪ ਹੈ। ਬੁਸ਼ ਨੇ ਇਰਾਨ ਨੂੰ “ਸ਼ੈਤਾਨ ਦੇਸ਼ਾਂ ਦੀ ਸ਼੍ਰੇਣੀ” ’ਚ ਰੱਖਿਆ ਹੋਇਆ ਸੀ ਤੇ ਵੱਖ-ਵੱਖ ਅੰਤਰਰਾਸ਼ਟਰੀ ਸੰਸਥਾਵਾਂ ਰਾਹੀਂ ਉਹ ਇਰਾਨ ਦੇ ਖਿਲਾਫ਼ ਸਾਜ਼ਿਸ਼ ’ਚ ਲੱਗਿਆ ਹੋਇਆ ਸੀ। ਓਬਾਮਾ ਦੀ ਸਥਿਤੀ ਬੁਸ਼ ਤੋਂ ਵੱਖਰੀ ਨਹੀਂ ਹੈ। ਸੰਯੁਕਤ ਰਾਸ਼ਟਰ ਸੰਘ ਦੇ ਮੁੱਖ ਸਕੱਤਰ ਬਾਨ ਕੀ ਮੂਨ ਨੇ ਓਬਾਮਾ ਨੂੰ ਇਸ਼ਾਰਿਆਂ ਦੇ ਅਧਾਰ ’ਤੇ ਹੀ ਇਰਾਨ ਨੂੰ ਤੁਰੰਤ ਗ੍ਰਿਫ਼ਤਾਰੀਆਂ ’ਤੇ ਹਿੰਸਾ ਰੋਕਣ ਨੂੰ ਕਿਹਾ ਜਾਹਿਰ ਜਿਹੀ ਗੱਲ ਹੈ ਓਬਾਮਾ ਆਪਣੇ ਸਹਿਯੋਗੀਆਂ ਨਾਲ ਇਰਾਨ ’ਚ ਦਖ਼ਲ ਅੰਦਾਜ਼ੀ ਤੇ ਮਨਇੱਛਤ ਸਰਕਾਰ ਬਣਾਉਣ ਦੇ ਇਸ ਮੌਕੇ ਨੂੰ ਹੱਥੋਂ ਨਿਕਲ ਦੇਣਾ ਨਹੀਂ ਚਾਹੁੰਦਾ ਹੈ।

# ਅਮਰੀਕੀ ਸਾਮਰਾਜੀਆਂ ਦੀ ਦਰਿਆਦਿਲੀ?

ਅਮਰੀਕਾ ਦੀ ਵਿਦੇਸ਼ੀ ਮੰਤਰੀ ਜੁਲਾਈ 'ਚ ਭਾਰਤ ਆਈ ਇਥੇ ਉਹਨਾਂ ਨੇ ਜੋ ਹੋਰ ਗੱਲਾਂ ਤੋਂ ਇਲਾਵਾ ਖੇਤੀ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ। ਉਹਨਾਂ ਨੇ ਕਿਹਾ ਕਿ ਸੰਸਾਰ ਦੇ 3 ਫੀਸਦੀ ਖੇਤੀ ਪੈਦਾਵਾਰ ਵਾਲੇ ਦੇਸ਼ਾਂ ਨੂੰ ਸੰਸਾਰ ਦੀ 17 ਫੀਸਦੀ ਅਬਾਦੀ ਨੂੰ ਖਿਲਾਉਣਾ ਪੈ ਰਿਹਾ ਹੈ। ਇਸ ਲਈ ਭਾਰਤ ਦੀ ਖੇਤੀ ਪ੍ਰਣਾਲੀ ਨੂੰ ਸੁਧਾਰਨ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਵਿਚ ਸੰਯੁਕਤ ਰਾਜ ਅਮਰੀਕਾ ਭਾਰਤ ਦੀ ਪੂਰੀ ਮਦਦ ਕਰੇਗਾ। ਇਹ ਮਦਦ ਉਹ ਤਕਨੀਕ ਖਰੀਦ ਵੇਚ ਤੇ ਹੋਰ ਸਭ ਖੇਤਰਾਂ ਵਿੱਚ ਕਰੇਗਾ। ਸੰਯੁਕਤ ਰਾਜ ਅਮਰੀਕਾ ਭਾਰਤ ਦੀ ਪੂਰੀ ਮਦਦ ਕਰੇਗਾ। ਇਹ ਮਦਦ ਉਹ ਤਕਨੀਕ ਖਰੀਦ ਵੇਚ ਤੇ ਹੋਰ ਸਭ ਖੇਤਰਾਂ ਵਿੱਚ ਕਰੇਗਾ। ਸੰਯੁਕਤ ਰਾਜ ਅਮਰੀਕਾ ਦੇ ਸਾਮਰਾਜਵਾਦੀ ਬਹੁਤ ਨੇਕ ਦਿਲ ਅਤੇ ਕਈ ਤਾਂ ਬਹੁਤ ਦਰਿਆ ਦਿਲ ਹਨ। ਉਹਨਾਂ ਤੋਂ ਪਿਛੜੇ ਗਰੀਬ ਮੁਲਕਾਂ ਦਾ ਦਰਦ ਵੇਖਿਆ ਨਹੀਂ ਜਾਂਦਾ ਅਤੇ ਉਹ ਫੌਰਨ ਮਦਦ ਕਰਨ ਲਈ ਪਹੁੰਚ ਜਾਂਦੇ ਹਨ। ਭਾਰਤ ਦੀ ਵੀ ਉਹਨਾਂ ਨੇ ਦੋ ਵਾਰੀ ਵੱਡੇ ਪੈਮਾਨੇ 'ਤੇ ਮਦਦ ਕੀਤੀ ਹੈ। ਉਹਨਾਂ ਨੇ ਪਹਿਲੀ ਵਾਰੀ ਮਦਦ ਉਦੋਂ ਕੀਤੀ ਜਦ 1965 'ਚ ਭਾਰਤ ਗੰਭੀਰ ਖਾਦ ਸੰਕਟ 'ਚ ਫਸਿਆ। ਭੁੱਖਿਆਂ ਕੰਗਾਲਾਂ ਦੇ ਦੇਸ਼ ਵਿੱਚ ਅਨਾਜ ਦੀ ਬੇਹੱਦ ਕਮੀ ਹੋ ਗਈ। ਤਦ ਅਮਰੀਕੀ ਸਾਮਰਾਜੀਆਂ ਨੇ ਪੀ. ਐਲ. 480 ਦੇ ਤਹਿਤ ਆਪਣਾ ਸੜਿਆ ਹੋਇਆ ਅਨਾਜ ਦੇ ਕੇ ਭਾਰਤ ਦੀ ਮਦਦ ਕੀਤੀ ਉਹ ਕਣਕ ਜੋ ਅਮਰੀਕਾ 'ਚ ਜਾਨਵਰਾਂ ਨੂੰ ਖਵਾਉਣਯੋਗ ਵੀ ਨਹੀਂ ਰਹਿ ਗਈ ਸੀ। ਬਦਲੇ 'ਚ ਉਹਨਾਂ ਨੇ ਹਾਸਲ ਕੀ ਕੀਤਾ? ਕੁਝ ਵੀ ਨਹੀਂ ਸਿਵਾਏ ਇਸਦੇ ਕਿ ਉਹਨਾਂ ਨੇ ਅਨਾਜ ਸੰਕਟ ਨੂੰ ਹੱਲ ਕਰਨ ਲਈ ਭਾਰਤ ਦੇ ਹਾਕਮਾਂ ਨੂੰ ਵੀ ਹਰਾ ਇਨਕਲਾਬ ਲਾਗੂ ਕਰਨ ਨੂੰ ਕਿਹਾ ਜੋ ਉਹ ਸਾਰੀ ਦੁਨੀਆਂ 'ਚ ਲਾਗੂ ਕਰਵਾ ਰਹੇ ਸਨ। ਭੂਮੀ ਸਬੰਧਾਂ ਬਿਨਾਂ ਕਿਸੇ ਬਦਲਾਅ ਦੇ ਇਸ ਹਰੇ ਇਨਕਲਾਬ ਨੂੰ ਲਾਗੂ ਕੀਤਾ ਜਾਣਾ ਸੀ। ਬਲਕਿ ਭੂਮੀ ਸਬੰਧਾਂ 'ਚ ਇਨਕਲਾਬੀ ਬਦਲਾਅ ਦੇ ਵਿਕਲਪ ਵਜੋਂ ਇਸ ਨੂੰ ਅੰਜਾਮ ਦਿੱਤਾ ਜਾਣਾ ਸੀ। ਇਸ ਨਾਲ ਜੇ ਅਮਰੀਕਾ ਦੀ ਅਨਾਜ-ਮਸ਼ੀਨ ਬੀਜ ਆਦਿ ਕੰਪਨੀਆਂ ਨੂੰ ਥੋੜਾ ਕਾਰੋਬਾਰ ਮਿਲ ਜਾਂਦਾ ਤਾਂ ਕੀ? ਇਹ ਤਾਂ ਮਹਿਜ ਲੈਣ ਦੇਣ ਹੀ ਹੁੰਦਾ। ਅਮਰੀਕਾ ਦੀ ਇਹ ਦਾਨ ਸ਼ੀਲਤਾ ਏਨੀ ਵੱਡੀ ਸੀ ਕਿ ਇਹ ਬਕਾਇਦਾ ਨਹੀਂ ਹੋਇਆ ਕਿ ਦੋਨੋਂ ਦੇਸ਼ਾਂ ਦੇ ਅਧਿਕਾਰੀਆਂ ਵਿਚ ਗੱਲਬਾਤ ਨੂੰ ਗੁਪਤ ਹੀ ਰੱਖਿਆ ਜਾਵੇਗਾ। ਇਸ ਹਰੇ ਇਨਕਲਾਬ ਦੇ ਪਿਤਾ ਭਾਰਤ ਦੇ ਐਮ. ਐਸ. ਸਵਾਮੀ ਨਾਥਨ ਸਨ। ਇਸ ਹਰੇ ਇਨਕਲਾਬ ਦਾ ਸਿੱਟਾ ਇਹ ਹੋਇਆ ਕਿ ਕੰਗਾਲਾਂ ਦਾ ਦੇਸ਼ ਭਾਰਤ ਅਨਾਜ 'ਚ ਆਤਮ ਨਿਰਭੰਰ ਹੋ ਗਿਆ। ਇਹ ਗੱਲ ਵੱਖਰੀ ਹੈ ਕਿ ਹਰੇ ਇਨਕਲਾਬ ਪਿੱਛੋਂ ਹਰੇ ਇਨਕਲਾਬ ਪਿੱਛੋਂ ਤੇ ਉਸ ਦੇ ਕਾਰਨ ਕੰਗਾਲਾਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ। ਗਰੀਬ ਛੋਟੇ ਕਿਸਾਨ ਤੇਜ਼ੀ ਨਾਲ ਕੰਗਾਲੀ ਵੱਲ ਵਧਣ ਲੱਗੇ।

ਅਮਰੀਕੀ ਸਾਮਰਾਜੀਆਂ ਨੇ ਦੂਜੀ ਵਾਰੀ ਭਾਰਤ ਦੀ ਮਦਦ ਗੈਟ-ਵਾਰਤਾਵਾਂ ਦੇ ਅੱਠਵੇਂ ਚੱਕਰ ਦੌਰਾਨ ਕੀਤੀ ਜਿਸ ਕਾਰਨ ਵਿਸ਼ਵ ਵਪਾਰ ਸੰਗਠਨ ਹੋਂਦ ਵਿਚ ਆਇਆ। ਇਸ ਦੇ ਤਹਿਤ ਅਮਰੀਕਾ ਤੇ ਬਾਕੀ ਸਾਮਰਾਜੀ ਦੇਸ਼ਾਂ 'ਚ ਤਾਂ ਥੋੜੇ ਜਿਹੇ ਕਿਸਾਨਾਂ ਜਾਂ ਪੂੰਜੀਪਤੀ ਫਾਰਮਰਾਂ ਨੂੰ ਭਾਰੀ ਮਾਤਰਾ 'ਚ ਸਬਸਿਡੀ ਜਾਰੀ ਰਹੀ ਪਰ

ਭਾਰਤ ਦੇ ਛੋਟੇ ਦਰਮਿਆਨੇ ਕਿਸਾਨਾਂ ਨੂੰ ਇਸ ਤੋਂ ਵਾਂਝਿਆਂ ਕਰ ਦਿੱਤਾ ਗਿਆ। ਇਸ ਪਿੱਛੋਂ ਇਨ੍ਹਾਂ ਨੇ ਆਪਸੀ ਮੁਕਾਬਲੇ ਲਈ ਛੱਡ ਦਿੱਤਾ ਗਿਆ। ਆਖਰ ਪੂੰਜੀਵਾਦ ਵਿੱਚ ਮੁਕਾਬਲਾ ਹੋਣਾ ਹੀ ਚਾਹੀਦਾ ਹੈ। ਇਸ ਨਾਲ ਕੁਸ਼ਲਤਾ ਵਧਦੀ ਹੈ। ਜੋ ਅਕੁਸ਼ਲ ਹੈ ਉਸ ਨੂੰ ਨਸ਼ਟ ਨਹੀਂ ਹੋਣ ਦੇਣਾ ਚਾਹੀਦਾ। ਪੂੰਜੀਵਾਦ ਦੇ ਹਿਸਾਬ ਨਾਲ ਇਹੀ ਕੁਦਰਤ ਤੇ ਸਮਾਜ ਦਾ ਬੁਨਿਆਦੀ ਨਿਯਮ ਹੈ ਅਤੇ ਇਸ ਨਿਯਮ ਦੇ ਖੁੱਲ੍ਹੇ ਖੇਡਣ ਨਾਲ ਭਾਰਤ ਦੇ ਕਰੋੜਾਂ ਛੋਟੇ ਦਰਮਿਆਨੇ ਕਿਸਾਨ ਤਬਾਹ ਹੋਣ ਲੱਗੇ ਅਤੇ ਲੱਖਾਂ ਆਤਮ ਹੱਤਿਆ ਕਰਨ ਲੱਗੇ। ਇਹਨਾਂ ਦੀਆਂ ਜਮੀਨਾਂ ਤੇ ਜਾਇਦਾਦ ਦੇਹਾਤੀ ਤੇ ਸ਼ਹਿਰੀ ਸਰਮਾਏਦਾਰ ਹਥਿਆਉਣ ਲੱਗੇ। ਇਸ ਦਾ ਇਕ ਹਿੱਸਾ 'ਬਾਜਾਰ ਦੀਆਂ ਅਦਿਖ ਸ਼ਕਤੀਆਂ' ਦੇ ਅਧਿਕਾਰ ਰਾਹੀਂ ਸਾਮਰਾਜੀਆਂ ਕੋਲ ਪਹੁੰਚਣ ਲੱਗਿਆ ਪਰ ਇਸ ਨਾਲ ਭਲਾ ਸਾਮਰਾਜੀਆਂ ਦੀ ਕੀ ਗਲਤੀ ਹੋ ਸਕਦੀ ਹੈ। ਉਹ ਤਾਂ ਭਲਾ ਹੀ ਕਰ ਰਹੇ ਸਨ। ਹੁਣ ਅਮਰੀਕੀ ਸਾਮਰਾਜੀ ਤੀਜੀ ਵਾਰੀ ਭਾਰਤ ਦੀ ਖੇਤੀ ਖੇਤਰ 'ਚ ਮਦਦ ਕਰਨਾ ਚਾਹੁੰਦੇ ਹਨ। ਉਹ ਤਕਨੀਕ ਖਰੀਦ ਵੇਚ ਪ੍ਰਸਾਰ ਸੇਵਾਵਾਂ ਹਰ ਖੇਤਰ 'ਚ ਮਦਦ ਕਰਨਾ ਚਾਹੁੰਦੇ ਹਨ। ਉਹਨਾਂ ਦੀ ਮਦਦ ਦੀ ਸੰਭਾਵਿਤ ਤਸਵੀਰ ਕੁਝ ਇਸ ਤਰ੍ਹਾਂ ਹੋਵੇਗੀ। ਉਹ ਖੇਤੀ ਦਾ ਵਿਸ਼ਵੀਕਰਨ ਕਰਨ 'ਚ ਮਦਦ ਕਰਨਗੇ। ਯਾਨੀ ਉਹ ਸਾਮਰਾਜੀ ਦੇਸ਼ਾਂ ਨੂੰ ਫੁੱਲ ਫਲ ਆਦਿ ਬਰਾਮਦ ਕਰਨ ਲਈ ਖੇਤੀ ਨੂੰ ਉਤਸ਼ਾਹਿਤ ਕਰਨਗੇ। ਉਹ ਦੇਸ਼ ਅੰਦਰ ਖਾਦ ਪ੍ਰੋਸੈਸਿੰਗ ਉਦਯੋਗ ਲਈ ਵਸਤਾਂ ਨੂੰ ਹੱਲਾਸ਼ੇਰੀ ਦੇਣਗੇ। ਇਹ ਕੰਮ ਸਾਮਰਾਜੀ ਕੰਪਨੀਆਂ ਕਾਰਗਿਲ ਮੌਂਸੈਂਟੋ ਆਦਿ ਦੇ ਮੁਤਾਬਿਕ ਹੋਵੇਗਾ। ਇਸ ਦੇ ਲਈ ਉਹ ਕਿਸਾਨਾਂ ਤੋਂ ਠੇਕੇ 'ਤੇ ਖੇਤੀ ਕਰਾਵਾਉਣਗੇ। ਖਾਦ ਪ੍ਰੰਸਕਰਣ ਉਦਯੋਗ ਤੋਂ ਲੈ ਕੇ ਦੇਸ਼ ਅੰਦਰ ਫਲ-ਫੁਲ ਸਬਜੀ ਤੇ ਅਨਾਜ ਵੇਚਣ ਦਾ ਕੰਮ ਵੀ ਕੰਪਨੀਆਂ ਕਰਨਗੀਆਂ। ਜਿਹਨਾਂ ਦਾ ਕਿਸਾਨਾਂ ਨਾਲ ਸਿੱਧਾ ਠੇਕਾ ਹੋਵੇਗਾ। ਖੇਤੀ ਵਸਤਾਂ ਦੀ ਬਰਾਮਦ ਵੀ ਉਹੀ ਕਰਨਗੀਆਂ। ਠੇਕੇ 'ਤੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਖਾਦ ਬੀਜ ਕੀਟਨਾਸ਼ਕ ਤੇ ਪ੍ਰਸਾਰ ਸਹੂਲਤਾਂ ਇਹੀ ਮੁਹੱਈਆ ਕਰਵਾਉਣਗੀਆਂ। ਮਸ਼ੀਨਾਂ ਸਾਮਰਾਜੀ ਕੰਪਨੀਆਂ ਹੀ ਵੇਚਣਗੀਆਂ ਕਿਉਂਕਿ ਖੇਤੀ ਨੂੰ ਉਨਤ ਕਰਨ ਵਾਲੀ ਤਕਨੀਕ ਉਹਨਾਂ ਕੋਲ ਹੀ ਹੈ। ਇਹ ਸਭ ਦੂਜਾ ਹਰਾ ਇਨਕਲਾਬ ਹੋਵੇਗਾ ਪਹਿਲੀ ਹਰੀ ਕ੍ਰਾਂਤੀ ਦੇ ਪਿਤਾ ਐਮ. ਐਸ. ਸਵਾਮੀ ਨਾਥਨ ਇਸ ਦੇ ਵੀ ਹਮਾਇਤੀ ਹਨ। ਇਸ ਨਾਲ ਖੇਤੀ 'ਚ ਉਤਪਾਦਨ ਵਧੇਗਾ

ਕੋਈ ਕਹਿ ਸਕਦਾ ਹੈ ਕਿ ਇਹ ਤਾਂ ਭਾਰਤੀ ਖੇਤੀ ਦਾ ਵਿਦੇਸ਼ੀ ਹੱਥਾਂ 'ਚ ਸੌਂਪਣਾ ਹੋਵੇਗਾ ਤਾਂ ਇਸ ਨਾਲ ਕੀ? ਇਸ ਨਾਲ ਖੇਤੀ ਦੀ ਉੱਨਤੀ ਤਾਂ ਹੋਊ। ਪੈਦਾਵਾਰ ਤਾਂ ਵਧੂ ਇਸ ਨਾਲ ਗਰੀਬ ਛੋਟੇ ਕਿਸਾਨਾਂ ਦੀ ਕੰਗਾਲੀ ਹੋਰ ਤੇਜੀ ਨਾਲ ਵਧੇਗੀ। ਅਰਧ ਜਾਗੀਰੂ ਅਰਧਬਸਤੀ ਵਾਦੀ ਢਾਂਚੇ 'ਚ ਤਾਂ ਇਹੀ ਹੁੰਦਾ ਹੈ। ਆਖਰ ਤਰੱਕੀ ਦੀ ਕੀਮਤ ਤਾਂ ਦੇਣੀ ਹੀ ਪੈਣੀ ਹੈ। ਹਿਲੇਰੀ ਕਲਿੰਟਨ ਦੇ ਬਿਆਨ ਦਾ ਵੀ ਅਰਥ ਇਹੀ ਹੈ। ਅਮਰੀਕੀ ਸਾਮਰਾਜੀ ਵੀ ਇਹੀ ਚਾਹੁੰਦੇ ਹਨ। ਹੁਣ ਬਸ ਇਕ ਛੋਟਾ ਜਿਹਾ ਸੁਆਲ ਬਚ ਜਾਂਦਾ ਹੈ ਕੀ ਭਾਰਤ ਦੇ ਗਰੀਬ, ਛੋਟੇ, ਦਰਮਿਆਨੇ ਕਿਸਾਨ ਤੇ ਮਜ਼ਦੂਰ ਮੇਹਨਤਕਸ਼ ਜਨਤਾ ਵੀ ਇਹੀ ਚਾਹੁੰਦੀ ਹੈ? ਇਹ ਸੁਆਲ ਦੇਸ਼ੀ ਵਿਦੇਸ਼ੀ ਹਾਕਮਾਂ ਦੇ ਗਲੇ ਦੀ ਹੱਡੀ ਬਣੇਗਾ।

# ਇਜ਼ਰਾਇਲੀ ਹਾਕਮਾਂ ਦੀ ਪੋਲ ਖੁੱਲ੍ਹੀ ਕਿਵੇਂ?

ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ ਤਿਵੇਂ ਤਿਵੇਂ ਇਜ਼ਰਾਇਲ ਵੱਲੋਂ ਗਾਜਾ ਪੱਟੀ 'ਚ ਢਾਹੇ ਗਏ ਜ਼ੁਲਮ ਤੇ ਯੁਧਨੀਤੀ ਉਜਾਗਰ ਹੁੰਦੀ ਜਾ ਰਹੀ ਹੈ। ਇਜਰਾਇਲ ਨੇ ਪਿਛਲੇ ਸਾਲ ਦੇ ਦਸੰਬਰ ਮਹੀਨੇ ਅਤੇ ਇਸ ਸਾਲ ਦੇ ਜਨਵਰੀ ਮਹੀਨੇ 'ਚ ਗਾਜਾ ਪੱਟੀ 'ਚ ਚੌਤਰਫਾ ਹਮਲਾ ਬੋਲ ਕੇ ਭਿਆਨਕ ਤਬਾਹੀ ਮਚਾਈ ਸੀ। 22 ਦਿਨ ਤਕ ਚਲੇ ਇਸ ਹਮਲੇ ਨੇ ਗਾਜਾ ਪੱਟੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਅਧਿਕਾਰਤ ਅੰਕੜਿਆਂ ਅਨੁਸਾਰ ਇਸ 'ਚ 1400 ਫਿਲਸਤੀਨੀ ਮਾਰੇ ਗਏ ਜਦ ਕਿ ਇਸ ਵਿੱਚ ਇਜ਼ਰਾਇਲ ਦੇ ਸਿਰਫ 13 ਸੈਨਿਕ ਮਰੇ ਸਨ। ਮਾਰੇ ਗਏ ਫਿਲਸਤੀਨੀਆਂ ਵਿੱਚ ਬੱਚੇ ਤੇ ਬਜ਼ੁਰਗ ਔਰਤ ਵੀ ਸ਼ਾਮਲ ਸਨ। ਇਜ਼ਰਾਇਲ ਨੇ ਗਾਜਾ ਪੱਟੀ 'ਚ ਹਸਪਤਾਲ ਯੂਨੀਵਰਸਿਟੀ ਸਕੂਲ ਨਾਗਰਿਕਾਂ ਦਾ ਘਰਾਂ ਆਦਿ ਹਰ ਚੀਜ਼ ਨੂੰ ਨਿਸ਼ਾਨਾ ਬਣਾਇਆ ਗਿਆ। ਇਜ਼ਰਾਇਲ ਨੇ ਗਾਜਾ ਪੱਟੀ ਵਿੱਚ ਕੌਮਾਂਤਰੀ ਕਨੂੰਨਾਂ ਰਾਹੀਂ ਨਜਾਇਜ਼ ਠਹਿਰਾਏ ਗਏ ਰਸਾਇਣਿਕ ਹਥਿਆਰ ਦੀ ਵੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਰਾਕ 'ਤੇ ਮਨੁੱਖੀ ਤਬਾਹੀ ਵਾਲੇ ਹਥਿਆਰਾਂ ਦੇ ਬਹਾਨੇ ਹੇਠ ਹਮਲਾ ਕਰਨ ਵਾਲਾ ਅਮਰੀਕਾ ਇਸ ਮੌਕੇ ਇਕਦਮ ਚੁੱਪ ਰਿਹਾ ਬਰਾਕ ਓਬਾਮਾ ਨੇ ਵੀ ਇਜਰਾਇਲ ਦੇ ਅਪਰਾਧਾਂ ਬਾਰੇ ਇਕ ਸ਼ਬਦ ਕਹਿਣਾ ਠੀਕ ਨਹੀਂ ਸਮਝਿਆ। ਇਜਰਾਇਲ ਦੇ ਕਿੰਨੇ ਹੀ ਫੌਜੀ ਬਰਾਕ, ਓਬਾਮਾ, ਬੈਂਜਾਮਿਨ, ਨੇਤਾ ਨਹੂ ਵਾਂਗੂੰ ਨਿਰਲੱਜ ਨਹੀਂ ਨਿਕਲੇ। ਉਹਨਾਂ ਨੇ ਇਸ ਹਮਲੇ ਦੌਰਾਨ ਅਪਣਾਈ ਨੀਤੀ ਤੇ ਯੁੱਧ ਅਪਰਾਧਾਂ ਦਾ ਖੁਲਾਸਾ ਪਿਛਲੀ ਦਿਨੀਂ ਇਕ ਇਨਕਲਾਬਨਾਮੇ ਵਿੱਚ ਕੀਤਾ। ਇਹਨਾਂ ਸੈਨਿਕਾਂ ਦੀ ਗਿਣਤੀ ਲਗਭਗ ਤੀਹ ਹਜ਼ਾਰ ਹੈ। ਇਹਨਾਂ ਸੈਨਿਕਾਂ ਦੇ ਨਾਂ ਦਾ ਖੁਲਾਸਾ ਤਾਂ ਨਹੀਂ ਕੀਤਾ ਗਿਆ ਪਰ ਜੋ ਗੱਲਾਂ ਉਹਨਾਂ ਨੇ ਦੱਸੀਆਂ ਹਨ ਉਹ ਅੱਖਾਂ ਖੋਲ੍ਹ ਦੇਣ ਵਾਲੀਆਂ ਹਨ, ਉਹ ਹਿਟਲਰ ਦੀ ਨੀਤੀਆਂ ਦੀ ਯਾਦ ਕਰਵਾ ਦਿੰਦੀਆਂ ਹਨ। ਇਹਨਾਂ ਸੈਨਿਕਾ ਨੇ ਦੱਸਿਆ ਕਿ ਇਜ਼ਰਾਇਲ ਦੀ ਸੈਨਾ ਨੇ 'ਪਹਿਲਾਂ ਗੋਲੀ ਮਾਰੋ ਫਿਰ ਹੀ ਉਸ ਦੇ ਨਤੀਜਿਆਂ ਬਾਰੇ ਸੋਚੋ' ਜਿਹੋ ਜਿਹੀ ਅਤਿਆਚਾਰੀ ਨੀਤੀ ਅਪਣਾਈ। ਇਸ ਨੀਤੀ ਦੇ ਤਹਿਤ ਇਜ਼ਾਰਾਇਲੀ ਸੈਨਾ ਕਿਸੇ ਵੀ ਨਾਗਰਿਕ ਤੋਂ ਕਝ ਪੁੱਛੇ ਬਗੈਰ ਸਿਰਫ ਆਪਣੇ ਸ਼ੱਕ ਦੇ ਆਧਾਰ 'ਤੇ ਨਿਸ਼ਾਨਾ ਸਿੰਨ ਕੇ, ਗੋਲੀ ਮਾਰ ਦਿੰਦੀ ਸੀ। ਇਸ ਤਰ੍ਹਾਂ ਘਰਾਂ ਦੀ ਤਲਾਸ਼ੀ ਲੈਣ ਸਮੇਂ ਨਿਰਦੋਸ਼ ਲੋਕਾਂ ਦੀ ਵਰਤੋਂ ਫੌਜੀ ਆਪਣੇ ਕਵਜ ਵਜੋਂ ਕਰਦੇ ਸਨ। 'ਮਨੁੱਖੀ ਕਵਚ' ਦੀ ਇਹ ਨੀਤੀ ਗਲ ਇਜ਼ਰਾਇਲੀ ਫੌਜੀਆਂ ਨੇ ਮੰਨੀ ਹੈ। ਇਸ ਤਰ੍ਹਾਂ ਇਕ ਹੋਰ ਨੀਤੀ 'ਡੇ ਆਫਟਰ' ਅਪਣਾਈ ਗਈ। ਇਸ ਨੀਤੀ ਇਜ਼ਰਾਇਲੀ ਸੈਨਾ ਦੇ ਅਪਣਾਉਣ ਤੇ ਕਈ ਨਿਰਦੋਸ਼ ਨਾਗਰਿਕ ਮਾਰੇ ਗਏ। ਇਹ ਗੱਲ ਤਹਿਤ ਹਰ ਉਸ ਘਰ ਨੂੰ ਨਿਸ਼ਾਨਾ ਬਣਾ ਕੇ ਨਸ਼ਟ ਕਰ ਦਿੱਤਾ ਗਿਆ ਜੋ ਗਾਜਾ ਪੱਟੀ 'ਚ ਕਿਸੇ ਪਹਾੜੀ ਉਪਰ ਸੀ। ਇਜ਼ਰਾਇਲੀ ਸੈਨਿਕ ਅਜਿਹੇ ਘਰਾਂ ਨੂੰ ਪੂਰੀ ਤਰ੍ਹਾਂ ਨਾਲ ਤਹਿਸ ਨਹਿਸ ਕਰ ਦਿੰਦੇ ਸਨ। ਇਜ਼ਰਾਇਲ ਦੀ ਫੌਜ ਨੇ ਇਹ ਨੀਤੀਆਂ ਯੁੱਧ ਸ਼ੁਰੂ ਕਰਨ ਤੋਂ ਪਹਿਲਾਂ ਹੀ ਬਣਾ ਲਈਆਂ ਸਨ ਅਤੇ ਇਸ ਨਾਲ ਸੈਨਿਕਾਂ ਨੂੰ ਪੂਰੀ ਤਰ੍ਹਾਂ ਨਾਲ ਜਾਣੂ ਕਰਵਾ ਦਿੱਤਾ ਗਿਆ ਸੀ। ਇਜ਼ਰਾਇਲ ਦੀ

ਫੌਜ ਹੁਣ ਇਹਨਾਂ ਫੌਜੀਆਂ ਦੇ ਇਨਕਲਾਬ ਨਾਮਿਆਂ ਨੂੰ ਝੂਠੇ ਤੇ ਮਨ ਘੜਤੀ ਦੱਸ ਰਹੀ ਹੈ। ਸੱਚ ਉਜਾਗਰ ਹੋਣ ਦੇ ਬਾਵਜੂਦ ਇਹਨਾਂ 'ਚ ਏਨੀ ਹਿੰਮਤ ਨਹੀਂ ਹੈ ਕਿ ਉਹ ਆਪਣੇ ਕੁਕਰਮ ਨੂੰ ਮੰਨਣ ਅਤੇ ਸੱਚ ਤਾਂ ਇਹ ਹੈ ਕਿ ਇਹ ਹਿੰਮਤ ਅਮਰੀਕਾ ਦੇ ਰਾਸ਼ਟਰਪਤੀ ਤੇ ਇਜ਼ਰਾਇਲ ਤੇ ਪ੍ਰਧਾਨ ਮੰਤਰੀ ਵਿੱਚ ਵੀ ਨਹੀਂ ਹੈ। ਇਹ ਇਨਕਲਾਬੀਆਂ ਬਿਆਨ ਇਜਰਾਇਲ ਦੀ ਸੈਨਾ ਦੇ ਉਸ ਛੋਟੇ ਜਿਹੇ ਹਿੱਸੇ ਦੀ ਨੁਮਾਇੰਦੀ ਕਰਦੇ ਹਨ ਜੋ ਪਹਿਲਾਂ ਹੀ ਫਿਲਸਤੀਨ 'ਤੇ ਕੀਤੇ ਜਾਂਦੇ ਅਤਿਆਚਾਰ ਨੂੰ ਉਹ ਜਰਮਨ ਫਾਸਿਸਟਾਂ ਵਾਲੇ ਯਹੂਦੀਆਂ 'ਤੇ ਕੀਤੇ ਜਾਣ ਵਾਲੇ ਅਤਿਆਚਾਰਾਂ ਦੇ ਬਰਾਬਰ ਰੱਖਦੇ ਹਨ।

# ਸੰਸਾਰ ਅਰਥਚਾਰਾ ਕੋਈ ਰਾਹ ਨਹੀਂ ਸੁਝਦਾ

ਦੁਨੀਆਂ ਦੇ ਅਰਥਚਾਰੇ ਬਾਰੇ ਮੁਲਅੰਕਣ ਕਰਨ ਵਾਲੀਆਂ ਸੰਸਥਾਵਾਂ ਜਿਵੇਂ-ਜਿਵੇਂ ਆਪਣੇ ਮੌਜੂਦਾ ਮੁਲਅੰਕਣ ਪੇਸ਼ ਕਰ ਰਹੀਆਂ ਹਨ ਤਿਵੇਂ-ਤਿਵੇਂ ਸੰਸਾਰ ਅਰਥਚਾਰੇ ਦੀ ਮੌਜੂਦਾ ਗੰਭੀਰ ਹਾਲਤ ਹੋਰ ਵੱਧ ਸਪੱਸ਼ਟ ਹੁੰਦੀ ਜਾ ਰਹੀ ਹੈ। ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਨੇ ਜੋ ਤਾਜੀ ਰਿਪੋਰਟ ਜਾਰੀ ਕੀਤੀ ਹੈ। ਉਹ ਵੀ ਇਸੇ ਲੜੀ ਦੀ ਇਕ ਕੜੀ ਹੈ। ਵਿਸ਼ਵ ਦੀਆਂ 28 ਸਭ ਤੋਂ ਉੱਨਤ ਅਰਥਚਾਰਿਆਂ ਦੀ ਸੰਸਥਾ ਹੈ। ਇਸ ਵਿੱਚ ਪੱਛਮੀ ਯੂਰਪ ਅਤੇ ਉੱਤਰੀ ਕੋਰੀਆ ਦੇ ਦੇਸ਼ ਹਨ। ਇਸ ਸੰਸਥਾ ਨੇ ਆਪਣੇ ਸੰਘਟਕ ਦੇਸ਼ਾਂ ਬਾਰੇ ਜੋ ਦੱਸਿਆ ਹੈ ਉਸ ਦੀ ਸੰਖੇਪ ਤਸਵੀਰ ਨੂੰ ਇਥੇ ਪੇਸ਼ ਅੰਕੜੇ ਦੱਸਦੇ ਹਨ। ਸਾਰੇ ਦੇਸ਼ਾਂ 'ਚ ਆਰਥਕ ਸੰਕਟ 2008 'ਚ ਹੀ ਡੂੰਘਾ ਹੋ ਗਿਆ ਸੀ ਪਰ ਇਹ ਅਜੇ ਉਸ ਦੇ ਸਾਹਮਣੇ ਕੁਝ ਵੀ ਨਹੀਂ ਸੀ ਜੋ 2009 'ਚ ਹੋਣ ਵਾਲਾ ਸੀ 2009 'ਚ ਪੂਰੇ ਖੇਤਰ ਵਿੱਚ ਪੈਦਾਵਾਰ ਲਗਭਗ 5 ਫੀਸਦੀ ਡਿੱਗਣ ਦੀ ਸੰਭਾਵਨਾ ਹੈ। ਇਹ ਵੱਖ-ਵੱਖ ਦੇਸ਼ਾਂ ਵਿੱਚ ਉਸਨੂੰ 7 ਫੀਸਦੀ ਡੇਗੇਗਾ। ਇਸ ਤਰ੍ਹਾਂ ਬੇਰੁਜ਼ਗਾਰੀ ਦਾ ਦਰ ਵਧਾ ਕੇ 12 ਫੀਸਦੀ ਪਹੁੰਚ ਜਾਣ ਦੀ ਸੰਭਾਵਨਾ ਹੈ। ਇਸ ਵਿਚ ਛਿਪੀ ਜਾਂ ਹੋਰ ਤਰ੍ਹਾਂ ਦੀ ਬੇਰੁਜ਼ਗਾਰੀ ਦੀ ਗਿਣਤੀ ਨਹੀਂ ਹੈ। ਇਸ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਸੰਕਟ ਤੋਂ ਪਾਰ ਲੰਘਣ ਲਈ ਪੂੰਜੀਪਤੀ ਜਮਾਤ ਤੇ ਉਸ ਦੀ ਸਰਕਾਰ ਨੂੰ ਕੋਈ ਰਾਹ ਨਹੀਂ ਦਿਸ ਰਿਹਾ ਹੈ। 2009 'ਚ ਜਿਵੇਂ-ਜਿਵੇਂ ਸੰਕਟ ਡੂੰਘਾ ਹੁੰਦਾ ਗਿਆ ਹੈ। ਤਿਵੇਂ-ਤਿਵੇਂ ਅਰਥਚਾਰਾ 'ਚ ਜਾਨ ਫੂਕਣ ਲਈ ਸਰਕਾਰਾਂ ਨੇ ਪੈਸਾ ਝੋਕਿਆ ਹੈ। ਇਸ ਨਾਲ ਸਰਕਾਰ ਦਾ ਬਜਟ ਬਹੁਤ ਵਧ ਗਿਆ ਹੈ। ਵਿਤੀ ਅਨੁਸਾਸ਼ਨ ਦਾ ਰਾਗ ਅਲਾਪਨ ਵਾਲੇ ਸਾਮਰਾਜੀ ਦੇਸ਼ਾਂ 'ਚ ਬਜਟ ਘਾਟਾ 10-12 ਫੀਸਦੀ ਤਕ ਜਾ ਪਹੁੰਚਿਆ ਹੈ। ਇਸ ਦੇ 2010 ਵਿੱਚ ਹੋਰ ਵੀ ਜ਼ਿਆਦਾ ਵਧਣ ਦੀ ਸੰਭਾਵਨਾ ਹੈ। ਸਾਮਰਾਜਵਾਦੀਆਂ ਲਈ ਸਭ ਤੋਂ ਵੱਡਾ ਸੁਆਲ ਇਹ ਹੈ ਕਿ ਜੇ ਇਹ ਪੈਸਾ ਝੋਕਣਾ ਵੀ ਕੰਮ ਨਾ ਆਇਆ ਤਾਂ ਉਹ ਕਰਨਗੇ ਕੀ? ਜਿਵੇਂ 2009 'ਚ ਸੰਕਟ ਗੰਭੀਰ ਹੋਇਆ ਹੈ ਵੈਸੇ ਹੀ ਗਿਰਾਵਟ ਆਦਿ ਜਾਰੀ ਰਹੀ ਤਾਂ ਹੋਵੇਗਾ ਕੀ? ਇਸ ਸੰਕਟ ਦੀ ਸ਼ੁਰੂਆਤ ਵਿੱਤੀ ਖੇਤਰ ਤੋਂ ਹੋਈ ਸੀ। ਹੁਣ ਦੋ ਸਾਲ ਬੀਤ ਜਾਣ ਅਤੇ ਸਰਕਾਰਾਂ ਵਲੋਂ ਵਿਤੀ ਸੰਸਥਾਨਾ ਨੂੰ ਹਜ਼ਾਰੋਂ ਅਰਬ ਰੁਪਏ ਲਟਾਉਣ ਪਿਛੋਂ ਵੀ ਵਿਤੀ ਖੇਤਰ ਜਾਮ ਹੋਇਆ ਪਿਆ ਹੈ। ਬੈਂਕ ਅਤੇ ਵਿਤੀ ਸੰਸਥਾਨ ਖਰਾਬ ਹਾਲਤਾਂ 'ਚ ਗਲੇ ਤਕ ਡੁੱਬੇ ਹੋਏ ਹਨ। ਅਮਰੀਕਾ 'ਚ ਬੈਂਕ ਇਕ ਪਿਛੋਂ ਇਕ ਦੀਵਾਲੀਆ ਹੁੰਦੇ ਜਾ ਰਹੇ ਹਨ। ਸਾਮਰਾਜੀ ਸਰਕਾਰਾਂ ਇਹਨਾਂ ਨੂੰ ਬਚਾ ਨਹੀਂ ਪਾ ਰਹੀਆਂ ਹਨ। ਅਜਿਹੇ 'ਚ ਇਹਨਾਂ ਦੇਸ਼ਾਂ ਦੇ ਅਰਥਚਾਰੇ 'ਚ ਗਤੀ ਕਿਥੋਂ ਪੈਦਾ ਹੋਵੇਗੀ? ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਮਜ਼ਦੂਰਾਂ ਦੀ ਛਾਂਟੀ ਲਗਾਤਾਰ ਜਾਰੀ ਹੈ। ਇਸ ਦੇ ਹੋਰ ਵਧਣ ਦਾ ਡਰ ਹੈ। ਵਿਤ ਦੇ ਠੱਪ ਹੋਣ ਨਾਲ 'ਕਰਜਾ ਲਓ ਤੇ ਘਿਓ ਪੀਓ' ਵਾਲਾ ਫਾਰਮੂਲਾ ਵੀ ਹੁਣ ਕੰਮ ਨਹੀਂ ਕਰ ਸਕਦਾ। ਤਦ ਫਿਰ ਬਾਜ਼ਾਰ 'ਚ ਮੰਗ ਕਿਥੋਂ ਪੈਦਾ ਹੋਵੇਗੀ ਅਤੇ ਬਿਨਾਂ ਬਾਜ਼ਾਰ 'ਚ ਮੰਗ ਪੈਦਾ ਹੋਏ ਪੈਦਾਵਾਰ ਵੰਡ 'ਚ ਫਿਰ ਰਫਤਾਰ ਕਿਥੋਂ ਆਵੇਗੀ? ਕੁੱਲ ਮਿਲਾ ਕੇ ਵਿਸ਼ਵੀ ਅਰਥਚਾਰੇ ਦੀ ਹਾਲਤ ਸੁਧਾਰਨ ਦੇ ਕੋਈ ਸੰਕੇਤ ਨਹੀਂ ਹਨ। ਗੱਲ ਉਲਟੀ ਹੀ ਵੱਧ ਹੈ।

# ਓਸਾਮਾ ਬਿਨ ਲਾਦੇਨ-ਸਿਰਫ ਇਕ ਮੋਹਰਾ?

ਕੀ ਤੁਸੀਂ ਵਿਸਵਾਸ ਕਰ ਸਕਦੇ ਹੋ ਕਿ ਜਿਸ ਓਸਾਮਾ ਬਿਨ ਦੀ ਤਲਾਸ਼ 'ਚ ਅਮਰੀਕਾ ਨੇ ਅਫ਼ਗਾਨਿਸਤਾਨ ਤੋਂ ਲੈ ਕੇ ਇਰਾਕ ਤਕ ਨੂੰ ਤਬਾਹ ਕਰ ਦਿੱਤਾ, ਉਹ ਓਸਾਮਾ 11 ਸਤੰਬਰ 2001 ਦੇ ਹਮਲਿਆਂ ਤੋਂ ਪਹਿਲਾਂ ਤਕ ਅਮਰੀਕਾ ਲਈ ਕੰਮ ਕਰਦਾ ਸੀ। ਕਈ ਲੋਕ ਇਸ ਨੂੰ ਬਕਵਾਸ ਕਹਿ ਸਕਦੇ ਹਨ। ਕਈ ਇਸ ਨੂੰ ਯੁੱਧ ਵਿਰੋਧੀ ਸਮੂਹ ਦੇ ਸ਼ਿਗੂਫੇ ਦੀ ਤਰ੍ਹਾਂ ਵੇਖ ਸਕਦੇ ਹਨ ਅਤੇ ਕਈ ਇਸ ਨੂੰ ਅਮਰੀਕਾ ਦੀ ਸਾਬਕਾ ਸਰਕਾਰ ਨੂੰ ਬਦਨਾਮ ਕਰਨ ਦੀ ਸਾਜਿਸ ਤਕ ਕਹਿ ਸਕਦੇ ਹਨ ਇਹਨਾਂ 'ਚੋਂ ਕੁਝ ਵੀ ਸੰਭਵ ਹੈ, ਜੇ ਐਸੀ ਗੱਲ ਬੋਲਣ ਵਾਲਾ ਕੋਈ ਆਮ ਆਦਮੀ ਹੋਵੇ। ਅਮਰੀਕਾ ਤੇ ਓਸਾਮਾ ਤਾਲਿਬਾਨ ਦੇ ਨਾਲ ਸੁਖਾਵੇਂ ਮਿੱਠੇ ਸਬੰਧਾਂ ਦਾ ਖੁਲਾਸਾ ਕਿਸੇ ਹੋਰ ਨੇ ਨਹੀਂ ਬਲਕਿ ਅਮਰੀਕੀ ਜਾਂਚ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਕ ਸਾਬਕਾ ਕਰਮਚਾਰਪ ਸਿਬੇਲ ਏਡਮੰਡਸ ਨੇ ਕੀਤਾ ਹੈ। ਉਹਨਾਂ ਨੇ ਵਾਸ਼ਿੰਗਟਨ ਸਥਿਤ ਐਫ. ਬੀ. ਆਈ. ਦੇ ਦਫਤਰ ਵਿੱਚ ਅਨੁਵਾਦਕ ਵਜੋਂ ਕੰਮ ਕਰਨ ਦੌਰਾਨ ਹੀ ਕੌਮੀ ਸੁਰੱਖਿਆ ਨਾਲ ਜੁੜੇ ਮਾਮਲਿਆਂ 'ਚ ਗੰਭੀਰ ਲਾਪਰਵਾਹੀ ਲਿਪਾ ਪੋਚੀ ਤੇ ਖੁਫੀਆ ਸੂਚਨਾਵਾਂ ਨੂੰ ਛੁਪਾਉਣ ਦੇ ਕਈ ਮਾਮਲਿਆਂ ਦਾ ਖੁਲਾਫਾ ਕੀਤਾ ਸੀ। ਇਹਨਾਂ ਖੁਲਾਸਿਆਂ ਨੂੰ ਜਦ ਉਹਨਾਂ ਨੇ ਐੱਫ. ਬੀ. ਆਈ. ਦੇ ਪ੍ਰਬੰਧ ਦੇ ਸਾਹਮਣੇ ਰੱਖਿਆ ਤਾਂ ਉਹਨਾਂ ਨੂੰ ਹੀ ਨਿਸ਼ਾਨੇ 'ਤੇ ਲੈ ਲਿਆ ਗਿਆ। ਜਿਆਦਾ ਜੁਆਬ ਤਲਬੀ ਪਿੱਛੋਂ ਆਖਰ 2002 'ਚ ਉਹਨਾਂ ਨੂੰ ਐੱਫ. ਬੀ. ਆਈ. ਤੋਂ ਕੱਢ ਦਿੱਤਾ ਗਿਆ ਅਤੇ ਉਹਨਾਂ 'ਤੇ ਖੁਫੀਆ ਜਾਣਕਾਰੀਆਂ ਜਨਤਕ ਕਰਨ ਨਾਲ ਸਬੰਧਿਤ ਕਈ ਮੁਕੱਦਮੇ ਲੱਦ ਦਿੱਤੇ ਗਏ। ਸਿਬੇਲ ਏਡਮੰਡਸ ਹੁਣ ਨੈਸ਼ਨਲ ਸਕਿਊਰਟੀ ਵਿਸਲ ਬਲੋ ਅਰਸਕੋਲਿਸ਼ਨ ਦੀ ਮੁਖੀ ਹੈ। ਇਹ ਸੰਸਥਾ ਕੌਮੀ ਸੁਰੱਖਿਆ ਨਾਲ ਜੁੜੇ ਮਾਮਲਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਦੀ ਹੈ ਅਤੇ ਸਮੇਂ ਸਮੇਂ 'ਤੇ ਟੀ. ਵੀ. ਅਤੇ ਰੇਡਿਓ ਦੇ ਰਾਹੀਂ ਅਜਿਹੇ ਖੁਲਾਸੇ ਕਰਦੀ ਹੈ ਜਿਨ੍ਹਾਂ ਕਾਰਨ ਅਮਰੀਕਾ ਦੀ ਸਰਕਾਰ ਨੂੰ ਵੀ ਜੁਆਬ ਦੇਣਾ ਮੁਸ਼ਕਲ ਹੋ ਜਾਂਦਾ ਹੈ। ਸਿਬੇਲ ਏਡਮੰਡਸ ਨੇ ਪਿੱਛੇ ਜਿਹੇ ਹੀ ਮਾਇਕ ਮੈਲਾਅ ਰੇਡਿਓ ਸ਼ੋਅ 'ਚ ਇਕ ਰੂਬਰੂ ਦੌਰਾਨ ਦੱਸਿਆ ਕਿ ਮੱਧ ਏਸ਼ੀਆ ਵਿੱਚ ਔਸਾਅ-ਬਿਨ-ਲਾਦੇਨ ਦੀ ਵਰਤੋਂ ਅਮਰੀਕਾ ਨੇ ਆਪਣੇ ਲਈ ਕੀਤੀ ਚੀਨ ਦੇ ਮੁਸਲਿਮ ਬਹੁਗਿਣਤੀ ਸ਼ਿਨਚਿਆਗ ਸੂਬੇ 'ਚ ਓਸਾਮਾ ਦੀ ਮਦਦ ਨਾਲ ਕਈ ਦਹਿਸਤਪਸੰਦ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ। ਚੀਨ 'ਚ ਓਸਾਮਾ ਤੇ ਤਾਲਿਬਾਨ ਦੀ ਮਦਦ ਨਾਲ ਚੱਲੀ ਮੁਹਿੰਮ ਠੀਕ ਉਹੋ ਜਿਹੀ ਸੀ ਜੈਸੀ ਅਫਗਾਨਿਸਤਾਨ 'ਚ ਸੋਵੀਅਤ ਸੰਘ ਨਾਲ ਅਮਰੀਕੀ ਜੰਗ ਸੀ। ਓਸਾਮਾ ਦੀ ਵਰਤੋਂ ਅਮਰੀਕਾ ਨੇ ਤੁਰਕੀ ਰਾਹੀਂ ਕੀਤੀ ਜਿਸ ਦੀ ਮਦਦ ਪਾਕਿਸਤਾਨ ਅਫ਼ਗਾਨਿਸਤਾਨ ਤੇ ਸਾਊਦੀ ਅਰਬ ਕਰ ਰਹੇ ਸਨ। ਸਿਬੇਲ ਅਨੁਸਾਰ ਮੱਧ ਏਸੀਆ 'ਚ ਊਰਜਾ ਦੀ ਖਪਤ ਅਤੇ ਸੰਭਾਵਿਤ ਹਥਿਆਰ ਬਾਜ਼ਾਰ ਨੂੰ ਧਿਆਨ 'ਚ ਰੱਖਦੇ ਹੋਇਆ ਓਸਾਮਾ ਰਹੀਂ ਛਿੜੀ ਜੰਗ ਲੜੀ ਜਾ ਰਹੀ ਸੀ। ਅਮਰੀਕਾ ਇਹਨਾਂ ਸਭ ਕਾਰਵਾਈਆਂ 'ਤੇ ਆਪਣੀਆਂ ਉਗਲਾਂ ਦੇ ਨਿਸ਼ਾਨ ਨਹੀਂ ਛੱਡਣਾ ਚਾਹੁੰਦੀ ਸੀ ਕਿਉਂਕਿ ਉਹ ਮੱਧ ਏਸ਼ੀਆ (ਉਜਬੇਕਿਸਤਾਨ, ਅਜਰਬਾਈਜਾਨ, ਕਜਾਕਿਸਤਾਨ ਤੇ ਤੁਰਕ ਗੇਨਿਸਤਾਨ) 'ਚ

ਵਿਦਰੋਹ ਨਹੀਂ ਚਾਹੁੰਦਾ ਸੀ ਅਤੇ ਨਾਲ ਹੀ ਨਾਲ ਚੀਨ 'ਤੇ ਰੂਸ ਨਾਲ ਵੀ ਸਿੱਧੇ ਭੇੜ 'ਤੋਂ ਬਚਣਾ ਚਾਹੁੰਦਾ ਸੀ। ਇਹੀ ਵਜਾਹ ਹੈ ਕਿ ਅਮਰੀਕਾ ਨੇ ਤੁਰਕੀ ਨੂੰ ਅੱਗੇ ਕੀਤਾ ਅਤੇ ਪਿੱਛੇ ਰਹਿ ਕੇ ਜੰਗ ਲੜਨ ਲੱਗਿਆ। ਇਹ ਸਾਜਿਸ਼ ਇਕ ਦਹਾਕੇ ਤੋਂ ਵੀ ਵੱਧ ਸਮਾਂ ਤੋਂ ਪਹਿਲਾਂ ਹੀ ਮੱਧ ਏਸ਼ੀਆ ਦੇ ਤੇਲ ਬਰਾਮਦਕਾਰਾਂ ਦੀ ਮਦਦ ਨਾਲ ਰਚਿਆ ਗਿਆ, ਜਿਸ ਨੂੰ ਇਸਲਾਮ ਦੇ ਨਾਂ 'ਤੇ ਖਾਦ-ਪਾਣੀ ਮਿਲਦਾ ਰਿਹਾ।

ਅਸਲ 'ਚ ਚੀਨ ਦੇ ਸਮੱਸਿਆ ਗ੍ਰਸਿਤ ਸਿਨਚਾਂਗ ਸੂਬੇ ਦੀ ਭੂਗੋਲਿਕ ਰਚਨਾ ਵੱਖਵਾਦ ਨੂੰ ਹਟਾ ਦੇਣ ਲਈ ਬਹੁਤ ਮੁਆਫਕ ਹੈ। ਮੁਸਲਿਮ ਬਹੁਗਿਣਤੀ ਇਸ ਸੂਬੇ 'ਚ ਸਾਲ 1990 ਤੋਂ ਹਿੰਸਕ ਕਾਰਵਾਈਆਂ ਤੇਜ ਹੋ ਗਈਆਂ ਹਨ। 9/11 ਤੋਂ ਬਾਅਦ ਸ਼ਿਨਚਿਆਂਗ ਸੂਬੇ ਦੇ ਖੇਤਰੀ ਅਧਿਕਾਰ ਨੇ 29 ਨਵੰਬਰ 2001 ਨੂੰ ਇਹ ਉਜਾਗਰ ਕੀਤਾ ਸੀ ਕਿ ਪੂਰਬੀ ਤੁਰਕਸਤਾਨ ਨਾਂ ਦਹ ਇਕ ਅੱਤਵਾਦੀ ਅੰਦੋਲਨ ਚੱਲ ਰਿਹਾ ਹੈ। ਜਿਸ 'ਚ 40 ਜਥੇਬੰਦੀਆਂ ਦੀ ਭਾਗੇਦਾਰੀ ਹੈ। ਸ਼ਿਨਚਿਆਂਗ 'ਚ ਉਦੀਗਰ ਜਾਤੀ ਦੇ ਇਕ ਸਮੂਹ ਨੇ ਕੌਮਾਂਤਰੀ ਪੱਧਰ ਦਾ ਇਕ ਨੈੱਟਵਰਕ ਤਿਆਰ ਕਰ ਲਿਆ ਹੈ ਜਿਸ ਦੀ ਤਾਰ ਅਲਕਾਇਦਾ ਤੇ ਉਸ ਦੇ ਮੁਖੀ ਓਸਾਮਾ ਬਿਨ ਲਾਦੇਨ ਨਾਲ ਜੁੜੀ ਹੋਈ ਹੈ। ਇਸ ਜਥੇਬੰਦੀ ਨੇ ਪਹਿਲੀ ਵਾਰੀ ਸ਼ਿਨਚਿਆਂਗ 'ਚ ਹੋਏ ਅੱਤਵਾਦੀ ਦਹਿਸ਼ਤਗਰਦ ਹਮਲਿਆਂ 2001 'ਚ ਲਈ ਸੀ। ਇੰਸਟੀਚਿਊਟ ਆਫ ਟਾਪੀਕਲ ਸਟੋਡੀਜ਼ ਚੇਨਈ ਦੇ ਨਿਰਦੇਸ਼ਕ ਅਤੇ ਕੇਂਦਰੀ ਵਧੀਕ ਕੈਬਨਿਟ ਸਕੱਤਰ (ਸੇਵਾ ਮੁਕਤ) ਬੀ ਰਮਨ ਨੇ ਏਸ਼ੀਆ ਟਾਈਮਜ਼ ਲਈ ਇਕ ਲੇਖ ਲਿਖਿਆ ਸੀ। ਇਸ 'ਚ ਉਹਨਾਂ ਖੁਲਾਸਾ ਕੀਤਾ ਸੀ ਕਿ ਈਸਟਰਨ ਤੁਰਕਸਤਾਨ ਇਸਲਾਮਿਕ ਮੂਵਮੈਂਟ ਦੇ ਮੁਖੀ ਹਸਨ ਮਹਿਮੂਦ ਨਾਲ 1999 'ਚ ਬਿਨ ਲਾਦੇਨ ਨੇ ਮੁਲਾਕਾਤ ਕੀਤੀ ਸੀ ਅਤੇ ਇਸਲਾਮਿਕ ਮੂਵਮੈਂਟ ਨੂੰ ਤਿੰਨ ਲੱਖ ਅਮਰੀਕੀ ਡਾਲਰ ਦੀ ਸਹਾਇਤਾ ਦਿੱਤੀ ਸੀ। ਬਾਅਦ 'ਚ ਹਸਨ ਮਹਿਮੂਦ ਕਾਬਲ ਜਾ ਕੇ ਛੁਪਿਆ। ਜਿਥੋਂ ਉਸ ਨੂੰ ਤਾਲਿਬਾਨ ਸਰਕਾਰ ਨੇ ਇਕ ਪਾਸਪੋਰਟ ਵੀ ਦਿੱਤੀ ਲਾਦੇਨ ਨੇ ਮਹਿਸੂਮ ਨੂੰ ਕਿਹਾ ਸੀ ਕਿ ਉਹ ਆਪਣੀ ਜਥੇਬੰਦੀ ਰਾਹੀਂ ਉਜਬਕਿਸਤਾਨ, ਤਜਾਕਸਤਾਨ ਤੇ ਕਿਰ ਗਿਸਤਾਨ 'ਚ ਅਸਥਿਰਤਾ ਕਾਇਮ ਰੱਖੇ ਅਤੇ ਨਾਲ ਹੀ ਨਾਲ ਸ਼ਿਨਚਿਆਂਗ 'ਚ ਭਾਰੀ ਪੈਮਾਨੇ 'ਤੇ ਘੁਸਪੈਠ ਦਾ ਰਾਹ ਵੀ ਸਾਫ ਕਰੇ। ਇਧਰ ਓਬਾਮਾ ਨੂੰ ਤੁਰਕੀ ਰਾਹੀਂ ਅਮਰੀਕੀ ਸਹਾਇਤਾ ਮਿਲ ਰਹੀ ਸੀ, ਜਿਸ ਦਾ ਅੰਦਾਜਾ ਕਿਸੇ ਨੂੰ ਨਹੀਂ ਸੀ। ਸੁਆਲ ਇਹ ਉੱਠਦਾ ਹੈ ਕਿ ਆਖਰ ਅਮਰੀਕਾ ਨੇ ਦਹਿਸ਼ਤੀ ਤਾਣੇ ਬਾਣੇ ਰਾਹੀਂ ਕੀ ਹਾਸਲ ਕੀਤਾ। ਜੁਆਬ ਬੜਾ ਸੌਖਾ ਹੈ। ਮੱਧ ਏਸ਼ੀਆ ਨੂੰ ਅਸਥਿਰ ਕਰਕੇ ਅਮਰੀਕਾ ਨੇ ਤੇਲ ਭੰਡਾਰਾਂ 'ਤੇ ਆਪਣਾ ਕਬਜਾ ਜਮ੍ਹਾ ਲਿਆ ਰੂਸ ਤੇ ਚੀਨ ਮੁਕਾਬਲੇ ਅੱਜ ਅਮਰੀਕਾ ਮੱਧ ਏਸ਼ੀਆ 'ਚ ਵੱਧ ਤਾਕਤਵਾਰ ਮੌਜੂਦਗੀ ਦਰਜ ਕਰਾਉਣ 'ਚ ਸਫਲ ਸਾਬਿਤ ਹੋਇਆ ਹੈ। ਤੇਲ ਤੋਂ ਇਲਾਵਾ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਕਾਰੋਬਾਰੀ ਖੇਤਰ ਹੈ ਹਥਿਆਰਾਂ ਦੀ ਵਿਕਰੀ। ਦੁਨੀਆਂ ਭਰ ਦੇ ਦੇਸ਼ ਫੌਜੀ ਅਧਿਕਾਰ ਖਰੀਦਣ 'ਚ 50 ਹਜ਼ਾਰ ਅਰਬ ਰੁਪਏ ਸਲਾਨਾ ਖਰਚ ਕਰਦੇ ਹਨ। ਮੱਧ ਏਸ਼ੀਆ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਦਹਿਸ਼ਤਗਰਦੀ ਦਾ ਖੌਫ ਦਿਖਾ ਕੇ ਹਥਿਆਰਾਂ ਦੀ ਵਿਕਰੀ। ਦੁਨੀਆਂ ਭਰ ਦੇ ਦੇਸ਼ ਫ਼ੌਜੀ ਅਧਿਕਾਰ ਖਰੀਦਣ 'ਚ 50 ਹਜ਼ਾਰ ਅਰਬ ਰੁਪਏ ਸਲਾਨਾ ਖਰਚ ਕਰਦੇ ਹਨ। ਮੱਧ ਏਸ਼ੀਆ ਦੇ ਵਿਕਾਸਸ਼ੀਲ ਦੇਸਾਂ ਨੂੰ ਦਹਿਸ਼ਤਗਰਦੀ ਦਾ ਖੌਫ ਦਿਖਾ ਕੇ ਹਥਿਆਰ ਵੇਚਣ ਦੀ ਕਲਾ 'ਚ ਮਾਹਿਰ ਅਮਰੀਕਾ ਨੇ ਸਾਲ 2000 ਤੋਂ 2007 ਦੌਰਾਨ ਹਥਿਆਰ

ਬਾਜ਼ਾਰ ਦੇ 38 ਫੀਸਦੀ ਹਿੱਸੇ ’ਤੇ ਕਬਜਾ ਜਮਾਈ ਰੱਖਿਆ। ਯਾਨੀ ਹਰ ਸਾਲ ਉਸ ਦਾ 19 ਹਜ਼ਾਰ ਅਰਬ ਰੁਪਏ ਦਾ ਕਾਰੋਬਾਰ ਹੋਇਆ। (ਸਰੋਤ : ਸੀ. ਆਰ. ਐਸ. ਰਿਪੋਰਟ ਫਾਰ ਕਾਂਗਰਸ ਕੰਵੈਨਸ਼ਨਲ ਆਰਮਸ ਟਰਾਂਸਫਰ ਟੂ ਡਿਵੈਲਪਿਮੈਂਟ ਨੇਸ਼ਨਸ 2000-07) ਹਥਿਆਰਾਂ ਦੇ ਮੁੱਖ ਖਰੀਦਦਾਰ ਉਹ ਦੇਸ਼ ਸਨ ਜਿਹਨਾਂ ਨੂੰ ਦਹਿਸ਼ਤੀ ਸਰਗਰਮੀਆਂ ਤੋਂ ਮਹਿਫੂਜ ਰੱਖਣ ਲਈ ਅਮਰੀਕਾ ਆਪਣੀ ਸਹਿ ਦੇ ਰਿਹਾ ਸੀ। ਹੁਣ ਜੇ ਸਿਬੇਲ ਦੇ ਖੁਲਾਸੇ ’ਤੇ ਗੌਰ ਕਰੀਏ ਤਾਂ ਦੇਖਾਂਗੇ ਕਿ ਉਹਨਾਂ ਨੇ ਓਸਾਮਾ ਬਿਨ ਲਾਦੇਨ ਅਤੇ ਤਾਲਿਬਾਨ ਦੇ ਨਾਲ ਅਮਰੀਕਾ ਦੇ ਸੁਖਾਵੇਂ ਸਬੰਧਾਂ ਦਾ ਜੋ ਦੋਸ਼ ਲਾਇਆ ਹੈ ਉਹ ਕਿਤੇ ਨਾ ਕਿਤੇ ਅਮਰੀਕੀ ਕਾਰੋਬਾਰੀ ਰੁਝਾਣ ਨੂੰ ਤਾਕਤ ਬਖਸ਼ਣ ਵਾਲੀ ਸੀ। ਓਸਾਮਾ ਬਿਨ ਲਾਦੇਨ ਨਾਲ ਭਾਵੇਂ ਦੀ ਜਾਰਜ ਬੁਸ਼ ਜਾਂ ਉਸ ਤੋਂ ਪਹਿਲਾਂ ਦੇ ਸੰਸਾਰ ਅਮਰੀਕੀ ਰਾਸ਼ਟਰਪਤੀਆਂ ਨਾਲ ਕੋਈ ਸਿੱਧ ਤੁਅਲਕ ਨਾ ਰਿਹਾ ਹੋਵੇ ਪੂਰੇ ਜੰਗ ਲਈ ਤੁਰਕੀ ਦੀ ਵਰਤੋਂ ਦੀ ਗੱਲ ਘੱਟੋ ਘੱਟ ਇਕ ਬਹਿਸ ਦੀ ਤਾਂ ਸ਼ੁਰੂਆਤ ਕਰਦੀ ਹੀ ਹੈ। ਵੈਸੇ ਵੀ ਤੁਰਕੀ ਦੇ ਨਾਲ ਅਮਰੀਕੀ ਰਿਸ਼ਤਿਆਂ ’ਚ ਕੁਝ ਜ਼ਿਆਦਾ ਹੀ ਤਪਸ਼ ਰਹੀ ’ਤੇ ਅਮਰੀਕਾ ਨੇ ਅੱਖਾਂ ਬੰਦ ਰੱਖੀਆਂ। ਨਾ ਸਿਰਫ ਅੱਖਾਂ ਬੰਦ ਕਰ ਲਈਆਂ ਬਲਕਿ ਤੁਰਕੀ ਨੂੰ ਹਥਿਆਰ ਵੀ ਮੁਹੱਈਆ ਕਰਵਾਏ। ਇਨ ਡਿਵੈਂਸ ਆਫ ਮਾਰਕਸਿਜ਼ਮ ਵਿੱਚ ਅਮਰੀਕਾ ਦੇ ਮਸਹੂਰ ਮਾਰਕਸਵਾਦੀ ਸ਼ੇਨ ਜੋਸ ਕਹਿੰਦੇ ਹਨ “ਮੱਧ ਏਸ਼ੀਆ ’ਚ ਤੇਲ ਦੇ ਭਾਰੀ ਭੰਡਾਰ ਸਬੰਧੀ ਰੂਸ, ਚੀਨ ਤੇ ਭਾਰਤ ਦੀ ਵਧਦੀ ਨੇੜਤਾ ਦੌਰਾਨ ਅਮਰੀਕਾ ਮੱਧ ਏਸ਼ੀਆ ’ਚ ਆਪਣੀ ਸਿੱਧੀ ਫੌਜ ਮੌਜੂਦਗੀ ਯਕੀਨੀ ਬਣਾਉਣਾ ਚਾਹੁੰਦਾ ਹੈ। ਰੂਸੀ ਸਾਮਰਾਜੀਆਂ ਨੇ ਅਮਰੀਕਾ ਵੱਲੋਂ ਉਸ ਦੇ ਪ੍ਰਭਾਵ ਵਾਲੇ ਖੇਤਰਾਂ ’ਚ ਫੌਜੀ ਅੱਡੇ ਤਿਆਰ ਕਰਨ ਦੀ ਸਖਤ ਅਲੋਚਨਾ ਕੀਤੀ ਹੈ। ਚੀਨ ਨੇ ਪਾਕਿਸਤਾਨ ਨਾਲ ਲੰਬੇ ਅਰਸੇ ਲਈ ਕਾਰੋਬਾਰ ਦਾ ਸਮਝੌਤਾ ਕਰ ਲਿਆ ਹੈ ਤਾਂ ਕਿ ਇਸ ਖੇਤਰ ’ਚ ਆਪਣੀ ਪੈਨ ਕਾਇਮ ਰੱਖ ਸਕੇ। ਜੂਨ ’ਚ ਓਸਾਮਾ ਨੇ 5150 ਅਰਬ ਰੁਪਏ ਦੇ ਯੁੱਧ ਪੂਰਕ ਬਿਲ ’ਤੇ ਸਮਝੌਤਾ ਕੀਤਾ ਸੀ, ਜੋ ਪਾਕਿਸਤਾਨੀ ਫੌਜ ਨੂੰ ਆਰਥਿਕ ਸਹਾਇਤਾ ਦੇਣ ਲਈ ਸੀ।

ਅਮਰੀਕਾ ਤੇ ਪਾਕਿਸਤਾਨ ਵਿਚਕਾਰ ਵਪਾਰ ਅਤੇ ਆਰਥਿਕ ਸਮਝੌਤਿਆਂ ’ਤੇ ਕਈ ਹੋਰ ਕੰਮ ਹੋਣੇ ਹਨ। ਪਾਕਿਸਤਾਨ ’ਤੇ ਅਚਾਨਕ ਧਾਵਾ ਬੋਲ ਦੇਣਾ ਇਕ ਪ੍ਰਕਾਰ ਦੀ ਯੋਜਨਾ ਦਾ ਹਿੱਸਾ ਹੈ। ਜੇ ਬੇਨਜੀਰ ਭੁੱਟੋ ਦੀ ਮੌਤ ਦੇ ਬਾਅਦ ਬਣਾਈ ਗਈ ਹੈ। ਅਮਰੀਕੀ ਹਮਲਿਆਂ ’ਚ ਆਮ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ। ਇਹ ਪਾਕਿਸਤਾਨ ਦੀ ਅੰਦਰੂਨੀ ਹਮਾਇਤ ਬਿਨਾਂ ਨਹੀਂ ਹੋ ਰਿਹਾ ਹੈ। ਅਮਰੀਕਾ ਦੀ ਇਹ ਨੀਤੀ ਹੈ ਕਿ ਜੇ ਜਰੂਰਤ ਪਈ ਤਾਂ ਪਾਕਿਸਤਾਨ ਨੂੰ ਉਹ ਆਪਣੇ ਕਬਜ਼ੇ ’ਚ ਰੱਖਣ ਲਈ ਅੱਗੇ ਵੀ ਅਲਕਾਇਦਾ ਤੇ ਤਾਲਿਬਾਨ ਦੀ ਵਰਤੋਂ ਕਰਦੀ ਰਹੇਗੀ। ਸੇਨ ਜੌਂਸ ਜਾਂ ਸਿਬੇਲ ਏਡਮੰਡਸ ਵਰਗੇ ਲੋਕਾਂ ਦੇ ਕੋਲ ਭਲੇ ਹੀ ਪੁਖਤਾ ਜਾਣਕਾਰੀ ਹੋਵੇ। ਪਰ ਅਮਰੀਕਾ ਦੀ ਸਰਕਾਰ ਐਸਾ ਦੋਸ਼ਾਂ ਨੂੰ ਮੰਨਣਾ ਤਾਂ ਦੂਰ ਇਹਨਾਂ ’ਤੇ ਕੋਈ ਪ੍ਰਤੀਕਰਮ ਵੀ ਜਾਹਰ ਨਹੀਂ ਕਰਦੀ। ਆਮ ਲੋਕ ਇਸ ਖਾਮੋਸ਼ੀ ਦਾ ਅਰਥ ਆਪਣੇ-ਆਪਣੇ ਤਰੀਕੇ ਨਾਲ ਕੱਢਦੇ ਹਨ। ਕੋਈ ਇਸ ਚੁੱਪ ਨੂੰ ਚੁੱਪ ਸਹਿਮਤੀ ਮੰਨਦਾ ਹੈ ਤਾਂ ਕੋਈ ਮਹੱਤਵਹੀਣ ਮੁੱਦਾ ਸਮਝਦਾ ਹੈ।

# ਕੀ ਹੈ ਜਪਾਨ ਦਾ ਆਰਥਕ ਰਾਜਸੀ ਸੰਕਟ?

ਜਪਾਨ ਦੇ ਡੂੰਘੇ ਹੁੰਦੇ ਆਰਥਕ ਸੰਕਟ ਨਾਲ ਰਾਜਸੀ ਸੰਕਟ ਵੀ ਡੂੰਘਾ ਹੋ ਰਿਹਾ ਹੈ। ਜਪਾਨ 'ਚ ਅਗਸਤ ਮਹੀਨੇ 'ਚ ਆਮ ਚੋਣਾਂ ਦਾ ਐਲਾਨ ਪ੍ਰਧਾਨ ਮੰਤਰੀ ਤਾਰੋ ਏਸ਼ੋ ਨੂੰ ਇਸ ਵਜਾਹ ਕਰਕੇ ਕਰਨਾ ਪਿਆ ਸੀ। ਜਪਾਨ ਦੇ ਪ੍ਰਧਾਨ ਮੰਤਰੀ ਤਾਰੋਂ ਏਸ਼ੋ ਦੀ ਸਥਿਤੀ ਦਿਨੋ ਦਿਨ ਹਾਸੋਹੀਣੀ ਹੁੰਦੀ ਜਾ ਰਹੀ ਹੈ। ਉਹਨਾਂ ਨੇ ਨਾ ਸਿਰਫ ਦੇਸ਼ ਤੇ ਹਾਕਮ ਜਮਾਤ ਦਾ ਬਲਕਿ ਉਹਨਾਂ ਦੀ ਪਾਰਟੀ ਲਿਬਰਲ ਡੈਮੋਕਰੇਟਿਕ ਪਾਰਟੀ ਦੇ ਮੈਂਬਰਾਂ ਦਾ ਵਿਸਵਾਸ਼ ਵੀ ਗੁਆ ਲਿਆ ਹੈ। ਇਥੋਂ ਤਕ ਕਿ ਸਥਿਤੀ ਇਹ ਬਣੀ ਹੋਈ ਹੈ ਕਿ ਉਹਨਾਂ ਦੀ ਪਾਰਟੀ ਦੇ ਮੈਂਬਰ ਇਹ ਚਾਹੁੰਦੇ ਹਨ ਕਿ ਉਹ ਚੋਣਾਂ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੰਦੇ। ਤਾਰੋ ਏਸ਼ੋ ਮੰਤਰੀ ਮੰਡਲ ਦੇ ਪ੍ਰਮੁੱਖ ਮੈਂਬਰਾਂ ਨੇ ਉਹਨਾਂ ਉਪਰ ਦਬਾਅ ਪਾਉਣ ਲਈ ਦਸਖਤੀ ਮੁਹਿੰਮ ਚਲਾਉਣੀ ਸ਼ੁਰੂ ਕਰ ਦਿੱਤੀ ਹੈ। ਆਉਣ ਵਾਲੀਆਂ ਚੋਣਾਂ ਵਿਚ ਲਿਬਰਲ ਡੈਮੋਕਰੇਟਿਕ ਪਾਰਟੀ ਦੀ ਹਾਰ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਚੋਣਾਂ ਤੋਂ ਪਹਿਲਾਂ ਦੇ ਸਰਵੇ ਇਸ ਗੱਲ ਵੱਲ ਇਸ਼ਾਰਾ ਕਰ ਰਹੇ ਹਨ ਕਿ ਚੋਣਾਂ 'ਚ ਲਿਬਰਲ ਡੈਮੋਕਰੇਟਿਕ ਪਾਰਟੀ ਦੀ ਹਾਰ ਦੀ ਸੰਭਾਵਨਾ ਦਰਸਾਈ ਜਾ ਰਹੀ ਹੈ। ਚੋਣਾਂ ਤੋਂ ਪਹਿਲਾਂ ਦੇ ਸਰਵੇ ਇਸ ਨੀਤੀ ਵੱਲ ਇਸ਼ਾਰਾ ਕਰ ਰਹੇ ਹਨ ਕਿ ਇਸ ਚੋਣ ਵਿਚ ਲਿਬਰਲ ਡੈਮੋਕਰੇਟਿਕ ਪਾਰਟੀ ਦੀ ਥਾਂ 'ਤੇ ਡੈਮੋਕਰੇਟਿਕ ਪਾਰਟੀ ਚੋਣਾਂ ਜਿੱਤ ਸਕਦੀ ਹੈ। ਲਿਬਰਲ ਡੈਮੋਕਰੇਟਿਕ ਪਾਰਟੀ ਜੋ ਵੱਡੇ ਪੂੰਜੀਵਾਦੀ ਘਰਾਣਿਆਂ ਦੀ ਨੇੜਲੀ ਸਹਿਯੋਗੀ ਰਹੀ ਹੈ। ਜਪਾਨ 'ਚ ਡੂੰਘੀ ਹੁੰਦੀ ਅਨਿਸ਼ਚਤਤਾ ਦੇ ਵਾਤਾਵਰਣ ਨੇ ਜਾਪਾਨ ਦੀ ਸ਼ੇਅਰ ਮਾਰਕਿਟ ਨੂੰ ਵੀ ਮਯੂਸ ਕਰਨਾ ਜਾਰੀ ਰੱਖਿਆ ਹੋਇਆ ਹੈ। ਟੋਕੀਓ ਦਾ ਨਿੱਕੀ ਸ਼ੇਅਰ ਸੂਚਨਾ ਲਗਾਤਾਰ ਹੇਠਾਂ ਵੱਲ ਲੁਟਕ ਰਿਹਾ ਹੈ। ਜਪਾਨ ਦੂਜੀ ਸੰਸਾਰ ਜੰਗ ਪਿਛੋਂ ਡੂੰਘੇ ਹੁੰਦੇ ਆਰਥਿਕ ਸੰਕਟ ਦੀ ਦਲਦਲ 'ਚ ਫਸਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿਚ ਜਪਾਨ ਦਾ ਅਰਥਚਾਰ ਠਹਿਰਾਅ ਦਾ ਸ਼ਿਕਾਰ ਸੀ ਪਰ ਵਿਸ਼ਵ ਆਰਥਿਕ ਮੰਦੀ ਨੇ ਜਾਪਾਨ ਨੂੰ ਡੂੰਘੇ ਆਰਥਕ ਸੰਕਟ 'ਚ ਧੱਕ ਦਿੱਤਾ ਹੈ। ਨਵੇਂ ਅੰਕੜਿਆਂ ਅਨੁਸਾਰ ਤੇ ਜਪਾਨ ਦੇ ਕੁਲ ਘਰੇਲੂ ਉਤਪਾਦ ਦੀ ਵਾਧਾ ਦਰ ਲੰਮੇ ਸਮੇਂ ਤਕ ਲਗਭਗ ਸਥਿਰ ਰਹਿਣ ਪਿਛੋਂ 2008 'ਚ 0.7 ਅਤੇ 2009 'ਚ 6.8 ਹੋ ਗਈ ਹੈ। ਇਹ ਧਿਆਨ ਰਹੇ ਕਿ ਜਪਾਨ ਦਾ ਅਰਥਚਾਰਾ ਅਮਰੀਕਾ ਪਿਛੋਂ ਦੁਨੀਆਂ ਦਾ ਦੂਜਾ ਵੱਡਾ ਅਰਥਚਾਰਾ ਹੈ। ਅਮਰੀਕਾ ਵਾਂਗੰ ਸੰਕਟ ਗ੍ਰਸਿਤ ਹੋਣ 'ਤੇ ਇਸ ਦਾ ਵੀ ਪ੍ਰਭਾਵ ਵਿਸ਼ਵ ਵਿਆਪੀ ਪੱਧਰ 'ਤੇ ਪੈਂਦਾ ਹੈ। ਜਪਾਨ ਦੇ ਹਾਕਮਾਂ ਨੂੰ ਅਜਿਹੀ ਸਥਿਤੀ 'ਚ ਕੁਝ ਨਹੀਂ ਸੁਝ ਰਿਹਾ ਹੈ। ਉਹ ਸੰਕਟ ਤੋਂ ਉਭਰਨ ਲਈ ਕਿਸ ਦ੍ਰਿੜ ਰਾਜਸੀ ਅਗਵਾਈ ਦੰ ਲੋੜ ਮਹਿਸੂਸ ਕਰ ਰਹੇ ਹਨ ਪਰ ਅਜਿਹੀ ਲੀਡਰਸ਼ਿਪ ਦੀ ਖੋਜ ਵਿੱਚ ਉਹਨਾਂ ਵਿਚਕਾਰ ਤਿੱਖੇ ਮੱਤਭੇਦ ਸਾਹਮਣੇ ਆ ਰਹੇ ਹਨ। ਜਾਪਨਾ ਦੇ ਹਾਕਮ ਹੁਣ ਨਵੀਆਂ ਆਮ ਚੋਣਾਂ ਰਾਹੀਂ ਇਸ ਕੌਮੀ ਅਗਵਾਈ ਦੇ ਸੰਕਟ ਨੂੰ ਹੱਲ ਕਰਨ ਦਾ ਰਾਹ ਲੱਭ ਰਹੇ ਹਨ। ਸੱਚਾਈ ਇਹ ਹੈ ਕਿ ਚੋਣਾਂ ਰਾਹੀਂ ਜਪਾਨ ਦੇ ਹਾਕਮ ਆਰਥਿਕ ਸੰਕਟਾਂ ਨਾਲ ਨਿਪਟਣ ਲਈ ਕਿਸੇ ਰਾਜਸੀ ਹੱਲ ਦਾ ਰਾਹ ਨਹੀਂ ਖੋਜ ਸਕਦੇ ਹਨ। ਵੱਧ ਤੋਂ ਵੱਧ ਰਾਜਸੀ ਅਗਵਾਈ 'ਚ ਤਬਦੀਲੀ ਕੁਝ ਸਮਾਂ ਜਨਤਾ

ਵਿੱਚ ਇਹ ਭਰਮ ਫੈਲਾਉਣ 'ਚ ਕੁਝ ਸਮਾਂ ਜਨਤਾ ਵਿੱਚ ਇਹ ਭਰਮ ਫੈਲਾਉਣ 'ਚ ਕਾਮਯਾਬ ਹੋ ਸਕਦਾ ਹੈ ਕਿ ਹੁਣ ਆਰਥਿਕ ਸੰਕਟ ਦਾ ਹੱਲ ਖੋਜ ਲਿਆ ਜਾਵੇਗਾ। ਮੰਦੀ ਬੇਰੁਜ਼ਗਾਰੀ ਤੋਂ ਨਿਕਲਿਆ ਜਾਵੇਗਾ। ਇਹ ਭਰਮ ਅਜਿਹਾ ਹੀ ਹੋਵੇਗਾ ਜਿਹੋ ਜਿਹਾ ਅਮਰੀਕੀ ਹਾਕਮ ਜਮਾਤਾ ਨੇ ਜੋ ਬੁਸ਼ ਦੀ ਥਾਂ ਬਰਾਕ ਓਬਾਮਾ ਰਾਹੀਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਪਾਨ ਦੀ ਰਾਜਸੀ ਆਰਥਕ ਪ੍ਰਣਾਲੀ ਵਿਵਸਥਾ ਦੇ ਸੰਕਟ ਦਾ ਸਥਾਈ ਹੱਲ ਮੌਜੂਦਾ ਪੂੰਜੀਵਾਦੀ ਸਾਮਰਾਜੀ ਵਿਵਸਥਾ ਵਿਚ ਨਹੀਂ ਹੈ। ਪਰ ਇਸ ਵਿਵਸਥਾ ਦੇ ਸਮਰਥਕ ਇਸ ਵਿਵਸਥਾ ਦੇ ਅੰਦਰ ਵੈਸੀ ਕੋਸ਼ਿਸ਼ ਕਰ ਰਹੇ ਹਨ ਜਿਵੇਂ ਕੋਈ ਘਾਹ ਦੇ ਵਿਸ਼ਾਲ ਢੇਰ 'ਚ ਗੁੰਮੀ ਹੋਈ ਸੂਚੀ ਲੱਭ ਰਿਹਾ ਹੋਵੇ। ਇਸ ਕੋਸ਼ਿਸ਼ 'ਚ ਉਹ ਆਪਣੇ ਨੱਕ, ਕੰਨ ਅੱਖਾਂ, ਗਲੇ ਸਭ ਨੂੰ ਗੰਦ ਪਿਲ ਨਾਲ ਭਰ ਲਵੇ।

# ਸਿੱਖਿਆ ਦਾ ਅਧਿਕਾਰ ਬਨਾਮ ਅਸਲੀ ਸਿੱਖਿਆ

ਛਪਾਣੀ ਦੀ ਇੱਕ ਭੁੱਲ ਕਾਰਨ ਹੀ ਸੰਸਦ ਦੇ ਇਕ ਬੁਲੇਟਿਨ 'ਚ ਰਾਈਟ-ਟੂ-ਐਜੂਕੇਸ਼ਨ (ਬਿਲ ਸਿੱਖਿਆ ਦਾ ਅਧਿਕਾਰ ਬਿੱਲ), ਫਾਈਟ ਟੂ ਏਜੂਕੇਸ਼ਨ ਬਿਲ (ਲੜਾਈ ਦਾ ਅਧਿਕਾਰ ਵਿਧੇਅਕ) ਛਪ ਗਿਆ ਸੀ। ਸਿਖਿਆ ਬਾਰੇ 'ਚ ਪਰਿਕਲਪਨਾਵਾਂ ਤੇ ਖਾਮੀਆਂ, ਆਸਾਂ ਤੇ ਉਮੀਦਾਂ ਦੇ ਟਕਰਾਅ ਕਾਰਨ ਮੁਫਲ ਤੇ ਲਾਜਮੀ ਸਿਖਿਆ, ਬੱਚਿਆਂ ਦਾ ਅਧਿਕਾਰ ਬਿੱਲ ਜਿਸ ਦੇ ਦਾਇਰੇ 'ਚ 6-14 ਸਾਲ ਦੀ ਉਮਰ ਵਿਚਕਾਰ ਸਕੂਲ 'ਚ ਨਾ ਪੜ੍ਹਨ ਵਾਲੇ 10 ਕਰੋੜ ਬੱਚੇ ਆਉਣਗੇ। ਛਪਾਈ ਦੀ ਗਲਤੀ ਕਾਰਨ ਮਿਲੇ ਨਾਂ ਦੇ ਅਨੁਰੂਪ ਹੁੰਦਾ ਜਾ ਰਿਹਾ ਹੈ। ਬੱਚੇ ਦੇ ਘਰ ਦੇ ਨੇੜਲੇ ਸਕੂਲ 'ਚ ਲਾਜਮੀ ਤੇ ਮੁਫਤ ਬੁਨਿਆਦੀ ਸਿਖਿਆ ਦੇਣ ਦਾ ਵਾਅਦਾ ਅਤੇ ਕੈਪੀਟੇਸ਼ਨ ਫੀਸ ਦੇ ਅੜਿੱਕਾ ਬਣੇ ਬਿਨਾ ਸਹਿਜ ਸੌਖੀ ਸਿਖਿਆ ਦਾ ਭਰੋਸਾ ਦੇਣ ਵਾਲਾ ਬਿਲ 15ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ 'ਚ ਪਾਸ ਕੀਤਾ ਗਿਆ। ਇਸ ਮੁਤਾਬਕ ਕੇਂਦਰੀ ਸਕੂਲ ਨਵੋਦਿਆ ਸਕੂਲ ਸੈਨਿਕ ਸਕੂਲ ਤੇ ਗੈਰ-ਮਾਨਤਾ ਪ੍ਰਾਪਤ ਸਕੂਲਾਂ ਨੂੰ ਆਰਥਕ ਦ੍ਰਿਸ਼ਟੀ ਤੋਂ ਪਿਛੜੇ ਅਤੇ ਵਾਂਝੇ ਵਰਗ ਘੱਟੋ ਘੱਟ 25 ਫੀਸਦੀ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਚਾਹੀਦਾ ਹੈ। ਜੀਵ ਵਿਗਿਆਨੀ ਤੇ ਰਾਸ਼ਟਰੀ ਗਿਆਨ ਕਮਿਸ਼ਨ ਦੇ ਸਾਬਕਾ ਮੁਖੀ ਪੁਸ਼ਮ ਐਮ ਭਾਰਗਵ ਨੇ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਲਿਖਿਆ ਕਿ ਉਹ ਆਪਣੇ ਯਤਨਾ ਨੂੰ ਅੱਗੇ ਨਾ ਵਧਾਉਣਾ। ਉਹਨਾਂ ਦਾ ਕਹਿਣਾ ਸੀ ਕਿ ਸਰਕਾਰ ਆਪਣੇ ਸਕੂਲਾਂ ਦਾ ਪੱਧਰ ਸਧਾਰਨ ਦੀ ਬਜਾਏ ਨਿਮਨ ਪੱਧਰ ਦੇ ਨਿਜੀ ਸਕੂਲਾਂ ਨੂੰ ਸਬਸਿਡੀ ਦੇ ਰਹੀ ਹੈ। ਪਰ ਆਪਣੇ 100 ਦਿਨ ਦੇ ਪ੍ਰੋਗਰਾਮ 'ਚ ਅਜਿਹਾ ਮਹੱਤਵਪੂਰਨ ਬਿੱਲ ਪਾਸ ਕਰਨ ਦੀ ਕਾਹਲੀ ਮੰਤਰਾਲੇ ਨੇ ਸਾਹਮਣੇ ਦਿਸਣ ਵਾਲੀਆਂ ਸਮੱਸਿਆਵਾਂ ਬਾਰੇ ਸੋਚਣ ਦੀ ਲੋੜ ਨਹੀਂ ਸਮਝੀ। ਮਸਲਨ 2000 ਨਵੇਂ ਬੁਨਿਆਦੀ ਸਕੂਲ ਖੋਲ੍ਹਣ ਦੀਆਂ ਸਮੱਸਿਆ ਹਾਲਾਂਕਿ ਸਮੱਸਿਆਵਾਂ ਹੋਰ ਵੀ ਹਨ, ਇਕ ਹੈ, ਗੁਆਂਢ ਦੇ ਸਕੂਲਾਂ ਦੀ ਧਾਰਨਾ ਸਿਧਾਂਤਕ ਤੌਰ 'ਤੇ ਇਹ ਧਾਰਨਾ ਸਮਤਾ ਮੂਲਕ ਹੈ ਅਤੇ ਕਈ ਪੱਛਮੀ ਦੇਸ਼ਾਂ ਵਿੱਚ ਇਹ ਵਿਆਪਕ ਤੌਰ 'ਤੇ ਪ੍ਰਚਲਿਤ ਹੈ। ਸਕੂਲਾਂ ਲਈ ਸਾਰੇ ਬੱਚਿਆਂ ਨੂੰ ਸਿਖਿਅਤ ਕਰਨਾ ਲਾਜਮੀ ਕਰਨ ਦੀ ਬਜਾਏ ਇਹ ਸਕੂਲ ਦੀ ਤਲਾਸ਼ ਨੂੰ ਬੱਚਿਆਂ 'ਤੇ ਛੱਡ ਦਿੰਦੀ ਹੈ। ਅਸਲ 'ਚ ਇਸ ਨਾਲ ਭੇਦਭਾਵ ਦੀ ਮੌਜੂਦਾ ਵਿਵਸਥਾ ਨੂੰ 'ਸਹੀ' ਮਾਨਤਾ ਮਿਲ ਜਾਂਦੀ ਹੈ। ਜਿਥੇ ਗਰੀਬ ਬੱਚਿਆਂ ਦੀ ਪਹੁੰਚ ਸਿਰਫ ਨਿਮਨ ਪੱਧਰੀ ਸਕੂਲਾਂ ਤਕ ਹੀ ਹੋ ਸਕੇਗੀ। ਜਦ ਕਿ ਮੱਧ ਵਰਗ ਤੇ ਖੁਸ਼ਹਾਲ ਪਰਿਵਾਰਾਂ ਦੇ ਬੱਚਿਆਂ ਦੀ ਪਹੁੰਚ ਕੇਂਦਰੀ ਤੇ ਨਿਜੀ ਸਕੂਲਾਂ ਤਕ ਹੋਵੇਗੀ। ਜਰੂਰਤਮੰਦ ਵਿਦਿਆਰਥੀਆਂ ਨੂੰ ਆਂਢ-ਗੁਆਂਢ ਦੀਆਂ ਸਕੂਲ ਸੰਮਤੀਆਂ ਨਾਲ ਸੰਪਰਕ ਕਰਨਾ ਪਵੇਗਾ। ਸੰਮਤੀਆਂ ਦਾ ਗਠਨ ਸਬੰਧਿਤ ਰਾਜ ਸਰਕਾਰਾਂ ਮੁਫਤ ਸਿੱਖਿਆ ਮੁਹੱਈਆ ਕਰਾਉਣ ਲਈ ਕਰਨਗੀਆਂ। ਜਿੰਨਾ ਮਹਿੰਗੇ ਸਕੂਲ 'ਚੋਂ ਵੰਚਿਤ ਵਰਗ ਦੇ ਬੱਚਿਆਂ ਨੂੰ ਦਾਖਲੇ ਸਿਰਦੇਸ਼ ਦਿੱਤਾ ਜਾਵੇਗਾ। ਉਥੇ ਸਰਕਾਰੀ ਗ੍ਰੇਡ ਦੀ ਫੀਸ ਦੇ ਨਾਲ ਭਰਪਾਈ ਕੀਤੀ ਜਾਵੇਗੀ। ਬਾਕੀ ਫੀਸ ਵਿਦਿਆਰਥੀਆਂ ਨੂੰ ਭਰਨੀ ਪਵੇਗੀ। ਇਸ ਵਿਚ ਹੁਣ ਦੂਜੇ ਖਰਚੇ ਵੀ ਜੋੜ ਦਿਉ।

ਦੂਜੀ ਸਮੱਸਿਆ ਇਹ ਹੈ ਕਿ ਬਿਲਪਾਸ ਸਕੂਲ ਦੀ ਪਰਿਭਾਸ਼ਾ ਨੂੰ ਸਪੱਸ਼ਟ ਨਹੀਂ ਕਰਦਾ ਅਤੇ ਇਸ ਤਰ੍ਹਾਂ ਸਰਕਾਰ ਨੂੰ ਜਿਸ ਤਰ੍ਹਾਂ ਚਾਹੇ, ਉਸ ਦੀ ਵਿਵਸਥਾ ਦੀ ਛੁੱਟੀ ਮਿਲ ਜਾਂਦੀ ਹੈ। ਤੀਜੀ ਸਮੱਸਿਆ ਲਾਗਤ ’ਤੇ ਫੈਲੇ ਭਰਮ ਦੀ ਹੈ ਕਿ ਇਸ ’ਤੇ ਆਖਰ ਕਿੰਨਾ ਖਰਚ ਆਵੇਗਾ। ਫਰਵਰੀ 2008 ’ਚ ਮਨੁੱਖੀ ਵਸੀਲਿਆਂ ਵਾਲੇ ਮੰਤਰਾਲੇ ਕੈਬਨਿਟ ਸਕਤਰੇਤ ਨੂੰ ਅਗਲੇ 7 ਸਾਲਾਂ ਲਈ 2.28 ਕਰੋੜ ਰੁਪਏ ਦੇ ਵਾਧੂ ਖਰਚ ਦਾ ਅਨੁਮਾਨ ਭੇਜਿਆ ਸੀ। 1997 ’ਚ ਗਠਿਤ ਸੈਨਿਆ ਸੰਮਤੀ ਦਾ ਅਨੁਮਾਨ ਸੀ ਕਿ ਤਿੰਨ ਸਾਲਾਂ ’ਚ 6.3 ਕਰੋੜ ’ਚ ਗਠਿਤ ਸੈਨਿਆ ਸੰਮਤੀ ਦਾ ਅਨੁਮਾਨ ਸੀ ਕਿ ਤਿੰਨ ਸਾਲਾਂ ’ਚ 6.3 ਕਰੋੜ ਬੱਚਿਆਂ ਨੂੰ ਸਕੂਲ ਤਕ ਜਾਣ ਵਿਚੋਂ 40,000 ਕਰੋੜ ਰੁਪਏ ਦੀ ਲੋੜ ਪਵੇਗੀ। ਸੈਨਿਆ ਸੰਮਤੀ ਦੀ ਸਿਫਾਰਸ਼ ’ਤੇ ਸਰਕਾਰ ਵੱਲੋਂ ਗਠਿਤ ਮਾਹਰਾਂ ਦੇ ਇਕ ਗਰੁੱਪ ਦਾ ਅਨੁਮਾਨ ਸੀ ਕਿ 10 ਸਾਲਾਂ ’ਚ ਸਿੱਖਿਆ ਇਕ ਮੌਲਿਕ ਅਧਿਕਾਰ ਨੂੰ ਲਾਗੂ ਕਰਨ ਲਈ 136000 ਕਰੋੜ ਰੁਪਏ ਖਰਚ ਹੋਣਗੇ। ਇਸ ਧੁੰਦਲੇਪਣ ਨੂੰ ਹੋਰ ਗਾੜ੍ਹਾ ਕਰਨ ਲਈ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰੀ ਕਪਿਲ ਸਿਬਲ ਨੇ ਕਿਹਾ ਹੈ ਕਿ ਜਦ ਬਿਲ ਲਾਗੂ ਹੁੰਦਾ ਹੈ ਤਾਂ ਉਹ ਵਾਧੂ ਸੰਸਥਾਵਾਂ ਦੀ ਮੰਗ ਕਰਨਗੇ। ਮੰਨ ਲਓ ਇਹ ਕਾਫੀ ਨਹੀਂ ਸੀ ਕਿ ਇਕ ਤੋਂ ਬਾਅਦ ਦੂਜੀਆਂ ਪ੍ਰਸਾਸ਼ਨਿਕ ਅੜਿਚਨਾਂ ਵੀ ਸਾਹਮਣੇ ਹਨ। ਕੇਂਦਰੀ ਬਜਟ ਨੇ ਹੁਣ ਇਸ ਆਸਾਵਾਦੀ ਯੋਜਨਾ ਲਈ ਕੋਈ ਪੈਸਾ ਨਹੀਂ ਦਿੱਤਾ ਹੈ। ਇਹੀ ਨਹੀਂ ਸਿੱਖਿਆ ਕਿਉਂਕਿ ਸੂਬੇ ਦਾ ਵਿਸ਼ਾ ਹੈ। ਇਸ ਲਈ ਕੇਂਦਰ ਖਰਚੇ ਦੇ ਬਟਵਾਰੇ ਲਈ ਨਿਯਮਾਂ-ਸ਼ਰਤਾਂ ਨੂੰ ਅੰਤਿਮ ਰੂਪ ਦੇਵੇਗਾ, ਵਿਤੀ ਬੋਝ ਨਾਲ ਦਬੇ ਰਾਜ ਕੇਂਦਰ ਦੀ ਖਰਚ ਕਰਨ ਦੀ 65:35 ਅਨੁਪਾਤ ਯੋਜਨਾ ’ਤੇ ਇਤਰਾਜ਼ ਉਠਾ ਸਕਦੇ ਹਨ। ਜੇ ਸਰਕਾਰ ਵਿਧਾਇਕ ਨੂੰ ਲਾਗੂ ਕਰਨਾ ਚਾਹੁੰਦੀ ਹੈ ਤਾਂ ਇਸ ਨੂੰ ਬਜਟ ’ਚ ਅਜਿਹੀ ਵਿਵਸਥਾ ਲਈ ਸੰਸਦ ਦੀ ਮਨਜ਼ੂਰੀ ਲੈਣੀ ਪਵੇਗੀ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਬਿਲ ’ਚ ਇਹ ਗੱਲ ਮੰਨ ਲਈ ਗਈ ਕਿ ਸਰਕਾਰੀ ਸਕੂਲਾਂ ਦਾ ਪੱਧਰ ਬਿਲਕੁਲ ਗਿਰਿਆ ਹੋਇਆ ਹੈ। ਇਸ ਮੁਤਾਬਕ ਇਕ ਸਕੂਲ ਵਿੱਚ ਘੱਟ ਤੋਂ ਘੱਟ ਦੋ ਅਧਿਆਪਕ ਤੇ ਦੋ ਜਮਾਤਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਮਾਕਾਪਾ ਦੇ ਰਾਜਸਭਾ ਮੈਂਬਰ ਪੀ ਰਾਜ ਪੁੱਛਦੇ ਹਨ ਕਿ “ਫਿਲਹਾਲ ਤਾਂ ਮੁਢਲੀ ਸਕੂਲ ਜਮਾਤਾਂ ਪੰਚ ਤੱਕ ਹੁੰਦੀਆਂ ਹਨ ਜੇ ਇਸ ਦੇ ਲਈ ਦੋਹੀ ਜਮਾਤਾਂ ਹੋਣ ਅਤੇ ਦੋਹੀ ਅਧਿਆਪਕ ਪੜ੍ਹਾਉਣ ਵਾਲੇ ਹੋਣ ਤਾਂ ਦੇਸ਼ ਸਿੱਖਿਆ ਦੇ ਕਿਹੋ ਜਿਹੇ ਪੱਧਰ ਦੀ ਗਰੰਟੀ ਦੇ ਸਕਦਾ ਹੈ?”

ਮਨੁੱਖੀ ਵਸੀਲਿਆਂ ਬਾਰੇ ਵਿਕਾਸ ਮੰਤਰੀ ਦਾ ਤਰਕ ਹੈ ਕਿ ਸਰਕਾਰ ਵਿਧੇਅਕ ਨਾਲ ਜੁੜੀਆਂ ਵਿੱਤੀ ਚਿੰਤਾਵਾਂ ਨੂੰ ਰਾਜ ਸਰਕਾਰ ਨਾਲ ਮਿਲ ਕੇ ਸੁਲਝਾ ਲਵੇਗੀ ਸਿਬਲ ਕਹਿੰਦੇ ਹਨ ਕਿ ‘ਬਿਲ ਸਿਰਫ ਦੋ ਮੁੱਦਿਆ ਨਾਲ ਸਬੰਧਤ ਹੈ। ਸਿਖਿਅਤ ਹੋਣ ਦਾ ਬੱਚੇ ਦਾ ਅਧਿਕਾਰ ਅਤੇ ਉਹ ਸਿੱਖਿਆ ਮੁਹੱਈਆ ਕਰਨ ਦੀ ਸਰਕਾਰੀ ਵੀ ਡਿਊਟੀ। ਇਸ ਦਾ ਬਾਕੀ ਹਿੱਸਾ ਅਜੇ ਲਾਗੂ ਹੋਣਾ ਬਾਕੀ ਹੈ ਕਿਉਂਕਿ ਅਸੀਂ ਇਕ ਨੀਤੀ ਤਿਆਰ ਕਰਾਂਗੇ ਕਿ ਸਕੂਲ ’ਚ ਪੜ੍ਹਨ ਵਾਲੇ ਸਾਰੇ ਬੱਚਿਆਂ ਨੂੰ ਉਹ ਸਿੱਖਿਆ ਮਿਲੇ ਜੋ ਉਹਨਾਂ ਨੂੰ ਦੇਸ਼ ਦਾ ਅੱਛਾ ਨਾਗਰਿਕ ਬਣਨ ਲਈ ਜ਼ਰੂਰੀ ਹੈ।”

ਪਰ ਇਹਨਾਂ ਵਿਚੋਂ ਕੁਝ ਹੀ ਸਾਡੇ ਨੇਤਾਵਾਂ ਨੂੰ ਪ੍ਰਭਾਵਿਤ ਨਹੀਂ ਕਰ

ਸਕਿਆ ਜਦ ਬਿਲ ਰਾਜ ਸਭਾ 'ਚ ਬਹਿਸ ਲਈ ਲਿਆਂਦਾ ਗਿਆ ਤਾਂ ਸਿਰਫ 60 ਪਾਰਲੀਮੈਂਟ ਮੈਂਬਰ ਉਥੇ ਮੌਜੂਦ ਸਨ। ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਥੋੜੀ ਦੇਰ ਲਈ ਆਏ ਅਤੇ ਚਲੇ ਗਏ। ਦੁਬਾਰਾ ਤਦ ਆਏ ਜਦ ਬਹਿਸ ਖਤਮ ਹੋਣ ਜਾ ਰਹੀ ਸੀ ਜਦ 'ਚ ਜਦ ਬਿਲ ਪਾਸ ਹੋਇਆ ਤਾਂ ਸਿਰਫ 54 ਸਾਂਸਦ ਮੌਜੂਦ ਸਨ। ਜੋ ਕਿ ਸਾਂਸਦ ਨੇ ਵੋਟ ਲਈ ਦਬਾਅ ਪਾਇਆ ਤਾਂ 'ਇਤਿਹਾਸਕ ਮੌਕਾ' ਗਵਾ ਦਿੱਤਾ ਗਿਆ ਹੁੰਦਾ ਕਿਉਂਕਿ ਪਰ 16 ਸਾਲ ਪਹਿਲਾਂ 1993 'ਚ ਉਨੀ ਕ੍ਰਿਸ਼ਨਨ ਬਨਾਮ ਆਂਧਰਾ ਪ੍ਰਦੇਸ਼ ਰਾਜ ਮਾਮਲੇ 'ਚ ਸੁਪਰੀਮ ਕੋਰਟ ਦੇ ਇਕ ਫੈਸਲੇ ਨਾਲ ਆਪਣੀ ਯਾਤਰਾ ਸ਼ੁਰੂ ਕਰਨ ਵਾਲਾ ਬਿੱਲ ਜਿਸ 'ਚ ਕਿਹਾ ਗਿਆ ਹੈ ਕਿ 'ਇਸ ਦੇਸ਼ ਦੇ ਨਾਗਰਿਕਾਂ ਨੂੰ ਸਿੱਖਿਆ ਦਾ ਮੌਲਿਕ ਅਧਿਕਾਰ ਹੈ।' ਅਜੇ ਸਹੀ ਸਮੇਂ ਦੀ ਉਡੀਕ ਕਰ ਸਕਦਾ ਹੈ।

# ਜਾਲ ਵੀ ਆਪਣਾ, ਕੈਦ ਵੀ ਆਪਣੀ

ਪਾਕਿਸਤਾਨ 'ਚ ਹਾਲਾਤ ਤੇਜੀ ਨਾਲ ਬਦਲ ਰਹੇ ਹਨ। ਪਰ ਇਸ ਵਿੱਚ ਸ਼ੱਕ ਨਹੀਂ ਕਿ ਇਹ ਅਜੇ ਵੀ ਦੋਰਾਹੇ ਤੇ ਖੜ੍ਹਾ ਹੈ। ਜਰਾ ਘਟਨਾਵਾਂ 'ਤੇ ਨਜ਼ਰ ਮਾਰੋ। ਸਭ ਤੋਂ ਪਹਿਲਾਂ ਜਮਾਤ-ਉਦ-ਦਾਵਾ ਦੇ ਸੰਸਥਾਪਕ ਤੇ ਮੁੰਬਈ ਹਮਲੇ ਦੇ ਦੋਸ਼ੀ ਹਾਫਿਜ ਸਈਦ ਨੂੰ ਲਾਹੌਰ ਹਾਈਕੋਰਟ ਨੇ ਰਿਹਾ ਕਰ ਦਿੱਤਾ। ਭਾਰਤ ਤੇ ਕੌਮਾਂਤਰੀ ਜਗਤ ਨੇ ਇਸ ਦੀ ਤਿੱਖੀ ਆਲੋਚਨਾ ਕੀਤੀ। ਤਦ ਪਾਕਿਸਤਾਨ ਨੇ ਠੋਸ ਕਾਰਵਾਈ ਦਾ ਭਰੋਸਾ ਦਿੱਤਾ। ਉਸ ਪਿਛੋਂ ਸ਼ਾਮ-ਅਲ-ਸ਼ੇਖ 'ਚ ਬਲੋਚਿਸਤਾਨ ਸਬੰਧੀ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਇਕ ਨਵਾਂ ਵਿਵਾਦ ਜੁੜਿਆ। ਸਾਝੇ ਐਲਾਨਨਾਮੇ ਤੋਂ ਇਹ ਤੱਥ ਸਾਹਮਣੇ ਆਇਆ ਕਿ ਬਲੋਚ-ਬਗਾਵਤ 'ਚ ਭਾਰਤ ਦਾ ਹੱਥ ਹੈ। ਫਿਰ ਸਰਕਾਰ ਨੇ ਤਕਰੀਬਨ 25 ਜਥੇਬੰਦੀਆਂ 'ਤੇ ਪਾਬੰਦੀ ਦੀ ਸੂਚੀ ਜਾ ਕਰ ਦਿੱਤੀ। ਉਧਰ ਪਾਕਿਸਤਾਨ ਦੇ ਤਾਲਿਬਾਨ ਕਮਾਂਡਰ ਬੈਤੂਲਾਹ ਮਹਿਮੂਦ ਦੀ ਡ੍ਰੋਨ ਹਮਲੇ 'ਚ ਮੌਤ ਦੀ ਖਬਰ ਆਈ ਤੇ ਏਧਰ ਸਾਬਕਾ ਰਾਸ਼ਟਰਪਤੀ-ਤਾਨਾਸ਼ਾਹ ਪ੍ਰਵੇਜ਼ ਮੁਸ਼ੱਰਫ 'ਤੇ ਕਾਨੂੰਨ ਸਿਕੰਜੇ ਕੱਸਣ ਲੱਗਿਆ। ਇਕੋ ਵੇਲੇ ਏਨੀਆਂ ਹਲਚਲਾਂ ਇਸ ਗੱਲ ਦਾ ਸੰਦੇਸ਼ ਦਿੰਦੀਆਂ ਹਨ ਕਿ ਪਾਕਿਸਤਾਨ 'ਚ ਸਭ ਠੀਕ ਨਹੀਂ ਚੱਲ ਰਿਹਾ ਹੈ ਹਾਲਾਂਕਿ ਪਾਕਿਸਤਾਨ ਦੀ ਜਮਹੂਰੀ ਸਰਕਾਰ ਲਗਾਤਾਰ ਹਾਲਾਤ ਦੇ ਠੀਕ ਹੋਣ ਦੀ ਗੱਲ ਕਰ ਰਹੀ ਹੈ। ਇਸ ਪੂਰੇ ਅਮਲ 'ਚ ਅਮਰੀਕੀ ਮਦਦ ਦੇ ਬੂਤੇ ਪਾਕਿਸਤਾਨ ਤੋਂ ਤਾਲਿਬਾਨ ਲੜਾਕਿਆਂ ਤੇ ਦਹਿਸ਼ਤਗਰਦਾਂ ਦਾ ਸਫਾਇਆ ਹੋ ਰਿਹਾ ਹੈ। ਪਰ ਗਿਲਾਨੀ ਸਰਕਾਰ ਇਸ ਦੀ ਆੜ 'ਚ ਵੀ ਹਾਫ਼ਿਜ ਸਈਦ ਵਰਗੇ ਲੋਕਾਂ ਦਾ ਬਚਾਅ ਕਰਨ 'ਚ ਜੁਟੀ ਹੋਈ ਹੈ। ਯਕੀਨਨ ਪ੍ਰਵੇਜ਼ ਮੁਜ਼ਰੱਫ ਕਨੂੰਨੀ ਫੰਦੇ 'ਚ ਫਸ ਚੁੱਕੇ ਹਨ। ਸਾਲ 2007 'ਚ ਸੁਪਰੀਮ ਕੋਰਟ ਦੇ ਜੱਜਾਂ ਨੂੰ ਹਿਰਾਸਤ 'ਚ ਰੱਖਣ ਦੇ ਦੋਸ਼ 'ਚ ਉਨ੍ਹਾਂ 'ਤੇ ਕੇਸ ਚੱਲਣ ਵਾਲਾ ਹੈ। ਦੇਖਣਾ ਇਹ ਹੈ ਕਿ ਫੌਜਦਾਰੀ ਦੀ ਧਾਰਾ 343 ਦੀ ਕਿਸ ਤਰ੍ਹਾਂ ਵਰਤੋਂ ਹੁੰਦੀ ਹੈ ਕਿਉਂਕਿ ਉਥੇ ਪਾਕਿਸਤਾਨ 'ਚ ਸਮਾਂ ਸੀਮਾ ਦੇ ਆਧਾਰ 'ਤੇ ਕਿਸ ਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖਣ ਦੀ ਸਜ਼ਾ ਵੱਖਰੀ-ਵੱਖਰੀ ਹੈ। ਪਰ ਪ੍ਰਵੇਜ਼ ਮੁਸ਼ਰੱਫ 'ਤੇ ਅਜੇ ਹੋਰ ਵੀ ਮਾਮਲੇ ਚੱਲ ਸਕਦੇ ਹਨ। ਪਹਿਲਾਂ ਹੀ ਸੁਪਰੀਮ ਕੋਰਟ ਨੇ ਐਮਰਜੈਂਸੀ ਲਾਏ ਜਾਣ ਪਾਰਟੀ 'ਤੇ ਸਭ ਦੀ ਨਜ਼ਰ ਹੈ ਕਿਉਂਕਿ ਪੀ. ਐਲ. (ਨਵਾਜ) ਅਤੇ ਕਈ ਛੋਟੀਆਂ ਵੱਡੀਆਂ ਪਾਰਟੀਆਂ ਨੇ ਮੁਸ਼ੱਰਫ 'ਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਜੇ ਸਰਕਾਰ ਪਹਿਲਾਂ ਵਾਂਗੂੰ ਹੀ ਮੁਸ਼ੱਰਫ ਨਾਲ ਨਰਮੀ ਵਿਖਾਉਂਦੀ ਹੈ ਤਾਂ ਉਹ ਸਾਰੇ ਕੇਸਾਂ 'ਚੋਂ ਬਰੀ ਹੋ ਸਕਦੇ ਹਨ। ਹਾਲਾਂਕਿ ਸਰਕਾਰ ਦੀ ਅਜਿਹੀ ਕੋਈ ਰਾਜਸੀ ਮਜ਼ਬੂਰੀ ਨਹੀਂ ਹੈ। ਇਸ ਲਈ ਬੇਹਤਰ ਇਹੀ ਹੋਵੇਗਾ ਕਿ ਉਹ ਕਾਨੂੰਨ ਨੂੰ ਆਪਣਾ ਕੰਮ ਇਮਾਨਦਾਰੀ ਨਾਲ ਕਰਨ ਦੇਣ। ਇਹੀ ਦੇਸ਼ ਦੀ ਜਨਤਾ ਲਈ (14 ਅਗਸਤ) ਦਾ ਸਭ ਤੋਂ ਵੱਡਾ ਤੋਹਫਾ ਹੋ ਸਕਦਾ ਹੈ। ਭਾਰਤ ਦੀ ਨਜ਼ਰ ਵੀ ਇਸ ਮਾਮਲੇ 'ਤੇ ਰਹੇਗੀ ਕਿਉਂਕਿ ਕਾਰਗਿਲ ਯੁੱਧ ਦਾ ਕਥਿਤ ਉਤਰਦਾਈ ਕਾਨੂੰਨ ਆਪਣੇ ਹੀ ਬੁਣੇ ਜਾਲ 'ਚ ਉਲਝ ਚੁੱਕਿਆ ਹੈ। ਪਾਕਿਸਤਾਨ ਦੇ ਤਾਲਿਬਾਨ ਕਮਾਂਡਰ ਬੈਤੂਲਹ ਮਹਿਮੂਦ ਦੀ ਮੌਤ ਸੱਚ ਹੈ ਜਾਂ ਅਫਵਾਹ ਇਸ ਤੋਂ ਅਜੇ ਤਕ ਪਰਦਾ

ਨਹੀਂ ਉਠੇਗਾ। ਜਦ ਤਕ ਸਰਕਾਰ ਕੋਈ ਵੀਡੀਓ ਫੁਟੇਜ ਨਾ ਜਾਰੀ ਕਰ ਦੇਵੇ। ਹੁਣ ਤਕ ਜੋ ਖਬਰਾਂ ਮਿਲ ਰਹੀਆਂ ਹਨ ਉਹ ਸੀਆਏ ਦੇ ਸੂਤਰਾਂ ਤੋਂ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਖੁਫੀਆ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਬੈਤੂਲਾ ਮਾਰਿਆ ਗਿਆ। ਪਰ ਗ੍ਰਹਿ ਮੰਤਰੀ ਰਹਿਮਾਨ ਮਲਿਕ ਇਸ ਦੀ ਪੁਸ਼ਟੀ ਕਰਨ ਤੋਂ ਕਤਰਾ ਰਹੇ ਹਨ। ਦਰਅਸਲ ਬੈਤੂਲਾ ਮਹਿਮੂਦ ਪਾਕਿਸਤਾਨ 'ਚ ਕਈ ਆਤਮਘਾਤੀ ਹਮਲਿਆਂ ਲਈ ਜਿੰਮੇਵਾਰ ਹੈ। ਪਰ ਦੱਖਣੀ ਵਜੀਰਿਸਤਾਨ 'ਚ ਉਸ ਦੀ ਤੂਤੀ ਬੋਲਦੀ ਸੀ। ਇਹੀ ਵਜਾਹ ਹੈ ਕਿ ਗ੍ਰਹਿ ਮੰਤਰੀ ਅੰਦਰੂਨੀ ਮਹੌਲ ਦੇ ਵਿਗੜਣ ਦੇ ਡਰੋਂ ਬੈਤੂਲਾ ਦੀ ਮੌਤ ਸਬੰਧੀ ਭਰਮ ਬਰਕਰਾਰ ਰੱਖ ਰਹੇ ਹਨ। ਵੈਸੇ ਇਸ ਮਾਮਲੇ ਨੂੰ ਜ਼ਿਆਦਾ ਦੇਰ ਤੱਕ ਪਹੁੰਚਾਉਣਾ ਸਰਕਾਰ ਲਈ ਮੁਸ਼ਕਲ ਹੋਵੇਗਾ। ਕਿਉਂਕਿ ਪਾਕਿਸਤਾਨ ਦੀ ਜਨਤਾ ਸਰਕਾਰ ਤੋਂ ਕਈ ਸੁਆਲਾਂ ਦੇ ਜੁਆਬ ਜਾਨਣਾ ਚਾਹੁੰਦੀ ਹੈ। ਪਹਿਲਾਂ ਸੁਆਲ ਇਹ ਹੈ ਕਿ ਪਿਛਲੇ ਇਕ ਸਾਲ ਤੋਂ ਪਾਕਿਸਤਾਨ ਦੀਆਂ ਸੁਰੱਖਿਆ ਏਜੰਸੀਆਂ ਇਸ ਗੱਲ ਦਾ ਦਾਅਵਾ ਕਰ ਰਹੀਆਂ ਸਨ ਕਿ ਬੈਤੂਲਹ ਸੀ. ਆਈ. ਏ. ਲਈ ਕੰਮ ਕਰ ਰਿਹਾ ਹੈ। ਇਸ ਪਿੱਛੇ ਤਰਕ ਇਹ ਦਿੱਤਾ ਜਾਂਦਾ ਸੀ ਕਿ ਬੈਤੂਲਹ ਨੇ ਪਾਕਿਸਤਾਨੀ ਸੁਰੱਖਿਆ ਬਲਾਂ 'ਤੇ ਆਤਮਘਾਤੀ ਹਮਲੇ ਕਰਵਾਏ ਅਤੇ 2007 'ਚ ਆਈ. ਐਸ. ਆਈ. ਨੇ ਸੀ. ਆਈ. ਏ. ਨੂੰ ਕਿਹਾ ਕਿ ਬੈਤੂਲਹ ਨੂੰ ਮਾਰੋ ਤਾਂ ਸੀ. ਆਈ. ਏ. ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ। ਅਗਰ ਇਹ ਸੱਚ ਹੈ ਤਾਂ ਸੁਆਲ ਇਹ ਹੈ ਕਿ ਬੈਤੂਲਹ ਦੀ ਜਾਨ ਸੀ. ਆਈ. ਨੇ ਕਿਉਂ ਲਈ? ਇਸ ਦਾ ਜੁਆਬ ਮਿਲੇਗਾ ਡ੍ਰੋਨ ਹਮਲਾ। ਏਨਾ ਲੋਕ ਵਿਰੋਧੀ ਹੈ ਡ੍ਰੋਨ ਹਮਲਾ। ਇਹ ਵੀ ਸੱਚ ਹੈ ਕਿ ਇਸ ਨਾਲ ਕਿਸੇ ਦਹਿਸ਼ਤਗਰਦ ਨੂੰ ਅਸਾਨੀ ਨਾਲ ਮਾਰਿਆ ਜਾ ਸਕਦਾ ਹੈ ਪਰ ਇਕ ਡ੍ਰੋਨ ਹਮਲੇ ਨਾਲ ਕਈ ਘਰ ਉਜੜ ਜਾਂਦੇ ਹਨ, ਕਈ ਬੇਗੁਨਾਹੀ ਦੀ ਮੌਤ ਹੋ ਜਾਂਦੀ ਹੈ। ਇਸੇ ਡ੍ਰੋਨ ਹਮਲੇ ਦੀ ਵਜਾਹ ਨਾਲ ਦੱਖਣੀ ਵਜੀਰਿਸਤਾਨ 'ਚ ਸ਼ਾਮ ਤੋਂ ਹੀ ਸਿਵਿਆ ਵਰਗੀ ਖਾਮੋਸ਼ੀ ਛਾਹ ਜਾਂਦੀ ਹੈ। ਅਜਿਹੇ 'ਚ ਪਾਕਿਸਤਾਨ 'ਚ ਡ੍ਰੋਨ ਹਮਲੇ ਨਾਲ ਹੀ ਮਾਰਿਆ ਗਿਆ। ਤੀਜਾ ਇਹ ਹੈ ਕਿ ਇਕ ਟੀ. ਵੀ. ਸ਼ੋ 'ਚ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਾਲਿਕ ਨੇ ਕਿਹਾ ਕਿ ਜੇ ਬੈਤੂਲਹ ਦੀ ਮੌਤ ਵੀ ਹੋ ਗਈ ਹੈ ਤਾਂ ਵੀ ਮੈਂ ਡ੍ਰੋਨ ਹਮਲੇ ਦੀ ਨਿੰਦਾ ਕਰਦਾ ਹਾਂ ਪਰ ਸਿਰਫ ਨਿੰਦਾ ਕਰਨ ਨਾਲ ਕੀ ਹੋਵੇਗਾ? ਡ੍ਰੋਨ ਹਮਲੇ ਤਾਂ ਇਉਂ ਹੀ ਜਾਰੀ ਰਹਿਣਗੇ ਇਹਨਾਂ ਨੂੰ ਰੋਕਣ ਲਈ ਕੀ ਸਰਕਾਰ ਨੇ ਕਦੀ ਅਮਰੀਕਾ ਨਾਲ ਗੱਲ ਕੀਤੀ ਹੈ? ਚੌਥਾ ਅਤੇ ਆਖਰੀ ਸੁਆਲ - ਕੀ ਇਕੱਲੇ ਬੈਤੂਲਹ ਦੀ ਮੌਤ ਨਾਲ ਪਾਕਿਸਤਾਨ 'ਚ ਅੱਤਵਾਦ ਖਤਮ ਹੋ ਜਾਵੇਗਾ? ਕੀ ਭਾਰਤ ਨਾਲ ਸਬੰਧ ਠੀਕ ਹੋ ਜਾਣਗੇ? ਜਾਹਿਰ ਤੌਰ 'ਤੇ ਇਹਨਾਂ ਸਾਰੇ ਸੁਆਲਾਂ ਦੇ ਜੁਆਬ ਨਾਲ ਲੋਕਾਂ ਦੇ ਰੂ-ਬ-ਰੂ ਹੋਣਾ ਪਵੇਗਾ। ਲੋਕ ਚਾਹੁੰਦੇ ਹਨ ਕਿ ਸਰਕਾਰ ਹਰ ਫੈਸਲੇ 'ਚ ਪਾਰਦਰਸਿਤਾ ਲਿਆਵੇ। ਮੁੰਬਈ ਹਮਲੇ ਦੇ ਅਖੌਤੀ ਮਾਸਟਰ ਮਾਈਂਡ ਤੇ ਜਮਾਤ-ਉਦ-ਦਾਵਾ ਦੇ ਬਾਨੀ ਹਾਫਿਜ ਸਈਦ ਦੀ ਲਾਹੌਰ ਕੋਰਟ ਤੋਂ ਰਿਹਾਈ ਦਾ ਮਾਮਲਾ ਹੈਰਾਨ ਕਰਨ ਵਾਲਾ ਹੈ ਇਸ ਲਈ ਸਰਕਾਰ ਕਹਿ ਰਹੀ ਹੈ ਕਿ ਭਾਰਤ ਨੇ ਠੋਸ ਸਬੂਤ ਨਹੀਂ ਦਿੱਤੇ ਪਰ ਹਾਫਿਜ ਸਈਅਦ ਦੀ ਕਿਸੇ ਵੀ ਸੂਰਤ 'ਚ ਰਿਹਾਈ ਨਹੀਂ ਚਾਹੀਦੀ ਸੀ। ਹੋ ਸਕਦਾ ਸੀ ਕਿ ਇਸ 'ਚ ਸ਼ਮ-ਅਲ-ਸ਼ੇਖ 'ਚ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਬੈਠਕ ਖਟਾਈ 'ਚ ਪੈ ਜਾਂਦੀ। ਹਾਲ ਦੀ ਘੜੀ ਇਹ ਨਹੀਂ ਹੋਇਆ। ਪਾਕਿਸਤਾਨ

ਨੇ ਪ੍ਰਧਾਨ ਮੰਤਰੀ ਗਿਲਾਨੀ ਤੋਂ ਭੁਲ ਹੋਈ ਹੈ। ਇਕ ਸੁਬਾਈ ਮਸਲੇ ਨੂੰ ਚਾਹੇ ਇਸ 'ਚ ਕਿਸੇ ਵੀ ਦੇਸ਼ ਦੀ ਦਖਲਅੰਦਾਜ਼ੀ ਹੋਵੇ ਹੱਲ ਕਰਨ ਦੀ ਬਜਾਏ ਇਸ ਦਾ ਕੌਮਾਂਤਰੀ ਕਰਨਾ ਗਲਤ ਹੈ। ਬਲੋਚ ਬਗਾਵਤ ਦੀ ਚਰਚਾ ਭਾਰਤ ਨਾਲ ਕਰਨਾ ਠੀਕ ਨਹੀਂ ਦਰਅਸਲ ਬਲੋਚ ਸੁਬਾਈ ਅਧਿਕਾਰਾਂ ਦੀ ਸਮੱਸਿਆ ਹੈ ਅਤੇ ਇਸ ਦਾ ਨਿਪਟਾਰਾ ਵਿਹਾਰਕ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ। ਇਸ 'ਚ ਸਭ ਤੋਂ ਅਹਿਮ ਭੂਮਿਕਾ ਇਸਲਾਮਾਬਾਦ ਦੀ ਸਰਕਾਰ ਦੀ ਹੋਣੀ ਚਾਹੀਦੀ ਹੈ। ਬਲੋਚ ਬਾਗੀਆਂ ਨਾਲ ਗੱਲਬਾਤ ਅਮਲ ਵਧਾ ਕੇ ਇਸ ਮਾਮਲੇ ਨੂੰ ਨਿਪਟਾਇਆ ਜਾ ਸਕਦਾ ਹੈ। ਪਰ ਗਿਲਾਨੀ ਸਰਕਾਰ ਵੀ ਉਹੀ ਗਲਤੀ ਕਰਨ ਜਾ ਰਹੀ ਹੈ। ਜੋ ਪਹਿਲਾਂ ਪ੍ਰਵੇਜ਼ ਮੁਸ਼ੱਰਫ ਨੇ ਕੀਤੀ ਸੀ। ਸ਼ਰਮ-ਅਲ-ਸ਼ੇਖ 'ਚ ਪ੍ਰਧਾਨ ਮੰਤਰੀ ਗਿਲਾਨੀ ਸਨ।

ਸਾਂਝੇ ਐਲਾਨ 'ਚ ਬਲੂਚ ਦਾ ਜ਼ਿਕਰ ਆਉਂਦੇ ਹੀ ਭਾਰਤੀ ਮੀਡੀਆ 'ਚ ਖਲਬਲੀ ਮੱਚ ਗਈ ਹੈ। ਕਈ ਤਾਂ ਕੌਮਾਂਤਰੀ ਮੰਚ 'ਤੇ ਇਸ ਮੁੱਦੇ ਨੂੰ ਨਹੀਂ ਉਠਾਉਣਾ ਚਾਹੀਦਾ ਸੀ। ਦਰਅਸਲ ਮੁਸ਼ੱਰਫ ਸਰਕਾਰ ਨੇ ਬਲੋਚਿਸਤਾਨ ਮਾਮਲੇ ਨੂੰ ਹਥਿਆਰਾਂ ਦੇ ਜ਼ੋਰ 'ਤੇ ਦਬਾਉਣ ਦੀ ਕੋਸ਼ਿਸ਼ ਕੀਤੀ ਸੀ। 2003 'ਚ ਚੀਨ ਦੀਆਂ ਸਰਗਰਮੀਆਂ ਵਧਾਉਣ ਦਾ ਕੰਮ ਕੀਤਾ ਗਿਆ। ਹਾਲਾਂਕਿ ਸਰਕਾਰ ਇਹ ਕਹਿੰਦੀ ਰਹੀ ਕਿ ਚੀਨ ਬਾਰਡਰ ਪੋਰਟ ਸਿਟੀ ਦਾ ਵਿਕਾਸ ਕਰੇਗਾ। ਜਦਕਿ ਚੀਨ ਉਥੋਂ ਅਮਰੀਕੀ ਸਰਗਰਮੀਆਂ 'ਤੇ ਨਜ਼ਰ ਆ ਰਿਹਾ ਸੀ। ਅਫਗਾਨਿਸਤਾਨੀ ਨੂੰ ਮਾਰਨ ਦੇ ਨਾਂ 'ਤੇ ਅਮਰੀਕਾ ਨੇ ਬੇਗੁਨਾਹਾਂ ਦੀ ਜਾਨ ਲਈ। ਸੀ. ਆਈ. ਏ. ਦੀ ਦਖਲਅੰਦਾਜੀ ਦਿਨੋ ਦਿਨ ਬਲੂਚਿਸਤਾਨ 'ਚ ਵਧਦੀ ਜਾ ਰਹੀ ਹੈ। ਵਿਕਾਸ ਯੋਜਨਾਵਾਂ 'ਚ ਬਲੋਚ ਨਿਵਾਸੀਆਂ ਨੂੰ ਸ਼ਾਮਲ ਨਹੀਂ ਕੀਤਾ ਜਾ ਰਿਹਾ। ਤਾਂ ਕਬਾਇਲੀ ਲੋਕਾਂ 'ਚ ਗੁੱਸਾ ਭੜਕਣਾ ਲਾਜਮੀ ਹੈ। ਜੋ ਬਗਾਵਤ ਵਜੋਂ ਸਾਹਮਣੇ ਆ ਰਿਹਾ। ਅਸੁਰੱਖਿਅਤ ਕਬਾਇਲੀ ਇਲਾਕੇ 'ਚ ਅਸੁਰੱਖਿਆ ਦੀ ਭਾਵਨਾ ਜਲਦੀ ਪਨਪਦੀ ਹੈ। ਦਰਅਸਲ ਗਿਲਾਨੀ ਸਰਕਾਰ ਨੂੰ ਪਹਿਲੀ ਸਰਕਾਰ ਦੀਆਂ ਗਲਤੀਆਂ ਤੋਂ ਸਿੱਖਣਾ ਪੈਣਾ ਹੈ। ਮੁਸ਼ੱਰਫ ਤੋਂ ਲੈ ਕੇ ਹਾਫਿਜ ਸਈਅਦ ਤੇ ਬੇਤੂਲਹ ਤਕ ਦੇ ਕਾਰਨਾਮਿਆਂ ਲਈ ਜਿੰਮੇਵਾਰ ਪਾਕਿਸਤਾਨ ਖੁਦ ਹੈ। ਸਰਕਾਰ ਇਕ ਸੰਗਠਨ ਨੂੰ ਖਤਮ ਕਰਨ ਲਈ ਦੂਜੇ ਨੂੰ ਸਹਿ ਦੇ ਰਹੀ ਹੈ। ਦਰਅਸਲ ਲੋੜ ਹੈ ਲੋਕਾਂ ਨੂੰ ਨਾਲ ਲੈਕੇ ਚਲਿਆ ਜਾਵਹੇ ਅੱਤਵਾਦ ਖਿਲਾਫ ਢਿਲੀ ਢਿਲੀ ਨੀਤੀ ਨਾ ਅਪਣਾ ਕੇ ਪਾਕਿਸਤਾਨ ਨੂੰ ਇਹ ਤਹਿ ਕਰਨਾ ਚਾਹੀਦਾ ਹੈ ਕਿ ਅਮਰੀਕਾ ਸਾਡਾ ਸਾਥ ਦੇ ਰਿਹਾ ਹੈ ਜਾਂ ਸਾਡੀ ਲੁੱਟ ਤੇ ਜਬਰ ਕਰ ਰਿਹਾ ਹੈ।

# ਕੀ ਹੈ ਪਾਕਿਸਤਾਨ 'ਚ ਉੱਠਦਾ ਵੱਖਵਾਦੀ ਤੂਫਾਨ?

ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਅੱਜ ਵੱਖਵਾਦੀ ਅੰਦੋਲਨ ਨਾਲ ਤਬਾਹ ਹੈ ਜਿਸ ਨਾਲ ਦੇਸ਼ ਦੀ ਏਕਤਾ ਨੂੰ ਖਤਰਾ ਹੈ। ਪਾਕਿਸਤਾਨ ਦਾ ਦੋਸ਼ ਹੈ ਕਿ ਇਰਾਨ ਤੇ ਅਫਗਾਨਿਸਤਾਨ ਸੀਮਾ ਨਾਲ ਲੱਗੇ ਇਸ ਇਲਾਕੇ 'ਚ ਜਾਰੀ ਵੱਡੀ ਖੇਡ 'ਚ ਭਾਰਤ ਵੀ ਸ਼ਾਮਲ ਹੈ। ਵੱਖ-ਵੱਖ ਤਿੰਨ ਪਰਬਤ ਸ਼੍ਰੇਣੀਆਂ ਨਾਲ ਘਿਰੀ ਕਵੇਟਾ ਘਾਟੀ-ਬਿਲਕੁਲ ਚੰਦ ਵਰਗੀ ਜਮੀਨ ਭੂ-ਭਾਗ ਦੇ ਮੁਕਾਬਲੇ ਭਰੀ ਭਰੀ ਹੈ। ਮੀਲਾਂ ਤਕ ਫੈਲੇ ਪੂਰੇ ਰੇਗਿਸਤਾਨ 'ਚ ਹਰਿਆਲੀ ਦਾ ਨਾਮੋ ਨਿਸ਼ਾਨ ਨਹੀਂ ਦਿਸਦਾ ਚਾਰੋ ਪਾਸੇ ਪਹਾੜੀਆਂ ਹਨ ਅਤੇ ਕੋਈ ਮਨੁੱਖੀ ਬਸਤੀ ਨਜ਼ਰ ਨਹੀਂ ਆਉਂਦੀ। ਇਹ ਬਮੁਸ਼ਕਲ ਐਸੀ ਥਾਂ ਲੱਗਦੀ ਹੈ। ਜਿਸ ਸਬੰਧੀ ਭਾਰਤ ਤੇ ਪਾਕਿਸਤਾਨੀ ਦੀ ਸਰਕਾਰ 'ਚ ਏਨੀ ਦਿਲਚਸਪੀ ਹੈ ਕਿ ਅਤੇ ਪਿਛਲੇ ਮਹੀਨੇ ਮਿਸਰਤ ਦੇ ਸ਼ਰਮ-ਅਲਸੇਖ 'ਚ ਦੋਨਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਗੱਲਬਾਤ ਪਿੱਛੋਂ ਇਸ 'ਤੇ ਕੂਟਨੀਤਕ ਝਮੇਲਾ ਪੈਦਾ ਹੋ ਗਿਆ। ਉਸ ਸਮੇਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਯੂਸਫ ਰਜ਼ਾ ਗਿਲਾਨੀ ਵਲੋਂ ਜਾਰੀ ਸਾਂਝੇ ਬਿਆਨ 'ਚ ਵਿਸੇਸ਼ ਤੌਰ 'ਤੇ 'ਬਲੋਚਿਸਤਾਨ ਵਿਚ ਖਤਰਿਆਂ' ਨਾਲ ਨਿਪਟਣ ਵੱਲ ਇਸ਼ਾਰਾ ਕੀਤਾ ਗਿਆ। ਇਹ ਪਾਕਿਸਤਾਨ ਵਲੋਂ ਭਾਰਤੀ ਖੁਫੀਆ ਏਜੰਸੀਆਂ 'ਤੇ ਸਿੱਧਾ ਦੋਸ਼ ਸੀ ਕਿ ਉਹ ਇਲਾਕੇ ਨੂੰ ਅਸਥਿਰ ਕਰਨ 'ਚ ਸ਼ਾਮਲ ਹੈ। ਕੁਝ ਦਹਾਕੇ ਪਹਿਲਾਂ ਤਕ ਕਵੇਟਾ ਇਕ ਛੋਟਾ ਤੇ ਆਮ ਸ਼ਹਿਰ ਹੁੰਦਾ ਸੀ ਜੋ ਗੁਆਂਢ ਦੇ ਇਰਾਨ ਅਤੇ ਅਫਗਾਨਿਸਤਾਨ ਤੋਂ ਲਿਆਂਦੇ ਪਿਸਤੇ, ਬਦਾਮ, ਨਾਸ਼ਪਤੀ ਤੇ ਦੂਜੇ ਮੇਵਿਆਂ ਦੇ ਬਜ਼ਾਰਾਂ ਅਤੇ ਆਪਣੀ ਸਾਫ਼ ਸੁਥਰੀ ਆਬੋ ਹਵਾ ਲਈ ਜਾਣਿਆ ਜਾਂਦਾ ਸੀ। 1980 ਦੇ ਦਹਾਕੇ 'ਚ ਅਫਗਾਨ ਸ਼ਰਨਾਰਥੀਆਂ ਜਿਹਨਾਂ 'ਚੋਂ ਕਈ ਸ਼ਹਿਰਾਂ 'ਚ ਵਸ ਗਏ ਅਤੇ ਆਪਣਾ ਕਾਰੋਬਾਰ ਜਮਾ ਲਿਆ ਦੇ ਆਉਣ ਪਿੱਛੋਂ ਕਵੇਟਾ ਕਰੀਨੇ ਤੋਂ ਵਸਾਏ ਗਏ 'ਸਾਫ ਸੁਥਰੇ ਸ਼ਹਿਰ ਦੀ ਆਪਣੀ ਦਿੱਖ ਗਵਾ ਬੈਠਾ ਅਤੇ ਪਿੱਛੇ ਜਿਹੇ ਅਮਰੀਕਾ ਤੇ ਅਫਗਾਨਿਸਤਾਨ ਨੇ ਇਹਨਾਂ ਦੋਸ਼ਾਂ ਜਿਹਨਾਂ ਨੂੰ ਪਾਕਿਸਤਾਨ ਨੇ ਮੁਢੋਂ ਖਾਰਜ ਕਰ ਦਿੱਤਾ ਹੈ। ਪਿਛੋਂ ਉਹ ਹੋਰ ਖੁੰਖਾਰ ਹੋ ਗਿਆ ਕਿ ਤਾਲਿਬਾਨ ਦਾ ਸਰਵਉੱਚ ਨੇਤਾ ਇਥੇ ਹੀ ਰਹਿ ਰਿਹਾ ਹੈ। ਕਵੇਟਾ ਹੁਣ ਬਿਲਕੁਲ ਵੱਖਰਾ ਸ਼ਹਿਰ ਬਣ ਗਿਆ ਹੈ ਇਹ ਪੂਰੇ ਸੂਬੇ 'ਚ ਉਸ ਹਿੰਸਕ ਰਾਜਸੀ ਸੰਘਰਸ਼ ਦਾ ਹਿੱਸਾ ਬਣ ਗਿਆ ਹੈ। ਜਿਸ ਵਿੱਚ ਅਕਸਰ ਬੰਬ ਫਟਦੇ ਰਹਿੰਦੇ ਹਨ। ਬਿਜਲੀ ਦੇ ਖੰਭੇ ਤੇ ਬੁਨਿਆਦੀ ਸਹੂਲਤਾਂ ਤਬਾਹ ਹੋ ਗਈਆਂ ਹਨ। ਗੁੰਮਨਾਮ ਅੱਤਵਾਦੀ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਤੇ ਰਾਜਸੀ ਕੱਟੜਤਾ ਵਧਦੀ ਜਾ ਰਹੀ ਹੈ। ਕਵੇਟਾ ਤੋਂ ਕੋਈ 150 ਮੀਲ ਦੱਖਣ ਪੂਰਵ ਦੇ ਕੋਹਲੂ ਤੇ ਡੇਰਾ ਬਸਤੀ ਵਿੱਚ 'ਅੱਤਵਾਦੀਆਂ' ਖਿਲਾਫ ਫੌਜੀ ਮੁਹਿੰਮ ਤੇਜ ਹੋਣ ਦੇ ਨਾਲ ਹੀ ਸ਼ਹਿਰ ਵਿੱਚ ਪੁਲਸ ਵਾਲਿਆਂ ਤੇ ਗੈਰ-ਬਲੂਚ ਨਾਗਰਿਕਾਂ ਦੀ ਹੱਤਿਆ ਦੇ ਮਾਮਲੇ ਵਧ ਗਏ ਹਨ। ਜਾਹਿਰ ਤੌਰ 'ਤੇ ਇਹ ਜਾਤੀ ਸਫਾਏ ਦਾ ਮਾਮਲਾ ਹੈ। ਹਵਾਈ ਅੱਡੇ ਤੋਂ ਸ਼ਹਿਰ ਦੇ ਰਾਹ 'ਤੇ ਅਰਧ ਸੈਨਿਕ ਬਲਾਂ ਦੀ ਮੌਜੂਦਗੀ ਸਾਫ ਦਿਸਦੀ ਹੈ। ਉਹਨਾਂ ਦੇ ਟ੍ਰਕਾਂ ਉਪਰ ਮਸ਼ੀਨਗੰਨ ਲੱਗੀ ਹੁੰਦੀ ਹੈ ਅਤੇ ਉਹ ਸੜਕਾਂ ਤੇ ਗਸ਼ਤ ਕਰਦੇ ਨਜ਼ਰ ਆਉਂਦੇ ਹਨ।

ਵੱਖ-ਵੱਖ ਚੌਰਾਹਿਆਂ 'ਤੇ ਬਾਲੂ ਦੇ ਬੋਰੇ ਵਾਲੇ ਬੰਕਰ ਬਣਾਏ ਗਏ ਹਨ, ਇਸ ਤੋਂ ਇਲਾਵਾ ਕਈ ਚੈਕਪੋਸਟਾਂ ਬਣਾਈਆਂ ਗਈਆਂ ਹਨ। ਜਿਨ੍ਹਾਂ ਬਾਰੇ ਨਾਗਰਿਕਾਂ ਨੂੰ ਕਾਫੀ ਸ਼ਿਕਾਇਤ ਹੈ। ਸਥਾਨਕ ਲੋਕ ਸੁਰੱਖਿਆ ਬਲਾਂ ਦੇ ਜਵਾਨਾਂ ਦੇ "ਅਪਮਾਨ ਜਨਕ ਵਿਹਾਰ" ਦੀ ਸ਼ਿਕਾਇਤ ਕਰਦੇ ਹਨ, ਨਿਸ਼ਾਨਾ ਬਣਾ ਕੇ ਹੱਤਿਆ ਦੇ ਕਈ ਮਾਮਲਿਆਂ ਪਿਛੋਂ ਇਸੇ ਸਾਲ 29 ਜੂਨ ਨੂੰ ਸੂਬੇ 'ਚ ਕਾਨੂੰਨ ਲਾਗੂ ਕਰਨ ਵਾਲੀ ਮੁੱਖ ਏਜੰਸੀ ਬਲੂਚਿਸਤਾਨ ਫਰੰਟੀਅਰ ਕੋਰ ਨੂੰ ਸੁਰੱਖਿਆ ਦਾ ਬੀੜਾ ਚੁੱਕਣ ਨੂੰ ਕਿਹਾ ਹੈ।

ਦਰਅਸਲ ਕਵੇਟਾ ਖਾਸ ਕਰਕੇ ਅਫਗਾਨ ਸ਼ਰਨਾਰਥੀਆਂ ਦੇ ਆਗਮਨ ਪਿਛੋਂ ਕਾਫੀ ਹੱਦ ਤਕ ਪਖਤੂਨ ਸ਼ਹਿਰ ਬਣ ਗਿਆ ਹੈ, ਇਸ ਦੇ ਬਾਵਜੂਦ ਜਾਂ ਫਿਰ ਇਸ ਵਜਾਹ ਨਾਲ ਮੌਜੂਦਾ ਸੰਘਰਸ਼ ਬਲੂਚ ਮਸਲੇ ਕਰਕੇ ਹੀ ਹੈ। ਬਲੂਚਿਸਤਾਨ ਸੂਬਾ ਜਿਸ ਨੂੰ ਕਾਫੀ ਹੱਦ ਤਕ ਸਵਾਗਤ ਸ਼ਾਹੀ ਕਬਾਇਲੀ ਇਲਾਕਿਆਂ ਨੂੰ ਮਿਲਾ ਕੇ 1970 'ਚ ਗਠਿਤ ਕੀਤਾ ਗਿਆ ਸੀ। ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ। ਇਹ ਪਾਕਿਸਤਾਨ ਦੇ ਕੁਲ ਖੇਤਰਫਲ ਦੇ 44 ਫੀਸਦੀ ਹਿੱਸੇ ਵਿੱਚ ਫੈਲਿਆ ਹੋਇਆ ਹੈ। ਪਰ ਇਥੇਦੇਸ਼ ਦੀ ਕੁਲ ਅਬਾਦੀ ਦੇ 7 ਫੀਸਦੀ ਤੋਂ ਵੀ ਘੱਟ ਲੋਕ ਰਹਿੰਦੇ ਹਨ। ਉਹਨਾਂ ਵਿਚੋਂ ਸਿਰਫ ਅੱਧੀ ਆਬਾਦੀ ਬਲੋਚਾ ਦੀ ਹੈ ਜਿਸ 'ਚ ਜ਼ਿਆਦਾਤਰ ਸੂਬੇ ਦੇ ਦੱਖਣ, ਪੂਰਬ, ਦੱਖਣੀ-ਪੂਰਵੀ ਤੇ ਦੱਖਣ-ਪੱਛਮੀ ਇਲਾਕਿਆਂ 'ਚ ਰਹਿ ਰਹੇ ਹਨ ਤੇ ਉਹਨਾਂ ਨੇ ਆਪਣੇ ਹੀ ਪ੍ਰਾਂਤ ਵਿੱਚ ਘੱਟ ਗਿਣਤੀ ਬਣਾਇਆ ਜਾ ਰਿਹਾ ਹੈ। ਬਲਕਿ ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਸੂਬੇ ਦੇ ਨਾਲ ਆਰਥਿਕ ਤੇ ਸਮਾਜਿਕ ਪੱਖੋਂ ਭੇਦਭਾਵ ਵਰਤਿਆ ਜਾ ਰਿਹਾ ਹੈ। ਕਈ ਵਜਾਹ ਕਰਕੇ ਬਲੋਚਿਸਤਾਨ 'ਚ ਵਿਕਾਸ ਕੰਮ ਨਹੀਂ ਹੋ ਸਕਿਆ ਅਤੇ ਇਥੋਂ ਦੇ ਸਮਾਜਿਕ ਸੰਕੇਤਕ ਪੂਰੇ ਦੇਸ਼ 'ਚ ਸਭ ਤੋਂ ਵੱਧ ਖਰਾਬ ਹਨ। ਉਹਨਾਂ 'ਚ ਕੁਝ ਹਨ ਉੱਚਾ ਨੀਵਾਂ ਇਲਾਕਾ ਤੇ ਖਿੰਡੀ ਹੋਈ ਆਬਾਦੀ ਬਲੋਚ ਰਾਸ਼ਟਰਵਾਦੀਆਂ ਸਮੇਤ ਕਈ ਟੀਕਾਕਾਰਾਂ ਨੇ ਇਸ ਲਈ ਕਬਾਇਲੀ ਸਰਦਾਰਾਂ ਨੂੰ ਜਿਹਨਾਂ ਦਾ ਆਪਣੇ ਇਲਾਕੇ 'ਚ ਪੂਰਾ ਦਬਦਬਾ ਹੈ। ਜਿੰਮੇਵਾਰ ਠਹਿਰਾਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਕਬਾਇਲੀ ਸਰਕਾਰਾਂ ਨੇ ਖੁਦ 'ਤੇ ਲੋਕਾਂ ਦੀ ਨਿਰਭਰਤਾ ਬਣਾਈ ਰੱਖਣ ਲਈ ਇਲਾਕੇ ਦੇ ਵਿਕਾਸ ਕੰਮ ਨੂੰ ਰੋਕਿਆ ਹੋਇਆ ਹੈ ਮਿਸਾਲ ਵਜੋਂ ਸਾਬਕਾ ਰਾਸ਼ਟਰਪਤੀ ਜਨਰਲ ਪ੍ਰਵੇਜ਼ ਮੁਸ਼ੱਰਫ ਦੇ ਕਾਰਜਕਾਲ 'ਚ ਸੱਤ ਸਾਲਾਂ ਦੌਰਾਨ ਸੰਘੀ ਵਿਕਾਸ ਬਜਟ 'ਚ ਬਲੂਚਿਸਤਾਨ ਲਈ 350 ਅਰਬ ਰੁਪਏ ਅਲਾਟ ਕੀਤੇ ਗਏ ਪਰ ਉਹਨਾਂ ਨੂੰ ਵਰਤਣ ਦੀ ਸਮਰੱਥਾ ਨਾ ਹੋਣ ਕਰਕੇ ਬੁਨਿਆਦੀ ਪੱਧਰ 'ਤੇ ਖਾਸ ਕੰਮ ਨਹੀਂ ਹੋਇਆ। ਉਸ ਤੋਂ ਪਹਿਲਾਂ 29 ਸਾਲਾਂ ਦੌਰਾਨ ਸਿਰਫ 129 ਅਰਬ ਰੁਪਏ ਵੰਡੇ ਗਏ। ਦੂਜੇ ਪਾਸੇ ਬਲੂਚ ਦੇ ਨੇਤਾ ਵਿਕਾਸ ਕਾਰਜ ਨਾ ਹੋਣ ਲਈ ਇਸਲਾਮ ਬੰਦ ਨੂੰ ਦੋਸੀ ਮੰਨਦੇ ਹਨ। ਉਹ ਸੰਘੀ ਢਾਂਚੇ ਖਾਸ ਕਰਕੇ ਸਭ ਤੋਂ ਵੱਧ ਆਬਾਦੀ ਵਾਲੇ ਪੰਜਾਬ ਪ੍ਰਾਂਤ 'ਤੇ ਦੋਸ਼ ਲਾਉਂਦੇ ਹਨ ਕਿ ਉਹ ਲੋੜੀਂਦਾ ਮੁਆਵਜਾ ਦਿੱਤੇ ਬਗੈਰ ਸੂਬੇ ਦੇ ਕੁਦਰਤੀ ਸਾਧਨਾ ਦੀ ਵਰਤੋਂ ਕਰ ਰਿਹਾ ਹੈ। ਬਲੋਚ ਨੇਤਾਵਾਂ ਜਿਹਨਾਂ ਵਿੱਚ ਜ਼ਿਆਦਾਤਰ ਉਹੀ ਕਬਾਇਲੀ ਸਰਕਾਰ ਹਨ ਦੇ ਕਈ ਦੋਸ਼ ਸਿਰਫ ਰਾਜਸੀ ਲਫਾਜੀ ਹਨ। ਉਹ ਇਹਨਾਂ ਰਾਹੀਂ ਆਪਣੇ ਲੋਕਾਂ ਦੇ ਵਿਚਕਾਰ ਖੁਦ ਨੂੰ ਕੌਮਪ੍ਰਸਤ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਕੁਦਰਤੀ ਸਾਧਨਾ ਸਬੰਧੀ ਉਹਨਾਂ ਦੀ ਗੱਲ ਸਹੀ

ਹੈ। ਕੁਦਰਤੀ ਗੈਸ ਜਿਸਦੀ ਖੋਜ 1963 ’ਚ ਡੇਰਾ ਬੁਗਤੀ ਦੇ ਸੂਝ ਇਲਾਕੇ ’ਚ ਹੋਈ ਸੀ, ਪੂਰੇ ਪਾਕਿਸਤਾਨ ਵਿੱਚ ਸਪਲਾਈ ਕੀਤੀ ਜਾਂਦੀ ਹੈ। ਪਰ ਉਸ ਊਰਜਾ ਸਰੋਤ ਦੀ ਲੁੱਟ ਲਈ ਬਲੋਚਿਸਤਾਨ ਸਰਕਾਰ ਨੂੰ ਸਿਰਫ 12-5 ਫੀਸਦੀ ਰਾਇਲਟੀ ਦਿੱਤੀ ਜਾਂਦੀ ਹੈ ਜਦ ਕਿ ਡੇਰਾ ਬੁਗਤੀ ਜਿਲੇ ਦੇ ਬਹੁਤੇ ਇਲਾਕਿਆਂ ’ਚ ਪਾਈਪ ਨਾਲ ਗੈਸ ਸਪਲਾਈ ਦੀ ਸਹੂਲਤ ਨਹੀਂ ਹੈ। ਇਸ ਸੂਬੇ ਦੇ ਈਰਾਨ ਨਾਲ ਲੱਗਦੇ ਚਗਈ ਜਿਲੇ ’ਚ ਤਾਂਬੇ ਤੇ ਸੋਨੇ ਦੀਆਂ ਵਿਸ਼ਾਲ ਖਾਣਾ ਹਨ ਇਥੇ ਰੇਕੋਦਿਕ ਤੇ ਸੈਡਾਨ ’ਚ ਖੁਦਾਈ ਦੇ ਦੋ ਪ੍ਰਾਜੈਕਟ ਇਟਲੀ, ਆਸਟਰੇਲੀਆ ਤੇ ਚੀਨ ਦੀਆਂ ਕੰਪਨੀਆਂ ਸਾਂਝੇ ਤੌਰ ’ਤੇ ਚਲਾ ਰਹੀਆਂ ਹਨ। ਇਹਨਾਂ ਦੋਹਾਂ ਪ੍ਰਾਜੈਕਟਾਂ ਤੋਂ ਹੀ ਸੂਬਾ ਸਰਕਾਰ ਨੂੰ ਬਹੁਤ ਘੱਟ ਰਾਇਲਟੀ ਦਿੱਤੀ ਜਾਂਦੀ ਹੈ। ਅਫਗਾਨਿਸਤਾਨ ਅਤੇ ਇਰਾਨ ਤੇ ਬਾਕੀ ਪਾਕਿਸਤਾਨ ਵਿਚਕਾਰ ਵਪਾਰ ਇਸ ਇਲਾਕੇ ਤੋਂ ਹੋਕੇ ਜਾਂਦਾ ਹੈ। ਪਰ ਸਥਾਨਕ ਸਰਕਾਰ ਨੂੰ ਕੋਈ ਟੈਕਸ ਨਹੀਂ ਦਿੱਤਾ ਜਾਂਦਾ। ਇਹ ਵੀ ਮੰਨਿਆ ਜਾਂਦਾ ਹੈ ਕਿ ਬਲੋਚਿਸਤਾਨ ਦੇ ਕਈ ਇਲਾਕਿਆਂ ’ਚ ਤੇਲ ਦਾ ਕਾਫੀ ਵੱਡਾ ਭੰਡਾਰ ਹੈ ਅਤੇ ਬਲੋਚ ਨੇਤਾਵਾਂ ਦਾ ਦੋਸ਼ ਹੈ ਕਿ ਪਾਕਿਸਤਾਨ ਦੀ ਨੌਕਰਸ਼ਾਹੀ ਤੇ ਫੌਜ ਨੇ ਉਹਨਾਂ ’ਤੇ ਵੀ ਨਜ਼ਰ ਗੱਡ ਰੱਖੀ ਹੈ। ਉਹਨਾਂ ਦੇ ਇਸ ਦਾਅਵੇ ’ਚ ਵੀ ਦਮ ਹੈ ਕਿ ਸੂਬੇ ’ਚ ਚਲ ਰਹੇ ਵੱਡੇ ਪ੍ਰੋਜੈਕਟਾਂ ਅਤੇ ਉਹਨਾਂ ’ਚ ਸਥਾਨਕ ਲੋਕਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ ਅਤੇ ਉਹਨਾਂ ’ਚ ਸਥਾਨਕ ਲੋਕਾਂ ਨੂੰ ਨਿਯੁਕਤ ਕਰਨ ਦੀ ਥਾਂ ਬਾਹਰ ਦੇ ਮਜ਼ਦੂਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸੂਬੇ ’ਚ ਆਰਥਿਕ ਦਾਅ ਕਾਫੀ ਉੱਚਾ ਹੈ ਪਰ ਉਸ ਤੋਂ ਵੀ ਵੱਧ ਸਾਮਰਿਕ ਦਾਅ ਲੱਗ ਰਿਹਾ ਹੈ। ਬਲੋਚਿਸਤਾਨ ਮੱਧ ਏਸ਼ੀਆ ਦੇ ਊਰਜਾ ਗਲਿਹਿਰੇ ਦੇ ਮੁਹਾਨੇ ’ਤੇ ਸਥਿਤ ਹੈ ਖਾਸ ਕਰਕੇ ਪੱਛਮ ਦੇ ਇਰਾਨ ਦੇ ਨਾਲ ਤਣਾਅ ਪੂਰਨ ਰਿਸ਼ਤਿਆਂ ਦੇ ਮੱਦੇਨਜ਼ਰ ਮੱਧ ਏਸ਼ੀਆ ਤੋਂ ਵੱਡੇ ਪੈਮਾਨੇ ’ਤੇ ਤੇਲ ਤੇ ਕੁਦਰਤੀ ਗੈਸ ਨੂੰ ਉਥੋਂ ਅਰਬ ਸਾਗਰ ’ਚ ਪਹੁੰਚਾਇਆ ਜਾ ਸਕਦਾ ਹੈ। ਇਰਾਨ ਤੋਂ ਗੈਸ ਪਾਈਪ ਲਾਈਨ ਵੀ ਜੋ ਮੂਲ ਰੂਪ ’ਚ ਭਾਰਤ ਨੂੰ ਵੀ ਗੈਸ ਸਪਲਾਈ ਲਈ ਵਿਛਾਈ ਜਾਣੀ ਸੀ। ਬਲੋਚਿਸਤਾਨ ਤੋਂ ਹੋ ਕੇ ਹੀ ਗੁਜਰੇਗੀ। ਰੂਸੀ ਲੰਬੇ ਸਮੇਂ ਤੋਂ ਚਾਹੁੰਦੇ ਸਨ ਕਿ ਉਹਨਾਂ ਨੂੰ ਬਲੋਚਿਸਤਾਨ ਤੋਂ ਫਾਰਸ ਦੀ ਖਾੜੀ ’ਚ ਜਾਣ ਦਾ ਰਾਹ ਮਿਲ ਜਾਵੇ। ਚੀਨੀਆਂ ਨੇ ਇਕ ਅਰਬ ਡਾਲਰ ਦੇ ਨਿਵੇਸ਼ ਨਾਲ ਬਲੋਚਿਸਤਾਨ ਦੇ ਗਵਾਦਾਰ ’ਚ ਬੰਦਰਗਾਹ ਬਣਾ ਲਈ ਹੈ। ਸਮਾਜਿਕ ਮਾਮਲਿਆਂ ’ਚ ਵਿਸ਼ਲੇਸਿਕ ਇਕ ਬੰਦਰਗਾਹ ਨੂੰ ਇਕ ਉਭਰਦੀ ਮਹਾਂਸ਼ਕਤੀ ਦਾ ਯਤਨ ਮੰਨਦੇ ਹਨ। ਜੋ ਨਾ ਸਿਰਫ ਪੱਛਮੀ ਏਸ਼ੀਆ ਤੇ ਅਫਰੀਕਾ ਤੋਂ ਊਰਜਾ ਦੀ ਸਪਲਾਈ ਸੁਰੱਖਿਅਤ ਕਰਨਾ ਅਤੇ ਮੱਧ ਏਸ਼ੀਆ ’ਚ ਪੈਰ ਜਮਾਉਣਾ ਚਾਹੁੰਦੀ ਹੈ। ਬਲਕਿ ਜੋ ਅਮਰੀਕੀ ਹਿੱਤਾਂ ਲਈ ਵੀ ਚੁਣੌਤੀ ਹੈ। ਦਰਅਸਲ ਇਸ ਬੰਦਰਗਾਹ ਬਾਰੇ ਅਮਰੀਕੀ ਫੌਜ ਵੀ ਕਾਫੀ ਪ੍ਰੇਸ਼ਾਨ ਹੈ। ਉਹ ਇਸ ਨੂੰ ਚੀਨੀ ਸਮੁੰਦਰੀ ਫੌਜ ਲਈ ਐਸਾ ਅੱਡਾ ਮੰਨਦੀ ਹੈ। ਜਿਥੋਂ ਹੋਮੁਰਜ ਦੀ ਖਾੜੀ ’ਚ ਅਮਰੀਕਾ ਦੇ ਪੂਰਨ ਕੰਟਰੋਲ ਨੂੰ ਚੁਣੌਤੀ ਮਿਲਦੀ ਹੈ। ਗਵਾਦਾਰ ਬੰਦਰਗਾਹ ਈਰਾਨ ਦੇ ਚਬਾਹਰ ’ਚ ਭਾਰਤੀ ਮਦਦ ਨਾਲ ਬਣਾਈ ਗਈ ਬੰਦਰਗਾਹ ਅਤੇ ਵਪਾਰ ਦੇ ਕੇਂਦਰ ਵਜੋਂ ਦੁਬਈ ਨੂੰ ਵੀ ਖਤਰਾ ਹੈ। ਇਹੀ ਨਹੀਂ ਇਸ ਦੀ ਵਜਾਹ ਕਰਕੇ ਪਾਕਿਸਤਾਨ ਦੀ ਸਮੁੰਦਰੀ ਫੌਜ ਨੂੰ ਭਾਰਤ ਨੂੰ ਘੇਰਨ ’ਚ ਅਸਾਨੀ ਹੋਵੇਗੀ। ਪਾਕਿਸਤਾਨੀ ਖੁਫੀਆ ਏਜੰਸੀਆਂ ਦਾ ਮੰਨਣਾ ਹੈ ਕਿ ਇਸੇ “ਵੱਡੇ ਖੇਲ” ਦੀ ਵਜਾਹ

ਕਰਕੇ ਬਲੋਚਿਸਤਾਨ 'ਚ ਕਈ ਵਿਦੇਸ਼ੀ ਖੁਫੀਆ ਏਜੰਸੀਆਂ ਆਪਣੇ ਆਪਣੇ ਹਿੱਤਾਂ ਦੀ ਖਾਤਰ ਇਕ ਦੂਜੇ ਨਾਲ ਦੌੜ ਲਾ ਰਹੀਆਂ ਹਨ। ਇਸਲਾਮਾਬਾਦ ਸਥਿਤ ਇਕ ਔਰਤ ਦਾ ਕਹਿਣਾ ਹੈ ਕਿ "ਕਿਸੇ ਵੀ ਏਜੰਸੀ ਦਾ ਨਾਂ ਲਓ ਅਤੇ ਉਹ ਉਥੇ ਮਿਲ ਜਾਵੇਗੀ" ਪਰ ਪਾਕਿਸਤਾਨ ਖਾਸ ਕਰਕੇ ਭਾਰਤੀ ਏਜੰਸੀ ਤੋਂ ਕੁਪਿਤ ਹੈ। ਪਾਕਿਸਤਾਨ ਫੌਜ ਪਿਛਲੇ ਚਾਰ ਸਾਲਾਂ ਤੋਂ ਅਫਗਾਨਿਸਤਾਨ 'ਚ ਬਣਾਏ ਗਏ ਭਾਰਤੀ ਵਪਾਰਕ ਦੂਤਾਵਾਸਾਂ ਬਾਰੇ ਸ਼ਿਕਾਇਤ ਕਰ ਰਹੀ ਹੈ। ਉਸ ਦਾ ਦੋਸ਼ ਹੈ ਕਿ ਉੱਤਰ ਪੱਛਮ ਅਤੇ ਬਲੋਚਿਸਤਾਨ 'ਚ ਪਾਕਿਸਤਾਨ ਖਿਲਾਫ ਗੁਪਤ ਮੁਹਿੰਮਾਂ ਲਈ ਉਹਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਦਾ ਦਾਅਵਾ ਹੈ ਕਿ ਇਥੋਂ ਇਲਾਕੇ ਦੇ ਵੱਖਵਾਦੀ ਸਮੂਹਾਂ ਨੂੰ ਪੈਸਾ ਦਿੱਤਾ ਜਾ ਰਿਹਾ ਹੈ। ਇਹ ਦਾਅਵਾ ਵਾਸ਼ਿੰਗਟਨ ਸਥਿਤ ਰੈਂਡ ਕਾਰਪੋਰੇਸ਼ਨ ਦੀ ਵਿਸਲੇਸਕ ਕਿਸਟੀਨ ਫੇਅਰ ਦੀ ਗੱਲਾਂ 'ਤੇ ਅਧਾਰਤ ਹੈ ਹਾਲਾਂਕਿ ਫੇਅਰ ਨੇ ਪਿਛੋਂ ਸਪੱਸ਼ਟ ਕੀਤਾ ਕਿ ਉਹਨਾਂ ਦੀ ਦਿਲਚਸਪੀ "ਸੰਪਦਾ ਵਧਾਉਣ" 'ਚ ਸੀ। ਐਫਸੀ ਦੇ ਪ੍ਰਮੁੱਖ ਮੇਜਰ ਜਨਰਲ ਸਲੀਮ ਨਵਾਜ ਨੇ ਦੱਸਿਆ ਕਿ "ਭਾਰਤ ਨੇ ਕਸ਼ਮੀਰ ਦਾ ਜੁਆਬ ਬਲੋਚਿਸਤਾਨ 'ਚ ਲੱਭ ਲਿਆ ਅਸੀਂ ਅੱਤਵਾਦੀਆਂ ਨੂੰ ਅਜਿਹੇ ਸੈਟੇਲਾਈਟ ਫੋਨ ਅਤੇ ਮੋਬਾਇਲ ਫੋਨ ਨਾਲ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੇ ਲਾਗ ਤੋਂ ਪਤਾ ਲੱਗਦਾ ਹੈ ਕਿ ਅਫਗਾਨਿਸਤਾਨ ਅਤੇ ਭਾਰਤ ਵਿੱਚ ਫੋਨ ਕੀਤਾ ਗਿਆ ਅਤੇ ਪੁੱਛਗਿੱਛ ਤੋਂ ਵੀ ਉਹਨਾਂ ਦੇ ਸੰਪਰਕਾਂ ਦੀ ਜਾਣਕਾਰੀ ਮਿਲਦੀ ਹੈ ਸਾਨੂੰ ਪਤਾ ਹੈ ਕਿ ਬ੍ਰਾਹਮਦਾਗ ਬੁਗਤੀ ਕਾਬਲ 'ਚ ਬੈਠਾ ਹੈ ਅਤੇ ਭਾਰਤੀ ਏਜੰਟ ਉਸ ਦੀ ਵਰਤੋਂ ਕਰ ਰਹੇ ਹਨ। ਸਾਡੇ ਕੋਲ ਉਸ ਦੇ ਦਿੱਲੀ ਦੌਰੇ ਅਤੇ ਉਥੇ ਉਸ ਦੇ ਸੁਆਗਤ ਦੀਆਂ ਵੀ ਤਸਵੀਰਾਂ ਹਨ ਇਸ ਵਿਚ ਸ਼ੱਕ ਨਹੀਂ ਕਿ ਬਲੋਚਿਸਤਾਨ ਨੂੰ ਵਿਕਾਸ ਤੋਂ ਵਾਂਝਿਆ ਕੀਤੇ ਜਾਣ ਤੇ ਅਸਲ ਵਿਚ ਨਾਰਾਜਗੀ ਹੈ ਪਰ ਅਸੀਂ ਜਿਸ ਤਰ੍ਹਾਂ ਦੀ ਹਥਿਆਰਬੰਦ ਬਗਾਵਤ ਝਲ ਰਹੇ ਹਾਂ ਉਸ ਵਿੱਚ ਹਥਿਆਰਾਂ ਦੀ ਸਪਲਾਈ ਜਾਰੀ ਰੱਖਣ ਲਈ ਪੈਸੇ ਦੀ ਲੋੜ ਹੈ।"

ਨਵਾਜ ਨੇ ਜੋ ਸੰਯੋਗਵਸ ਖੁਦ ਹੀ ਬਲੋਚ ਹੈ ਜਿਸ ਦਾ ਸਾਲਾ ਬ੍ਰਾਹਮਦਾਗ ਬੁਗਤੀ ਦਾ ਜ਼ਿਕਰ ਕੀਤਾ ਹੈ। ਇਹ ਅਸਲ ਵਿੱਚ ਮੌਜੂਦਾ ਸੰਘਰਸ਼ ਦੇ ਕੇਂਦਰ ਵਿੱਚ ਹੈ। ਬੁਗਤੀ ਕਬੀਲੇ ਦੇ ਮੁਖੀ ਨਵਾਬ ਅਕਬਰ ਖਾਨ ਬੁਗਤੀ ਜੋ 2006 'ਚ ਇਕ ਫੌਜੀ ਮੁਹਿੰਮ ਦੌਰਾਨ ਇਕ ਗੁਫਾ ਦੇ ਢਹਿਣ ਕਾਰਨ ਮਾਰੇ ਗਏ ਸਨ, ਦੋ ਪੋਤਿਆਂ 'ਚ ਇਕ ਬ੍ਰਾਹਮਦਾਗ ਦਸੰਬਰ 2005 'ਚ ਫੌਜੀ ਕਾਰਵਾਈ ਸ਼ੁਰੂ ਹੋਣ ਸਮੇਂ ਤੋਂ ਹੀ ਭੂਮੀਗਤ (ਰੂਪੋਸ਼) ਹੋ ਗਿਆ ਹੈ, ਉਸ ਦੀ ਬਲੋਚਿਸਤਾਨ ਰਿਪਬਲੀਕਨ ਪਾਰਟੀ ਨੇ ਬਲੋਚਿਸਤਾਨ ਰਿਪਬਲੀਕਨ ਆਰਮੀ ਦਾ ਗਠਨ ਕੀਤਾ ਹੈ। ਬ੍ਰਾਹਮਦਾਗ ਮੁਤਾਬਕ ਬੀ. ਆਰ. ਏ. ਬਲੋਚ ਲੋਕਾਂ ਦੇ ਅਧਿਕਾਰਾਂ ਦੀ ਖਾਤਰ ਹਥਿਆਰਬੰਦ ਸੰਘਰਸ਼ ਕਰ ਰਹੀ ਹੈ।" ਬੀਅਰ ਨੇ ਤੋੜ ਫੋੜ ਕੇ ਡੇਰਾ ਬੁਗਤੀ ਅਤੇ ਕਵੇਟਾ 'ਚ ਕਈ ਰਾਕਟ ਹਮਲਿਆਂ ਦੇ ਨਾਲ ਹੀ ਸੁਰੱਖਿਆ ਜਵਾਨਾ ਪੁਲਸ ਵਾਲਿਆਂ ਤੋਂ ਇਲਾਵਾ ਕੋਈ 139 ਐਫ ਸੀ ਜਵਾਨ ਮਾਰੇ ਜਾ ਚੁੱਕੇ ਹਨ ਅਤੇ "ਬਸਤੀ ਵਸਾ ਕੇ ਰਹਿਣ ਵਾਲੇ ਪੰਜਾਬੀਆਂ" ਦੇ ਕਤਲ ਦਾ ਜਿੰਮਾ ਲਿਆ ਹੈ। ਅਜੇ ਪਿੱਛੇ ਜਿਹੇ ਹੀ ਉਹਨਾਂ ਅੱਠ ਪੁਲਸ ਵਾਲਿਆਂ ਅਤੇ ਪੰਜ ਮਜ਼ਦੂਰਾਂ ਨੂੰ ਅਗਵਾ ਕਰ ਲਿਆ। 2 ਅਗਸਤ ਨੂੰ ਇਹਨਾਂ ਸਭ ਦੀਆਂ ਲਾਸ਼ਾਂ ਮਿਲੀਆਂ ਦੱਸਿਆ ਜਾਂਦਾ ਹੈ ਕਿ ਬ੍ਰਾਹਮਦਾਗ ਨਵਾਬ ਦਾ ਸਭ ਤੋਂ ਲਾਡਲਾ ਪੋਤਾ

ਸੀ ਤੇ ਉਹ ਉਸੇ ਨੇ ਆਪਣਾ ਉਤਰਾਧਿਕਾਰੀ ਬਣਾਉਣਾ ਚਾਹੁੰਦਾ ਸੀ ਪਰ ਆਪਣੇ ਹੀ ਪਰਿਵਾਰ 'ਚ ਆਮ ਰਾਏ ਨਾ ਬਣਨ ਕਰਕੇ ਅਜਿਹਾ ਕਰ ਨਹੀਂ ਸਕੇ। ਉਸ ਦੇ ਚਚੇਰੇ ਭਾਈ ਅਤੇ ਆਲੀ ਬੁਗਤੀ-ਨਵਾਬ ਦੇ ਸਭ ਤੋਂ ਵੱਡੇ ਬੇਟੇ ਨੂੰ ਬੁਗਤੀ ਕਬੀਲੇ ਦਾ ਨਵਾਂ ਸਰਦਾਰ ਬਣਾਇਆ ਗਿਆ ਹੈ। ਕਥਿਤ ਤੌਰ 'ਤੇ ਇਸ ਵਿੱਚ ਪਾਕਿਸਤਾਨ ਸਰਕਾਰ ਨੇ ਮਦਦ ਕੀਤੀ, ਜਿਸ ਦੀ ਵਜਾਹ ਕਰਕੇ ਚਚੇਰੇ ਭਾਈਆਂ 'ਚ ਕਤਲੇਆਮ ਸ਼ੁਰੂ ਹੋ ਗਿਆ ਹੈ। ਅਪ੍ਰੈਲ 'ਚ ਇਕ "ਅਣਜਾਨ ਥਾਂ 'ਤੇ" ਸਥਾਨਕ ਟੈਲੀਵਿਜ਼ਨ ਚੈਨਲ ਨਾਲ ਗੱਲਬਾਤ 'ਚ ਬ੍ਰਾਹਮਦਾਗ ਨੇ ਐਲਾਨ ਕੀਤਾ ਕਿ ਉਹ "ਭਾਰਤ ਜਾਂ ਕਿਸੇ ਤੋਂ ਵੀ ਮਦਦ ਦਾ ਸੁਆਗਤ ਕਰੇਗਾ।" ਭਾਰਤ ਨੇ ਬਲੋਚਿਸਤਾਨ 'ਚ ਆਪਣੀ ਕਿਸੇ ਤਰ੍ਹਾਂ ਦੀ ਭੂਮਿਕਾ ਤੋਂ ਸਾਫ ਇਨਕਾਰ ਕੀਤਾ ਹੈ ਅਤੇ ਸ਼ਰਮ ਅਲ-ਸ਼ੇਖ 'ਚ ਜਾਰੀ ਸਾਂਝੇ ਬਿਆਨ 'ਚ ਮਨਮੋਹਨ ਨੇ ਬਲੋਚਿਸਤਾਨ ਦਾ ਜ਼ਿਕਰ ਇਸ ਲਈ ਹੋਣ ਦਿੱਤਾ ਕਿਉਂਕਿ ਉਹਨਾਂ ਕਿਹਾ ਕਿ ਭਾਰਤ ਪਾਸ ਕੁਝ ਵੀ ਛਿਪਾਉਣ ਲਈ ਨਹੀਂ ਹੈ। ਭਾਰਤੀ ਅਧਿਕਾਰੀਆਂ ਮੁਤਾਬਕ ਪਾਕਿਸਤਾਨ ਨੇ ਬਲੋਚਿਸਤਾਨ ਮੁੱਦੇ ਨੂੰ ਇਸ ਕਰਕੇ ਵੀ ਉਠਾਇਆ ਹੈ ਕਿ ਉਹ ਅਫਗਾਨਿਸਤਾਨ ਵਿੱਚ ਭਾਰਤ ਵੱਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਨਾਲ ਭਾਰਤ ਨੇ ਮਿਲ ਰਹੀ ਵਾਹ-ਵਾਹ ਤੋਂ ਸੜ ਰਿਹਾ ਹੈ। ਵਿਕਾਸ ਯੋਜਨਾਵਾਂ ਕਰਕੇ ਭਾਰਤ ਨੂੰ ਯੁੱਧ ਨਾਲ ਤਬਾਹ ਦੇਸ਼ ਵਿੱਚ ਆਪਣੀ ਥਾਂ ਬਣਾਉਣ 'ਚ ਮਦਦ ਮਿਲੀ ਹੈ ਪਾਕਿਸਤਾਨ ਦਾ ਇਹ ਵੀ ਮੰਨਣਾ ਹੈ ਕਿ ਹੁਣ ਭਾਰਤ ਉਸ ਨੂੰ ਪੂਰਬੀ ਤੇ ਪੱਛਮੀ ਦੋਨੋਂ ਸਰਹੱਦਾਂ ਤੋਂ ਘੇਰ ਰਿਹਾ ਹੈ। ਅੱਤਵਾਦ 'ਚ ਦੂਜਾ ਮੁੱਖ ਖਿਡਾਰੀ ਮੀਰ ਹਰਬਿਰਮਾਰ ਮਰੀ ਹੈ। ਹਰਬਿਆਰ ਕਬਾਇਲੀ ਸਰਕਾਰ ਖੈਰ ਬਖਸ ਬਰੀ ਦਾ ਬੇਟਾ ਹੈ। ਖੈਰ ਬਖਸ਼ ਖੁਦ 1970 ਦੇ ਦਹਾਕੇ ਵਿੱਚ ਹਥਿਆਰ ਵਿਦਰੋਹ 'ਚ ਸ਼ਾਮਲ ਸੀ। ਹਰਬਿਆਰ ਜੋ ਬਲੋਚਿਸਤਾਨ 'ਚ ਮੰਤਰੀ ਰਹਿ ਚੁੱਕਿਆ ਹੈ, ਲੰਦਨ 'ਚ ਨਿਰਵਾਸਿਤ ਜੀਵਨ ਜਿਉਂ ਰਿਹਾ ਹੈ ਅਤੇ ਕਥਿਤ ਤੌਰ 'ਤੇ ਬਲੋਚਿਸਤਾਨ ਲਿਬਰੇਸ਼ਨ ਆਰਮੀ ਦਾ ਮੁਖੀ ਹੈ। ਹਾਲਾਂਕਿ ਉਹ ਇਸ ਤੋਂ ਇਨਕਾਰ ਕਰਦਾ ਹੈ। ਬੀ. ਐਲ. ਏ. ਮੁੱਖ ਤੌਰ 'ਤੇ ਕੋਹਲੂ ਮਰੀ ਇਲਾਕੇ 'ਚ ਸਰਗਰਮ ਹੈ ਜਿਥੇ ਫੌਜੀ ਮੁਹਿੰਮ ਚਲਾਈ ਜਾ ਰਹੀ ਹੈ। ਹਰਬਿਆਰ ਬਲੋਚਿਸਤਾਨ ਨੂੰ ਪਾਕਿਸਤਾਨ ਤੋਂ ਵੱਖ ਕਰਨ ਦੀ ਖੁੱਲ੍ਹੀ ਹਮਾਇਤ ਕਰਦਾ ਹੈ ਅਤੇ ਉਸ ਨੇ ਪੱਛਮੀ ਦੇਸ਼ਾਂ ਤੇ ਸੰਯੁਕਤ ਰਾਸ਼ਟਰ ਤੋਂ ਆਜਾਦ ਬਲੋਚਿਸਤਾਨ ਦੀ ਮੰਗ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ ਹੈ। ਇਕ ਤੀਜੀ ਛੋਟੀ ਹਥਿਆਰਬੰਦ ਜਥੇਬੰਦੀ ਬਲੋਚਿਸਤਾਨ ਲਿਬਰੇਸ਼ਨ ਫਰੰਟ ਹੈ ਜੋ ਮੁੱਖ ਤੌਰ 'ਤੇ ਦੱਖਣ ਦੇ ਮੇਕਰਾਨ ਇਲਾਕੇ ਵਿੱਚ ਸਰਗਰਮ ਹੈ ਅਤੇ ਇਹ ਆਜ਼ਾਦ 'ਗ੍ਰੇਟਰ ਬਲੋਚਿਸਤਾਨ' ਦੀ ਹਮਾਇਤੀ ਹੈ। ਗ੍ਰੇਟਰ ਬਲੋਚਿਸਤਾਨ 'ਚ ਇਰਾਨ ਦੇ ਬਲੋਚਿਸਤਾਨ-ਸਿਸਤਾਨ ਸੂਬੇ ਅਫਗਾਨਿਸਤਾਨ ਦੇ ਨਾਲ ਹੀ ਸਿੰਧ ਅਤੇ ਪੰਜਾਬ ਦੇ ਉਹ ਇਲਾਕੇ ਹੋਣਗੇ ਜਿਥੇ ਬਲੂਚ ਆਬਾਦੀ ਰਹਿੰਦੀ ਹੈ। ਅਪ੍ਰੈਲ 'ਚ ਇਸਦੇ ਬਾਨੀ ਗੁਲਾਮ ਮੁਹੰਮਦ ਬਲੋਚ ਦੇ ਮਾਰੇ ਜਾਣ ਪਿਛੋਂ ਇਸ ਦਾ ਮੁਖੀ ਹੁਣ ਅੱਲਾ ਨਜਰ ਹੈ। ਪਰ ਇਹਨਾਂ ਸਮੂਹਾਂ ਨੂੰ ਅਸਲ ਵਿੱਚ ਕਿੰਨੀ ਹਮਾਇਤ ਹਾਸਲ ਹੈ? ਮੇਜਰ ਜਨਰਲ ਨਵਾਜ ਦਾ ਅੰਦਾਜਾ ਹੈ ਕਿ ਇਹਨਾਂ ਸਮੂਹਾਂ ਦੇ ਕੱਟੜ ਵਰਕਰਾਂ ਦੀ ਗਿਣਤੀ 200 ਤੋਂ ਵੱਧ ਨਹੀਂ ਹੈ। ਇਸ ਤੋਂ ਇਲਾਵਾ ਉਹਨਾਂ ਨਾਲ ਹਮਦਰਦੀ ਰੱਖਣ ਵਾਲੇ ਕੁਝ ਕੁ ਸੌ ਲੋਕ ਹੀ ਹੋ ਸਕਦੇ ਹਨ। ਪਰ ਕਵੇਟਾ 'ਚ ਆਮ ਰਾਏ ਇਹ ਹੈ ਕਿ ਮਰੀ ਤੇ ਬੁਗਤੀ ਇਲਾਕਿਆਂ 'ਚ ਲਗਭਗ

ਫੌਜੀ ਮੁਹਿੰਮਾ, ਪਾਕਿਸਤਾਨੀ ਖੁਫੀਆ ਸੇਵਾਵਾਂ ਦੀ ਦਬੰਗਾਈਆਂ ਦੇ ਨਾਲ ਹੀ ਇਸਲਾਮਾਬਾਦ ਤੋਂ ਬਲੂਚਾ ਨੂੰ ਇਨਸਾਫ ਨਾ ਮਿਲਣ ਦੀ ਵਜਾਹ ਕਰਕੇ ਵੱਡੇ ਪੈਮਾਨੇ ’ਤੇ ਨੌਜਵਾਨ ਅੱਤਵਾਦੀ ਵਿਚਾਰਧਾਰਾ ਨੂੰ ਅਪਣਾ ਰਹੇ ਹਨ। ਨੈਸ਼ਨਲ ਪਾਰਟੀ ਦੇ ਵੱਡੇ ਨੇਤਾ ਅਬਦੁਲ ਬਲੂਚ ਜੋ ਕਿਸੇ ਕਬੀਲੇ ਦੇ ਸਰਦਾਰ ਨਾ ਹੁੰਦੇ ਹੋਏ ਵੀ ਬਲੋਚਿਸਤਾਨ ਦੇ ਸਿਆਸੀ ਹਲਕਿਆਂ ਵਿੱਚ ਖਾਸਾ ਰਸੂਖ ਰੱਖਦੇ ਹਨ ਦਾ ਕਹਿਣਾ ਹੈ ਕਿ “ਅਜਿਹੇ ’ਚ ਤੁਸੀਂ ਕੀ ਉਮੀਦ ਰੱਖਦੇ ਹੋ? ਜਦ ਲੋਕ 1948 ਤੋਂ ਹੀ ਫੌਜੀ ਕਾਰਵਾਈ ਵੇਖ ਰਹੇ ਹੋਣ, ਜਦੋਂ ਉਹ ਆਪਣੀ ਜਮੀਨ ਤੋਂ ਕਬਜਾ ਛੁਡਾਉਣ ਲਈ ਰਾਜੀ ਨਾ ਹੁੰਦੇ ਵੇਖ ਰਹੇ ਹੋਣ ਤਾਂ ਇਸ ਤਰ੍ਹਾਂ ਦੀ ਨਫਰਤ ਯਕੀਨੀ ਤੌਰ ’ਤੇ ਹੋਰ ਵਧ ਜਾਵੇਗੀ।” ਕਵੇਟਾ ਦੇ ਕੁਝ ਰਾਜਸੀ ਵਰਕਰਾਂ ਦਾ ਮੰਨਣਾ ਹੈ ਕਿ ਨੌਜਵਾਨ ਕਿਉਂਕਿ ਕੱਟੜ ਵਿਚਾਰਧਾਰਾ ਅਪਣਾ ਰਹੇ ਹਨ ਇਸ ਵਜ੍ਹਾ ਨਾਲ ਉਹ ਅਤੇ ਤਿੱਖੀ ਲਫਾਜ਼ੀ ਕਰਨ ਲਈ ਮਜ਼ਬੂਰ ਹੋ ਗਈ ਹੈ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਕੱਟੜਪੰਥੀ ਉਹਨਾਂ ਦੀ ਜਮੀਨ ਖਿਸਕਾ ਦੇਣਗੇ। ਬਲੋਚਿਸਤਾਨ ’ਚ ਭਾਰਤ ਦੀ ਭੂਮਿਕਾ ਬਾਰੇ ਦਾਅਵਿਆਂ ਦੇ ਬਾਵਜੂਦ ਮੇਜਰ ਜਨਰਲ ਨਵਾਜ ਵਰਗੇ ਪਾਕਿਸਤਾਨੀ ਸੁਰੱਖਿਆ ਅਧਿਕਾਰੀ ਮੰਨਦੇ ਹਨ ਕਿ ਇਸ ਸਮੱਸਿਆ ਦੀ ਜੜ੍ਹ ਬਲੂਚ ਲੋਕਾਂ ’ਚ ਵੱਖਵਾਦ ਦੀ ਭਾਵਨਾ ’ਚ ਪਈ ਹੈ। ਉਹਨਾਂ ਦਾ ਕਹਿਣਾ ਹੈ ਕਿ “ਸਾਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਸਾਡੇ ਲੋਕਾਂ ਦੀ ਹਾਲਤ ਐਸੀ ਹੋ ਗਈ ਹੈ ਕਿ ਬਾਹਰੀ ਹਿੱਤਾਂ ਲਈ ਵਰਤੇ ਜਾ ਰਹੇ ਹਨ। ਸਾਨੂੰ ਸਿਆਸੀ ਜ਼ਮੀਨ ਤਿਆਰ ਕਰਨੀ ਚਾਹੀਦੀ ਹੈ ਜਿਥੇ ਸੰਘੀ ਸਿਆਸਤ ’ਚ ਯਕੀਨ ਰੱਖਣ ਵਾਲੀਆਂ ਪਾਰਟੀਆਂ ਆ ਕੇ ਆਪਣੀ ਗੱਲ ਰੱਖ ਸਕਣ ਅਤੇ ਸਾਨੂੰ ਸਮਾਜਿਕ ਰਾਜਸੀ ਅਸੰਤੋਸ਼ ਦੇ ਅਸਲੀ ਮੁੱਦਿਆਂ ਨਾਲ ਨਿਬੜਨਾ ਚਾਹੀਦਾ ਹੈ, ਜਿਨ੍ਹਾਂ ਕਾਰਨ ਕੱਟੜਤਾ ਏਨੀ ਵਧ ਗਈ ਹੈ। ਮੁੱਖ ਧਾਰਾ ਦੀਆਂ ਜ਼ਿਆਦਾਤਰ ਪਾਰਟੀਆਂ ਆਪਣੇ ਗੁੱਸੇ ਦੇ ਬਾਵਜੂਦ ਇਹ ਮੰਨਦੀਆਂ ਹਨ ਕਿ ਬਲੂਚ ਵੰਸ਼ ਪ੍ਰਮਪਰਾ ਵਾਲੇ ਰਾਸ਼ਟਰਪਤੀ ਆਸਿਫ ਅਲੀ ਜਰਦਾਰੀ ਬਲੋਚਿਸਤਾਨ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਸਬੰਧੀ ਇਮਾਨਦਾਰ ਹਨ। ਪਰ ਉਸ ਇਸ ’ਤੇ ਵੀ ਸ਼ੱਕ ਜ਼ਾਹਰ ਕਰਦੇ ਹਨ ਕਿ ਉਹਨਾਂ ਦੇ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਮੁੱਖ ਮੰਤਰੀ ਸਰਦਾਰ ਅਸਲਮ ਰਾਏ ਸਾਨੀ ਪਾਸ ਫੌਜ ਨੂੰ ਪ੍ਰਭਾਵਿਤ ਕਰਨ ਲਈ ਅਸਲ ’ਚ ਕਿੰਨਾ ਅਧਿਕਾਰ ਹੈ। ਉਹਨਾਂ ਦਾ ਮੰਨਣਾ ਹੈ ਕਿ ਬਲੋਚਿਸਤਾਨ ਨੀਤੀ ਫੌਜ ਹੀ ਤਹਿ ਕਰਦੀ ਹੈ। ਜਰਦਾਰੀ ਨੇ ਪੀ. ਪੀ. ਪੀ. ਦੇ ਉਚ ਨੇਤਾ ਰਜ਼ਾਰਿਬਾਨੀ ਨੂੰ ਬਲੋਚਿਸਤਾਨ ’ਚ ਵੱਖਵਾਦ ਦੀ ਭਾਵਨਾ ਨੂੰ ਦੂਰ ਕਰਨ ਲਈ ਕਈ ਤਰ੍ਹਾਂ ਦੇ ਸੁਝਾਅ ਦੇਣ ਲਈ ਕਿਹਾ ਸੀ ਅਤੇ ਪ੍ਰਧਾਨ ਮੰਤਰੀ ਨੂੰ ਇਹ ਸੁਝਾਅ ਸੌਂਪ ਦਿੱਤੇ ਗਏ ਹਨ ਹਾਲਾਂਕਿ ਇਹਨਾਂ ਸੁਝਾਵਾਂ ਬਾਰੇ ਕੁਝ ਨਹੀਂ ਦੱਸਿਆ ਗਿਆ ਹੈ ਪਰ ਮੰਨਿਆ ਜਾਂਦਾ ਹੈ ਕਿ ਉਹ ਪਹਿਲੀ ਸਰਕਾਰ ਵਿਚ ਸੇਨੇਟਰ ਰਹੇ। ਮੁਸਾਹਿਦ ਹੁਸੈਨ ਦੀ ਅਗਵਾਈ ’ਚ ਬਣੀ ਸੰਮਤੀ ਦੀਆਂ ਸਿਫਾਰਸ਼ਾਂ ’ਤੇ ਅਧਾਰਤ ਹੈ। ਇਹਨਾਂ ਸਿਫਾਰਸ਼ਾਂ ’ਚ ਗੈਸ ਤੇ ਖਣਿਜਾਂ ਦੀ ਰਾਇਲਟੀ ਦਾ ਸਹੀ ਬਟਵਾਰਾ ਗਵਾਦਰ ਬੰਦਰਗਾਹ ’ਤੇ ਬਲੂਚਾਂ ਦੇ ਵੱਧ ਕੰਟਰੋਲ ਸਥਾਨਕ ਮਜ਼ਦੂਰਾਂ ਦੀ ਵਰਤੋਂ ਨੂੰ ਜ਼ਰੂਰੀ ਬਣਾਉਣ ਦੇ ਨਾਲ ਸੂਬੇ ’ਚ ਵਿਕਾਸ ਕਾਰਜ ਤੇਜ ਕਰਨ ਲਈ ਉਹਨਾਂ ਨੂੰ ਵਿਸੇਸ਼ ਦਰਜਾ ਦੇਣ ਵਰਗੇ ਭਖਵੇਂ ਮੁੱਦੇ ਸ਼ਾਮਲ ਹਨ। ਵੱਖਵਾਦੀ ਸਮੂਹਾਂ ਨੇ ਸਰਕਾਰ ਦੇ ਨਾਲ ਕਿਸੇ ਵੀ ਤਰ੍ਹਾਂ

ਦੀ ਗੱਲਬਾਤ ਕਰਨ ਤੋਂ ਪਹਿਲਾਂ ਹੀ ਇਨਕਾਰ ਕਰ ਦਿੱਤਾ ਹੈ ਕਿ 11 ਅਗਸਤ ਨੂੰ ਅਜਾਦ ਬਲੋਚਿਸਤਾਨ ਦਾ ਐਲਾਨ ਕਰ ਦੇਣਗੇ। ਮੁੱਖ ਧਾਰਾ ਦੀਆਂ ਪਾਰਟੀਆਂ ਇਹ ਉਮੀਦ ਕਰ ਰਹੀਆਂ ਹਨ ਕਿ ਸਰਕਾਰ ਅਜਿਹੇ ਪੈਕੇਜ ਦਾ ਐਲਾਨ ਕਰ ਦੇਵੇ ਜਿਸ ਨਾਲ ਕੱਟੜਪੰਥੀਆਂ ਦੇ ਅੰਦੋਲਨ ਦੀ ਹਵਾ ਨਿਕਲ ਜਾਵੇ। ਇਸ ਮਾਮਲੇ 'ਤੇ ਲੋਕਾਂ ਦੀ ਰਾਇ ਏਨੀ ਪੁਖਤਾ ਹੋ ਚੁੱਕੀ ਹੈ ਕਿ ਸਰਕਾਰ ਕੋਲ ਕਾਰਵਾਈ ਦੀ ਖਾਸ ਗੁਜਾਇੰਸ ਨਹੀਂ ਹੈ।

# ਕੀ ਉਚ ਸਿੱਖਿਆ ਯੋਗਤਾ ਰੁਜ਼ਗਾਰ ਦੀ ਗਰੰਟੀ ਹੈ?

1947 ਦੀ ਸੱਤਾ ਬਦਲੀ ਪਿਛੋਂ ਕਈ ਸਾਲ ਬਾਅਦ ਅਸੀਂ ਇਸ ਵਹਿਮ ਹੇਠ ਹੀ ਜਿਉਂਦੇ ਰਹੇ ਕਿ ਉਚ ਸਿੱਖਿਆ ਯੋਗਤਾ ਰੁਜ਼ਗਾਰ ਦੀ ਗਰੰਟੀ ਹੁੰਦੀ ਹੈ। ਅੱਜ ਦੇਸ਼ 'ਚ ਹਰ ਤਰ੍ਹਾਂ ਦੇ ਕਾਲਜਾਂ ਤੇ ਸੰਸਥਾਵਾਂ ਦੀ ਭਰਮਾਰ ਹੈ। ਜਿਨ੍ਹਾਂ ਦੀ ਭਰੋਸੇਯੋਗਤਾ ਸ਼ੱਕੀ ਹੈ। ਸਾਡੀ ਸਿੱਖਿਆ ਪ੍ਰਣਾਲੀ ਹਰ ਸਾਲ ਲੱਖਾਂ ਗ੍ਰੈਜੂਏਟ, ਪੋਸਟ ਗ੍ਰੈਜੂਏਟ ਇਥੋਂ ਤਕ ਕਿ ਪੀ. ਐਚ. ਡੀ. ਵੀ ਤਿਆਰ ਕਰਦੀ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਇਹਨਾਂ 'ਚੋਂ ਕਈਆਂ ਨੂੰ ਰੁਜ਼ਗਾਰ ਵੀ ਮਿਲਿਆ ਤਾਂ ਬਹੁਤ ਮਹੱਤਵਪੂਰਨ ਨਹੀਂ ਹੁੰਦਾ, ਸਲੇਬਸ ਪੁਰਾਣਾ ਹੋ ਚੁੱਕਿਆ ਹੈ ਫੈਕਲਟੀ ਕਾਬਲ ਨਹੀਂ ਹੈ ਅਤੇ ਵਿਦਿਆਰਥੀ ਰੁਜ਼ਗਾਰ ਲਈ ਪੂਰੀ ਤਰ੍ਹਾਂ ਤਿਆਰ ਵੀ ਨਹੀਂ ਹਨ, ਇਸ ਤੋਂ ਵੱਧ ਚਿੰਤਾ ਦੀ ਗੱਲ ਹੈ ਕਿ ਬੱਚਿਆਂ ਦਾ ਸਕੂਲ ਦੀ ਪੜ੍ਹਾਈ ਵਿੱਚ ਛੱਡ ਦੇਣਾ, ਉਹਨਾਂ 'ਚ ਵੀ ਬਹੁਤ ਆਰਥਿਕ ਤੰਗੀ ਕਾਰਨ ਛੱਡਦੇ ਹਨ। ਸਰਕਾਰ ਵੱਲੋਂ ਪ੍ਰਯੋਜਿਤ ਯੋਜਨਾਵਾਂ ਦੇ ਇਰਾਦੇ ਨੇਕ ਹੋਣ ਦੇ ਬਾਵਜੂਦ ਵੀ ਉਹਨਾਂ 'ਤੇ ਅਮਲ ਨਹੀਂ ਹੁੰਦਾ। ਹੁਣ ਜਦ ਨੌਜਵਾਨ ਅਬਾਦੀ ਵਧਦੀ ਜਾ ਰਹੀ ਹੈ ਤਾਂ ਸਾਨੂੰ ਵੱਖਰਾ ਸੋਚਣਾ ਚਾਹੀਦਾ ਹੈ। ਜਲਦੀ ਨਾਲ ਸੋਚਣ ਦੀ ਤੇ ਵਿਵੇਕਪੂਰਨ ਸੋਚਣ ਦੀ ਤਰਜੀਹ ਦੇ ਅਧਾਰ 'ਤੇ ਜੇ ਅਜਿਹਾ ਨਾ ਕੀਤਾ ਗਿਆ ਤਾਂ ਇਸ ਦਾ ਸਿੱਟਾ ਗੰਭੀਰ ਹੋ ਸਕਦਾ ਹੈ। ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਰੁਜ਼ਗਾਰ ਤੇ ਗੁਜਰ ਬਸਰ ਨੂੰ ਰਵਾਇਤੀ ਉਚ ਸਿੱਖਿਆ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ। ਅਸਲੀਅਤ ਇਹ ਹੈ ਕਿ ਜ਼ਿਆਦਾਤਰ ਸੰਭਾਵਿਤ ਰੁਜ਼ਗਾਰ ਨਾ ਤਾਂ ਸੰਗਠਿਤ ਖੇਤਰ 'ਚ ਹੈ, ਨਾ ਹੀ ਉਸ ਲਈ ਵੱਡੀ ਗਿਣਤੀ 'ਚ ਗ੍ਰੈਜੂਏਟਸ ਦੀ ਲੋੜ ਪਵੇਗੀ ਸਾਨੂੰ ਕਾਰੋਬਾਰੀ ਸਿਖਲਾਈ ਵੱਲ ਸੋਚਣਾ ਚਾਹੀਦਾ ਹੈ। ਜਿਸ ਨਾਲ ਹਰ ਖੇਤਰ 'ਚ ਰੁਜ਼ਗਾਰ ਤਿਆਰ ਹੋਵੇਗਾ। 1999-2000 'ਚ ਕੀਤੇ ਗਏ ਕੌਮੀ ਨਮੂਨਾ ਸਰਵੇਖਣ ਦਾ ਅਨੁਮਾਨ ਹੈ ਕਿ ਭਾਰਤ ਦੀ ਕਿਰਤ ਸ਼ਕਤੀ 40.6 ਕਰੋੜ ਹੈ ਅਤੇ ਇਸ ਵਿਚੋਂ 93 ਫੀਸਦੀ ਗੈਰ ਰਵਾਇਤੀ ਤੇ ਜਥੇਬੰਦ ਖੇਤਰ 'ਚ ਹੈ। ਅੱਜ ਇਕ ਦਹਾਕੇ ਬਾਅਦ ਵੀ ਸਥਿਤੀ 'ਚ ਕੋਈ ਬਦਲਾਅ ਨਹੀਂ ਆਇਆ ਹੈ। ਦੇਸ਼ ਦੀ ਆਪਣੀ ਸਿੱਖਿਆ ਪ੍ਰਣਾਲੀ 'ਚ ਬੁਨਿਆਦੀ ਬਦਲਾਅ ਦੀ ਬਹੁਤ ਲੋੜ ਹੈ ਤੇ ਕਿਤਾਮੁਖੀ ਰੁਜ਼ਗਾਰ ਅਧਾਰਿਤ ਸਿਖਲਾਈ ਦੇ ਭਾਵੇਂ ਹੀ ਸਾਨੂੰ ਲੁਕਵੀਆਂ ਸਰਗਰਮੀਆਂ ਤੇ ਢਾਂਚਾਗਤ ਵਿਕਾਸ ਨਜ਼ਰ ਆ ਰਿਹਾ ਹੈ, ਇਸ ਵਿਚ ਵਿਕਾਸ ਨੂੰ ਬਣਾਈ ਰੱਖਣ ਲਈ ਬੁਨਿਆ ਸਮਰੱਥਾ ਦੀ ਘਾਟ ਹੈ, ਇਹ ਸਪੱਸ਼ਟ ਹੈ ਕਿ ਜਰੂਰੀ ਸਿਖਲਾਈ ਦੀ ਬੇਹੱਦ ਕਮੀ ਹੈ ਅਤੇ ਇਸ ਲਈ ਉਚ ਸਿੱਖਿਆ ਦੀ ਬਿਲਕੁਲ ਲੋੜ ਨਹੀਂ ਹੈ ਫਿਰ ਵੀ ਸਾਡੇ ਇਥੇ ਅਣਗਿਣਤ ਬੇਰੁਜ਼ਗਾਰ ਹਨ ਜੋ 'ਉਚ ਸਿੱਖਿਆ' ਦੀ ਯੋਗਤਾ ਨਾਲ ਲੈਸ ਹਨ ਅਤੇ ਇਨ੍ਹਾਂ ਨੂੰ ਐਸੀ ਨੌਕਰੀ ਦੀ ਲੋੜ ਹੈ ਜੋ ਉਹਨਾਂ ਦੀ ਯੋਗਤਾ ਦੇ ਅਨੁਕੂਲ ਹੋਵੇ ਇਹ ਆਪਾ ਵਿਰੋਧ ਅਸੀਂ ਖੁਦ ਹੀ ਤਿਆਰ ਕੀਤਾ ਹੈ, ਇਸ ਦਾ ਸਿੱਟਾ ਹੈ ਬੇਹੱਦ ਸੰਭਾਵਨਾਵਾਂ ਭਰੇ ਰੁਜ਼ਗਾਰ ਬਜ਼ਾਰ ਦੇ ਬਾਵਜੂਦ ਵਧਦੀ ਗਰੀਬੀ ਸਕੂਲੋਂ ਨਿਕਲੇ ਵਿਦਿਆਰਥੀ ਦਾ ਵਧਦਾ ਅੰਕੜਾ ਜਿਹਨਾਂ ਦੀ ਗਿਣਤੀ ਇਸ ਸਾਲ ਹੋਰ ਵਧ ਗਈ ਅਤੇ ਜੋ ਲਾਜ਼ਮੀ ਹੀ ਆਰਥਕ ਤੌਰ 'ਤੇ ਕਮਜ਼ੋਰ ਹੋਣ ਲਈ ਮਜ਼ਬੂਰ ਹਨ।

ਆਪਣਾ ਜੀਵਨ ਪੱਧਰ ਉਹ ਬਦਲ ਨਹੀਂ ਸਕਦੇ। ਸਿੱਖਿਆ ਨੂੰ ਹੁਨਰ ਤੇ ਰੁਜ਼ਗਾਰ ਨਾਲ ਜੋੜਨਾ ਚਾਹੀਦਾ ਹੈ। ਸਮੇਂ ਦੀ ਮੰਗ ਹੈ ਕਿ ਇਸ ਵਿਸ਼ਾਲ ਸਮੂਹ ਨੂੰ ਮੁਖੀ ਸਿਖਿਆ ਨਾਲ ਲੈਸ ਕਰੀਏ। ਸੰਸਾਧਨਾ ਸਮਰਥਣ ਤੇ ਸਿਖਲਾਈ ਦੇ ਸਹੀ ਮੇਲ ਨਾਲ ਅੱਜ ਦੇ ਨੌਜਵਾਨਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨਯੋਗ ਬਣਾਇਆ ਜਾ ਸਕਦਾ ਹੈ। ਪਰ ਇਹ ਕੌਮੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਸਰਕਾਰ ਉਦਯੋਗ ਤੇ ਸਮਾਜ ਨੂੰ ਆਮ ਤੌਰ ’ਤੇ ਇਸ ਦਾ ਨਿਰਭਾਹ ਕਰਨਾ ਚਾਹੀਦਾ ਹੈ ਪਿਛਲੇ 10 ਸਾਲਾਂ ’ਚ ਅਸੀਂ ਇਸ ਦਿਸ਼ਾ ’ਚ ਮੁਢਲੇ ਕਦਮ ਵੀ ਨਹੀਂ ਉਠਾਏ।

ਡਾ. ਰੈਡੀ ਫਾਊਂਡੇਸ਼ਨ ਦਾ ਲਾਈਵਲੀਹੁਡ ਅਡਵਾਂਸਮੈਂਟ ਬਿਜਨਸ ਸਕੂਲ (ਲੈਬਸ) ਨੌਜਵਾਨਾਂ ਨੂੰ ਰੁਜ਼ਗਾਰ ਮੁਖੀ ਸਿੱਖਿਆ ਦੇਣ ’ਚ ਮਦਦ ਕਰ ਰਿਹਾ ਹੈ। ਜੋ ਵਿਅਕਤੀ ਦੀਆਂ ਭਾਵਨਾਵਾਂ ਰੋਜ਼ੀ-ਰੋਟੀ ਤੇ ਵਿਕਾਸਾਤਮਕ ਜ਼ਰੂਰਤਾਂ ਨੂੰ ਸਮਝ ਸਕੇ। ਲੈਬਸ ਨੌਜਵਾਨਾਂ ਨੂੰ ਆਟੋ ਮੋਬਾਇਲ ਮੈਕੇਨਿਕਸ ਤੋਂ ਲੈ ਕੇ ਮਾਲਕ-ਗਾਹਕ ਸਬੰਧਾਂ ਤੋਂ ਲੈ ਕੇ ਰੋਗੀ ਦੀ ਸੇਵਾ ਤੇ ਬੀ. ਪੀ. ਓ. ਅਪਰੇਸ਼ਨ ਤਕ ਵੱਖ-ਵੱਖ ਖੇਤਰਾਂ ’ਚ ਸਿਖਲਾਈ ਦਿੰਦਾ ਹੈ। ਨਵੇਂ ਅਰਥਚਾਰੇ ਦੀਆਂ ਉਭਰਦੀਆਂ ਲੋੜਾਂ ਲਈ ਲਾਜਮੀ ਸਿਖਲਾਈ ਦੇ ਕੇ ਇਸ ਨੇ ਸਥਾਨਕ ਉਦਯੋਗ ਤੇ ਬਾਜ਼ਾਰ ਦੀ ਮੰਗ ਪੂਰੀ ਕੀਤੀ ਹੈ। ਪੇਂਡੂ ਭਾਰਤ ’ਚ ਲੈਬਸ ਵਰਗੇ ਪ੍ਰੋਗਰਾਮਾਂ ਲਈ ਇਕ ਸਰਲ ਤੇ ਕਾਰਗਰ ਮੌਕੇ ਦੀ ਭਾਰੀ ਸੰਭਾਵਨਾ ਨਜ਼ਰ ਆਉਂਦੀ ਹੈ ਕਿਉਂਕਿ ਸਾਲ ’ਚ ਇਕ ਜਾਂ ਦੋ ਵਾਰੀ ਹੋਣ ਵਾਲੀ ਖੇਤੀ ਆਮਦਨ ਜੋ ਕਿ ਘਟਦੀ ਜਾ ਰਹੀ ਹੈ ਦੀ ਵਜਾਹ ਕਰਕੇ ਨੌਜਵਾਨ ਭਾਰੀ ਗਿਣਤੀ ’ਚ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ ਜੋ ਪਹਿਲਾਂ ਹੀ ਅਬਾਦੀ ਦੇ ਬੋਝ ਕਾਰਨ ਦਬੇ ਹੋਏ ਹਨ ਭਵਨ ਉਸਾਰੀ, ਕੰਮ ਛੋਟੀ ਵਰਕਸ਼ਾਪ ਤੇ ਛੋਟੇ ਸ਼ਹਿਰਾਂ ’ਚ ਵਪਾਰਕ ਅਦਾਰਿਆਂ ’ਚ ਲੱਗੇ ਬਹੁਤੇ ਨੌਜਵਾਨ ਅਣਸਿਖਿਅਤ ਮਜ਼ਦੂਰਾਂ ਵਜੋਂ ਆਪਣੀ ਰੋਜ਼ੀ ਰੋਟੀ ਕਮਾਉਂਦੇ ਹਨ। ਇਹਨਾਂ ਅੰਡ ਇਸਪਲਾਈਡ (ਯੋਗਤਾ ਦੇ ਮੁਕਾਬਲੇ ਛੋਟਾ ਰੁਜ਼ਗਾਰ ਕਰਨ ਵਾਲੇ) ਅਤੇ ਅਣਸਿਖਿਅਤ ਕਾਰਗਰਾਂ ਨੂੰ ਲੈਬਸ ਮਾਡਲ ਵਰਗੇ ਯਤਨਾ ਨਾਲ ਸਿਖਿਅਤ ਕੀਤਾ ਜਾ ਸਕਦਾ ਹੈ ਅਤੇ ਉਹ ਉਸੇ ਬਾਜ਼ਾਰ ’ਚ ਬੇਹਤਰ ਤੇ ਸਿਖਿਅਤ ਕਾਮੇ ਵਜੋਂ ਰੁਜ਼ਗਾਰ ਹਾਸਲ ਕਰ ਸਕਦੇ ਹਨ। ਸਾਨੂੰ ਅਜਿਹੀ ਸਿਖਲਾਈ ਦੇਣੀ ਚਾਹੀਦੀ ਹੈ ਕਿ ਪੇਂਡੂ ਨੌਜਵਾਨ ਰੋਜੀ ਰੋਟੀ ਕਮਾਉਣ ’ਚ ਮਦਦ ਮਿਲੇ। ਮਿਸਾਲ ਵਜੋਂ ਉਸਾਰੀ ਕਾਰੋਬਾਰ ਨੂੰ ਸਿਖਿਅਤ ਹੱਥਾਂ ਬਹੁਤ ਜ਼ਰੂਰਤ ਪਵੇਗੀ ਕਿਉਂਕਿ ਆਉਣ ਵਾਲੇ ਦਿਨਾਂ ’ਚ ਬੁਨਿਆਦੀ ਵਿਕਾਸ ’ਤੇ ਜ਼ੋਰ ਦਿੱਤਾ ਜਾਵੇਗਾ ਜਿਵੇਂ ਜਿਵੇਂ ਭਾਰਤ ਦੇ ਪਿੰਡ ਤੇ ਛੋਟੇ ਸ਼ਹਿਰ ਵਿਕਸਤ ਹੋ ਰਹੇ ਹਨ। ਨਵੀਂ ਲੇਬਰ ਦੀ ਮੰਗ ਵਧਦੀ ਜਾਵੇਗੀ ਸਾਨੂੰ ਖੁਦ ਨੂੰ ਇਸ ਲਈ ਤਿਆਰ ਕਰਨਾ ਹੋਵੇਗਾ।

ਇਸ ਤੱਥ ਨੂੰ ਵੇਖਦੇ ਕਿ ਇਹ ਸਕੂਲ ਦੀ ਪੜਾਈ ਵਿਚ ਛੱਡਣ ਵਾਲੇ ਨੌਜਵਾਨਾਂ ਅਤੇ ਹਾਸ਼ੀਏ ’ਤੇ ਪਹੁੰਚੇ ਨੌਜਵਾਨਾਂ ’ਤੇ ਹੀ ਕੇਂਦਰਿਤ ਹੈ, ਲੈਬਸ ਇਕ ਸਰਕਾਰੀ-ਨਿਜੀ ਭਾਗੀਦਾਰੀ ਮਾਡਲ ਹੈ ਜਿਸ ਵਿਚ ਸਰਕਾਰ ਕਾਰਪੋਰੇਟ ਜਗਤ, ਸਥਾਨਕ ਫਿਰਕੇ ਅਤੇ ਵਿਅਕਤੀ ਸ਼ਾਮਲ ਹਨ। ਠੋਸ ਸੋਚ ਤੇ ਚੌਕਸੀ ਇਸ ਵਿੱਚ ਸ਼ਾਮਲ ਲੋਕਾਂ ਦੇ ਸਥਾਈ ਗੁਜਾਰੇ ਦਾ ਅਧਾਰ ਬਣਦੀ ਹੈ। ਪ੍ਰੇਰਣਾ ਤੇ ਉਮੀਦ ਤਾਂ ਜਾਗਦੀ ਹੈ ਪਰ ਇਹਨਾਂ ’ਚੋਂ ਕੁਝ ਵੀ ਨਹੀਂ ਹੈ। ਸਮਾਜਕ ਮੁਲਅੰਕਣ ਨੇ ਸਾਬਤ ਕੀਤਾ ਹੈ ਕਿ ਇਸ ਨਾਲ ਕੋਈ ਬਹੁਤ ਫਾਇਦਾ ਨਹੀਂ ਹੋਇਆ ਹੈ। ਕਰਜੇ ਦਾ ਬੋਝ

ਘਟਿਆ ਨਹੀਂ ਹੈ। ਸਥਾਨਕ ਖੇਤਰ 'ਚ ਖਰਚ ਵਧਿਆ ਹੈ। ਸਿੱਖਿਆ ਦਾ ਪੱਧਰ ਥੋੜ੍ਹਾ ਜਿੰਨਾ ਜ਼ਰੂਰ ਸੁਧਰਿਆ ਹੈ ਤੇ ਲਿੰਗ ਭੇਦ-ਭਾਵ 'ਚ ਕਮੀ ਆਈ ਹੈ। ਲੈਬਸ ਨੇ ਕੁਝ ਲੋਕਾਂ ਦਾ ਜੀਵਨ ਬਦਲਣ 'ਚ ਮਦਦ ਕੀਤੀ ਹੈ ਪਰ ਲੱਖਾਂ ਗਰੀਬ ਨੌਜਵਾਨਾਂ ਲਈ ਇਹ ਯਤਨ ਸਾਗਰ 'ਚ ਬੰਦ ਬਰਾਬਰ ਹੀ ਹੈ। ਆਵਦੇ ਹੋਣੀ ਦਾ ਸੁਧਾਰ ਫਿਰ ਵੀ ਲੋਕਾਂ ਨੇ ਆਪਣੀ ਇਕਜੁੱਟ ਤਾਕਤ ਨਾਲ ਹੀ ਕਰਨਾ ਹੈ। ਇਸ ਬਿਨਾਂ ਇਸ ਪ੍ਰਬੰਧ ਅੰਦਰ ਰਹਿ ਕੇ ਕੀਤੇ ਸੁਧਾਰ ਅਸਥਾਈ ਹਨ ਤੇ ਮ੍ਰਿਗ ਤ੍ਰਿਸ਼ਣਾ ਵੀ।

# ਅਮਰੀਕਾ ਪ੍ਰਸਤੀ ਜਾਂ ਦੋਸਤੀ?

ਜਦ ਅਲਾਮਾ ਇਕਬਾਲ ਨੇ ਕੌਮੀ ਗੀਤ ਲਿਖਿਆ ਤਾਂ ਉਹਨਾਂ ਨੂੰ ਇਸ ਗੱਲ ਦੀ ਖਬਰ ਹੀ ਨਹੀਂ ਹੋਈ ਹੋਣੀ ਕਿ ਸੱਤ ਅੱਠ ਦਹਾਕੇ-ਬੀਤਦੇ ਬੀਤਦੇ ਉਹਨਾਂ ਦੇ ਪਿਆਰੇ ਅਤੇ ਸਾਰੇ ਜਹਾਂਸੇ ਅੱਛੇ ਹਿੰਦੋਸਤਾਨ ਦੀ ਹਸਤ ਪਸਤੀ 'ਚ ਬਦਲ ਚੁੱਕੀ ਹੋਵੇਗੀ। ਅੱਜ ਮਨ ਮਾਰ ਕੇ ਸਾਨੂੰ ਇਹ ਗੱਲ ਕਬੂਲ ਕਰਨੀ ਪੈ ਰਹੀ ਹੈ ਕਿ ਘੱਟੋ ਘੱਟ ਵਿਦੇਸ਼ ਨੀਤੀ ਸਬੰਧੀ ਸਾਡੀ ਆਜਾਦੀ ਹੈ ਕਿਥੇ? ਸਾਡੇ ਰਾਜਸੀ ਆਗੂਆਂ ਨੇ ਹੀ ਨਹੀਂ, ਸਿਖਰ ਤੇ ਬਿਰਾਜਮਾਨ ਰਾਜਨੇਤਾਵਾਂ ਨੇ ਵੀ ਅਮਰੀਕੀ ਸਾਮਰਾਜ ਦੀ ਦਲਾਲੀ ਅਖਤਿਆਰ ਕਰਦਿਆਂ ਗੋਡੇ ਟੇਕ ਦਿੱਤੇ ਹਨ ਅਤੇ ਭਾਰਤ ਦਾ ਸਿਰ ਇਸ ਦੇ ਸਾਹਮਣੇ ਹਰ ਮੰਚ 'ਤੇ ਹਰ ਵਕਤ ਸਜਦੇ 'ਚ ਝੁਕਿਆ ਨਜ਼ਰ ਆ ਰਿਹਾ ਹੈ। ਜਿਨ੍ਹਾਂ ਲੋਕਾਂ ਦੀ ਇਹ ਗੱਲ ਐਵੇਂ ਲੱਗ ਰਹੀ ਹੈ ਉਹਨਾਂ ਨੂੰ ਸ਼ਰਮ-ਅਲ-ਸ਼ੇਖ ਦੇ ਸ਼ਰਮਨਾਕ ਸਾਂਝੇ ਬਿਆਨ ਦੀ ਯਾਦ ਦਿਵਾਉਣ ਦੀ ਲੋੜ ਹੈ। ਸਾਡੇ ਪ੍ਰਧਾਨ ਮੰਤਰੀ ਗੁਟ-ਨਿਰਲੇਪ ਅੰਦੋਲਨ ਦੇ ਸਿਖਰ ਸੰਮੇਲਨ 'ਚ ਹਿੱਸਾ ਲੈ ਰਹੇਸਨ। ਵਿਡੰਬਨਾ ਇਹ ਹੈ ਕਿ ਪਾਕਿਸਤਾਨ ਦੇ ਰਾਸ਼ਟਰਪਤੀ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਸਨ ਕਿ ਉਹ ਸੰਮੇਲਨ 'ਚ ਸ਼ਿਰਕਤ ਨਹੀਂ ਕਰਨਗੇ। ਉਹਨਾਂ ਨੇ ਆਪਣੀ ਜਾਨ ਤਾਂ ਇਸ ਦੀ ਕਦਰ ਘਟਾਈ ਕਰ ਹੀ ਦਿੱਤਾ ਸੀ। ਵੈਸੇ ਵੀ ਅਮਰੀਕਾ ਦੇ ਫੌਜੀ ਗੱਠਜੋੜ ਦਾ ਮੈਂਬਰ ਪਾਕਿਸਤਾਨ ਕਦੀ ਗੁੱਟ ਨਿਰਲੇਪ ਦਾ ਪੁਜਾਰੀ ਨਹੀਂ ਰਿਹਾ। ਭਾਰਤ ਇਸ ਅੰਦੋਲਨ ਦਾ ਸੰਸਥਾਪਕ ਰਿਹਾ ਹੈ ਅਤੇ ਸ਼ੀਤਯੁੱਧ ਦੇ ਦੌਰ ਵਿੱਚ ਪ੍ਰੇਰਣਾ ਦਾ ਮੁੱਖ ਸਰੋਤ ਵੀ। ਸਮੇਂ ਦੀ ਚਾਲ ਦੇ ਨਾਲ ਗੁੱਟ ਨਿਰਲੇਪਤਾ ਦੀ ਪੁਜਾਰੀ ਨਹੀਂ ਰਿਹਾ। ਭਾਰਤ ਇਸ ਅੰਦੋਲਨ ਦਾ ਸੰਸਥਾਪਕ ਰਿਹਾ ਹੈ ਅਤੇ ਸ਼ੀਤਯੁੱਧ ਦੇ ਦੌਰ ਵਿੱਚ ਪ੍ਰੇਰਣਾ ਦਾ ਮੁੱਖ ਸਰੋਤ ਵੀ। ਸਮੇਂ ਦੀ ਚਾਲ ਦੇ ਨਾਲ ਗੁਟ ਨਿਰਲੇਪਤਾ ਦੇ ਨਿਰੰਤਰ ਰੂਪਾਂਤਰ ਹੋ ਰਿਹਾ ਹੈ ਭਾਰਤ ਇਸ ਦਾ ਨਾ ਸਿਰਫ ਗਵਾਹ ਰਿਹਾ ਹੈ ਬਲਕਿ ਬਦਲ ਦੀ ਧਾਰਾ ਨੂੰ ਦਿਸ਼ਾ ਦੇਣ ਵਿੱਚ ਵੀ ਇਸ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਨਵੇਂ ਕੌਮਾਂਤਰੀ ਅਰਥਚਾਰੇ ਦੀ ਤਲਾਸ਼ ਹੋਵੇ ਜਾਂ ਨਸਲਵਾਦ ਨਵ ਉਪ ਨਿਵੇਸਵਾਦ ਵਿਰੁੱਧ ਸੰਘਰਸ਼ ਭਾਰਤ ਦੀ ਵਿਦੇਸ਼ ਨੀਤੀ ਦੇ ਪ੍ਰਸੰਗ ਵਿੱਚ ਗੁੱਟ ਨਿਰਲੇਪਤਾ ਇਕ ਨੀਂਹ ਦਾ ਪੱਥਰ ਰਹੀ ਹੈ। ਅੱਜ ਸੰਸਾਰ ਦੋ ਧਿਰੀ ਨਹੀਂ ਰਿਹਾ ਹੈ ਤੇ ਸੀਤ ਯੁੱਧ ਵੀ ਖਤਮ ਹੋ ਚੁੱਕਿਆ ਹੈ। ਪੂੰਜੀਵਾਦੀ ਤੇ ਕਮਿਊਨਿਜਮ ਖੇਮਿਆਂ ਤੋਂ ਬਰਾਬਰ ਦੀ ਗੱਲ ਬੇਅਰਥ ਲੱਗਣ ਲੱਗੀ ਹੈ। ਘੱਟੋ ਘੱਟ ਅਮਰੀਕੀ ਵਿਸਲੇਸ਼ਕ ਨੂੰ ਵੀ ਇਹ ਸਮਝਣਾ ਕਠਿਨ ਹੈ ਕਿ ਖੱਬੇਪੱਖੀ ਸਹਿਯੋਗੀਆਂ ਦੇ ਵੱਖ ਹੁੰਦਿਆਂ ਹੀ ਸਾਡੀ ਸਰਕਾਰ ਦਾ ਗੁੱਟਨਿਰਲੇਪਤਾ ਨਾਲੋਂ ਏਨੀ ਜਲਦੀ ਕਿਵੇਂ ਮੋਹ ਭੰਗ ਹੋ ਗਿਆ। ਮਨਮੋਹਨ ਸਿੰਘ ਨੇ ਬਜਾਏ ਨੈਮ ਦੇ ਮੌਸਮ ਦੇ ਬਦਲਾਅ ਅਤੇ ਦੂਜੇ ਰਾਜਾਂ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਦਾ ਵਿਰੋਧ ਦਾ ਜਿਕਰ ਆਪਣੇ ਭਾਸ਼ਣ 'ਚ ਕੀਤਾ ਜਰੂਰ ਪਰ ਇਸ ਬਾਰੇ ਸ਼ੱਕ ਦੀ ਗੁੰਜਾਇਸ਼ ਨਹੀਂ ਛੱਡੀ ਕਿ ਅਸਲੀ ਮਕਸਦ ਪਾਕਿਸਤਾਨੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਦਾ ਸੀ। ਵੈਸੇ ਮਕਸਦ ਦੀ ਥਾਂ ਮਜਬੂਰੀ ਸ਼ਬਦ ਦੀ ਵਰਤੋਂ ਜ਼ਿਆਦਾ ਸਾਰਥਕ ਲੱਗਦੀ ਹੈ। ਇਸ ਸਿਖਰ ਸੰਮੇਲਨ ਦੇ ਕੁਝ ਹੀ ਦਿਨ ਬਾਅਦ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ

ਭਾਰਤ ਦੀ ਯਾਤਰਾ ’ਤੇ ਆਉਣ ਵਾਲਾ ਸੀ ਅਤੇ ਇਸ ਤੋਂ ਪਹਿਲਾਂ ਸਾਡੀ ਸਰਕਾਰ ਨੂੰ ਇਹ ਪ੍ਰਮਾਣਿਤ ਕਰਨਾ ਸੀ ਕਿ ਪਾਕਿਸਤਾਨ ਦੇ ਨਾਲ ਸਬੰਧ ਸੁਧਾਰਨ ’ਚ ਅਸੀਂ ਅਮਰੀਕੀ ਰਾਇ ਅਨੁਸਾਰ ਹੀ ਆਚਰਣ ਕਰ ਰਹੇ ਹਾਂ ਅਤੇ ਕੋਹਾਈ ਨਹੀਂ ਵਰਤ ਰਹੇ।

ਜੋ ਸਾਂਝਾ ਬਿਆਨ ਅੱਜ ਵਿਵਾਦਾਂ ਦੇ ਘੇਰੇ ਵਿਚ ਹੈ ਉਸ ਦੇ ਮਸੌਦੇ ਦੀਆਂ ਗਲਤੀਆਂ (ਜਿਹਨਾਂ ਨੂੰ ਸਾਡੇ ਵਿਦੇਸ਼ ਸਕੱਤਰ ਖੁਦ ਮੰਨ ਚੁੱਕੇ ਹਨ) ਇਸ ਉਤਾਵਲੇਪਣ ਦੀ ਦੇਣ ਹੈ। ਬਲੋਚਿਸਤਾਨ ਦਾ ਜਿਕਰ ਹੋਵੇ ਜਾਂ ਭਾਰਤ-ਪਾਕਿਸਤਾਨ ਨਾਲ ਸੰਵਾਦ ਨੂੰ ਅੱਤਵਾਦ ਦੇ ਮੁੱਦੇ ਨੂੰ ਵੱਖ ਕਰਨਾ ਅਜਿਹੀਆਂ ਭੁੱਲਾਂ ਹੀ ਹਨ। ਜੋ ਲੰਮੇ ਸਮੇਂ ਤਕ ਸਾਡੇ ਲਈ ਸੂਲ ਬਣੀਆਂ ਰਹਿਣਗੀਆਂ। ਪਿਛੇ ਜਿਹੇ ਹੀ ਪ੍ਰਧਾਨ ਮੰਤਰੀ ਨੇ ਲੋਕ ਸਭਾ ’ਚ ਇਕ ਲੰਮਾ ਬਿਆਨ ਦੇ ਕੇ ਕੁਝ ਹਰਜਾ ਪੂਰਲ ਦੀ ਅਸਫਲ ਕੋਸ਼ਿਸ਼ ਕੀਤੀ ਹੈ ਉਸ ਨਾਲ ਭਾਰਤ-ਪਾਕਿਸਤਾਨ ਸਬੰਧਾਂ ਦਾ ਮੁੱਦਾ ਭਾਵੇਂ ਹੀ ਕੁਝ ਸਾਫ਼ ਹੋਇਆ ਪਰ ਅਮਰੀਕਾ ਦੇ ਨਾਲ ਦੋਹਰੇ ਸਬੰਧਾਂ ਸਬੰਧੀ ਉਹ ਕੋਈ ਵਿਸਵਾਸ਼ਯੋਗ ਸਪੱਸ਼ਟੀਕਰਨ ਨਹੀਂ ਦੇ ਸਕੇ।

ਅਮਰੀਕਾ ਪ੍ਰਸਤੀ ਦਾ ਹੀ ਇਹ ਵੀ ਨਤੀਜਾ ਹੈ ਕਿ ਸਾਡੇ ਵਿਦੇਸ਼ ਰਾਜ ਮੰਤਰੀ ਸਸ਼ੀ ਤਰੂਰ ਫਰਮਾਉਂਦੇ ਹਨ ਕਿ ਸਾਂਝੇ ਬਿਆਨ ਬਾਰੇ ਏਨਾ ਬਖਲਾਉਣ ਦੀ ਲੋੜ ਨਹੀਂ। ਇਸ ਦੀ ਕੋਈ ਕਾਨੂੰਨੀ ਅਹਿਮੀਅਤ ਨਹੀਂ, ਇਹ ਤਾਂ ਸਿਰਫ ਕਾਗਜ ਦਾ ਇਕ ਟੁਕੜਾ ਹੈ। ਖੁਸਮਿਜਾਜ ਸਸ਼ੀ ਕਪੂਰ ਦੇ ਮੂੰਹੋਂ ਸਭ ਮਾਸੂਮੀਅਤ ਵਾਲੇ ਬਿਆਨ ਸੁਣ ਕੇ ‘ਜਰੂਰਤ ਕੀ ਤੁਮਹੇ ਤਲਵਾਰੋ’ ਕੀ ਤੀਰੋਂ ਕੀ, ਖੰਜਰ ਕੀ, ਵਗੈਰਾ ਗੁਨਗੁਨਾਉਣ ਦਾ ਮਨ ਕਰਦਾ ਹੈ। ਇਹ ਸਜਣ ਨੌ ਸਿਖੀਏ ਅਣਪੜ੍ਹ ਨਹੀਂ ਸੰਯੁਕਤ ਰਾਸ਼ਟਰ ਦੇ ਮੁੱਖ ਸਕੱਤਰ ਰਹਿ ਚੁੱਕੇ ਹਨ ਅਤੇ ਕੌਮਾਂਤਰੀ ਰਾਜਨੀਤੀ ਵਿੱਚ ਪੀ. ਐਚ. ਡੀ. ਹਨ। ਜੇ ਤੁਸੀਂ ਹਮਦਿਲ ਹੋ ਤਾਂ ਇਹੀ ਕਹਿ ਸਕਦੇ ਹੋ ਜੋ ਪੜ੍ਹਿਆ ਉਹ ਸਭ ਗੁਰੂ ਨੂੰ ਸਮਰਪਿਤ ਕਰ ਦਿੱਤਾ। ਪਰ ਬਾਕੀ ਲੋਕਾਂ ਦੀ ਮਜ਼ਬੂਰੀ ਹੈ? ਐਸੀ ਹੀ ਪਸਤੀ ਗੁੱਟ ਨਿਰਲੇਪ ਸਿਖਰ ਸੰਮੇਲਨ ਤੋਂ ਪਹਿਲੀ ਸ਼ਾਮ ’ਤੇ ਆਯੋਜਿਤ ਜੀ-8 ਦੇ ਸਿਖਰ ਸੰਮੇਲਨ ਸਮੇਂ ਵੀ ਉਜਾਗਰ ਹੋਈ ਸੀ। ਗਏ ਤਾਂ ਮਨਮੋਹਨ ਸਿੰਘ ਛੱਬੇ ਬਣਨ ਸਨ, ਦੂਬੇ ਬਣ ਕੇ ਵਾਪਸ ਆਏ। ਉਥੇ ਜੋ ਪ੍ਰਸਤਾਵ ਪਾਸ ਕੀਤਾ ਗਿਆ। ਉਸ ’ਚ ਓਹ ਮਹੱਤਵਪੂਰਨ ਗੱਲ ਨਹੀਂ ਕਹੀ ਗਈ ਕਿ ਜਿਹਨਾਂ ਰਾਜਾਂ ਨੇ ਪ੍ਰਮਾਣਵਿਕ ਅਪਰਸਾਰ ਸੰਧੀ ’ਤੇ ਦਸਖ਼ਤ ਨਹੀਂ ਕੀਤੇ ਹਨ ਉਨ੍ਹਾਂ ਨਾਲ ਪ੍ਰੋਗਰਾਮ ’ਚ ਸਹਿਯੋਗ ਨਹੀਂ ਕੀਤਾ ਜਾ ਸਕਦਾ। ਦੂਜੇ ਸਬਦਾਂ ਵਿੱਚ ਲੰਬੀ ਜਦੋਜਹਿਦ ਪਿਛੋਂ ਭਾਰਤ ਨੇ ਅਮਰੀਕਾ ਦੇ ਨਾਲ ਜੋ 123 ਸਮਝੌਤਾ ਕੀਤਾ ਸੀ। ਉਸ ਨੂੰ ਖਾਰਜ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ। ਜੀ-8 ਦਾ ਮੈਂਬਰ ਰੂਸ ਵੀ ਹੈ ਅਤੇ ਕਨੇਡਾ ਵੀ। ਭਾਰਤ ਲਈ ਇਹ ਸੋਚਣਾ ਨਾਦਾਨੀ ਹੈ ਕਿ ਕੌਮਾਂਤਰੀ ਪ੍ਰਮਾਣੂ ਕਮਿਸ਼ਨ ਤੋਂ ਅਲੱਗ ਹੋਣ ਪਿੱਛੋਂ ਉਹ ਅਮਰੀਕਾ ਤੋਂ ਇਲਾਵਾ ਦੂਜੇ ਵਿਕਲਪ ਵੀ ਇਸ ਖੇਤਰ ਵਿੱਚ ਲੱਭ ਸਕਦਾ ਹੈ। ਇਹ ਗੱਲ ਦੀਗਰ ਹੈ ਕਿ ਸੁਰੱਖਿਆ ਪ੍ਰੀਸ਼ਦ ਦੀ ਸਥਾਈ ਮੈਂਬਰਸ਼ਿਪ ਵਾਲਾ ਲਾਈਪਾਪ ਇਕ ਵਾਰ ਫਿਰ ਭਾਰਤ ਦੇ ਸਾਹਮਣੇ ਝੁਕਾ ਦਿੱਤਾ ਗਿਆ। ਭਾਰਤ ਸਰਕਾਰ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਇਸ ਨੂੰ ਹਰ ਮੁੱਦੇ ’ਤੇ ਅਮਰੀਕਾ ਵੱਲੋਂ ਸਾਬਾਸ਼ ਚਾਹੀਦੀ ਹੈ। ਬਿਨਾਂ ਇਸ ਪ੍ਰਮਾਣ ਪੱਤਰ ਦੇ ਉਹ ਖੁਦ ਨੂੰ ਕੋਈ ਸ਼ਕਤੀ ਮੰਨ ਹੀ ਨਹੀਂ ਸਕਦਾ। ਇਸ ਤੋਂ ਵੱਡੀ ਹੈਰਾਨੀਜਨਕ ਤੇ ਹਾਸੋਹੀਣੀ ਸਥਿਤੀ ਹੋਰ ਹੋ ਵੀ ਕੀ ਸਕਦੀ ਹੈ? ਅਮਰੀਕਾ ਹੁਣ

ਤਕ ਕੋਰੀ ਲਫਾਜੀ ਨਾਲ ਸਭ ਕੁਝ ਹਾਸਲ ਕਰ ਚੁੱਕਿਆ ਹੈ। ਜੋ ਉਸ ਨੂੰ ਆਪਣੇ ਰਾਸ਼ਟਰ ਹਿੱਤ ਲਈ ਜ਼ਰੂਰੀ ਲੱਗਦਾ ਹੈ। ਇਹ ਗੱਲ ਸਿਰਫ ਭਾਰਤ ਪਾਕਿਸਤਾਨ ਸਬੰਧਾਂ ਤਕ ਹੀ ਸੀਮਤ ਨਹੀਂ। ਭਾਰਤ ਦੇ ਇਰਾਨ ਨਾਲ ਰਵਾਇਤੀ ਦੋਸਤੀ ਪੂਰਨ ਰਿਸ਼ਤਿਆਂ ’ਚ ਜਹਿਰ ਘੋਲਣ ਵਿੱਚ ਇਸ ਨੇ ਕੋਈ ਕਸਰ ਨਹੀਂ ਛੱਡੀ ਹੈ। ਅਮਰੀਕੀ ਪ੍ਰਸਾਸ਼ਨ ਨੇ ਸੀਨਾ ਤਾਣ ਕੇ ਬਲੈਕਮੇਲ ਕਰਨ ਵਾਲੇ ਅੰਦਾਜ ’ਚ ਇਹ ਐਲਾਨ ਕੀਤਾ ਹੈ ਕਿ ਜੋ ਲੋਕ ਇਰਾਨ ਨਾਲ ਵਪਾਰ ਕਰ ਰਹੇ ਹਨ। ਉਹਨਾਂ ਨੂੰ ਅਮਰੀਕੀ ਬਜਾਰ ਤੇ ਟੈਕਨੋਲੋਜੀ ਦਾ ਲਾਲਚ ਛਡ ਦੇਣਾ ਚਾਹੀਦਾ ਹੈ। ਯਾਦ ਰੱਖੋ ਇਰਾਨ ਭਾਰਤ ਲਈ ਨਾ ਸਿਰਫ ਸਭਿਆਚਾਰਕ ਕਾਰਨਾਂ ਤੋਂ ਮਹੱਤਵਪੂਰਨ ਹੈ। ਬਲਕਿ ਸਾਡੀ ਊਰਜਾ ਸੁਰੱਖਿਆ ਦੇ ਪ੍ਰਸੰਗ ਵਿੱਚ ਵੀ ਬੇਹੱਦ ਸੰਵੇਦਨਸ਼ੀਲ ਹੈ। ਭਾਰਤ ਦੀ ਅਮਰੀਕਾ ਪ੍ਰਸਤੀ ਹੀ ਉਸੇ ਮੌਸਮ ’ਚ ਬਦਲਾਅ ਦੇ ਮੁੱਦੇ ’ਤੇ ਵੀ ਆਪਣਾ ਰਾਜਕੀ ਲਚੀਲਾ ਬਣਾਉਣ ਲਈ ਮਜ਼ਬੂਰ ਕਰ ਰਹੀ ਹੈ। ਅਮਰੀਕਾ ਦੇ ਲਈ ਜੋ ਰਾਜਸੀ ਤਰਜੀਹਾਂ ਹਨ। ਉਹਨਾਂ ਦਾ ਸੰਯੋਗ ਲਾਜਮੀ ਭਾਰਤ ਦੇ ਦੇਸ਼ ਹਿੱਤ ’ਚ ਨਹੀਂ ਹੁੰਦਾ। ਬਦਕਿਸਮਤਪ ਨਾਲ ਜੋ ਲੋਕ ਵਿਦੇਸ਼ ਨੀਤੀ ਦੇ ਫੈਸਲਿਆਂ ਨਾਲ ਪ੍ਰਭਾਵਿਤ ਹੁੰਦੇ ਹਨ ਉਹ ਚੁੱਪ ਹੀ ਰਹਿੰਦੇ ਹਨ। ਜੋ ਮਨੀਭਰ ਘੱਟ ਗਿਣਤੀ ਮੁਖਬਰ ਬਣੇ ਤੇ ਮੀਡੀਆ ਦੀ ਮਦਦ ਨਾਲ ਵਿਦੇਸ਼ ਨੀਤੀ ਨਿਰਧਾਰਨ ਨੂੰ ਪ੍ਰਭਾਵਿਤ ਵੀ ਕਰਦੇ ਹਨ, ਉਹ ਇਕ ਸਵਾਰਥੀ ਵਿਸ਼ੇਸ਼ ਜਮਾਤ ਸ਼ਹਿਰੀ ਖੁਸ਼ਹਾਲ ਤੇ ਅੰਗਰੇਜੀ ਪਰਬਤਾਂ ਦੀ ਨੁਮਾਇੰਦਗੀ ਕਰਦੇ ਹਨ। ਆਪਣੀ ਰੋਜਾਨਾ ਦੀ ਜਿੰਦਗੀ ’ਚ ਇਨ੍ਹਾਂ ’ਚ ਭਾਵੇਂ ਬਹੁਤੇ ਜਾਤੀਵਾਦੀ ਫਿਰਕਾਪ੍ਰਸਤ ਤੇ ਅੰਧਵਿਸਵਾਸ਼ ਆਚਰਣ ਰੱਖਦੇ ਹਨ। ਜਨਤਕ ਤੌਰ ’ਤੇ ਉਹ ਸਭ ਆਧੁਨਿਕਤਾ ਤੇ ਧਾਰਮਿਕ ਨਿਰਪੱਖਤਾ ਦਾ ਚਲੋਾ ਪਾ ਕੇ ਰੱਖਦੇ ਹਨ। ਅਮਰੀਕਾ ਨੂੰ ਵੀ ਇਹ ਪਾਖੰਡ ਰਾਸ਼ ਆਉਂਦਾ ਹੈ। ਖੁਦ ਇਹ ਸਵਾਤ ਦੇ ਇਲਾਕੇ ਵਿਚੋਂ ਪਾਕਿਸਤਾਨ ਵਲੋਂ ਸ਼ਰੀਅਤ ਕਾਨੂੰਨ ਲਾਗੂ ਕਰਨ ’ਤੇ ਰਜਾਮੰਦ ਰਹਿੰਦਾ ਹੈ ਪਰ ਭਾਰਤ ਤੋਂ ਇਹ ਉਮੀਦ ਕਰਦਾ ਹੈ ਕਿ ਉਹ ਆਪਣੀ ਧਾਰਮਿਕ ਜਨਜਾਤੀ ਭਾਸ਼ਾਈ ਬਹੁਗਿਣਤੀ ਨੂੰ ਪੱਛਮੀ ਪੂੰਜੀਵਾਦੀ ਵਿਸ਼ਵੀਕਰਨ ਦੇਸ ਟੀਮ ਰੋਲਰ ਨਾਲ ਸਾਮਰਸ ਕਰ ਦੇਵੇ। ਇਹ ਗੱਲ ਇਸ ਲਈ ਖਤਰਨਾਕ ਹੈ ਕਿ ਵਿਦੇਸ਼ ਨੀਤੀ ਸਬੰਧੀ ਸਜਦੇ ’ਚ ਸਿਰ ਝੁਕਾਉਣ ਪਿਛੋਂ ਅਸੀਂ ਅੰਦਰੂਨੀ ਮਾਮਲਿਆਂ ’ਚ ਵੀ ਦੇਰ ਤਕ ਆਜ਼ਾਦ ਨਹੀਂ ਰਹਿ ਸਕਦੇ। ਇਹ ਗੱਲ ਸਾਡੀ ਵਿਤ ਵਿਵਸਥਾ ਬੈਕਿੰਗ ਇੰਸਰੇਸ ਪ੍ਰਣਾਲੀ ਤੇ ਲਾਗੂ ਹੁੰਦੀ ਹੈ ਅਤੇ ਸਿੱਖਿਆ ਸਿਹਤ ਸੇਵਾਵਾਂ ਦੇ ਨਿੱਜੀਕਰਨ ਬਾਰੇ ਵੀ। ਇਹ ਗੱਲ ਕਿਸੇ ਤੋਂ ਵੀ ਗੁੱਝੀ ਨਹੀਂ ਕਿ ਊਰਜਾ ਪੈਦਾਵਾਰ ਸੰਚਾਰ ਆਵਾਜਾਈ ਤੇ ਮੀਡੀਆ ਉਦਯੋਗ ਨਾਲ ਜੁੜੇ ਬੁਨਿਆਦੀ ਫੈਸਲੇ ਅਜੇ ਸਾਡੀ ਵਿਦੇਸ਼ ਨੀਤੀ ਨੂੰ ਅਨਿੱਖੜਵੇ ਤੌਰ ’ਤੇ ਜੁੜ ਚੁੱਕੇ ਹਨ।

# ਨੌਜਵਾਨ ਵੋਟਰ ਜਾਗਰੂਕਤਾ ਬਨਾਮ ਫਿਰਕਾਪ੍ਰਸਤੀ ਮੁਹਿੰਮ

ਫਿਰਕੂ ਜਥੇਬੰਦੀ ਆਰ. ਐਸ. ਐਸ. ਦੀ ਵਿਦਿਆਰਥੀ ਸੰਸਥਾ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਹੈ। ਇਸ ਨੇ 15ਵੀਂ ਲੋਕ ਸਭਾ ਚੋਣਾਂ ਦੌਰਾਨ ਨੌਜਵਾਨ ਵੋਟਰ ਜਾਗਰਨ ਮੁਹਿੰਮ ਚਲਾਈ। ਉਸ ਨੇ ਆਪਣੇ ਪਰਚੇ 'ਚ ਕਿਹਾ ਕਿ 'ਯੋਗ ਤੇ ਕੌਮਵਾਦੀ' ਨੇਤਾ ਨੂੰ ਚੁਣਨ ਲਈ ਨੌਜਵਾਨਾਂ ਨੂੰ ਵੋਟ ਪਾਉਣੀ ਚਾਹੀਦੀ ਹੈ। ਇਸ ਦੀ ਨਿਗ੍ਹਾ 'ਚ ਸਮਰਥ ਤੇ ਰਾਸ਼ਟਰਵਾਦੀ ਲੀਡਰਸ਼ਿਪ ਉਹ ਹੈ ਜੋ ਸੱਚਰ ਕਮੇਟੀ ਦੀਆਂ ਸਿਫ਼ਰਾਸ਼ਾਂ ਨੂੰ ਰੱਦ ਕਰੇ। ਬੰਗਲਾ ਦੇਸ਼ ਤੋਂ ਆਏ ਘੁਸਪੈਂਠੀਆਂ ਨੂੰ ਕਠੋਰ ਕਾਰਵਾਈ ਕਰਕੇ ਬਾਹਰ ਕੱਢੋ। ਦੇਸ਼ ਦੇ ਸਾਧਨਾਂ 'ਤੇ ਮੁਸਲਮਾਨਾਂ ਦਾ ਪਹਿਲਾਂ ਹੱਕ ਦੱਸਣ ਦੀ ਬਜਾਏ ਦੇਸ਼ ਦੇ ਗਰੀਬਾਂ ਨੂੰ ਪਹਿਲਾ ਹੱਕ ਦਿਲਾਵੇ। ਦੇਸ਼ 'ਚ ਸਿੱਖਿਆ ਦਾ ਭਾਰਤੀ ਕਰਨ ਤੇ ਸਿੱਖਿਆ ਦੇ ਤੁਸ਼ਟੀਕਰਨ 'ਤੇ ਰੋਕ ਲਾਈ ਜਾਵੇ। ਇਨ੍ਹਾਂ ਦੀਆਂ ਇਹ ਸਾਰੀਆਂ ਗੱਲਾਂ ਰਾਸ਼ਟਰਵਾਦ ਦੀ ਰਾਮਨਾਮੀ ਚਾਦਰ ਪਹਿਨਦਿਆਂ ਫਿਰਕਾਪ੍ਰਸਤੀ ਦਾ ਖੁੱਲਾ ਪ੍ਰਚਾਰ ਹੈ। ਇਹ ਹਮਲਾਵਰ ਹਿੰਦੂ ਫਿਰਕਾਪ੍ਰਸਤੀ ਦਾ ਸਹਾਰਾ ਲੈਂਦੀ ਹੈ। ਸੱਚਰ ਕਮੇਟੀ ਦੀਆਂ ਸਿਫਾਰਸ਼ਾਂ ਘੱਟ ਗਿਣਤੀਆਂ ਅੰਦਰ ਖਾਸ ਕਰਕੇ ਮੁਸਲਮਾਨਾਂ ਵਿਚ ਗਰੀਬੀ, ਅਨਪੜ੍ਹਤਾ ਪਿਛੜਾਪਣ ਅਤੇ ਸਰਕਾਰੀ ਤੇ ਗੈਰ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਦੀ ਘੱਟ ਹਾਜਰੀ ਨੂੰ ਖਤਮ ਕਰਨ ਜਾਂ ਘੱਟ ਕਰਨ ਬਾਰੇ ਹੈ। ਇਹ ਸਿਫਾਰਸ਼ਾਂ ਦੇਸ਼ ਦੀ ਪਿਛੜੀ ਆਬਾਦੀ ਨੂੰ ਕੁੱਝ ਰਾਹਤ ਦੇਣ ਬਾਰੇ ਹੈ। ਪਰ ਫਿਰਕੂ ਤਾਕਤਾਂ ਨੂੰ ਇਸ ਵਿਚ ਦੇਸ਼ ਦੀ ਵੰਡ ਦਾ ਦਸਤਾਵੇਜ਼ ਨਜ਼ਰ ਆਉਂਦਾ ਹੈ। ਇਨ੍ਹਾਂ ਦਾ ਰਾਸ਼ਟਰਵਾਦ ਖੁਦ ਦੇਸ਼ ਭਗਤੀ ਦੇ ਨਾਂ 'ਤੇ ਕਲੰਕ ਹੈ। ਇਹ ਦੇਸ਼ ਦੇ ਹੋਰ ਧਰਮ ਮੰਨਣ ਵਾਲੇ ਨਾਗਰਿਕਾਂ ਨੂੰ ਨਾਗਰਿਕ ਹੀ ਨਹੀਂ ਸਮਝਦੇ। ਇਹ ਜਥੇਬੰਦੀ ਕੌਮਵਾਦ ਦੇ ਨਾਂ 'ਤੇ ਖਾੜਕੂ ਹਿੰਦੂ ਫਿਰਕਾਪ੍ਰਸਤੀ ਦਾ ਪ੍ਰਚਾਰ ਕਰ ਰਹੀ ਹੈ। ਅਤੇ ਆਪਣੇ ਪ੍ਰਚਾਰ ਰਾਹੀਂ ਇਹ ਸਮਰਥ ਤੇ ਕੌਮਵਾਦੀ ਲੀਡਰਸ਼ਿਪ ਦੇ ਨਾਂ 'ਤੇ ਫਾਸਿਸਟ ਰਾਜ ਬਣਾਉਣ ਦੀ ਮੁਹਿੰਮ 'ਚ ਲੱਗੀ ਹੋਈ ਹੈ। ਇਸ ਲਈ ਅਫਜਲ ਗੁਰੂ ਨੂੰ ਫਾਂਸੀ ਦੇ ਫੰਦੇ 'ਤੇ ਲਟਕਾਉਣ ਦੀ ਤਾਂ ਗੱਲ ਕਰ ਰਹੀ ਹੈ ਪਰ ਮਾਲੇਗਾਂਵ ਦੇ ਦਹਿਸ਼ਤਗਰਦ ਦੋਸ਼ੀਆਂ ਬਾਰੇ ਸਾਜ਼ਿਸ਼ੀ ਚੁੱਪ ਧਾਰੀ ਬੈਠੀ ਹੈ।

ਪਤਾ ਨਹੀਂ ਦੇਸ਼ ਦੀ ਰਾਖੀ ਦਾ ਇਸ ਜਥੇਬੰਦੀ ਦਾ ਕੀ ਵਾਸਤਾ ਹੈ? ਦੇਸ਼ ਸਿਰਫ ਜ਼ਮੀਨ ਦਾ ਟੁਕੜਾ ਨਹੀਂ ਹੈ। ਦੇਸ਼ ਕਰੋੜਾਂ ਮੇਹਨਤਕਸ਼ਾਂ ਨਾਲ ਬਣਿਆ ਹੈ ਪਰ ਮੇਹਨਤਕਸ਼ਾਂ ਦੀ ਜ਼ਿੰਦਗੀ ਨਰਕੀ ਬਣੀ ਹੋਈ ਹੈ। ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕਮਈ ਬਣਾਉਣ ਵਾਲੇ ਭਾਰਤੀ ਹਾਕਮ ਤੇ ਲੁਟੇਰੀ ਜਮਾਤ ਹੈ। ਇਹ ਹਾਕਮ ਦੀ ਪਿਛਲੱਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਹੈ। ਇਹ ਜਦ ਦੇਸ਼ ਦੀ ਰਾਖੀ ਦੀ ਗੱਲ ਕਰਦੇ ਹਨ ਤਾਂ ਕਿਤੇ ਵੀ ਦੇਸ਼ ਦੇ ਕਰੋੜਾਂ ਮੇਹਨਤਕਸ਼ਾਂ ਦੀ ਜ਼ਿੰਦਗੀ ਤੇ ਕੰਮ ਦੀ ਹਾਲਤ ਉਨ੍ਹਾਂ ਦੀ ਸਿਹਤ, ਸਿੱਖਿਆ, ਰਿਹਾਇਸ਼ ਆਦਿ ਦੀ ਚਰਚਾ ਵੀ ਨਹੀਂ ਕੀਤੀ ਜਾਂਦੀ। ਇਨ੍ਹਾਂ ਦਾ ਦੇਸ਼ ਦੀ ਰਾਖੀ ਦਾ ਅਰਥ ਹਾਕਮਾਂ ਦੀ ਰਾਖੀ ਬਣ ਕੇ ਰਹਿ ਜਾਂਦਾ ਹੈ।

ਇਹ ਅੱਤਵਾਦ ਵਿਰੁੱਧ ਕਠੋਰ ਕਨੂੰਨ ਬਣਾਉਣ ਦੀ ਗੱਲ ਕਰਦੇ ਹਨ ਪਰ

ਜਦ ਕੁਝ ਘੱਟ ਸਖਤ ਕਨੂੰਨ ਮਾਲੇਗਾਂਵ ਦੇ ਅੱਤਵਾਦੀ ਦੋਸ਼ੀਆਂ ਉੱਪਰ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਹਾਇ ਤੋਬਾ ਕਰਦੇ ਹਨ। ਦਰਅਸਲ ਇਹ ਫਿਰਕੂ ਜਥੇਬੰਦੀ ਫਿਰਕੂ ਅਧਾਰ 'ਤੇ ਦੇਸ਼ ਦੀਆਂ ਸਮੱਸਿਆਵਾਂ ਨੂੰ ਵੇਖਦੀ ਹੈ ਇਸ ਦੇ ਸਭਿਆਚਾਰ ਮਾਣਕ ਬਿੰਦੂ ਹੋਰ ਕੁੱਝ ਨਹੀਂ। ਫਿਰਕੂ ਮਾਨਕ ਬਿੰਦੂ ਹਨ। ਪਰ ਸੰਗਠਨ ਸ਼ਰੇਆਮ ਭਾਜਪਾ ਦੇ ਫਿਰਕੂ ਏਜੰਡੇ ਦਾ ਪ੍ਰਚਾਰ ਕਰਦਾ ਹੈ। ਇਹੀ ਨੌਜਵਾਨ ਵੋਟਰ ਜਾਗਰੂਕਤਾ ਮੁਹਿੰਮ ਦਾ ਸਾਰ ਤੱਤ ਹੈ।

ਸਿਹਤ ਵਿਸ਼ੇਸ਼

# ਕੀ ਹੈ ਅੰਕੜਿਆਂ ਤੋਂ ਉਭਰਦੀ ਸ਼ਹਿਰੀ ਖੇਤਰ ਦੀ ਤਸਵੀਰ?

ਤੁਸੀਂ ਉਹੀ ਹੁੰਦੇ ਹੋ ਜੋ ਆਪ ਨਾਲ ਜੁੜੇ ਅੰਕੜੇ ਦੱਸਦੇ ਹਨ ਇਕ ਸਟੀਕ ਅੰਕੜਾ ਹੈ: 0-5-10-25 ਯਾਨੀ ਜੇ ਆਪ ਦਾ ਜੀਵਨ ਤੰਬਾਕੂ ਤੋਂ ਮੁਕਤ ਹੈ ਤਾਂ 0 ਅੰਕ, ਫਲ ਜਾਂ ਸਬਜ਼ੀਆਂ ਖਾਂਦੇ ਹਨ ਤਾਂ 5, ਆਪ 10,000 ਕਦਮ (ਜਾਂ 30 ਮਿੰਟ ਤੱਕ ਏਰੋਬਿਕ ਕਸਰਤ) ਕਰਦੇ ਹੋ ਤਾਂ 10 ਅਤੇ ਜੇ ਆਪ ਬਾਡੀ ਮਾਸ ਇੰਡੈਕਸ (ਸਰੀਰ ਵਜ਼ਨ ਸੂਚਕਾਂਕ) ਨੂੰ ਸੀਮਾ ਤੋਂ ਹੇਠਾਂ ਰੱਖਦੇ ਹਨ 25 ਇਹ ਤਾਂ ਵਸ ਸ਼ੁਰੂਆਤ ਕਰਨ ਲਈ ਹੈ। ਬੇਹਤਰ ਸਿਹਤ ਦੀ ਰਾਹ 'ਚ ਇਨ੍ਹਾਂ ਅੰਕਾਂ ਨੂੰ ਘੱਟ ਕਰਨਾ ਜ਼ਰੂਰੀ ਹੈ; ਕੀ ਆਪ ਦਾ ਕਲੈਸਟ੍ਰੋਲ 200 ਤੋਂ ਘੱਟ ਹੈ। (ਜਿਸ 'ਚ ਅੱਛਾ ਕਲੈਸਟ੍ਰੋਲ ਐਚ. ਡੀ. ਐਲ. 60 ਤੋਂ ਉਪਰ ਖਰਾਬ ਐਲ. ਡੀ. ਐਲ. 100 ਤੋਂ ਹੇਠਾਂ ਤੇ ਬੇਹੱਦ ਖਰਾਬ ਟ੍ਰਾਈ ਗਿਲਸਰਾਈਡ 150 ਤੋਂ ਘੱਟ ਹੈ।) ਕੀ ਅੱਠ ਘੰਟੇ ਦੇ ਵਰਤ ਪਿੱਛੋਂ ਵੀ ਤੁਹਾਡੀ ਸ਼ੂਗਰ 100 ਤੋਂ ਘੱਟ ਰਹਿੰਦੀ ਹੈ? ਆਸਟੀਓਪੋਰੋਸਿਸ ਨਾਲ ਨਿਪਟਣ ਲਈ ਦੇਖੋ ਕਿ ਕੀ ਆਪ ਦੀਆਂ ਬਾਹਵਾਂ ਦੀ ਪਕੜ 20-30 ਕਿਲੋਗ੍ਰਾਮ ਦੀ ਹੈ? ਕੀ ਆਪ ਦੀ ਥਾਇਰਾਡ ਪੱਧਰ ਸਿਹਤ 0.4-5 ਵਿਚਕਾਰ ਹੈ? ਕੀ ਆਪ ਨੂੰ ਦਿਲ ਦੇ ਦੌਰੇ ਦਾ ਜ਼ੋਖਮ 20 ਫੀਸਦੀ ਤੋਂ ਵੱਧ ਹੈ? ਡਾਕਟਰਾਂ ਦਾ ਕਹਿਣਾ ਹੈ ਕਿ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜਿਹੜੇ ਉਨ੍ਹਾਂ ਅੰਕੜਿਆਂ 'ਤੇ ਨਜ਼ਰ ਰੱਖਦੇ ਹਨ ਜਿਸ ਨਾਲ ਸਿਹਤ ਬੇਹਤਰ ਰਹਿੰਦੀ ਹੈ। ਇਨ੍ਹਾਂ ਅੰਕੜਿਆਂ 'ਤੇ ਨਜ਼ਰ ਰੱਖਣ ਲਈ ਡਾਕਟਰ ਅਕਸਰ ਲੋਕਾਂ ਦੇ ਕਈ ਟੈਸਟ ਕਰਦੇ ਹਨ। ਕਈ ਕਸਰਤਾਂ ਕਰਵਾਉਂਦੇ ਹਨ, ਉਨ੍ਹਾਂ ਦੇ ਫੇਫੜਿਆਂ ਦੀ ਆਵਾਜ਼ ਸੁਣਦੇ ਹਨ। ਦਿਲ ਦੀ ਮਜ਼ਬੂਤੀ ਵੇਖਣ ਲਈ ਈ. ਸੀ. ਜੀ. ਕਰਦੇ ਹਨ ਪਰ ਕੀ ਵਿਅਕਤੀ ਦੇ ਵਿਸ਼ੇਸ਼ ਜੀਵਨ ਦੇ ਅੰਕੜਿਆਂ ਤੋਂ ਵਿਆਪਕ ਸੱਚਾਈ ਦਾ ਪਤਾ ਲਾਇਆ ਜਾ ਸਕਦਾ ਹੈ? ਅਪੋਲੋ ਹਾਸਪੀਟਲ ਗਰੁੱਪ ਦਾ ਮੰਨਣਾ ਹੈ ਕਿ ਲਾਇਆ ਜਾ ਸਕਦਾ ਹੈ। ਪਿਛਲੇ ਇਕ ਦਹਾਕੇ ਤੋਂ ਹੈਲਥ ਐਂਡ ਲਾਈਫ ਸਟਾਇਲ ਯੂਨਿਟ (ਐਚ.ਐਲ.ਯੂ) ਆਪਣੇ ਖਪਤਕਾਰਾਂ ਦੀ ਸਿਹਤ ਜਾਂਚ ਕੇ ਅੰਕੜਿਆਂ ਦੀ ਨਿਗਰਾਨੀ ਕਰ ਰਿਹਾ ਹੈ। ਇਸ ਦੇ ਸਿੱਟੇ ਹੁਣ ਸਾਹਮਣੇ ਆ ਗਏ ਹਨ ਇਸ 'ਚ 2000-08 ਦੌਰਾਨ ਅੱਠ ਸ਼ਹਿਰਾਂ ਵਿਚ 1,16,731 ਲੋਕਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਵਿਚ ਸ਼ਹਿਰੀ ਭਾਰਤ ਦੀ ਜਨਤਕ ਸਿਹਤ ਦੀ ਵਿਆਪਕ ਤਸਵੀਰ ਉਭਰਦੀ ਹੈ। ਜਿਸ ਦੇ ਆਧਾਰ 'ਤੇ ਵਿਅਕਤੀਆਂ ਦੇ ਅੰਕੜਿਆਂ ਦੀ ਤੁਲਨਾ ਕੀਤੀ ਜਾ ਸਕਦੀ ਹੈ। ਐਚ. ਐਲ. ਯੂ. ਦੇ ਮੁਖੀ ਟ੍ਰੋਫੈਸਰ ਏਡਿਅਨ ਕੈਨੇਡੀ ਦਾ ਕਹਿਣਾ ਹੈ ਕਿ "ਅੰਕੜੇ ਰੋਕਥਾਮ 'ਚ ਮਦਦ ਕਰਦੇ ਹਨ, ਉਨ੍ਹਾਂ ਨਾਲ ਡਾਕਟਰਾਂ ਨੂੰ ਇਲਾਜ ਤਹਿ ਕਰਨ ਅਤੇ ਭਵਿੱਖ 'ਚ ਸਿਹਤ 'ਚ ਗੰਭੀਰ ਖਰਾਬੀ ਨੂੰ ਰੋਕਣ ਲਈ ਜੀਵਨ ਸ਼ੈਲੀ ਬਦਲਣ 'ਚ ਮਦਦ ਮਿਲਦੀ ਹੈ। ਇਸ ਆਧਾਰ 'ਤੇ ਆਬਾਦੀ ਦੇ ਵੱਡੇ ਹਿੱਸੇ ਦੇ ਸਿਹਤ ਸੰਬੰਧੀ ਅੰਕੜਿਆਂ 'ਤੇ ਨਜ਼ਰ ਰੱਖਣ 'ਚ ਮਦਦ ਮਿਲਦੀ ਹੈ।" ਇਸ ਰੀਪੋਟ ਤੋਂ ਜ਼ਾਹਿਰ ਹੁੰਦਾ ਹੈ ਕਿ ਲੋਕਾਂ 'ਚ ਆਪਣਾ ਜੀਵਨ ਸੁਧਾਰਨ ਅਤੇ 'ਰੋਗਾਂ ਨੂੰ ਘੱਟ' ਕਰਨ ਦਾ ਰੁਝਾਨ ਹੈ ਜੋ ਅੱਜ ਸਹਿਤ ਦੀ ਦੇਖਭਾਲ ਦੇ ਖੇਤਰ ਵਿਚ ਪਸੰਦੀਦਾ ਵਿਚਾਰ ਹੈ। ਅਮਰੀਕਾ ਦੀ ਸਟੈਨ ਫੋਰਡ ਯੂਨੀਵਰਸਿਟੀ ਦੇ ਜੇਮਸ ਫ੍ਰਾਇਜ ਦੇ ਸਿਧਾਂਤ

ਮੁਤਾਬਕ, ਜੀਵਨਸ਼ੈਲੀ ਅਤੇ ਸਿਹਤ ਦੀ ਦੇਖਭਾਲ ਦੇ ਖੇਤਰ ਵਿਚ ਸੁਧਾਰ ਦੇ ਨਾਲ ਕੋਈ ਵੀ ਕੌਮ ਲੰਬੇ ਸਮੇਂ ਤੱਕ ਬੇਹਤਰ ਜੀਵਨ ਜਿਉਂ ਸਕਦੀ ਹੈ, ਬੀਮਾਰੀ ਦੇ ਅਪੰਗਤਾ ਤੋਂ ਮੁਕਤ ਲੰਬਾ ਜੀਵਨ, ਸ਼ਹਿਰੀ ਭਾਰਤ ਦੀ ਸਿਹਤ ਦੀ ਤਸਵੀਰ ਤੋਂ ਜ਼ਾਹਿਰ ਹੁੰਦਾ ਹੈ ਕਿ ਲੋਕਾਂ 'ਚ ਬੇਹਤਰ ਜੀਵਨ ਅਤੇ ਸਿਹਤ ਪ੍ਰਤੀ ਰੁਝਾਣ ਹੈ। ਸ਼ਹਿਰੀ ਲੋਕ ਪਤਲੇ ਹੋ ਰਹੇ ਹਨ। ਪਿਛਲੇ 10 ਸਾਲਾਂ ਵਿਚ ਮਾਸਪੇਸ਼ੀਆਂ ਦੀ ਤੁਲਨਾ ਵਿਚ ਵਾਧੂ ਸਰੀਰਕ ਚਰਬੀ ਦਾ ਅਨੁਪਾਤ 11 ਫੀਸਦੀ ਘੱਟ ਹੋ ਗਿਆ। ਇਹ ਸਿੱਟੇ ਫਰਵਰੀ 2009 ਦੇ ਨੀਲ ਸਨ। ਸਰਵੇਖਣ ਦੇ ਸਿੱਟਿਆਂ ਦੀ ਪੁਸ਼ਟੀ ਕਰਦੇ ਹਨ ਜਿਸ ਵਿਚ ਦੱਸਿਆ ਗਿਆ ਹੈ ਕਿ ਸ਼ਹਿਰੀ ਇਲਾਕਿਆਂ ਦੇ ਲੋਕ ਕਿਵੇਂ ਆਪਣੇ ਵਜਨ ਦੀ ਸਮੱਸਿਆ ਸਬੰਧੀ ਚਿੰਤਤ ਹਨ ਅਸਲੀ ਜਾਂ ਕਲਪਨਿਕ, 54 ਫੀਸਦੀ ਨੂੰ ਮੋਟਾਪੇ ਦੀ ਸਮੱਸਿਆ ਹੈ ਅਸਲੀ ਜਾਂ ਕਲਪਨਿਕ; 48 ਫੀਸਦੀ ਲੋਕ ਵਜਨ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ; 79 ਫੀਸਦੀ ਵੱਧ ਕਸਰਤ ਕਰਨ ਦੀ ਯੋਜਨਾ ਬਣਾ ਰਹੇ ਹਨ; 69 ਫੀਸਦੀ ਲੋਕ ਸਾਲ ਭਰ ਘੱਟ ਖਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਖਾਣਪੀਣ ਦੀਆਂ ਆਦਤਾਂ ਸੁਧਰੀਆਂ ਹਨ। ਬਹੁਤੇ 15 ਫੀਸਦੀ ਲੋਕ ਲੋਕ ਸਰੀਰ 'ਤੇ ਖਾਣ ਪੀਣ ਦੇ ਪ੍ਰਭਾਵ ਪ੍ਰਤੀ ਚੌਕਸ ਹੋ ਰਹੇ ਹਨ। ਗਪਸ਼ਪ ਨਾਸ਼ਤਾ ਕਰਨ ਦਾ ਰੁਝਾਨ 9 ਫੀਸਦੀ ਘੱਟ ਹੋ ਗਿਆ ਹੈ। ਵਸਾ ਦੀ ਵਰਤੋਂ 10 ਫੀਸਦੀ ਤੇ ਖੰਡ ਦੀ ਵਰਤੋਂ 9 ਫੀਸਦੀ ਘੱਟ ਹੋ ਗਈ ਹੈ। ਹਫ਼ਤੇ 'ਚ ਦੋ ਦਿਨ ਤੋਂ ਵੱਧ ਬਾਹਰ ਖਾਣਾ ਖਾਣ ਵਾਲੇ ਸ਼ਹਿਰੀ ਲੋਕਾਂ ਦੀ ਗਿਣਤੀ 11 ਫ਼ੀਸਦੀ ਘੱਟ ਹੋ ਗਈ ਹੈ। ਰੋਜ਼ਾਨਾ ਪੀਣ ਵਾਲੇ ਪਾਣੀ ਦੀ ਮਾਤਰਾ, ਫਲ, ਹਰੀਆਂ ਸਬਜ਼ੀਆਂ ਤੇ ਸ਼ਾਕਾਹਾਰ 'ਚ ਕਮੀ ਦੇ ਬਾਵਜੂਦ ਵਿਆਪਕ ਤਸਵੀਰ ਕਾਫੀ ਅੱਛੀ ਹੈ। ਸ਼ਹਿਰੀ ਇਲਾਕਿਆਂ 'ਚ ਲੋਕ ਭਾਵੇਂ ਹੀ ਬੇਹਤਰ ਖਾਣਾ ਖਾਣ ਤੇ ਸਰੀਰ ਛਾਂਟੇ ਜਾਣ ਪਰ ਫਿਰ ਵੀ ਜ਼ਰੂਰੀ ਨਹੀਂ ਕਿ ਉਹ ਸਿਹਤਮੰਦ ਵੀ ਹੋਣ। ਹੁਣ ਵੀ ਮਰਦ ਦਾ ਵਜਣ ਔਸਤਨ 3 ਕਿਲੋ ਅਤੇ ਪਹਿਲਾਂ ਦਾ ਵਜਣ 7 ਕਿਲੋ ਵੱਧ ਹੈ। ਕਸਰਤ ਨਾ ਕਰਨ ਵਾਲਿਆਂ ਦੀ ਗਿਣਤੀ 6 ਫੀਸਦੀ ਵਧ ਗਈ ਹੈ। ਅੱਜ ਸ਼ਹਿਰੀ ਲੋਕ ਸ਼ਕਤੀ ਤੇ ਸਰੀਰਕ ਜਾਂਚ ਸੰਬੰਧੀ ਪਿਛੇ ਹਨ। ਸ਼ਹਿਰੀ ਲੋਕਾਂ ਦਾ ਤਣਾਅ 12 ਫੀਸਦੀ ਘੱਟ ਹੋ ਗਿਆ ਹੈ ਪਰ ਗਹਿਰਾਈ 'ਚ ਜਾਈਏ ਤਾਂ ਸੱਚਾਈ ਦਿਖ ਜਾਂਦੀ ਹੈ। ਅਧਿਕਤਰ ਲੋਕ ਆਪਣੀਆਂ ਜ਼ਰੂਰਤਾਂ ਮੁਤਾਬਕ ਕਮਾ ਨਹੀਂ ਸਕਦੇ। ਕਾਫੀ ਲੋਕ ਸਹਾਰੇ ਦੀ ਘਾਟ ਦੀ ਸ਼ਕਾਇਤ ਕਰਦੇ ਹਨ ਅਤੇ ਉਸ ਤੋਂ ਵੀ ਵੱਧ ਲੋਕ ਵਧਦੀਆਂ ਪ੍ਰਵਾਰਿਕ ਸਮੱਸਿਆਵਾਂ ਦੀ ਸ਼ਕਾਇਤ ਕਰਦੇ ਹਨ।

ਅੱਛੀ ਗੱਲ ਇਹ ਹੈ ਕਿ ਸਭ ਲੋਕ ਪਹਿਲਾਂ ਦੇ ਮੁਕਾਬਲੇ ਘੱਟ ਬੀਮਾਰ ਹੁੰਦੇ ਨਜ਼ਰ ਆਉਂਦੇ ਹਨ। ਰੋਜ਼ਮਰਾ ਦੇ ਇਲਾਜ ਤੋਂ ਲੈ ਕੇ ਹਸਪਤਾਲ 'ਚ ਭਰਤੀ ਹੋਣਾ, ਕਲੈਸਟ੍ਰੋਲ ਤੋਂ ਲੈ ਕੇ ਬਲੱਡ ਪ੍ਰੈਸ਼ਰ, ਜੋੜਾਂ ਦੀਆਂ ਸਮੱਸਿਆਵਾਂ ਤੋਂ ਲੈ ਕੇ ਸਿਰਦਰਦ ਤੱਕ, ਸਭ ਘੱਟ ਹੁੰਦਾ ਜਾ ਰਿਹਾ ਹੈ। ਇਕ ਪਾਸੇ ਜਿੱਥੇ ਸਹੀ ਸੋਚ ਰੱਖਣ ਵਾਲੇ ਲੋਕਾਂ ਨੇ ਘੱਟ ਖਾਣ ਨੂੰ ਨਿਯਮਤ ਰੂਪ 'ਚ ਅਪਣਾ ਲਿਆ ਹੈ ਤੇ ਸਿਹਤਮੰਦ ਜੀਵਨ ਬਾਰੇ ਖੂਬ ਗੱਲਾਂ ਕਰਦੇ ਹਨ ਉਥੇ ਵਿਆਪਕ ਰੁਝਾਣ ਤੇ ਆਬਾਦੀ ਦਾ ਅਧਿਐਨ ਕਰਨ ਲਈ ਵਿਅਕਤੀ ਕੇਂਦਰਿਤ ਅੰਕੜਿਆਂ ਤੋਂ ਪਰੇ ਜਾਣ ਦੀ ਲੋੜ ਹੈ, ਕੁਲ ਮਿਲਾ ਕੇ ਇਹ ਸਰਵੇਖਣ ਸ਼ਹਿਰੀ ਭਾਰਤ ਦੀ ਸਿਹਤ ਦਾ ਸੰਖੇਪ 'ਚ ਜ਼ਿਕਰ ਕਰਦਾ ਹੈ।

# ਸੁਆਮੀ ਸੰਤੋਸ਼ ਮਾਧਵਨ ਬਨਾਮ ਠੱਗੀ ਤੇ ਬਲਾਤਕਾਰ

ਭਾਰਤ 'ਚ ਜੋਤਸ਼ੀ ਸੁਆਮੀ ਤੇ ਸਵੈਂਭੂ ਅਤਿਆਤਮਕ ਗੁਰੂਆਂ ਦਾ ਬੜਾ ਹੀ ਬੋਲਬਾਲਾ ਹੈ। ਅਨਪੜ੍ਹ ਗੰਵਾਰ ਹੀ ਨਹੀਂ ਬਲਕਿ ਪੜ੍ਹੇ ਲਿਖੇ ਲੋਕਾਂ ਦੇ ਨਾਲ ਹੀ ਰਾਜਸੀ ਨੇਤਾਵਾਂ, ਫਿਲਮੀ ਸਤਾਰਿਆਂ ਦੇ ਨਾਲ ਪ੍ਰਸਾਸ਼ਨਿਕ ਅਧਿਕਾਰੀ ਵੀ ਇਹਨਾਂ ਸੁਆਮੀਆਂ ਦੇ ਭਗਤ ਹੁੰਦੇ ਹਨ। ਇਹਨਾਂ ਸਾਰੇ ਕਾਰਨਾਂ ਕਰਕੇ ਇਹਨਾਂ ਧਰਮ ਗੁਰੂਆਂ ਪਾਸ ਆਰਥਕ ਸ਼ਕਤੀ ਦੇ ਨਾਲ ਹੀ ਦਬੰਗਈ ਵੀ ਇਨੀ ਆ ਜਾਂਦੀ ਹੈ ਕਿ ਇਹ ਕਨੂੰਨ ਨਾਲ ਵੀ ਖਿਲਵਾੜ ਕਰਨੋਂ ਨਹੀਂ ਡਰਦੇ। ਚਰਮ ਆਨੰਦ ਹਾਸਲ ਕਰਨ ਲਈ ਇਹ ਗੁਰੂ ਮੁਟਿਆਰਾਂ ਨੂੰ ਨਾ ਸਿਰਫ ਵਰਗਲਾਉਂਦੇ ਹਨ ਬਲਕਿ ਉਹਨਾਂ ਨਾਲ ਜ਼ਬਰਦਸਤੀ ਵੀ ਕਰਦੇ ਹਨ। ਗੈਰ ਕਾਨੂੰਨੀ ਭੂਮੀ ਸੌਦੇ ਧਰਮ ਦੀ ਆੜ 'ਚ ਔਰਤ ਦਾ ਯੌਨ ਸੋਸ਼ਣ, ਹਿੰਸਾਤਮਕ ਕਾਰਵਾਈ ਆਦਿ ਇਹਨਾਂ ਗੁਰੂਆਂ ਦੀ ਹੁਣ ਪਹਿਚਾਣ ਬਣ ਗਈ ਹੈ। ਪਿਛਲੇ ਸਾਲ ਸੰਨ (2008) ਧਰਮਗੁਰੂ ਆਸਾਰਾਮ ਬਾਪੂ ਤੇ ਉਹਨਾਂ ਦੇ ਬੇਟੇ ਤੇ ਵੀ ਗੈਰ ਕਾਨੂੰਨੀ ਜ਼ਮੀਨੀ ਸੌਦੇ ਆਸ਼ਰਮਾ ਦੇ ਬੱਚਿਆਂ ਦੀ ਹੱਤਿਆ ਤੇ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵੱਧ ਚਰਚਾ ਵਿੱਚ ਆਈਆਂ ਸਨ। ਸੰਨ 2008 ਦੇ ਮਈ ਮਹੀਨੇ 'ਚ ਇੰਟਰਪੋਲ ਨੇ ਸੰਤੋਸ਼ ਮਾਧਵਨ ਖਿਲਾਫ ਰੈਡ ਕਾਰਨਰ ਨੋਟਿਸ ਜਾਰੀ ਕੀਤਾ ਸੀ ਜਿਸ 'ਚ ਕਿਹਾ ਸੀ ਕਿ ਸੀ. ਬੀ. ਆਈ. ਨੂੰ ਮੁੰਬਈ 'ਚ ਅਤੀ ਆਧੁਨਿਕ ਹਥਿਆਰਾਂ ਦੇ ਅਨਾਧਿਕਰਤ ਕਰਬੇ ਅਤੇ ਤਸਕਰੀ ਸਬੰਧੀ ਇਕ ਮਾਮਲੇ 'ਚ ਉਸ ਦੀ ਤਲਾਸ਼ ਹੈ। ਇੰਟਰਪੋਲ ਦੀ ਵੈੱਬਸਾਈਟ 'ਤੇ ਜਾਰੀ ਇਸ ਨੋਟਿਸ 'ਚ ਇਹਨਾਂ ਕੁਲਮ ਸਥਿਤ ਸੰਤੋਸ਼ ਮਾਧਵਨ ਦੀ ਫੋਟੋ ਵੇਖ ਕੇ ਮੁੰਬਈ 'ਚ ਰਹਿ ਰਹੀ ਕੇਰਲਾ ਦੀ ਆਦੀਵਾਸੀ ਮਹਿਲਾ ਵਪਾਰੀ ਸੇਰਾਫਿਨ ਏਡਵਿਨ ਨੇ ਦੁਬਈ ਪੁਲਸ 'ਚ ਸ਼ਿਕਾਇਤ ਦਰਜ ਕਰਵਾਈ ਜਿਸ ਵਿੱਚ ਸੰਤੋਸ਼ ਮਾਧਵਨ 'ਤੇ ਉਸ ਨੇ 45 ਲੱਖ ਰੁਪੈ ਦੀ ਠੱਗੀ ਕਰਨ ਦਾ ਦੋਸ਼ ਲਾਇਆ ਸੀ। ਸੇਰਾਫਿਨ ਨੇ ਆਪਣੇ ਦੇਸ਼ 'ਚ ਕਿਹਾ ਸੀ ਕਿ ਸੰਤੋਸ਼ ਮਾਧਵਨ ਨੇ ਤਿੰਨ ਸਾਲ ਪਹਿਲਾਂ ਸੰਨ 2005 'ਚ ਇਕ ਸਾਂਝਾ ਵਪਾਰਕ ਅਦਾਰਾ ਸ਼ੁਰੂ ਕਰਨ ਲਈ ਉਹਨਾਂ ਤੋਂ 45 ਲੱਖ ਰੁਪਿਆ ਲਿਆ ਸੀ ਪਰ ਇਸ ਤੋਂ ਬਾਅਦ ਉਹ ਗਾਇਬ ਹੋ ਗਿਆ। ਸੇਰਾਫਿਨ ਏਡਵਨ ਦੀ ਇਹ ਸ਼ਿਕਾਇਤ ਦੁਬਈ ਪੁਲਸ ਨੇ ਕੋਚੀ ਪੁਲਸ ਨੂੰ ਭੇਜ ਦਿੱਤੀ। ਜਿਸ ਦੇ ਸਿੱਟੇ ਵਜੋਂ ਕੋਚੀ ਪੁਲਸ ਨੇ ਸੰਤੋਸ਼ ਮਧਵਾਨ ਦੇ ਆਸ਼ਰਮ ਤੇ ਛਾਪਾ ਮਾਰਿਆ। ਸੰਤੋਸ਼ ਮਾਧਵਨ ਕੋਚੀ 'ਚ ਧਰਮ ਗੁਰੂ ਬਣਿਆ ਬੈਠਾ ਸੀ। ਉਹ ਆਪਣੇ ਆਪ ਨੂੰ ਅੰਮ੍ਰਿਤ ਚੈਤਨਿਆ ਅਖਵਾਉਂਦਾ ਸੀ। ਨਾ ਸਿਰਫ ਉਹ ਪ੍ਰਵਚਨ ਕਰਦਾ ਸੀ ਬਲਕਿ ਲੋਕਾਂ ਦਾ ਭਵਿੱਖ ਦੱਸਿਆ ਕਰਦਾ ਸੀ ਅਤੇ ਉਹਨਾਂ ਦਾ ਕੁੰਡਲੀ ਦੋਸ਼ ਵੀ ਦੂਰ ਕਰਦਾ। ਉਸ ਨੇ ਆਪਣੇ ਆਸ਼ਰਮ ਵਿੱਚ ਅਨਾਥ ਲੜਕੇ-ਲੜਕੀਆਂ ਲਈ ਅਨਾਥ ਆਸ਼ਰਮ ਵੀ ਬਣਾ ਰੱਖਿਆ ਸੀ। ਜਿਸ 'ਚ ਕਈ ਲੜਕੇ ਲੜਕੀਆਂ ਰਹਿ ਰਹੇ ਸਨ। ਅੰਮ੍ਰਿਤ ਚੈਤਨਿਆ ਉਰਫ ਸੰਤੋਸ਼ ਮਾਧਵਨ ਨੇ ਆਪਣੇ ਪ੍ਰਾਰੂਪ ਨੂੰ ਏਨਾ ਵਿਸ਼ਾਲ ਰੂਪ ਦੇ ਰੱਖਿਆ ਸੀ ਕਿ ਉਸ ਦੇ ਆਸ਼ਰਮ 'ਚ ਉਸ ਪਾਸ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਆਉਂਦੇ ਸਨ। ਇਹਨਾਂ 'ਚ ਕੋਈ ਨੇਤਾ, ਫਿਲਮੀ ਸਿਤਾਰੇ ਤੇ ਇਥੋਂ ਤੱਕ ਕਿ ਪੁਲਸ ਅਧਿਕਾਰੀ ਵੀ ਸਨ। ਇਹ ਕੈਸੀ

ਵਿਡੰਬਾਨਾ ਹੈ ਕਿ ਲੋਕ ਜੋਤਿਸ਼ ਰਾਹੀਂ ਅਮ੍ਰਿਤ ਚੈਤਨਿਆ ਉਰਫ ਸੰਤੋਸ਼ ਨੂੰ ਇਹ ਦੱਸਿਆ ਕਿ ਉਸ ਦੇ ਆਸ਼ਰਮ 'ਤੇ ਛਾਪਾ ਪੈਣ ਵਾਲਾ ਹੈ ਤਾਂ ਉਹ ਭੱਜ ਨਿਕਲਿਆ। ਉਚ ਅਹੁਦਿਆਂ 'ਤੇ ਬਿਰਾਜਮਾਨ ਆਪਣੇ ਭਗਤਾਂ ਦੀ ਬਦੌਲਤ ਸੰਤੋਸ਼ ਨੂੰ ਛਾਪੇ ਦਾ ਸੁਭਾਗ ਮਿਲਣ ਅਤੇ ਉਸ ਦੇ ਭੱਜ ਨਿਕਣ ਦੀ ਸਾਜਿਸ਼ ਦਾ ਰਾਜ ਇੰਟਰਪੋਲ ਵਾਲਿਆਂ ਨੂੰ ਸਮਝਣ 'ਚ ਦੇਰ ਨਹੀਂ ਲੱਗੀ। ਇਧਰ ਦੋ ਦਿਨ ਬਾਅਦ ਹੀ ਸਵਾਮੀ ਅੰਮ੍ਰਿਤ ਚੈਤਨਿਆ ਉਰਫ ਸੰਤੋਸ਼ ਟੈਲੀਵਿਜਨ ਚੈਨਲ 'ਤੇ ਪ੍ਰਗਟ ਹੋਇਆ ਅਤੇ ਆਪਣੇ ਗੁਪਤ ਟਿਕਾਣਿਆਂ ਤੋਂ ਇੰਟਰਵਿਊ ਦੇ ਕੇ ਆਪਣੇ ਆਪ ਨੂੰ ਨਿਰਦੋਸ਼ ਦੱਸਣ ਲੱਗਿਆ। ਕਹਿੰਦੇ ਹਨ ਕਿ ਛਲ ਹੀ ਛਲ ਨੂੰ ਕੱਟਦਾ ਹੈ। ਇੰਟਰਪੋਲ ਨੇ ਇਸ ਨੀਤੀ 'ਤੇ ਚਲਦਿਆਂ ਸਪੱਸ਼ਟੀਕਰਨ ਦਿੱਤਾ ਕਿ ਸੰਤੋਸ਼ ਮਾਧਵਨ ਦੀ ਫੋਟੋ ਗਲਤ ਪਹਿਚਾਨ ਕਰਕੇ ਦਿੱਤੀ ਗਈ ਹੈ ਜਦਕਿ ਉਨ੍ਹਾਂ ਨੂੰ ਇਸ ਨਾਂ ਨਾਲ ਇਕ ਦੂਜੇ ਬੰਦੇ ਦੀ ਤਲਾਸ਼ ਹੈ। ਕੇਰਲ ਪੁਲਸ ਨੂੰ ਸੰਤੋਸ਼ ਦਾ ਕਦਾਚਾਰੀ ਕਾਰਨਾਮਿਆਂ ਸਬੰਧੀ ਮਹੱਤਵਪੂਰਨ ਸੁਰਾਗ ਮਿਲ ਚੁੱਕੇ ਸਨ। ਕੋਚੀ 'ਚ ਸੁਆਮੀ ਸੰਤੋਸ਼ ਦੇ ਸ਼ਾਨਦਾਰ ਫਲੈਟ 'ਤੇ ਜਦ ਛਾਪਾ ਮਾਰਿਆ ਗਿਆ ਤਾਂ ਪੁਲਸ ਨੂੰ ਅਸ਼ਲੀਲ ਫਿਲਮਾਂ ਦੀਆਂ ਅਨੇਕਾਂ ਵੀਡੀਓ ਸੀਡੀਆਂ, ਸ਼ੇਰ ਦੀਆਂ ਕਈ ਖੱਲਾਂ ਚੰਦਨ ਦੀ ਲਕੜੀ ਦੇ ਡੰਡੇ ਤੇ ਮਾਦਕ ਦਵਾਈਆਂ ਹੱਥ ਲੱਗੀਆਂ। ਉਥੋਂ ਬਹੁਤ ਸਾਰੇ ਐਸੇ ਫੋਟੋਗ੍ਰਾਫ ਵੀ ਬਰਾਮਦ ਹੋਏ ਜਿਨ੍ਹਾਂ 'ਚ ਸੰਤੋਸ਼ ਮਾਧਵਨ ਰਾਜਨੀਤੀਬਾਜ਼ਾਂ, ਫਿਲਮੀ ਸਿਤਾਰਿਆਂ ਤੇ ਪੁਲਸ ਦੇ ਉਚ ਅਧਿਕਾਰੀਆਂ ਨਾਲ ਸੀ। ਸੰਤੋਸ਼ ਮਾਧਵਨ ਵਿਰੁੱਧ ਏਨੇ ਸਬੂਤ ਮਿਲਣ ਪਿੱਛੋਂ ਪੁਲਸ ਉਸ ਦੀ ਖੋਜ 'ਚ ਲੱਗ ਗਈ। ਸੰਤੋਸ਼ ਨਾਲ ਨੇੜਲੇ ਸਬੰਧਾਂ ਦੇ ਦੋਸ਼ 'ਚ ਇਕ ਪੁਲਸ ਅਧਿਕਾਰੀ ਨੂੰ ਮੁਅਤਲ ਵੀ ਕੀਤਾ ਗਿਆ। ਕੇਰਲਾ ਪੁਲਸ ਸੰਤੋਸ਼ ਮਾਧਵਨ ਨੂੰ ਗ੍ਰਿਫਤਾਰ ਕਰਨ ਲਈ ਕਈ ਥਾਈਂ ਛਾਪੇ ਮਾਰ ਰਹੀ ਸੀ ਕਿ ਇਸ ਦੌਰਾਨ ਕੋਚੀ ਦੇ ਇਕ ਥਾਣੇ 'ਚ ਤਿੰਨ ਮੁਟਿਆਰਾਂ ਨੇ ਸੰਤੋਸ਼ ਮਾਧਵਨ ਵੱਲੋਂ ਬਲਾਤਕਾਰ ਕਰਨ ਦੀਆਂ ਸ਼ਿਕਾਇਤਾਂ ਦਰਜ ਕਰਵਾਈਆਂ। ਪੁਲਸ ਲਈ ਇਹ ਦੋਸ਼ ਵੱਧ ਮਹੱਤਵਪੂਰਨ ਸੀ। ਆਖਰ ਉਸ ਨੇ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਤਾਂ 12 ਮਈ 2008 ਨੂੰ ਕੋਚੀ ਦੇ ਨੇੜੇ ਗੱਡੀ ਚਲਾਉਂਦੇ ਹੋਏ ਸੰਤੋਸ਼ ਮਾਧਵਨ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਕੋਚੀ ਦੀ ਅਦਾਲਤ 'ਚ ਉਸ ਵਿਰੁੱਧ ਚਲਾਨ ਪੇਸ਼ ਕਰ ਦਿੱਤਾ। ਅਦਾਲਤ ਨੇ ਸੰਤੋਸ਼ ਮਾਧਵਨ ਨੂੰ 2 ਜੂਨ 2009 ਨੂੰ ਸਜ਼ਾ ਸੁਣਾਈ। ਅਦਾਲਤ ਨੇ ਸੰਤੋਸ਼ ਮਾਧਵਨ ਦੇ ਸ਼ਾਂਤੀ ਤਿਰਮ ਟਰਸਟ ਵਲੋਂ ਸੰਚਾਲਿਤ ਇਕ ਅਨਾਥ ਆਸ਼ਰਮ 'ਚ ਰਹਿੰਦੀਆਂ ਸਨ। ਇਹਨਾ ਕੁਲਮ ਦੇ ਵਧੀਕ ਜੱਜ-ਏ ਪਹਿਲੇ ਗਵਾਹ, ਇਕ ਲੜਕੀ ਨੂੰ ਕਰ ਦਿੱਤਾ ਜਾਵੇ। ਜਿਸ ਨੇ ਦਬਾਆਵਾਂ ਦੇ ਬਾਵਜੂਦ ਗਵਾਹੀ ਦਿੱਤੀ ਸੀ। ਇਸ ਤੋਂ ਪਹਿਲਾਂ ਤਿੰਨ ਗਵਾਹ ਆਪਣੇ ਬਿਆਨ ਤੋਂ ਮੁਕਰ ਚੁੱਕੇ ਸਨ। ਸੰਤੋਸ਼ ਮਾਧਵਨ ਦੇ ਖਿਲਾਫ ਸਪੱਸ਼ਟ ਸਬੂਤ ਉਸ ਦੇ ਬੈਂਕ ਲਾਕਰ ਤੋਂ ਬਰਾਮਦ ਇਕ ਵੀਡੀਓ ਸੀ. ਡੀ. ਸੀ 'ਚ ਨਜ਼ਰ ਆਉਣ ਵਾਲੀ ਲੜਕੀ ਬਾਅਦ 'ਚ ਆਪਣੇ ਬਿਆਨ ਤੋਂ ਮੁਕਰ ਗਈ ਸੀ। ਪਰ ਜੱਜ ਹਰਿਪਾਲ ਦਾ ਕਹਿਣਾ ਸੀ ਕਿ ਵੀ. ਸੀ. ਡੀ. 'ਚ ਦਿਸਣ ਵਾਲੇ ਦ੍ਰਿਸ਼ ਸੁਆਮੀ ਸੰਤੋਸ਼ ਮਾਧਵਨ ਨੂੰ ਸਜਾ ਸੁਣਾਈ। ਸੰਤੋਸ਼ ਮਾਧਵਾਨ ਦਾ ਅਤੀਤ ਕਸ਼ਟ ਗਈ ਵੀ ਸੀ ਅਤੇ ਸੰਘਰਸ਼ ਭਰਿਆ ਵੀ। ਇਸੇ ਦੌਰਾਨ ਉਸ ਅੰਦਰ ਧੋਖੇਬਾਜੀ, ਬੇਈਮਾਨੀ ਤੇ ਵਿਭਚਾਰ ਨੇ ਜਨਮ ਲਿਆ। 12 ਵੀ ਜਮਾਤ ਦੀ ਪੜ੍ਹਾਈ ਛੱਡ ਕੇ

ਸੰਤੋਸ਼ ਮਾਧਵਨ ਦੁਕਾਨਦਾਰੀ ਕਰਨ ਲੱਗਿਆ ਪਰ ਉਸ 'ਚ ਉਸ ਨੂੰ ਆਪਣੀਆਂ ਲਾਲਸਾਵਾਂ ਦੀ ਪੂਰਤੀ ਹੁੰਦੀ ਨਾ ਦਿਸੀ ਤਾਂ ਉਹ ਜੋਤਸ਼ੀ ਬਣਿਆ ਅਤੇ ਆਖਰ ਅਧਿਆਤਮਕ ਗੁਰੂ ਬਣ ਗਿਆ ਸੀ। ਇਸੇ ਕਾਰਨ ਜੋਤਸ਼ੀ ਬਣਿਆ। ਉਸ ਪਿੱਛੋਂ ਉਸ ਦੇ ਸੰਪਰਕ ਬਹੁਤ ਉੱਚੇ ਲੋਕਾਂ ਨਾਲ ਹੋ ਗਏ ਤੇ ਉਸ ਨੇ ਖਾਸੀ ਜਾਇਦਾਦ ਬਣਾ ਲਈ ਦਰਅਸਲ ਜੋਤਿਸ਼ੀਆਂ ਦੀ ਬਾਜੀਗਿਰੀ ਵੀ ਉਹ ਜਾਣ ਗਿਆ ਸੀ ਜਿਵੇਂ ਜਿਵੇਂ ਸੰਤੋਸ਼ ਦਾ ਰੁਤਬਾ ਵਧਦਾ ਗਿਆ, ਉਸ ਵਿੱਚ ਵਿਕਰਤ ਕਾਮ ਭਾਵਨਾਵਾਂ ਵੀ ਪੈਦਾ ਹੋਣ ਲੱਗੀਆਂ। ਉਸ ਨੂੰ ਬਾਲਗ ਔਰਤਾਂ ਨਾਲ ਸੰਭੋਗ ਕਰਨ 'ਚ ਉਨ੍ਹਾਂ ਸੁਆਦ ਨਹੀਂ ਆਉਂਦਾ ਸੀ। ਉਹ ਉਹਨਾਂ ਨਾਲ ਅਤਿਆਚਾਰੀ ਵਿਹਾਰ ਵੀ ਕਰਦਾ। ਜਦ ਉਹ ਉਸ ਦੇ ਜਿਸਮ ਹੇਠ ਰੋਂਦੀਆਂ ਚਿਲਾਉਂਦੀਆਂ ਤੇ ਛਟਪਟਾਉਂਦੀਆਂ ਤਾਂ ਉਸ ਨੂੰ ਵੱਧ ਯੌਨ ਸੁਖ ਪ੍ਰਾਪਤ ਹੁੰਦਾ ਸੀ। ਉਸ ਨੇ ਕਿਤੇ ਪੜ੍ਹ ਰੱਖਿਆ ਸੀ ਕਿ ਕਿਸ਼ੋਰੀਆਂ ਨਾਲ ਸੰਭੋਵ ਕਰਨ ਨਾਲ ਮਰਦਾਨਗੀ 'ਚ ਵਾਧਾ ਹੁੰਦਾ ਹੈ। ਤੇ ਇਸ ਗੱਲ ਨੇ ਉਸ ਦੇ ਦਿਮਾਗ ਨੂੰ ਇਸ ਪ੍ਰਕਾਰ ਪ੍ਰਭਾਵਿਤ ਕਰ ਰੱਖਿਆ ਸੀ ਕਿ ਆਪਣੀ ਮਰਦਾਨਵੀ ਨੂੰ ਮਾਪਣ ਲਈ ਉਹ ਕਿਸ਼ੋਰੀਆਂ ਨਾਲ ਸਰੀਰਕ ਸਬੰਧ ਬਣਾਉਂਦੇ ਸਮੇਂ ਅਤਿਆਚਾਰ ਤਰੀਕੇ ਨਾਲ ਜਦ ਲੜਕੀਆਂ ਚੀਕਣੀਆਂ ਚਿਲਾਉਂਦੀਆਂ ਤਾਂ ਸੰਤੋਸ਼ ਨੂੰ ਆਪਣੀ ਮਰਦਾਨਵੀ 'ਤੇ ਪੂਰਨ ਵਿਸਵਾਸ਼ ਹੋ ਜਾਂਦਾ ਅਤੇ ਉਸ ਨੂੰ ਭਰਪੂਰ ਆਤਮ ਸੰਤੁਸ਼ਟੀ ਹਾਸਲ ਹੁੰਦੀ ਸੀ।

ਹੌਲੀ-ਹੌਲੀ ਸੰਤੋਸ਼ ਦੀ ਲਾਲਸਾ ਏਨੀ ਵਧ ਗਈ ਕਿ ਉਸ ਨੂੰ ਹਰ ਰਾਤ ਆਪਣੇ ਬਿਸਤਰੇ 'ਤੇ ਨਬਾਲਗ ਲੜਕੀ ਦੀ ਲੋੜ ਮਹਿਸੂਸ ਹੋਣ ਲੱਗੀ। ਆਪਣੇ ਭਗਤਾਂ ਵੱਲੋਂ ਵੀ ਜਦ ਉਸ ਦੀ ਹਵਸ਼ ਦੀ ਪੂਰਤੀ ਨਾ ਹੁੰਦੀ ਤਾਂ ਉਸ ਨੇ ਸ਼ਾਤੀਤੀਰਮ ਟਰਸਟ ਵਲੋਂ ਅਨਾਥ ਆਸ਼ਰਮ ਖੋਲਿਆ ਜਿਸ 'ਚ ਉਸ ਦੇ ਭਗਤ ਘੱਟ ਉਮਰ ਦੀਆਂ ਲੜਕੀਆਂ ਲਿਆਉਣ ਲੱਗੇ। ਇਸ ਪ੍ਰਸੰਗ 'ਚ ਕਿਹਾ ਜਾਂਦਾ ਹੈ ਕਿ ਅਨਾਥ ਆਸ਼ਰਮ 'ਚ ਲੜਕੀਆਂ ਦਾ ਪ੍ਰਬੰਧ ਕਰਨ ਲਈ ਸੰਤੋਸ਼ ਦੇ ਚੇਲੇ ਅਗਵਾ ਤਕ ਕਰ ਲਿਆ ਕਰਦੇ ਸਨ। ਕਹਿੰਦੇ ਹਨ ਪਾਪਾਂ ਦਾ ਘੜਾ ਇਕ ਦਿਨ ਫੁੱਟਦਾ ਹੀ ਹੈ। ਸੰਤੋਸ਼ ਮਾਧਵਨ ਦੇ ਨਾਲ ਹੀ ਕੁਝ ਅਜਿਹਾ ਹੀ ਹੋਇਆ। ਉਸ ਦੇ ਸਾਰੇ ਵੱਡੇ-ਵੱਡੇ ਦੋਸਤ ਤੇ ਉਸ ਦੇ ਭਗਤ ਉਸ ਦਾ ਸਾਥ ਛੱਡ ਗਏ। ਹੁਣ 16 ਸਾਲਾਂ ਤਕ ਕੈਦ 6×6 ਫੁੱਟ ਦਾ ਕਮਰਾ ਹੀ ਉਸ ਦੀ ਇਕੋ ਇਕ ਮਾਲਕੀ ਹੋਵੇਗੀ। ਮਰਦਾਨਗੀ ਤਾਂ 16 ਸਾਲ ਤਕ ਉਸ ਦੀ ਕੈਦ ਹੋ ਹੀ ਚੁੱਕੀ ਹੈ ਅਤੇ 16 ਸਾਲਾਂ ਬਾਅਦ ਸਜਾ ਪੂਰੀ ਕਰਨ ਪਿਛੋਂ ਜਦ ਬਾਹਰ ਆ ਕੇ ਉਸ ਨੇ ਪਹਿਲੀ ਵਾਲੀ ਗਲਤੀ ਦੁਹਰਾਈ ਤਾਂ ਉਸ ਦਾ ਅੰਜਾਮ ਬੁਰਾ ਹੀ ਹੋਵੇਗਾ।

# ਕਿਰਾਨਾ ਘਰਾਣੇ ਦੀ ਅਸਲੀ ਵਾਰਿਸ-ਗੰਗੂਬਾਈ ਹੰਗਲ

ਗੰਗੂਬਾਈ ਹੰਗਲ, ਆਪਣੇ ਜੀਵਨ ਦੇ 97ਵੇਂ ਸਾਲ ਵਿੱਚ 21 ਜੁਲਾਈ ਦੀ ਸੁਬਾਹ ਨੂੰ ਚਲ ਵਸੀ। ਉਹ ਕਿਰਾਨਾ ਘਰਾਣੇ ਦਾ ਸਭ ਤੋਂ ਰੋਸ਼ਨ ਚਿਰਾਗ ਸੀ। ਬਸ ਹੁਣ ਉਹਨਾਂ 'ਚੋਂ ਉਮਰ 'ਚ 9 ਸਾਲ ਛੋਟੇ ਉਹਨਾਂ ਦੇ ਗੁਰਭਾਈ ਭੀਮਸੇਨ ਜੋਸ਼ੀ ਬਚੇ ਹਨ ਤਾਂ ਲੱਗਦਾ ਹੈ ਕਿ ਉਹ ਪੁਣੇ ਦੇ ਆਪਣੇ ਘਰ 'ਚ ਸੁਬਾਹ ਦੇ ਚਿਰਾਗ ਵਾਗੂੰ ਬੁਝਣ-ਬੁਝਣ ਨੂੰ ਹੈ। ਉਹਨੀਂ ਵੀ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ 'ਚ ਅਬਦੁਲ ਕਰੀਮ ਖਾਂ ਨੇ ਵਿਚਾਰਸ਼ੀਲਤਾ ਚੈਨਦਾਰੀ ਅਤੇ ਰੂਹਾਨੀਅਤ ਦੇ ਔਤਪ੍ਰੋਤ ਜਿਸ ਗਾਇਨ ਪ੍ਰਮਪਰਾ ਦੀ ਨੀਂਹ ਰੱਖੀ। ਉਸ ਨੂੰ ਅਬਦੁਲ ਵਹੀਲ ਖਾਂ, ਸਵਾਈ ਗੰਘਰਵ, ਸੁਰੇਸ਼ਬਾਬੂ ਮਾਨੇ, ਹੀਰਾਬਾਈ, ਬੜੋਦੇਕਰ, ਸਰਸਵਤੀ ਬਾਈ, ਰਾਣੇ ਰੋਸ਼ਣ ਆਰਾ ਬੇਗਮ ਬਾਲਾਕ੍ਰਿਸ਼ਨ ਬੁਵਾ ਕੰਪਲੇਸ਼ਵਰੀ ਗੰਗੂਬਾਈ ਹੰਗਲ, ਨਿਆਜ ਅਹਿਮਦ ਫੈਰਮਜ ਅਹਿਮਦ ਫਿਰ ਜੋ ਦਸਤੂਰ, ਪ੍ਰਾਣਨਾਥ ਤੇ ਹੀਮਸੇਨ ਜੋਸ਼ੀ ਨੇ ਆਪਣੀ ਆਪਣੀ ਤਰ੍ਹਾਂ ਸੰਭਾਲੀ ਰੱਖਿਆ। ਹੁਣ ਜਲਦੀ ਹੀ ਜੀਵਿਤ ਧਾਰਾ ਦੀ ਬਜਾਏ ਇਕ ਰਾਖਵੀਂ ਕੌਮੀ ਧਰੋਹਰ ਦੀ ਰਫਤਾਰ ਨੂੰ ਪ੍ਰਾਪਤ ਹੋਣ ਵਾਲੀ ਹੈ। ਅਬਦੁਲ ਕਰੀਮ ਖਾਂ ਦੇ ਚੇਲੇ ਤੇ ਖੁਦ ਇਕ ਕਠੋਰ ਗੁਰੂ ਸੁਵਾਈ ਗੰਧਰਵ ਦੀ ਇਸ ਕਿਸਮਤ ਵਾਲੀ ਵਿਦਿਆਰਥਣ ਨੇ ਆਪਣੀਆਂ ਅੱਖਾਂ ਨਾਲ ਅਬਦੁਲ ਕਰੀਮ ਖਾਂ ਨੂੰ ਹੀ ਨਹੀਂ ਹਾਸਕਰਰਾਵ ਦਾਖਲੇ ਅਲਾਦਿਆ ਖਾਂ ਅਤੇ ਫੈਜਾਖਾ ਨੂੰ ਚਲਦੇ ਫਿਰਦੇ ਵੇਖਿਆ ਸੀ ਅਤੇ ਆਪਣੇ ਕੰਨਾਂ ਨਾਲ ਉਹਨਾਂ ਨੂੰ ਗਾਉਂਦੇ ਸੁਣਿਆ ਸੀ। ਉਹ ਜਿੰਦਗੀ ਭਰ ਇੱਕ ਵੱਡੀ ਭੈਣ ਦੀ ਸ਼ਫਕਤ ਭਰੀ ਨਿਗਾਹ ਨਾਲ ਭੀਮਤਨਾ (ਭੀਮਸੇਨ ਜੋਸ਼ੀ) ਨੂੰ ਵੀ ਅੱਗੇ ਵਧਦੇ ਅਤੇ ਇਕ ਆਲਾ ਗਾਇਕ ਦੇ ਮਕਾਮਤਕ ਪਹੁੰਚਦੇ ਵੇਖਦੀ ਰਹੀ ਪਰ ਗਾਇਨ ਤੇ ਜੀਵਨ 'ਚ ਆਪਣੇ ਹੀ ਰਾਹ 'ਤੇ ਚਲਦੀ ਰਹੀ। ਗੰਗੂਬਾਈ ਨੇ ਦੂਸਰੇ ਘਰਾਣਿਆਂ ਜਾਂ ਆਪਣੇ ਸਮਕਲੀਨ ਦੂਜੇ ਵੱਡੇ ਗਾਇਕਾਂ ਦੇ ਅਸਰਾਤ ਆਪਣੀ ਗਾਇਕੀ 'ਤੇ ਨਹੀਂ ਪੈਣ ਦਿੱਤੇ, ਖੁਦ ਨੂੰ ਸਿਰਫ ਖਿਆਲ ਗਾਇਕੀ ਤਕ ਸੀਮਤ ਰੱਖਿਆ। ਹਰਮਨ ਪਿਆਰਾ ਹੋਣ ਲਈ ਕਦੀ ਭਜਨ, ਠਮਰੀ ਜਾਂ ਅਪੰਗ ਤਕ ਨਹੀਂ ਗਾਏ। ਕਿਰਾਨ ਖਿਆਲ ਦੀ ਪੁਰਾਣੀ ਹਵਿਸ਼ ਕੀਤੀ। ਉਹਨਾਂ ਨੇ ਇਕ ਅਮਾਨਤ ਵਾਂਗੂੰ ਹਿਫਾਜ਼ਤ ਕੀਤੀ। ਜੀਵਨ 'ਚ ਕਦੀ ਉਹਨਾਂ ਨੇ ਆਪਣੇ ਗਾਇਨ ਦੀ ਸ਼ੁਧਤਾ ਅਤੇ ਅਲੰਕਾਰਹੀਨ ਸਾਦਗੀ ਨੂੰ ਨਹੀਂ ਛੱਡਿਆ। ਇਸ ਨੂੰ ਟੀਚਾ ਮਿਥ ਕੇ ਭੀਮ ਸੇਨ ਜੋਸ਼ੀ ਨੇ ਇਕ ਵਾਰ ਉਹਨਾਂ ਨੂੰ ਕਿਹਾ 'ਭੈਣ ਕਿਰਾਨਾ ਘਰਾਣਾ ਤਾਂ ਤੇਰਾ ਹੈ। ਮੇਰੇ ਹਿੱਸੇ ਤਾਂ ਬਸ ਕਰਿਆਨੇ ਦੀ ਦੁਕਾਨ ਹੀ ਹੈ।' ਪਰ ਇਸ ਗੱਲ ਦਾ ਆਮ ਇਕ ਹੋਰ ਥਾਂ ਵੀ ਕਈ ਘਰਾਣਿਆਂ ਦੀ ਸ਼ੁੱਧਤਾ ਜਾਂ ਪੁਰਾਣੇ ਅੰਦਾਜ ਨੂੰ ਬਚਾਈ ਰੱਖਣ ਦਾ ਕੰਮ ਵੀ ਲੱਗਦਾ ਹੈ। ਔਰਤਾਂ ਦੇ ਹੀ ਜਿੰਮੇ ਰਿਹਾ ਹੈ। ਇਨਾਇਤ ਖਾਂ ਦੀ ਬੇਵਕਤ ਮੌਤ ਪਿਛੋਂ ਬਸ਼ੇਰਿਨ ਬੇਗਮ ਹੀ ਨੇ ਆਪਣੇ ਦੋਨੋਂ ਬੇਟਿਆਂ ਵਿਲਾਇਤ ਤੇ ਇਮਾਰਤ ਦੀ ਸੰਗੀਤਕ ਪਰਵਰਿਸ਼ ਅਤੇ ਇਮਦਾਦਖਾਨੀ ਰਵਾਇਤ ਨੂੰ ਬਚਾਉਣ ਦਾ ਕੰਮ ਆਪਣੇ ਜਿੰਮੇ ਲਿਆ। ਇਸ ਤਰ੍ਹਾਂ ਅਲਾਉਦੀਨ ਖਾਂ ਪਿਛੋਂ ਕੇਸਰਬਾਈ ਕੇਰ ਕਰ ਮੋਗੂਬਾਈ ਅਤੇ ਢੋਂਡੂਤਾਈ ਅਤੇ ਕਿਰਾਨਾ ਘਰਾਣੇ 'ਚ ਹੀਰਾਬਾਈ ਰੌਸਨੇ ਆਰਾ ਤੇ ਗੰਗੂਬਾਈ ਦੇ

ਮੋਢਿਆਂ 'ਤੇ ਇਹ ਭਾਰ ਆਇਆ। ਬਸ ਮੇਹਨਤ ਹੀ ਮੇਹਨਤ ਅਤੇ ਯਕੀਨਨ ਚਾਰਦਿਵਾਰੀ ਦੇ ਅੰਦਰ ਇਕਾਗਰ ਸਾਧਨਾ ਉਹਨਾਂ ਨੂੰ ਇਸ ਗੱਲ ਦੀ ਫੁਰਸਤ ਅਤੇ ਉਹ ਸਾਜਗਰ ਮਾਹੌਲ ਹੀ ਨਹੀਂ ਮਿਲਿਆ ਕਿ ਅਬਦੁਲ ਕਰੀਮ ਖਾਂ, ਅਮੀਰ ਖਾਂ ਬਿਸਿਮਲਾਹ ਖਾਂ ਜਾਂ ਕੁਮਾਰ ਗੰਵਰਧ ਵਾਗੂੰ ਜਹਾਨਤ, ਜਿਦਤ, ਕਾਢ ਅਤੇ ਅਧਿਕਾਰ ਦੇ ਜੋਰ 'ਤੇ ਨਵਾਂ ਰਾਹ ਬਣਾਉਣ ਜਾਂ ਨਵਾਂ ਇਲਾਕਾ ਖੋਲ੍ਹ ਦੇਣ। (ਕਿਸ ਹੱਦ ਤਕ, ਇਕ ਅਪਵਾਦ ਵਾਗੂੰ ਅਰਧ ਸ਼ਾਸਤਰੀ ਸੰਗੀਤ 'ਚ ਬੇਗਮ ਅਖਤਰ ਨੇ ਹੁਣ ਕੋਸ਼ਿਸ਼ ਕੀਤੀ ਸੀ) ਜੈਪੁਰ ਘਰਾਣੇ ਦੀ ਚੋਟੀ ਦੀ ਗਾਇਕਾ ਅਤੇ ਕਿਸ਼ੋਰੀ ਅਮੋਨਕਰ ਦੀ ਮਾਂ ਮੋਗੁਬਾਈ ਦੇ ਨਾਲ ਗੰਗੂਬਾਈ ਦੇ ਅੱਛੇ ਸਬੰਧ ਸਨ। ਉਹ ਜਦ ਮਿਲਦੀ ਤਾਂ ਆਪਣੇ ਅਨੁਭਵ ਵੰਡਦੀ। ਪੁਰਾਣੇ ਤੇ ਨਵੇਂ ਜ਼ਮਾਨੇ ਦੇ ਫਰਕ ਦੀ ਚਰਚਾ ਕਰਦੀ, ਅਕਸਰ ਆਪਣੀਆਂ ਨੌਕਰਾਣੀਆਂ ਜਿਵੇਂ ਨਾਵਾਂ 'ਤੇ ਹੰਸਦੀਆਂ, ਗੰਗੂਬਾਈ ਦਾ ਇਹ ਕਥਨ ਮਸ਼ਹੂਰ ਵੀ ਹੈ, ਮਰਦ ਸੰਗੀਤਕਾਰ ਮੁਸਲਮਾਨ ਹੋਇਆ ਤਾਂ ਉਸਤਾਦ ਅਖਵਾਉਣ ਲੱਗਦਾ ਹੈ। ਹਿੰਦੂ ਤੋਂ ਹੋਇਆ ਤਾਂ ਪੰਡਿਤ ਬਣ ਜਾਂਦਾ ਹੈ ਪਰ ਮੇਗੂਬਾਈ ਤੇ ਕੇਸਰਬਾਈ ਵਰਗੀ ਔਰਤਾਂ ਹਮੇਸ਼ਾ ਬਾਈ ਹੀ ਰਹਿ ਜਾਂਦੀਆਂ ਹਨ।

ਗੰਗੂਬਾਈ ਦੀ ਨਾਲ ਕਮਲਾ ਬਾਈ ਅਤੇ ਮਾਂ ਅੰਬਾ ਬਾਈ ਦੋਨੋਂ ਦੇਵਦਾਸੀ ਰਵਾਇਤ 'ਚ ਪਾਲੀਆ ਕਰਨਾਟਕ ਗਾਇਕਾਵਾਂ ਸਨ। ਅੰਬਾ ਬਾਈ ਦੇ ਪਿਤਾ ਕਮਲਾ ਬਾਈ ਦੇ ਇਕ ਬ੍ਰਾਹਮਣ ਜਜਮਾਨ ਵੀ ਸਨ। ਪਰ ਇਸ ਨਾਲ ਕਮਲਾ ਜਾਂ ਅੰਬਾ ਬਾਈ ਦੇ ਇਕ ਬ੍ਰਾਹਮਣ ਜਜਮਾਨ ਵੀ ਸਨ। ਪਰ ਇਸ ਨਾਲ ਮਲਾਹੀ ਦਲਿਤ ਜਾਤੀ ਤੋਂ ਆਈਆਂ ਦੇਵਦਾਸੀਆਂ ਵਰਗਾ ਵਰਤਾਅ ਹੀ ਕੀਤਾ ਜਾਂਦਾ ਰਿਹਾ। ਇਹਨਾਂ ਔਰਤਾਂ ਨੇ ਬੜੀ ਜਿਲਤ ਤੇ ਸੰਘਰਸ਼ ਦੇ ਨਾਲ ਆਪਣੇ ਪਰਿਵਾਰਾਂ ਨੂੰ ਆਪਣੇ ਬਲਬੂਤੇ ਪਾਲਿਆ। ਗੰਗੂਬਾਈ ਦੇ ਜਨਮ ਤਕ ਦੀ ਹਾਲਤ ਬਦਲੀ ਨਹੀਂ ਸੀ। ਉਹਨਾਂ ਦੇ ਜਨਮ ਤੋਂ ਕੁਝ ਪਹਿਲਾਂ ਪਰਿਵਾਰ ਹਾ ਨਗਲ ਨਾਂ ਦੇ ਆਪਣੇ ਪਿੰਡ 'ਚ ਘਾਰਵਾੜ 'ਚ ਆ ਕੇ ਵਸਿਆ ਸੀ। ਘਰ ਇਕ ਬ੍ਰਾਹਮਣ ਮੁਹੱਲੇ 'ਚ ਸੀ। ਜਿਥੇ ਇਹਨਾਂ ਗਾਉਣ ਵਾਲੀਆਂ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਖੁਦ ਗੰਗੂਬਾਈ ਦੀਆਂ ਬਚਪਨ ਦੀਆਂ ਯਾਦਾ ਅਜਿਹੇ ਪ੍ਰਸੰਗਾਂ ਨਾਲ ਭਰੀਆਂ ਹੋਈਆਂ ਹਨ। ਇੱਕ ਵਾਰੀ ਉਹ ਗੁਆਂਢੀ ਦੇ ਅੰਬਾਂ ਦੇ ਬਗੀਚੇ ਨੂੰ ਅੰਬ ਤੋੜਨ ਵੜ ਗਈ। ਉਥੋਂ ਦੀ ਮਾਲਕਣ ਨੇ ਉਸ ਨੂੰ ਦੇਖਿਆ ਤੇ ਹਾਹਾਕਾਰ ਮਚਾ ਦਿੱਤੀ। ਉਸ ਔਰਤ ਨੂੰ ਅੰਬਾਂ ਦੀ ਚੋਰੀ ਕਰਕੇ ਨਹੀਂ ਇੱਕ ਗਾਉਣ ਵਾਲੇ ਦੀ ਬੇਟੀ ਦੇ ਬਗੀਚੇ ਵਿੱਚ ਆ ਜਾਣ ਕਰਕੇ ਧੱਕਾ ਮੁੱਕੀ ਕੀਤੀ ਗਈ ਸੀ। 1924 'ਚ ਕਾਂਗਰਸ ਦੇ ਬੇਲਗਾਵ ਸੈਸ਼ਨ ਦੇ ਮੌਕੇ ਬਾਲਿਕਾ ਗੰਗੂਬਾਈ ਗਾਣਾ ਗਾਉਣ ਵਾਲੇ ਗਰੁੱਪ 'ਚ ਸੀ। ਰੋਟੀ ਦੀ ਛੁੱਟੀ ਵੇਲੇ ਉਸ ਦੀ ਹਿੰਮਤ ਨਹੀਂ ਪੈ ਰਹੀ ਸੀ ਕਿ ਸਭ ਨਾਲ ਬੈਠ ਕੇ ਖਾਣਾ ਖਾਵੇ। ਆਪਣੇ ਅਧਿਆਪਕ ਦੀ ਹਿੰਮਤ ਕਾਰਨ ਹੀ ਉਹ ਇਹ ਔਕੜ ਤਹਿ ਕਰ ਸਕੀ। ਉਸ ਪਿੱਛੋਂ ਡਰਦੀ ਰਹੀ ਕਿ ਉਸ ਨੂੰ ਹੁਣ ਪ੍ਰਤੀ ਮੰਡਲ ਦੀਆਂ ਥਾਲੀਆਂ ਧੋਣ ਤੇ ਰਸੋਈ ਸਾਫ ਕਰਨ ਨੂੰ ਕਿਹਾ ਜਾਵੇਗਾ। ਆਪਣੇ ਜ਼ਮਾਨੇ ਦੀਆਂ ਬਹੁਤ ਸਾਰੀਆਂ ਔਰਤ ਗਾਇਕਾ ਵਾਂਗੂੰ ਉਨ੍ਹਾਂ ਨੇ ਬਚਪਨ ਤੇ ਜਵਾਨੀ ਦੇ ਸ਼ੁਰੂਆਤੀ ਜਵਾਨੀ ਦੇ ਦੌਰ ਘੋਰ ਗਰੀਬੀ, ਸਮਾਜਿਕ ਅਪਮਾਨ ਤੇ ਭੁੱਖ ਦਾ ਮੁਕਾਬਲਾ ਕੀਤਾ। ਘਰ 'ਚ ਲੋਕ ਬਹੁਤ ਸਨ ਇਸ ਲਈ ਖਾਣਾ ਕਈ ਵਾਰੀ ਪੂਰਾ ਨਹੀਂ ਸੀ ਆਉਂਦਾ। ਕਿਸੇ ਪ੍ਰੋਗਰਾਮ 'ਚ ਉਸਤਾਦ ਅਬਦੁਲ ਕ੍ਰੀਮ ਖਾਨ

ਨੇ ਉਹਨਾਂ ਦਾ ਗਾਣਾ ਸੁਣਿਆ। ਉਹਨਾਂ ਦਾ ਹੁਲੀਆ ਅੱਛੀ ਤਰ੍ਹਾਂ ਵੇਖਿਆ, 'ਫਿਰ ਕੋਲ ਸੱਦ ਕੇ ਉਹਨਾਂ ਦੇ ਸਿਰ 'ਤੇ ਹੱਥ ਫੇਰਿਆ ਅਤੇ ਬੇਲੀ ਬੇਟੀ ਖ਼ੂਬ ਖਾਣਾ ਔਰ ਖ਼ੂਬ ਗਾਣਾ' ਬਲਕਿਾ ਗੰਗੂਬਾਈ ਡਰੀ ਹੋਈ ਸੋਚ ਰਹੀ ਸੀ। 'ਗਾਨਾ ਤਾ ਘਰ 'ਚ ਬਹੁਤ ਹੈ ਪਰ ਖਾਣਾ ਨਹੀਂ ਹੈ।' ਆਪਣੀ ਮਾਂ ਅਤੇ ਨਾਨੀ ਦੇ ਕਦਮਾਂ 'ਤੇ ਚਲਦਿਆਂ ਉਹਨਾਂ ਨੇ 16 ਸਾਲਾਂ ਦੀ ਉਮਰ 'ਚ ਹੀ ਆਪਣੀ ਉਮਰ ਤੋਂ ਕਾਫੀ ਵੱਡੇ ਇਕ ਬ੍ਰਾਹਮਣ ਜਜਮਾਨ ਦਾ 'ਪਤੀ' ਵਾਂਗੂੰ ਵਰਣ ਕੀਤਾ। ਉਹਨਾਂ ਦੇ ਪਤੀ ਗੁਰੂਰਾਵ ਕਲੁਗੀ ਨੇ, ਜੋ ਟਰੇਨਿੰਗ ਤੋਂ ਵਕੀਲ ਪਰ ਪੈਸੇ ਤੋਂ (ਅਸਫਲ) ਕਾਰੋਬਾਰੀ ਸਨ। ਅਦਾਲਤ 'ਚ ਵਿਆਹ ਦਾ ਪ੍ਰਸਤਾਵ ਕੀਤਾ ਸੀ। ਪਰ ਖੁਦ ਗੰਗੂਬਾਈ ਨਹੀਂ ਚਾਹੁੰਦੀ ਸੀ ਕਿ ਉਹਨਾਂ ਦਾ ਬ੍ਰਾਹਮਣ 'ਪਤੀ' ਇਕ ਗਾਣੇ ਵਾਲੀ ਲਈ ਆਪਣੇ ਭਾਈਚਾਰੇ ਤੋਂ ਅਲੱਗ ਹੋ ਜਾਵੇ। ਉਹਨਾਂ ਨੇ ਬੇਨਤੀ ਕੀਤੀ ਕਿ ਉਹ ਵਿਧੀ ਪੂਰਵਕ ਬ੍ਰਾਹਮਣ ਕੁਲ 'ਚ ਸ਼ਾਦੀ ਕਰਕੇ ਆਪਣਾ ਪਰਿਵਾਰ ਵਸਾ ਲਵੇ। ਉਹ ਇੰਜ ਹੀ ਰਹੇਗੀ। ਅਜਿਹਾ ਹੀ ਹੋਇਆ। ਗੁਰੂਰਾਵ ਤੋਂ ਉਸ ਦੇ ਬੱਚੇ ਵੀ ਹੋਏ, ਦੋ ਬੇਟੇ ਇਕ ਬੇਟੀ ਜਿਹਨਾਂ 'ਚ ਸਿਰਫ ਬੇਟੀ ਕ੍ਰਿਸ਼ਨਾ ਹੰਗਲ ਗਾਉਣ ਦੇ ਖੇਤਰ ਵਿੱਚ ਆਈ। ਜਦ ਤਕ ਗੁਰੂਰਾਵ ਜਿੰਦਾ ਰਹੇ, ਗੰਗੂਬਾਈ ਉਹਨਾਂ ਦੇ ਵੱਖ-ਵੱਖ ਕਾਰੋਬਾਰੀ ਉਪਕਰਣਾ 'ਚ ਪੈਸਾ ਲਾਉਂਦੀ ਰਹੀ ਅਤੇ ਪੈਸਾ ਹਮੇਸ਼ਾ ਡੁਬਦਾ ਰਿਹਾ। ਗੰਗੂਬਾਈ ਬਾਅਦ 'ਚ ਕਿਹਾ ਕਰਦੀ, 'ਕੀ ਕਰਦੀ, ਮੈਥੋਂ ਉਹਨਾਂ ਦੀਆਂ ਮਾਲੀ ਮੁਸੀਬਤਾਂ ਵੇਖੀਆਂ ਨਹੀਂ ਜਾਂਦੀਆਂ ਸਨ।

1930 ਦੇ ਦਹਾਕੇ ਦੇ ਮੱਧ ਤੋਂ ਉਹ ਪਾਸ ਦੇ ਕਸਬੇ ਕੁੰਦ ਗੋਲ 'ਚ ਮੁੰਬਈ ਗੰਧਰਵ ਦੀ ਚੇਲੀ ਬਣ ਗਈ, ਉਹ ਰੋਜ ਟ੍ਰੇਨ ਰਾਹੀਂ ਧਾਰਵਾਜ ਤੋਂ ਕੁੰਦ ਗੋਲ ਜਾਂਦੀ, ਉਹਨਾਂ ਦੀ ਮੁਲਾਕਾਤ ਭੀਮ ਸੈਨ ਨਾਲ ਹੋਈ ਜੋ ਸਵਾਈ ਗੰਧਰਵ ਦੇ ਘਰ ਰਹਿ ਕੇ ਸੰਗੀਤ ਸਿੱਖ ਰਹੇ ਸਨ। ਰੋਜ਼ ਸ਼ਾਮ ਭੀਮ ਸੈਨ ਲਾਲਟੈਨ ਲੈ ਕੇ ਸਟੇਸ਼ਨ ਤਕ ਉਹਨਾਂ ਨੂੰ ਹੁਗਲਾ ਦੀ ਟ੍ਰੇਨ 'ਚ ਬਿਠਾਉਣ ਆਉਂਦੇ। ਗੂੰਗਾਬਾਈ ਇਕ ਦੌਰ ਨੂੰ ਅਕਸਰ ਬਹੁਤ ਯਾਦ ਕਰਦੀ ਸੀ। ਅਕਸਰ ਸਵਾਈ ਗੰਧਾਰਵ ਦੇ ਕਿਸੇ ਸੁਣਾਉਂਦੀ, ਖਾਸ ਕਰਕੇ ਉਨ੍ਹਾਂ ਦੀ ਸਖ਼ਤ ਤਲੀਮ ਦੇ। ਜਨਮ ਦੇ ਸਮੇਂ ਉਨ੍ਹਾਂ ਦਾ ਨਾਂ ਗਾਂਧਾਰੀ ਹੰਗਲ ਸੀ ਪਰ ਬਾਅਦ 'ਚ ਕਿਸੇ ਰੀਕਾਰਡਿੰਗ ਕੰਪਨੀ ਦੇ ਐਗਜ਼ੀਕੂਟਿਵ ਨੇ ਉਨ੍ਹਾਂ ਦਾ ਨਾਮਕਰਣ ਗੰਗੂਬਾਈ ਹੁਬਲੀਕਰ ਕਰ ਦਿੱਤਾ (ਗੂੰਗਾਬਾਈ ਇਸ ਲਈ ਕਿ ਪੇਸ਼ਾਵਰ ਗਾਉਣ ਵਾਲੀ ਬਾਈ ਜੈਸਾ ਨਾਮ ਹੈ ਅਤੇ ਹੁਬਲੀਕਰ ਇਸ ਲਈ ਕਿ ਹੁਬਲੀ-ਧਾਰਵਾੜ ਹੰਗਾਲ ਤੋਂ ਵੱਡੀ ਥਾਂ ਸੀ ਅਤੇ ਇਹ ਇਲਾਕਾ ਹਿੰਦੁਸਤਾਨੀ ਸ਼ਾਸਤਰੀ ਗਾਇਨ ਦੇ ਇੱਕ ਕੇਂਦਰ ਵਜੋਂ ਜਾਣਿਆ ਜਾਣ ਲੱਗਾ ਸੀ) ਕੁਝ ਸਮੇਂ ਲਈ ਇਹ ਨਾਂ ਗੰਧਾਰੀ ਹੁਬਲੀਕਰ ਹੋਇਆ, ਫਿਰ ਗੂੰਗਾਬਾਈ ਹੰਗਲ ਹੋ ਗਿਆ। ਗੂੰਗਾਬਾਈ ਆਪਣੇ ਨਾਂ 'ਚ ਇਨ੍ਹਾਂ ਮੌਸਮੀ ਤਬਦੀਲੀਆਂ ਦੀ ਆਦੀ ਸੀ। ਜਦ ਉਨ੍ਹਾਂ ਦੀ ਸ਼ੋਹਰਤ ਕਾਫ਼ੀ ਹੋ ਗਈ ਤਦ ਜਾ ਕੇ ਇਹ ਅੰਤਮ ਨਾਂ ਸਥਾਈ ਹੋਇਆ। ਉਨ੍ਹਾਂ ਨੇ ਸੰਗੀਤ ਪ੍ਰੋਗਰਾਮਾਂ 'ਚ ਹਿੱਸਾ ਲੈਣ ਲਈ ਬੜੇ ਪਾਪੜ-ਵੇਲਣੇ ਪਏ। ਅਕਸਰ ਪ੍ਰੋਗਰਾਮ ਹਾਸਿਲ ਕਰਨ ਲਈ ਆਯੋਜਕਾਂ ਸਾਹਮਣੇ ਆਪਣੀ ਗਾਇਨ ਯੋਗਤਾ ਸਿੱਧ ਕਰਨੀ ਪੈਂਦੀ। ਜਦ ਨਰਗਿਸ ਦੀ ਮਾਂ ਜਿਹਨ ਬਾਈ ਦੀ ਮਦਦ ਨਾਲ ਉਨ੍ਹਾ ਨੇ ਮੁੰਬਈ 'ਚ ਗਣੇਸ਼ ਉਤਸ਼ਵ 'ਚ ਗਾਉਣ ਦਾ ਮੌਕਾ ਮਿਲਿਆ ਉਦੋਂ ਤੋਂ ਉਨ੍ਹਾਂ ਦਾ ਨਾਂ ਫੈਲਣ ਲੱਗਿਆ। ਕਿਸੇ ਨੀਮ ਹਕੀਮ ਡਾਕਟਰ ਨੇ ਉਹਨਾਂ ਦੇ ਹਲਕ ਦੀ ਤਕਲੀਫ ਦਾ ਐਸਾ ਇਲਾਜ ਕੀਤਾ ਕਿ ਉਨ੍ਹਾਂ

ਦੀ ਆਵਾਜ਼ ਹੀ ਹਮੇਸ਼ਾ ਲਈ ਬਦਲ ਗਈ। ਸੰਗੀਤ ਤੋਂ ਅਲਵਿਦਾ ਕਹਿਣ ਦੀ ਬਜਾਏ ਗੂੰਗਾਬਾਈ ਦਾ ਪ੍ਰਮਾਤਮਾ ਦਾ ਧੰਨਵਾਦ ਕੀਤਾ ਕਿ ਹੁਣ ਉਹਨਾਂ ਦੀ ਆਵਾਜ਼ ਉਹਨਾਂ ਦੇ ਗੁਰੂ ਸਵਰਗੀ ਸਵਾਈ ਗੰਧਰਵ ਦੀ ਆਸ ਪਾਸ ਦੀ ਹੋ ਗਈ ਹੈ ਅਤੇ ਇਸ ਤਰ੍ਹਾਂ ਉਹ ਹਮੇਸ਼ਾ ਗੁਰੂ ਦੇ ਕਰੀਬ ਰਹੇਗੀ। ਉਹ ਨਵੇਂ ਸਿਰੇ ਤੋਂ ਆਪਣੀ ਬੇਹੱਦ ਖੁਰਦਰੀ ਤੇ ਲਗਭਗ ਮਰਦਾਨਾ ਹੋ ਚੁੱਕੀ ਆਵਾਜ਼ ਨੂੰ ਸੋਧਣ 'ਚ ਜੁਟ ਗਈ। ਇਹੀ ਉਹ ਆਵਾਜ਼ ਹੈ ਕਿ ਜਿਸ ਲਈ ਉਹ ਦੁਨੀਆਂ ਭਰ 'ਚ ਜਾਣੀ ਗਈ। ਜਿਸ 'ਚ ਗਾਏ ਰਾਗ ਬਾਗੇਸ੍ਰੀ ਨੂੰ ਸੁਣ ਕੇ ਜਿਸਨੂੰ ਹੰਝੂ ਨਾ ਆਏ ਉਹ ਇੰਸਾਨ ਨਿਜਾਤ ਤੋਂ ਪਰੇ ਹੈ।

ਗੰਗੂਬਾਈ ਦੀ ਕਹਾਣੀ ਉਹਨਾਂ ਦੀ ਬੇਟੀ ਕ੍ਰਿਸ਼ਣਾ ਹੰਗਲ ਬਗੈਰ ਪੂਰੀ ਨਹੀਂ ਹੁੰਦੀ। ਸੁਰੀਲੇ ਗਲੇ ਵਾਲੀ ਨੇ ਨਾ ਸ਼ਾਦੀ ਕੀਤੀ, ਨਾ ਆਜ਼ਾਦ ਤੌਰ 'ਤੇ ਇਕ ਗਾਇਕਾ ਵਜੋਂ ਆਪਣੇ ਕੈਰੀਅਰ ਨੂੰ ਜ਼ਿਆਦਾ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ। ਹਮੇਸ਼ਾ ਮਾਂ ਦੇ ਨਾਲ ਸੰਗਤਕਾਰ ਵਜੋਂ ਬੈਠਦੀ ਰਹੀ। ਇਹ ਗੱਲ ਨਿਰਵਿਵਾਦ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਵੀਹਵੀ ਸਦੀ ਦੇ ਆਖਰੀ ਹਿੱਸੇ ਵਿੱਚ ਹਿੰਦੁਸਤਾਨੀ ਗਾਇਕੀ ਦੀ ਆਜੀ ਤਰੀਸ 'ਦੂਜੀ ਆਵਾਜ' ਕ੍ਰਿਸ਼ਣਾ ਦੀ ਹੀ ਸੀ। ਕ੍ਰਿਸਨ ਦੇ ਸਹਾਰੇ ਹੀ ਗੰਗੂਬਾਈ ਏਨੇ ਅਰਸੇ ਤਕ ਸੰਗੀਤ ਸਮਾਰੋਹਾਂ ਦੇ ਮੰਚ 'ਤੇ ਆਈ। ਮਾਂ ਬੇਟੀ ਵਿਚਕਾਰ ਭਰਮ ਵੰਡ ਸੁਣਨ ਨਾਲ ਤਾਲੁਕ ਰੱਖਦਾ ਸੀ। ਗੰਗੂਬਾਈ ਰੂਪ ਰੇਖਾ ਤਹਿ ਕਰਦੀ ਅਤੇ ਖਾਕਾ ਬਣਾਉਂਦੀ ਤੇ ਕ੍ਰਿਸ਼ਨਾ ਉਸ 'ਚ ਬਰੀਕ ਤਫਸੀਲਾਂ ਨੂੰ ਉਭਾਰਦੀ ਚਲੀ ਜਾਂਦੀ। ਮਾਂ ਦੀ ਜੋਰਦਾਰ ਉਸਤਾਦ ਨਾ ਠਹਿਰ-ਠਹਿਰ ਕੇ ਉਠਣ ਵਾਲੀ ਆਵਾਜ਼ ਅਤੇ 'ਬੋਲਡ ਸਟ੍ਰੋਕਸ' ਦੇ ਸਮਾਂਨਾਤਰ ਕ੍ਰਿਸ਼ਨਾ ਆਪਣੀ ਮੱਠੀ, ਬਰੀਕ ਤੇ ਰੇਸਮੀ ਆਵਾਜ 1970 ਦੇ ਦਹਾਕੇ ਤੋਂ 2004 ਤਕ ਹਿੰਦੁਸਤਾਨੀ ਸੰਗੀਤ ਦੇ ਸ੍ਰੋਤਾਂ ਇਸ ਤਰ੍ਹਾਂ ਕਰੀਮਖਾਨੀ ਗਾਇਕੀ ਦੇ ਸਭ ਤੋਂ ਵਿਸ਼ਵਾਸ਼ਯੋਗ ਨੁਮਾਇੰਦਿਆਂ ਨੂੰ ਸੁਣਾਉਂਦੇ ਰਹੇ। 2004 'ਚ ਕੈਂਸਰ ਨਾਲ 75 ਸਾਲਾਂ ਕ੍ਰਿਸ਼ਨਾ ਦੀ ਮੌਤ ਹੋ ਗਈ। ਤਦ ਗੰਗੂਬਾਈ ਬਹੁਤ ਇਕੱਲੀ ਹੋ ਗਈ ਸੀ। ਇਹ ਇਕ ਯੁੱਗ ਦਾ ਅੰਤ ਹੈ। ਪਰ ਇਹ ਸਰਧਾਂਜਲੀਆਂ ਵਾਲਾ ਯੁਗਤ ਨਹੀਂ ਹੈ ਬਲਕਿ ਹਿੰਦੁਸਤਾਨੀ ਸਾਸ਼ਤਰੀ ਸੰਗੀਤ ਤੇ ਰੰਗਮੰਚ ਦੇ ਸੂਤਨਾਂ ਦੇ ਧੋਕ ਢਹਿੰਦੀ ਕਲਾ ਦਾ ਦੌਰ ਹੈ। ਇਕ ਮਹੀਨੇ ਅੰਦਰ ਹਬੀਬੀ ਤਨਵਰ, ਅਲੀ ਅਕਬਰ ਖਾ ਡੀਕੇ, ਪਟਮਾਲ, ਗੰਗੂਬਾਈ ਹੰਗਲ ਜਾਂਦੇ ਰਹੇ ਹੁਣ ਤੇ ਪੰਜ ਸਾਲਾਂ 'ਚ ਫਿਰੋਜ ਦਸਤੂਰ, ਬਿਸਮਲ ਖਾਂ, ਵਿਲ ਇਤਖਾ, ਐਮ. ਐਸ. ਸੁਬੁਲਕਸੁਮੀ ਕਿਸ਼ਨ ਮਹਾਰਾਜ ਅਤੇ ਇਸ ਪੱਧਰ ਦੀਆਂ ਅਨੇਕਾਂ ਸਖਸ਼ੀਅਤਾਂ ਹੋ ਰਹੀਆਂ। ਪਤਾ ਨਹੀਂ 2009 ਦੇ ਅੰਤ ਤਕ ਕਿੰਨੇ ਹੋਰ ਚਲੇ ਜਾਣਗੇ। ਭਾਰਤ 'ਚ ਸਾਸ਼ਤਰੀ ਸੰਗੀਤ ਤੇ ਮੰਚੀ ਕਲਾਵਾਂ ਇਕ ਭਿਆਨਕ ਮੀਡੀਆਕ੍ਰਿਟੀ ਸਮਝੌਤਾ ਪ੍ਰਸਤੀ ਤੇ ਬਜਾਰੂਪਣ ਦੇ ਦੌਰ 'ਚ ਦਾਖਲ ਹੋ ਰਹੀ ਹੈ। ਇਹ ਸਾਡਾ ਸੁਭਾਗ ਹੈ ਕਿ ਵੀਹਵੀ ਸਦੀ ਉਤਰਾਅ ਦੀ ਉਨਤ ਤਨਨੀਕ ਦੀ ਬਦੌਲਤ ਸਾਡੇ ਪਾਸੇ ਘੱਟੋ ਘੱਟ ਉਸ ਦੌਰ ਦੇ ਗਾਇਕ ਤੇ ਵਾਇਨ ਦੀ ਰੀਕਾਰਡਿੰਗ ਮੁਹੱਈਆ ਹੋਵੇਗੀ।

# ਕੀ ਪਰਿਵਾਰਵਾਦ ਹਾਵੀ ਹੋ ਰਿਹਾ ਹੈ?

ਇਕ ਵਾਰ ਕਿਸੇ ਨੇ ਕਿਹਾ ਕਿ ਜੇ ਤੁਸੀਂ ਭਾਰਤ ਬਾਰੇ ਸਹੀ ਸਾਬਤ ਹੋਣਾ ਚਾਹੁੰਦੇ ਹੋ ਤਾਂ ਨਿਰਾਸ਼ਾਵਾਦੀ ਹੋਣਾ ਫਾਇਦੇਮੰਦ ਹੋਵੇਗਾ। ਸੋ ਮਜ਼ਬੂਤ ਹੋ ਕੇ ਉਭਰਦੇ ਭਾਰਤ ਸਬੰਧੀ ਸਾਰੇ ਸ਼ੋਰ ਸਰਾਬੇ ਵਿਚਕਾਰ ਦਲ ਕੇ ਭਾਰਤ ਦੀ ਅਗਵਾਈ ਬਾਰੇ ਭਵਿੱਖ ਬਾਣੀ ਕਰਦੇ ਸਮੇਂ ਨਿਰਾਸ਼ਾਵਾਦੀ ਹੋਣਾ ਹੀ ਸਮਝਦਾਰੀ ਹੋਵੇਗੀ। 1947 ਦੀ ਉਸ ਵਿਚਕਾਰਲੀ ਰਾਤ ਨੂੰ ਜਦ ਸੱਤਾ ਬਦਲੀ ਹੋਈ ਭਾਰਤੀ ਕਾਂਗਰਸ ਦੇ ਨੇਤਾਵਾਂ ਹੱਥ ਸੱਤਾ ਆ ਗਈ। ਉਹ ਸਾਰੇ ਖਾਂਦੇ ਪੀਂਦੇ ਪਰਿਵਾਰ 'ਚ ਪੈਦਾ ਹੋਏ ਸਨ। ਉਹਨਾਂ 'ਚੋਂ ਬਹੁਤਿਆਂ ਨੇਤਾਂ ਵਿਦੇਸ 'ਚ ਸਿੱਖਿਆ ਗ੍ਰਹਿਣ ਕੀਤੀ ਸੀ ਅਤੇ ਇਸ ਤਰ੍ਹਾਂ ਉਹ 'ਅਭਿਜਾਤ' ਸਨ ਫਿਰ ਵੀ ਉਹਨਾਂ ਨੇ ਰਾਜਨੀਤੀ 'ਚ ਸਰਗਰਮ ਭੂਮਿਕਾ ਅਦਾ ਕੀਤੀ। ਸੱਤਾ ਤਬਦੀਲੀ ਦੇ 62 ਸਾਲਾਂ ਪਿਛੋਂ ਨੇਤਾਵਾਂ ਦੀ ਤੀਜੀ ਪੀੜ੍ਹੀ ਆ ਚੁੱਕੀ ਹੈ। ਸੰਸਦੀਸੂਚੀ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਜਸੀ ਪਰਿਵਾਰਾਂ ਲਈ ਜਮੀਨ ਜਿੰਨੀ ਭਾਰਤ 'ਚ ਉਪਜਾਊ ਉਨ੍ਹੀਂ ਦੁਨੀਆਂ 'ਚ ਹੋਰ ਕਿਧਰੇ ਨਹੀਂ ਹੈ। 15ਵੀਂ ਲੋਕ ਸਭਾ ਦੇ ਕਰੀਬ 1/3 ਮੈਂਬਰ ਵੱਖ ਵੱਖ ਪਾਰਟੀਆਂ ਦੇ ਨੇਤਾਵਾਂ ਦੇ ਰਿਸ਼ਤੇਦਾਰ ਹਨ ਅਤੇ ਕੋਈ ਵੀ ਸ਼ੱਕ ਨਹੀਂ ਕਿ ਉਹਨਾਂ ਦੀ ਗਿਣਤੀ ਵਧਦੀ ਰਹੇਗੀ। ਇਹ ਵਿਚਾਰਧਾਰਾ ਤੇ ਪਰਿਵਾਰਵਾਦ ਦੀ ਜਿੱਤ ਹੈ। ਬ੍ਰਿਟੇਨ ਦੇ ਇਕ ਛੋਟੇ ਸ਼ਹਿਰ ਦੇ ਕਰਿਆਨਾ ਦੁਕਾਨਦਾਰ ਦੀ ਬੇਟੀ ਸਭ ਤੋਂ ਲੰਮੇ ਸਮੇਂ ਤਕ ਹਕੂਮਤ ਕਰਨ ਵਾਲੀ ਪ੍ਰਧਾਨ ਮੰਤਰੀ ਬਣ ਸਕਦੀ ਹੈ ਅਤੇ ਅਮਰੀਕਾ 'ਚ ਹਾਲੀਵੁੱਡ ਦਾ ਇਕ ਅਸਫਲ ਅਭਿਨੇਤਾ ਰਾਜਨੀਤੀ ਦੀਆਂ ਪੌੜੀਆਂ ਚੜ੍ਹਦਿਆਂ ਇਕ ਸੂਬੇ ਦਾ ਗਵਰਨਰ ਬਣਦਾ ਹੈ ਅਤੇ ਬਾਅਦ 'ਚ ਆਪਣੇ ਦੇਸ਼ ਦੇ ਕੁਝ ਹਰਮਨ ਪਿਆਰੇ ਰਾਸ਼ਟਰਪਤੀਆਂ 'ਚ ਸ਼ਾਮਲ ਹੋ ਜਾਂਦਾ ਹੈ ਪਰ ਭਾਰਤ 'ਚ ਲੀਡਰਸ਼ਿਪ ਮੇਹਨਤ ਨਾਲ ਨਹੀਂ ਮਿਲਦੀ ਇਹ ਵਿਰਾਸ਼ਤ 'ਚ ਮਿਲਦੀ ਹੈ ਜਾਂ ਹੜੱਪ ਲਈ ਜਾਂਦੀ ਹੈ। 1970 ਦੇ ਦਹਾਕੇ ਤਕ ਮੈਂਬਰਾਂ ਦੀ ਰਜਿਸਟ੍ਰੇਸ਼ਨ ਮੁਹਿੰਮ 'ਚ ਕਾਂਗਰਸ ਤੇ ਉਸ ਵੇਲੇ ਦੀ ਜਨਸੰਘ 'ਚ ਦੌੜ ਲੱਗਦੀ ਹੁੰਦੀ ਸੀ। ਅੱਜ ਨੇਤਾ ਆਪਣੇ ਵੱਡੇ ਦਫਤਰਾਂ 'ਚ ਅਰਾਮ ਫਰਮਾਉਂਦੇ ਤਹਿ ਕਰਦੇ ਹਨ ਕਿ ਕਿਸ ਨੂੰ ਚੁਣਿਆ ਜਾਵੇ। ਇਕ ਸਮਾਂ ਸੀ ਜਦ ਖੇਤਰੀ ਪੱਧਰ ਤੋਂ ਅਜਿਹੇ ਜਨਤਕ ਅਧਾਰ ਵਾਲੇ ਨੇਤਾ ਨਿਕਲਦੇ ਸਨ ਜੋ ਦਿੱਲੀ 'ਚ ਸੱਤਾ ਕੇਂਦਰਾਂ ਨੂੰ ਚੁਣੌਤੀ ਦਿੰਦੇ ਸਨ। ਅੱਜ ਨਵੀਂ ਪੀੜ੍ਹੀ ਦੇ ਨੇਤਾਵਾਂ ਖਾਸ ਕਰਕੇ ਵਿਰਾਸਤ ਵਾਲਿਆਂ 'ਚੋਂ ਕਈਆਂ ਨੂੰ ਸ਼ਾਇਦ ਹੀ ਯਾਦ ਹੋਵੇਗਾ ਕਿ ਪੂਰਬੀ ਉਤਰ ਪ੍ਰਦੇਸ਼ ਤੋਂ ਆਉਣ ਵਾਲੇ ਨੇਤਾ ਨਿਕਲਦੇ ਸਨ ਜੋ ਦਿੱਲੀ 'ਚ ਸੱਤਾ ਕੇਂਦਰਾਂ ਨੂੰ ਚੁਣੌਤੀ ਦਿੰਦੇ ਸਨ ਅੱਜ ਨਵੀਂ ਪੀੜੀ ਦੇ ਨੇਤਾਵਾਂ ਖਾਸ ਕਰਕੇ ਵਿਰਾਸਤ ਵਾਲਿਆਂ 'ਚੋਂ ਕਈਆਂ ਨੂੰ ਸ਼ਾਇਦ ਹੀ ਯਾਦ ਹੋਵੇਗਾ ਕਿ ਪੂਰਬੀ ਉਤਰ ਪ੍ਰਦੇਸ਼ ਤੋਂ ਆਉਣ ਵਾਲੇ ਅਤੇ ਯੁਵਾ ਤੁਰਕ ਨਾਂ ਨਾਲ ਮਸ਼ਹੂਰ ਚੰਦਰ ਸ਼ੇਖਰ ਨੇ ਕਾਂਗਰਸ ਕਾਰਜਸੰਮਤੀ 'ਚ ਇੰਦਰਾ ਗਾਂਧੀ ਦੇ ਅਧਿਕਾਰਿਕ ਉਮੀਦਵਾਰ ਖਿਲਾਫ ਇਕ ਬਾਗੀ ਵਜੋਂ ਚੋਣ ਲੜੀ ਸੀ ਅਤੇ ਜਿੱਤ ਗਏ ਸਨ ਜਾਂ ਸਰੀਰ ਤੋਂ ਨਕਾਰਾ ਜੈ ਪ੍ਰਕਾਸ਼ ਨਰਾਇਣ ਨੇ ਦੇਸ਼ ਦੇ ਲੋਕਾਂ ਨੂੰ ਲਾਮਬੰਦ ਕਰਦਿਆਂ ਇਕ ਨਿਰੰਕੁਸ਼ ਨੇਤਾ ਨੂੰ ਗੋਡਿਆਂ ਪਰਨੇ ਕਰ ਦਿੱਤਾ ਸੀ 'ਲੋਕਾਂ ਦੀਆਂ

ਪਾਰਟੀਆਂ' ਜਿਸ ਨਾਂ ਨਾਲ ਉਹ ਖੁਦ ਬੁਲਾਏ ਜਾਣਾ ਪਸੰਦ ਕਰਦੀਆਂ ਹਨ। ਹੁਣ ਮੈਦਾਨ ਹਾਰ ਚੁੱਕੀਆਂ ਹਨ ਤੇ ਉਹਨਾਂ ਦਾ ਮਨੋਬਲ ਵੀ ਡਿੱਗ ਚੁੱਕਿਆ ਹੈ। ਸੋਨੀਆ ਗਾਂਧੀ ਕਾਂਗਰਸ ਦੀ ਪ੍ਰਧਾਨ ਹੈ ਜੋ ਚੁਣੀ ਗਈ ਹੈ ਨਾ ਕਿ ਨਿਰਵਾਚਿਤ ਹੈ। ਭਾਜਪਾ ਆਪਣੇ ਲੋਕਰਾਜੀ ਅਮਲ ਦੀਆਂ ਸ਼ੇਖੀਆਂ ਗਾਰਦੀ ਹੈ ਪਰ ਇਕ ਛੋਟੀ ਜਿਹੀ ਜੁੰਡਲੀ ਪਾਰਟੀ ਚਲਾ ਰਹੀ ਹੈ। ਖੱਬੀ ਫਿਰਕਾਪ੍ਰਸਤੀ ਤੇ ਭ੍ਰਿਸ਼ਟਾਚਾਰ ਨਾਲ ਜੋਸ਼ ਭਰਪੂਰ ਲੜਨ ਦੀ ਗੱਲ ਕਰਦੇ ਹਨ ਪਰ ਇਕ ਘੋਰ ਕੱਟੜਪੰਥੀ ਦੇ ਨਾਲ ਲੱਗਣ ਤੋਂ ਪ੍ਰਹੇਜ ਨਹੀਂ ਕਰਦੇ ਅਤੇ ਉਸ ਮੁੱਖ ਮੰਤਰੀ ਨੂੰ ਸਜਾ ਦਿੰਦੇ ਹਨ ਜੋ ਭ੍ਰਿਸ਼ਟ ਲੋਕਾਂ ਨੂੰ ਟਕਰਾਉਣ ਦੀ ਹਿੰਮਤ ਰੱਖਦਾ ਹੈ। ਖੇਤਰੀ ਪਾਰਟੀਆਂ ਜੋ ਖੇਤਰੀ ਨਾਹਰਿਆਂ ਕਾਰਨ ਲੋਕਪ੍ਰਿਆ ਹੋਇਆ ਖੁਦ ਹੀ ਪਾਰਟੀ ਦੇ ਅੰਦਰ ਦੀ ਖੇਮੇਬਾਜੀ ਦਾ ਸ਼ਿਕਾਰ ਹੋ ਗਈਆਂ, ਇਸ ਸਮੇਂ ਅਜਿਹੇ ਕੌਮੀ ਨੇਤਾ ਹਨ ਜਿਹਨਾਂ ਦਾ ਸੂਬਿਆਂ 'ਚ ਕੋਈ ਅਧਾਰ ਹੱਥਾਂ ਨਹੀਂ ਹੈ ਅਤੇ ਅਜਿਹੇ ਸੂਬਾਈ ਨੇਤਾ ਹਨ ਜਿਨ੍ਹਾਂ ਦੀ ਕੇਂਦਰ 'ਚ ਕੋਈ ਥਾਂ ਹੀ ਨਹੀਂ ਹੈ।

ਇਸ ਦੌਰਾਨ ਕੇਂਦਰ ਵਿੱਚ ਹਿੱਸਾ ਨਾ ਪਾਉਣ ਵਾਲੇ ਦੂਸਰੇ ਭਾਰਤ ਨੇ ਜਾਤੀ ਤੇ ਫਿਰਕੇ 'ਤੇ ਅਧਾਰਿਤ ਆਪਣੀ ਲੀਡਰਸ਼ਿਪ ਵੀ ਪੈਦਾ ਕਰ ਲਈ ਹੈ। ਬ੍ਰਿਟੇਨ ਦੇ ਮਸ਼ਹੂਰ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਆ ਜਾਂਦੀ। ਪਿੱਛੋਂ ਭਾਰਤ ਦੇ ਟੁਕੜੇ-ਟੁਕੜੇ ਹੋਣ ਦੀ ਆਪਣੀ ਭਵਿੱਖ ਬਾਣੀ 'ਚ ਗਲਤ ਸਾਬਤ ਹੋਏ ਸਨ ਅਤੇ ਵਾਇਸਰਾਏ ਲਾਰਡ ਲਿਨਲਿਥਗੋ ਨੇ ਜੋ 1945 'ਚ ਭਾਰਤ ਛੱਡ ਕੇ ਚਲੇ ਗਏ ਸਨ। ਭਵਿੱਖਬਾਣੀ ਕੀਤੀ ਸੀ ਕਿ ਭਾਰਤ ਨੂੰ ਸੰਸਦੀ ਲੋਕ ਰਾਜ 'ਤੇ ਪਕੜ ਬਣਾਉਣ 'ਚ ਅੱਧੀ ਸਦੀ ਲੱਗ ਜਾਵੇਗੀ। ਧਰਮ ਜਾਤੀ ਤੇ ਭਾਸ਼ਾ ਦੇ ਅਧਾਰ 'ਤੇ ਡੂੰਘੀ ਵੰਡ ਦੇ ਬਾਵਜੂਦ ਅਸੀਂ ਅੱਜ ਵੀ ਇਕ ਹਾਂ ਅਤੇ 1977 ਦੀਆਂ ਚੋਣਾਂ ਵਿੱਚ ਜਦ ਪਹਿਲੀ ਵਾਰੀ ਇਕ ਗੈਰ ਕਾਂਗਰਸੀ ਸਰਕਾਰ ਸੱਤਾ 'ਚ ਆਈ ਸੀ। ਲੋਕਾਂ ਨੇ ਉਹਨਾਂ ਨੂੰ ਚੁਣਿਆ ਸੀ ਪਰ ਅਜਿਹਾ ਕੁਝ ਵਾਪਰ ਰਿਹਾ ਹੈ ਕਿ ਲੋਕਰਾਜ ਦੀ ਹੋਂਦ ਬਚਾਉਣੀ ਤਾਂ ਦੂਰ ਬਲਕਿ ਇਸ ਦਾ ਬੇੜਾ ਗਰਕ ਕਰ ਰਿਹਾ ਹੈ। ਇਹ ਹੈ ਰਾਜਸੀ ਪਰਿਵਾਰਾਂ ਦੀ ਮਜ਼ਬੂਤ ਹੁੰਦੀ ਬਰਾਦਰੀ ਜੋ ਵਿਵਸਥਾ 'ਤੇ ਆਪਣੀ ਪਕੜ ਕਸਦੀ ਜਾ ਰਹੀ ਹੈ। ਨਹਿਰੂ ਦੀ ਲੋਕਤੰਤਰ ਸ਼ਾਖ ਨੂੰ ਕੁਝ ਹੱਦ ਤਕ ਤਦ ਬੱਟਾ ਲੱਗਿਆ ਜਦ ਉਹਨਾਂ ਨੇ ਆਪਣੀ ਧੀ ਇੰਦਰਾ ਨੂੰ ਭਾਰਤੀ ਕੌਮੀ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਸੀ। ਦੋ ਦਹਾਕੇ ਪਿੱਛੋਂ ਇੰਦਰਾ ਪਰਿਵਾਰਵਾਦ ਦਾ ਸ਼ਿਕਾਰ ਹੋ ਗਈ ਜਦ ਉਹ ਪਹਿਲਾਂ ਸੰਜੇ ਗਾਂਧੀ ਤੇ ਫਿਰ ਉਹਨਾਂ ਦੀ ਮੌਤ ਪਿਛੋਂ ਰਾਜੀਵ ਗਾਂਧੀ ਨੂੰ ਲੈ ਕੇ ਆਈ। ਪਰ ਪਰਿਵਾਰ ਬੰਦ ਨੂੰ ਹੱਲਾਸ਼ੇਰੀ ਦੇਣ ਦਾ ਸ਼ੋਰ ਜਲਦੀ ਠੰਡਾ ਪੈ ਗਿਆ ਜਦ ਇਕ ਤੋਂ ਬਾਅਦ ਇਕ ਦੂਜੇ ਨੇਤਾ ਆਪਣੇ ਬੇਟੇ ਬੇਟੀਆਂ ਤੇ ਕਰੀਬੀ ਰਿਸ਼ਤੇਦਾਰਾਂ ਨੂੰ ਰਾਜਨੀਤੀ 'ਚ ਲਿਆਉਣ ਲੱਗੇ ਤੇ ਉਨ੍ਹਾਂ ਲੋਕਾਂ ਨੂੰ ਦਰਨਿਕਾਰ ਕਰਨ ਲੱਗੇ। ਜਿਹਨਾਂ ਨੇ ਉਹਨਾਂ ਦੀਆਂ ਪਾਰਟੀਆਂ ਨੂੰ ਲੰਮੇ ਸਮੇਂ ਤੋਂ ਯੋਗਦਾਨ ਦਿੱਤਾ ਸੀ। ਉਤਰ ਤੋਂ ਦੱਖਣ ਤਕ ਪੂਰਬ ਤੋਂ ਪੱਛਮ ਤਕ ਰਾਜਸੀ ਪਾਰਟੀਆਂ ਪਰਿਵਾਰ ਦੀ ਮਾਲਕੀ ਵਾਲੀਆਂ ਨਿੱਜੀ ਕੰਪਨੀਆਂ ਬਣਦੀਆਂ ਜਾ ਰਹੀਆਂ ਹਨ। ਫਾਰੂਕ ਅਬਦੁੱਲਾ ਦੀ ਵਿਰਾਸਤ ਉਹਨਾਂ ਦੇ ਬੇਟੇ ਅਮਰ ਅਬਦੁਲ ਨੇ ਸੰਭਾਲ ਲਈ ਹੈ। ਹਰਿਆਣਾ 'ਚ ਨੌਜਵਾਨ ਦਪਿੰਦਰ ਸਿੰਘ ਹੁੱਡਾ ਇਕ ਦਿਨ ਉਸੇ ਤਰ੍ਹਾਂ ਭੁਪਿੰਦਰ ਹੁੱਡਾ ਦੀ ਥਾਂ ਲਵੇਗਾ। ਜਿਸ ਤਰ੍ਹਾਂ ਓਮ ਪ੍ਰਕਾਸ਼ ਚੋਟਾਲਾ ਨੇ ਤਾਊ ਦੇਵੀ ਲਾਲ ਤੋਂ ਲਈ ਸੀ। ਉਤਰ ਪ੍ਰਦੇਸ਼ ਦੇ ਮੁਲਾਇਮ ਸਿੰਘ ਯਾਦਵ

ਜਲਦੀ ਹੀ ਆਪਣੀ ਕਮਾਨ ਆਪਣੇ ਪੁੱਤ ਅਖਿਲੇਸ ਯਾਦਵ ਨੂੰ ਸੌਂਪ ਦੇਣਗੇ ਅਤੇ ਮਹਾਰਾਸ਼ਟਰ 'ਚ ਸ਼ਰਦ ਪਵਾਰ ਵੀ ਅਜਿਹਾ ਹੀ ਕਰਨਗੇ ਜਿਹਨਾਂ ਦੀ ਬੇਟੀ ਸੁਪ੍ਰਿਆ ਸੂਲੇ ਪਹਿਲਾਂ ਹੀ ਲੋਕ ਸਭਾ 'ਚ ਪੁੱਜ ਚੁੱਕੀ ਹੈ। ਆਂਧਰਾ ਪ੍ਰਦੇਸ਼ ਤੋਂ ਸਭ ਤੋਂ ਤਾਕਤਵਾਰ ਕਾਂਗਰਸੀ ਸਾਂਸਦ ਸਦਨ 'ਚ ਅੱਗੇ ਦੀਆਂ ਸੀਟਾਂ 'ਤੇ ਬੈਠਣ ਵਾਲਾ ਕੋਈ ਨਹੀਂ ਹੈ। ਬਲਕਿ ਮੁੱਖ ਮੰਤਰੀ ਵਾਲੀ ਐਸ ਰਜੇਸ਼ਵਰ ਰੈਡੀ ਦੇ ਬੇਟੇ ਤੇ ਰਾਜਨੀਤੀ 'ਚ ਆਪਣੀ ਪਾਰੀ ਦੀ ਸ਼ੁਰੂ ਆਤਿ ਕਰਨ ਵਾਲੇ ਜਗਨਮੋਹਨ ਰੈਡੀ ਹਨ। ਉਧਰ ਦ੍ਰਮੁਕ ਸੁਪਰੀਮੋ ਕਰੁਣਾਨਿਧੀ ਨੇ ਪਰਿਵਾਰ ਦੇ ਹਰ ਮੈਂਬਰ ਲਈ ਜਗਾਹ ਰਾਖਵੀ ਕਰ ਦਿੱਤੀ ਹੈ। ਵੱਡੇ ਬੇਟੇ ਤੇ ਭਾਈ ਦੇ ਪੋਤੇ ਨੂੰ ਕੇਂਦਰੀ ਮੰਤਰੀ ਬਣਾ ਦਿੱਤਾ ਹੈ। ਛੋਟਾ ਬੇਟਾ ਤਾਮਿਲਨਾਡੂ ਦਾ ਉਪ ਮੁੱਖ ਮੰਤਰੀ ਹੈ ਅਤੇ ਬੇਟੀ ਸਾਂਸਦ ਹੈ। ਜਿਸ ਤੇਜੀ ਨਾਲ ਰਾਜੀ ਵੰਸ਼ ਵਧ ਰਹੇ ਹਨ ਉਹਨਾਂ ਨੂੰ ਵੇਖਦਿਆਂ ਉਹ ਦਿਨ ਦੂਰ ਨਹੀਂ ਜਦ ਐਸਾ ਇਕ ਵੀ ਸਾਂਸਦ ਮੰਤਰੀ ਅਤੇ ਮੁੱਖ ਮੰਤਰੀ ਯੋਜਨਾ ਮੁਸ਼ਕਲ ਹੋ ਜਾਵੇਗਾ ਜਿਸ ਦੇ ਪਿਤਾ ਜਾਂ ਚਾਚਾ ਰਾਜਨੀਤੀ 'ਚ ਨਾ ਹੋਣ।

ਇਹ ਕੋਈ ਵੀ ਦਾਅਵਾ ਨਹੀਂ ਕਰੇਗਾ ਕਿ ਲੋਕਰਾਜ ਤੇ ਵੰਸ਼ ਦਾ ਕੋਈ ਮੇਲ ਨਹੀਂ ਹੋ ਸਕਦਾ ਹੈ। ਬਲਕਿ ਡਰ ਹੈ ਕਿ ਕਿਧਰੇ ਪੁਰਾਣੀ ਸ਼ੈਲੀ ਦਾ ਕੁਲੀਨਤੰਤਰ ਨਾ ਵਾਪਸ ਆ ਜਾਵੇ। ਜਦ ਕੁਝ ਪਰਿਵਾਰਾਂ ਦੇ ਹੱਥਾਂ 'ਚ ਸੱਤਾ ਹੁੰਦੀ ਸੀ ਅਤੇ ਹੁਣ ਸੰਸਦੀ ਲੋਕ ਰਾਜ ਦਾ ਲਾਭ ਉਹਨਾਂ ਪਰਿਵਾਰਾਂ ਨੂੰ ਹੀ ਮਿਲੇ ਤੇ ਸਾਰੀਆਂ ਸਹੂਲਤਾਂ ਉਹਨਾਂ ਦੇ ਚੋਣ ਖੇਤਰਾਂ ਤੱਕ ਸਿਮਟ ਕੇ ਰਹਿ ਜਾਣ। ਨਹਿਰੂ ਨੇ PSU ਲਾਏ ਪਰ ਅੱਜ ਨਹੀਂ ਲਾਏ ਜਾ ਰਹੇ ਬਲਕਿ ਨਵੇਂ ਸ਼ਹਿਰੀ ਵਿਦੇਸ਼ਾਂ 'ਚ ਸਿਖਿਅਤ ਨੇਤਾਵਾਂ ਵੱਲੋਂ ਸ਼ਹਿਰਾਂ 'ਚ ਨਿੱਜੀ ਖੇਤਰ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਜਿਥੇ ਪਹਿਲਾਂ ਹੀ ਏਨੀ ਭੀੜ ਭੜੱਕਾ ਹੈ। ਅੱਜ ਕੋਈ ਮੂਰਖ ਜਾਂ ਬੇਹੱਦ ਹਿੰਮਤੀ ਬੰਦਾ ਹੀ ਵਪਾਰਕ ਯੁੱਗ ਜੋ ਦੁਰਲੱਭ ਹੈ ਇਹਨਾਂ ਨਵੀਂ ਪੀੜੀ ਦੇ ਨੇਤਾਵਾਂ ਵਲੋਂ ਮੂੰਹ ਫੇਰ ਸਕਦਾ ਹੈ। ਰਾਜਸੀ ਵੰਸ਼ ਨੂੰ ਕਈ ਵਿਸੇਸ਼ ਫਾਇਦੇ ਹਾਸਲ ਹੁੰਦੇ ਹਨ। ਜੋ ਆਮ ਨੇਤਾਵਾਂ ਨੂੰ ਹਾਸਲ ਨਹੀਂ। ਉਹਨਾਂ ਨੂੰ ਪੈਸੇ ਦੀ ਕੋਈ ਘਾਟ ਨਹੀਂ ਹੁੰਦੀ। ਸਰਕਾਰੀ ਮਸ਼ੀਨਰੀ ਪੂਰੀ ਤਰ੍ਹਾਂ ਉਹਨਾਂ ਦੇ ਹੱਥਾਂ 'ਚ ਹੁੰਦੀ ਹੈ ਅਤੇ ਸਮਰਥਕ ਅਸਾਨੀ ਨਾਲ ਮਿਲ ਜਾਂਦੇ ਹਨ। ਹੁਣ ਰਾਜਨੀਤੀ ਪਹਿਲਾਂ ਵਾਂਗੂੰ ਨਹੀਂ ਰਹਿ ਗਈ ਹੈ ਪਹਿਲਾਂ ਨੇਤਾ ਭੀੜ ਵਿਚਕਾਰ ਚਲੇ ਜਾਂਦੇ ਸਨ ਕਿਉਂਕਿ ਤਦ ਉਹਨਾਂ ਤੇ ਲੋਕਾਂ ਵਿਚਕਾਰ ਕੋਈ ਰੱਸਾ ਨਹੀਂ ਲੱਗਿਆ ਹੁੰਦਾ ਸੀ ਹੁਣ ਏ-ਕੇ-47 ਨਾਲ ਲੈਸ ਉਹਨਾਂ ਦੇ ਅੰਗ ਰੱਖਿਅਕ ਲੋਕਾਂ ਨੂੰ ਉਹਨਾਂ ਨੇੜੇ ਫਟਕਣ ਹੀ ਨਹੀਂ ਦਿੰਦੇ ਸਿੱਟੇ ਵਜੋਂ ਨੇਤਾ ਲੋਕਾਂ ਦੀ ਨਬਜ ਨਹੀਂ ਭਾਂਪ ਸਕਦੇ। ਸਾਲ 1980 ਤੋਂ ਹਰ ਸਾਲ ਸਰਵੇਖਣ ਹੁੰਦਾ ਆ ਰਿਹਾ ਹੈ। ਇੰਦਰਾ ਗਾਂਧੀ ਦੇ ਕਤਲ ਪਿੱਛੋਂ ਕਰਵਾਏ ਗਏ ਇਸ ਤਰ੍ਹਾਂ ਦੇ ਇਕ ਸਰਵੇਖਣ ਵਿਚ ਵੱਡੀ ਗਿਣਤੀ 'ਚ ਭਾਰਤੀਆਂ ਨੇ ਇੰਦਰਾ ਗਾਂਧੀ ਨੂੰ ਸਭ ਤੋਂ ਉਤਮ ਪ੍ਰਧਾਨ ਮੰਤਰੀ ਦੱਸਿਆ ਸੀ। ਇਥੋਂ ਤਕ ਕਿ ਉਹਨਾਂ ਦੇ ਪਿਤਾ ਨੂੰ ਵੀ ਪਿੱਛੇ ਛੱਡ ਦਿੱਤਾ ਗਿਆ ਸੀ। 1990 ਦੇ ਦਹਾਕੇ ਪਿਛਲੇ ਸਾਲਾਂ 'ਚ ਅਟਲ ਬਿਹਾਰੀ ਵਾਜਪਾਈ ਰੇਟਿੰਗ ਦੇ ਕੇਸ 'ਚ 2004 'ਚ ਅਹੁਦਾ ਛੱਡਣ ਪਿੱਛੋਂ ਨੰਬਰ ਵਨ ਦੀ ਥਾਂ ਤੇ ਜੰਮੇ ਰਹੇ, ਜੇ ਇਹ ਸਰਵੇਖਣ ਕੋਈ ਸੰਦੇਸ਼ ਦਿੰਦੇ ਹਨ ਤਾਂ ਉਹ ਇਹ ਕਿ ਭਾਰਤ ਆਪਣੇ ਨੇਤਾਵਾਂ ਦਾ ਮੁਲਅੰਕਣ ਉਹਨਾਂ ਦੇ ਵਿਚਾਰਾਂ ਤੇ ਉਹਨਾਂ ਦੇ ਕੰਮ ਤੋਂ ਕਰਦਾ ਹੈ। ਅਸੀਂ ਖੋਖਲੇ ਲੋਕਾਂ ਦੇ ਯੁੱਗ 'ਚ ਰਹਿ ਰਹੇ ਹਾਂ।

ਅਸੀਂ ਅਜੇ ਇਕ ਨੌਜਵਾਨ ਦੇਸ਼ ਹਾਂ ਜਿਸ ਦੀ 75 ਫੀਸਦੀ ਅਬਾਦੀ 35 ਸਾਲਾਂ ਤੋਂ ਘੱਟ ਉਮਰ ਵਾਲਿਆਂ ਦੀ ਹੈ, ਸਾਡੇ ਕੋਲ ਬੇਸ਼ੱਕ ਬਹੁਤ ਸਾਰੇ ਨੌਜਵਾਨ ਤੇ ਪ੍ਰਤਿਭਾਸ਼ਾਲੀ ਨੇਤਾ ਹਨ ਪਰ ਉਹ ਬਦਲਾਅ ਲਿਆਉਣ ਵਾਲੇ ਨਾਇਕ ਨਹੀਂ ਹਨ। ਉਹਨਾਂ ਦਾ ਨਾ ਤਾਂ ਕੋਈ ਮਿਸ਼ਨ ਹੈ, ਨਾ ਸੰਦੇਸ਼ ਜੋ ਦੇਸ਼ ਕੌਮ ਕੀ ਕਾਇਆ-ਕਲਪ ਕਰ ਸਕੇ। ਲੀਡਰਸ਼ਿਪ ਦਾ ਮਤਲਬ ਹੈ ਆਪਣੇ ਵਿਚਾਰ ਅਤੇ ਉਹਨਾਂ ਨੂੰ ਅਮਲ 'ਚ ਬਦਲ ਸਕਣ ਦਾ ਹੌਸਲਾ ਹਾਸਲ ਕਰ ਲਿਆ ਜਾਵੇ, ਇਹ ਸਭ ਚੀਜਾਂ ਬੇਸ਼ੱਕ ਆਪ ਨੂੰ ਕੁਰਸੀ ਦਵਾ ਸਕਦੀਆਂ ਹਨ ਪਰ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ 'ਚ ਜਗਾਹ ਨਹੀਂ ਕਵਾ ਸਕਦੀਆਂ।